# ਸਰਦਾਰ ਜੱਸਾ ਸਿੰਘ ਆਹਲੂਵਾਲੀਆ

ਗੰਡਾ ਸਿੰਘ



ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Sri Satguru Jagjit Singh Ji eLibrary

# ਟਾਡਾ ਸਿੰਘ

Sri Satguru Jagjit Singh Ji eLibrary

# ਸਰਦਾਰ
# ਜੱਸਾ ਸਿੰਘ ਆਹਲੂਵਾਲੀਆ

Sri Satguru Jagjit Singh Ji eLibrary

ਪੰਜਾਬ ਦੇ ਸੂਰਬੀਰ . . .

# ਸਰਦਾਰ
# ਜੱਸਾ ਸਿੰਘ ਆਹਲੂਵਾਲੀਆ

ਗੰਡਾ ਸਿੰਘ

Sri Satguru Jagjit Singh Ji eLibrary

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਪੰਜਾਬੀ ਭਾਸ਼ਾ ਵਿਕਾਸ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

SARDAR JASSA SINGH AHLUWALIA (Punjabi)

by
DR. GANDHA SINGH

ISBN 81-7380-504-0

Sri Satguru Jagjit Singh Ji eLibrary

2011
ਕਾਪੀਆਂ : 1100
ਕੀਮਤ : 250:00

ਡਾ. ਏ. ਐਸ. ਚਾਵਲਾ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਿਤ ਕੀਤੀ
ਅਤੇ ਪ੍ਰੈਸ ਟਾਈਮ ਪ੍ਰਿੰਟਰਜ਼, ਪਟਿਆਲਾ ਵਿਖੇ ਛਪੀ।

# ਆਪਣੀ ਵੱਲੋਂ

'ਪੰਜਾਬ ਦੇ ਸੂਰਬੀਰ' ਲੜੀ ਵਿਚ 'ਸਰਦਾਰ ਜੱਸਾ ਸਿੰਘ ਆਹਲੂਵਾਲੀਆ' ਅਠਾਰ੍ਹਵੀਂ ਸਦੀ ਦੇ ਪੰਜਾਬ ਦੇ ਇਕ ਉੱਘੇ ਸੂਰਬੀਰ ਦੀ ਸੰਖੇਪ ਜੀਵਨ ਕਥਾ ਹੀ ਨਹੀਂ ਹੈ ਬਲਕਿ ਇਹ ਉਸ ਸਮੇਂ ਵਿਚ ਦੇਸ ਦੀ ਅਜ਼ਾਦੀ ਲਈ ਸਮੁੱਚੀ ਸਿੱਖ ਕੌਮ ਦੀਆਂ ਘਾਲਾਂ ਦੀ ਕਹਾਣੀ ਹੈ ਜੋ ਨਿਰੋਲ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤੀ ਗਈ ਹੈ। ਮੈਂ ਸਤਿ ਦੇ ਢੂੰਡਾਊ ਇਤਿਹਾਸ ਦੇ ਇਕ ਵਿਦਿਆਰਥੀ ਦੀ ਤਰ੍ਹਾਂ ਇਸ ਵਿਸ਼ੇ ਨੂੰ ਖੋਜਣ, ਘੋਖਣ ਦਾ ਜਤਨ ਕੀਤਾ ਹੈ ਤਾਂ ਕਿ ਉਹ ਗੱਲਾਂ ਜੋ ਜਾਂ ਮੈਨੂੰ ਆਪ ਨੂੰ ਸਪਸ਼ਟ ਨਹੀਂ ਸਨ ਜਾਂ ਜਿਨ੍ਹਾਂ ਸਬੰਧੀ ਹੋਰਨਾਂ ਨੂੰ ਕੁਝ ਭੁਲੇਖਾ ਲੱਗਾ ਜਾਪਦਾ ਸੀ ਆਪਣੇ ਅਸਲੀ ਪਛੋਕੜ ਦੀ ਰੋਸ਼ਨੀ ਵਿਚ ਸਾਫ਼ ਦਿਸਣ ਲੱਗ ਪੈਣ। ਮੈਂ ਇਨ੍ਹਾਂ ਨੂੰ ਪੇਸ਼ ਕਰਨ ਵਿਚ ਕਿਸੇ ਮਨੋ-ਕਲਪਨਾ ਨੂੰ ਦਖ਼ਲ ਨਹੀਂ ਦੇਣ ਦਿੱਤਾ। ਮੈਂ ਚੂੰਕਿ ਨਾ ਕਵੀ ਹਾਂ ਨਾ ਨਾਵਲਕਾਰ, ਇਸ ਲਈ ਸੁਭਾਵਕ ਤੌਰ ਤੇ ਹੀ ਕੋਈ ਖ਼ਿਆਲੀ ਉਡਾਰੀਆਂ ਮੇਰੇ ਬਿਆਨ ਵਿਚ ਨਹੀਂ ਹੋ ਸਕਦੀਆਂ ਅਤੇ ਇਤਿਹਾਸਕ ਵਰਨਣ ਵਿਚ ਮਨਘੜਤਾਂ ਦੀ ਰਲਾਊਟ ਨੂੰ ਮੈਂ ਕੇਵਲ ਅਯੋਗ ਹੀ ਨਹੀਂ ਸਮਝਦਾ ਬਲਕਿ ਸੱਚਾਈ ਅਤੇ ਆਪਣੇ ਮਜ਼ਮੂਨ ਨਾਲ ਇਕ ਨਾ-ਮੁਆਫ਼-ਕੀਤੇ ਜਾਣ ਵਾਲਾ ਅੰਨਿਆਇ ਅਤੇ ਘੋਰ ਪਾਪ ਭੀ ਸਮਝਦਾ ਹਾਂ, ਭਾਵੇਂ ਉਹ ਸੰਪਰਦਾਇਕ ਪੱਖ ਪਾਤ ਨਾਲ ਹੋਇਆ ਹੋਵੇ ਜਾਂ ਮਾਇਆ ਦੇ ਲਾਲਚ ਨਾਲ। ਚੂੰਕਿ ਇਸ ਗੱਲ ਦਾ ਕੋਈ ਪੱਕਾ ਯਕੀਨ ਨਹੀਂ ਕਿ ਲੇਖਕ ਦੀ ਸੋਚ ਦੀ ਪਹੁੰਚ ਸੱਚ ਦੇ ਟਿਕਾਣੇ ਤਕ ਹੋ ਸਕਦੀ ਹੈ ਕਿ ਨਹੀਂ—ਹੋ ਸਕਦਾ ਹੈ ਕਿ ਸ਼ੁਰੂ ਵਿਚ ਹੀ ਉਲਟੇ ਪਾਸੇ ਤੁਰ ਪੈਣ ਨਾਲ, ਕੁਰਾਹੇ ਪੈ ਕੇ, ਅਸਲੀਅਤ ਤੋਂ ਬਹੁਤ ਦੂਰ ਨਿਕਲ ਗਈ ਹੋਵੇ। ਇਸ ਤਰ੍ਹਾਂ ਇਤਿਹਾਸ ਵਿਚ ਮਨੋ-ਕਲਪਨਾ ਦੀ ਮਿਲਾਵਟ ਨਾਲ ਝੂਠ ਦੇ ਅੰਸ਼ ਦਾ ਦਾਖ਼ਲ ਹੋ ਜਾਣਾ ਅਸੰਭਵ ਨਹੀਂ—ਬਲਕਿ ਜ਼ਿਆਦਾ ਸੰਭਵ ਹੈ—ਅਤੇ ਝੂਠ ਦਾ ਪਸਾਰਾ ਚੂੰਕਿ ਬਹੁ-ਪੱਖਾ ਹੁੰਦਾ ਹੈ ਅਤੇ ਦੂਰ ਦੂਰ ਤਕ ਮਾਰ ਕਰਦਾ ਹੈ, ਇਸ ਲਈ ਅਜਿਹਾ ਇਤਿਹਾਸ ਸਚ ਤੋਂ ਕੋਹਾਂ ਦੂਰ ਹੋ ਜਾਂਦਾ ਹੈ, ਅਤੇ ਕਦੇ ਭੀ ਨਾ ਪੂਰਾ ਹੋ ਸਕਣ ਵਾਲਾ ਪੱਕਾ ਨੁਕਸਾਨ ਕਰਦਾ ਰਹਿੰਦਾ ਹੈ—ਨਾ ਉਸ ਦੇ ਲੇਖਕ ਤੇ ਕੋਈ ਇਤਬਾਰ ਕਰਦਾ ਹੈ ਨਾ ਉਸ ਦੀ ਲੇਖਣੀ ਤੇ ਭਰੋਸਾ, ਅਤੇ ਸਭ ਤੋਂ ਵੱਧ ਉਹ ਆਪਣੇ ਕੌਮੀ ਕੈਰੈਕਟਰ ਅਤੇ ਵਕਾਰ ਨੂੰ ਸੱਟ ਮਾਰਦਾ ਅਤੇ ਲੋਕਾਂ ਦੀਆਂ ਨਜ਼ਰਾਂ ਵਿਚ ਡੇਗਦਾ ਹੈ।

ਸਰਦਾਰ ਜੱਸਾ ਸਿੰਘ ਦੇ ਜੀਵਨ ਸਬੰਧੀ ਭਰੋਸੇ ਯੋਗ ਇਤਿਹਾਸਕ ਮਸਾਲਾ ਉੱਕਾ ਹੀ ਨਾ ਹੋਣ ਦੇ ਬਰਾਬਰ ਹੈ, ਇਸ ਲਈ ਇਸ ਨੂੰ ਲਿਖਣ ਲਈ ਕਈ ਇਕ ਫ਼ਾਰਸੀ, ਉਰਦੂ, ਪੰਜਾਬੀ, ਮਰਾਠੀ ਅਤੇ ਅੰਗਰੇਜ਼ੀ ਸੋਮਿਆਂ ਤੋਂ ਸਹਾਇਤਾ ਲਈ ਗਈ ਹੈ। ਕਪੂਰਥਲਾ ਰਾਜ ਦੇ ਪੁਰਾਣੇ ਰਿਕਾਰਡ ਵਿਚ ਕੋਈ ਸਮਕਾਲੀ ਦਸਤਾਵੇਜ਼ਾਂ ਨਹੀਂ ਹਨ। ਉੱਥੇ ਪਏ ਮੁਗ਼ਲ ਅਤੇ ਦੁੱਰਾਨੀ ਬਾਦਸ਼ਾਹਾਂ ਦੇ ਫ਼ਰਮਾਨ ਵਿਅਰਥ ਹਨ—ਉਨ੍ਹਾਂ ਦੀ ਅਸਲੀਅਤ ਭੀ ਪੂਰੀ ਤਰ੍ਹਾਂ ਯਕੀਨੀ ਨਹੀਂ।

Sri Satguru Jagjit Singh Ji eLibrary

ਸ੍ਰਾਂ ਰਾਮ-ਸੁਖ ਰਾਓ ਦੀ ਲਿਖਤੀ ਪੁਸਤਕ ਕੇਵਲ ਇਕ ਸਤੋਤ੍ਰ ਹੈ ਜਿਸ ਦਾ ਉਰਦੂ ਸਾਰ ਭੀ ਉਸ ਤੋਂ ਵੱਧ ਨਹੀਂ ਅਤੇ ਨਾ ਹੀ ਇਨ੍ਹਾਂ ਦੇ ਆਧਾਰ ਤੇ ਲਿਖੀ ਗਈ ਦੀਵਾਨ ਰਾਮਜਸ ਦੀ 'ਤਾਰੀਖਿ ਰਿਆਸਤ ਕਪੂਰਥਲਾ' ਵਿਚ ਸਰਦਾਰ ਜੱਸਾ ਸਿੰਘ ਦਾ ਜੀਵਨ। ਇਨ੍ਹਾਂ ਪੁਸਤਕਾਂ ਵਿਚ ਦਿੱਤੇ ਸਨ ਸੰਮਤ ਅਟਕਲ ਪੱਚੂ ਹੀ ਹਨ ਜਿਨ੍ਹਾਂ ਤੇ ਇਤਬਾਰ ਕਰਨ ਨਾਲ ਭੁਲੇਖਾ ਜ਼ਿਆਦਾ ਪੈਂਦਾ ਹੈ ਅਤੇ ਸੋਧ ਘੱਟ ਲੱਭਦੀ ਹੈ। ਇਸ ਲਈ ਇਹ ਪੁਸਤਕਾਂ ਵਾਕਿਆਤ ਦੇ ਕੁਝ ਵੇਰਵੇ ਦੇਣ ਵਿਚ ਹੀ ਸਹਾਈ ਹੋਈਆਂ ਹਨ। ਇਸ ਸਮੇਂ ਦੇ ਇਤਿਹਾਸ ਲਈ ਕੇਵਲ ਭੰਗੂ ਰਤਨ ਸਿੰਘ ਸ਼ਹੀਦ ਦਾ 'ਪ੍ਰਾਚੀਨ ਪੰਥ ਪ੍ਰਕਾਸ਼' ਹੀ ਸਹਾਇਤਾ ਕਰਦਾ ਹੈ। ਇਸ ਦਾ ਕਰਤਾ ਮੀਰਾਂਕੋਟੀਏ ਸਰਦਾਰ ਮਹਿਤਾਬ ਸਿੰਘ ਦਾ ਪੋਤਰਾ ਅਤੇ ਸਰਦਾਰ ਸ਼ਿਆਮ ਸਿੰਘ ਨਾਰਲੀਵਾਲੇ ਦਾ ਦੋਹਤਾ ਸੀ ਜਿਨ੍ਹਾਂ ਨੇ ਇਸ ਸਮੇਂ ਦੇ ਵਾਕਿਆਤ ਵਿਚ ਆਪ ਹਿੱਸਾ ਲਿਆ ਸੀ। ਇਸੇ ਤਰ੍ਹਾਂ ਇਸ ਦਾ ਪਿਤਾ ਰਾਇ ਸਿੰਘ ਭੀ ਅਨੇਕਾਂ ਜੁੱਧਾਂ ਜੰਗਾਂ ਵੇਲੇ ਮੌਜੂਦ ਸੀ, ਅਤੇ ਇਨ੍ਹਾਂ ਪਾਸੋਂ ਸੁਣ ਕੇ ਰਤਨ ਸਿੰਘ ਨੇ ਵਾਕਿਆਤ ਲਿਖੇ ਹਨ ਜਿਸ ਦਾ ਉਹ ਕਈ ਥਾਈਂ ਜਿਕਰ ਭੀ ਕਰਦਾ ਹੈ। [ਦੇਖੋ ਪੰਨਾ 1-2; 498, 502, 510 537, 585 ਆਦਿ]। 'ਪ੍ਰਾਚੀਨ ਪੰਥ ਪ੍ਰਕਾਸ਼' ਸਮੇਂ ਦੇ ਰਿਵਾਜ ਅਨੁਸਾਰ ਕਵਿਤਾ ਵਿਚ ਲਿਖਿਆ ਹੋਇਆ ਹੈ, ਪਰ ਇਸ ਦਾ ਕਰਤਾ ਖ਼ਿਆਲੀ ਉਡਾਰੀਆਂ ਵਾਲਾ ਕਵੀ ਨਹੀ ਹੈ। ਗਿਆਨੀ ਗਿਆਨ ਸਿੰਘ ਦੀਆਂ ਪੁਸਤਕਾਂ 'ਤਵਾਰੀਖ ਗੁਰੂ ਖਾਲਸਾ' ਅਤੇ 'ਪੰਥ ਪ੍ਰਕਾਸ਼' ਵਾਕਫ਼ੀ ਭਰਪੂਰ ਹਨ ਅਤੇ ਥਾਉਂ ਥਾਈਂ ਫਿਰ ਕੇ ਲਿਖਿਆਂ ਹੋਈਆਂ ਹਨ ਪਰ ਇਨ੍ਹਾਂ ਵਿਚ ਕਈ ਥਾਈਂ ਕੁਝ ਕੁ ਅੰਗਰੇਜ਼ੀ ਲਿਖਾਰੀਆਂ ਦੀ ਤਰ੍ਹਾਂ ਬੋਲੀ ਦੇ ਸਟਾਈਲ ਅਤੇ ਕਵਿਤਾ ਦੇ ਹੁਲਾਰੇ ਵਿਚ ਇਤਿਹਾਸਕ ਸੱਚਾਈ ਅਤੇ ਯਥਾਰਥਤਾ ਕਾਇਮ ਨਹੀਂ ਰਹਿ ਸਕੀ, ਅਤੇ ਸੰਨ ਸੰਮਤਾਂ ਵਿਚ ਭੀ ਕਈ ਕਈ ਵਰ੍ਹਿਆਂ ਦਾ ਫ਼ਰਕ ਹੈ। ਇਨ੍ਹਾਂ ਹਾਲਤਾਂ ਵਿਚ ਵਾਕਿਆਤ ਦੀ ਸੋਧ ਕਾਇਮ ਰਖਣ ਲਈ ਫ਼ਾਰਸੀ, ਮਰਾਠੀ ਅਤੇ ਅੰਗਰੇਜ਼ੀ ਰਿਕਾਰਡ, ਤਜ਼ਕਿਰੇ ਅਤੇ ਇਤਿਹਾਸ ਜ਼ਿਆਦਾ ਲਾਭਦਾਇਕ ਹਨ ਅਤੇ ਇਨ੍ਹਾਂ ਦੀ ਸਹਾਇਤਾ ਨਾਲ ਇਸ ਪੁਸਤਕ 'ਸਰਦਾਰ ਜੱਸਾ ਸਿੰਘ ਆਹਲੂਵਾਲੀਆ' ਵਿਚ ਅਠਾਰ੍ਹਵੀਂ ਸਦੀ ਦੇ ਪੰਜਾਬ ਦੇ ਇਤਿਹਾਸ ਦੀਆਂ ਕਈ ਇਕ ਗੁੰਝਲਾਂ ਖੁਲ੍ਹ ਗਈਆਂ ਅਤੇ ਸੋਧਾਂ ਕਾਇਮ ਹੋ ਗਈਆਂ ਹਨ।

ਇਸ ਪੁਸਤਕ ਵਿਚ ਬਹੁਤਾ ਧਿਆਨ ਪੰਜਾਬ ਦੀ ਆਜ਼ਾਦੀ ਲਈ ਸਰਦਾਰ ਜੱਸਾ ਸਿੰਘ ਦੇ ਜਤਨਾਂ ਅਤੇ ਉਨ੍ਹਾਂ ਦੀ ਸਫਲਤਾ ਲਈ ਦਲ-ਖਾਲਸਾ-ਜੀ ਅਤੇ ਸਿੱਖ ਮਿਸਲਾਂ ਦੀ ਬਣਤਰ ਅਤੇ ਚਲਨ ਵੱਲ ਦਿੱਤਾ ਗਿਆ ਹੈ, ਇਸ ਲਈ ਸਰਦਾਰ ਜੱਸਾ ਸਿੰਘ ਦੀਆਂ ਛੋਟੀਆਂ ਛੋਟੀਆਂ ਨਿਜੀਆਂ ਮੱਲਾਂ ਦੇ ਵੇਰਵੇ ਵਿਚ ਪੈਣਾ ਇਥੇ ਜ਼ਰੂਰੀ ਨਹੀਂ ਸਮਝਿਆ ਗਿਆ ਅਤੇ ਨਾ ਹੀ ਪੰਜਾਬ ਤੋਂ ਨਜ਼ਰਾਨਿਆਂ ਅਤੇ ਮਾਲੀ ਉਗਰਾਹੀਆਂ ਦਾ ਬਹੁਤਾ ਵਿਸਥਾਰ ਦਿੱਤਾ ਗਿਆ ਹੈ। ਹਾਂ ਖਾਲਸਾ ਜੀ ਦੇ ਮੁਗ਼ਲਾਂ, ਰੁਹੇਲਿਆਂ, ਜਾਟਾਂ, ਮਰਾਠਿਆਂ ਅਤੇ ਰਾਜਪੂਤਾਂ ਨਾਲ ਕੁਝ ਕੁ ਉਨ੍ਹਾਂ ਸੰਬੰਧਾਂ ਦਾ ਸੰਖੇਪ ਜ਼ਿਕਰ ਜ਼ਰੂਰ ਕਰ ਦਿੱਤਾ ਗਿਆ ਹੈ ਜਿਨ੍ਹਾਂ ਵਿਚ ਸਰਦਾਰ ਜੱਸਾ ਸਿੰਘ ਨੇ ਸਿੱਧਾ ਹਿੱਸਾ ਲਿਆ ਸੀ।

ਸਰਦਾਰ ਜੱਸਾ ਸਿੰਘ ਦਾ ਜੀਵਨ ਲਿਖਣ ਦਾ ਸੰਕਲਪ ਬੜਾ ਪੁਰਾਣਾ ਤੀਹ ਪੈਂਤੀ ਸਾਲ ਤੋਂ ਚਲਿਆ ਆ ਰਿਹਾ ਸੀ ਪਰ ਢਿੱਲ ਪਈ ਜਾ ਰਹੀ ਸੀ। ਮੈਂ ਸਰਦਾਰ ਕਿਰਪਾਲ ਸਿੰਘ ਨਾਰੰਗ, ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ, ਦਾ ਧੰਨਵਾਦੀ ਹਾਂ ਜਿਨ੍ਹਾਂ ਦੀ ਪ੍ਰੇਰਨਾ ਨਾਲ ਇਹ 'ਪੰਜਾਬ ਦੇ ਸੂਰਬੀਰ' ਲੜੀ ਵਿਚ ਆ ਕੇ ਹੁਣ ਇਸ ਹਾਲਤ ਵਿਚ ਲਿਖਿਆ ਗਿਆ ਹੈ।

ਲੋਅਰ ਮਾਲ, ਪਟਿਆਲਾ। **ਗੰਡਾ ਸਿੰਘ**

Sri Satguru Jagjit Singh Ji eLibrary

# ਵਿਸ਼ੇ ਸੂਚੀ


੧. *ਪ੍ਰਾਚੀਨ ਬੰਸਾਵਲੀ* 1

੨. *ਸਰਦਾਰ ਜੱਸਾ ਸਿੰਘ—ਜਨਮ ਅਤੇ ਬਾਲਪਨ* 5

੩. *ਸਰਦਾਰ ਕਪੂਰ ਸਿੰਘ ਦੀ ਸੇਵਾ ਵਿਚ* 9

੪. *ਜੱਸਾ ਸਿੰਘ ਦੇ ਪਹਿਲੇ ਸਮੇਂ ਵਿਚ ਦੇਸ਼ ਅਤੇ ਪੰਥ ਦੀ ਹਾਲਤ* 12

- ਸਰਦਾਰ ਦਰਬਾਰਾ ਸਿੰਘ ਦਾ ਦੇਹਾਂਤ 24
- ਜਾਗੀਰ ਦੀ ਜ਼ਬਤੀ ਅਤੇ ਸਖ਼ਤੀ 24
- ਅੰਮ੍ਰਿਤਸਰ ਦੇ ਦਰਸ਼ਨਾਂ ਪਰ ਬੰਦਸ਼ 25
- ਭਾਈ ਮਨੀ ਸਿੰਘ ਦੀ ਸ਼ਹੀਦੀ 26
- ਨਾਦਰ ਸ਼ਾਹ ਦੀ ਲੁੱਟ ਸਿੰਘਾਂ ਨੇ ਲੁੱਟ ਲਈ 28
- ਨਾਰਦ ਸ਼ਾਹ ਦੀ ਸਿੰਘਾਂ ਸਬੰਧੀ ਭਵਿੱਖ-ਬਾਣੀ 28
- ਮੁੜ ਸਖ਼ਤੀ ਦਾ ਦੌਰ 29

੫. *ਸਰਦਾਰ ਜੱਸਾ ਸਿੰਘ ਦਾ ਰਾਜਸੀ ਜੀਵਨ ਆਰੰਭ* 31

- ਦੀਵਾਨ ਜਸਪਤ ਰਾਇ ਦੀ ਮੌਤ 33
- ਪਹਿਲਾ ਘਲੂ-ਘਾਰਾ 35
- ਲੱਛਮੀ ਨਰਾਇਣ ਨਾਲ ਟਾਕਰਾ 40
- ਲਖਪਤ ਰਾਇ ਦਾ ਇਲਾਨ 40

੬. *ਸ਼ਾਹ ਨਿਵਾਜ਼ ਖ਼ਾਨ ਦੀ ਹਕੂਮਤ ਅਤੇ ਦੁੱਰਾਨੀ ਦਾ ਪਹਿਲਾ ਹੱਲਾ* 42

- ਸਿੰਘਾਂ ਦੀਆਂ ਦੁੱਰਾਨੀਆਂ ਨਾਲ ਟੱਕਰਾਂ—ਨੂਰ ਦੀ ਸਰਾਇ ਅਤੇ ਵੈਰੋਵਾਲ 45
- ਕੋਟ ਬੁੱਢਾ (ਕਲਾਨੌਰ) ਪਾਸ ਸਿੰਘਾਂ ਅਤੇ ਅਫ਼ਗਾਨਾਂ ਦੀ ਝੜਪ 46
- ਮਾਨੂਪੁਰ ਵਿਚ ਦੁੱਰਾਨੀਆਂ ਨੂੰ ਹਾਰ 48

੭. *ਸਿੰਘਾਂ ਦਾ ਸ੍ਰੀ ਅੰਮ੍ਰਿਤਸਰ ਪਰ ਕਬਜ਼ਾ* 50

- ਰਾਜਾ ਗੁਰਦਿੱਤ ਮੱਲ ਨੂੰ ਭਾਜ 50
- ਅਦੀਨਾ ਬੇਗ ਨਾਲ ਟਾਕਰਾ 50
- ਅੰਮ੍ਰਿਤਸਰ ਪਰ ਕਬਜ਼ਾ 51
- ਸੰਮਤ 1805 ਦੀ ਵਿਸਾਖੀ 52
- ਸਿੰਘਾਂ ਨੇ ਰਾਮ ਰਾਉਣੀ ਰਚਣਾ 53

੮. *ਮੀਰ ਮੰਨੂ ਦਾ ਜ਼ਮਾਨਾ ਆਰੰਭ* 55

- ਸਿੰਘਾਂ ਪਰ ਸਖ਼ਤੀ ਦਾ ਮੁੜ ਦੌਰ 56
- ਅਦੀਨਾ ਬੇਗ ਖ਼ਾਨ ਨਾਲ ਸਰਦਾਰ ਜੱਸਾ ਸਿੰਘ ਦੇ ਸਵਾਲ-ਜਵਾਬ 56


Sri Satguru Jagjit Singh Ji eLibrary

੯. *ਸਰਦਾਰ ਜੱਸਾ ਸਿੰਘ ਦਾ ਮਹਾਰਾਜਾ ਕੌੜਾ ਮੱਲ ਦੀ ਸਹਾਇਤਾ ਲਈ ਮੁਲਤਾਨ ਜਾਣਾ* 58
ਰਾਮ ਰਾਉਣੀ ਦਾ ਘੇਰਾ 58
ਦੁੱਰਾਨੀ ਦਾ ਦੂਸਰਾ ਹੱਲਾ 60
ਮੁਲਤਾਨ ਦੀ ਮੁਹਿੰਮ 60
ਸਰਦਾਰ ਜੱਸਾ ਸਿੰਘ ਆਹਲੂਵਾਲੀਏ ਵੱਲੋਂ ਸਹਾਇਤਾ 61
ਸ਼ਾਹ-ਨਿਵਾਜ਼ ਖ਼ਾਨ ਨਾਲ ਲੜਾਈ ਅਤੇ ਮੁਲਤਾਨ ਪਰ ਕਬਜ਼ਾ 62
ਦੀਵਾਨ ਕੌੜਾ ਮੱਲ ਨੂੰ 'ਮਹਾਰਾਜਾ ਬਹਾਦੁਰ' ਦਾ ਖ਼ਿਤਾਬ ਅਤੇ ਮੁਲਤਾਨ ਦੀ ਸੂਬੇਦਾਰੀ ਮਿਲਣੀ 63
ਦਰਬਾਰ ਸਾਹਿਬ ਅੰਮ੍ਰਿਤਸਰ ਦੀ ਸੇਵਾ 63
ਗੁਰਦੁਆਰਾ ਬਾਲ-ਲੀਲ੍ਹਾ ਨਨਕਾਣਾ ਸਾਹਿਬ ਦੀ ਸੇਵਾ 64
੧੦. *ਅਹਿਮਦ ਸ਼ਾਹ ਦੁੱਰਾਨੀ ਦਾ ਤੀਸਰਾ ਹੱਲਾ* 65
ਸਿੰਘਾਂ ਪਰ ਫੇਰ ਸਖ਼ਤੀ—ਸਤਵੀਂ ਕਤਲਾਮ 65
ਨਦੌਣ ਦੀ ਲੜਾਈ 67
ਆਨੰਦਪੁਰ-ਮਾਖੋਵਾਲ ਅਦੀਨਾ ਬੇਗ ਨਾਲ ਲੜਾਈ 68
ਅਦੀਨਾ ਬੇਗ ਖ਼ਾਨ ਨਾਲ ਸੁਲਾਹ 69
ਮੀਰ ਮੰਨੂੰ ਦੀ ਮੌਤ 69
ਮੰਨੂੰ ਤੋਂ ਬਾਅਦ ਦੀ ਹਾਲਤ 70
੧੧. *ਪੰਥ ਦਾ ਜੱਥੇਦਾਰ ਨਵਾਬ ਜੱਸਾ ਸਿੰਘ* 72
ਨਵਾਬ ਕਪੂਰ ਸਿੰਘ ਦਾ ਚਲਾਣਾ 72
ਸਰਦਾਰ ਜੱਸਾ ਸਿੰਘ ਦੀਆਂ ਮੱਲਾਂ ਮਾਰਾਂ ਦਾ ਆਰੰਭ 73
ਕਸਾਈ ਪੁਰਾ ਲਾਹੌਰ ਪਰ ਹੱਲਾ 73
ਖ਼ੁਆਸਪੁਰ ਅਤੇ ਫਤਿਹਾਬਾਦ ਸਰ ਕਰਨੇ 74
ਸਰਦਾਰ ਜੱਸਾ ਸਿੰਘ ਖਾਲਸੇ ਦਾ ਰਾਜਸੀ ਅਤੇ ਧਾਰਮਕ ਜੱਥੇਦਾਰ--'ਨਵਾਬ' ਦਾ ਖ਼ਿਤਾਬ 75
ਅਜ਼ੀਜ਼ ਬੇਗ ਅਤੇ ਬਖਸ਼ਿੰਦਾ ਬੇਗ ਨੂੰ ਭਾਂਜ 75
੧੨. *ਖ਼ਾਲਸੇ ਦੀਆਂ ਮਿਸਲਾਂ ਅਤੇ 'ਰਾਖੀ' ਪਰਬੰਧ* 77
੧੩. *ਦੁੱਰਾਨੀ ਦਾ ਚੌਥਾ ਹੱਲਾ* 83
ਦਿੱਲੀ ਦੀ ਤਬਾਹੀ 83
ਜੱਟਾਂ ਵਿਰੁੱਧ ਮੁਹਿੰਮ 84
ਬ੍ਰਿੰਦਾਬਨ ਅਤੇ ਗੋਕਲ ਦੀ ਕਤਲਾਮ 84
ਸਿੰਘਾਂ ਦੀਆਂ ਦੁੱਰਾਨੀਆਂ ਪਰ ਝਪਟਾਂ 85
ਕਰਤਾਰਪੁਰ ਦੀ ਬੇਅਦਬੀ 85
ਦੁੱਰਾਨੀ ਵੱਲੋਂ ਲਾਹੌਰ ਦਾ ਰਾਜਸੀ-ਪ੍ਰਬੰਧ ਅਤੇ ਵਾਪਸੀ 86
੧੪. *ਤੈਮੂਰ ਸ਼ਾਹ ਦੀ ਪੰਜਾਬ ਵਿਚ ਹਕੂਮਤ* 87
ਦਰਬਾਰ ਸਾਹਿਬ ਦੀ ਬੇ-ਅਦਬੀ 87
ਅਦੀਨਾ ਬੇਗ ਨਾਲ ਝੜਪਾਂ 87
ਜਨੌੜੀ 87
ਅਦੀਨਾ ਬੇਗ ਦੀ ਸਹਾਇਤਾ-ਮਾਹਲਪੁਰ ਦੀ ਲੜਾਈ ਵਿਚ 88
ਖ਼ੁਆਜ਼ਾ ਉਬੈਦੁੱਲਾ ਖ਼ਾਨ ਨੂੰ ਹਾਰ 89

ਅਦੀਨਾ ਬੇਗ਼ ਖ਼ਾਨ ਨੇ ਮਰਾਠੇ ਸੱਦ ਲਏ 89
ਸਿੰਘਾਂ ਅਤੇ ਮਰਾਠਿਆਂ ਨੇ ਅਦੀਨਾ ਬੇਗ਼ ਦਾ ਲਾਹੌਰ ਪਰ ਕਬਜ਼ਾ ਕਰਾਉਣਾ 91
੧੫. *ਅਦੀਨਾ ਬੇਗ ਖ਼ਾਨ ਦੀ ਲਾਹੌਰ ਵਿਚ ਹਕੂਮਤ* 92
ਅਦੀਨਾ ਬੇਗ਼ ਦੀ ਸਿੰਘਾਂ ਪਰ ਸਖ਼ਤੀ 93
ਹੀਰਾ ਮੱਲ ਅਤੇ ਗੁਲਸ਼ੇਰ ਖ਼ਾਨ ਮਾਰੇ ਗਏ 93
ਅਦੀਨਾ ਬੇਗ਼ ਖ਼ਾਨ ਦਾ ਦੇਹਾਂਤ 94
ਨੂਰੁੱਦੀਨ ਬਾਮੇਜ਼ਈ ਨੂੰ ਭਾਜ 94
ਖ਼ੁਆਜਾ ਮੁਹੰਮਦ ਸਈਦ ਨੂੰ ਸੌਂਪਣਾ 95
ਦੁਆਬੇ ਅਤੇ ਮਾਲਵੇ ਵਿਚ ਸਿੰਘਾਂ ਦੇ ਕਬਜ਼ੇ 96
ਸਿਦੀਕ ਬੇਗ਼ ਦਾ ਆਨੰਦਪੁਰ ਦੇ ਮੇਲੇ ਤੇ ਧਾਵਾ 97
ਦੀਵਾਨ ਬਿਸ਼ੰਭਰ ਦਾਸ ਅਤੇ ਰਾਜਾ ਭੂਪ ਚੰਦ ਦਾ ਮਾਰਿਆ ਜਾਣਾ 98
ਕਾਦੀਆਂ ਪਰ ਸਰਦਾਰ ਜੈ ਸਿੰਘ ਕਨ੍ਹਈਏ ਦਾ ਕਬਜ਼ਾ 99
੧੬. *ਅਹਿਮਦ ਸ਼ਾਹ ਦਾ ਪੰਜਵਾਂ ਹੱਲਾ* 100
ਸਿੰਘਾਂ ਦੀ ਸ਼ਾਹ ਨਾਲ ਟੱਕਰ 100
ਪਾਣੀਪਤ ਦੀ ਲੜਾਈ 101
ਸੰਨ 1760 ਵਿਚ ਲਾਹੌਰ ਦੀ ਥਿੜਕਦੀ ਹਕੂਮਤ 102
ਰੁਸਤਮ ਖ਼ਾਨ ਸੱਦੋਜ਼ਈ ਨੂੰ ਕੈਦ—ਵੀਹ ਹਜ਼ਾਰ ਨਜ਼ਰਾਨਾ ਲਿਆ 102
ਮੀਰ ਮੁਹੰਮਦ ਖ਼ਾਨ ਪਾਸੋਂ ਤੀਹ ਹਜ਼ਾਰ ਨਜ਼ਰਾਨਾ 103
ਅਹਿਮਦ ਸ਼ਾਹ ਦੀ ਦਿੱਲੀਓਂ ਵਾਪਸੀ 104
ਸਰਦਾਰ ਜੱਸਾ ਸਿੰਘ ਨੇ ਦੁੱਰਾਨੀਆਂ ਪਾਸੋਂ ਕੈਦੀ ਇਸਤ੍ਰੀਆਂ ਛੁਡਾਉਣੀਆਂ 104
੧੭. *ਸਿੰਘਾਂ ਦਾ ਲਾਹੌਰ ਉੱਤੇ ਪਹਿਲਾ ਕਬਜ਼ਾ* 106
ਮਿਰਜ਼ਾ ਜਾਨ ਮਾਰਿਆ ਗਿਆ 106
ਨੂਰੁੱਦੀਨ ਬਾਮੇਜ਼ਈ ਦੀ ਨਿਸਫਲ ਮੁਹਿੰਮ—ਸਰਦਾਰ ਚੜ੍ਹਤ ਸਿੰਘ ਦੀ ਜਿੱਤ 106
ਸਰਦਾਰ ਜੱਸਾ ਸਿੰਘ ਵੱਲੋਂ ਸਰਦਾਰ ਚੜ੍ਹਤ ਸਿੰਘ ਦੀ ਸਹਾਇਤਾ 107
ਸਿੰਘਾਂ ਦਾ ਲਾਹੌਰ ਪਰ ਕਬਜ਼ਾ 107
ਸਰਦਾਰ ਜੱਸਾ ਸਿੰਘ ਨੂੰ 'ਸੁਲਤਾਨੁਲ-ਕੌਮ' ਦੀ ਪਦਵੀ 108
੧੮. *ਵੱਡਾ ਘੱਲੂਘਾਰਾ* 111
ਜੰਡਿਆਲੇ ਦਾ ਘੇਰਾ 111
ਪੰਜ ਫ਼ਰਵਰੀ ਦਾ ਖ਼ੂਨੀ ਦਿਹਾੜਾ—ਘੱਲੂਘਾਰਾ 113
ਅਹਿਮਦ ਸ਼ਾਹ ਦਾ ਲਾਹੌਰ ਨੂੰ ਮੋੜਾ 116
ਸ੍ਰੀ ਦਰਬਾਰ ਸਾਹਿਬ ਦੀ ਬੇ-ਅਦਬੀ 118
ਜੈਨ ਖ਼ਾਨ ਅਤੇ ਲਛਮੀ ਨਾਰਾਇਣ ਨੂੰ ਮਾਰ—ਪੰਜਾਹ ਹਜ਼ਾਰ ਨਜ਼ਰਾਨਾ 118
ਸ਼ਾਹ ਨੇ ਕਲਾਨੌਰ ਚੁਮਾਸਾ ਕੱਟਿਆ 119
ਦੀਵਾਲੀ ਦੇ ਦਿਨ ਅੰਮ੍ਰਿਤਸਰ ਦੁੱਰਾਨੀਆਂ ਨਾਲ ਲੜਾਈ 120
ਦੁੱਰਾਨੀ ਦੀ ਅਫ਼ਗਾਨਿਸਤਾਨ ਨੂੰ ਵਾਪਸੀ 121
੧੯. *ਸੰਨ 1763 ਦੇ ਹਾਲ* 122
ਕਸੂਰੋਂ ਬ੍ਰਾਹਮਣ ਦੀ ਇਸਤ੍ਰੀ ਛੁਡਾਈ-ਕਸੂਰ ਦੀ ਲੁੱਟ 122
ਜਾਲੰਧਰ ਦੁਆਬ 124
ਕਾਠਗੜ੍ਹ ਅਤੇ ਗੜ੍ਹ ਸ਼ੰਕਰ 124

Sri Satguru Jagjit Singh Ji eLibrary

ਮਾਲਵੇ ਵਿਚ 124
ਜਹਾਨ ਖ਼ਾਨ ਨੂੰ ਸਿਆਲਕੋਟ ਵਿਚ ਹਾਰ 125
੨੦. *ਖਾਲਸੇ ਨੇ ਸਰਹੰਦ ਫ਼ਤਿਹ ਕਰ ਲਈ* 127
ਲੱਛਮੀ ਨਾਰਾਇਣ ਨੂੰ ਭਾਜ 127
ਮੁਰਿੰਡਾ ਮੁਰੁੰਡਿਆ ਗਿਆ 127
ਸਰਹੰਦ ਪਰ ਹੱਲੇ ਦੀ ਤਿਆਰੀ 128
ਜ਼ੈਨ ਖ਼ਾਨ ਬਾਹਰ ਹੀ ਘੇਰ ਲਿਆ ਗਿਆ 130
ਜ਼ੈਨ ਖ਼ਾਨ ਮਾਰਿਆ ਗਿਆ 130
ਸਰਹੰਦ ਵਿਚ ਖੋਤਿਆਂ ਨਾਲ ਹਲ ਵਾਹੁਣਾ 131
ਸਰਹੰਦ ਦੇ ਇਲਾਕੇ ਵੰਡ ਲਏ ਗਏ 132
ਸ਼ਹਿਰ ਸਰਹੰਦ ਅਤੇ ਇਸ ਦੇ ਦੁਗਿਰਦੇ ਦੇ ਇਲਾਕੇ ਪਰ ਕਬਜ਼ਾ 133
ਮਲੇਰ ਕੋਟਲਾ ਅਤੇ ਰਾਇਕੋਟ ਛੱਡ ਦਿੱਤੇ ਗਏ 134
'ਗੁਰੂ ਕੀ ਚਾਦਰ' 134
੨੧. *ਜਵਾਹਰ ਸਿੰਘ ਭਰਤਪੁਰੀਏ ਦੀ ਸਹਾਇਤਾ* 136
ਭਰਤਪੁਰੀਏ ਜਵਾਹਰ ਸਿੰਘ ਦੇ ਵਕੀਲ ਖਾਲਸੇ ਪਾਸ ਆਏ 136
ਗੰਗ-ਦੁਆਬ ਤੇ ਹੱਲਾ 137
ਖਾਲਸਾ ਜੀ ਫੇਰ ਜਵਾਹਰ ਸਿੰਘ ਦੀ ਮਦਦ ਤੇ 137
੨੨. *ਪੰਜਾਬ ਵਿਚ ਸਿੰਘਾਂ ਦਾ ਬੋਲ ਬਾਲਾ* 140
ਲਾਹੌਰ ਵਿਚ ਖਾਲਸੇ ਦੀ ਈਨ ਮੰਨੀ ਗਈ 140
ਸਰਦਾਰ ਚੜ੍ਹਤ ਸਿੰਘ ਦਾ ਰੋਹਤਾਸ ਪਰ ਕਬਜ਼ਾ 141
ਸਿੰਘ ਮੁਲਤਾਨ ਅਤੇ ਡੇਰਿਆਂ ਤਕ ਜਾ ਪੁੱਜੇ 143
੨੩. *ਦੁੱਰਾਨੀ ਦਾ ਸੱਤਵਾਂ ਹੱਲਾ ਅਤੇ ਖਾਲਸਾ ਜੀ* 144
ਸਿੰਘਾਂ ਵਿਰੁੱਧ ਜਹਾਦ ਦੀ ਤਿਆਰੀ 144
ਅਹਿਮਦ ਸ਼ਾਹ ਅਤੇ ਮੀਰ ਨਸੀਰ ਖ਼ਾਨ ਦੀ ਪੰਜਾਬ ਪਰ ਚੜ੍ਹਾਈ 144
ਸਰਦਾਰ ਚੜ੍ਹਤ ਸਿੰਘ ਦਾ ਹੱਲਾ 145
ਤੀਹਾਂ ਸਿੰਘਾਂ ਦੀ ਅੰਮ੍ਰਿਤਸਰ ਵਿਚ ਕੁਰਬਾਨੀ 146
ਅਹਿਮਦ ਸ਼ਾਹ ਦਿੱਲੀ ਵੱਲ ਨੂੰ 147
ਅਹਿਮਦ ਸ਼ਾਹ ਦਾ ਪਿੱਛੇ ਨੂੰ ਮੋੜਾ 148
ਬਾਬਾ ਆਲਾ ਸਿੰਘ ਨੂੰ ਦੁੱਰਾਨੀ ਵੱਲੋਂ ਧੌਂਸੇ ਅਤੇ ਨਿਸ਼ਾਨ 150
ਖਾਲਸਾ ਜੀ ਦੇ ਹੱਲੇ 150
ਪਹਿਲੇ ਦਿਨ ਦੀ ਲੜਾਈ 151
ਦੂਸਰੇ ਦਿਨ ਦੀ ਲੜਾਈ 153
ਤੀਸਰੇ ਦਿਨ ਦੀ ਲੜਾਈ ਅਤੇ ਉਸ ਤੋਂ ਬਾਦ 154
ਸ਼ਾਹ ਸਿੱਧਾ ਅਫ਼ਗਾਨਿਸਤਾਨ ਨੂੰ 156
ਸਿੰਘਾਂ ਦੀ ਮਰਦਾਨਗੀ ਦਾ ਬਿਆਨ 156
ਸਿੰਘਾਂ ਦੇ ਇਲਾਕਿਆਂ ਬਾਬਤ 160
੨੪. *ਸਿੰਘਾਂ ਦਾ ਲਾਹੌਰ ਪਰ ਪੱਕਾ ਕਬਜ਼ਾ* 162
ਲਾਹੌਰ ਸ਼ਹਿਰ ਪਰ ਕਬਜ਼ਾ 162
ਖਾਲਸੇ ਦਾ ਸਿੱਕਾ 163

Sri Satguru Jagjit Singh eLibrary

ਇਲਾਕੇ-ਵੰਡ ਵਿਚ ਹਿੱਸਾ 164
ਲੌਂਗ ਕਲਾਇਲੇ ਦੀ ਝੜਫ ਵੇਲੇ ਸਰਦਾਰ ਜੱਸਾ ਸਿੰਘ ਨੇ ਸਮਾਈ ਕਰਵਾ ਦਿੱਤੀ 165

੨੫. *ਗੰਗ-ਦੁਆਬ ਅਤੇ ਰਾਜਸਥਾਨ ਦੀਆਂ ਮੁਹਿੰਮਾਂ* 167
ਨਜੀਬੁੱਦੌਲਾ ਦੇ ਵਿਰੁੱਧ ਮੁਹਿੰਮ 167
ਜਵਾਹਰ ਸਿੰਘ ਭਰਤਪੁਰੀਏ ਦੀ ਸਹਾਇਤਾ 168
ਰਾਣਾ ਗੋਹਦ ਦੀ ਸਹਾਇਤਾ 170

੨੫. *ਦੁੱਰਾਨੀ ਦਾ ਅੰਤਮ ਹੱਲਾ* 172
ਦੁੱਰਾਨੀ ਦਾ ਅੱਠਵਾਂ ਹੱਲਾ 172
ਸਰਦਾਰ ਲਹਿਣਾ ਸਿੰਘ ਦਾ ਅਹਿਮਦਸ਼ਾਹ ਨੂੰ ਜਵਾਬ 173
ਖ਼ਾਲਸਾ ਜੀ ਦੀ ਸ਼ਾਹ ਨਾਲ ਗੱਲ-ਬਾਤ ਕਰਨੋਂ ਨਾਂਹ 174
ਜਹਾਨ ਖ਼ਾਨ ਨੂੰ ਸਖ਼ਤ ਹਾਰ 175
ਦੁਆਬਾ ਬਿਸਤ-ਜਾਲੰਧਰ ਵਿਚ ਅਹਿਮਦਸ਼ਾਹ ਦੀ ਪਤਲੀ ਹਾਲਤ 175
ਰਾਜਾ ਅਮਰ ਸਿੰਘ ਨੂੰ ਰਾਜਗੀ 177
ਅਹਿਮਦ ਸ਼ਾਹ ਦੀ ਅਫ਼ਗਾਨਿਸਤਾਨ ਨੂੰ ਵਾਪਸੀ 178
ਖ਼ਾਲਸਾ ਜੀ ਨੇ ਮੁੜ ਪੰਜਾਬ ਪਰ ਕਬਜ਼ਾ ਕਰ ਲਿਆ 178
'ਪਟਿਆਲੇ ਨੂੰ ਨਹੀਂ ਛੇੜਨਾ'—ਜੱਸਾ ਸਿੰਘ 180

੨੭. *ਜੱਟ, ਰੁਹੇਲੇ ਅਤੇ ਖ਼ਾਲਸਾ ਜੀ* 182
ਭਰਤਪੁਰੀਆਂ ਅਤੇ ਜੈਪੁਰੀਆਂ ਦਾ ਬਖੇੜਾ ਖ਼ਤਮ 182
ਨਜੀਬੁੱਦੌਲਾ ਰੁਹੇਲਾ ਹਾਰ ਮੰਨ ਗਿਆ 182
ਨਜੀਬੁੱਦੌਲਾ ਨੇ ਜ਼ਾਬਿਤਾ ਖ਼ਾਨ ਨੂੰ ਪਗੜੀ ਦੇ ਦਿੱਤੀ 184
ਬਾਦਸ਼ਾਹ ਸ਼ਾਹ ਆਲਮ ਨੂੰ ਫ਼ਿਕਰ 184
ਸਰਦਾਰ ਜੱਸਾ ਸਿੰਘ ਦੀ ਬਾਦਸ਼ਾਹ ਸ਼ਾਹ ਆਲਮ ਨੂੰ ਚਿੱਠੀ ਅਤੇ ਉਸ ਦਾ ਜਵਾਬ 185
ਜ਼ਾਬਿਤਾ ਖ਼ਾਨ ਅਤੇ ਸਿੱਖ 186

੨੮. *ਪਟਿਆਲੇ ਦੀ ਸਹਾਇਤਾ* 189
ਕੰਵਰ ਹਿੰਮਤ ਸਿੰਘ ਦਾ ਵਿਦਰੋਹ ਅਤੇ ਸੁਲਾਹ 189
ਅਬਦੁਲ ਅਹਦ ਅਤੇ ਫ਼ਰਖ਼ੰਦਾ ਬਖ਼ਤ ਦੀ ਮੁਹਿੰਮ ਲਈ ਸੋਚ ਵਿਚਾਰ 189
ਸਿੰਘ ਸਰਦਾਰਾਂ ਵਿਚ ਫੋਟਕ ਪਾਉਣ ਦੀ ਨੀਤਿ 190
ਸਿਖ ਸਰਦਾਰਾਂ ਦੀ ਖ਼ੁਸ਼ਾਮਦ 191
ਬੰਗਲਾ ਸਾਹਿਬ ਦੀ ਮਸੀਤ 192
ਮੁਹਿੰਮ ਦੀ ਤਿਆਰੀ 193
ਭਾਈ ਦੇਸੂ ਸਿੰਘ ਕੈਦ ਵਿਚ 194
ਅਬਦੁਲ ਅਹਦ ਖ਼ਾਨ ਦਾ ਪਟਿਆਲੇ ਨਾਲ ਵਿਗਾੜ ਅਤੇ ਚੜ੍ਹਾਈ 195
ਸਰਦਾਰ ਜੱਸਾ ਸਿੰਘ ਆਦਿ ਸਰਦਾਰ ਆ ਪੁੱਜੇ 196
ਅਬਦੁਲ ਅਹਦ ਮੁੜ ਦਿੱਲੀ ਨੂੰ 198

੨੯. *ਸਰਦਾਰ ਜੱਸਾ ਸਿੰਘ ਦੇ ਆਖਰੀ ਸਾਲ* 201
ਕਪੂਰਥਲੇ ਉੱਤੇ ਕਬਜ਼ਾ 201
ਰਾਮਗੜ੍ਹੀਆਂ ਨਾਲ ਵਿਗਾੜ 203
ਕਰਤਾਰਪੁਰੀਏ (ਧੀਰਮਲੀਏ) ਸੋਢੀਆਂ ਨੂੰ ਪੰਥ ਨਾਲ ਮਿਲਾਉਣਾ 205
ਮਹਾਰਾਜਾ ਸਾਹਿਬ ਸਿੰਘ ਪਟਿਆਲੀਏ ਨੂੰ ਅੰਮ੍ਰਿਤ ਛਕਾਇਆ 206


Sri Satguru Jagjit Singh Ji eLibrary

ਸ੍ਰੀ ਦਰਬਾਰ ਸਾਹਿਬ ਦੀ ਸੇਵਾ 206
ਸਰਦਾਰ ਜੱਸਾ ਸਿੰਘ ਦਾ ਦੇਹਾਂਤ 207
੩੦. *ਸਰਦਾਰ ਜੱਸਾ ਸਿੰਘ ਦੇ ਗੁਣ, ਸੁਭਾਓ ਅਤੇ ਪੰਜਾਬ ਨੂੰ ਦੇਣ* 209
ਨਿਜੀ ਗੁਣ, ਸੁਭਾਉ 209
ਪੰਜਾਬ ਨੂੰ ਦੇਣ 211
'ਵਾਹਿਗੁਰੂ ਜੀ ਕਾ ਖਾਲਸਾ' 211
ਗੁਰੂ ਵੱਲੋਂ ਕਿਰਪਾਨ ਦੀ ਬਖਸ਼ਿਸ਼ 213
ਦਲ ਖਾਲਸਾ ਜੀਉ 215
ਦੇਸ ਅਤੇ ਧਰਮ ਦੇ ਰਾਖੇ 224
*ਅੰਤਿਕਾ*
ਤਿੱਥਾਵਲੀ 226
ਆਧਾਰ-ਗ੍ਰੰਥਾਵਲੀ 235

## *ਤਸਵੀਰਾਂ*

ਸਰਦਾਰ ਜੱਸਾ ਸਿੰਘ ਆਹਲੂਵਾਲੀਆ (iv)
ਅਹਿਮਦ ਸ਼ਾਹ ਦੁੱਰਾਨੀ 43
ਸਰਦਾਰ ਜੱਸਾ ਸਿੰਘ ਰਾਮਗੜ੍ਹੀਆ 59
ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ 142
ਬਾਬਾ ਆਲਾ ਸਿੰਘ ਪਟਿਆਲੇ ਵਾਲੇ 149
ਸਰਦਾਰ ਜੱਸਾ ਸਿੰਘ ਦੀ ਰਿਹਾਇਸ਼ੀ ਹਵੇਲੀ ਕਪੂਰਥਲਾ 202
ਸਰਦਾਰ ਜੱਸਾ ਸਿੰਘ ਦੀ ਸ਼ਮਸ਼ੇਰ 214

ਚੋ ਕਾਰ ਅਜ਼ ਹਮਾ ਹੀਲਤੇ ਦਰਗੁਜ਼ਸ਼ਤ
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ
[ਗੁਰੂ ਗੋਬਿੰਦ ਸਿੰਘ]

ਗੱਲ ਹੀਲਿਓਂ ਸਾਰਿਓਂ ਜਦੋਂ ਲੰਘ ਜਾਏ
ਜਾਇਜ਼ ਤਦੋਂ ਹੈ ਹੱਥ ਤਲਵਾਰ ਫੜਨੀ

ਦੇਗੋ ਤੇਗ਼ੋ ਫ਼ਤਹਿ ਓ ਨੁਸਰਤ ਬੇ-ਦਿਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ

ਦੇਗ ਤੇਗ਼ ਜਿੱਤ ਫ਼ਤਹਿ ਬਿਨ ਢਿੱਲ ਦੇ
ਮਿਲੀਆਂ ਨੇ ਨਾਨਕ ਗੁਰੂ ਗੋਬਿੰਦ ਸਿੰਘ ਤੋਂ

Satguru Jagjit Sin

ਅਧਿਆਇ ਪਹਿਲਾ

# ਪ੍ਰਾਚੀਨ ਬੰਸਾਵਲੀ

ਆਹਲੂਵਾਲੀਆ ਖ਼ਾਨਦਾਨ ਭਾਵੇਂ ਆਮ ਤੌਰ ਤੇ ਕਲਾਲ ਕਰਕੇ ਪਰਸਿੱਧ ਹੈ ਪਰ ਕਪੂਰਥਲੇ ਦਾ ਰਾਜ-ਘਰਾਣਾ ਆਪਣੀ ਬੰਸਾਵਲੀ ਜੈਸਲਮੇਰ ਦੇ ਭੱਟੀ ਰਾਜ-ਘਰਾਣੇ ਨਾਲ ਮਿਲਦੀ ਮੰਨਦਾ ਹੈ। ਇਹ ਘਰਾਣਾ ਰਾਜਸਥਾਨ ਦੇ ਦੋ ਚਾਰ ਖ਼ਾਸ ਉੱਘੇ ਘਰਾਣਿਆਂ ਵਿਚੋਂ ਹੈ ਅਤੇ ਆਪਣੇ ਬਾਹੂ-ਬਲ, ਸੂਰਬੀਰਤਾ ਅਤੇ ਅਣਖ ਲਈ ਖ਼ਾਸ ਮਾਨ-ਪਰਤਿਸ਼ਠਾ ਨਾਲ ਦੇਖਿਆ ਜਾਂਦਾ ਰਿਹਾ ਹੈ।

ਜੈਸਲਮੇਰੀ ਰਾਜਪੂਤ ਆਪਣਾ ਸੰਬੰਧ ਯਦੂ ਬੰਸੀ ਸ੍ਰੀ ਕ੍ਰਿਸ਼ਨ ਜੀ ਨਾਲ ਮੰਨਦੇ ਹਨ। ਇਨ੍ਹਾਂ ਦੇ ਇਤਿਹਾਸ ਵਿਚ ਲਿਖਿਆ ਹੋਇਆ ਹੈ ਕਿ ਕ੍ਰਿਸ਼ਨ ਜੀ ਦੀ ਮੌਤ ਪਿੱਛੋਂ ਛੇਤੀ ਹੀ ਉਨ੍ਹਾਂ ਦੀ ਸੰਤਾਨ ਖਿੰਡ ਪੁੰਡ ਗਈ। ਉਨ੍ਹਾਂ ਦੇ ਦੋ ਪੁੱਤਰ ਉੱਤਰ ਵੱਲ ਆ ਗਏ ਅਤੇ ਸਿੰਧ ਨਦੀ ਦੇ ਪਾਰਲੇ ਦੇਸ਼ ਵਿਚ ਰਹਿਣ ਲੱਗ ਪਏ। ਇਥੇ ਉਨ੍ਹਾਂ ਦੀ ਸੰਤਾਨ ਵਿਚੋਂ ਗਜ ਨਾਮੀ ਇਕ ਪਰਤਾਪੀ ਰਾਜਾ ਨੇ ਰੂਮੀ ਅਤੇ ਖੁਰਾਸਾਨੀ ਬਾਦਸ਼ਾਹਾਂ ਦੇ ਹੱਲੇ ਰੋਕਣ ਲਈ ਆਪਣੇ ਨਾਉਂ ਪਰ ਗ਼ਜਨੀ ਦਾ ਕਿਲਾ ਉਸਾਰਿਆ। ਇਸ ਨੇ ਦੋ ਤਿੰਨ ਵਾਰੀ ਅੱਗੇ ਖੁਰਾਸਾਨੀਆਂ ਨੂੰ ਮਾਰ ਭਜਾਇਆ ਸੀ ਪਰ ਜਦ ਇਕ ਹੱਲੇ ਵੇਲੇ ਖੁਰਾਸਾਨੀਆਂ ਅਤੇ ਰੂਮੀਆਂ ਦੀ ਮਿਲਵੀਂ ਬਹੁਗਿਣਤੀ ਅੱਗੇ ਕੋਈ ਪੇਸ਼ ਜਾਂਦੀ ਨਾ ਦੇਖੀ ਤਾਂ ਉਸ ਨੇ ਆਪਣਾ ਟੱਬਰ ਕਬੀਲਾ ਆਪਣੇ ਪੁੱਤਰ ਸਾਲਿਬਾਹਨ ਨਾਲ ਚੜ੍ਹਦੇ ਵੱਲ ਪੰਜਾਬ ਨੂੰ ਤੋਰ ਦਿੱਤਾ ਅਤੇ ਆਪ ਆਪਣੇ ਦੋ ਹਜ਼ਾਰ ਸਾਥੀਆਂ ਸਮੇਤ ਗ਼ਜਨੀ ਦੀ ਰਣ-ਭੂਮੀ ਵਿਚ ਲੜ ਮੋਇਆ।

ਪੰਜਾਬ ਪਹੁੰਚ ਕੇ ਸਾਲਿਬਾਹਨ ਨੇ ਆਪਣੇ ਲਈ ਇਕ ਨਵਾਂ ਰਾਜ ਕਾਇਮ ਕਰ ਲਿਆ ਅਤੇ 8 ਭਾਦੋਂ ਸੰਮਤ 372 ਨੂੰ ਸ਼ਹਿਰ ਸਾਲਿਬਾਹਨ ਪੁਰ ਦੀ ਨੀਂਹ ਰੱਖੀ। ਇਹ ਸ਼ਹਿਰ ਹੁਣ ਸਿਆਲਕੋਟ ਕਰਕੇ ਪਰਸਿੱਧ ਹੈ। ਇਹ ਭੀ ਕਿਹਾ ਜਾਂਦਾ ਹੈ ਕਿ ਸਿਆਲਕੋਟ ਪਾਂਡਵਾਂ ਦੇ ਸੰਬੰਧੀ ਰਾਜਾ ਸ਼ੱਲ ਨੇ ਬਸਾਇਆ ਸੀ। ਸਾਲਿਬਾਹਨ ਚੂੰਕਿ ਉਸੇ ਸ਼ੱਲ ਦੀ ਕੁਲ ਵਿਚੋਂ ਸੀ ਇਸ ਲਈ ਉਸ ਨੇ ਨਵੇਂ ਸ਼ਹਿਰ ਦਾ ਨਾਉਂ ਤਾਂ ਸਾਲਿਬਾਹਨਪੁਰ ਰੱਖਿਆ ਅਤੇ ਪੁਰਾਣੇ ਕਿਲੇ ਦਾ ਨਾਉਂ ਸ਼ੱਲਕੋਟ ਹੀ ਰਹਿਣ ਦਿੱਤਾ। ਸ਼ੱਲਕੋਟ ਪਹਿਲਾਂ ਦਾ ਪਰਚਲਤ ਹੋਣ ਕਰਕੇ ਸ਼ਹਿਰ ਭੀ ਸ਼ੱਲਕੋਟ, ਸਿਲਕੋਟ (ਸਿਆਲਕੋਟ) ਪਰਸਿੱਧ ਹੋ ਗਿਆ। ਸਾਲਿਬਾਹਨ ਪੰਜਾਬ ਦਾ ਇਕ ਸਿਰ-ਕੱਢ ਸੂਰਮਾ ਹੋਇਆ ਹੈ। ਇਸ ਨੇ ਸ਼ਕਾਂ ਦੀ ਪੰਜਾਬ

ਵੱਲ ਵਧਦੀ ਆ ਰਹੀ ਧਾੜ ਨੂੰ ਮੁਲਤਾਨ ਤੋਂ ਸੱਠ ਕੁ ਮੀਲ ਦੀ ਵਿੱਥ ਤੇ ਕਹਰੋੜ ਦੇ ਮੈਦਾਨ ਵਿਚ ਉਹ ਮਾਰ ਮਾਰੀ ਸੀ ਕਿ ਕਈ ਦੇਰ ਤਕ ਉਨ੍ਹਾਂ ਨੂੰ ਮੁੜ ਇਧਰ ਮੂੰਹ ਕਰਨ ਦਾ ਹੀਆ ਨਾ ਪਿਆ। ਇਸ ਜਿੱਤ ਨੇ ਇਸ ਦੀ ਇਤਨੀ ਚੜ੍ਹ ਮਚਾ ਦਿੱਤੀ ਕਿ ਇਸ ਨੇ ਆਪਣਾ ਨਾਉਂ ਹੀ ਸ਼ਕ+ਅਰੀ (ਸ਼ਕ-ਅਰੀ), ਸ਼ਕਾਂ ਦਾ ਵੈਰੀ, ਪਰਸਿੱਧ ਕਰ ਦਿੱਤਾ ਅਤੇ ਇਸੇ ਜਿੱਤ ਦੀ ਖ਼ੁਸ਼ੀ ਵਿਚ ਇਸ ਨੇ ਆਪਣਾ ਸੰਮਤ (ਸ਼ਕ ਸੰਮਤ) ਵੀ ਚਲਾ ਦਿੱਤਾ ਜੋ ਹੁਣ ਭਾਰਤ ਸਰਕਾਰ ਨੇ ਸਾਰੇ ਦੇਸ਼ ਲਈ ਸਰਕਾਰੀ ਸੰਮਤ ਦੇ ਤੌਰ ਤੇ ਪਰਵਾਨ ਕਰ ਲਿਆ ਹੈ। ਇਹ ਸੰਨ 78 ਈਸਵੀ ਤੋਂ ਸ਼ੁਰੂ ਹੁੰਦਾ ਹੈ।

ਸਾਲਿਬਾਹਨ ਦਾ ਪੋਤਾ ਭੱਟੀ ਇਕ ਪਰਸਿੱਧ ਜੋਧਾ ਹੋਇਆ ਹੈ ਜਿਸ ਦੇ ਨਾਉਂ ਪਰ ਇਸ ਦੇ ਪਿੱਛੋਂ ਇਸ ਘਰਾਣੇ ਦਾ ਨਾਉਂ ਯਾਦੋ ਭੱਟੀ ਮਸ਼ਹੂਰ ਹੋ ਗਿਆ। ਆਲੇ ਦੁਆਲੇ ਮੱਲਾਂ ਮਾਰ ਕੇ ਇਸ ਨੇ ਆਪਣੇ ਇਲਾਕੇ ਨੂੰ ਚੋਖਾ ਵੱਡਾ ਕਰ ਲਿਆ। ਕਈ ਪੀੜ੍ਹੀਆਂ ਤਕ ਇਸ ਦੀ ਸੰਤਾਨ ਚੜ੍ਹਦੇ ਪੰਜਾਬ ਦੇ ਇਕ ਵੱਡੇ ਹਿੱਸੇ ਪਰ ਰਾਜ ਕਰਦੀ ਰਹੀ ਪਰ ਜਦ ਮੁਸਲਮਾਨਾਂ ਨੇ ਪਹਿਲੇ ਪਹਿਲ ਪੰਜਾਬ ਪਰ ਹੱਲੇ ਕਰਨੇ ਸ਼ੁਰੂ ਕੀਤੇ ਤਾਂ ਭੱਟੀ ਪੰਜਾਬ ਨੂੰ ਛੱਡ ਕੇ ਲਖੀ ਜੰਗਲ ਅਤੇ ਬੀਕਾਨੇਰ ਦੇ ਰੇਤ ਥਲਿਆਂ ਨੂੰ ਨਿਕਲ ਗਏ। ਸਥਾਨਕ ਵਸਨੀਕਾਂ ਨਾਲ ਲੜ ਭਿੜ ਕੇ ਇਨ੍ਹਾਂ ਨੇ ਇਥੇ ਆਪਣੇ ਪੈਰ ਜਮਾ ਲਏ ਅਤੇ ਤਨੋਟ ਵਿਚ ਆਪਣੀ ਰਾਜਧਾਨੀ ਬਣਾ ਲਈ। ਇਹ ਤਨੋਟ ਹਾਲ ਤਕ ਭੀ ਜੈਸਲਮੇਰ ਦੇ ਇਲਾਕੇ ਵਿਚ ਕਿਸ਼ਨਗੜ੍ਹ ਤੋਂ ਲਹਿੰਦੇ-ਦੱਖਣ ਨੂੰ ਇਕ ਉੱਘਾ ਸ਼ਹਿਰ ਹੈ। ਸਮੇਂ ਦੇ ਹੇਰ ਫੇਰ ਨੇ ਇਨ੍ਹਾਂ ਨੂੰ ਬਹੁਤ ਚਿਰ ਤਨੋਟ ਠਹਿਰਨ ਨਾ ਦਿੱਤਾ। ਇਥੋਂ ਨਿਕਲ ਕੇ ਦਿਓ ਰਾਜ ਨੇ, ਜਿਸ ਨੇ ਭੱਟੀ ਖ਼ਾਨਦਾਨ ਵਿਚ ਸਾਰਿਆਂ ਨਾਲੋਂ ਪਹਿਲਾਂ 'ਰਾਵਲ' ਦਾ ਖ਼ਿਤਾਬ ਆਪਣੇ ਨਾਉਂ ਨਾਲ ਲਾਇਆ ਸੀ, ਸੰਮਤ 909 ਵਿਚ ਦਿਓ ਰਾਵਲ (ਦਿਓ-ਗੜ੍ਹ) ਕਿਲਾ ਬਣਾਇਆ। ਪਿੱਛੋਂ ਇਹ ਨਾਉਂ ਬਿਗੜ ਕੇ ਦੇਓ-ਰਾਵਰ ਹੋ ਗਿਆ ਅਤੇ ਹੁਣ ਡੇਰਾਵੜ ਹੋ ਕੇ ਬਹਾਵਲਪੁਰ ਦੇ ਇਲਾਕੇ ਵਿਚ ਹੈ।

ਦਿਓ ਰਾਵਲ ਤੋਂ ਰਾਜਧਾਨੀ ਬਦਲ ਕੇ ਲੋਦਰਵਾ ਲਿਜਾਈ ਗਈ, ਪਰ ਇਹ ਥਾਂ ਭੀ ਵੈਰੀਆਂ ਨੂੰ ਰੋਕ ਸਕਣ ਲਈ ਚੰਗੀ ਸਾਬਤ ਨਾ ਹੋਈ। ਅੰਤ ਸਾਵਣ ਸੁਦੀ 11-12 ਸੰਮਤ 1212 ਨੂੰ ਰਾਵਲ ਜੈਸਲ ਨੇ ਤ੍ਰਿਕੂਟੀ ਪਹਾੜੀ ਪਰ ਇਕ ਗੜ੍ਹ ਰਚਿਆ ਅਤੇ ਉਸ ਦਾ ਨਾਉਂ ਜੈਸਲਮੇਰ ਰਖਿਆ। ਜਦ ਅਲਾਉੱਦੀਨ ਖ਼ਲਜੀ ਨੇ ਜੈਸਲਮੇਰ ਕਿਲੇ ਅਤੇ ਸ਼ਹਿਰ ਨੂੰ ਲੁੱਟ ਪੁੱਟ ਕੇ ਬਰਬਾਦ ਕਰ ਦਿੱਤਾ ਤਾਂ ਕੁਝ ਭੱਟੀ ਉਥੋਂ ਨਿਕਲ ਕੇ ਪੰਜਾਬ ਵਿਚ ਆ ਬਸੇ ਅਤੇ ਕੁਝ ਕੁ ਨੇ ਉਥੇ ਹੀ ਲੁਕ ਛਿਪ ਕੇ ਮੁਸੀਬਤ ਦੇ ਦਿਨ ਕੱਟ ਲਏ ਅਤੇ ਮੌਕਾ ਪਾ ਕੇ ਮੁੜ ਜੈਸਲਮੇਰ ਪਰ ਜਾ ਕਬਜ਼ਾ ਕੀਤਾ।

ਰਾਵਲ ਜੈਸਲ ਦੇ ਅੱਠ ਪੁੱਤਰ ਸਨ। ਇਨ੍ਹਾਂ ਵਿਚੋਂ ਕਰਨ ਅਤੇ ਧਾਮ ਬਹੁਤ ਉੱਘੇ ਹੋਏ ਹਨ। ਰਾਵਲ ਕਰਨ ਦੀ ਸੰਤਾਨ ਅਜ ਤਕ ਜੈਸਲਮੇਰ ਵਿਚ ਮੌਜੂਦ ਹੈ। ਕੁਝ ਕੁ ਬੇ-ਅਣਖੇ ਰਾਜਪੂਤਾਂ ਨੇ ਮੁਗ਼ਲਾਂ ਨੂੰ ਲੜਕੀਆਂ ਵਿਆਹੁਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਅਕਬਰ

Sri Satguru Jagjit Singh eLibrary

ਬਾਦਸ਼ਾਹ ਨੇ ਜੈਸਲਮੇਰੀ ਭੱਟੀਆਂ ਪਾਸੋਂ ਭੀ ਮੰਗ ਕੀਤੀ। ਉਸ ਵੇਲੇ ਰਾਣਾ ਹਰ ਰਾਇ ਜੈਸਲਮੇਰ ਦੀ ਗੱਦੀ ਪਰ ਸਨ। ਉਸ ਦੇ ਘਰ ਕੋਈ ਲੜਕੀ ਨਹੀਂ ਸੀ। ਇਸ ਲਈ ਇਹ ਮੰਗ ਉਸ ਦੇ ਭਾਈ ਰਾਣਾ ਤੁਲਸੀ ਪਾਸੋਂ ਕੀਤੀ ਗਈ। ਉਹ ਇਕ ਅਣਖੀਲਾ ਬੰਦਾ ਸੀ। ਉਸ ਨੇ ਬੇ-ਇੱਜਤੀ ਭਰੇ ਸੁਖੀ ਜੀਵਨ ਨਾਲੋਂ ਗਰੀਬੀ ਪਰਵਾਨ ਕਰ ਲਈ ਅਤੇ ਘਰ ਬਾਰ ਤਿਆਗ ਟੱਬਰ ਟੀਰ ਨਾਲ ਪੰਜਾਬ ਨੂੰ ਆ ਗਿਆ। ਕੁਝ ਚਿਰ ਇਹ ਬਠਿੰਡੇ ਰਹੇ, ਫੇਰ ਇਨ੍ਹਾਂ ਦੇ ਪੁੱਤਰ ਪੋਤਰੇ ਲਖੀ ਜੰਗਲ ਵਿਚ ਫੀਰੋਜ਼ਪੁਰ ਦੇ ਲਾਗੇ ਬੀੜ ਅੰਬਰ-ਹਰ ਵਿਚ ਆ ਗਏ। ਪਰ ਜਦ ਇਥੇ ਵੀ ਟਿਕ ਟਿਕਾ ਨਾ ਹੋ ਸਕਿਆ ਤਾਂ ਇਹ ਟੱਬਰ ਤਰਨ ਤਾਰਨ ਦੇ ਗੋਰਖ ਚੱਕ ਵਿਚ ਆ ਵਸਿਆ।

ਪੰਜਾਬ ਦੇ ਜੱਟਾਂ ਦੀ ਘੁਗ ਵਸੋਂ ਵਿਚ ਰਹਿਣ ਕਰਕੇ ਇਹ ਉਨ੍ਹਾਂ ਨਾਲ ਰਲ ਮਿਲ ਗਏ ਅਤੇ ਉਨ੍ਹਾਂ ਨਾਲ ਰਿਸ਼ਤੇ ਨਾਤੇ ਕਰਨ ਲੱਗ ਪਏ। ਇਸ ਤਰ੍ਹਾਂ ਹੌਲੀ ਹੌਲੀ ਇਹ ਪੂਰੇ ਜੱਟ ਬਣ ਗਏ। ਸਿੱਖ ਪੰਥ ਨਾਲ ਇਨ੍ਹਾਂ ਦਾ ਸੰਬੰਧ ਛੇਵੇਂ ਸਤਿਗੁਰੂ ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਤੋਂ ਆਰੰਭ ਹੁੰਦਾ ਹੈ ਜਦ ਕਿ ਭਾਈ ਸੈਨਾ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਵਧਾਵਾ ਸਿੰਘ ਸਤਿਗੁਰੂ ਦੀ ਦੁਸ਼ਟ-ਦਮਨ ਦੀ ਫੌਜ ਵਿਚ ਭਰਤੀ ਹੋਏ। ਇਨ੍ਹੀਂ ਦਿਨੀਂ ਇਹ ਤਰਨ-ਤਾਰਨ ਦੇ ਲਾਗੇ ਪਿੰਡ ਗੁੱਜਰ ਚੱਕ ਵਿਚ ਰਹਿੰਦੇ ਸਨ। ਇਹ ਦੋਨੋਂ ਪਿਓ ਪੁੱਤਰ ਬੜੇ ਦਲੇਰ ਸੂਰਬੀਰ ਸਨ ਅਤੇ ਇਨ੍ਹਾਂ ਨੇ ਸਤਿਗੁਰੂ ਦੇ ਜੁੱਧਾਂ ਵਿਚ ਵਧ ਚੜ੍ਹ ਕੇ ਸੇਵਾ ਕੀਤੀ। ਇਸ ਕਰਕੇ ਗੁਰੂ ਹਰਿਗੋਬਿੰਦ ਇਨ੍ਹਾਂ ਪਰ ਬੜੇ ਪਰਸੰਨ ਸਨ।

ਭਾਈ ਵਧਾਵਾ ਸਿੰਘ ਦਾ ਪੁੱਤਰ ਭਾਈ ਗੰਡਾ ਸਿੰਘ ਬੜਾ ਪਰਸਿੱਧ ਜੋਧਾ ਹੋਇਆ ਹੈ। ਇਸ ਨੇ ਸਹਿਜੇ ਹੀ ਆਲੇ ਦੁਆਲੇ ਦੇ ਪਿੰਡਾਂ ਪਰ ਆਪਣਾ ਦਬਦਬਾ ਜਮਾ ਲਿਆ ਅਤੇ ਕਈ ਵਾਰੀ ਆਂਢ ਗੁਆਂਢ ਭੀ ਉਗਰਾਹ ਖਾਧਾ। ਹੋਰ ਤਾਂ ਕੀ, ਦੋ ਤਿੰਨ ਵਾਰੀ ਦਿਨ ਦਿਹਾੜੇ ਲਾਹੌਰ ਦੇ ਚੜ੍ਹਦੇ ਮਹੱਲੇ ਭੀ ਜਾ ਲੁੱਟੇ ਅਤੇ ਸਰਕਾਰੀ ਫ਼ੌਜ ਦੇ ਪੁੱਜਣ ਤੋਂ ਪਹਿਲਾਂ ਪਹਿਲਾਂ ਹੀ ਹਰਨ ਹੋ ਗਿਆ। ਇਸ ਵੇਲੇ ਲਾਹੌਰ ਦਾ ਨਾਇਬ ਹਾਕਮ ਦਿਲਾਵਰ ਖ਼ਾਨ ਸੀ। ਉਸ ਨੇ ਕਈ ਵਾਰੀ ਗੰਡਾ ਸਿੰਘ ਨੂੰ ਕਾਬੂ ਕਰਨ ਦਾ ਜਤਨ ਕੀਤਾ ਪਰ ਕੁਝ ਪੇਸ਼ ਨਾ ਗਈ। ਆਖਰ ਸਮਝਾ ਬੁਝਾ ਕੇ ਸਰਕਾਰੀ ਫ਼ੌਜ ਵਿਚ ਨੌਕਰ ਰਖ ਲਿਆ। ਛੇਤੀ ਹੀ ਪਿੱਛੋਂ ਮੁਲਤਾਨ ਵੱਲ ਇਕ ਮੁਹਿੰਮ ਆ ਪਈ। ਇਥੇ ਗੰਡਾ ਸਿੰਘ ਨੇ ਅਜਿਹੀ ਬਹਾਦੁਰੀ ਵਿਖਾਈ ਕਿ ਲਾਹੌਰੀ ਫ਼ੌਜ ਦੀ ਹਾਰੀ ਜਾ ਰਹੀ ਲੜਾਈ ਜਿੱਤੀ ਗਈ। ਇਸ ਦੀ ਸੂਰਮਗਤੀ ਪਰ ਦਿਲਾਵਰ ਖ਼ਾਨ ਇਤਨਾ ਖ਼ੁਸ਼ ਹੋਇਆ ਕਿ ਉਸ ਨੇ ਆਹਲੂ, ਹੱਲੋ, ਸਾਧੇ, ਤੂਰ ਅਤੇ ਚੱਕ ਦਾ ਜ਼ਿਮੀਂਦਾਰਾ ਇਸ ਨੂੰ ਇਨਾਮ ਵਿਚ ਦੇ ਦਿੱਤਾ ਅਤੇ ਆਹਲੂ ਪਿੰਡ ਦੀ ਮਾਫ਼ੀ ਲਿਖ ਦਿੱਤੀ। ਗੰਡਾ ਸਿੰਘ ਇਸ ਦੇ ਛੇਤੀ ਹੀ ਪਿੱਛੋਂ ਚਲਾਣਾ ਕਰ ਗਿਆ, ਅਤੇ ਉਸ ਦੇ ਪੁੱਤਰ ਸਾਧੂ ਸਿੰਘ ਨੇ ਆਹਲੂ ਪਿੰਡ ਵਿਚ ਰਹਿਣਾ ਸ਼ੁਰੂ ਕਰ ਦਿੱਤਾ। ਆਹਲੂ ਪਿੰਡ ਦੇ ਵਸਨੀਕ ਹੋਣ ਕਰਕੇ ਸਾਧੂ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਪੋਤਰੇ ਆਹਲੂਵਾਲੀਏ ਕਰਕੇ ਪਰਸਿੱਧ ਹੋ ਗਏ।

Sri Satguru Jagjit Singh Ji eLibrary

ਛੋਟੀ ਉਮਰ ਵਿਚ ਸਾਧੂ ਸਿੰਘ ਆਪਣੇ ਨਾਨਕੇ ਪਿੰਡ ਰਿਹਾ ਕਰਦਾ ਸੀ। ਇੱਥੇ ਹੀ ਇਹ ਜੰਮਿਆ ਪਲਿਆ ਸੀ ਅਤੇ ਇਥੇ ਹੀ ਆਪਣੇ ਗਵਾਂਢੀ ਕਲਾਲਾਂ ਦੇ ਬੱਚਿਆਂ ਨਾਲ ਖੇਡਦਾ ਰਿਹਾ ਸੀ। ਇਨ੍ਹਾਂ ਵਿਚ ਕਲਾਲਾਂ ਦੀ ਇਕ ਲੜਕੀ ਨਾਲ ਇਸ ਦਾ ਖ਼ਾਸ ਪ੍ਰੇਮ ਸੀ ਜੋ ਉਮਰ ਦੇ ਨਾਲੋ ਨਾਲ ਵਧਦਾ ਗਿਆ। ਜਦ ਇਹ ਆਹਲੂ ਪਿੰਡ ਜਾ ਵਸਿਆ ਤਾਂ ਇਸ ਨੇ ਇਸ ਲੜਕੀ ਨਾਲ ਵਿਆਹ ਕਰਨ ਦੀ ਇੱਛਾ ਪਰਗਟ ਕੀਤੀ। ਲੜਕੀ ਦੇ ਮਾਤਾ ਪਿਤਾ ਭੀ ਇਨ੍ਹਾਂ ਦੋਹਾਂ ਦੇ ਪ੍ਰੇਮ ਤੋਂ ਵਾਕਫ ਸਨ। ਉਹ ਸਾਧੂ ਸਿੰਘ ਦੀ ਸੰਸਾਰਕ ਉੱਨਤੀ ਅਤੇ ਇਸ ਦੇ ਖ਼ਾਨਦਾਨ ਦੇ ਦਿਨੋਂ ਦਿਨ ਚੜ੍ਹਦੇ ਜਾ ਰਹੇ ਇਕਬਾਲ ਨੂੰ ਦੇਖ ਰਹੇ ਸਨ। ਉਨ੍ਹਾਂ ਨੇ ਇਸ ਸੰਜੋਗ ਨੂੰ ਧੰਨ-ਭਾਗ ਜਾਣਿਆ ਅਤੇ ਇਹ ਕਹਿ ਕੇ ਪਰਵਾਨ ਕਰ ਲਿਆ ਕਿ ਅੱਗੇ ਨੂੰ ਭੀ ਇਨ੍ਹਾਂ ਦੀ ਸੰਤਾਨ ਦੀਆਂ ਸ਼ਾਦੀਆਂ ਕਲਾਲਾਂ ਵਿਚ ਹੀ ਹੋਇਆ ਕਰਨ। ਸਾਧੂ ਸਿੰਘ ਨੇ ਇਹ ਗੱਲ ਪਰਵਾਨ ਕਰ ਲਈ ਅਤੇ ਵਿਆਹ ਹੋ ਗਿਆ। ਇਨ੍ਹਾਂ ਦੇ ਚਾਰ ਪੁੱਤਰ ਗੋਪਾਲ ਸਿੰਘ, ਹੇਮੂ, ਸਿਕੰਦਰ ਅਤੇ ਚਾਹਾ ਅਤੇ ਇਕ ਲੜਕੀ ਸੀ। ਇਨ੍ਹਾਂ ਸਾਰਿਆਂ ਦੀਆਂ ਸ਼ਾਦੀਆਂ ਕਲਾਲਾਂ ਦੇ ਘਰੀਂ ਹੋਈਆਂ ਅਤੇ ਇਸ ਤਰ੍ਹਾਂ ਇਹ ਖ਼ਾਨਦਾਨ ਆਹਲੂਵਾਲੀਏ ਕਲਾਲ ਕਰਕੇ ਪਰਸਿੱਧ ਹੋ ਗਿਆ। ਕਪੂਰਥਲੇ ਦੇ ਆਹਲੂਵਾਲੀਏ ਖ਼ਾਨਦਾਨ ਦਾ ਅੱਗਾ ਗੋਪਾਲ ਸਿੰਘ ਅਤੇ ਉਸ ਦੇ ਪੁੱਤਰ ਦੇਵਾ ਸਿੰਘ ਤੋਂ ਤੁਰਦਾ ਹੈ। ਇਨ੍ਹਾਂ ਸੰਬੰਧੀ ਵਿਸਥਾਰ ਨਾਲ ਕੁਝ ਪਤਾ ਨਹੀਂ ਚਲਦਾ ਬਿਨਾਂ ਇਸ ਦੇ ਕਿ ਦੇਵਾ ਸਿੰਘ ਕੁਝ ਚਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿਚ ਸੇਵਾ ਕਰਦਾ ਰਿਹਾ ਸੀ।

[ਰਾਮਜਸ, *ਤਵਾਰੀਖ਼ਿ ਰਿਆਸਤ ਕਪੂਰਥਲਾ*, 78-88; ਗ੍ਰਿਫ਼ਿਨ, *ਰਾਜਾਜ਼ ਔਫ਼ ਦੀ ਪੰਜਾਬ*, 493-96; ਮੁਹੰਮਦ ਹਸਨ, (*ਉਰਦੂ ਰਾਜਗਾਨਿ ਪੰਜਾਬ*) 1-6; *ਤਵਾਰੀਖ਼ ਗੁਰੂ ਖ਼ਾਲਸਾ* (ਰਾਜ-ਖ਼ਾਲਸਾ, 188-90); *ਕਪੂਰਥਲਾ ਸਟੇਟ, ਇਟਸ ਪਾਸਟ ਐਂਡ ਪ੍ਰੈਜ਼ੈਂਟ*, 1.]

ਸਰ ਲੈਪਿਲ ਗ੍ਰਿਫ਼ਿਨ ਇਸ ਘਰਾਣੇ ਦੇ ਜੈਸਲਮੀਰੇ ਮੁੱਢ ਦੀ ਵਾਰਤਾ ਨੂੰ ਪਰਵਾਨ ਨਹੀਂ ਕਰਦਾ ਅਤੇ ਇਕ ਘਾੜਤ ਸਮਝਦਾ ਹੈ ਜਿਸ ਦੀ ਉਹ ਕਪੂਰਥਲੇ ਦੇ ਆਹਲੂਵਾਲੀਆ ਖ਼ਾਨਦਾਨ ਨੂੰ ਲੋੜ ਨਹੀਂ ਸਮਝਦਾ। ਉਸਦੇ ਖਿਆਲ ਵਿਚ ਸਰਦਾਰ ਜੱਸਾ ਸਿੰਘ ਦਾ ਤੇਜ ਪਰਤਾਪ, ਖਾਲਸਾ ਦਲ ਦਾ ਆਗੂ ਹੋਣਾ ਅਤੇ ਆਪਣੀ ਬਹਾਦੁਰੀ ਅਤੇ ਤਲਵਾਰ ਨਾਲ ਰਾਜ ਕਾਇਮ ਕਰ ਲੈਣਾ ਹੀ ਖ਼ਾਨਦਾਨ ਦੀ ਉਚਿਆਈ ਅਤੇ ਪ੍ਰਭੁਤਾ ਲਈ ਕਾਫ਼ੀ ਸਨ।

[*ਰਾਜਾਜ਼*, 496]

ਅਧਿਆਇ ਦੂਸਰਾ

# ਸਰਦਾਰ ਜੱਸਾ ਸਿੰਘ—ਜਨਮ ਅਤੇ ਬਾਲਪਨ

ਦੇਵਾ ਸਿੰਘ ਆਹਲੂਵਾਲੀਏ ਦੇ ਤਿੰਨ ਪੁੱਤਰ ਸਨ—ਗੁਰਬਖ਼ਸ਼ ਸਿੰਘ, ਸਦਰ ਸਿੰਘ ਅਤੇ ਬਦਰ ਸਿੰਘ। ਬਦਰ ਸਿੰਘ ਭਾਵੇਂ ਸੀ ਤਾਂ ਸਾਰਿਆਂ ਨਾਲੋਂ ਛੋਟਾ, ਪਰ ਸੁਹੱਪਣ, ਦਲੇਰੀ ਅਤੇ ਬਹਾਦੁਰੀ ਵਿਚ ਕਿਸੇ ਨਾਲੋਂ ਘੱਟ ਨਹੀਂ ਸੀ। ਬੜਾ ਸਡੋਲ, ਗਠੀਲਾ ਅਤੇ ਲੰਬਾ ਜਵਾਨ ਸੀ। ਇਸ ਨੇ ਆਪਣੇ ਪਿਤਾ ਦੇਵਾ ਸਿੰਘ ਨਾਲ ਕਈ ਵਾਰੀ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕੀਤੇ ਸਨ ਅਤੇ ਗੁਰੂ ਸਾਹਿਬ ਦੇ ਹਜ਼ੂਰੀ ਸਿੰਘਾਂ ਪਾਸੋਂ ਅੰਮ੍ਰਿਤ ਛਕਿਆ ਸੀ। ਸਿੱਖੀ ਸਿਦਕ ਭਰੋਸਾ ਅਤੇ ਧਰਮ ਪ੍ਰੇਮ ਆਪ ਦੀ ਰਗ ਰਗ ਵਿਚ ਰਚਿਆ ਹੋਇਆ ਸੀ ਅਤੇ ਸਿੱਖੀ ਜੀਵਨ ਦਾ ਆਪ ਇਕ ਨਮੂਨਾ ਸੀ।

ਭਾਈ ਬਦਰ ਸਿੰਘ ਦੀ ਸ਼ਾਦੀ ਪਿੰਡ ਹੱਲੋ-ਸਾਧੋ ਦੇ ਸਰਦਾਰ ਬਾਘ ਸਿੰਘ ਦੀ ਭੈਣ ਨਾਲ ਹੋਈ। ਇਹ ਬੀਬੀ ਜੀ ਭੀ ਸਿੱਖੀ ਵਿਚ ਬੜੇ ਪਰਪੱਕ ਅਤੇ ਤਿਆਰ ਬਰ ਤਿਆਰ ਸਨ। ਆਪ ਗੁਰਮੁਖੀ ਪੜ੍ਹੇ ਹੋਏ ਸਨ ਅਤੇ ਸਿੱਖ ਧਾਰਮਕ ਗ੍ਰੰਥਾਂ ਦੀ ਉਨ੍ਹਾਂ ਨੂੰ ਚੰਗੀ ਵਾਕਫ਼ੀ ਸੀ। ਬਹੁਤ ਸਾਰੀ ਗੁਰਬਾਣੀ ਆਪ ਨੂੰ ਜ਼ਬਾਨੀ ਯਾਦ ਸੀ, ਫੇਰ ਭੀ ਗੁਰਬਾਣੀ ਦੀ ਪੋਥੀ ਆਪ ਕਿਰਪਾਨ ਦੇ ਗਾਤਰੇ ਨਾਲ ਸਜਾਈ ਰਖਦੇ ਸਨ। ਕੀਰਤਨ ਨਾਲ ਆਪ ਨੂੰ ਖ਼ਾਸ ਪ੍ਰੇਮ ਸੀ ਅਤੇ ਦੁਤਾਰਾ ਬਹੁਤ ਅੱਛਾ ਵਜਾਉਂਦੇ ਸਨ। ਸਵੇਰੇ ਸ਼ਾਮ ਗੁਰਬਾਣੀ ਦਾ ਪਾਠ ਕਰਨਾ ਅਤੇ ਕੀਰਤਨ ਚੌਕੀ ਲਾਉਣਾ ਆਪ ਦਾ ਸਦਾ ਦਾ ਨਿੱਤ ਨੇਮ ਸੀ। ਆਪ ਦਾ ਜੀਵਨ ਸਚ ਮੁਚ ਪੁਰਾਤਨ ਸਿੰਘਣੀਆਂ ਦੇ ਜੀਵਨ ਦਾ ਇਕ ਨਮੂਨਾ ਸੀ। ਇਸ ਅਨੁਸਾਰ ਹੀ ਉਨ੍ਹਾਂ ਦੇ ਸਪੁੱਤਰ ਜੱਸਾ ਸਿੰਘ ਦਾ ਜੀਵਨ ਬਣਿਆ ਸੀ ਅਤੇ ਇਹ ਹੀ ਨਿਰਮਲ-ਬੁੱਧ ਉੱਜਲ-ਦੀਦਾਰ ਅਤੇ ਸਿਦਕਵਾਨ ਮਾਤਾ ਦਾ ਜੀਵਨ ਸੱਚਾ ਸੀ ਜਿਸ ਵਿਚ ਪੰਜਾਬ ਦੇ ਇਕ ਸੱਚੇ ਸਪੂਤ, ਖਾਲਸਾ ਦਲ ਦੇ ਇਕ ਪ੍ਰਮੁੱਖ ਆਗੂ ਅਤੇ ਪੰਥ ਦੇ ਟਿੱਕੇ ਪਾਤਸ਼ਾਹ ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦਾ ਭਵਿੱਖ ਢਲਿਆ ਸੀ ਜਿਸ ਦਾ ਵਰਨਣ ਅਗਲੇ ਪੰਨਿਆਂ ਵਿਚ ਪਾਠਕਾਂ ਦੇ ਪੇਸ਼ ਕੀਤਾ ਜਾ ਰਿਹਾ ਹੈ।

ਵਿਆਹ ਤੋਂ ਕਾਫੀ ਚਿਰ ਬਾਅਦ ਬਦਰ ਸਿੰਘ ਜੀ ਦੇ ਘਰ ਕੋਈ ਸੰਤਾਨ ਨਹੀਂ ਸੀ ਹੋਈ। ਇਸ ਲਈ ਪਤੀ ਪਤਨੀ ਅਰਦਾਸ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਹਾਜਰ ਹੋਏ ਅਤੇ ਉਨ੍ਹਾਂ ਅਸੀਸ ਦਿੱਤੀ : "ਵਾਹਿਗੁਰੂ ਅਕਾਲ ਪੁਰਖ ਦੀ ਅਰਾਧਨਾ

Sri Satguru Jagjit Singh eLibrary

ਕਰੋ, ਸਾਧ ਸੰਗਤ ਦੀ ਸੇਵਾ ਕਰੋ, ਗੁਰੂ ਨਾਨਕ ਦਾ ਧਿਆਨ ਧਰੋ, ਗੁਰੂ ਅੰਗ ਸੰਗ ਹੈ, ਤੁਹਾਡਾ ਪੁੱਤਰ ਗੁਰੂ ਕਾ ਲਾਲ ਹੋਵੇਗਾ"। ਕੁਝ ਸਮਾਂ ਹੋਰ ਪ੍ਰੀਖਿਆ ਵਿਚ ਬੀਤਿਆ। ਦਸਮ ਪਾਤਸ਼ਾਹ ਜੋਤੀ ਜੋਤ ਸਮਾ ਗਏ। ਸਮੇਂ ਦੇ ਫੇਰ ਨੇ ਭਾਵੇਂ ਘਰ ਵਿਚ ਅੱਗੇ ਨਾਲੋਂ ਕੁਝ ਤੰਗੀ ਵਰਤਾ ਦਿੱਤੀ—ਹੁਣ ਉਹ ਦਿਨ ਆ ਗਏ ਸਨ ਜਦ ਬੰਦਾ ਸਿੰਘ ਅਤੇ ਉਨ੍ਹਾਂ ਦੇ ਅੱਠ ਕੁ ਸੌ ਸਾਥੀ ਸਿੰਘਾਂ ਦੀ ਦਿੱਲੀ ਵਿਚ ਸੰਨ 1716 ਨੂੰ ਸ਼ਹੀਦੀ ਤੋਂ ਬਾਅਦ ਖਾਲਸੇ ਪਰ ਬਾਦਸ਼ਾਹੀ ਸਖ਼ਤੀ ਦਾ ਝੱਖੜ ਝੁੱਲ ਰਿਹਾ ਸੀ—ਪਰ ਸਿਦਕਵਾਨ ਸਿੰਘ ਡੋਲੇ ਨਹੀਂ। ਸੰਮਤ 1775, ਬਸਾਖ ਸੁਦੀ 15 ਪੂਰਨਮਾਸ਼ੀ, 3 ਮਈ ਸੰਨ 1718 ਈਸਵੀ, ਨੂੰ 'ਗੁਰੂ ਕੇ ਲਾਲ' ਜੱਸਾ ਸਿੰਘ ਦਾ ਜਨਮ ਹੋਇਆ।

ਇਹ ਉਹ ਸਮਾਂ ਸੀ ਕਿ ਜਦ ਖਾਲਸਾ ਸਖ਼ਤੀ ਦੀ ਕੁਠਾਲੀ ਵਿਚੋਂ ਨਿਰੋਲ ਕੁੰਦਨ ਹੋ ਕੇ ਨਿਕਲ ਰਿਹਾ ਸੀ ਅਤੇ ਹਰ ਪਾਸੇ ਪੰਥਕ ਪ੍ਰੇਮ ਅਤੇ ਕੁਰਬਾਨੀ ਦੀਆਂ ਲਹਿਰਾਂ ਚਲ ਰਹੀਆਂ ਸਨ। ਪੰਥ ਦੀ ਆਨ ਸ਼ਾਨ ਨੂੰ ਬਰਕਰਾਰ ਰੱਖਣ ਲਈ ਕੁਰਬਾਨ ਹੋ ਚੁੱਕੇ ਸ਼ਹੀਦਾਂ ਦੀਆਂ ਰੂਹਾਂ ਗੁਰੂ ਖਾਲਸੇ ਅੰਦਰ ਮੁੜ ਜਨਮ ਲੈ ਕੇ ਆਪਣੇ ਮਿਸ਼ਨ ਨੂੰ ਪੂਰਾ ਕਰਨ ਲਈ ਤਿਆਰੀਆਂ ਕਰ ਰਹੀਆਂ ਸਨ। ਇਹ ਸਮਾਂ ਜਿਥੇ ਖਾਲਸੇ ਲਈ ਸ਼ਹੀਦੀਆਂ ਦਾ ਸਮਾਂ ਸੀ, ਉਥੇ ਧਰਮ-ਪ੍ਰਾਇਣ ਜਾਨਾਂ ਹੂਲਣ ਵਾਲੇ ਸੂਰਬੀਰ ਸੰਤ-ਸਿਪਾਹੀਆਂ ਦੇ ਜਨਮ ਦਾ ਭੀ ਸਮਾਂ ਸੀ। ਇਨ੍ਹਾਂ ਦਿਨਾਂ ਵਿਚ ਹੀ ਪਾਤਸ਼ਾਹ ਰਣਜੀਤ ਸਿੰਘ ਦੇ ਦਾਦਾ ਸਰਦਾਰ ਚੜ੍ਹਤ ਸਿੰਘ ਸੁੱਕਰਚੱਕੀਏ ਨੇ ਜਨਮ ਲਿਆ ਅਤੇ ਇਨ੍ਹਾਂ ਦਿਨਾਂ ਵਿਚ ਹੀ ਭੰਗੀ, ਰਾਮਗੜ੍ਹੀਏ ਅਤੇ ਕਨ੍ਹੱਈਆ ਮਿਸਲਾਂ ਦੇ ਉੱਘੇ ਮੋਢੀ ਸਰਦਾਰਾਂ ਅਤੇ ਬੇਅੰਤ ਸੂਰਬੀਰ ਸਿੰਘਾਂ ਦਾ ਜਨਮ ਹੋਇਆ ਜਿਨ੍ਹਾਂ ਦੇ ਸਿਦਕ ਅਤੇ ਬਾਹੂ-ਬੱਲ ਨੇ ਕੌਮ ਨੂੰ ਅਜਿਹੇ ਬਿਖੜੇ ਸਮੇਂ ਸੁਰਜੀਤ ਰਖਿਆ ਅਤੇ ਆਪਣੇ ਖ਼ੂਨ ਨਾਲ ਸਿੰਜ ਕੇ ਇਸ ਫੁਲਵਾੜੀ ਨੂੰ ਹਰਾ ਭਰਾ ਅਤੇ ਪ੍ਰਫੁੱਲਤ ਕੀਤਾ ਜਦ ਕਿ ਵੇਲੇ ਦੀ ਹਕੂਮਤ ਨੇ ਸਿੰਘਾਂ ਦਾ ਖੁਰਾ ਖੋਜ ਮਿਟਾ ਦੇਣ ਲਈ ਉਨ੍ਹਾਂ ਦੀ ਕਤਲਾਮ ਦੇ ਹੁਕਮ ਜਾਰੀ ਕੀਤੇ ਹੋਏ ਸਨ ਅਤੇ ਸ਼ਾਹੀ ਫੌਜਾਂ ਉਨ੍ਹਾਂ ਦੀ ਭਾਲ ਅਤੇ ਗ੍ਰਿਫ਼ਤਾਰੀ ਲਈ ਪਿੰਡੋ ਪਿੰਡ ਫਿਰ ਰਹੀਆਂ ਸਨ ਅਤੇ ਸੈਂਕੜਿਆਂ ਦੀ ਗਿਣਤੀ ਵਿਚ ਫੜ ਕੇ ਤਸੀਹੇ ਦੇ ਦੇ ਕੇ ਕਤਲ ਕਰਨ ਲਈ ਲਾਹੌਰ ਪਹੁੰਚਾ ਰਹੀਆਂ ਸਨ।[1]

---

1. ਖਾਲਸੇ ਦੀ ਕਤਲਾਮ ਦਾ ਪਹਿਲਾ ਹੁਕਮ ਸੰਨ 1710 ਦੀ 10 ਦਸੰਬਰ (29 ਸ਼ੱਵਾਲ, ਸੰਨ 4 ਬਹਾਦੁਰ ਸ਼ਾਹੀ) ਨੂੰ ਬਾਦਸ਼ਾਹ ਬਹਾਦੁਰ ਸ਼ਾਹ ਵਲੋਂ ਹੋਇਆ ਸੀ ਕਿ "ਨਾਨਕ ਪ੍ਰਸ਼ਤਾਨ ਰਾ ਹਰ ਜਾ ਕਿਹ ਬ-ਯਾਬੰਦ ਬ-ਕਤਲ ਰਸਾਨੰਦ"—

*ਕਿ ਨਾਨਕ-ਪੂਜ (ਸਿੱਖ) ਜਿਥੇ ਕਿਧਰ ਭੀ ਮਿਲਣ, ਕਤਲ ਕਰ ਦਿਤੇ ਜਾਣ।*

ਇਹ ਹੁਕਮ ਮੁੜ ਬਾਦਸ਼ਾਹ ਫ਼ਰੁਖ਼ਸੀਅਰ ਨੇ ਆਪਣੇ ਸਮੇਂ (ਸੰਨ 1713-1718) ਬੰਦਾ ਸਿੰਘ ਦੇ ਜੂਨ 1716 ਦੇ ਕਤਲ ਤੋਂ ਬਾਦ ਦੁਹਰਾਇਆ ਜਿਵੇ ਕਿ ਮਿਫ਼ਤਾਹ-ਉ-ਤ੍ਵਾਰੀਖ਼ (ਪੰਨਾ 398) ਵਿਚ ਲਿਖਿਆ ਹੋਇਆ ਹੈ ਕਿ "ਬਾਦ ਕਤਲਿ ਓ ਹੁਕਮ ਸ਼ੁਦ ਕਿ ਹਰ ਜਾ ਈਂ ਫ਼ਿਰਕਾ ਰਾ ਯਾਬੰਦ ਬੇ ਤਅੱਮਲ ਬਿ-ਕੁਸ਼ੰਦ"—

*ਉਸ (ਬੰਦਾ ਸਿੰਘ) ਦੇ ਕਤਲ ਤੋਂ ਬਾਦ ਹੁਕਮ ਹੋ ਗਿਆ ਕਿ ਪੰਥ ਦੇ ਲੋਕ ਜਿਥੇ ਭੀ ਲੱਭਣ ਬਿਨਾਂ ਪੁਛ ਗਿੱਛ ਦੇ ਮਾਰ ਦਿਤੇ ਜਾਣ।*

Sri Satguru Jagjit Singh Ji eLibrary

ਜੱਸਾ ਸਿੰਘ ਦੇ ਜਨਮ ਅਤੇ ਬਾਲ-ਅਵਸਥਾ ਦੇ ਦਿਨਾਂ ਵਿਚ ਸਿੰਘਾਂ ਉੱਤੇ ਹੋ ਰਹੇ ਰਾਜਸੀ ਅੱਤਿਆਚਾਰ ਅਤੇ ਉਨ੍ਹਾਂ ਦੇ ਖਿੜੇ-ਮੱਥੇ ਹਸੂੰ ਹਸੂੰ ਕਰਦੇ ਸ਼ਹੀਦੀਆਂ ਪ੍ਰਾਪਤ ਕਰਨ ਦੀਆਂ ਵਾਰਤਾਵਾਂ ਹਰ ਪਾਸੇ ਹੋ ਰਹੀਆਂ ਸਨ, ਅਤੇ ਗੁਰੂ ਕੇ ਸਿੰਘ ਜਿਥੇ ਕਿਧਰੇ ਭੀ ਸਨ ਇਸ ਨੂੰ ਵਾਹਿਗੁਰੂ ਦਾ ਭਾਣਾ ਮਿੱਠਾ ਕਰਕੇ ਮੰਨ ਰਹੇ ਸਨ।

ਮਾਤਾ ਨੇ ਜੱਸਾ ਸਿੰਘ ਨੂੰ ਛੋਟੀ ਉਮਰ ਵਿਚ ਹੀ ਗੁਰਬਾਣੀ ਅਤੇ ਕੀਰਤਨ ਦੀ ਸਿੱਖਿਆ ਦੇਣੀ ਸ਼ੁਰੂ ਕਰ ਦਿੱਤੀ ਅਤੇ ਉਸ ਦੀ ਤੀਖਣ ਬੁਧ ਨੂੰ ਦੇਖ ਕੇ ਮਾਤਾ ਪਿਤਾ ਦੋਨੋਂ ਬੜੇ ਅਸਚਰਜ ਹੋ ਰਹੇ ਸਨ ਅਤੇ ਪਤਾ ਨਹੀ ਉਨ੍ਹਾਂ ਦੇ ਮਨ ਵਿਚ ਕੀ ਕੀ ਵਿਚਾਰ ਉਠ ਰਹੇ ਸਨ ਕਿ ਅਚਾਨਕ ਹੀ ਸੰਮਤ 1779 ਵਿਚ ਜੱਸਾ ਸਿੰਘ ਦੇ ਪਿਤਾ ਬਦਰ ਸਿੰਘ ਜੀ ਚੜ੍ਹਾਈ ਕਰ ਗਏ। ਮਾਤਾ ਜੀ ਵਾਸਤੇ ਇਹ ਸਮਾਂ ਬੜਾ ਕਰੜਾ ਸੀ। ਇਕ ਪਾਸੇ ਤਾਂ ਪਤੀ ਦਾ ਸਾਇਆ ਸਿਰ ਤੋਂ ਉਠ ਗਿਆ, ਦੂਸਰੇ ਸਰਕਾਰ ਸਿੰਘਾਂ ਦੇ ਲਹੂ ਦੀ ਤਿਹਾਈ ਹੋ ਰਹੀ ਸੀ। ਪਰ ਮਾਤਾ ਜੀ ਘਬਰਾਏ ਨਹੀਂ। ਉਨ੍ਹਾਂ ਨੇ ਪਤੀ ਦਾ ਅਕਾਲ ਚਲਾਣਾ ਵਾਹਿਗੁਰੂ ਦੇ ਭਾਣੇ ਵਿਚ ਪਰਵਾਨ ਕੀਤਾ ਅਤੇ ਉਸ ਦੀ ਰਜਾ ਅਤੇ ਯਾਦ ਵਿਚ ਦਿਨ ਬਤੀਤ ਕਰਨ ਲੱਗੇ।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾ ਜਾਣ ਤੋਂ ਬਾਅਦ ਮਾਤਾ ਸੁੰਦਰੀ ਜੀ ਦਿੱਲੀ ਵਿਚ ਨਿਵਾਸ ਕਰ ਰਹੇ ਸਨ। ਇਥੇ ਹੀ ਸਿੱਖ ਸੰਗਤਾਂ ਉਨ੍ਹਾਂ ਦੇ ਦਰਸ਼ਨ ਲਈ ਹਾਜਰ ਹੋਇਆ ਕਰਦੀਆਂ ਸਨ। ਜੱਸਾ ਸਿੰਘ ਦੇ ਜਨਮ ਤੋਂ ਬਾਅਦ ਇਨ੍ਹਾਂ ਦੀ ਮਾਤਾ ਨੂੰ ਉਥੇ ਦਰਸ਼ਨ ਲਈ ਜਾਣ ਦਾ ਅਵਸਰ ਪ੍ਰਾਪਤ ਨਹੀਂ ਸੀ ਹੋਇਆ। ਕੁਝ ਸੰਗਤਾਂ ਦੀ ਦਿੱਲੀ ਵੱਲ ਤਿਆਰੀ ਦੀ ਖ਼ਬਰ ਸੁਣ ਕੇ ਇਹ ਭੀ ਤਿਆਰ ਹੋ ਪਏ। ਇਹ ਗੱਲ ਸੰਮਤ 1780 ਬਿ., ਸੰਨ 1723 ਈ., ਦੀ ਹੈ। ਦਿੱਲੀ ਪਹੁੰਚ ਕੇ ਇਨ੍ਹਾਂ ਨੇ ਮਾਤਾ ਸੁੰਦਰੀ ਜੀ ਦੀ ਇਤਨੀ ਸੇਵਾ ਕੀਤੀ ਕਿ ਉਹ ਇਨ੍ਹਾਂ ਪਰ ਬਹੁਤ ਹੀ ਪ੍ਰਸੰਨ ਹੋਏ। ਇਨ੍ਹਾਂ ਦੇ ਸੁਰੀਲੇ ਕੀਰਤਨ ਅਤੇ ਗੁਰਬਾਣੀ ਦੇ ਪ੍ਰੇਮ ਨੇ ਮਾਤਾ ਜੀ ਦੇ ਦਿਲ ਤੇ ਇਤਨਾ ਡੂੰਘਾ ਅਸਰ ਕੀਤਾ ਕਿ ਉਨ੍ਹਾਂ ਨੇ ਇਨ੍ਹਾਂ ਨੂੰ ਆਪਣੇ ਪਾਸ ਹੀ ਟਿਕਾ ਲਿਆ। ਇੱਥੇ ਹੀ ਇਹ ਆਪਣੇ ਨਿਤ-ਨੇਮ ਅਨੁਸਾਰ ਹਰ ਰੋਜ ਸਵੇਰੇ ਸ਼ਾਮ ਪਾਠ ਪਿੱਛੋਂ ਸ਼ਬਦ ਚੌਕੀ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਅਤੇ ਉਨ੍ਹਾਂ ਦੇ ਮਨਾਂ ਨੂੰ ਗੁਰੂ ਮਹਾਰਾਜ ਦੀ ਸਿੱਖਿਆ ਵੱਲ ਪ੍ਰੇਰਦੇ। ਜੱਸਾ ਸਿੰਘ ਭੀ ਉਨ੍ਹਾਂ ਦੇ ਨਾਲ ਹੀ ਸ਼ਬਦ ਪੜ੍ਹਦਾ। ਇਨ੍ਹਾਂ ਦੋਹਾਂ ਦਾ ਕੀਰਤਨ ਕੇਵਲ ਮਾਤਾ ਸੁੰਦਰੀ ਜੀ ਨੂੰ ਹੀ ਪ੍ਰਸੰਨ ਨਹੀਂ ਸੀ ਕਰਦਾ, ਬਲਕਿ ਸਰਬਤ ਸੰਗਤਾਂ ਹੀ ਗਦ ਗਦ ਹੁੰਦੀਆਂ ਸਨ।

ਮਾਤਾ ਸੁੰਦਰੀ ਜੀ ਜੱਸਾ ਸਿੰਘ ਨੂੰ ਖ਼ਾਸ ਕਰਕੇ ਬਹੁਤ ਪਿਆਰ ਕਰਦੇ ਸਨ ਅਤੇ ਆਪਣੇ ਪੁੱਤਰ ਵਾਂਙੂ ਖੁਆਉਂਦੇ ਪਿਆਉਂਦੇ ਅਤੇ ਪਾਲਨਾ ਕਰਦੇ ਸਨ ਅਤੇ ਇਸ ਬਾਲ ਅਵਸਥਾ ਵਿਚ ਇਸ ਦੀ ਧਾਰਮਕ ਪਰਪੱਕਤਾ ਅਤੇ ਗੁਰਬਾਣੀ ਲਈ ਪ੍ਰੇਮ ਵੇਖ ਕੇ ਬਹੁਤ ਅਸੀਸਾਂ ਦਿਆ ਕਰਦੇ ਸਨ। ਇਸ ਤਰ੍ਹਾਂ ਕੋਈ ਸਤ ਕੁ ਵਰ੍ਹੇ ਜੱਸਾ ਸਿੰਘ ਅਤੇ ਉਨ੍ਹਾਂ ਦੀ ਮਾਤਾ ਦਿੱਲੀ ਮਾਤਾ ਸੁੰਦਰੀ ਜੀ ਦੀ ਸੇਵਾ ਵਿਚ ਰਹੇ। ਇਸ ਅਰਸੇ ਵਿਚ ਜੱਸਾ ਸਿੰਘ ਦੀ

Sri Satguru Jagjit Singh Ji eLibrary

ਉਮਰ ਬਾਰਾਂ ਕੁ ਵਰ੍ਹੇ ਦੀ ਹੋ ਗਈ। ਦਿੱਲੀ ਵਿਚ ਮਾਤਾ ਜੀ ਦੇ ਪਾਸ ਰਹਿ ਕੇ ਇਸ ਨੇ ਕੇਵਲ ਸਿੱਖ ਧਾਰਮਕ ਅਤੇ ਇਤਿਹਾਸਕ ਪੁਸਤਕਾਂ ਹੀ ਨਹੀਂ ਸੀ ਪੜ੍ਹੀਆਂ, ਬਲਕਿ ਮਕਤਬ ਵਿਚ ਜਾ ਕੇ ਫ਼ਾਰਸੀ ਭੀ ਚੋਖੀ ਪੜ੍ਹ ਲਈ। ਦਿੱਲੀ ਸ਼ਹਿਰ ਦੀ ਬੋਲੀ ਚੂੰਕਿ ਹਿੰਦੁਸਤਾਨੀ ਸੀ ਅਤੇ ਸਾਰਾ ਚੁਗਿਰਦਾ ਇਹੋ ਬੋਲੀ ਬੋਲਦਾ ਸੀ, ਇਸ ਲਈ ਉਨ੍ਹਾਂ ਦੀ ਬੋਲੀ ਭੀ ਹਿੰਦੁਸਤਾਨੀ ਹੀ ਹੋ ਗਈ ਅਤੇ ਇਸ ਦਾ ਅਸਰ ਵੱਡੀ ਉਮਰ ਤਕ ਉਨ੍ਹਾਂ ਦੀ ਬੋਲ ਚਾਲ ਵਿਚ ਰਿਹਾ।

ਸਰਦਾਰ ਬਾਘ ਸਿੰਘ ਹੱਲੋਵਾਲੀਏ ਦੀ ਆਪਣੀ ਕੋਈ ਸੰਤਾਨ ਨਾ ਹੋਣ ਕਰਕੇ ਉਨ੍ਹਾਂ ਦਾ ਸਾਰਾ ਪ੍ਰੇਮ ਭੀ ਆਪਣੇ ਭਾਣਜੇ ਜੱਸਾ ਸਿੰਘ ਨਾਲ ਹੀ ਸੀ। ਕਿਹਾ ਜਾਂਦਾ ਹੈ ਕਿ ਦੋ ਕੁ ਵਾਰੀ ਜਦ ਉਹ ਆਪਣੀ ਭੈਣ (ਜੱਸਾ ਸਿੰਘ ਦੀ ਮਾਤਾ) ਨੂੰ ਮਿਲਣ ਦਿੱਲੀ ਗਏ ਤਾਂ ਉਨ੍ਹਾਂ ਨੇ ਇਨ੍ਹਾਂ ਨੂੰ ਵਤਨ ਚਲਣ ਲਈ ਕਿਹਾ। ਪਰ ਦੂਸਰੇ ਪਾਸੇ ਮਾਤਾ ਸੁੰਦਰੀ ਜੀ ਇਨ੍ਹਾਂ ਨਾਲ ਬਹੁਤ ਪਿਆਰ ਕਰਦੇ ਸਨ ਅਤੇ ਇਨ੍ਹਾਂ ਨੂੰ ਦਿੱਲੀ ਹੀ ਟਿਕੇ ਰਹਿਣ ਲਈ ਜ਼ੋਰ ਦਿੰਦੇ ਸਨ। ਦੇਸ਼ ਦੀ ਹਾਲਤ ਭੀ ਖਾਲਸੇ ਲਈ ਇਸ ਵੇਲੇ ਬਹੁਤ ਬਿਖੜੀ ਸੀ। ਇਸ ਲਈ ਜੱਸਾ ਸਿੰਘ ਅਤੇ ਉਨ੍ਹਾਂ ਦੀ ਮਾਤਾ ਛੇ ਸੱਤ ਸਾਲ ਉਥੇ ਟਿਕੇ ਰਹੇ। ਜਿਸ ਬਾਲਕ ਨੂੰ ਮਾਤਾ ਸੁੰਦਰੀ ਜੀ ਨੇ ਇਤਨਾ ਸਮਾਂ ਪੁੱਤਰ ਵਾਂਗ ਪਾਲਿਆ ਪੋਸਿਆ ਸੀ ਅਤੇ ਜੋ 'ਪੁਤ੍ਰੈਲਾ ਮਾਤਾ ਜੀ ਦਾ ਇਹ ਪੰਥ ਮਾਹਿ ਬਿਦਤਾਯੋ', ਉਸ ਨੂੰ ਵਿਛੋੜਨਾ ਕੋਈ ਸੌਖੀ ਗੱਲ ਨਹੀਂ ਸੀ। ਪਰ ਆਖਰ ਸੰਮਤ 1786 ਬਿ., ਸੰਨ 1729 ਈ. ਵਿਚ ਜਦ ਸਰਦਾਰ ਬਾਘ ਸਿੰਘ ਦਿੱਲੀ ਗਏ ਤਾਂ ਉਨ੍ਹਾਂ ਨੇ ਬੜੀ ਅਧੀਨਗੀ ਨਾਲ ਮਾਤਾ ਜੀ ਪਾਸੋਂ ਆਪਣੀ ਭੈਣ ਅਤੇ ਭਾਣਜੇ ਲਈ ਵਤਨ ਜਾਣ ਦੀ ਆਗਿਆ ਮੰਗੀ। ਇਸ ਵਾਰ ਭੀ ਮਾਤਾ ਜੀ ਉਨ੍ਹਾਂ ਨੂੰ ਵਿਛੋੜਨਾ ਨਹੀਂ ਸੀ ਚਾਹੁੰਦੇ, ਪਰ ਸਰਦਾਰ ਬਾਘ ਸਿੰਘ ਜੀ ਦੇ ਬਹੁਤਾ ਖਹਿੜੇ ਪੈ ਜਾਣ ਕਰਕੇ ਉਨ੍ਹਾਂ ਨੇ ਜੱਸਾ ਸਿੰਘ ਅਤੇ ਉਨ੍ਹਾਂ ਦੀ ਮਾਤਾ ਨੂੰ ਪੰਜਾਬ ਜਾਣ ਦੀ ਛੁੱਟੀ ਦੇ ਦਿੱਤੀ। ਤੁਰਨ ਵੇਲੇ ਮਾਤਾ ਸੁੰਦਰੀ ਜੀ ਨੇ ਸਰਦਾਰ ਬਾਘ ਸਿੰਘ ਅਤੇ ਉਨ੍ਹਾਂ ਦੀ ਭੈਣ ਨੂੰ ਸਿੱਖੀ ਸਿਦਕ ਦਾ ਉਪਦੇਸ਼ ਦਿੱਤਾ ਅਤੇ ਜੱਸਾ ਸਿੰਘ ਨੂੰ ਵਿਦਾਇਗੀ ਵਜੋਂ ਇਕ ਤਲਵਾਰ, ਇਕ ਗੁਰਜ, ਢਾਲ, ਕਮਾਨ, ਤੀਰਾਂ ਦਾ ਭੱਥਾ, ਪੁਸ਼ਾਕਾਂ ਅਤੇ ਇਕ ਚਾਂਦੀ ਦੀ ਚੋਬ (ਅਸਾ-ਆਸਾ) ਬਖ਼ਸ਼ ਕੇ ਅਸੀਸ ਦਿੱਤੀ : "ਤੇਰੇ ਔਰ ਤੇਰੀ ਸੰਤਾਨ ਆਗੇ ਆਸਿਆਂ ਵਾਲੇ (ਚੋਬਦਾਰ) ਚਲਿਆ ਕਰਨਗੇ"। ਅਕਾਲਪੁਰਖ ਦੀ ਮੋਹਰ ਨਾਲ ਮਾਤਾ ਜੀ ਦੇ ਇਹ ਵਾਕ ਅੱਖਰੋ ਅੱਖਰ ਪੂਰੇ ਹੋਏ।

Sri Satguru Jagjit Singh Ji eLibrary

# ਸਰਦਾਰ ਕਪੂਰ ਸਿੰਘ ਦੀ ਸੇਵਾ ਵਿਚ

ਦਿੱਲੀ ਤੋਂ ਜੱਸਾ ਸਿੰਘ ਅਤੇ ਉਨ੍ਹਾਂ ਦੀ ਮਾਤਾ ਸਰਦਾਰ ਬਾਘ ਸਿੰਘ ਜੀ ਨਾਲ ਜਾਲੰਧਰ ਆ ਗਏ। ਲਾਹੌਰ ਦੇ ਇਰਦ ਗਿਰਦ ਗਸ਼ਤੀ ਫੌਜਾਂ ਦੇ ਮਚਾਏ ਹੋਏ ਊਧਮ ਦੇ ਕਾਰਨ ਸਰਦਾਰ ਬਾਘ ਸਿੰਘ ਆਪਣੇ ਪਿੰਡ ਹੱਲੋ ਤੋਂ ਉਠ ਕੇ ਜਾਲੰਧਰ ਆ ਟਿਕੇ ਹੋਏ ਸਨ। ਜੱਸਾ ਸਿੰਘ ਅਤੇ ਉਸ ਦੀ ਮਾਤਾ ਭੀ ਇਥੇ ਹੀ ਰਹਿਣ ਲੱਗ ਪਏ। ਇਨ੍ਹੀਂ ਦਿਨੀਂ ਸਰਦਾਰ ਕਪੂਰ ਸਿੰਘ ਅਤੇ ਖਾਲਸਾ ਦਲ ਨੇ ਕਰਤਾਰ ਪੁਰ ਦੀ ਜੂਹ ਵਿਚ ਡੇਰੇ ਲਾਏ ਹੋਏ ਸਨ ਜਿਥੇ ਸਰਦਾਰ ਬਾਘ ਸਿੰਘ ਕਈ ਵਾਰੀ ਉਨ੍ਹਾਂ ਨੂੰ ਮਿਲਦੇ ਰਹਿੰਦੇ ਸਨ। ਇਕ ਗੁਰਪੁਰਬ ਦੇ ਮੌਕੇ ਤੇ ਜਦ ਇਹ ਜਥੇਦਾਰ ਕਪੂਰ ਸਿੰਘ ਨੂੰ ਮਿਲਣ ਗਏ ਤਾਂ ਜੱਸਾ ਸਿੰਘ ਅਤੇ ਉਸ ਦੀ ਮਾਤਾ ਭੀ ਨਾਲ ਹੀ ਗਏ। ਸਵੇਰੇ ਅੰਮ੍ਰਿਤ ਵੇਲੇ ਇਨ੍ਹਾਂ ਨੇ ਖਾਲਸੇ ਦੇ ਦੀਵਾਨ ਵਿਚ ਆਸਾ ਦੀ ਵਾਰ ਲਾਈ। ਮਾਤਾ ਜੀ ਦੇ ਗੁਰਬਾਣੀ-ਪ੍ਰੇਮ, ਵਿਦਵਤਾ ਅਤੇ ਸੁਰੀਲੀ ਆਵਾਜ਼, ਅਤੇ ਜੱਸਾ ਸਿੰਘ ਦੇ ਸ਼ਬਦ-ਕੀਰਤਨ ਤੋਂ ਸਰਦਾਰ ਕਪੂਰ ਸਿੰਘ ਅਤੇ ਦੂਸਰੇ ਖਾਲਸਾ ਮੁਖੀਏ ਇਤਨੇ ਪ੍ਰਸੰਨ ਹੋਏ ਕਿ ਉਨ੍ਹਾਂ ਨੇ ਇਨ੍ਹਾਂ ਨੂੰ ਇੱਕ ਮਹੀਨਾ ਉਥੇ ਹੀ ਠਹਿਰਾ ਲਿਆ। ਜੱਸਾ ਸਿੰਘ ਦੇ ਰੰਗ ਢੰਗ, ਸੀਲ ਸੁਭਾਉ, ਸਿੱਖੀ ਸਿਦਕ ਅਤੇ ਸੇਵਾ ਭਾਵ ਨੇ ਨਵਾਬ ਸਾਹਿਬ ਦੇ ਦਿਲ ਤੇ ਅਜਿਹਾ ਅਸਰ ਕੀਤਾ ਕਿ ਉਨ੍ਹਾਂ ਨੇ ਇਸ ਦੀ ਮਾਤਾ ਅਤੇ ਸਰਦਾਰ ਬਾਘ ਸਿੰਘ ਨੂੰ ਕਿਹਾ ਕਿ ਜੱਸਾ ਸਿੰਘ ਨੂੰ ਸਾਡੇ ਕੋਲ ਹੀ ਰਹਿਣ ਦਿਓ।

ਸਰਦਾਰ ਕਪੂਰ ਸਿੰਘ ਇਸ ਵੇਲੇ ਪੰਥ ਦੇ ਮੁਖੀ ਸਰਦਾਰਾਂ ਵਿਚੋਂ ਸਨ। ਇਨ੍ਹਾਂ ਦੇ ਸਿੱਖੀ ਜੀਵਨ ਕਰਕੇ ਇਨ੍ਹਾਂ ਦੀ ਬੜੀ ਮਾਨ-ਪ੍ਰਤਿਸ਼ਠਾ ਸੀ। ਇਹ ਕਹਿਣੀ ਦੇ ਪੂਰੇ ਅਤੇ ਕਰਨੀ ਦੇ ਸੂਰੇ ਸਨ। ਜਿਥੇ ਇਹ ਅਤਿ ਦਰਜੇ ਦੇ ਦਲੇਰ ਅਤੇ ਸੂਰਬੀਰ ਸਨ ਉਥੇ ਇਨ੍ਹਾਂ ਦਾ ਬਹੁਤ ਸਾਰਾ ਸਮਾਂ ਭਜਨ ਬੰਦਗੀ ਵਿਚ ਗੁਜ਼ਰਦਾ ਸੀ ਅਤੇ ਰਣਭੂਮੀ ਵਿਚ ਭੀ ਇਹ ਹਰ ਵੇਲੇ ਵਾਹਿਗੁਰੂ ਦਾ ਉਚਾਰਨ ਕਰਦੇ ਰਹਿੰਦੇ ਸਨ। ਆਪ ਸੱਚ ਮੁਚ ਹੀ ਇਕ ਸਰਬ-ਕਲਾ ਸੰਪੂਰਨ ਖਾਲਸੇ ਦੀ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਮਹਾਵਾਕ ਨੂੰ ਪੂਰੀ ਤਰ੍ਹਾਂ ਕਮਾ ਰਹੇ ਸਨ ਕਿ : "ਧੰਨ ਜੀਓ ਤਿਹ ਕੋ ਜਗ ਮੈ, ਮੁਖ ਤੇ ਹਰਿ ਚਿਤ ਮੈ ਜੁਧ ਬਿਚਾਰੈ"। ਇਹ ਉਹੀ ਤਿਆਗੀ ਮਹਾਪੁਰਖ ਸੀ ਜਿਸ ਨੇ ਸੰਮਤ 1790 ਬਿ., ਸੰਨ 1733 ਈ., ਵਿਚ ਸਰਕਾਰ ਵੱਲੋਂ ਆਈ ਨਵਾਬੀ ਲਿਖਤ ਖਾਲਸੇ ਵੱਲੋਂ ਦੀਵਾਨ ਵਿਚ

Sri Satguru Jagjit Singh Ji eLibrary

ਦਿੱਤੇ ਜਾਣ ਪਰ ਹੱਥ ਜੋੜ ਕੇ ਬੇਨਤੀ ਕੀਤੀ ਸੀ : "ਗੁਰੂ ਰੂਪ ਖਾਲਸੇ ਵੱਲੋਂ ਦਿੱਤੀ ਖਿਲਤ ਤਾਂ ਮੈਂ ਲੈਣੋਂ ਨਾਂਹ ਨਹੀਂ ਕਰ ਸਕਦਾ, ਪਰ ਮੇਰੇ ਪਾਸੋਂ ਖਾਲਸੇ ਦੀ ਪੱਖੇ, ਲੰਗਰ ਆਦਿ ਦੀ ਸੇਵਾ ਨਾ ਖੋਹੀ ਜਾਵੇ।" ਅਜਿਹੇ ਮਹਾਨ-ਆਤਮਾ ਸੰਤ-ਸਿਪਾਹੀ ਦੀ ਸੇਵਾ ਵਿਚ ਰਹਿਣ ਨੂੰ ਖਾਲਸੇ ਦੇ ਵੱਡੇ ਵੱਡੇ ਆਗੂ ਉਸ ਸਮੇਂ ਆਪਣੇ ਧੰਨ-ਭਾਗ ਸਮਝਦੇ ਸਨ। ਸਰਦਾਰ ਬਾਘ ਸਿੰਘ ਅਤੇ ਉਨ੍ਹਾਂ ਦੀ ਭੈਣ ਨਵਾਬ ਕਪੂਰ ਸਿੰਘ ਜੀ ਦੇ ਬਚਨ ਕਿਵੇਂ ਮੋੜ ਸਕਦੇ ਸਨ? ਉਨ੍ਹਾਂ ਨੇ ਬੜੀ ਨਿਮ੍ਰਤਾ ਨਾਲ ਦੀਵਾਨ ਵਿਚ ਹੱਥ ਜੋੜ ਕੇ ਨਵਾਬ ਸਾਹਿਬ ਪਾਸ ਬੇਨਤੀ ਕੀਤੀ ਕਿ ਅਸੀਂ ਇਹ ਬੱਚਾ ਆਪ ਦੀ ਝੋਲੀ ਪਾਉਂਦੇ ਹਾਂ, ਇਹ ਹੁਣ ਤੁਹਾਡਾ ਪੁਤ੍ਰੇਲਾ ਹੋਇਆ। ਬੱਸ ਫੇਰ ਕੀ ਸੀ। ਖਾਲਸੇ ਨੇ ਝੱਟ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾ ਦਿੱਤਾ ਅਤੇ ਸਤਿਗੁਰੂ ਦੇ ਹਜ਼ੂਰ ਅਰਦਾਸਾ ਸੋਧ ਦਿੱਤਾ। ਇਸ ਦਿਨ ਤੋਂ ਜੱਸਾ ਸਿੰਘ ਨਵਾਬ ਕਪੂਰ ਸਿੰਘ ਜੀ ਦਾ ਧਰਮ-ਪੁਤ੍ਰ ਪਰਸਿੱਧ ਹੋਇਆ।

ਜੱਸਾ ਸਿੰਘ ਬੜੇ ਭਾਗਾਂ ਵਾਲਾ ਨੌਜਵਾਨ ਸੀ ਜਿਸ ਨੂੰ ਵਾਹਿਗੁਰੂ ਅਕਾਲ ਪੁਰਖ ਨੇ ਇਕ ਮਹਾਨ-ਆਤਮਾ ਮਾਤਾ ਬਖਸ਼ੀ ਜਿਸ ਨੇ ਉਸ ਦੇ ਜੀਵਨ ਨੂੰ ਗੁਰਸਿਖੀ ਦੇ ਢਾਂਚੇ ਵਿਚ ਢਾਲਿਆ। ਉਸ ਦੇ ਉਪਰੰਤ ਉਸ ਨੂੰ ਮਾਤਾ ਸੁੰਦਰੀ ਜੀ ਦੇ ਚਰਨਾਂ ਵਿਚ ਰਹਿ ਕੇ ਸੇਵਾ-ਭਰਪੂਰ ਜੀਵਨ ਬਣਾਉਣ ਦਾ ਅਵਸਰ ਮਿਲਿਆ। ਹੁਣ ਉਸ ਨੂੰ ਇਕ ਪੂਰਣ ਸਿੰਘ ਅਤੇ ਗੁਰੂ ਕਾ ਖਾਲਸਾ ਬਣ ਕੇ ਕੌਮ ਅਤੇ ਦੇਸ਼ ਦੀ ਸੇਵਾ ਲਈ ਨਿਤਰਨ ਵਾਸਤੇ ਸਰਦਾਰ ਕਪੂਰ ਸਿੰਘ ਵਰਗੇ ਮਹਾਪੁਰਖ ਦੀ ਸੰਗਤ ਪ੍ਰਾਪਤ ਹੋ ਗਈ।

ਜੱਸਾ ਸਿੰਘ ਦੀ ਰਹਿਤ ਬਹਿਤ ਸਰਦਾਰ ਕਪੂਰ ਸਿੰਘ ਨੂੰ ਬਹੁਤ ਹੀ ਪਸੰਦ ਆਈ। ਕੁਝ ਸਮਾਂ ਪਾ ਕੇ ਇਨ੍ਹਾਂ ਨੇ ਪੰਜ ਪਿਆਰਿਆਂ ਵਿਚ ਆਪ ਸ਼ਾਮਲ ਹੋ ਕੇ ਜੱਸਾ ਸਿੰਘ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਅਤੇ ਖਾਲਸੇ ਦੀ ਰਹਿਤ ਦਾ ਉਪਦੇਸ਼ ਦਿੱਤਾ। ਖੰਡੇ ਦੇ ਅੰਮ੍ਰਿਤ ਅਤੇ ਕਪੂਰ ਸਿੰਘ ਦੀ ਸਿੱਖਿਆ ਨੇ ਉਸ ਪਰ ਸੋਨੇ ਉੱਤੇ ਸੁਹਾਗੇ ਦਾ ਕੰਮ ਦਿੱਤਾ। ਕੁੰਦਨ ਤਾਂ ਉਹ ਅੱਗੇ ਹੀ ਸੀ। ਹੁਣ ਅੰਮ੍ਰਿਤ ਦੀ ਪੁੱਠ ਨੇ ਉਸ ਨੂੰ ਪਾਰਸ ਬਣਾ ਦਿੱਤਾ। ਜਿੱਥੇ ਅੱਗੇ ਉਹ ਗੁਰਬਾਣੀ ਦੇ ਸਰੂਰ ਵਿਚ ਹਰ ਵੇਲੇ ਉਸੇ ਦਾ ਗਾਇਨ ਕਰਦਾ ਸੀ, ਹੁਣ ਚੜ੍ਹਦੀ ਜਵਾਨੀ ਵਿੱਚ ਖਾਲਸਈ ਜੋਸ਼ ਉਸ ਦੇ ਮਨ-ਸਮੁੰਦਰ ਵਿਚ ਛੱਲਾਂ ਮਾਰਨ ਲੱਗ ਪਿਆ ਅਤੇ ਉਹ ਹਰ ਸੇਵਾ ਵਿਚ ਅੱਗੇ ਵਧ ਕੇ ਹਿੱਸਾ ਲੈਣ ਲੱਗ ਪਿਆ।

ਖਾਲਸੇ ਦੇ ਦੀਵਾਨਾਂ ਵਿਚ ਗੁਰੂ ਕੀਆਂ ਸੰਗਤਾਂ ਦੀ ਸੇਵਾ ਕਰਨਾ, ਪੱਖਾ ਝੱਲਣਾ, ਲੰਗਰ ਵਿਚ ਬਰਤਨ ਸਾਫ ਕਰਨੇ ਅਤੇ ਸਵੇਰੇ ਸ਼ਾਮ ਗੁਰਬਾਣੀ ਦੇ ਪਾਠ ਅਤੇ ਸ਼ਬਦ-ਕੀਰਤਨ ਵਿਚ ਸਾਰਿਆਂ ਨਾਲੋਂ ਅੱਗੇ ਅੱਗੇ ਹੋਣਾ ਇਸ ਨੌਜਵਾਨ ਦੇ ਖ਼ਾਸ ਗੁਣ ਸਨ ਜਿਨ੍ਹਾਂ ਨੇ ਇਸ ਨੂੰ ਸਰਦਾਰ ਕਪੂਰ ਸਿੰਘ ਅਤੇ ਦੂਸਰੇ ਸਰਦਾਰਾਂ ਦੀਆਂ ਅੱਖਾਂ ਵਿਚ ਬਹੁਤ ਉੱਚਾ ਕਰ ਦਿੱਤਾ। ਇਸ ਤੋਂ ਬਿਨਾਂ ਕਪੂਰ ਸਿੰਘ ਜੀ ਦੀ ਆਪਣੀ ਕੋਈ ਸੰਤਾਨ ਨਹੀਂ ਸੀ ਅਤੇ ਜੱਸਾ ਸਿੰਘ ਦੀ ਮਾਤਾ ਅਤੇ ਮਾਮਾ ਜੀ ਨੇ ਉਸ ਦੀ ਬਾਂਹ ਉਨ੍ਹਾਂ ਨੂੰ ਫੜਾ ਦਿੱਤੀ ਸੀ, ਇਸ ਲਈ ਇਹ ਉਸ ਨੂੰ ਆਪਣੇ ਪੁੱਤਰ ਵਾਂਗੂ ਹੀ ਜਾਣਦੇ ਅਤੇ ਉਸ ਦੀ

ਦੇਖ ਭਾਲ ਕਰਦੇ ਸਨ।

ਛੇਤੀ ਹੀ ਬਾਅਦ ਜੱਥੇਦਾਰ ਦੀ ਇੱਛਾ ਅਨੁਸਾਰ ਸ਼ਸਤਰ-ਵਿੱਦਿਆ ਦੇ ਵੱਡੇ ਵੱਡੇ ਮਾਹਿਰਾਂ ਨੇ ਜੱਸਾ ਸਿੰਘ ਨੂੰ ਘੋੜ-ਸਵਾਰੀ, ਤਲਵਾਰ ਦੇ ਕਰਤਬ, ਨੇਜ਼ਾ ਬਾਜ਼ੀ ਅਤੇ ਤੀਰ ਕਮਾਨ ਆਦਿ ਦੀ ਵਰਤੋਂ ਦੀ ਸਿਖਿਆ ਦੇਣੀ ਸ਼ੁਰੂ ਕਰ ਦਿੱਤੀ। ਇਸ ਦੇ ਨਾਲੋ ਨਾਲ ਕਪੂਰ ਸਿੰਘ ਜੀ ਨੇ ਖਾਲਸੇ ਦੇ ਘੋੜਿਆਂ ਨੂੰ ਦਾਣਾ ਵੰਡਣ ਦੀ ਸੇਵਾ ਭੀ ਉਸ ਨੂੰ ਸੌਂਪ ਦਿੱਤੀ ਜਿਸ ਨੂੰ ਉਹ ਬੜੇ ਪ੍ਰੇਮ ਨਾਲ ਨਿਭਾਉਣ ਲੱਗਾ।

ਇਨ੍ਹਾਂ ਦਿਨਾਂ ਦੀ ਗੱਲ ਹੈ ਕਿ ਇਕ ਰਾਤ ਦੇ ਸਮੇਂ ਬੜੇ ਜੋਰ ਦੀ ਬਰਖਾ ਹੋ ਰਹੀ ਸੀ ਅਤੇ ਬਿਜਲੀ ਕੜਕ ਰਹੀ ਸੀ। ਨਵਾਬ ਕਪੂਰ ਸਿੰਘ ਜੀ ਨੇ ਕਈ ਵਾਰੀ ਆਵਾਜ ਦੇ ਕੇ ਪੁੱਛਿਆ ਕਿ ਪਹਿਰੇ ਤੇ ਕੌਣ ਹੈ। ਅੱਗੋਂ ਹਰ ਵਾਰੀ ਜੱਸਾ ਸਿੰਘ ਹੀ ਆਵਾਜ਼ ਦਾ ਉੱਤਰ ਦਿੰਦਾ ਰਿਹਾ, ਹੋਰ ਕੋਈ ਨਾ ਬੋਲਿਆ ਸੁਣਿਆ ਗਿਆ। ਇਸ ਆਗਿਆਕਾਰੀ ਚੇਤੰਨਤਾ ਤੋਂ ਜੱਥੇਦਾਰ ਸਾਹਿਬ ਬਹੁਤ ਹੀ ਪ੍ਰਸੰਨ ਹੋਏ, ਅਤੇ ਫ਼ਰਮਾਇਆ "ਭੁਜੰਗੀਆ, ਨਿਹਾਲ। ਇਤਨੀ ਛੋਟੀ ਉਮਰ ਵਿੱਚ ਹੀ ਤੂੰ ਇਤਨਾ ਹੁਸ਼ਿਆਰ ਅਤੇ ਆਗਿਆਕਾਰ ਹੈਂ। ਨਿਹਾਲ।" ਉਸੇ ਦਿਨ ਸਵੇਰੇ ਸਭਾ ਵਿਚ ਬੁਲਾ ਕੇ ਜੱਥੇਦਾਰ ਸਾਹਿਬ ਨੇ ਉਸ ਦੀ ਪ੍ਰਸ਼ੰਸਾ ਕੀਤੀ ਅਤੇ ਆਪਣੇ ਅੱਗੇ ਕਾਰਬਾਰੀ ਥਾਪ ਦਿੱਤਾ। ਇਸ ਤਰ੍ਹਾਂ ਜੱਸਾ ਸਿੰਘ ਪੰਥ ਦੀ ਸੇਵਾ ਲਈ ਤਿਆਰ ਹੋਣ ਲੱਗਾ ਪਿਆ ਅਤੇ ਉਸ ਨੇ ਪੌੜੀ ਦੇ ਪਹਿਲੇ ਡੰਡੇ ਨੂੰ ਹੱਥ ਪਾ ਲਿਆ। [ਰਤਨ ਸਿੰਘ, *ਪ੍ਰਾਚੀਨ ਪੰਥ ਪ੍ਰਕਾਸ਼*, 266-7; ਲਤੀਫ, *ਹਿਸਟਰੀ ਔਫ ਦੀ ਪੰਜਾਬ*, 314 ; ਰਾਮਜਸ, *ਤਵਾਰੀਖ਼ ਰਿਆਸਤ ਕਪੂਰਥਲਾ*, 104-8]

Sri Satguru Jagjit Singh Ji eLibrary

ਅਧਿਆਇ ਚੌਥਾ

# ਜੱਸਾ ਸਿੰਘ ਦੇ ਪਹਿਲੇ ਸਮੇਂ ਵਿਚ ਦੇਸ਼ ਅਤੇ ਪੰਥ ਦੀ ਹਾਲਤ

ਮਾਰਚ-ਜੂਨ ਸੰਨ 1716 ਵਿਚ ਬੰਦਾ ਸਿੰਘ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਦੀ ਸ਼ਹੀਦੀ ਤੋਂ ਛੇਤੀ ਹੀ ਪਿੱਛੋਂ ਲਾਹੌਰ ਦੇ ਸੂਬੇਦਾਰ ਅਬਦੁ-ਸਮੱਦ ਖ਼ਾਨ ਨੇ ਬਾਦਸ਼ਾਹੀ ਆਗਿਆ ਅਨੁਸਾਰ ਸਿੰਘਾਂ ਦੀ ਕਤਲਿ-ਆਮ ਆਰੰਭ ਦਿੱਤੀ। ਸੱਯਦ ਮੁਹੰਮਦ ਲਤੀਫ਼ ਆਪਣੀ ਕਿਤਾਬ 'ਹਿਸਟਰੀ ਔਫ਼ ਦੀ ਪੰਜਾਬ' ਵਿਚ ਲਿਖਦਾ ਹੈ ਕਿ :

> ਸਿੱਖਾਂ ਨੂੰ ਨੀਚਾ ਵਿਖਾ ਕੇ ਅਤੇ ਉਨ੍ਹਾਂ ਦੇ ਆਗੂ ਬੰਦਾ [ਸਿੰਘ] ਨੂੰ ਮਾਰ ਮੁਕਾ ਕੇ, ਉਨ੍ਹਾਂ ਦੀ ਤਾਕਤ ਨੂੰ ਬਰਬਾਦ ਕਰਨ ਅਤੇ ਉਨ੍ਹਾਂ ਦੀ ਕੌਮ ਦਾ ਖੁਰਾ ਖੋਜ ਮਿਟਾ ਦੇਣ ਲਈ ਅਬਦੁ-ਸਮੱਦ ਖ਼ਾਨ ਨੇ ਬੜੀ ਸਖ਼ਤੀ ਕੀਤੀ। ਇਕ ਬਾਦਸ਼ਾਹੀ ਫ਼ਰਮਾਨ ਜਾਰੀ ਕੀਤਾ ਗਿਆ ਕਿ [ਗੁਰੂ] ਨਾਨਕ ਦੇ ਧਰਮ ਨੂੰ ਮੰਨਣ ਵਾਲਿਆਂ ਨੂੰ ਕਤਲ ਕਰ ਦਿੱਤਾ ਜਾਏ, ਅਤੇ ਹਰ ਇਕ ਸਿੱਖ ਦੇ ਸਿਰ ਲਈ ਨਕਦ ਇਨਾਮ ਰੱਖ ਦਿੱਤਾ ਗਿਆ। ਖਿਝੇ ਹੋਏ ਮੁਸਲਮਾਨਾਂ ਨੇ ਉਨ੍ਹਾਂ ਨੂੰ ਕਿਧਰੇ ਟਿਕਣ ਨਾ ਦਿੱਤਾ ਅਤੇ ਜਿੱਥੇ ਕਿਧਰੇ ਭੀ ਕੋਈ ਸਿੱਖ ਮਿਲਿਆ ਉਸ ਨੂੰ ਬੜੀ ਬੇ-ਰਹਿਮੀ ਨਾਲ ਕਤਲ ਕਰ ਦਿੱਤਾ ਗਿਆ। [ਪੰਨਾ 188]

ਅਸਲ ਵਿਚ ਸਿੱਖਾਂ ਦੀ ਕਤਲਾਮ ਦਾ ਪਹਿਲਾ ਹੁਕਮ ਬਾਦਸ਼ਾਹ ਬਹਾਦੁਰ ਸ਼ਾਹ ਨੇ ਲੋਹਗੜ੍ਹ ਦੀ ਫਤਿਹ ਤੋਂ ਕੁਝ ਦਿਨ ਬਾਅਦ 10 ਦਸੰਬਰ ਸੰਨ 1710 ਨੂੰ ਜਾਰੀ ਕੀਤਾ ਸੀ ਜਦ ਕਿ ਉਸ ਨੇ ਬਖਸ਼ੀ-ਉਲ-ਮੁਲਕ ਮੁਹਾਬਤ ਖ਼ਾਨ ਬਹਾਦੁਰ ਨੂੰ ਹੁਕਮ ਦਿੱਤਾ ਸੀ ਕਿ ਸ਼ਾਹ-ਜਹਾਨਾਬਾਦ ਦੇ ਆਲੇ ਦੁਆਲੇ ਦੇ ਫੌਜਦਾਰਾਂ ਨੂੰ ਲਿਖ ਦੇਵੇ ਕਿ ਨਾਨਕ-ਪੂਜ [ਸਿੱਖ] ਜਿੱਥੇ ਕਿਧਰੇ ਭੀ ਮਿਲ ਜਾਣ ਕਤਲ ਕਰ ਦਿੱਤੇ ਜਾਣ। ਸਿੱਖਾਂ ਦੀ ਕਤਲਾਮ ਦਾ ਦੂਸਰਾ ਹੁਕਮ ਬਾਦਸ਼ਾਹ ਫ਼ਰੁੱਖਸੀਅਰ ਨੇ ਬੰਦਾ ਸਿੰਘ ਅਤੇ ਸਿੰਘਾਂ ਦੇ ਦਿੱਲੀ ਵਿਚ ਕਤਲ ਤੋਂ ਬਾਅਦ ਜਾਰੀ ਕੀਤਾ ਜਿਸ ਦਾ ਜ਼ਿਕਰ ਉਪਰ ਕੀਤਾ ਗਿਆ ਹੈ। 'ਮਿਫ਼ਤਾਹ-ਉ-ਤਵਾਰੀਖ' ਦਾ ਕਰਤਾ ਲਿਖਦਾ ਹੈ ਕਿ ਉਸ [ਬੰਦਾ ਸਿੰਘ] ਦੇ ਕਤਲ ਦੇ ਬਾਅਦ ਹੁਕਮ ਜਾਰੀ ਹੋ ਗਿਆ ਕਿ ਜਿੱਥੇ ਕਿਧਰੇ ਭੀ ਇਸ ਫ਼ਿਰਕੇ ਦੇ ਲੋਕ ਮਿਲਨ, ਬਿਨਾਂ ਝਿਜਕ ਦੇ ਮਾਰ ਦਿੱਤੇ ਜਾਣ। ਚੁਨਾਂਚਿ ਇਹ ਮੁਸਲਮਾਨਾਂ [ਹਾਕਮਾਂ] ਤੋਂ ਡਰਦੇ ਚੋਖਾ ਚਿਰ ਪਹਾੜਾਂ ਵਿਚ ਲੁਕੇ

Sri Satguru Jagjit Singh Ji eLibrary

ਰਹੇ।

ਸਿੰਘਾਂ ਲਈ ਇਹ ਇਕ ਬੜਾ ਬਿਖੜਾ ਸਮਾਂ ਸੀ। ਬਾਦਸ਼ਾਹੀ ਹੁਕਮ ਸਾਰੀ ਪਾਸੀਂ ਫਿਰ ਜਾਣ ਨਾਲ ਸਾਰੇ ਸਰਕਾਰੀ ਕਾਰਿੰਦੇ ਉਨ੍ਹਾਂ ਦੀ ਜਾਨ ਦੇ ਵੈਰੀ ਹੋ ਗਏ ਅਤੇ ਵੱਡੇ ਅਫ਼ਸਰਾਂ ਨੂੰ ਖ਼ੁਸ਼ ਕਰਨ ਲਈ ਉਨ੍ਹਾਂ ਨੇ ਸਿੰਘਾਂ ਦੀਆਂ ਢਾਣੀਆਂ ਦੀਆਂ ਢਾਣੀਆਂ ਪਿੰਡਾਂ ਤੋਂ ਫੜ ਫੜ ਕੇ ਲਾਹੌਰ ਪਹੁੰਚਾਣੀਆਂ ਸ਼ੁਰੂ ਕਰ ਦਿੱਤੀਆਂ, ਜਿਥੇ ਕਿ ਉਨ੍ਹਾਂ ਨੂੰ ਤਸੀਹੇ ਦੇ ਦੇ ਕੇ ਬੜੀ ਬੇਦਰਦੀ ਨਾਲ ਕਤਲ ਕਰ ਦਿੱਤਾ ਜਾਂਦਾ। ਹੋਰ ਕੁਝ ਚਾਰਾ ਨਾ ਚਲਦਾ ਵੇਖ ਕੇ ਰਾਠ ਸਿੰਘ ਘਰ ਘਾਟ ਛੱਡ ਕੇ ਝੱਲੀਂ, ਬੇਲੀਂ ਅਤੇ ਪਹਾੜੀਂ ਜਾ ਵੜੇ। ਇੱਥੇ ਇਨ੍ਹਾਂ ਦੇ ਖਾਣ ਪੀਣ ਦਾ ਕੋਈ ਪਰਬੰਧ ਨਹੀਂ ਸੀ। ਜੇ ਕਿਧਰੇ ਰਸਦ ਨੂੰ ਦਾਉ ਲੱਗ ਜਾਂਦਾ ਤਾਂ ਕੁਝ ਦਿਨ ਲੰਘ ਜਾਂਦੇ, ਨਹੀਂ ਤਾਂ ਲੰਗਰ ਮਸਤ ਰਹਿੰਦੇ ਅਤੇ ਸਿੰਘ ਫਲ ਫੁੱਲ ਖਾ ਕੇ ਗੁਜ਼ਾਰਾ ਕਰਦੇ। ਸਮਾਂ ਪੈ ਜਾਣ ਨਾਲ ਅਬਦੁ-ਸਮੱਦ ਦੀ ਸਖ਼ਤੀ ਕੁਝ ਮੱਠੀ ਪੈ ਗਈ ਅਤੇ ਬਹੁਤਾ ਜ਼ੋਰ ਉਨ੍ਹਾਂ ਸਿੰਘਾਂ ਵਿਰੁੱਧ ਹੀ ਰਹਿ ਗਿਆ ਜੋ ਸਰਕਾਰ ਦੇ ਵਿਰੋਧੀ ਸਮਝੇ ਜਾਂਦੇ ਸਨ ਅਤੇ ਜੋ ਜਾਂ ਤਾਂ ਬੰਦਾ ਸਿੰਘ ਦੇ ਸਾਥੀ ਰਹੇ ਸਨ ਜਾਂ ਜੱਥੇਬੰਦ ਹੋ ਕੇ ਹਰ ਵੇਲੇ ਤਿਆਰ ਬਰ ਤਿਆਰ ਇਨ੍ਹਾਂ ਦੀ ਸਹਾਇਤਾ ਕਰਦੇ ਸਨ ਅਤੇ ਦੇਸ਼ ਦੀ ਆਜ਼ਾਦੀ ਲਈ ਡਟੇ ਹੋਏ ਵਿਚਰ ਰਹੇ ਸਨ। ਇਨ੍ਹਾਂ ਨੂੰ ਰਾਠ ਸਿੰਘ ਕਿਹਾ ਜਾਂਦਾ ਸੀ। ਇਹ ਭੁਜੰਗੀ ਹੀ ਹੁੰਦੇ ਸੀ। ਕੁਝ ਅਜਿਹੇ ਸਨ ਜੋ ਪਿੰਡਾਂ ਵਿਚ ਚੁਪ ਚਾਪ ਖੇਤੀ ਕਰਦੇ ਸਨ ਜਾਂ ਕਿਧਰੇ ਕਿਧਰੇ ਵਣਜ ਵਪਾਰ ਜਾਂ ਹੋਰ ਕਾਰ ਵਿਹਾਰ ਕਰਦੇ ਸਨ, ਇਨ੍ਹਾਂ ਨੂੰ ਲੋਕ ਗੁਰਮੁਖ ਕਹਿ ਕੇ ਸੱਦਦੇ ਸਨ। ਇਹ ਖੁਲ੍ਹ ਕੇ ਜ਼ਾਹਰਾ ਸਰਕਾਰ ਦੇ ਵਿਰੁੱਧ ਤਾਂ ਭਾਵੇਂ ਕੁਝ ਨਹੀਂ ਸਨ ਕਰਦੇ, ਪਰ ਇਨ੍ਹਾਂ ਦੀ ਦਿਲੀ ਹਮਦਰਦੀ ਕੁਦਰਤੀ ਤੌਰ ਤੇ ਆਪਣੇ ਰਾਠ ਭਰਾਵਾਂ ਨਾਲ ਸੀ ਜੋ ਦੇਸ਼ ਅਤੇ ਧਰਮ ਦੀ ਖ਼ਾਤਰ ਜੰਗਲਾਂ, ਬੇਲਿਆਂ ਵਿਚ ਮੁਸੀਬਤਾਂ ਝੱਲ ਰਹੇ ਸਨ। ਜਦੋਂ ਕਿਧਰੇ ਦਾਉ ਲਗਦਾ ਸੀ ਤਾਂ ਇਹ ਲੁਕ ਛਿਪ ਕੇ ਉਨ੍ਹਾਂ ਨੂੰ ਖਾਣਾ ਦਾਣਾ ਪਹੁੰਚਾਉਣ ਦਾ ਜਤਨ ਕਰਦੇ ਸਨ ਜਿਸ ਦੇ ਨਤੀਜੇ ਵਜੋਂ ਇਨ੍ਹਾਂ ਦੇ ਸਿਰ ਤੇ ਭੀ ਸਖ਼ਤੀ ਦਾ ਝੱਖੜ ਝੱਲਣਾ ਸ਼ੁਰੂ ਹੋ ਜਾਂਦਾ ਸੀ। ਇਹ ਇਸ ਨੂੰ ਵਾਹਿਗੁਰੂ ਦਾ ਭਾਣਾ ਸਮਝ ਕੇ ਖਿੜੇ ਮੱਥੇ ਸਹਿੰਦੇ ਸਨ ਅਤੇ ਸੀ ਨਹੀਂ ਸੀ ਕਰਦੇ।

ਇਸ ਸਮੇਂ ਵਿਚ ਅਬਦੁ-ਸਮੱਦ ਖ਼ਾਨ ਨੂੰ ਈਸਾ ਖ਼ਾਨ ਮੰਝ ਤਿਹਾੜੇ ਵਾਲੇ, ਹੁਸੈਨ ਖ਼ਾਨ ਖੇਸ਼ਗੀ ਕਸੂਰ ਵਾਲੇ ਅਤੇ ਸ਼ਰਫੁਦੀਨ ਕਸ਼ਮੀਰੀ ਦੇ ਵਿਰੁੱਧ ਮੁਹਿੰਮਾਂ ਆ ਪਈਆਂ। ਇਸ ਲਈ ਉਸ ਨੇ ਸਿੰਘਾਂ ਉੱਤੇ ਸਖ਼ਤੀ ਕੁਝ ਨਰਮ ਹੀ ਨਾ ਕਰ ਦਿੱਤੀ ਬਲਕਿ ਕੁਝ ਕੁ ਨੂੰ ਸਰਕਾਰੀ ਅਹੁਦਿਆਂ ਪਰ ਕਰਮਚਾਰੀ ਭੀ ਨਿਯਤ ਕਰ ਲਿਆ। ਰਾਠ ਸਿੰਘਾਂ ਲਈ ਭੀ ਇਸ ਨਾਲ ਜ਼ਰਾ ਕੁ ਸੁਖ ਦਾ ਸਾਹ ਆਉਣ ਦੀ ਕੁਝ ਆਸ ਬਝਦੀ ਦਿਸੀ। ਜੰਗਲ ਬੇਲਿਆਂ ਵਿਚ ਪਿੰਡਾਂ ਤੋਂ ਖਾਧ ਖ਼ੁਰਾਕ ਦਾ ਸਾਮਾਨ ਪਹੁੰਚਾਉਣ ਵਾਲਿਆਂ ਪਰ ਨਿਗਰਾਨੀ ਕੁਝ ਢਿੱਲੀ ਪੈ ਗਈ ਅਤੇ ਗਸ਼ਤੀ ਫੌਜਾਂ ਦੀ ਗਿਣਤੀ ਕੁਝ ਘਟ ਗਈ। ਹਕੂਮਤ ਵੱਲੋਂ ਨਿਕਲਦੇ ਹੁਕਮਾਂ ਅਤੇ ਉਨ੍ਹਾਂ ਪਰ ਕਾਰਵਾਈ ਦਾ ਪਤਾ ਭੀ ਸਰਕਾਰੀ ਅਹੁਦੇਦਾਰਾਂ ਰਾਹੀਂ

ਸਿੰਘਾਂ ਨੂੰ ਲੱਗਣ ਲੱਗ ਪਿਆ ਅਤੇ ਉਨ੍ਹਾਂ ਨੂੰ ਚੋਕਸ ਰਹਿਣਾ ਜ਼ਰਾ ਸੋਖਾ ਹੋ ਗਿਆ। ਖਾਲਸਈ ਬੋਲੇ ਵਿਚ ਇਨ੍ਹਾਂ ਅਹੁਦੇਦਾਰ ਸਿੰਘਾਂ ਨੂੰ 'ਚਕਰੈਲ' ਕਰਕੇ ਸੱਦਿਆ ਜਾਂਦਾ ਸੀ। ਪਿੰਡਾਂ ਵਿਚ ਵਸਦੇ ਗੁਰਮੁਖ ਸਿੰਘਾਂ ਅਤੇ ਇਨ੍ਹਾਂ 'ਚਕਰੈਲ' ਸਿੰਘਾਂ ਦੀ ਲੁਕਵੀਂ ਸਹਾਇਤਾ ਨਾਲ ਜੰਗਲਾ, ਪਹਾੜਾਂ ਅਤੇ ਝੱਲਾਂ ਬੇਲਿਆਂ ਵਿਚ ਦਿਨ ਕਟੀ ਕਰ ਰਹੇ ਰਾਠ ਸਿੰਘਾਂ ਦਾ ਕੁਝ ਸਮਾਂ ਤਾਂ ਲੰਘ ਗਿਆ ਪਰ ਉਨ੍ਹਾਂ ਦੀ ਬਲਾ ਟਲੀ ਨਾ। ਰੱਬ ਦੇ ਦਰਗਾਹੀ ਪਰਬੰਧ ਵਿਚ ਸਿੰਘਾਂ ਨੂੰ ਕੁਝ ਚਿਰ ਹੋਰ ਕਰੜੀ ਸਖ਼ਤੀ ਦੀ ਭਖਦੀ ਭੱਠੀ ਵਿਚ ਜ਼ਰਾ ਹੋਰ ਤਾਉ ਦੇ ਕੇ ਨਿੱਗਰ ਅਤੇ ਨਿਰੋਲ ਕੁੰਦਨ ਕਰਨਾ ਮਨਜ਼ੂਰ ਸੀ ਜੋ ਅਬਦੁ-ਸਮੱਦ ਖ਼ਾਨ ਦੇ ਪੁੱਤਰ ਜ਼ਕਰੀਆ ਖ਼ਾਨ ਬਹਾਦੁਰ, ਪੋਤਰੇ ਯਾਹੀਆ ਖ਼ਾਨ ਅਤੇ ਮੀਰ ਮੁਈਨੁਲ-ਮੁਲਕ (ਮੀਰ ਮੰਨੂ) ਦੇ ਸਮੇਂ ਤਕ ਤਪਦੀ ਰਹੀ।

ਅਬਦੁ-ਸਮੱਦ ਖ਼ਾਨ ਨੇ ਕਸ਼ਮੀਰ ਵਿਚ ਅਮਨ ਅਮਾਨ ਕੀਤਾ ਹੀ ਸੀ ਕਿ ਪੰਜਾਬ ਦੇ ਲਹਿੰਦੇ ਵੱਲ ਮੁਲਤਾਨ ਦੇ ਇਲਾਕਿਆਂ ਵਿਚ ਰਾਜ-ਰੋਲਾ ਖੜਾ ਹੋ ਗਿਆ। ਇਸ ਰੋਲੇ ਵਿਚ ਕਈ ਧਾੜਵੀ ਕਬੀਲਿਆਂ ਦੇ ਲੋਕਾਂ ਨੇ ਥਾਉਂ ਥਾਈਂ ਧਾੜੇ ਮਾਰਨੇ ਆਰੰਭ ਦਿੱਤੇ। ਮਾਲਵੇ, ਸਰਸੇ ਅਤੇ ਢੁੱਲੇ ਦੀ ਬਾਰ ਵਿਚ ਭੱਟੀ, ਡੋਗਰ, ਸਿਆਲ, ਖਰਲ ਅਤੇ ਬਲੋਚਾਂ ਨੇ ਊਧਮ ਮਚਾ ਦਿੱਤਾ ਅਤੇ ਪਿੰਡ ਲੁੱਟ ਮਾਰੇ। ਇਹ ਸਭ ਕੁਝ ਮੜ੍ਹਿਆ ਸਿੱਖਾਂ ਦੇ ਸਿਰ ਜਾਂਦਾ ਸੀ। ਇਹ 'ਕਰੇ ਕੋਈ, ਭਰੇ ਕੋਈ' ਦਾ ਸਮਾਂ ਸੀ। ਇਸ ਲਈ ਮੁਹੰਮਦ ਸ਼ਾਹ ਬਾਦਸ਼ਾਹ ਦੇ ਹੁਕਮ ਨਾਲ ਅਬਦੁ-ਸਮੱਦ ਖ਼ਾਨ ਨੂੰ ਮੁਲਤਾਨ ਦਾ ਸੂਬੇਦਾਰ ਬਣਾ ਕੇ ਓਥੇ ਭੇਜਿਆ ਗਿਆ ਅਤੇ ਉਸ ਦੇ ਪੁੱਤਰ ਜ਼ਕਰੀਆ ਖ਼ਾਨ ਬਹਾਦੁਰ ਨੂੰ ਲਾਹੌਰ ਦਾ ਸੂਬੇਦਾਰ ਬਣਾਇਆ ਗਿਆ। ਇਹ ਗੱਲ ਸੰਨ 1726 ਈਸਵੀ ਦੀ ਹੈ ਜਦੋਂ ਕਿ ਸਰਦਾਰ ਜੱਸਾ ਸਿੰਘ ਅਜੇ ਮਾਤਾ ਸੁੰਦਰੀ ਪਾਸ ਦਿੱਲੀ ਹੀ ਸੀ।

ਲਾਹੌਰ ਦੀ ਹਕੂਮਤ ਦੇ ਨਵੇਂ ਨਵੇਂ ਚਾਉ ਵਿਚ ਸਿੱਖਾਂ ਦੀ ਉਠਦੀ ਤਾਕਤ ਨੂੰ ਦਬਾਉਣ ਲਈ ਆਪਣੀ ਕਾਬਲੀਅਤ ਦੱਸਣ ਵਾਸਤੇ ਜ਼ਕਰੀਆ ਖ਼ਾਨ ਨੇ ਆਪਣੇ ਪਿਤਾ ਦੀ ਪਾਲਿਸੀ ਬਦਲ ਦਿੱਤੀ ਅਤੇ ਸਿੱਖਾਂ ਵਿਰੁੱਧ ਸਖ਼ਤੀ ਦਾ ਦੌਰ ਮੁੜ ਆਰੰਭ ਕਰ ਦਿੱਤਾ। ਕਨ੍ਹੱਈਆ ਲਾਲ ਅਪਣੀ 'ਤਾਰੀਖ਼ਿ-ਪੰਜਾਬ' ਵਿਚ ਲਿਖਦਾ ਹੈ ਕਿ ਜ਼ਕਰੀਆ ਖ਼ਾਨ ਨੂੰ ਲਾਹੌਰ ਦੀ ਸੂਬੇਦਾਰੀ ਮਿਲੀ ਹੀ ਇਹ ਕਹਿਣ ਪਰ ਸੀ ਕਿ 'ਜੇ ਹਜ਼ੂਰ ਬਾਦਸ਼ਾਹ ਮੈਨੂੰ ਪੰਜਾਬ ਦੀ ਨਿਜ਼ਾਮਤ ਦਾ ਅਹੁਦਾ ਬਖ਼ਸ਼ ਦੇਣ ਤਾਂ ਮੈਂ ਮਾਝੇ, ਦੁਆਬੇ ਅਤੇ ਮਾਲਵੇ ਵਿਚ ਸਿੱਖਾਂ ਦਾ ਕਿਧਰੇ ਨਾਮ ਨਿਸ਼ਾਨ ਬਾਕੀ ਨਾ ਛੱਡਾਂ ਬਲਕਿ ਧਰਤੀ ਤੋਂ ਇਨ੍ਹਾਂ ਦਾ ਖੁਰਾ ਖੋਜ ਮਿਟਾ ਦਿਆਂ, ਚੁਨਾਂਚਿ ਸੂਬੇਦਾਰ ਬਣਦੇ ਸਾਰ ਉਸ ਨੇ ਇਕ ਗਸ਼ਤੀ ਫੌਜ ਸਿੱਖਾਂ ਦੇ ਵਿਰੁੱਧ ਨਿਯਤ ਕਰ ਦਿੱਤੀ ਅਤੇ ਹੁਕਮ ਦੇ ਦਿੱਤਾ ਕਿ ਇਹ ਫ਼ੌਜ ਪੰਜਾਬ ਦੇ ਬੜੇ ਬੜੇ ਕਸਬਿਆਂ, ਬਸਤੀਆਂ ਅਤੇ ਰਾਹਾਂ ਦੀ ਰਾਖੀ ਰੱਖੇ ਅਤੇ ਜਿਥੇ ਕਿਧਰੇ ਭੀ ਸਿੱਖਾਂ ਦਾ ਪਤਾ ਲੱਗੇ, ਫੜ ਕੇ ਲਾਹੌਰ ਪਹੁੰਚਾ ਦੇਵੇ। ਸਿੱਖਾਂ ਦੇ ਸਿਰਾਂ ਲਈ ਇਨਾਮ ਰੱਖ ਦਿੱਤੇ ਗਏ ਅਤੇ ਉਨ੍ਹਾਂ ਨੂੰ ਲੋਹੇ ਦੀਆਂ ਜੰਜੀਰਾਂ ਨਾਲ ਬੰਨ੍ਹ ਕੇ ਲਾਹੌਰ ਲਿਆਉਣਾ ਸ਼ੁਰੂ ਹੋ ਗਿਆ ਜਿਥੇ

Sri Satguru Jagjit Singh JI eLibrary

ਉਨ੍ਹਾਂ ਨੂੰ ਬਾਜ਼ਾਰਾਂ ਅਤੇ ਘੋੜਾ-ਮੰਡੀ (ਬਾਜ਼ਾਰ ਨਖ਼ਾਸ) ਵਿਚ ਕਤਲ ਕਰ ਦਿੱਤਾ ਜਾਂਦਾ (ਪੰਨਾ 65-66; ਲਤੀਫ਼, *ਹਿਸਟਰੀ ਔਫ਼ ਦੀ ਪੰਜਾਬ*, 193)। ਇਸ ਤਰ੍ਹਾਂ ਹਜ਼ਾਰਾਂ ਸਿੰਘ ਕਤਲ ਹੋ ਗਏ ਅਤੇ ਅਨੇਕਾਂ ਘਰ ਘਾਟ ਛੱਡ ਕੇ ਰਾਵੀ ਦੇ ਝੱਲਾਂ, ਕਾਨੂਵਾਨ ਦੇ ਛੰਭਾਂ, ਸ਼ਿਵਾਲਕ ਪਹਾੜ ਦੀਆਂ ਪਤੋਲ, ਕਠੂਹਾ ਅਤੇ ਆਨੰਦਪੁਰ ਆਦਿ ਦੇ ਪਾਰ ਦੀਆਂ ਖੱਡਾਂ ਵਿਚ ਜਾ ਵੜੇ। ਕਈ ਮਾਲਵੇ ਲਖੀ ਜੰਗਲ ਵੱਲ ਨੂੰ ਉਤਰ ਗਏ ਅਤੇ ਉਥੋਂ ਬੀਕਾਨੇਰ ਦੇ ਰੇਤ-ਥਲਿਆਂ ਵਿਚ ਚਲੇ ਗਏ।

ਜੰਗਲਾਂ, ਬੇਲਿਆਂ ਅਤੇ ਪਹਾੜੀ ਖੱਡਾਂ ਵਿਚ ਸਿੰਘਾਂ ਲਈ ਖਾਣੇ ਦਾਣੇ ਦਾ ਕੋਈ ਪ੍ਰਬੰਧ ਨਹੀਂ ਸੀ। ਮੁਸ਼ਕਲ ਨਾਲ ਹੀ ਕਦੀ ਕਿਧਰਿਉਂ ਕੋਈ ਰਸਦ ਉਨ੍ਹਾਂ ਨੂੰ ਪੁਜਦੀ ਸੀ, ਨਹੀਂ ਤਾਂ ਜੰਗਲਾਂ ਦੇ ਫਲਾਂ ਫੁੱਲਾਂ ਅਤੇ ਸਬਜ਼ੀਆਂ ਪਰ ਹੀ ਗੁਜ਼ਾਰਾ ਕਰਨਾ ਪੈਂਦਾ ਸੀ। ਕਈ ਵਾਰੀ ਜੜ੍ਹਾਂ ਬੂਟੀਆਂ ਨਾਲ ਪੇਟ ਨੂੰ ਝੁਲਕਾ ਦੇਣ ਦੀ ਨੌਬਤ ਪੁੱਜ ਜਾਂਦੀ ਸੀ ਜਾਂ ਲੰਗਰ ਮਸਤ ਹੀ ਰਹਿੰਦੇ ਸਨ। ਪਰ ਧੰਨ ਸਨ ਉਹ ਸਿੰਘ ਜੋ ਇਸ ਸੰਕਟ ਨੂੰ ਇਕ ਅਜ਼ਮਾਇਸ਼ ਅਤੇ ਭਾਣਾ ਮੰਨ ਕੇ ਚੜ੍ਹਦੀਆਂ ਕਲਾਂ ਵਿਚ ਵਿਚਰ ਰਹੇ ਸਨ ਅਤੇ ਆਪਣੇ ਬੋਲਿਆਂ ਵਿਚ ਨਿਮਾਣੀ ਤੋਂ ਨਿਮਾਣੀ ਵਸਤੂ ਨੂੰ ਭੀ ਵਡਿਆ ਕੇ ਬਹੁਤ ਉੱਚੀ, ਵਧੀਆ ਅਤੇ ਬਹੁ-ਮੁੱਲੀ ਸਦਦੇ ਸਨ ਅਤੇ ਆਪਣੇ ਮਨਾਂ ਨੂੰ ਬੜੇ ਹੁਲਾਸ ਅਤੇ ਹੌਸਲੇ ਵਿਚ ਰਖਦੇ ਸਨ। ਇਹ ਸਨ ਪੰਜਾਬ ਦੇ ਸੂਰਮੇ ਜੋ ਮੁਸ਼ਕਲਾਂ ਨੂੰ ਤੁੱਛ ਸਮਝਦੇ ਅਤੇ ਮੌਤ ਨੂੰ ਮਖੌਲਾਂ ਕਰਦੇ ਸਨ ਅਤੇ ਵਾਹਿਗੁਰੂ ਦੇ ਨਾਮ ਵਿਚ ਰੱਤੇ, ਸੱਖਣੀਆਂ ਦੇਗਾਂ, ਖ਼ਾਲੀ ਪਰਾਤਾਂ ਅਤੇ ਬੁਝੇ ਹੋਏ ਚੁੱਲ੍ਹਿਆਂ ਨੂੰ ਵਸਤਾਂ ਨਾਲ ਭਰਪੂਰ, ਬਹੁਲਤਾ ਨਾਲ ਆਫਰੇ ਹੋਏ ਮਖ਼ਮੂਰ, 'ਲੰਗਰ ਮਸਤ' ਦੱਸਦੇ ਸਨ ਅਤੇ ਰਿੱਧੇ ਹੋਏ ਪੱਤਿਆਂ ਦੇ ਸਾਗ ਨੂੰ 'ਸਬਜ਼ ਪਲਾਉ', ਭੁੱਜੇ ਹੋਏ ਦਾਣਿਆਂ ਨੂੰ 'ਖ਼ੁਸ਼ਕ ਪਲਾਉ', ਕਣਕ ਦੇ ਕੱਚੇ ਦਾਣਿਆਂ ਨੂੰ 'ਸਾਉਗੀ', ਮੱਕੀ ਦੇ ਫੁੱਲਿਆਂ ਨੂੰ 'ਚਾਂਦਨੀ ਪਲਾਉ', ਭੁੱਜੇ ਹੋਏ ਛੋਲਿਆਂ ਨੂੰ 'ਬਦਾਮ', ਲੂਣ ਨੂੰ 'ਸਰਬ ਰਸ', ਗੁੜ ਨੂੰ 'ਸੂਬੇਦਾਰ', ਜੰਡ ਦੀਆਂ ਫਲੀਆਂ ਨੂੰ 'ਜਲੇਬਾਂ', ਹੋਲਾਂ ਨੂੰ 'ਲਾਚੀ ਦਾਣਾ', ਘੁੰਗਣੀਆਂ ਨੂੰ 'ਬੂੰਦੀ', ਕੜ੍ਹੀ ਨੂੰ 'ਅੰਮ੍ਰਿਤੀ', ਪੇਂਝੂਆਂ ਨੂੰ 'ਖ਼ੁਰਮੇ', ਵੇਲਾਂ ਦੇ ਪੱਤਰਾਂ ਨੂੰ 'ਪੂਰੀਆਂ', ਕਰੀਰ ਦੇ ਫਲਾਂ ਨੂੰ 'ਅੰਗੂਰ', ਬੇਰਾਂ ਨੂੰ 'ਸਿਉ', ਪਿਆਜ਼ ਨੂੰ 'ਰੁੱਪਾ ਪ੍ਰਸਾਦ', ਵੈਂਗਣਾਂ (ਬਤਾਊਆਂ) ਨੂੰ 'ਰਾਮ ਬਟੇਰੇ', ਦੁਧ ਨੂੰ 'ਸਮੁੰਦਰ', ਕਹਿੰਦੇ ਸਨ। ਇਸੇ ਤਰ੍ਹਾਂ ਨਿਤ ਦੀ ਵਰਤੋਂ ਵਿਚ ਲੋਈ, ਭੂਰੇ ਨੂੰ 'ਦੁਸ਼ਾਲਾ', ਜੁੱਤੀ ਨੂੰ 'ਘੋੜੀ', ਕੱਖਾਂ ਦੀ ਝੁੱਗੀ ਨੂੰ 'ਸ਼ੀਸ਼ ਮਹਿਲ', ਘਾਹ ਖੋਤਣ ਨੂੰ 'ਬਾਜ਼ ਦਾ ਸ਼ਿਕਾਰ', ਚੱਕੀ ਪੀਹਣ ਨੂੰ 'ਫਿਰਨੀ ਦੀ ਸਵਾਰੀ', ਡੰਡ-ਜੁਰਮਾਨੇ ਨੂੰ 'ਤਨਖਾਹ', ਘਾਹ ਪਰ ਸੌਣ ਨੂੰ 'ਮਖ਼ਮਲੀ ਵਿਛਾਉਣਾ', ਜੰਗਲ ਨੂੰ 'ਰਾਮ ਰਾਜ', ਥੋੜੀ ਵਸਤੂ ਨੂੰ 'ਸਵਾਈ', ਘਰ ਨੂੰ 'ਬੁੰਗਾ', ਸੋਟੇ ਨੂੰ 'ਅਕਲਦਾਨ', ਪਾਣੀ ਨੂੰ 'ਇੰਦਰ ਸਿੰਘ', ਚਿੱਠੀ ਨੂੰ 'ਅਰਦਾਸ' (ਅਰਜ਼-ਦਾਸ਼ਤ) ਸੱਦਦੇ ਸਨ। ਜਿਨ੍ਹਾਂ ਚੀਜ਼ਾਂ ਨੂੰ ਸੰਸਾਰੀ ਲੋਕ ਬਹੁਤ ਵੱਡੀਆਂ ਸਮਝਦੇ ਅਤੇ ਉਨ੍ਹਾਂ ਦੇ ਪਿੱਛੇ ਦੌੜਦੇ ਸਨ, ਇਸ ਸਮੇਂ ਦੇ ਸਿੰਘ ਉਨ੍ਹਾਂ ਨੂੰ ਤੁੱਛ ਜਾਣ ਕੇ ਧਨ ਦੌਲਤ ਨੂੰ 'ਡਾਇਣ',

ਰੁਪਿਆਂ ਨੂੰ 'ਛਿੱਲੜ', ਪੈਸਿਆਂ ਨੂੰ 'ਠੀਕਰੀਆਂ' ਕਹਿੰਦੇ ਸਨ। ਹੋਰ ਤਾਂ ਹੋਰ, ਇਸ ਵੇਲੇ ਖਾਲਸੇ ਨੇ ਕਈ ਸਿੰਘਾਂ ਦੇ ਢਹਿੰਦੀਆਂ ਕਲਾਂ ਵਾਲੇ ਅਤੇ ਨਿਰਮਾਣ ਨਾਉਂ ਭੀ ਬਦਲ ਕੇ ਚੜ੍ਹਦੀਆਂ ਕਲਾਂ ਵਾਲੇ ਰੱਖ ਦਿੱਤੇ, ਜਿਵੇਂ ਕਿ ਘਸੀਟਾ ਸਿੰਘ ਦਾ ਗਿਰ-ਰਾਜ ਸਿੰਘ, ਤੋਤਾ ਸਿੰਘ ਦਾ ਸ਼ਾਹਬਾਜ ਸਿੰਘ, ਫਕੀਰ ਸਿੰਘ ਦਾ ਅਮੀਰ ਸਿੰਘ, ਨਿੱਕਾ ਸਿੰਘ ਦਾ ਸੁਮੇਰ ਸਿੰਘ, ਭੋਲਾ ਸਿੰਘ ਦਾ ਚਤਰ ਸਿੰਘ, ਭਿਖਾਰੀ ਸਿੰਘ ਦਾ ਦਾਨ ਸਿੰਘ, ਆਦਿ। ਇਨ੍ਹਾਂ ਨਿਹੰਗ ਸਿੰਘੀ ਬੋਲਿਆਂ ਨੇ ਉਸ ਬਿਖੜੇ ਸਮੇਂ ਵਿਚ ਸਿੰਘਾਂ ਨੂੰ ਕਿਵੇਂ ਹੁਲਾਰੇ ਵਿਚ ਰਖਿਆ ਅਤੇ ਨਿਤ-ਨਵੀਆਂ ਮੁਸੀਬਤਾਂ ਅਤੇ ਮੁੜ ਮੁੜ ਆਏ ਦੁੱਖਾਂ ਦੇ ਝੱਖੜਾਂ ਨੂੰ ਉਨ੍ਹਾਂ ਨੇ ਕਿਵੇਂ ਖਿੜੇ ਮੱਥੇ ਅਤੇ ਅਡੋਲ-ਚਿੱਤ ਸਹਿ ਲਿਆ, ਇਹ ਉਨ੍ਹਾਂ ਨੂੰ ਗੁਰੂ ਚਰਨਾਂ ਦੇ ਭੌਰੇ, ਵਾਹਿਗੁਰੂ ਦੇ ਅਟੱਲ-ਵਿਸ਼ਵਾਸੀ ਨਿਰਮਲ-ਬੁਧ ਅਤੇ ਉੱਜਲ-ਦੀਦਾਰ ਸਿੰਘਾਂ ਦੇ ਗੁਰੂ ਪਰ ਭਰੋਸੇ ਅਤੇ ਵਾਹਿਗੁਰੂ ਪ੍ਰਾਇਣ ਦੇਸ-ਸੇਵਾ ਅਤੇ ਕੌਮੀ ਆਜ਼ਾਦੀ ਲਈ ਅਥਾਹ ਤੜਫ ਅਤੇ ਉਮਾਹ ਦਾ ਕ੍ਰਿਸ਼ਮਾ ਸੀ ਜਿਸ ਨਾਲ ਉਨ੍ਹਾਂ ਨੇ ਹਸੂੰ ਹਸੂੰ ਕਰਦੇ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਘਰੋਂ ਬੇ ਘਰ ਅਤੇ ਬੇ-ਆਸਰੇ ਖੇਰੂੰ ਖੇਰੂੰ ਕਰ ਦਿੱਤੀ ਕੌਮ ਨੂੰ ਹੌਸਲਾ ਨਹੀਂ ਹਾਰਨ ਦਿੱਤਾ, ਮੁੜ ਜੱਥੇਬੰਦ ਕੀਤਾ, ਦਲ ਬਣਾਏ, ਜੱਥੇ ਸਾਜੇ, ਮਿਸਲਾਂ ਦੀ ਬਿਉਂਤ ਬਣਾਈ, ਚਾਲੀ ਵਰ੍ਹੇ ਸੰਸਾਰ ਭਰ ਦੀ ਡਾਢੀ ਮੁਗ਼ਲ ਹਕੂਮਤ ਦਾ ਟਾਕਰਾ ਕੀਤਾ ਅਤੇ ਸ੍ਰੀ ਸਾਹਿਬ ਦੀ ਸਹਾਇਤਾ ਨਾਲ ਪੰਜਾਬ ਨੂੰ ਆਜ਼ਾਦ ਕਰਾ ਕੇ ਲੋਕ-ਰਾਜਾਂ ਦੀ ਨੀਂਹ ਧਰੀ ਅਤੇ ਇੱਥੇ ਮਹਾਰਾਜਾ ਰਣਜੀਤ ਸਿੰਘ ਦੇ ਹਰ-ਮਨ-ਪਿਆਰੇ ਪੰਜਾਬ ਦੇ ਵਿਸ਼ਾਲ ਰਾਜ ਦਾ ਬਾਨ੍ਹਣੂ ਬੰਨ੍ਹਿਆ ਜਿਸ ਦੀਆਂ ਹੱਦਾਂ ਚੀਨ ਤੋਂ ਸਿੰਧ ਤਕ ਅਤੇ ਖੈਬਰ ਦੇ ਦੱਰੇ ਤੋਂ ਜਮੁਨਾ ਨਦੀ ਤਕ ਪੁੱਜ ਗਈਆਂ ਸਨ ਅਤੇ ਜਿਸ ਵਿਚ ਅੱਜ ਕਲ ਦਾ ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ ਅਤੇ ਲਹਿੰਦਾ ਪਾਕਿਸਤਾਨ ਸਣੇ ਡੇਰ੍ਹਿਆ ਦੇ ਸ਼ਾਮਿਲ ਸੀ। ਇਹ ਸਭ ਕੁਝ ਇਨ੍ਹਾਂ ਸਿੰਘਾਂ ਦੀ ਹਿੰਦੁਸਤਾਨ ਨੂੰ ਬਖਸ਼ਿਸ਼ ਸੀ ਜੋ ਸ਼ਾਇਦ ਹੁਣ ਮੁੜ ਕਦੇ ਭੀ ਉਸ ਪੂਰੀ ਸੂਰਤ ਵਿਚ ਇਕ-ਦੇਸ ਅਤੇ ਇਕ-ਰਾਜ ਨਾ ਹੋ ਸਕੇ।

ਸਿੰਘਾਂ ਨੇ ਕੁਝ ਚਿਰ ਤਾਂ ਜੰਗਲਾਂ ਪਹਾੜਾਂ ਵਿਚ ਇਸ ਆਸ ਤੇ ਇਕੱਲਵਾਂਝੇ ਹੋ ਕੇ ਕੱਟਿਆ ਕਿ ਸ਼ਾਇਦ ਸਮਾਂ ਪੈ ਜਾਣ ਨਾਲ ਆਪਣੇ ਆਪ ਹੀ ਹਾਲਾਤ ਬਦਲ ਜਾਣ ਅਤੇ ਸਖ਼ਤੀ ਦੇ ਦੌਰ ਵਿਚ ਮੋੜਾ ਪੈ ਜਾਏ। ਪਰ ਜ਼ਕਰੀਆ ਖ਼ਾਨ ਨੇ ਸਿੱਖਾਂ ਨੂੰ ਉੱਕਾ ਹੀ ਮਾਰ ਮੁਕਾਉਣ ਦੀ ਮਿਥੀ ਹੋਈ ਸੀ। ਇਸ ਲਈ ਸਿੰਘਾਂ ਵਾਸਤੇ ਹੋਰ ਕੋਈ ਚਾਰਾ ਹੀ ਨਹੀਂ ਸੀ ਰਹਿ ਗਿਆ ਕਿ ਉਹ ਆਪਣੇ ਆਪ ਨੂੰ ਜੱਥੇ-ਬੰਦ ਕਰਕੇ ਸਰਕਾਰ ਨਾਲ ਸਿੱਧੀ ਟੱਕਰ ਲੈਣ ਅਤੇ ਜਿੱਥੇ ਅਤੇ ਜਿਵੇਂ ਦਾਉ ਲੱਗੇ, ਦੋ ਹੱਥ ਕਰਕੇ ਖਾਣੇ ਦਾਣੇ, ਘੋੜਿਆਂ, ਸਾਜ਼ ਸਾਮਾਨ ਅਤੇ ਲੋੜੀਂਦੀਆਂ ਵਸਤਾਂ ਲਈ ਮਾਇਆ ਦਾ ਪ੍ਰਬੰਧ ਕਰਨ, ਅਤੇ ਗਸ਼ਤੀ ਫੌਜਾਂ, ਆਉਂਦੇ ਜਾਂਦੇ ਸਰਕਾਰੀ ਖਜਾਨੇ ਦੀਆਂ ਗਾਰਦਾਂ ਅਤੇ ਸਰਕਾਰੀ ਮਾਲ ਮਤਾਹ ਦੇ ਕਾਫਲਿਆਂ ਪਰ ਛਾਪੇ ਮਾਰ ਕੇ ਜੋ ਕੁਝ ਹੱਥ ਆਵੇ, ਇਕੱਠਾ ਕਰਨ ਅਤੇ ਜਿਸ ਢੰਗ ਨਾਲ ਭੀ ਹੋ ਸਕੇ ਲਾਹੌਰ ਦੀ ਸਰਕਾਰ ਨੂੰ ਕਮਜੋਰ ਅਤੇ ਭੈ ਭੀਤ ਕਰ ਦੇਣ ਤਾਂ ਕਿ ਉਹ ਸਖ਼ਤੀ

Sri Satguru Jagjit Singh Ji eLibrary

ਕਰਨ ਜੋਗੀ ਨਾ ਰਹੇ। ਇਸ ਤੋਂ ਬਿਨਾਂ ਹੋਰ ਉਹ ਕੀ ਕਰਦੇ। ਜਾਂ ਤਾਂ ਉਹ ਮੁਗ਼ਲਾਂ ਦੇ ਜਬਰ ਜ਼ੁਲਮ ਦੇ ਸਾਮ੍ਹਣੇ ਧੌਣਾਂ ਨੀਵੀਆਂ ਕਰ ਕੇ ਸਦਾ ਲਈ ਮਰ ਮਿਟ ਜਾਂਦੇ ਜਾਂ ਦੇਸ ਅਤੇ ਕੌਮ ਦੀ ਆਜ਼ਾਦੀ ਲਈ ਅਤਿਆਚਾਰੀਆਂ ਦਾ ਡਟ ਕੇ ਟਾਕਰਾ ਕਰਦੇ ਅਤੇ ਉਨ੍ਹਾਂ ਦੇ ਹੱਥ-ਠੋਕਿਆਂ ਨੂੰ ਮਾਤ ਕਰਨ ਅਤੇ ਜ਼ੁਲਮ ਦੇ ਹਥਿਆਰਾਂ ਨੂੰ ਖੁੰਢਾ ਕਰਨ ਲਈ ਜਤਨ ਕਰਦੇ। ਪਹਿਲੀ ਗੱਲ ਹਿੰਦੁਸਤਾਨ ਦੇ ਲੋਕਾਂ ਨੇ ਹਜ਼ਾਰਾਂ ਵਰ੍ਹਿਆਂ ਵਿਚ ਅਨੇਕਾਂ ਵਾਰੀ ਅਜ਼ਮਾ ਵੇਖੀ ਸੀ ਜਿਸ ਦਾ ਨਤੀਜਾ ਹਿੰਦੁਸਤਾਨੀ ਕੌਮ ਦਾ ਅਭਾਵ, ਲੁਟੇਰੇ ਜਰਵਾਣਿਆਂ ਦੇ ਮੁੜ ਮੁੜ ਹੱਲੇ, ਅਤੇ ਲੋਕਾਂ ਵਿਚ ਕਾਇਰਤਾ ਦੇ ਕਾਰਣ ਜ਼ਾਲਮ ਹਾਕਮਾਂ ਦੇ ਅਤਿਆਚਾਰਾਂ ਤੋਂ ਬਿਨਾਂ ਹੋਰ ਕੁਝ ਨਹੀਂ ਸੀ ਨਿਕਲਿਆ। ਲੋਕਾਂ ਵਿਚ ਨਾ ਹਿੰਮਤ ਰਹੀ ਸੀ ਨਾ ਅਣਖ। ਇਸ ਦੇ ਵਿਰੁੱਧ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਨੇ ਆਵਾਜ਼ ਉਠਾਈ ਸੀ ਅਤੇ ਜ਼ੁਲਮ ਵਿਰੁੱਧ ਅਣਖੀ ਸੂਰਮਿਆਂ ਵਾਂਙੂ ਡਟ ਖੜੋਣ ਲਈ ਸਾਹਸ ਭਰਿਆ ਲਲਕਾਰਾ ਮਾਰਿਆ ਸੀ ਅਤੇ ਖਾਲਸੇ ਦੀ ਸਾਜਨਾ ਕੀਤੀ ਸੀ। ਉਨ੍ਹਾਂ ਨੂੰ ਪਤਾ ਸੀ ਕਿ ਬੇ ਦਰਦ ਅਤਿਆਚਾਰੀ ਦੇ ਮਨ ਨੂੰ ਕੋਈ ਫਿਲਾਸਫੀ ਨਹੀਂ ਪੋਹਦੀ। ਕਿਸੇ ਵੇਦ ਅਤੇ ਕੁਰਾਨ ਦੇ ਫ਼ੁਰਮਾਨ ਉਨ੍ਹਾਂ ਪਰ ਅਸਰ ਨਹੀਂ ਕਰਦੇ। ਉਨ੍ਹਾਂ ਦੀ ਬੀਮਾਰੀ ਇਕ ਡੂੰਘੇ ਗੰਦੇ ਫੋੜੇ ਦੀ ਤਰਾਂ ਹੋ ਜਾਂਦੀ ਹੈ ਜਿਸ ਨੂੰ ਕੇਵਲ ਤਲਵਾਰ ਰੂਪੀ ਨਸ਼ਤਰ ਨਾਲ ਹੀ ਕੱਟਿਆ ਅਤੇ ਸਾਫ਼ ਕੀਤਾ ਜਾ ਸਕਦਾ ਹੈ, ਹੋਰ ਕਿਸੇ ਹੀਲੇ ਨਹੀਂ। ਇਸ ਗੱਲ ਨੂੰ ਪੂਰੀ ਤਰਾਂ ਅਨੁਭਵ ਕਰ ਕੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮੇ ਵਿਚ ਬਾਦਸ਼ਾਹ ਔਰੰਗਜ਼ੇਬ ਨੂੰ ਲਿਖਿਆ ਸੀ ਕਿ :

چو کار از ہمہ حیلتے درگزشت
حلال است بُردن بہ شمشیر دست

ਅਰਥਾਤ

*ਗੱਲ ਹੀਲੀਉਂ ਸਾਰਿਉਂ ਜਦੋਂ ਲੰਘ ਜਾਵੇ*
*ਜਾਇਜ਼ ਤਦੋਂ ਹੈ ਹੱਥ ਤਲਵਾਰ ਫੜਨੀ ॥22॥*

ਗੁਰੂ ਕੇ ਖਾਲਸੇ ਬੇ-ਅਣਖੇ ਕਾਇਰਾਂ ਦੀਆਂ ਮੂਰਤੀਆਂ ਨਹੀਂ ਸਨ। ਉਹ ਗੁਰੂ ਨਾਨਕ ਦੀ ਸਾਹਸ-ਭਰਪੂਰ ਸਿੱਖਿਆ ਦੇ ਧਾਰਨੀ ਸਨ। ਉਨ੍ਹਾਂ ਨੂੰ ਗੁਰੂ ਹਰਿ ਗੋਬਿੰਦ ਦੇ ਸ਼ਬਦ ਯਾਦ ਸਨ ਕਿ 'ਸ਼ਸਤਰ ਗਰੀਬ ਕੀ ਰੱਖਿਆ, ਜਰਵਾਣੇ ਕੀ ਭੱਖਿਆ' ਲਈ ਸਜਾਏ ਜਾਂਦੇ ਹਨ ਅਤੇ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਪਾਸੋਂ ਖੰਡੇ ਦਾ ਅੰਮ੍ਰਿਤ ਛਕਿਆ ਹੋਇਆ ਸੀ। ਉਹ ਕਿਸੇ ਪਰ ਅਕਾਰਣ ਧਾਵਾ ਨਹੀਂ ਸਨ ਕਰਨਾ ਚਾਹੁੰਦੇ। ਪਰ ਜਦ ਹਕੂਮਤ ਵੱਲੋਂ ਜ਼ੁਲਮ ਦੀ ਕੋਈ ਹੱਦ ਹੀ ਨਾ ਦਿਸੇ ਅਤੇ ਅਮਨ ਅਤੇ ਸੁਖ ਦੀ ਜ਼ਿੰਦਗੀ ਲਈ ਹੋਰ ਕੋਈ ਰਾਹ ਹੀ ਨਾ ਰਹਿ ਜਾਏ, ਤਾਂ ਅਜਿਹੀ ਹਕੂਮਤ ਦੇ ਵਿਰੁੱਧ ਹਥਿਆਰ

Sri Satguru Jagjit Singh Ji eLibrary

ਫੜਣ ਤੋਂ ਬਿਨਾ ਹੋਰ ਕੋਈ ਚਾਰਾ ਹੀ ਨਹੀਂ ਸੀ। ਗਸ਼ਤੀ ਫੌਜਾਂ ਦੇ ਦੇਸ ਵਿਚ ਫਿਰਦੇ ਹੋਣ ਦੇ ਕਾਰਨ ਉਹ ਆਪਣੇ ਪਿੰਡਾਂ ਵਿਚ ਵਸ ਨਹੀ ਸਨ ਸਕਦੇ, ਝੱਲਾਂ ਬੇਲਿਆਂ ਵਿਚ ਖਾਣੇ ਦਾਣੇ ਦੇ ਕੋਈ ਸਾਧਨ ਨਹੀਂ ਸਨ, ਇਸ ਲਈ ਉਥੇ ਬਹੁਤੀ ਦੇਰ ਰਿਹਾ ਨਹੀਂ ਸੀ ਜਾ ਸਕਦਾ। ਜੰਗਲਾਂ ਵੱਲ ਨਿਕਲ ਜਾਣ ਦੇ ਕਾਰਣ ਰਾਠ ਸਿੰਘ ਤਾਂ ਗਸ਼ਤੀ ਫੌਜਾਂ ਦੀ ਮਾਰ ਤੋਂ ਬਾਹਰ ਸਨ ਅਤੇ ਸਹਿਜੇ ਹੀ ਉਨ੍ਹਾਂ ਦੇ ਹਥ ਨਹੀਂ ਆਉਂਦੇ ਸਨ, ਇਸ ਲਈ ਇਨ੍ਹਾਂ ਫੌਜਾਂ ਨੇ ਪਿੰਡਾਂ ਵਿਚੋਂ ਗੁਰਮੁਖ ਸਿੰਘਾਂ ਨੂੰ ਭੀ ਫੜਨਾ ਅਤੇ ਤਸੀਹੇ ਦੇਣਾ ਸ਼ੁਰੂ ਕਰ ਦਿੱਤਾ ਸੀ। ਇਹ ਗੱਲ ਖਾਲਸੇ ਲਈ ਅਸਹਿ ਸੀ। ਇਨ੍ਹਾਂ ਵੱਲੋਂ ਕਦੀ ਕਦਾਈਂ ਜੋ ਖਾਣੇ ਦਾਣੇ ਦੀ ਸਹਾਇਤਾ ਮਿਲਦੀ ਸੀ ਉਸ ਦੇ ਉੱਕਾ ਹੀ ਬੰਦ ਹੋ ਜਾਣ ਨਾਲ ਉਨ੍ਹਾਂ ਦਾ ਜੰਗਲਾਂ, ਬੇਲਿਆਂ ਵਿਚ ਭੀ ਵੱਡੀ ਗਿਣਤੀ ਵਿਚ ਦਿਨ-ਕਟੀ ਕਰ ਸਕਣਾ ਔਖਾ ਹੋ ਗਿਆ। ਇਸ ਲਈ ਉਨ੍ਹਾਂ ਨੇ ਬਹੁਤੀ ਗਿਣਤੀ ਵਿਚ ਇਕੋ ਥਾਂ ਰਹਿਣ ਨਾਲੋਂ ਖਿੱਲਰ ਕੇ ਵਿਚਰਨਾ ਜਰਾ ਸੌਖਾ ਸਮਝਿਆ। ਇਸ ਤਰ੍ਹਾਂ ਵੈਰੀ ਦੀ ਸੂਹ ਲਾਉਣੀ ਭੀ ਸੌਖੀ ਸੀ ਅਤੇ ਵੇਲੇ ਕੁਵੇਲੇ ਦਾਉ ਲੱਗ ਜਾਣ ਪਰ ਅਚਾਨਕ ਹੱਲਾ ਕਰਕੇ ਸੱਟ ਮਾਰਨਾ ਅਤੇ ਵੈਰੀ ਦੇ ਸੁਚੇਤ ਹੋਣ ਤੋਂ ਪਹਿਲਾਂ ਹੀ ਹਰਨ ਹੋ ਜਾਣਾ ਭੀ ਆਸਾਨ ਸੀ। ਇਨ੍ਹਾਂ ਗੱਲਾਂ ਨੂੰ ਸਾਹਮਣੇ ਰਖ ਕੇ ਰਾਠ ਸਿੰਘਾਂ ਨੇ ਆਪਣੇ ਆਪ ਨੂੰ ਦੋ ਦਲਾਂ ਵਿਚ ਵੰਡ ਲਿਆ—ਇਕ ਬੁੱਢਾ ਦਲ ਅਤੇ ਦੂਜਾ ਤਰੁਣਾ ਦਲ।

ਬੁੱਢਾ ਦਲ ਵਿਚ ਪੰਥ ਦੇ ਪੁਰਾਣੇ ਜਥੇਦਾਰ ਦੀਵਾਨ ਦਰਬਾਰਾ ਸਿੰਘ ਅਤੇ ਸਰਦਾਰ ਕਪੂਰ ਸਿੰਘ ਅਤੇ ਉਨ੍ਹਾਂ ਦੇ ਸੰਗੀ ਸਾਥੀ ਸਨ। ਸਰਦਾਰ ਕਪੂਰ ਸਿੰਘ ਪੰਥ ਵਿਚ ਇਕ ਉੱਘੇ ਸੇਵਕ ਸਨ। ਉਨ੍ਹਾਂ ਨੇ ਆਪਣੇ ਭਾਈ ਦਾਨ ਸਿੰਘ ਸਮੇਤ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਵਰੋਸਾਏ ਹੋਏ ਸਮਕਾਲੀ ਭਾਈ ਮਨੀ ਸਿੰਘ ਜੀ ਦੀ ਜਥੇਦਾਰੀ ਵਿਚ ਅੰਮ੍ਰਿਤ ਛਕਿਆ ਸੀ। ਗੁਰੂ ਕੇ ਸਿੰਘਾਂ ਪਰ ਹੋ ਰਹੇ ਜ਼ੁਲਮਾਂ ਦੇ ਹਾਲ ਦੇਖ ਸੁਣ ਕੇ ਅਤੇ ਖ਼ਾਸ ਕਰ ਸੰਤ-ਸਰੂਪ ਭਾਈ ਤਾਰਾ ਸਿੰਘ ਵਾਈਏ ਦੀ ਪੱਟੀ ਦੇ ਫੌਜਦਾਰ ਮਿਰਜ਼ਾ ਜਾਫ਼ਰ ਬੇਗ਼ ਅਤੇ ਮੋਮਨ ਖ਼ਾਨ ਕਸੂਰੀ ਦੀ ਫੌਜ ਹਥੋਂ ਸ਼ਹਾਦਤ ਤੋਂ ਪ੍ਰਭਾਵਤ ਹੋ ਕੇ ਕਪੂਰ ਸਿੰਘ ਦੇ ਮਨ ਨੇ ਹੁਲਾਰਾ ਖਾਧਾ ਅਤੇ ਉਹ ਮੁਸੀਬਤ ਸਮੇਂ ਇਨ੍ਹਾਂ ਸੂਰਮੇ ਸੰਤ-ਸਿਪਾਹੀਆਂ ਦੀ ਸੇਵਾ ਲਈ ਦੀਵਾਨ ਦਰਬਾਰਾ ਸਿੰਘ ਦੇ ਜਥੇ ਵਿਚ ਜਾ ਰਲਿਆ। ਇਥੇ ਇਸ ਨੇ ਜ਼ਕਰੀਆ ਖ਼ਾਨ ਦੀ ਹਕੂਮਤ ਸਮੇਂ ਮੁਗ਼ਲ ਅਹਿਲਕਾਰਾਂ ਵਿਰੁੱਧ ਕਈ ਇਕ ਧਾਵਿਆਂ ਵਿਚ ਹਿੱਸਾ ਲਿਆ ਅਤੇ ਬਹਾਦੁਰੀ ਲਈ ਨਾਉਂ ਖਟਿਆ। ਖੁੱਡੀਆਂ (ਪਰਗਨਾ ਲਾਹੌਰ), ਚਵਿੰਡੇ (ਜ਼ਿਲਾ ਅੰਮ੍ਰਿਤਸਰ) ਅਤੇ ਕਾਨ੍ਹੇ ਕਾਛੇ (ਜ਼ਿਲਾ ਗੁਰਦਾਸਪੁਰ) ਦੇ ਲਾਗੇ ਸ਼ਾਹੀ ਖ਼ਜ਼ਾਨੇ ਪਰ ਹੱਲਿਆਂ ਨਾਲ (ਸਾਵਣ-ਭਾਦੋਂ ਸੰਮਤ 1783, ਜੁਲਾਈ-ਅਗਸਤ, 1726 ਨੂੰ) ਖਾਲਸੇ ਨੂੰ ਪੰਜ ਕੁ ਲੱਖ ਰੁਪਈਆ ਹਥ ਲੱਗ ਗਿਆ ਅਤੇ ਮੁਰਤਜ਼ਾ ਖ਼ਾਨ ਉਚਕਜ਼ਈ ਦੇ ਘੋੜਿਆਂ ਦੇ ਕਾਫ਼ਲੇ ਦੀ ਲੁਟ ਨਾਲ (ਅਸੂ ਸੰਮਤ 1783, ਸਤੰਬਰ 1726) ਉਨ੍ਹਾਂ ਦੀ ਘੋੜਿਆਂ ਅਤੇ ਹਥਿਆਰਾਂ ਦੀ ਥੁੜ ਭੀ ਕੁਝ ਕੁ ਪੂਰੀ ਹੋ ਗਈ। ਕੁਝ ਵਿਚਾਰ ਪਿੱਛੋਂ

Sri Satguru Jagjit Singh Ji eLibrary

[illegible]

[illegible]

[illegible]

ਸਰਦਾਰ ਬੁੱਢਾ ਸਿੰਘ ਸੁੱਕਰਚੱਕੀਏ ਅਤੇ ਬਾਘ ਸਿੰਘ ਹੱਲੋਵਾਲੀਏ ਨੇ ਬਿਆਸਾ ਦੇ ਕੰਢੇ ਗੋਇੰਦਵਾਲ ਮੁਹੰਮਦ ਜਾਫ਼ਰ ਖ਼ਾਨ ਸੱਤ-ਹਜ਼ਾਰੀ ਦਾ ਕਾਫ਼ਲਾ ਜਾ ਮਾਰਿਆ ਅਤੇ ਪਿਸ਼ਾਵਰ ਤੋਂ ਦਿੱਲੀ ਨੂੰ ਜਾਂਦਾ ਕਾਫ਼ੀ ਸੋਨਾ ਚਾਂਦੀ ਅਤੇ ਹੋਰ ਮਾਲ ਜਾ ਸਾਂਭਿਆ।

ਪਰ ਇਨ੍ਹਾਂ ਹੱਲਿਆਂ ਅਤੇ ਸ਼ਾਹੀ ਮਾਲ ਦੀ ਖੋਹ ਖਿੰਜ ਤੋਂ ਇਹ ਅੰਦਾਜ਼ਾ ਲਾਉਣਾ ਗ਼ਲਤ ਹੋਵੇਗਾ ਕਿ ਸਿੰਘ ਇਸ ਵੇਲੇ ਧਨ ਮਾਲ ਦੇ ਲਾਲਚ ਨਾਲ ਦੇਸ ਦੀ ਲੁੱਟ ਮਾਰ ਪਰ ਉਤਰ ਆਏ ਸਨ ਜਿਵੇਂ ਕਿ ਕਈ ਇਕ ਲਿਖਾਰੀਆਂ ਨੇ ਲਾਇਆ ਹੈ ਅਤੇ ਸਿੰਘਾਂ ਨੂੰ ਡਾਕੂ ਅਤੇ ਲੁਟੇਰੇ ਜ਼ਾਹਰ ਕੀਤਾ ਹੈ। ਜਿਵੇਂ ਅਸੀਂ ਪਿੱਛੇ ਦੱਸ ਆਏ ਹਾਂ, ਸਿੰਘਾਂ ਦਾ ਇਨ੍ਹਾਂ ਹੱਲਿਆਂ ਤੋਂ ਇਕੋ ਹੀ ਮਤਲਬ ਸੀ ਕਿ ਲਾਹੌਰ ਦੀ ਹਕੂਮਤ ਵਿਚ ਅਬਤਰੀ ਫੈਲ ਜਾਏ ਅਤੇ ਉਸ ਨੂੰ ਅਜਿਹੇ ਹੱਥ ਪੈਰ ਪੈ ਜਾਣ ਕਿ ਉਨ੍ਹਾਂ ਦਾ ਧਿਆਨ ਸਿੰਘਾਂ ਪਰ ਸਖ਼ਤੀ ਕਰਨ ਤੋਂ ਜਿਤਨਾ ਭੀ ਘਟ ਸਕਦਾ ਹੋਵੇ, ਘਟ ਜਾਏ। ਹੋਰ ਕੁਝ ਨਹੀਂ ਸੀ। ਇਸ ਦਾ ਪ੍ਰਤੱਖ ਸਬੂਤ ਭੁਲੇਖੇ ਵਿਚ ਲੁੱਟੇ ਗਏ ਸੇਠ ਪ੍ਰਤਾਪ ਚੰਦ ਸਿਆਲਕੋਟੀ ਦੇ ਮਾਲ ਵਾਪਸ ਕਰ ਦੇਣ ਤੋਂ ਮਿਲਦਾ ਹੈ। ਇਕ ਵਾਰੀ ਸੰਮਤ 1784 (ਸੰਨ 1727) ਵਿਚ ਜਦ ਖ਼ਾਲਸੇ ਨੂੰ ਸੂਹ ਮਿਲੀ ਕਿ ਦਿੱਲੀ ਸ਼ਾਹੀ ਘਰਾਣੇ ਲਈ ਬਹੁ-ਮੁੱਲੇ ਮਾਲ ਦਾ ਟਾਂਡਾ ਦੀਵਾਨ ਦਰਬਾਰਾ ਸਿੰਘ, ਕਪੂਰ ਸਿੰਘ ਆਦਿ ਦੇ ਜੱਥੇ ਦੇ ਪਾਸ ਹੀ ਸ੍ਰੀ ਹਰਗੋਬਿੰਦਪੁਰੇ ਆ ਉਤਰਿਆ ਹੈ ਤਾਂ ਇਨ੍ਹਾਂ ਨੇ ਜਾ ਛਾਪਾ ਮਾਰਿਆ। ਪਰ ਮਗਰੋਂ ਜਦ ਇਹ ਪਤਾ ਲੱਗਾ ਕਿ ਇਹ ਮਾਲ ਸ਼ਾਹੀ ਘਰਾਣੇ ਨੇ ਖਰੀਦਿਆ ਨਹੀਂ ਅਤੇ ਇਸ ਦਾ ਮਾਲਕ ਅਜੇ ਸੇਠ ਪ੍ਰਤਾਪ ਚੰਦ ਹੀ ਹੈ ਜੋ ਬੇਚਣ ਦੇ ਖ਼ਿਆਲ ਨਾਲ ਦਿੱਲੀ ਜਾ ਰਿਹਾ ਹੈ, ਤਾਂ ਉਨ੍ਹਾਂ ਨੇ ਸਾਰਾ ਮਾਲ ਪ੍ਰਤਾਪ ਚੰਦ ਦੀ ਭਾਲ ਕਰ ਕੇ ਉਸ ਨੂੰ ਸਹੀ ਸਲਾਮਤ ਪਹੁੰਚਾ ਦਿੱਤਾ। ਖ਼ਾਲਸੇ ਦਾ ਇਹ ਕਰਤੱਵ ਇਸ ਗੱਲ ਦੀ ਮੂਹੋਂ ਬੋਲਦੀ ਗਵਾਹੀ ਹੈ ਕਿ ਉਹ ਲੁੱਟ ਦੇ ਖ਼ਿਆਲ ਨਾਲ ਧਾਵੇ ਨਹੀਂ ਸਨ ਮਾਰਦੇ, ਬਲਕਿ ਕੇਵਲ ਲਾਹੌਰ ਦੀ ਸਰਕਾਰ ਦੇ ਜ਼ੁਲਮ ਨੂੰ ਮੱਠਾ ਕਰਨ ਲਈ, ਅਤੇ ਜੇ ਕਿਧਰੇ ਭੁਲੇਖੇ ਵਿਚ ਕੋਈ ਗ਼ਲਤੀ ਹੋ ਜਾਏ ਤਾਂ ਝੱਟ ਮਾਲ ਮੋੜ ਦਿੰਦੇ ਸਨ।

ਜਿਉਂ ਜਿਉਂ ਜ਼ਕਰੀਆ ਖ਼ਾਨ ਸਖ਼ਤੀ ਕਰਦਾ ਗਿਆ, ਪਿੰਡਾਂ ਵਿਚ ਸਿੰਘਾਂ ਲਈ ਹਮਦਰਦੀ ਵਧਦੀ ਗਈ ਅਤੇ ਮਨਚਲੇ ਗਭਰੂ ਅੰਮ੍ਰਿਤ ਛਕ ਕੇ ਹਜ਼ਾਰਾਂ ਦੀ ਗਿਣਤੀ ਵਿਚ ਖ਼ਾਲਸਾ ਦਲ ਵਿਚ ਰਲਣ ਲੱਗ ਪਏ। ਹਕੂਮਤ ਨੂੰ ਭੀ ਖ਼ਾਲਸੇ ਦੇ ਸਾਹਮਣੇ ਬੇ-ਬੱਸ ਅਤੇ ਨਿਹੱਥਲ ਹੁੰਦੀ ਜਾ ਰਹੀ ਦੇਖ ਕੇ ਲੋਕਾਂ ਦੇ ਹੌਸਲੇ ਭੀ ਵਧ ਗਏ ਅਤੇ ਦਲਾਂ ਦੀ ਨਫ਼ਰੀ ਉਛਲਣ ਲੱਗ ਪਈ। ਘੋੜਿਆਂ ਦੇ ਖਾਣ ਪੀਣ ਦਾ ਗੁਜ਼ਾਰਾ ਤਾਂ ਔਖੇ ਸੌਖੇ ਹੁੰਦਾ ਜਾ ਰਿਹਾ ਸੀ, ਪਰ ਵਧ ਰਹੀ ਗਿਣਤੀ ਨਾਲ ਇਕੱਠੇ ਇਕ ਥਾਂ ਜਾਂ ਲਾਗੇ ਲਾਗੇ ਰਹਿ ਕੇ ਗੁਜ਼ਰ ਔਖੀ ਹੋ ਗਈ। ਇਹ ਦੇਖ ਕੇ ਦੀਵਾਨ ਦਰਬਾਰਾ ਸਿੰਘ ਅਤੇ ਸਰਦਾਰ ਕਪੂਰ ਸਿੰਘ ਨੇ ਭਾਈ ਮਨੀ ਸਿੰਘ ਦੀ ਅਗਵਾਈ ਵਿਚ ਸਰਬੱਤ ਖ਼ਾਲਸੇ ਦਾ ਇਕ ਦੀਵਾਨ ਬੁਲਾਇਆ ਅਤੇ ਸੁਝਾਉ ਪੇਸ਼ ਕੀਤਾ ਕਿ ਤਰੁਣਾ ਦਲ ਨੂੰ ਵੱਖ ਵੱਖ ਜਥਿਆਂ ਵਿਚ ਵੰਡ ਦਿੱਤਾ ਜਾਏ ਤਾਂ ਕਿ ਲੰਗਰ ਦਾ ਪ੍ਰਬੰਧ ਵੱਖਰਾ ਵੱਖਰਾ ਹੋਣ ਨਾਲ ਸੌਖਾ ਹੋ ਜਾਏ। ਇਸ ਤੋਂ

Sri Satguru Jagjit Singh Ji eLibrary

ਇਲਾਵਾ ਜਵਾਨੀ ਦੀ ਉਮਰ ਵਿਚ ਤਰੁਣਾ ਦਲ ਦੇ ਸਿੰਘ ਜਿਆਦਾ ਜੋਸ਼ੀਲੇ, ਦੌੜਨ ਭੱਜਣ ਅਤੇ ਹੱਲੇ ਕਰਨ ਵਿਚ ਜਿਆਦਾ ਤੇਜ ਅਤੇ ਸਖ਼ਤ ਸਨ, ਦੂਰ ਦੂਰ ਤਕ ਮਾਰ ਕਰਦੇ ਸਨ ਅਤੇ ਬੁੱਢਾ ਦਲ ਵਾਲਿਆਂ ਨਾਲ ਮੇਲ ਮਿਲਾਪ ਵੀ ਸੌਖੇ ਹੀ ਰੱਖ ਸਕਦੇ ਸਨ। ਇਹ ਸੁਝਾਉ ਸਭ ਦੇ ਮਨ ਲੱਗਾ ਅਤੇ ਸਰਬ ਸੰਮਤੀ ਨਾਲ ਇਸ ਤਰ੍ਹਾਂ ਜੱਥੇ ਬਣਾਏ ਗਏ :

ਪਹਿਲਾ — ਨਿਸ਼ਾਨ ਸਾਹਿਬ ਭਾਈ ਦੀਪ ਸਿੰਘ ਨੂੰ ਫੜਾ ਕੇ ਇਕ ਡੇਰਾ ਉਨ੍ਹਾਂ ਦੇ ਤਾਬੇ ਕੀਤਾ।

ਦੂਸਰਾ — ਭਾਈ ਕਰਮ ਸਿੰਘ ਧਰਮ ਸਿੰਘ ਅੰਮ੍ਰਿਤਸਰੀਆਂ ਨੂੰ,

ਤੀਸਰਾ — ਬਾਬਾ ਕਾਹਨ ਸਿੰਘ ਬਿਨੋਦ ਸਿੰਘ ਗੋਇੰਦਵਾਲੀਆਂ ਨੂੰ,

ਚੌਥਾ — ਭਾਈ ਦਸੌਂਧਾ ਸਿੰਘ ਕੋਟ ਬੁਢਾ ਵਾਲੇ ਨੂੰ, ਅਤੇ

ਪੰਜਵਾਂ — ਭਾਈ ਬੀਰੂ ਸਿੰਘ, ਮਦਨ ਸਿੰਘ ਨੂੰ।

ਇਨ੍ਹਾਂ ਪੰਜ ਡੇਰਿਆਂ ਤੋਂ ਬਿਨਾ ਜੋ ਪੁਰਾਣੇ ਬੁੱਢੇ ਸਿੰਘ ਸਨ ਉਹ ਸਾਰੇ ਸਰਦਾਰ ਕਪੂਰ ਸਿੰਘ ਜੀ ਪਾਸ ਰਹੇ। ਇਨ੍ਹਾਂ ਵਿਚ ਉੱਘੇ ਸਨ ਸਰਦਾਰ ਸ਼ਾਮ ਸਿੰਘ ਨਾਰੋਕਿਆਂ ਵਾਲੇ, ਸਰਦਾਰ ਗੁਰਬਖ਼ਸ਼ ਸਿੰਘ ਰੋੜਾਂ ਵਾਲੇ, ਸਰਦਾਰ ਬਾਘ ਸਿੰਘ ਹੱਲੋਵਾਲੀਏ, ਸਰਦਾਰ ਗੁਰਦਿਆਲ ਸਿੰਘ ਡੱਲੇਵਾਲੀਏ, ਸਰਦਾਰ ਸੁੱਖਾ ਸਿੰਘ ਮਾੜੀ ਕੰਬੋ ਵਾਲੇ, ਸਰਦਾਰ ਭੋਮਾ ਸਿੰਘ, ਆਦਿ। ਇਹ ਗੱਲ ਸੰਮਤ 1787 ਸੰਨ 1730 ਈ. ਦੀ ਹੈ। ਇਨ੍ਹਾਂ ਦਿਨਾਂ ਵਿਚ ਸਰਦਾਰ ਜੱਸਾ ਸਿੰਘ ਆਪਣੇ ਮਾਮਾ ਸਰਦਾਰ ਬਾਘ ਸਿੰਘ ਹੱਲੋਵਾਲੀਏ ਦੇ ਨਾਲ ਸਰਦਾਰ ਕਪੂਰ ਸਿੰਘ ਜੀ ਪਾਸ ਆ ਗਏ ਸਨ।

ਖਾਲਸੇ ਦੀ ਵਧ ਰਹੀ ਤਾਕਤ ਅਤੇ ਦਿਨੋ ਦਿਨ ਮਜਬੂਤ ਹੋ ਰਹੀ ਜੱਥੇਬੰਦੀ ਨੇ ਜਕਰੀਆ ਖ਼ਾਨ ਨੂੰ ਘਬਰਾ ਦਿੱਤਾ। ਉਸ ਦਾ ਤਾਂ ਖ਼ਿਆਲ ਸੀ ਕਿ ਉਹ ਸਖ਼ਤੀ ਨਾਲ ਖਾਲਸੇ ਨੂੰ ਦਬਾ ਦੇਵੇਗਾ। ਪਰ ਉਹ ਕੌੜੀ ਵੇਲ ਦੀ ਤਰ੍ਹਾਂ ਵਧਦਾ ਜਾ ਰਿਹਾ ਸੀ। ਉਨ੍ਹਾਂ ਦੇ ਹੱਲਿਆਂ ਦੇ ਕਾਰਣ ਸ਼ਾਹੀ ਮਾਲੀਆ ਵੇਲੇ ਸਿਰ ਦਿੱਲੀ ਪੁੱਜਣਾ ਮੁਸ਼ਕਲ ਹੋ ਰਿਹਾ ਸੀ। ਦੱਖਣ-ਲਹਿੰਦੇ ਵੱਲ ਭੀ ਲੋਕਾਂ ਵਿਚ ਗੜਬੜ ਰਹਿਣ ਕਰਕੇ ਮਾਝੇ ਵਾਂਗ ਉਥੇ ਭੀ ਮਾਮਲੇ ਦੀ ਉਗ੍ਰਾਹੀ ਪੂਰੀ ਨਹੀਂ ਸੀ ਹੋ ਰਹੀ। ਇਹ ਹੀ ਨਹੀਂ, ਬਲਕਿ ਦਲ ਖਾਲਸਾ ਮਾਲਵੇ ਵਿਚ ਭੀ ਪੁੱਜ ਗਿਆ ਸੀ ਅਤੇ ਜਦ ਸੰਮਤ 1789 ਵਿਚ ਮੰਝ ਰਾਜਪੂਤਾਂ ਨੇ ਇਕ ਤਕੜਾ ਇਕੱਠ ਕਰ ਕੇ ਦੁਆਬੇ ਦੇ ਫੌਜਦਾਰ ਸੱਯਦ ਅਸਦ ਅਲੀ ਅਤੇ ਮਲੇਰਕੋਟਲੀਏ ਪਠਾਣ ਜਮਾਲ ਖ਼ਾਨ ਦੀ ਸਹਾਇਤਾ ਨਾਲ ਸਰਦਾਰ ਆਲਾ ਸਿੰਘ ਫੂਲ-ਕੇ ਨੂੰ ਬਰਨਾਲੇ ਜਾ ਘੇਰਿਆ ਤਾਂ ਤਰੁਣਾ ਦਲ ਨੇ ਸਰਦਾਰ ਦੀਪ ਸਿੰਘ ਦੀ ਅਗਵਾਈ ਵਿਚ ਉਸ ਦੀ ਜਾ ਸਹਾਇਤਾ ਕੀਤੀ ਅਤੇ ਵੈਰੀਆਂ ਨੂੰ ਹਰਾ ਕੇ ਭਜਾ ਦਿੱਤਾ ਸੀ ਅਤੇ ਆਲਾ ਸਿੰਘ ਨੂੰ ਭਰੋਸਾ ਦੇ ਆਏ ਸਨ ਕਿ ਜਦ ਵੀ ਭੱਟੀਆਂ ਆਦਿ ਨਾਲ ਲੜਨ ਦੀ ਲੋੜ ਪਵੇ, ਖਾਲਸਾ ਜੀ ਨੂੰ ਯਾਦ ਕਰ ਲਿਆ ਕਰਨਾ, ਉਹ ਵੈਰੀਆਂ ਨੂੰ ਸੋਧ ਦਿਆ ਕਰੇਗਾ। ਇਨ੍ਹਾਂ ਕਾਰਣਾਂ ਕਰਕੇ

Sri Satguru Jagjit Singh Ji eLibrary

ਦਿੱਲੀ ਦੀ ਸਰਕਾਰ ਦਾ ਜ਼ਕਰੀਆ ਖ਼ਾਨ ਨਾਲ ਨਾਰਾਜ਼ ਹੋਣਾ ਕੁਦਰਤੀ ਗੱਲ ਸੀ। ਜ਼ਕਰੀਆ ਖ਼ਾਨ ਦੇ ਸਖ਼ਤੀ ਦੇ ਹਥਿਆਰ ਹੁਣ ਖੁੰਢੇ ਹੋ ਚੁੱਕੇ ਸਨ ਅਤੇ ਉਹ ਅੱਕ ਗਿਆ ਹੋਇਆ ਸੀ। ਇਸ ਲਈ ਉਸ ਨੇ ਦਿੱਲੀ ਦੀ ਸਰਕਾਰ ਅਤੇ ਬਾਦਸ਼ਾਹ ਮੁਹੰਮਦ ਸ਼ਾਹ ਦੀ ਮਨਜ਼ੂਰੀ ਨਾਲ ਇਹ ਵਿਉਂਤ ਬਣਾਈ ਕਿ :

1. ਸਿੰਘਾਂ ਪਰ ਲੱਗੀਆਂ ਬੰਦਸ਼ਾਂ ਹਟਾ ਲਈਆਂ ਜਾਣ,
2. ਉਨ੍ਹਾਂ ਨੂੰ ਇਕ ਜਾਗੀਰ ਦੇ ਦਿੱਤੀ ਜਾਏ ਜਿਸ ਨਾਲ ਉਹ ਪ੍ਰਸੰਨ-ਚਿਤ ਰਹਿਣ,
3. ਉਨ੍ਹਾਂ ਦੇ ਮੁਹੈਲ ਆਗੂ ਨੂੰ 'ਨਵਾਬ' ਦੀ ਪਦਵੀ ਦੇ ਦਿੱਤੀ ਜਾਏ ਤਾਂ ਕਿ ਉਹ ਖ਼ਾਲਸਾ ਦਲਾਂ ਨੂੰ ਆਪਣੇ ਤਹਿਤ ਰਖ ਸਕੇ ਅਤੇ ਦੇਸ ਵਿਚ ਅਮਨ ਅਮਾਨ ਵਰਤ ਸਕੇ।

ਇਸ ਵਿਉਂਤ ਨੂੰ ਸਿਰੇ ਚਾੜ੍ਹਣ ਲਈ ਜ਼ਕਰੀਆ ਖ਼ਾਨ ਨੇ ਇਕ ਸਰਕਾਰੀ ਅਹੁਦੇਦਾਰ (ਚਕਰੈਲ ਸਿੰਘ) ਭਾਈ ਸਬੇਗ ਸਿੰਘ ਨੂੰ ਵਸਾਖੀ ਸੰਮਤ 1790 (29 ਮਾਰਚ ਸੰਨ 1736 ਈ.) ਨੂੰ ਖਾਲਸੇ ਪਾਸ ਸ੍ਰੀ ਅੰਮ੍ਰਿਤਸਰ ਭੇਜਿਆ। ਬਹੁਤ ਕੁਝ ਵਿਚਾਰਨ ਤੋਂ ਬਾਅਦ ਖ਼ਾਲਸੇ ਨੇ ਸੁਲਾਹ ਸਫਾਈ ਦੀ ਗੱਲ ਪਰਵਾਨ ਕਰ ਲਈ ਪਰ 'ਨਵਾਬੀ' ਦੀ ਖਿਲਅਤ (ਸਿਰੋਪਾਉ) ਲੈਣ ਤੋਂ ਹਰ ਕੋਈ ਸਿੰਘ ਨਾਂਹ ਕਰੀ ਜਾਏ। ਕੁਝ ਸਿਆਣਿਆਂ ਨੇ ਸਲਾਹ ਦਿੱਤੀ ਕਿ ਖਿਲਅਤ ਪੰਥ ਦੇ ਪੁਰਾਣੇ ਬਿਰਧ ਆਗੂ ਸਰਦਾਰ ਦਰਬਾਰਾ ਸਿੰਘ ਨੂੰ ਦੇ ਦਿੱਤੀ ਜਾਏ, ਪਰ ਉਸ ਨੇ ਭੀ ਨਾਂਹ ਕਰ ਦਿੱਤੀ। ਇਸ ਗੱਲ ਦਾ ਜਿਕਰ ਕਰਦਾ ਹੋਇਆ ਭੰਗੂ ਰਤਨ ਸਿੰਘ ਸ਼ਹੀਦ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਲਿਖਦਾ ਹੈ :

*ਉਨੈ ਦਰਬਾਰੈ ਸਿੰਘ ਅਗਾਰੋਂ ਕਹੀ। ਅਸੀਂ ਨਵਾਬੀ ਕਦ ਚਹੈਂ ਲਈ।*
*ਹਮਕੋ ਸਤਿਗੁਰ ਬਚਨ ਪਤਿਸ਼ਾਹੀ ਹਈ। ਹਮ ਕੋ ਜਾਪਤ ਫਿਰ ਸੋਊ ਅਈ ॥36॥*
*ਹਮ ਰਾਖਤ ਪਤਿਸ਼ਾਹੀ ਦਾਵਾ। ਜਾ ਇਤ ਕੋ ਜਾਂ ਅਗਲੋਂ ਪਾਵਾ।*
*ਜੋ ਸਤਿਗੁਰ ਸਿਖਨ ਕਹੀ ਬਾਤ। ਹੋਗ ਸਾਈ ਨਹਿ ਖਾਲੀ ਜਾਤ ॥ 37 ॥*
*ਧਰੁਵ ਧਰਤ ਔ ਧਵਲ ਡੁਲਾਇ। ਸਤਿਗੁਰ ਬਚਨ ਨਾ ਖ਼ਾਲੀ ਜਾਇ।*
*ਪਤਿਸ਼ਾਹੀ ਛੱਡ ਕਿਮ ਲਹੈਂ ਨਵਾਬੀ। ਪਰਾਧੀਨ ਜਿਹ ਮਾਹਿ ਖਰਾਬੀ ॥ 38 ॥*

ਦੋਹਰਾ

*ਹਮ ਪਾਤਸ਼ਾਹੀ ਸਤਿਗੁਰੂ ਦਈ ਹੱਨੈ ਹੱਨੈ ਲਾਇ।*
*ਜਿਹ ਜਿਹ ਬਹੈਂ ਜਮੀਨ ਮੱਲ ਤਹਿ ਤਹਿ ਤਖ਼ਤ ਬਨਾਇ ॥*
*ਇਸੀ ਭਾਂਤ ਬਹੁ ਸਿਖਨ ਕਹੀ। ਹਮ ਕੋ ਲੋੜ ਨਵਾਬੀ ਨਹੀਂ।.....*
*ਕਿਸੈ ਸਿੰਘ ਕੋ ਯਹ ਦਾ ਦੇਹੋ। ਟਹਲ ਕਰਤ ਕਿਸੈ ਕੋ ਲਖ ਲੇਹੋ ॥ 41 ॥*

[ਪੰਨਾ 259-60]

ਇਸ ਵੇਲੇ ਨਵਾਬੀ ਖਿਲਅਤ ਦੀ ਉਹ ਹੀ ਹਾਲਤ ਹੋ ਰਹੀ ਸੀ ਜੋ ਖੇਲ ਦੇ ਮੈਦਾਨ ਵਿਚ ਫੁਟਬਾਲ ਦੀ ਹੁੰਦੀ ਹੈ, ਜਿਸ ਨੂੰ ਕਿ ਹਰ ਕੋਈ ਪੈਰਾਂ ਨਾਲ ਠੁਡੇ (ਕਿੱਕਾਂ) ਮਾਰਦਾ

Sri Satguru Jagjit Singh ji eLibrary

ਹੈ ਅਤੇ ਹੱਥ ਕੋਈ ਨਹੀਂ ਲਾਉਂਦਾ। ਇਸ ਵੇਲੇ ਖਾਲਸੇ ਦੇ ਸਜੇ ਦੀਵਾਨ ਵਿਚ ਇਕ ਸਿੰਘ ਪਾਠ ਕਰ ਰਿਹਾ ਸੀ ਕਿ ਗਉੜੀ ਰਾਗ ਬਾਵਨ ਅਖਰੀ ਵਿਚ ਪੰਜਵੇਂ ਪਾਤਸ਼ਾਹ ਦੀਆਂ ਇਹ ਤੁਕਾਂ ਸੁਣ ਕੇ ਕਿ :

*ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ।*
*ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ।..... ॥27॥*

ਇਕ ਸਿੰਘ ਬੋਲ ਉਠਿਆ ਕਿ ਗੁਰੂ ਮਹਾਰਾਜ ਦਾ ਵਾਕ ਇਹ ਫੁਰਮਾਉਂਦਾ ਹੈ ਕਿ ਟਹਿਲ ਕਰਦੇ ਨੂੰ ਉੱਚੀ ਪਦਵੀ ਪਰਾਪਤ ਹੁੰਦੀ ਹੈ, ਗੁਰੂ ਦਾ ਹੁਕਮ ਮੰਨੋ, ਢਿੱਲ ਨਾ ਕਰੋ ਅਤੇ ਸੇਵਾ ਕਰਦੇ ਸਿੰਘ ਨੂੰ ਇਹ ਪਦਵੀ ਦੇ ਦਿਓ। ਇਸ ਵੇਲੇ ਸਰਦਾਰ ਕਪੂਰ ਸਿੰਘ ਦੀਵਾਨ ਵਿਚ ਸੰਗਤਾਂ ਨੂੰ ਪੱਖਾ ਝੱਲ ਰਹੇ ਸਨ। ਰੋਪੜ ਵਿਚ ਪਿੱਛੇ ਜਿਹੇ ਗਸ਼ਤੀ ਫੌਜ ਨਾਲ ਹੋ ਪਈ ਇਕ ਟੱਕਰ ਵਿਚ ਭਾਵੇਂ ਉਨ੍ਹਾਂ ਦੇ ਮੱਥੇ ਦਾ ਫੱਟ ਅਜੇ ਅੱਲਾ ਹੀ ਸੀ ਪਰ ਉਹ ਇਸ ਦੀ ਪਰਵਾਹ ਨਾ ਕਰਦੇ ਹੋਏ ਇੱਧਰ ਉਧਰ ਚੱਕਰ ਲਾ ਕੇ ਸੇਵਾ ਵਿਚ ਤਤਪਰ ਜੁਟੇ ਹੋਏ ਸਨ। 'ਪੰਥ ਪ੍ਰਕਾਸ਼' ਦੇ ਕਥਨ ਅਨੁਸਾਰ :

*ਬੀਚ ਦੀਵਾਨ ਤਬੈ ਵਹਿ ਬਲ ਧਰ।*
*ਪੱਖਾ ਕਰਤ ਹੁਤੇ ਇਤ ਉਤ ਫਿਰ।*
*ਅਵਰ ਟਹਿਲ ਵਹਿ ਬਹੁਤ ਕਮਾਵੈ।*
*ਦੇਗ ਹੇਤ ਜਲ ਲਕਰੀ ਲਿਆਵੇ।*
*ਬਰਤਨ ਜੂਠੇ ਮਾਂਜਤ ਸਭ ਕੇ।*
*ਕੱਛਾਂ ਧੋਇ ਨੁਲ੍ਹਾਵਤ ਜਬਕੇ।*
*ਲੀਦ ਹਟਾਵਤ ਅਸਵਨ ਸਾਰੀ।*
*ਔਰ ਟਹਿਲ ਇਤਿਆਦਿਕ ਭਾਰੀ।*
*ਕਰਤ ਰਹਿਤ ਨਿਸ ਦਿਨ ਧਰ ਸਰਧਾ।*
*ਕਬੀ ਨ ਕਰ ਹੀ ਕਾਹਿ ਸਪਰਧਾ।*
*ਜਤੀ ਸਤੀ ਦਾਤਾ ਵਡ ਸੂਰਾ।*
*ਬਾ ਫਲ ਇਸ ਤੈ ਮਿਲਖੇ ਪੂਰਾ।*

[ਦੂਜੀ ਵਾਰ, ਪੰਨਾ 424-425]

ਦੀਵਾਨ ਵਿਚ ਹਾਜ਼ਰ ਸਰਬਤ ਖਾਲਸੇ ਨੂੰ ਇਹ ਗੱਲ ਬੜੀ ਚੰਗੀ ਲੱਗੀ ਅਤੇ ਉਨ੍ਹਾਂ ਨੇ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਪਰਵਾਨਗੀ ਦੇ ਦਿੱਤੀ। ਸਰਦਾਰ ਕਪੂਰ ਸਿੰਘ ਜੀ ਇਸ ਹਾਲਤ ਵਿਚ ਨਾਂਹ ਨਹੀਂ ਸਨ ਕਰ ਸਕਦੇ। ਗੁਰੂ ਕੀ ਹਜ਼ੂਰੀ ਵਿਚ ਅਰਦਾਸ ਹੋ ਗਈ ਅਤੇ ਉਨ੍ਹਾਂ ਨੇ ਸੀਸ ਨਿਵਾ ਦਿੱਤਾ ਅਤੇ ਹੱਥ ਜੋੜ ਕੇ ਬੜੀ ਨਿਮ੍ਰਤਾ ਨਾਲ ਬੇਨਤੀ ਕੀਤੀ ਕਿ ਜੇ ਖਾਲਸਾ ਤੁਠਾ ਹੈ ਤਾਂ ਖਿਲਅਤ ਪੰਜ ਸਿੰਘਾਂ ਦੇ ਪੈਰਾਂ ਨਾਲ ਛੂਹ ਕੇ ਪਵਿੱਤਰ ਕਰ ਕੇ ਬਖਸ਼ੀ ਜਾਏ। ਇਹ ਗੱਲ ਸੰਗਤ ਨੇ ਪਰਵਾਨ ਕਰ ਲਈ। ਇਸ ਤਰ੍ਹਾਂ

Sri Satguru Jagjit Singh Ji eLibrary

ਸਰਕਾਰ ਵੱਲੋਂ ਸਰਦਾਰ ਕਪੂਰ ਸਿੰਘ ਲਈ 'ਨਵਾਬ' ਦੀ ਪਦਵੀ ਪੰਥ ਵੱਲੋਂ ਪਰਵਾਨ ਕਰ ਲਈ ਗਈ ਅਤੇ ਪਰਗਣਾ ਚੂਹਨੀਆਂ, ਦਿਪਾਲਪੁਰ, ਕੰਗਣਵਾਲ ਅਤੇ ਝਬਾਲ ਆਦਿ ਬਾਰਾਂ ਪਿੰਡਾਂ ਦੀ ਜਾਗੀਰ ਗੁਰੂ-ਚੱਕ ਸ੍ਰੀ ਅੰਮ੍ਰਿਤਸਰ ਨਾਲ ਲਾ ਦਿੱਤੀ ਗਈ ਅਤੇ ਖਾਲਸੇ ਨੂੰ ਖੁਲ੍ਹੇ ਵਿਚਰਨ ਦੀ ਆਗਿਆ ਹੋ ਗਈ। ਇਸ ਨਾਲ ਕੁਝ ਚਿਰ ਲਈ ਸਰਕਾਰ ਅਤੇ ਸਿੰਘਾਂ ਵਿਚਕਾਰ ਸੁਲਾਹ ਹੋ ਗਈ। ਅਸਲ ਵਿਚ ਅੰਦਰੋਂ ਜ਼ਕਰੀਆ ਖ਼ਾਨ ਦੇ ਮਨ ਵਿਚ ਮੈਲ ਸੀ। ਉਹ ਕੇਵਲ ਸਿੰਘਾਂ ਪਰ ਇਕ ਕਰੜੀ ਸੱਟ ਮਾਰਨ ਲਈ ਵਕਤ ਅਤੇ ਮੌਕੇ ਦੀ ਤਾੜ ਵਿਚ ਸੀ, ਜਿਵੇਂ ਕਿ ਬਾਅਦ ਦੇ ਹਾਲਾਤ ਤੋਂ ਸਪੱਸ਼ਟ ਹੋ ਜਾਂਦਾ ਹੈ।

ਅਮਨ ਅਮਾਨ ਹੋ ਜਾਣ ਪਰ ਮੁਖੀ ਮੁਖੀ ਸਰਦਾਰ ਨਵਾਬ ਕਪੂਰ ਸਿੰਘ ਜੀ ਨਾਲ ਸ੍ਰੀ ਅੰਮ੍ਰਿਤਸਰ ਰਹਿਣ ਲੱਗ ਪਏ ਅਤੇ ਬਾਕੀ ਬਹੁਤ ਸਾਰਾ ਖਾਲਸਾ ਆਪਣੇ ਆਪਣੇ ਘਰਾਂ ਨੂੰ ਛਿੜ ਗਿਆ। ਸ਼ਾਹੀ ਮਾਲ ਖ਼ਜ਼ਾਨਿਆਂ ਅਤੇ ਕਾਫ਼ਲਿਆਂ ਦੀ ਲੁੱਟ ਮਾਰ ਦੀ ਹੁਣ ਲੋੜ ਨਹੀਂ ਸੀ ਰਹੀ। ਜੋ ਸਿੰਘ ਨਵਾਬ ਸਾਹਿਬ ਨਾਲ ਸਨ ਉਨ੍ਹਾਂ ਲਈ ਸ੍ਰੀ ਅੰਮ੍ਰਿਤਸਰ ਵਿਚ ਗੁਰੂ ਕਾ ਲੰਗਰ ਖੁਲ੍ਹਾ ਵਰਤਦਾ ਸੀ। ਮੁਸੀਬਤਾਂ ਦੇ ਜ਼ਮਾਨੇ ਨੇ ਸਿੰਘਾਂ ਨੂੰ ਇਕ ਮੁੱਠ ਅਤੇ ਇਕ ਜਾਨ ਕਰ ਦਿੱਤਾ ਸੀ ਅਤੇ ਉਹ ਸਭ ਇੱਕੋ-ਮਾਂ-ਪਿਓ-ਜਾਏ ਸਕੇ ਵੀਰਾਂ ਦੀ ਤਰ੍ਹਾਂ ਰਹਿ ਰਹੇ ਸਨ। 'ਤਵਾਰੀਖ ਗੁਰੂ ਖਾਲਸਾ' ਭਾਗ ਦੂਸਰੇ (ਸ਼ਮਸ਼ੇਰ ਖਾਲਸਾ), ਵਿਚ ਇਸ ਦਾ ਬੜਾ ਸੋਹਣਾ ਵਰਣਨ ਇਸ ਤਰ੍ਹਾਂ ਕੀਤਾ ਹੋਇਆ ਹੈ :

> ਉਸ ਸਮੇਂ ਸਿੰਘਾਂ ਦਾ ਆਪਸ ਵਿਚ ਬਹੁਤ ਪਯਾਰ ਤੇ ਏਕਾਯਤ ਸੀ, ਇਕ ਦੂਸਰੇ ਨੂੰ ਆਪਣੇ ਪ੍ਰਾਣਾਂ ਜੈਸਾ ਪਯਾਰਾ ਤੇ ਸਕਾ ਭਾਈ ਸਮਝਦਾ ਸੀ। ਨੀਚੀ ਊਚੀ ਜ਼ਾਤ ਪਾਤ ਦਾ ਭੇਦ ਕੋਈ ਨਹੀਂ ਸੀ। ਸਭ ਆਪ ਨੂੰ ਇਕ ਰੂਪ ਸੋਢ ਬੰਸ ਛਤ੍ਰੀ ਖਾਲਸਾ ਮੰਨਦੇ ਸੇ। ਜੇ ਕੋਈ ਕੁਛ ਕਮਾ ਕੇ ਕਿਧਰੋਂ ਲਿਆਉਂਦਾ ਸੋ ਸਭ ਗੁਰੂ ਕੇ ਖਜ਼ਾਨੇ ਵਿਚ ਜਮਾ ਕਰਕੇ ਸਭਨਾਂ ਭਾਈਆਂ ਦੇ ਨਾਲ ਰਲ ਕੇ ਗੁਜਾਰਾ ਕਰਦਾ। ਵਧ ਘਟ ਲੈਣ ਦਾ ਕੋਈ ਕਿਸੇ ਨੂੰ ਖਿਆਲ ਨਾ ਫੁਰਦਾ। ਜੋ ਕੁਛ ਨਵਾਬ ਆਦਕ ਮੁਖੀਏ ਸਿੰਘ ਬਰਤਾਉਂਦੇ, ਉਸੇ ਪਰ ਆਨੰਦ ਰਹਿੰਦੇ ਅਤੇ ਦਿਨ ਰਾਤ ਗੁਰੂ ਦੀ ਬਾਣੀ ਪੜ੍ਹਦੇ ਹੋਏ ਸ਼ਸਤਰ-ਵਿੱਦਿਆ ਸਿਖਦੇ ਸਿਖਾਉਂਦੇ। ਘੋੜਿਆਂ ਦੀ, ਸ਼ਸਤਰਾਂ ਦੀ, ਲੰਗਰ ਦੀ ਟਹਲ ਕਰਦੇ ਰਹਿੰਦੇ। ਜੇ ਕਰ ਕਦੇ ਕਿਸੇ ਤੋਂ ਬੁਰਿਆਈ ਹੋ ਜਾਂਦੀ, ਤਾਂ ਖਾਲਸੇ ਦੇ ਦੀਵਾਨ ਦੀ ਆਗਿਆ ਲੈ ਕੇ ਭਾਈ ਮਨੀ ਸਿੰਘ ਜੀ ਜਥਾ ਜੋਗ ਉਸ ਨੂੰ ਤਨਖਾਹ ਲਾ ਦਿੰਦੇ ਅਤੇ ਉਹ ਭੀ ਬਿਨਾ ਹੀਲ ਹੁੱਜਤ ਦੇ ਮੰਨ ਲੈਂਦਾ। ਏਸ ਸਮੇਂ ਦਰਬਾਰਾ ਸਿੰਘ ਦੀਵਾਨ, ਸੰਗਤ ਸਿੰਘ ਖਜ਼ਾਨਚੀ, ਹਰੀ ਸਿੰਘ ਲਾਂਗਰੀ, ਭਗਤ ਸਿੰਘ ਖਜ਼ਾਨਚੀ, ਬੁੱਢਾ ਸਿੰਘ ਦੇਸੀ, ਹਰਦਿੱਤ ਸਿੰਘ, ਗਰਜਾ ਸਿੰਘ, ਸੱਜਨ ਸਿੰਘ, ਈਸ਼ਰ ਸਿੰਘ, ਗਿਆਨ ਸਿੰਘ, ਸਾਧੂ ਸਿੰਘ, ਦੇਵਾ ਸਿੰਘ ਆਦਿਕ ਬਹੁਤ ਸਿੰਘ (ਹਜ਼ੂਰੀ) ਜੋ ਗੁਰੂ ਕੇ ਹਜ਼ੂਰ ਰਹੇ ਸੇ, ਪੰਥ ਵਿਚ ਸ਼ਾਮਲ ਸੇ, ਅਤੇ ਨਵਾਬ ਕਪੂਰ ਸਿੰਘ, ਹਰੀ ਸਿੰਘ ਸੁਖਈ, ਦੀਪ ਸਿੰਘ, ਗੁਰਬਖਸ਼ ਸਿੰਘ ਸ਼ਹੀਦ, ਥਰਾਜ ਸਿੰਘ, ਜੱਸਾ ਸਿੰਘ, ਕਰਮ ਸਿੰਘ, ਭੋਮਾ ਸਿੰਘ, ਅਤਰ ਸਿੰਘ, ਸ਼ੀਹਾਂ ਸਿੰਘ,

Sri Satguru Jagjit Singh Ji eLibrary

ਬਦਨ ਸਿੰਘ, ਕੇਹਰ ਸਿੰਘ, ਬੱਜਰ ਸਿੰਘ, ਘਨਘੋਰ ਸਿੰਘ, ਅਮਰ ਸਿੰਘ ਆਦਿਕ ਬਹੁਤ ਨਾਮੀ ਸਿੰਘ ਪੰਥ ਵਿਚ ਮੰਨੇ ਪਰਮੰਨੇ ਹੋਏ ਸੇ।

[*ਪੰਥ ਪ੍ਰਕਾਸ਼*, 427-28, *ਸ਼ਮਸ਼ੇਰ ਖ਼ਾਲਸਾ*, 65-66]

## ਸਰਦਾਰ ਦਰਬਾਰਾ ਸਿੰਘ ਦਾ ਦੇਹਾਂਤ

ਸਾਵਨ ਸੰਮਤ 1791 ਬਿਕ੍ਰਮੀ (ਸੰਨ 1734 ਈ.) ਵਿਚ ਦੀਵਾਨ ਦਰਬਾਰਾ ਸਿੰਘ ਜੀ ਚਲਾਣਾ ਕਰ ਗਏ ਤਾਂ ਖਾਲਸਾ ਦਲਾਂ ਦੀ ਸਾਰੀ ਜ਼ੁਮੇਵਾਰੀ ਨਵਾਬ ਕਪੂਰ ਸਿੰਘ ਜੀ ਪਰ ਆ ਪਈ। ਇਸ ਵੇਲੇ ਦੋਵੇਂ ਦਲ ਅੰਮ੍ਰਿਤਸਰ ਇਕੱਠੇ ਹੋਣ ਕਰਕੇ ਜਾਗੀਰ ਦੀ ਆਮਦਨੀ ਅਤੇ ਦਰਬਾਰ ਸਾਹਿਬ ਦੀ ਨਜ਼ਰ ਭੇਟ ਨਾਲ ਲੰਗਰ ਦਾ ਖਰਚ ਚਲਣਾ ਔਖਾ ਸੀ। ਅਮਨ ਅਮਾਨ ਦਾ ਵੇਲਾ ਹੋਣ ਕਰਕੇ ਬਹੁਤੇ ਸਿੰਘਾਂ ਅਤੇ ਜਥਿਆਂ ਦੀ ਇਥੇ ਲੋੜ ਭੀ ਨਹੀਂ ਸੀ। ਇਸ ਲਈ ਤਰੁਣਾ ਦਲ ਦੇ ਸਿੰਘ ਕੁਝ ਤਾਂ ਪਿੰਡਾਂ ਨੂੰ ਚਲੇ ਗਏ ਅਤੇ ਖੇਤੀ ਬਾੜੀ ਵਿਚ ਰੁੱਝ ਗਏ ਅਤੇ ਕੁਝ ਆਪਣੇ ਜਥਿਆਂ ਨਾਲ ਪ੍ਰਚਾਰ ਲਈ ਦੇਸ ਵਿਚ ਥਾਓਂ ਥਾਈਂ ਖਿੰਡ ਗਏ। ਇਸ ਵੇਲੇ ਮਾਲਵੇ ਵਿਚ ਫੂਲ ਕੇ ਸਰਦਾਰ ਭੀ ਆਪਣੇ ਪੈਰ ਪਸਾਰ ਰਹੇ ਸਨ ਅਤੇ ਲੋੜ ਪੈਣ ਪਰ ਖਾਲਸਾ ਦਲ ਵੱਲੋਂ ਸਹਾਇਤਾ ਦੀ ਆਸ ਨਾਲ ਭੱਟੀਆਂ, ਡੋਗਰਾਂ ਅਤੇ ਰਾਜਪੂਤਾਂ ਨਾਲ ਲੋਹਾ ਲੈ ਰਹੇ ਅਤੇ ਮੱਲਾਂ ਮਾਰ ਰਹੇ ਸਨ। ਜਦ ਤੋਂ ਸੰਮਤ 1789 (ਸੰਨ 1732 ਈ.) ਵਿਚ ਸਰਦਾਰ ਆਲਾ ਸਿੰਘ ਫੂਲਕੇ ਦੀ ਬਰਨਾਲੇ ਵਿਚ ਸਹਾਇਤਾ ਕਰਕੇ ਖਾਲਸਾ ਦਲ ਨੇ ਮੰਡ ਰਾਜਪੂਤਾਂ ਦੀ ਭਾਰੀ ਜਮੀਅਤ ਅਤੇ ਜਾਲੰਧਰ ਦੇ ਫੌਜਦਾਰ ਅਸਦ ਅਲੀ ਅਤੇ ਮਲੇਰਕੋਟਲੇ ਦੇ ਨਵਾਬ ਜਮਾਲ ਖ਼ਾਨ ਦੀ ਮਿਲਵੀਂ ਫੌਜ ਨੂੰ ਸੱਟ ਮਾਰੀ ਸੀ ਤਾਂ ਏਧਰ ਖਾਲਸਾ ਦਲ ਦੀ ਧਾਕ ਬਹਿ ਗਈ ਸੀ ਅਤੇ ਭੱਟੀ, ਡੋਗਰ, ਆਦਿ ਉਨ੍ਹਾਂ ਤੋਂ ਭੈ ਖਾਣ ਲੱਗ ਪਏ ਸਨ। ਇਸੇ ਖ਼ਿਆਲ ਨਾਲ ਖਾਲਸਾ ਦਲ ਕਈ ਵਾਰੀ ਇਧਰ ਹਾਂਸੀ ਹਿਸਾਰ ਤਕ ਜਾ ਫੇਰਾ ਪਾਉਂਦਾ ਸੀ ਅਤੇ ਇਸ ਵੇਲੇ ਕੁਝ ਜੱਥੇ ਇਧਰ ਆ ਗਏ ਹੋਏ ਸਨ।

## ਜਾਗੀਰ ਦੀ ਜ਼ਬਤੀ ਅਤੇ ਸਖ਼ਤੀ

ਇਸ ਤਰ੍ਹਾਂ ਸਿੰਘਾਂ ਨੂੰ ਖਿੰਡੇ ਹੋਏ ਦੇਖ ਕੇ ਜ਼ਕਰੀਆ ਖ਼ਾਨ ਦਾ ਮਨ ਬੇਈਮਾਨ ਹੋ ਗਿਆ ਤੇ ਉਸ ਦੀ ਨੀਅਤ ਬਦਲ ਗਈ ਅਤੇ ਉਸ ਨੂੰ ਖ਼ਿਆਲ ਪੈਦਾ ਹੋਇਆ ਕਿ ਸਿੰਘਾਂ ਦੀ ਵਧ ਰਹੀ ਤਾਕਤ ਨੂੰ ਸੱਟ ਮਾਰਨ ਅਤੇ ਇਨ੍ਹਾਂ ਨੂੰ ਖ਼ਤਮ ਕਰਨ ਦਾ ਹੁਣ ਮੌਕਾ ਬਣ ਗਿਆ ਹੈ ਜਿਸ ਦੀ ਕਿ ਉਹ ਤਾੜ ਵਿਚ ਸੀ ਅਤੇ ਜਿਸ ਲਈ ਉਨ੍ਹਾਂ ਨੂੰ ਜਾਗੀਰ ਅਤੇ ਪਦਵੀਆਂ ਦੇ ਕੇ ਸੁਸਤ ਅਤੇ ਅਵੇਸਲਾ ਕਰਨ ਦੀ ਵਿਉਂਤ ਬਣਾਈ ਗਈ ਸੀ। ਇਸ ਲਈ ਉਸ ਨੇ ਇਹ ਕਹਿ ਕੇ ਸੰਨ 1735 ਈ. ਵਿਚ ਜਾਗੀਰ ਜਬਤ ਕਰ ਲਈ ਕਿ ਹੁਣ ਅਮਨ ਅਮਾਨ ਹੋ ਗਿਆ ਹੈ, ਸਿੰਘ ਪਿੰਡਾਂ ਵਿਚ ਖੇਤੀਆਂ ਕਰ ਕੇ ਗੁਜ਼ਾਰਾ ਕਰਨ, ਅਤੇ ਨਵਾਬ ਕਪੂਰ ਸਿੰਘ ਨੂੰ ਲਿਖ ਭੇਜਿਆ ਕਿ ਜਿਸ ਸਿੰਘ ਨੂੰ ਇੱਛਿਆ ਹੋਵੇ ਸੋ ਸਰਕਾਰੀ ਨੌਕਰੀ ਕਰ ਲਵੇ। ਨਵਾਬ ਸਾਹਿਬ ਨੇ ਉੱਤਰ ਲਿਖ ਭੇਜਿਆ ਕਿ ਸਿੰਘਾਂ ਨੂੰ ਤੁਹਾਡੀ

Sri Satguru Jagjit Singh Ji eLibrary

ਤਾਬੇਦਾਰੀ ਮਨਜ਼ੂਰ ਨਹੀਂ, ਪਰ ਜੇ ਤੁਹਾਨੂੰ ਕੋਈ ਮੁਹਿੰਮ ਆ ਪਊ ਤਾਂ ਖਾਲਸਾ ਮਦਦ ਕਰਨ ਨੂੰ ਤਿਆਰ ਹੈ। ਹੁਣ ਜੋ ਤੁਸੀਂ ਆਪਣੇ ਕੀਤੇ ਕੌਲਾਂ ਕਰਾਰਾਂ ਤੋਂ ਝੂਠੇ ਪੈ ਕੇ ਆਨੇ ਬਹਾਨੇ ਨਾਲ ਜਗੀਰ ਬੰਦ ਕਰ ਰਹੇ ਹੋ, ਇਸ ਤੋਂ ਮੁੜ ਪੈਦਾ ਹੋਈ ਬਦ-ਅਮਨੀ ਦੀ ਸਾਰੀ ਜ਼ੁਮੇਵਾਰੀ ਤੁਹਾਡੇ ਸਿਰ ਤੇ ਹੋਵੇਗੀ। ਖਾਲਸਾ ਆਪਣੇ ਬਚਨ ਪਰ ਕਾਇਮ ਹੈ ਪਰ ਜੇ ਤੁਹਾਡੇ ਵੱਲੋਂ ਭੰਗ ਹੋਏ ਬਚਨਾਂ ਅਤੇ ਮੁੜ ਕੀਤੀ ਗਈ ਸਖ਼ਤੀ ਦੇ ਕਾਰਣ ਉਨ੍ਹਾਂ ਨੂੰ ਭੀ ਤਲਵਾਰ ਹੱਥ ਫੜਨੀ ਪੈ ਗਈ ਤਾਂ ਦੋਸ਼ ਉਨ੍ਹਾਂ ਦਾ ਨਹੀਂ ਹੋਵੇਗਾ। ਪਰ ਜ਼ਕਰੀਆ ਖ਼ਾਨ ਨੇ ਇਨ੍ਹਾਂ ਗੱਲਾਂ ਵੱਲ ਕੋਈ ਧਿਆਨ ਨਾ ਦਿੱਤਾ ਅਤੇ ਸੰਮਤ 793 (ਸੰਨ 1736) ਵਿਚ ਆਪਣੇ ਦੀਵਾਨ ਲਖਪਤ ਰਾਇ ਅਤੇ ਭਤੀਜੇ ਮੁਖਲਸ ਖ਼ਾਨ ਦੇ ਤਹਿਤ ਵਿਚ ਦਸ ਹਜ਼ਾਰ ਦੀ ਗਸ਼ਤੀ (ਫਿਰਣੀ) ਫੌਜ ਸਿੰਘਾਂ ਦੇ ਵਿਰੁੱਧ ਚਾੜ੍ਹ ਦਿੱਤੀ ਅਤੇ ਢੰਡੋਰਾ ਫੇਰ ਦਿੱਤਾ ਕਿ ਜੋ ਸਿੰਘਾਂ ਨੂੰ ਫੜਾਏਗਾ ਯਾ ਕਿਸੇ ਸਿੰਘ ਦਾ ਸਿਰ ਵੱਢ ਕੇ ਪਹੁੰਚਾਏਗਾ ਉਸ ਨੂੰ ਇਨਾਮ ਦਿੱਤਾ ਜਾਏਗਾ। ਇਨ੍ਹਾਂ ਨੇ ਚਾਰ ਕੁ ਮਹੀਨੇ ਵਿਚ ਉਹ ਊਧਮ ਮਚਾਇਆ ਕਿ ਇਕ ਵਾਰੀ ਤਾਂ ਸਿੰਘਾਂ ਨੂੰ ਫੇਰ ਘਰ ਘਾਟ ਛੱਡਣ ਪਰ ਮਜਬੂਰ ਹੋਣਾ ਪੈ ਗਿਆ। ਸਿੰਘਾਂ ਦੇ ਅੰਮ੍ਰਿਤਸਰੋਂ ਦੂਰ ਖਿੰਡੇ ਪੁੰਡੇ ਹੋਣ ਕਰਕੇ ਬੁੱਢਾ ਦਲ ਭੀ ਬਹੁਤੀ ਦੇਰ ਗਸ਼ਤੀ ਫੌਜ ਦਾ ਟਾਕਰਾ ਨਾ ਕਰ ਸਕਣ ਕਰਕੇ ਸਤਲੁਜੋਂ ਪਾਰ ਦੱਖਣ ਨੂੰ ਮਾਲਵੇ ਵਿਚ ਚਲਾ ਗਿਆ ਜਿੱਥੇ ਸਰਦਾਰ ਆਲਾ ਸਿੰਘ ਨੇ ਉਨ੍ਹਾਂ ਦੀ ਬੜੀ ਆਉ ਭਗਤ ਕੀਤੀ। ਪਰ ਦਲ ਛੇਤੀ ਹੀ ਪਿਛਾਂਹ ਨੂੰ ਮੁੜ ਪਿਆ। ਇਤਨੇ ਨੂੰ ਤਰੁਣਾ ਦਲ ਦੇ ਜੱਥੇ ਭੀ ਪੰਜਾਬ ਦੀਆਂ ਖ਼ਬਰਾਂ ਸੁਣ ਕੇ ਮੁੜ ਪਏ ਅਤੇ ਦੋਹਾਂ ਦਲਾਂ ਨੇ ਰਲ ਕੇ ਥਾਂ ਪਰ ਥਾਂ ਗਸ਼ਤੀ ਫੌਜਾਂ ਨਾਲ ਟੱਕਰਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਲਾਹੌਰ ਦੇ ਲਾਗੇ ਹੁਜਰਾ ਸ਼ਾਹ ਮੁਕੀਮ ਪਾਸ ਇਨ੍ਹਾਂ ਨੂੰ ਇਕ ਬੜੀ ਭਾਰੀ ਹਾਰ ਦਿੱਤੀ। ਇਸ ਵਿਚ ਦੀਵਾਨ ਲਖਪਤ ਰਾਏ ਦਾ ਭਤੀਜਾ ਦੁਨੀ ਚੰਦ ਅਤੇ ਲਾਹੌਰ ਸਰਕਾਰ ਦੇ ਦੋ ਉੱਘੇ ਫੌਜਦਾਰ ਜਮਾਲ ਖ਼ਾਨ ਅਤੇ ਤਾਤਾਰ ਖ਼ਾਨ ਮਾਰੇ ਗਏ।

### ਅੰਮ੍ਰਿਤਸਰ ਦੇ ਦਰਸ਼ਨਾਂ ਪਰ ਬੰਦਸ਼

ਗਸ਼ਤੀ ਫੌਜਾਂ ਦੀ ਸਿੰਘਾਂ ਦੇ ਹਥੋਂ ਅਨੇਕਾਂ ਥਾਂਈਂ ਹੋਈ ਦੁਰਦਸ਼ਾ ਤੋਂ ਜ਼ਕਰੀਆ ਖ਼ਾਨ ਬਹੁਤ ਸ਼ਰਮਿੰਦਾ ਅਤੇ ਹੈਰਾਨ ਸੀ। ਉਸ ਨੇ ਕਾਜ਼ੀ ਅਤੇ ਮੁਲਾਣਿਆਂ ਨੂੰ ਬੁਲਾ ਕੇ ਪੁੱਛਿਆ ਕਿ ਇਨ੍ਹਾਂ ਦੀ ਦਿਨੋ ਦਿਨ ਤਰੱਕੀ ਦਾ ਭੇਦ ਕੀ ਹੈ। ਉਨ੍ਹਾਂ ਜਵਾਬ ਦਿੱਤਾ ਕਿ ਰੱਬ ਜਾਣੇ ਇਨ੍ਹਾਂ ਦੇ ਗੁਰੂ ਨੇ ਅੰਮ੍ਰਿਤਸਰ ਦੇ ਸਰੋਵਰ ਵਿਚ ਕੀ ਅਜਿਹਾ ਆਬਿ-ਹਯਾਤ (ਅੰਮ੍ਰਿਤ) ਪਾਇਆ ਹੈ ਕਿ ਜਿਸ ਨੂੰ ਪੀ ਕੇ ਅਤੇ ਜਿਸ ਵਿਚ ਅਸ਼ਨਾਨ ਕਰ ਕੇ ਇਹ ਮੌਤ ਤੋਂ ਨਿਡਰ ਅਤੇ ਬੇਪਰਵਾਹ ਹੋ ਜਾਂਦੇ ਹਨ। ਇਸ ਲਈ ਜਿਤਨਾ ਚਿਰ ਇਸ ਅੰਮ੍ਰਿਤ ਸਰੋਵਰ ਵਿਚ ਇਨ੍ਹਾਂ ਦਾ ਆਉਣਾ ਅਤੇ ਨ੍ਹਾਉਣਾ ਬੰਦ ਨਹੀਂ ਕੀਤਾ ਜਾਂਦਾ, ਇਨ੍ਹਾਂ ਨੂੰ ਕੋਈ ਹਾਨੀ ਨਹੀਂ ਹੋ ਸਕਦੀ। ਸਿੰਘਾਂ ਤੋਂ ਡਰੇ ਹੋਏ ਵਹਿਮੀ ਜ਼ਕਰੀਆ ਖ਼ਾਨ ਨੇ ਇਸ ਗੱਲ ਪਰ ਯਕੀਨ ਕਰ ਲਿਆ ਅਤੇ ਕਾਜ਼ੀ ਅਬਦੁਲ ਰਜ਼ਾਕ ਅਤੇ ਮੁਹੰਮਦ ਬਖ਼ਸ਼ ਨੂੰ ਦੋ ਹਜ਼ਾਰ ਦੀ ਫੌਜ ਦੇ ਕੇ ਸਰੋਵਰ ਦੀ ਰਾਖੀ ਲਈ ਭੇਜ ਦਿੱਤਾ ਕਿ ਕਿਸੇ ਸਿੱਖ ਨੂੰ ਨਾ ਇਥੇ ਨ੍ਹਾਉਣ ਦੇਣ ਅਤੇ ਨਾ

Sri Satguru Jagjit Singh Ji eLibrary

ਮੇਲਾ ਲਾਉਣ ਦੇਣ। ਪਰ ਗੁਰੂ ਕੇ ਸਿੰਘਾਂ ਨੂੰ ਦਰਬਾਰ ਸਾਹਿਬ ਦੇ ਦਰਸ਼ਨ ਅਤੇ ਸਰੋਵਰ ਦੇ ਅਸ਼ਨਾਨ ਤੋਂ ਕੌਣ ਰੋਕੇ। ਉਹ ਜਾਨਾਂ ਤਲੀ ਤੇ ਰੱਖ ਕੇ ਭੀ ਪ੍ਰੁੱਜ ਜਾਣ ਅਤੇ ਰਾਤ ਬਰਾਤੇ, ਭੇਸ ਬਦਲ ਕੇ, ਲੁਕ ਛੁਪ ਕੇ, ਜਿਵੇਂ ਭੀ ਦਾਓ ਲੱਗੇ, ਖਾਲੀ ਜਾਂ ਸਣੇ ਘੋੜਿਆਂ ਦੇ ਟੁੱਭੀ ਲਾ ਕੇ ਹਰਨ ਹੋ ਜਾਣ। ਉਨ੍ਹਾਂ ਨੂੰ ਨਾ ਵੈਰੀ ਦਾ ਡਰ ਸੀ, ਨਾ ਮੌਤ ਦਾ ਭੈ, ਅਤੇ ਅਜਿਹੇ ਮੌਕੇ ਸ਼ਹੀਦੀ ਪਾਉਣ ਨੂੰ ਧੰਨ ਭਾਗ ਸਮਝਦੇ ਸਨ। ਇਸ ਵੇਲੇ ਉਨ੍ਹਾਂ ਦੀ ਦਲੇਰੀ, ਧਾਰਮਕ ਜਜ਼ਬੇ ਅਤੇ ਕੁਰਬਾਨੀ ਲਈ ਸਪਿਰਿਟ ਦਾ ਜ਼ਿਕਰ ਕਰਦਾ ਹੋਇਆ ਜੌਨ ਮੈਲਕਮ ਆਪਣੀ ਪੁਸਤਕ 'ਸਕੈੱਚ ਔਫ ਦੀ ਸਿਖਸ' ਵਿਚ ਲਿਖਦਾ ਹੈ।

> ਕੁਝ ਲੁਕ ਛੁਪ ਕੇ ਯਾਤਰਾ ਕਰਦੇ ਸਨ, ਕੁਝ ਭੇਸ ਬਦਲ ਕੇ। ਪਰ ਇਕ ਮੁਸਲਮਾਨ ਸਮਕਾਲੀ ਲਿਖਾਰੀ ਅਨੁਸਾਰ, ਸਿੱਖ ਘੋੜ-ਚੜ੍ਹੇ ਆਮ ਤੌਰ ਤੇ ਪੂਰੀ ਰਫਤਾਰ ਨਾਲ ਆਪਣੇ ਧਰਮ ਮੰਦਰ (ਸ੍ਰੀ ਹਰਿਮੰਦਰ ਸਾਹਿਬ) ਵੱਲ ਘੋੜੇ ਭਜਾਈ ਜਾਂਦੇ ਦੇਖੀਦੇ ਸਨ। ਕਈ ਵਾਰੀ ਉਹ ਇਸ ਜਤਨ ਵਿਚ ਮਾਰੇ ਜਾਂਦੇ ਸਨ ਅਤੇ ਕਈ ਫੜੇ ਜਾਂਦੇ ਸਨ ਪਰ ਅਜਿਹੇ ਮੌਕੇ ਤੇ ਉਹ ਜਾਨ ਬਚਾਉਣ ਨਾਲੋਂ ਸ਼ਹੀਦੀ ਦਾ ਤਾਜ ਪ੍ਰਾਪਤ ਕਰਨ ਦੀ ਇੱਛਾ ਕਰਦੇ ਸਨ, ਅਤੇ ਉਹੀ ਲਿਖਾਰੀ ਲਿਖਦਾ ਹੈ ਕਿ ਅਜਿਹੀ ਕੋਈ ਮਿਸਾਲ ਨਹੀਂ ਮਿਲਦੀ ਕਿ ਅੰਮ੍ਰਿਤਸਰ ਨੂੰ ਜਾਂਦੇ ਫੜੇ ਗਏ ਕਿਸੇ ਇਕ ਭੀ ਸਿੱਖ ਨੇ ਆਪਣਾ ਧਰਮ ਤਿਆਗਣਾ ਪਰਵਾਨ ਕੀਤਾ ਹੋਵੇ।[1]

### ਭਾਈ ਮਨੀ ਸਿੰਘ ਦੀ ਸ਼ਹੀਦੀ

ਇਸ ਵੇਲੇ ਭਾਈ ਮਨੀ ਸਿੰਘ ਅਤੇ ਕੁਝ ਸਿੰਘ ਭੇਸ ਬਦਲ ਕੇ ਸ੍ਰੀ ਦਰਬਾਰ ਸਾਹਿਬ ਵਿਚ ਰਹਿ ਰਹੇ ਸਨ। ਇਨ੍ਹਾਂ ਦੇ ਨਾਲ ਕੁਝ ਹਿੰਦੂ ਸਾਧੂ ਅਤੇ ਮੁਸਲਮਾਨ ਫ਼ਕੀਰ ਭੀ ਟਿਕੇ ਹੋਏ ਸਨ, ਇਸ ਕਰਕੇ ਕਿਸੇ ਨੂੰ ਕੋਈ ਸ਼ੱਕ ਨਾ ਪਈ। ਭਾਈ ਮਨੀ ਸਿੰਘ ਆਪਣੇ ਸਾਧੂ ਸੁਭਾਉ ਕਰਕੇ ਬੜੇ ਹਰਮਨ-ਪਿਆਰੇ ਸਨ ਅਤੇ ਕਾਜ਼ੀ ਅਬਦੁਰ ਰਜ਼ਾਕ ਅਤੇ ਮੁਹੰਮਦ ਬਖ਼ਸ਼ ਭੀ ਉਨ੍ਹਾਂ ਦੀ ਬੜੀ ਇੱਜ਼ਤ ਕਰਦੇ ਸਨ। ਇਸ ਤਰ੍ਹਾਂ ਕੁਝ ਸਮਾਂ ਬੀਤ ਗਿਆ ਅਤੇ ਭਾਈ ਸਾਹਿਬ ਨੇ ਕਾਜ਼ੀ ਅਬਦੁਰ ਰਜ਼ਾਕ ਨਾਲ ਚੰਗੀ ਰਸਾਈ ਪੈਦਾ ਕਰਕੇ ਲਾਹੌਰੋਂ ਇਹ ਆਗਿਆ ਲੈ ਲਈ ਕਿ ਸਿੰਘਾਂ ਨੂੰ ਅੰਮ੍ਰਿਤਸਰ ਦੀਵਾਲੀ ਦਾ ਮੇਲਾ ਲਾ ਲੈਣ ਦਿੱਤਾ ਜਾਏ ਅਤੇ ਨਵਾਬ ਜ਼ਕਰੀਆ ਖ਼ਾਨ ਨੇ ਇਹ ਆਗਿਆ ਇਸ ਸ਼ਰਤ 'ਤੇ ਦੇ ਦਿੱਤੀ ਕਿ ਉਹ ਮੇਲੇ ਤੋਂ ਬਾਅਦ ਦਸ ਹਜ਼ਾਰ ਰੁਪਇਆ ਟੈਕਸ ਭਰਨ। ਭਾਈ ਮਨੀ ਸਿੰਘ ਨੂੰ ਖ਼ਿਆਲ ਸੀ ਕਿ

---

1. "Some performed this pilgrimage in secret, and in disguise; but in general, according to a contemporary Muhammedan author, the Sikh horsemen were seen riding, at full gallop, towards their favourite shrine of devotion. They were often slain in making this attempt and sometimes taken prisoners, but they used, on such occasions, to seek, instead of avoiding, the crown of martyrdom; and the same authority states that an instance was never known of a Sikh, taken in his way to Amritsar, consenting to abjure his faith."
—[Malcolm, J., *Sketch of the Sikhs* (1812), 88.]

Sri Satguru Jagjit Singh eLibrary

ਮੇਲੇ ਦੀ ਚੜ੍ਹਤ 'ਚੋਂ ਇਹ ਰਕਮ ਦੇਣੀ ਔਖੀ ਨਹੀਂ ਹੋਵੇਗੀ। ਇਸ ਲਈ ਭਾਈ ਸਾਹਿਬ ਨੇ ਥਾਉਂ ਥਾਈਂ ਖਾਲਸੇ ਨੂੰ ਸੱਦੇ ਭੇਜ ਦਿੱਤੇ ਅਤੇ ਉਹ ਹੁੰਮ ਹੁਮਾ ਕੇ ਪੁੱਜਣ ਲਈ ਤਿਆਰ ਹੋ ਪਏ। ਜ਼ਕਰੀਆ ਖ਼ਾਨ ਦੀ ਨੀਅਤ ਸ਼ਾਇਦ ਅੰਦਰੋਂ ਪਹਿਲੋਂ ਹੀ ਮੰਦੀ ਸੀ ਕਿ ਇਸ ਮੌਕੇ ਪਰ ਪੁੱਜੇ ਹੋਏ ਉੱਘੇ ਸਿੰਘਾਂ ਨੂੰ ਘੇਰ ਕੇ ਮਾਰ ਮੁਕਾਉਣਾ ਸੌਖਾ ਹੋਵੇਗਾ। ਇਸ ਲਈ ਉਸ ਨੇ ਮੇਲੇ ਦੀ ਦੇਖ ਭਾਲ ਦੇ ਬਹਾਨੇ ਕੁਝ ਫ਼ੌਜ ਇੱਥੇ ਭੇਜ ਦਿੱਤੀ। ਇਸ ਨਾਲ ਸਿੰਘਾਂ ਨੂੰ ਭੀ ਸ਼ੱਕ ਪੈ ਗਿਆ ਅਤੇ ਉਨ੍ਹਾਂ ਨੇ ਹਰਕਾਰੇ ਭੇਜ ਕੇ ਸਿੰਘਾਂ ਨੂੰ ਰੋਕ ਦਿੱਤਾ ਅਤੇ ਮੇਲਾ ਨਾ ਭਰ ਸਕਿਆ। ਕੋਈ ਦਸ ਵੀਹ ਸਾਧੂ ਲੋਕ ਹੀ ਪੁੱਜੇ। ਕੋਈ ਆਮਦਨੀ ਨਾ ਹੋਣ ਕਰਕੇ ਭਾਈ ਮਨੀ ਸਿੰਘ ਨੇ ਟੈਕਸ ਕਿਥੋਂ ਭਰਨਾ ਸੀ। ਇਸ ਵਿਚ ਕਸੂਰ ਨਵਾਬ ਜ਼ਕਰੀਆ ਖ਼ਾਨ ਦਾ ਆਪਣਾ ਸੀ। ਪਰ ਡਾਢੇ ਦਾ ਸੱਤੀਂ ਵੀਹੀਂ ਸੌ। ਭਾਈ ਮਨੀ ਸਿੰਘ ਨੂੰ ਫੜ ਲਾਹੌਰ ਮੰਗਵਾਇਆ ਅਤੇ ਉਥੇ ਹਾੜ੍ਹ ਸੁਦੀ ਪੰਜ, ਸੰਮਤ 1791 ਬਿ., 24 ਜੂਨ ਸੰਨ 1734 ਈ. ਨੂੰ ਬੰਦ ਬੰਦ ਕੱਟ ਕੇ ਕਤਲ ਕਰਵਾ ਦਿੱਤਾ[1] ਅਤੇ ਉਨ੍ਹਾਂ ਦੇ ਸਾਥੀਆਂ ਨੂੰ ਚਰਖੜੀਆਂ ਤੇ ਚਾੜ੍ਹ ਕੇ ਉਨ੍ਹਾਂ ਦੀਆਂ ਹੱਡੀਆਂ ਤੋੜ ਤੋੜ ਕੇ ਮਰਵਾ ਦਿੱਤਾ। ਇਹ ਹੀ ਨਹੀਂ ਬਲਕਿ ਜ਼ਕਰੀਆ ਖ਼ਾਨ ਨੇ ਹੁਕਮ ਦੇ ਕੇ ਸ੍ਰੀ ਦਰਬਾਰ ਸਾਹਿਬ ਦਾ ਸਰੋਵਰ ਮਿੱਟੀ, ਲਿੱਦ, ਡੰਗਰਾਂ ਦੀਆਂ ਹੱਡੀਆਂ, ਚੰਮ ਅਤੇ ਹੋਰ ਮਲਬਾ ਸੁਟਵਾ ਕੇ ਪੂਰ ਦਿੱਤਾ। ਖ਼ਾਨ ਬਹਾਦੁਰ ਦੀ ਇਸ ਵਧੀਕੀ ਅਤੇ ਸੰਤ-ਸਰੂਪ ਭਾਈ ਮਨੀ ਸਿੰਘ ਦੀ ਸ਼ਹੀਦੀ ਨੇ ਖਾਲਸੇ ਨੂੰ ਰੋਹ ਚਾੜ੍ਹ ਦਿੱਤਾ। ਜਿਸ ਜਿਸ ਨੇ ਭੀ ਇਹ ਖ਼ਬਰ ਸੁਣੀ, ਉਸ ਦੀਆਂ ਅੱਖੀਆਂ ਵਿਚ ਲਹੂ ਉਤਰ ਆਇਆ ਅਤੇ ਬਦਲੇ ਦੀ ਅੱਗ ਨਾਲ ਭੜਕ ਉਠਿਆ।

ਪਹਿਲੇ ਹੱਲੇ ਹੀ ਖਾਲਸੇ ਨੇ ਕਾਜ਼ੀ ਅਬਦੁਰ ਰਜ਼ਾਕ ਦਾ ਕਜ਼ੀਆ ਮੁਕਾਇਆ ਜਿਸ ਨੇ ਭਾਈ ਮਨੀ ਸਿੰਘ ਨੂੰ ਫੜ ਕੇ ਲਾਹੌਰ ਪਹੁੰਚਾਇਆ ਸੀ, ਅਤੇ ਫੇਰ ਜਿਧਰ ਜਿਧਰ ਦਾਉ ਲੱਗਾ ਕਈ ਸਰਕਾਰੀ ਹਾਕਮ ਸੋਧ ਕੱਢੇ। ਦੇਸ ਵਿਚ ਫਤੂਰ ਮਚ ਗਿਆ ਦੇਖ ਕੇ ਖ਼ਾਨ ਬਹਾਦੁਰ ਨੇ ਗਸ਼ਤੀ ਫੌਜਾਂ ਸਿੰਘਾਂ ਦੇ ਮਗਰ ਪਾ ਦਿੱਤੀਆਂ। ਪਰ ਹੁਣ ਸਿੰਘ ਭੀ ਅੱਗੇ ਨਾਲੋਂ ਹੁਸ਼ਿਆਰ ਹੋ ਚੁੱਕੇ ਸਨ। ਉਹ ਝਟ ਜਾਂ ਤਾਂ ਪਹਾੜੀਂ ਚੜ੍ਹ ਗਏ ਜਾਂ ਸਤਲੁਜ ਪਾਰ ਕਰ ਕੇ ਮਾਲਵੇ ਵਿਚ ਜਾ ਵੜੇ।

Sri Satguru Jagjit Singh Ji eLibrary

---

1. ਸੰਮਤ 1794 ਬਿ. (ਸੰਨ 1737 ਈ.) ਭੰਗੂ ਰਤਨ ਸਿੰਘ ਨੇ ਆਪਣੇ ਪਿਤਾ ਪਾਸੋਂ ਸੁਣ ਕੇ ਲਿਖਿ ' ਹੈ। ਗਿਆਨੀ ਗਿਆਨ ਸਿੰਘ ਨੇ ਤਵਾਰੀਖ ਗੁਰੂ ਖਾਲਸਾ (ਸ਼ਮਸ਼ੇਰ ਖ਼ਾਲਸਾ, 74) ਵਿਚ ਮਿਤੀ ਮੱਘਰ ਸੁਦੀ 5 (ਦਸੰਬਰ 4) ਦਿੱਤੀ ਹੋਈ ਹੈ ਅਤੇ ਸੰਮਤ 1795 (ਸੰਨ 1738 ਈ.)। ਇਸ ਵੇਲੇ ਨਾਦਰ ਸ਼ਾਹ ਹਿੰਦੁਸਤਾਨ ਪਰ ਹੱਲਾ ਕਰਨ ਲਈ ਪਿਸ਼ਾਵਰ ਵੱਲ ਨੂੰ ਵਧ ਰਿਹਾ ਸੀ। ਪਰ ਸਾਰੇ ਲਿਖਾਰੀ ਭਾਈ ਮਨੀ ਸਿੰਘ ਦੀ ਸ਼ਹਾਦਤ ਨੂੰ ਨਾਦਰ ਸ਼ਾਹ ਦੇ ਹੱਲੇ ਤੋਂ ਚੋਖਾ ਪਹਿਲੇ ਦਸਦੇ ਹਨ, ਇਸ ਲਈ ਸੰਮਤ 1795 ਠੀਕ ਨਹੀਂ ਹੋ ਸਕਦਾ। ਸੱਯਦ ਮੁਹੰਮਦ ਲਤੀਫ਼ ਨੇ 'ਹਿਸਟਰੀ ਔਫ਼ ਲਾਹੌਰ', 162, ਅਤੇ ਨੂਰ ਅਹਿਮਦ ਚਿਸ਼ਤੀ ਨੇ 'ਤਹਿਕੀਕਾਤਿ-ਚਿਸ਼ਤੀ', 766, ਵਿਚ 1140 ਹਿਜਰੀ (ਸੰਨ 1727 ਈ.) ਦਿੱਤੀ ਹੈ ਜੋ ਉੱਕੀ ਹੀ ਗ਼ਲਤ ਹੈ। ਭਾਈ ਸੇਵਾ ਸਿੰਘ ਕ੍ਰਿਤ 'ਸ਼ਹੀਦ ਬਿਲਾਸ' ਵਿਚ ਹਾੜ੍ਹ ਸੁਦੀ 5, ਸੰਮਤ 1791 ਹੈ ਜਿਸ ਦੀ ਪੁਸ਼ਟੀ ਕੋਇਰ ਸਿੰਘ ਕਲਾਲ ਲਿਖਤ 'ਗੁਰ ਬਿਲਾਸ ਪਾਤਸ਼ਾਹੀ 10' ਅਤੇ ਭੱਟ ਵਹੀ ਮੁਲਤਾਨੀ ਸਿੰਧੀ ਵਿਚ ਦੀਆਂ ਦੋ ਲਿਖਤਾਂ ਤੋਂ ਹੁੰਦੀ ਹੈ। ਦੇਖੋ ਗਰਜਾ ਸਿੰਘ ਸੰਪਾਦਿਤ ਸ਼ਹੀਦ ਬਿਲਾਸ, ਛੰਦ 203 ਅਤੇ ਪੰਨਾ (ਭੂਮਿਕਾ) 40-41।

## ਨਾਦਰ ਸ਼ਾਹ ਦੀ ਲੁੱਟ ਸਿੰਘਾਂ ਨੇ ਲੁੱਟ ਲਈ

ਜਨਵਰੀ 1739 ਨੂੰ ਨਾਦਰ ਸ਼ਾਹ ਹਿੰਦੁਸਤਾਨ ਪਰ ਹੱਲੇ ਦੀ ਨੀਅਤ ਨਾਲ ਲਾਹੌਰ ਆ ਪੁੱਜਾ ਤਾਂ ਜ਼ਕਰੀਆ ਖ਼ਾਨ ਨੇ ਝਟ ਉਸ ਦੀ ਈਨ ਮੰਨ ਲਈ। ਨਾਦਰ ਸ਼ਾਹ ਦੇ ਹੱਲੇ ਦੇ ਕਾਰਣ ਮੁਗ਼ਲਾਂ ਦੀ ਟੁੱਟ ਰਹੀ ਤਾਕਤ, ਦਿੱਲੀ ਦੀ ਕਤਲਾਮ ਅਤੇ ਲੁੱਟ ਅਤੇ ਦੇਸ ਵਿਚ ਪਏ ਹੋਏ ਰਾਜ-ਰੌਲੇ ਨੂੰ ਸਿੰਘ ਭੀ ਦੇਖ ਰਹੇ ਸਨ। ਮੌਕਾ ਤਾੜ ਕੇ ਉਨ੍ਹਾਂ ਨੇ ਹੁਣ ਬਾਹਰ ਨਿਕਲਣ ਦੀ ਸੋਚੀ। ਇਤਨੇ ਨੂੰ ਨਾਦਰ ਸ਼ਾਹ ਭੀ ਸ਼ਾਹੀ ਖ਼ਜ਼ਾਨਿਆਂ ਅਤੇ ਰਾਜਧਾਨੀ ਦੀ ਲੁੱਟ ਨਾਲ ਲੱਦਿਆ ਹੋਇਆ ਦਿੱਲੀ ਤੋਂ ਮੁੜ ਪਿਆ। ਸਰਹੰਦ ਪੁਜਦੇ ਨੂੰ ਅੱਧ ਮਈ ਹੋ ਗਈ। ਜੇਠ ਦੀਆਂ ਧੁੱਪਾਂ ਤੋਂ ਬਚਣ ਲਈ ਨਾਦਰ ਸ਼ਾਹ ਸਰਹੰਦ ਤੋਂ ਪਹਾੜ ਦੀ ਕੰਢੀ ਦੇ ਨਾਲ ਨਾਲ ਸਿਆਲਕੋਟ ਨੂੰ ਹੋ ਪਿਆ। ਪਰ ਇਹ ਉਸ ਨੂੰ ਬੜਾ ਮਹਿੰਗਾ ਪਿਆ। ਕੀਰਤਪੁਰ ਅਤੇ ਆਨੰਦਪੁਰ ਦੀਆਂ ਪਹਾੜੀਆਂ ਵਿਚ ਟਿਕੇ ਹੋਏ ਸਿੰਘਾਂ ਦੇ ਜੱਥੇ ਕਈ ਦੇਰ ਤੋਂ ਰਸਦ ਪਠੇ ਤੋਂ ਟੁੱਟੇ ਹੋਏ ਸਨ। ਪਹਾੜੀ ਅਲਾਕੇ ਨੇ ਸਿੰਘਾਂ ਲਈ ਨਾਦਰ ਸ਼ਾਹ ਦੀ ਫੌਜ ਪਾਸੋਂ ਰਸਦ ਅਤੇ ਮਾਲ-ਖਜਾਨਾ ਖੋਹ ਖਿੰਜ ਕੇ ਇਕੱਲਵਾਂਝੇ ਹੋ ਜਾਣਾ ਅਤੇ ਛੇਤੀ ਹੀ ਉਸ ਦੀ ਸ਼ਿਸ਼ਤ ਤੋਂ ਉਹਲੇ ਹੋ ਨਿਕਲ ਜਾਣਾ ਸੌਖਾ ਕਰ ਦਿੱਤਾ। ਬੱਸ ਦੇਰ ਕੀ ਸੀ। ਸੱਜੇ ਖੱਬੇ ਅਤੇ ਪਿੱਛਿਓਂ ਛਾਪੇ ਮਾਰ ਕੇ ਸਿੰਘਾਂ ਨੇ ਨਾਦਰ ਸ਼ਾਹ ਦਾ ਬਹੁਤ ਸਾਰਾ ਭਾਰ ਹੌਲਾ ਕਰ ਦਿੱਤਾ ਅਤੇ ਦਿੱਲੀ ਦੀ ਲੁੱਟ ਦਾ ਬਹੁਤ ਕੁਝ ਮਾਲ ਈਰਾਨ ਜਾਣੋਂ ਬਚਾ ਲਿਆ। ਇਹ ਗੱਲ ਮਈ ਸੰਨ 1739 ਦੇ ਤੀਸਰੇ ਹਫ਼ਤੇ ਦੀ ਹੈ।

## ਨਾਦਰ ਸ਼ਾਹ ਦੀ ਸਿੰਘਾਂ ਸਬੰਧੀ ਭਵਿੱਖ-ਬਾਣੀ

ਈਰਾਨੀਆਂ ਅਤੇ ਅਫ਼ਗ਼ਾਨਾਂ ਨੂੰ ਲੁੱਟ ਮਾਰ ਲੈਣ ਵਾਲਾ ਅਤੇ ਮੁਗ਼ਲਾਂ ਦੀ ਹਕੂਮਤ ਨੂੰ ਤੋੜ ਮਰੋੜ ਕੇ ਉਨ੍ਹਾਂ ਦੀ ਰਾਜਧਾਨੀ ਦਿੱਲੀ ਵਿਚ ਕਤਲਾਮ ਮਚਾ ਦੇਣ ਅਤੇ ਲੁਟ ਕੇ ਬਰਬਾਦ ਕਰ ਦੇਣ ਵਾਲਾ ਨਾਦਰ ਸ਼ਾਹ ਡਾਢਾ ਸੂਰਮਾ ਭੀ ਜੰਗਲਾਂ ਵਿਚ ਫਾਕੇ ਕਟ ਕੇ ਗੁਜ਼ਾਰਾ ਕਰ ਰਹੇ ਸਿੰਘਾਂ ਦੇ ਹੱਥੋਂ ਘਬਰਾ ਉਠਿਆ ਅਤੇ ਪਹਿਲਾ ਸਵਾਲ ਜੋ ਉਸ ਨੇ ਮਈ ਦੇ ਆਖੀਰ ਵਿਚ ਪੰਜਾਬ ਦੇ ਹਾਕਮ ਜ਼ਕਰੀਆ ਖ਼ਾਨ ਦੇ ਲਾਹੌਰੋਂ ਉਤਰ-ਚੜ੍ਹਦੇ ਮੁੜ ਮਿਲਣ ਪਰ ਕੀਤਾ, ਉਹ ਇਹ ਸੀ ਕਿ "ਇਹ ਸਿੱਖ ਕੌਣ ਅਤੇ ਕਿਸ ਤਰ੍ਹਾਂ ਦੇ ਲੋਕ ਹਨ ਜਿਨ੍ਹਾਂ ਨੇ ਮੇਰੀ ਦਿੱਲੀ ਦੀ ਲੁੱਟ ਨਾਲ ਲੱਦੀ ਹੋਈ ਫੌਜ ਦਾ ਪਿੱਛਾ ਲੁੱਟ ਮਾਰਿਆ ਹੈ ਅਤੇ ਜਿਨ੍ਹਾਂ ਤੋਂ ਡਰਦੀ ਮਾਰੀ ਮੇਰੀ ਫੌਜ ਦੀ ਰਾਹ ਵਿਚ ਕੂਚ ਵੇਲੇ ਤਰਤੀਬ ਟੁੱਟ ਟੁੱਟ ਜਾਂਦੀ ਹੈ?" ਜਕਰੀਆ ਖ਼ਾਨ ਨੇ ਜਵਾਬ ਦਿੱਤਾ ਕਿ ਇਹ ਫਕੀਰਾਂ ਦਾ ਟੋਲਾ ਹੈ ਜੋ ਛੇ ਮਹੀਨੇ ਪਿੱਛੋਂ ਅੰਮ੍ਰਿਤਸਰ ਦੇ ਸਰੋਵਰ ਤੇ ਅਸਨਾਨ ਕਰਨ ਆਉਂਦੇ ਹਨ। ਨਾਦਰ ਸ਼ਾਹ ਨੇ ਫੇਰ ਪੁੱਛਿਆ ਕਿ ਇਨ੍ਹਾਂ ਦੇ ਘਰ ਘਾਟ ਕਿੱਥੇ ਹਨ? ਇਸ ਦੇ ਉੱਤਰ ਵਿਚ ਜਕਰੀਆ ਖ਼ਾਨ ਨੇ ਕਿਹਾ ਕਿ ਇਨ੍ਹਾਂ ਦੇ ਘਰ ਇਨ੍ਹਾਂ ਦਿਆਂ ਘੋੜਿਆਂ ਦੀਆਂ ਕਾਠੀਆਂ ਉੱਤੇ ਹਨ। ਇਹ ਸੁਣ ਕੇ ਨਾਦਰ ਸ਼ਾਹ ਮੁਸਕਰਾ ਪਿਆ ਅਤੇ ਕਹਿਣ ਲੱਗਾ, ਤਾਂ ਫਿਰ "ਇਨ੍ਹਾਂ ਤੋਂ ਡਰਨਾ ਚਾਹੀਦਾ ਹੈ। ਉਹ ਸਮਾਂ ਲਾਗੇ ਹੀ ਹੈ ਜਦ ਇਹ ਸਿਰ ਕੱਢਣਗੇ ਅਤੇ ਇਸ ਮੁਲਕ ਦੇ

Sri Satguru Jagjit Singh ji eLibrary

ਵਾਲੀ ਬਣ ਜਾਣਗੇ।"[1]

## ਮੁੜ ਸਖ਼ਤੀ ਦਾ ਦੌਰ

ਭਾਵੇਂ ਜਕਰੀਆ ਖ਼ਾਨ ਨੇ ਸਿੰਘਾਂ ਨਾਲ ਅੱਗੇ ਭੀ ਕੋਈ ਘੱਟ ਨਹੀਂ ਸੀ ਕੀਤੀ, ਪਰ ਨਾਦਰ ਸ਼ਾਹ ਦੇ ਕਹਿਣ ਤੋਂ ਉਸ ਨੂੰ ਬੜੀ ਨਮੋਸ਼ੀ ਆਈ ਅਤੇ ਚਿੜ ਚੜ੍ਹ ਗਈ। ਸੋ ਉਸ ਨੇ ਇਕ ਵੱਢੋਂ ਹੀ ਖਾਲਸੇ ਦੀ ਕਤਲਾਮ ਆਰੰਭ ਦਿੱਤੀ। ਇਹ ਸੰਨ 1739 ਤੋਂ ਸੰਨ 1746 ਈ. (ਯਾਹੀਆ ਖ਼ਾਨ ਦੇ ਜ਼ਮਾਨੇ) ਤਕ ਰਹੀ। ਇਲਾਕੇ ਦੇ ਚੌਧਰੀਆਂ ਦੇ ਨਾਮ ਪਰਵਾਨੇ ਜਾਰੀ ਕਰ ਦਿੱਤੇ ਗਏ ਕਿ ਕਿਸੇ ਪਿੰਡ ਵਿਚ ਭੀ ਕੋਈ ਸਿੰਘ ਨਾ ਰਹਿ ਪਾਵੇ ਅਤੇ ਜੋ ਸਿੰਘਾਂ ਨੂੰ ਮਾਰੇਗਾ ਜਾਂ ਪਤਾ ਦੇਵੇਗਾ ਉਸ ਨੂੰ ਸਰਕਾਰੋਂ ਇਨਾਮ ਦਿੱਤਾ ਜਾਊ। ਅੰਮ੍ਰਿਤਸਰ ਅਤੇ ਤਰਨ ਤਾਰਨ ਦੇ ਸਰੋਵਰਾਂ ਪਰ ਚੌਕੀਆਂ ਜਿਆਦਾ ਚੋਕਸ ਕਰ ਦਿੱਤੀਆਂ ਗਈਆਂ ਕਿ ਕਿਧਰੇ ਕੋਈ ਸਿੰਘ ਅਸ਼ਨਾਨ ਨਾ ਕਰ ਜਾਏ। ਹੋਰ ਤਾਂ ਹੋਰ, ਹਰਿ ਭਗਤ ਨਿਰੰਜਣੀਏ, ਕਰਮੇ ਛੀਨੇ, ਧਰਮ ਦਾਸ ਜੋਧਾ ਨਗਰੀਏ, ਸਾਹਿਬ ਰਾਏ ਪੁੰਨੂੰ ਨੌਸ਼ਹਿਰੀਏ ਅਤੇ ਰਾਮੇ ਰੰਧਾਵੇ ਨੇ ਸਿੰਘਾਂ ਨੂੰ ਫੜਨ ਫੜਾਉਣ ਅਤੇ ਮਰਵਾਉਣ ਵਿਚ ਵਧ ਚੜ੍ਹ ਕੇ ਕਾਰ ਗੁਜ਼ਰੀ ਵਿਖਾਈ। ਮੰਡਿਆਲੀ ਦੇ ਮੱਸੇ ਰੰਘੜ ਨੇ ਆਪਣਾ ਸਾਰਾ ਇਲਾਕਾ ਛਾਣ ਮਾਰਿਆ ਅਤੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰੋਵਰ ਵਿਚ ਅਸ਼ਨਾਨ ਕਰਨ ਆਏ ਸਿੰਘਾਂ ਨੂੰ ਮਾਰਨ ਲਈ ਇੱਥੇ ਹੀ ਆ ਡੇਰਾ ਲਾਇਆ। ਦਰਬਾਰ ਸਾਹਿਬ ਅਤੇ ਅਕਾਲ ਤਖਤ ਤੇ ਸ਼ਰਾਬ ਦੇ ਦੌਰ ਚਲਦੇ, ਹੁੱਕਾ ਪੀ ਹੁੰਦਾ, ਸਾਹਮਣੇ ਕੰਜਰੀਆਂ ਦਾ ਮੁਜਰਾ ਹੁੰਦਾ ਅਤੇ ਹੋਰ ਅਨੇਕਾਂ ਤਰ੍ਹਾਂ ਇਸ ਪਵਿੱਤਰ ਧਾਰਮਕ ਅਸਥਾਨ ਦੀ ਬੇਅਦਬੀ ਹੁੰਦੀ। ਭਾਵੇਂ ਸਿੰਘਾਂ ਉੱਤੇ ਇੰਜ ਮੁਸੀਬਤਾਂ ਦੇ ਝੱਖੜ ਝੁਲ ਪਏ, ਪਰ ਉਨ੍ਹਾਂ ਨੇ ਹਿੰਮਤ ਨਾ ਹਾਰੀ। ਉਨ੍ਹਾਂ ਦੀ ਮਾਨਸਕ ਅਵਸਥਾ ਚੜ੍ਹਦੀਆਂ ਕਲਾ ਵਿਚ ਸੀ ਤੇ ਉਹ ਕਹਿੰਦੇ ਸਨ ਕਿ ਸਿੱਖੀ ਕੇਸਾਂ ਸੁਆਸਾਂ ਨਾਲ ਨਿਭੇਗੀ। ਇਤਨੀਆਂ ਕਰੜਾਈਆਂ ਦੇ ਹੁੰਦੇ ਹੋਏ ਵੀ ਮਹਿਤਾਬ ਸਿੰਘ ਮੀਰਾਂਕੋਟੀਏ ਅਤੇ ਸੁੱਖਾ ਸਿੰਘ ਮਾੜੀ-ਕੰਬੋ ਵਾਲੇ ਵਰਗੇ ਨਿਡਰ ਸੂਰਮੇ ਦਰਬਾਰ ਸਾਹਿਬ ਵਿਚ ਪੁੱਜ ਕੇ ਮੱਸੇ

---

(1) نادر شاہ از خان بہادر پرسید کہ در ملک شما الدام مفسد است یانہ. گفت نیست، مگر آنکہ گروہے از ہنود فقیراں ہستند کہ بعد شش ماہ بر تالاب گورو می آئند و غسل نمودہ متفرق می شوند۔ نادر شاہ گفت خانہ او شاں کجا است. خان بہادر گفت خانہ او شاں زین اسپ بادشاہ بخندید و گفت از ایشاں پرحذر باید بود نزدیک است کہ ایں مفسدہ سر خواہند کشید و ایں ملک را خواہند گرفت۔

تاریخ ہند و ملکاں (ذکر گوروواں و ابتدائی سنگھاں)
مصنف احمد شاہ بٹالیہ صہ ۱۳

Sri Satguru Jagjit Singh Ji eLibrary

ਰੰਘੜ ਨੂੰ ਸੋਧ ਜਾਂਦੇ ਸਨ (ਅਗਸਤ, ਸੰਨ 1740)। ਜ਼ਕਰੀਆ ਖ਼ਾਨ ਨੇ ਤਾਂ ਆਪਣੀ ਵੱਲੋਂ ਖਾਲਸੇ ਨੂੰ ਮਾਰ ਮੁਕਾਇਆ ਸੀ ਅਤੇ ਪਿੰਡਾਂ ਵਿਚ ਇਹ ਗੱਲ ਆਮ ਧੁੰਮ ਗਈ ਸੀ ਕਿ ਸਰਕਾਰ ਨੇ ਕਿਧਰੇ ਕੋਈ ਸਿੱਖ ਨਹੀਂ ਛੱਡਿਆ। ਇਕ ਵਾਰੀ ਅਸ਼ਨਾਨ ਕਰ ਕੇ ਮੁੜਦੇ ਹੋਏ ਦੋ ਸਿੰਘਾਂ ਬੋਤਾ ਸਿੰਘ ਅਤੇ ਗਰਜਾ ਸਿੰਘ ਨੂੰ ਦੂਰੋਂ ਦੇਖ ਕੇ ਜਦ ਕਿਸੇ ਨੇ ਕਿਹਾ ਕਿ 'ਨਹੀਂ, ਉਹ ਸਿੰਘ ਨਹੀਂ ਹੋਣੇ, ਐਵੇਂ ਕੋਈ ਭੇਖੀ ਹੋਣੇ ਨੇ', ਤਾਂ ਉਹ ਇਹ ਬੋਲੀ ਸਹਾਰ ਨਾ ਸਕੇ ਅਤੇ ਉਥੇ ਨਾਲ ਹੀ ਨੂਰ ਦੀਨ ਦੀ ਸਰਾਇ ਪਾਸ ਸੜਕ ਤੇ ਖੜੇ ਗਏ ਅਤੇ ਇਹ ਸਾਬਤ ਕਰਨ ਲਈ ਕਿ ਸਿੰਘ ਮੁੱਕ ਨਹੀਂ ਗਏ, ਜੀਉਂਦੇ ਜਾਗਦੇ ਹਨ, ਸੜਕ ਤੇ ਆਉਂਦੇ ਜਾਂਦੇ ਮਾਲ ਦੇ ਗੱਡਿਆਂ ਅਤੇ ਖੋਤਿਆਂ ਤੋਂ ਟੈਕਸ ਉਗ੍ਰਾਹੁਣ ਲੱਗ ਪਏ, ਅਤੇ ਕੁਝ ਚਿਰ ਪਿੱਛੋਂ ਬੋਤਾ ਸਿੰਘ ਨੇ ਜਕਰੀਆ ਖ਼ਾਨ ਨੂੰ ਇਹ ਦੱਸ ਦੇਣ ਲਈ ਇਹ ਚਿੱਠੀ ਲਿਖ ਦਿੱਤੀ ਕਿ :

*ਚਿੱਠੀ ਲਿਖ ਲਿਖੈ ਸਿੰਘ ਬੋਤਾ ਹਥ ਹੈ ਸੋਟਾ।*
*ਆਨਾ ਲਾਯਾ ਗੱਡੇ ਨੂੰ ਤੇ ਪੈਸਾ ਲਾਇਆ ਖੋਤਾ।*
*ਆਖੋ ਭਾਬੀ ਖਾਨੋ ਨੂੰ, ਯੋਂ ਆਖੈ ਸਿੰਘ ਬੋਤਾ ॥ 13 ॥*

[ਪ੍ਰਾਚੀਨ ਪੰਥ ਪ੍ਰਕਾਸ਼, 297]

ਇਸ ਤੋਂ ਛੇਤੀ ਹੀ ਬਾਅਦ ਜਕਰੀਆ ਖ਼ਾਨ ਦੀ ਭੇਜੀ ਹੋਈ ਫ਼ੌਜ ਨਾਲ ਸਾਹਮਣੇ ਮੱਥੇ ਪਿੱਠਾਂ ਜੋੜ ਕੇ ਲੜਦੇ ਹੋਏ ਇਹ ਦੋਨੋਂ ਸਿੰਘ ਸ਼ਹੀਦ ਹੋ ਗਏ ਪਰ ਜੀਉਂਦੇ ਜੀ ਵੈਰੀ ਦੇ ਹੱਥ ਨਾ ਆਏ। ਇਸੇ ਸਮੇਂ ਭਾਈ ਤਾਰੂ ਸਿੰਘ ਦੀ ਰੰਬੀਆਂ ਨਾਲ ਸਿਰ ਦੀ ਖੋਪਰੀ ਇਸ ਕਰਕੇ ਛਿਲ ਦਿੱਤੀ ਗਈ ਕਿ ਉਹ ਜੰਗਲਾਂ ਵਿਚ ਲੁਕੇ ਛੁਪੇ ਬਾਗੀ ਸਿੰਘਾਂ ਨੂੰ ਖਾਣਾ ਦਾਣਾ ਪਹੁੰਚਾਉਂਦਾ ਹੈ। ਇਨ੍ਹਾਂ ਦੀ ਸ਼ਹੀਦੀ 1 ਸਾਵਣ, ਸੰਮਤ 1702 ਬਿ., 1 ਜੁਲਾਈ, ਸੰਨ 1745 ਈ. ਨੂੰ ਹੋਈ। ਉਸੇ ਦਿਨ ਪੇਸ਼ਾਬ ਬੰਦ ਹੋ ਜਾਣ ਕਰਕੇ ਪੀੜ ਦੀ ਤੜਫਾਟ ਨਾਲ ਜ਼ਕਰੀਆ ਖ਼ਾਨ ਭੀ ਚਲਾਣਾ ਕਰ ਗਿਆ। ਪਰ ਉਸ ਤੋਂ ਬਾਅਦ ਉਸ ਦੇ ਪੁੱਤਰ ਯਾਹੀਆ ਖ਼ਾਨ ਦੇ ਸਮੇਂ ਭੀ ਸਿੰਘਾਂ ਨੂੰ ਕੁਝ ਸੁਖ ਦਾ ਸਾਹ ਨਾ ਆਇਆ। ਉਸ ਨੇ ਭੀ ਪਿਓ ਵਾਲੀ ਪਾਲਿਸੀ ਹੀ ਜਾਰੀ ਰੱਖੀ ਅਤੇ ਸਿੱਖਾਂ ਉੱਤੇ ਸਖ਼ਤੀ ਦਾ ਚੱਕਰ ਬੜੀ ਤੇਜ਼ੀ ਨਾਲ ਚਲਦਾ ਰਿਹਾ ਜਿਸ ਦਾ ਜ਼ਿਕਰ ਅੱਗੇ ਆਏਗਾ।*

Sri Satguru Jagjit Singh Ji eLibrary

*The Governor Yahya Khan now issued a proclamation for a general massacre of all Sikhs, wherever they could be found. Death was to be the punishment of all persons who invoked the name of Guru Gobind and a reward was offered for the heads of Sikhs. Thousands were put to death daily and their heads were brought before the subadar of Lahore for reward.

[Syed Muhammad Latif, *History of the Panjab*, 213.]

## ਅਧਿਆਇ ਪੰਜਵਾਂ

# ਸਰਦਾਰ ਜੱਸਾ ਸਿੰਘ ਦਾ ਰਾਜਸੀ ਜੀਵਨ ਆਰੰਭ

ਸਰਦਾਰ ਜੱਸਾ ਸਿੰਘ ਦਾ ਰਾਜਸੀ ਜੀਵਨ ਉਸ ਦਿਨ ਤੋਂ ਹੀ ਸ਼ੁਰੂ ਹੋ ਗਿਆ ਸੀ ਜਦ ਕਿ ਉਸ ਦੇ ਮਾਮਾ ਸਰਦਾਰ ਬਾਘ ਸਿੰਘ ਹੱਲੋਵਾਲੀਏ ਅਤੇ ਉਸ ਦੀ ਮਾਤਾ ਨੇ ਉਸ ਨੂੰ ਕਰਤਾਰਪੁਰ ਦੀ ਜੂਹ ਵਿਚ ਖਾਲਸਾ ਦਲ ਦੀ ਸੇਵਾ ਲਈ ਨਵਾਬ ਕਪੂਰ ਸਿੰਘ ਦੀ ਝੋਲੀ ਪਾ ਦਿੱਤਾ ਸੀ ਅਤੇ ਇਹ ਉਨ੍ਹਾਂ ਦਾ ਪੁਤਰੇਲਾ ਕਰਕੇ ਪ੍ਰਸਿੱਧ ਹੋ ਗਿਆ ਸੀ।

ਜੱਸਾ ਸਿੰਘ ਜਿਥੇ ਬੜਾ ਸੋਹਣਾ, ਸਜੀਲਾ ਸਰੂ-ਕੱਦ ਨੌਜਵਾਨ ਨਿਕਲ ਰਿਹਾ ਸੀ, ਉਥੇ ਉਹ ਚਾਲ ਢਾਲ ਅਤੇ ਪਹਿਰਾਵੇ ਵਿਚ ਸੂੰਕਾ ਬਾਂਕਾ ਭੀ ਬਹੁਤ ਸੀ। ਦਿੱਲੀ ਵਿਚ ਮਾਤਾ ਸੁੰਦਰੀ ਜੀ ਪਾਸ ਰਹਿਣ ਕਰਕੇ ਉਸ ਦੀ ਦਸਤਾਰ ਦਾ ਬੰਧੇਜ ਮੁਗਲਾਂ ਵਾਲਾ ਹੋ ਗਿਆ ਹੋਇਆ ਸੀ ਅਤੇ ਬੋਲੀ ਵਿਚ ਹਿੰਦੁਸਤਾਨੀ ਬਹੁਤ ਵਰਤਦਾ ਸੀ। ਇਸ ਕਰਕੇ ਕਈ ਸਿੰਘ ਉਸ ਨੂੰ ਠੱਠਾ ਮਖੌਲ ਕਰਨ ਲੱਗ ਪੈਂਦੇ ਸਨ ਅਤੇ 'ਹਮ ਕੋ', 'ਤੁਮ ਕੋ' ਕਹਿ ਕੇ ਬੁਲਾਉਂਦੇ ਅਤੇ ਖਿਝਾਉਂਦੇ ਸਨ। ਜੱਸਾ ਸਿੰਘ ਆਖਰ ਅਜੇ ਨਵਾਂ ਉਠਦਾ ਮੁੰਡਾ ਹੀ ਸੀ ਅਤੇ ਦੇਸ ਦੇ ਲੋਕਾਂ ਨਾਲ ਹੰਢਿਆ ਵਰਤਿਆ ਨਹੀਂ ਸੀ, ਇਸ ਲਈ ਉਹ ਉਨ੍ਹਾਂ ਪੁਰਾਣੇ ਖੁੰਢਾਂ ਨਾਲ ਕਿਵੇਂ ਵਾਰੇ ਆ ਸਕਦਾ ਸੀ। ਭਾਵੇਂ ਉਹ ਚਤੁਰ ਅਤੇ ਤੇਜ ਤਾਂ ਸੀ ਪਰ ਚੂੰਕਿ ਬਹੁਤ ਗੰਭੀਰ ਰਹਿੰਦਾ ਸੀ ਇਸ ਲਈ ਠੱਠੇ ਮਖੌਲ ਦੀ ਆਦਤ ਨਹੀਂ ਸੀ। ਇਕ ਵਾਰੀ ਦਾਣਾ ਵੰਡਣ ਵੇਲੇ ਸਿੰਘਾਂ ਦੇ ਮਖੌਲਾਂ ਅਤੇ ਆਪਾ ਧਾਪੀ ਤੋਂ ਤੰਗ ਆ ਕੇ ਹੰਝੂਆਂ ਭਰੀਆਂ ਅੱਖਾਂ ਨਾਲ ਨਵਾਬ ਪਾਸ ਜਾ ਕੇ ਕਹਿਣ ਲੱਗਾ 'ਮੈਂਕੋ ਦਾਣਾ ਵਰਤੇ ਨਾਹੀਂ' ਨਵਾਬ ਸਾਹਿਬ ਨੇ ਪਿਆਰ ਨਾਲ ਧੀਰਜ ਦਿੱਤੀ ਅਤੇ ਬਚਨ ਕੀਤਾ : "ਘਬਰਾਉ ਨਹੀਂ, ਤੂੰ ਤੇ ਹਜਾਰਾਂ ਵੱਗਾਂ ਨੂੰ ਦਾਣਾ ਦੇਣਾ ਹੈ। ਇਹ ਪੰਥ ਗੁਰੂ ਕੀਆਂ ਲਾਡਲੀਆਂ ਫੌਜਾਂ ਨੇ। ਸੇਵਾ ਤੋਂ ਹੀ ਮੇਵਾ ਮਿਲਦਾ ਹੈ। ਮੈਨੂੰ ਇਸ ਗਰੀਬ-ਨਿਵਾਜ ਪੰਥ ਨੇ 'ਨਵਾਬ' ਬਣਾ ਦਿੱਤਾ ਹੈ, ਤੈਨੂੰ, ਕੀ ਪਤਾ, ਪਾਤਸ਼ਾਹੀ ਬਖਸ਼ ਦੇਣ।" ਖਾਲਸਾ ਉਸ ਵੇਲੇ ਨਵਾਬ ਸਾਹਿਬ ਨੂੰ ਗੁਰੂ ਰੂਪ ਸਮਝਦਾ ਸੀ। ਜਿਵੇਂ ਦਰਬਾਰ ਸਾਹਿਬ ਦੀ ਸੇਵਾ ਕਰਕੇ ਭਾਈ ਮਨੀ ਸਿੰਘ ਜੀ ਦੀ ਉੱਚ ਪਦਵੀ ਸੀ, ਤਿਵੇਂ ਖਾਲਸਾ ਦਲ ਵਿਚ ਨਵਾਬ ਕਪੂਰ ਸਿੰਘ ਦੀ ਸੀ। ਨਵਾਬ ਸਾਹਿਬ ਦੇ ਮੂਹੋਂ ਉੱਪਰ ਲਿਖੇ ਭਾਵ ਦੇ ਬਚਨ ਨਿਕਲਨ ਦੀ ਦੇਰ ਸੀ ਕਿ ਖਾਲਸੇ ਨੇ ਇਸ ਨੂੰ ਇਕ ਅਟਲ ਭਵਿੱਖਬਾਣੀ ਜਾਣ ਕੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਉਣੇ ਆਰੰਭ ਦਿੱਤੇ।

Sri Satguru Jagjit Singh Ji eLibrary

ਨਵਾਬ ਸਾਹਿਬ ਦੇ ਮੁਖੋਂ ਤਾਂ ਇਹ ਵਾਕ ਭਾਵੇਂ ਸੁਤੇ ਹੀ ਨਿਕਲੇ ਸਨ, ਪਰ ਸਨ ਇਹ ਵਾਕ ਇਕ ਜਪੀ ਤਪੀ ਅਤੇ ਹਠੀ ਯੋਧਾ-ਮਹਾਤਮਾ ਦੇ। ਖਾਲੀ ਕਿਵੇਂ ਜਾ ਸਕਦੇ ਸਨ। ਸਮੇਂ ਸਿਰ ਆਪਣਾ ਰੰਗ ਲਿਆਏ। ਸੰਨ 1761 ਈ. ਵਿਚ ਲਾਹੌਰ ਦੇ ਹਾਕਮ ਖ਼ੁਆਜਾ ਉਬੈਦੁੱਲਾ ਨੂੰ ਗੁਜਰਾਂ ਵਾਲੇ ਤੇ ਹੱਲਾ ਕਰਨ ਗਏ ਨੂੰ ਭਾਂਜ ਦੇ ਕੇ ਸਰਦਾਰ ਜੱਸਾ ਸਿੰਘ ਦੀ ਕਮਾਨ ਹੇਠਾਂ ਜਦ ਖਾਲਸਾ ਲਾਹੌਰ ਸ਼ਹਿਰ ਵਿਚ ਦਾਖ਼ਲ ਹੋਇਆ ਤਾਂ ਸਿੰਘ ਨੇ ਇਨ੍ਹਾਂ ਦੇ ਪਾਤਸ਼ਾਹ ਹੋਣ ਦਾ ਐਲਾਨ ਕਰ ਦਿੱਤਾ। ਇਸ ਤਰ੍ਹਾਂ ਨਵਾਬ ਸਾਹਿਬ ਦੇ ਵਾਕ ਪੂਰੇ ਹੋ ਗਏ। ਕੌਣ ਜਾਣਦਾ ਸੀ ਕਿ ਇਹ ਗਭਰੂਟ ਜਿਸ ਨੂੰ ਲੋਕੀਂ ਐਵੇਂ ਹਾਸੇ ਮਖੌਲ ਵਿਚ ਹੀ ਰੁਆ ਛੱਡਦੇ ਸਨ ਅਤੇ ਜਿਸ ਦੀ ਮੁਗ਼ਲਾਂ ਵਰਗੀ ਦਸਤਾਰ ਅਤੇ ਦਿੱਲੀ ਵਾਲਿਆਂ ਦੀ 'ਹਮ ਕੋ' 'ਤੁਮ ਕੋ' ਦੇਖ ਸੁਣ ਕੇ ਠੱਠਿਆਂ ਨਾਲ ਖਿਝਾਇਆ ਕਰਦੇ ਸਨ, ਇਕ ਦਿਨ ਖਾਲਸਾ ਪੰਥ ਦਾ ਸਭ ਤੋਂ ਵੱਡਾ ਅਤੇ ਪ੍ਰਭਾਵਸ਼ਾਲੀ ਆਗੂ ਬਣੇਗਾ ਅਤੇ ਖਾਲਸਾ ਜੀ ਦਾ ਪਹਿਲਾ ਪਾਤਸ਼ਾਹ ਕਹਾਇਗਾ। ਪਰ ਉਸ ਸਿਰਜਨਹਾਰ ਅਕਾਲ ਪੁਰਖ ਦੇ ਰੰਗ ਨਿਆਰੇ ਹਨ। ਸਤਿਗੁਰੂ ਨੇ ਫ਼ਰਮਾਇਆ ਹੋਇਆ ਹੈ :

*ਹਰਿ ਕੀ ਗਤਿ ਨਹੀ ਕੋਊ ਜਾਨੈ।*
*ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ।*
*ਛਿਨ ਮਹਿ ਰਾਉ ਰੰਕ ਕਉ ਕਰਈ, ਰਾਉ ਰੰਕ ਕਰਿ ਡਾਰੈ।*
*ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੈ।* [ਬਿਹਾਗੜਾ ਮ. 9, 2, 1]

ਜਦ ਤੋਂ ਇਸ ਦੀ ਮਾਤਾ ਜੀ ਜੱਸਾ ਸਿੰਘ ਨੂੰ ਨਵਾਬ ਸਾਹਿਬ ਦੀ ਝੋਲੀ ਪਾ ਗਏ ਸਨ, ਇਹ ਹਰ ਸਮੇਂ ਖਾਲਸਾ ਦਲ ਵਿਚ ਨਵਾਬ ਸਾਹਿਬ ਦੇ ਨਾਲ ਹੀ ਪਰਛਾਵੇਂ ਵਾਂਗੂੰ ਰਿਹਾ ਅਤੇ ਹਰ ਦੁਖ ਸੁਖ ਵੇਲੇ ਉਨ੍ਹਾਂ ਦੀ ਸੇਵਾ ਕਰਦਾ ਰਿਹਾ। ਜਦ ਖਾਲਸੇ ਦੇ ਦੋ ਦਲ ਬਣੇ ਤਾਂ ਇਹ ਨਵਾਬ ਕਪੂਰ ਸਿੰਘ ਦੇ ਨਾਲ ਹੀ ਬੁੱਢਾ ਦਲ ਵਿਚ ਰਿਹਾ ਜਿਥੇ ਕਿ ਦੀਵਾਨ ਦਰਬਾਰ ਸਿੰਘ ਅਤੇ ਸਰਦਾਰ ਬਾਘ ਸਿੰਘ ਸਨ, ਅਤੇ ਉਨ੍ਹਾਂ ਦੇ ਨਾਲ ਹੀ ਜੁੱਧਾਂ ਜੰਗਾਂ ਅਤੇ ਮੱਲਾਂ ਮਾਰਾਂ ਵਿਚ ਹਿੱਸਾ ਲੈਂਦਾ ਰਿਹਾ। ਇਸ ਲਈ ਪੰਥ ਦੀ ਸੇਵਾ ਵਿਚ ਦੁਖ ਤਕਲੀਫ਼ ਖਿੜੇ ਮੱਥੇ ਸਹਿ ਜਾਣ ਅਤੇ ਵਾਹਿਗੁਰੂ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨਣ ਦਾ ਜੋ ਤਜਰਬਾ ਨਵਾਬ ਜ਼ਕਰੀਆ ਖ਼ਾਨ ਅਤੇ ਯਾਹੀਆ ਖ਼ਾਨ ਦੇ ਬਿਖੜੇ ਸਮੇਂ ਉਸ ਨੂੰ ਹੋਇਆ, ਉਸ ਨੇ ਉਸ ਦਾ ਮਨ ਦ੍ਰਿੜ੍ਹ ਭਰੋਸੇ ਵਾਲਾ, ਸ਼ਰਧਾਲੂ ਅਤੇ ਨਿਰਮਾਣ ਬਣਾ ਦਿੱਤਾ ਜਿਸ ਨਾਲ, ਜਿਉਂ ਜਿਉਂ ਸਮਾਂ ਆਇਆ, ਉਸ ਦੀ ਪ੍ਰਭਤਾ ਵਿਚ ਵਾਧਾ ਹੁੰਦਾ ਗਿਆ ਅਤੇ ਅੰਤ ਉਹ ਖਾਲਸੇ ਦਾ ਸ਼੍ਰੋਮਣੀ ਸਰਦਾਰ ਅਤੇ 'ਸੁਲਤਾਨੁਲ-ਕੌਮ' ਬਣ ਗਿਆ।

ਨਵਾਬ ਕਪੂਰ ਸਿੰਘ, ਦੀਵਾਨ ਦਰਬਾਰਾ ਸਿੰਘ ਅਤੇ ਦੂਸਰੇ ਵਡੇਰੇ ਅਤੇ ਮੁਖੀ ਸਰਦਾਰਾਂ ਦੇ ਹੁੰਦੇ ਜੱਸਾ ਸਿੰਘ ਦੀ ਸੂਝ ਬੂਝ ਅਤੇ ਬਹਾਦਰੀ ਦੇ ਕਾਰਨਾਮੇ ਬਹੁਤੇ ਸਾਹਮਣੇ ਨਹੀਂ ਆਏ ਅਤੇ ਇਤਿਹਾਸ ਦੇ ਪੰਨੇ ਉਨ੍ਹਾਂ ਤੋਂ ਅਨਜਾਣ ਹਨ। ਛੋਟੇ ਘਲੂਘਾਰੇ ਵੇਲੇ ਕੁਝ

ਮੌਕਿਆਂ ਪਰ ਇਸ ਦਾ ਪ੍ਰਤੱਖ ਜ਼ਿਕਰ 'ਪ੍ਰਾਚੀਨ ਪੰਥ ਪ੍ਰਕਾਸ਼" ਅਤੇ 'ਪੰਥ ਪ੍ਰਕਾਸ਼' ਅਤੇ 'ਤਵਾਰੀਖ ਗੁਰੂ ਖਾਲਸਾ (ਸ਼ਮਸ਼ੇਰਿ-ਖਾਲਸਾ ਅਤੇ ਰਾਜ-ਖਾਲਸਾ)' ਵਿਚ ਆਇਆ ਹੈ। ਇਸ ਵੇਲੇ ਤਕ ਜੱਸਾ ਸਿੰਘ ਦੀ ਉਮਰ ਸਤਾਈ ਅਠਾਈ ਵਰ੍ਹਿਆਂ ਦੀ ਹੋ ਚੁੱਕੀ ਸੀ ਅਤੇ ਨਵਾਬ ਸਾਹਿਬ ਨੇ ਉਸ ਨੂੰ ਚੋਖੀ ਖੁਲ੍ਹ ਦੇ ਦਿੱਤੀ ਹੋਈ ਸੀ।

## ਦੀਵਾਨ ਜਸਪਤ ਰਾਇ ਦੀ ਮੌਤ

ਜਿਵੇਂ ਪਿੱਛੇ ਜ਼ਿਕਰ ਕੀਤਾ ਗਿਆ ਹੈ ਕਿ ਜਕਰੀਆ ਖ਼ਾਨ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਯਾਹੀਆ ਖ਼ਾਨ ਨੇ ਭੀ ਸਿੱਖਾਂ ਵਿਰੁੱਧ ਆਪਣੇ ਪਿਉ ਵਾਲੀ ਹੀ ਨੀਤੀ ਜਾਰੀ ਰੱਖੀ ਅਤੇ ਉਨ੍ਹਾਂ ਪਰ ਸਖ਼ਤੀ ਵਧਦੀ ਗਈ। ਜਕਰੀਆ ਖ਼ਾਨ ਦੇ ਵੇਲੇ ਤੋਂ ਹੀ ਲਾਹੌਰ ਦੀ ਹਕੂਮਤ ਵਿਚ ਦੀਵਾਨ ਲਖਪਤ ਰਾਇ ਅਤੇ ਜਸਪਤ ਰਾਇ ਐਮਨਾਬਾਦੀ ਭਰਾਵਾਂ ਦਾ ਬੜਾ ਜ਼ੋਰ ਸੀ। ਲਖਪਤ ਰਾਇ ਸੂਬਾ ਲਾਹੌਰ ਦਾ ਦੀਵਾਨ ਸੀ ਅਤੇ ਜਸਪਤ ਰਾਇ ਐਮਨਾਬਾਦ ਦਾ ਫ਼ੌਜਦਾਰ। ਇਹ ਅਸਲੋਂ ਕਲਾਨੌਰ ਜ਼ਿਲ੍ਹਾ ਗੁਰਦਾਸਪੁਰ ਦੇ ਖੱਤਰੀ ਸਨ ਅਤੇ ਸਰਕਾਰੀ ਨੌਕਰੀ ਵਿਚ ਵਧਦੇ ਵਧਦੇ ਇਨ੍ਹਾਂ ਪਦਵੀਆਂ ਤਕ ਪੁੱਜੇ ਸਨ।

ਜਨਵਰੀ-ਫ਼ਰਵਰੀ ਸੰਨ 1746 ਈ. (ਮਾਘ-ਫੱਗਣ ਸੰਮਤ 1702 ਬਿ.) ਦੀ ਗੱਲ ਹੈ ਕਿ ਸਿੰਘਾਂ ਦਾ ਇਕ ਜੱਥਾ, ਜਿਸ ਦੇ ਆਗੂ ਸਰਦਾਰ ਸੁੱਖਾ ਸਿੰਘ ਮਾੜੀ-ਕੰਬੋ ਅਤੇ ਜੱਸਾ ਸਿੰਘ ਆਹਲੂਵਾਲੀਏ ਸਨ, ਜੰਗਲ ਵੱਲੋਂ ਗਸ਼ਤੀ ਫ਼ੌਜ ਦਾ ਧਕੀਂਦਾ ਹੋਇਆ ਝੱਲੋ ਝੱਲ ਪਹਾੜ ਵੱਲ ਨੂੰ ਜਾ ਰਿਹਾ ਸੀ ਕਿ ਦੀਵਾਨ ਜਸਪਤ ਰਾਇ ਇਸ ਦੇ ਮਗਰ ਪੈ ਗਿਆ ਅਤੇ ਐਮਨਾਬਾਦ ਵੱਲ ਧੱਕ ਦਿੱਤਾ। ਇਲਾਕੇ ਦੇ ਚੌਧਰੀ ਭੀ ਇਸ ਵੇਲੇ ਆਪਣੀਆਂ ਛੇੜਾਂ ਲੈ ਕੇ ਜਸਪਤ ਰਾਇ ਨਾਲ ਆ ਰਲੇ ਅਤੇ ਜੱਥਾ ਬੱਦੋਕੀ ਵੱਲ ਨੂੰ ਹੋ ਪਿਆ। ਇੱਥੇ ਗੁਸਾਈਆਂ ਦੀ ਝਿੜੀ ਵਿਚ ਸਿਰ ਲੁਕਾ ਕੇ ਲੰਗਰ ਦਾ ਕੁਝ ਆਹਰ ਕਰਨ ਹੀ ਲੱਗੇ ਸਨ ਕਿ ਜਸਪਤ ਰਾਇ ਆ ਪੁੱਜਾ ਅਤੇ ਸੁਨੇਹਾ ਭੇਜਿਆ ਕਿ ਇਥੋਂ ਇਕ ਦਮ ਕੂਚ ਕਰ ਜਾਉ। ਸਿੰਘਾਂ ਨੇ ਉੱਤਰ ਦਿੱਤਾ ਕਿ ਅਸੀਂ ਤਿੰਨਾਂ ਦਿਨਾਂ ਦੇ ਭੁੱਖੇ ਹਾਂ। ਇਸ ਹਾਲਤ ਵਿਚ ਹੁਣ ਕੁਝ ਕਰਨਾ ਔਖਾ ਹੈ। ਦੂਸਰੇ, ਰਾਤ ਹੀ ਬਾਕੀ ਹੈ। ਭਲਕੇ ਸਵੇਰੇ ਬਸਾਖੀ ਰੋੜੀ ਸਾਹਿਬ ਦੇਖ ਕੇ ਅਸੀਂ ਆਪੇ ਹੀ ਅੱਗੇ ਨੂੰ ਤੁਰ ਜਾਵਾਂਗੇ। ਜਸਪਤ ਰਾਇ ਨੇ ਮੁੜ ਅਖਵਾ ਭੇਜਿਆ ਕਿ ਮੈਂ ਇਕ ਛਿਨ ਭਰ ਭੀ ਤੁਹਾਨੂੰ ਇਥੇ ਟਿਕਣ ਨਹੀਂ ਦੇਣਾ, ਇਸ ਲਈ ਹੁਣੇ ਹੀ ਕੂਚ ਕਰ ਜਾਉ। ਸਿੰਘਾਂ ਨੇ ਕਿਹਾ ਕਿ ਸਾਡਾ ਤੇਰੇ ਨਾਲ ਕੋਈ ਵੈਰ ਨਹੀਂ। ਸਾਡਾ ਵੈਰ ਕੇਵਲ ਜ਼ੁਲਮੀ ਸਰਕਾਰ ਨਾਲ ਹੈ। ਅਸੀਂ ਇਥੋਂ ਅੰਨ ਦਾਣੇ ਦਾ ਪਰਬੰਧ ਕਰ ਕੇ ਦੂਸਰੇ ਇਲਾਕੇ ਵਿਚ ਜਾ ਵੜਾਂਗੇ। ਇਸ ਦੇ ਉੱਤਰ ਵਿਚ ਜਸਪਤ ਰਾਏ ਨੇ ਕਿਹਾ ਕਿ ਤੁਸੀਂ ਤਾਂ ਓਹ ਗੱਲ ਕੀਤੀ ਹੈ ਕਿ ਖਸਮ ਤਾਂ ਫਿਰੇ ਨਕ ਵੱਢਣ ਨੂੰ, ਅਤੇ ਤੀਂਵੀਂ ਲੋੜੇ ਨੱਥ ਘੜਾਉਣੀ। ਮੈਂ ਤਾਂ ਤੁਹਾਡਾ ਖੁਰਾ ਖੋਜ ਮਿਟਾ ਦੇਣਾ ਚਾਹੁੰਦਾ ਹਾਂ ਅਤੇ ਤੁਸੀਂ ਮੇਰੇ ਇਲਾਕੇ ਵਿਚੋਂ ਹੀ ਰਸਦ ਭਾਲਦੇ ਹੋ। ਤੁਹਾਨੂੰ ਤਾਂ ਜਮ ਧਰੂ ਕੇ ਮੇਰੇ ਇਲਾਕੇ ਵਿਚ ਲੈ ਆਏ ਹਨ। ਮੈਂ ਹੁਣੇ ਹੀ ਤੁਹਾਡਾ ਬੰਦੋਬਸਤ ਕਰਦਾ ਹਾਂ, 'ਸੀਸ ਮੁਨਾਇ ਤੁਮੈ ਜਾਟ ਬਨਾਵੋਂ, ਤੁਮਰੇ ਖਾਲਸਨ ਕੀ ਮਾਲ੍ਹਾ

Sri Satguru Jagjit Singh ji eLibrary

ਬਣਾਵੇਂ।' ਕਹਿੰਦੇ ਹਨ ਕਿ ਸਿੰਘਾਂ ਨੇ ਟਿੰਡਾਂ ਵਿਚ ਸਾਗ ਪਾਤ ਉਬਾਲਣਾ ਧਰਿਆ ਹੀ ਸੀ ਕਿ ਜਸਪਤ ਰਾਇ ਨੇ ਆ ਘੇਰਾ ਘੱਤਿਆ। ਹੁਣ ਸਿੰਘਾਂ ਲਈ ਕਿਸੇ ਪਾਸੇ ਭੀ ਨਿਕਲ ਸਕਣ ਦੀ ਕੋਈ ਆਸ ਨਹੀਂ ਸੀ। ਇਸ ਲਈ ਉਨ੍ਹਾਂ ਭੁੱਖੇ ਭਾਣੇ ਇਸ ਤਰ੍ਹਾਂ ਫਸ ਕੇ ਮਰਨ ਨਾਲੋਂ ਦੋ ਹੱਥ ਕਰ ਕੇ ਮਰਨਾ ਚੰਗਾ ਜਾਣਿਆ ਅਤੇ ਹੱਲਾ ਕਰ ਕੇ ਜਸਪਤ ਰਾਇ ਪਰ ਟੁੱਟ ਪਏ। ਦੀਵਾਨ ਦੇ ਸਾਥੀਆਂ ਅਤੇ ਮੁਲਖੱਈਏ ਨੂੰ ਪਹਿਲੇ ਹੱਲੇ ਹੀ ਭਾਜੜ ਪੈ ਗਈ ਵੇਖ ਕੇ ਨਿਬਾਹੂ ਸਿੰਘ ਨਾਮੀ ਇਕ ਸਿੰਘ ਦੌੜ ਕੇ ਪੂਛਲ ਰਾਹੀਂ ਜਸਪਤ ਰਾਏ ਦੇ ਹਾਥੀ ਉੱਤੇ ਚੜ੍ਹ ਗਿਆ ਅਤੇ ਤੇਗੇ ਦੇ ਇਕ ਹੀ ਵਾਰ ਨਾਲ ਉਸ ਦਾ ਸਿਰ ਧੜ ਤੋਂ ਅਲੱਗ ਕਰ ਦਿੱਤਾ ਅਤੇ ਦੀਵਾਨ ਦੇ ਜੇਵਰ ਅਤੇ ਮਾਲ-ਮਤਾਹ ਤੱਲੇ ਸੁੱਟ ਕੇ ਸਿਰ ਲੈ ਕੇ ਭਜ ਨਿਕਲਿਆ, ਜੋ ਸਿੰਘਾਂ ਨੇ ਬੱਦੋਕੀ ਗੁਸਾਈਆਂ ਦੇ ਬਾਵਾ ਕਿਰਪਾ ਰਾਮ ਦੇ ਮੰਗਣ ਪਰ ਉਸ ਨੂੰ ਦੇ ਦਿੱਤਾ। ਇਸ ਦੇ ਬਦਲੇ ਬਾਵੇ ਨੇ ਪੰਜ ਸੌ ਰੁਪਇਆ ਸਿੰਘਾਂ ਨੂੰ ਭੇਟ ਕੀਤਾ।

ਜਸਪਤ ਰਾਇ ਦੀ ਮੌਤ ਦੀ ਖਬਰ ਸੁਣ ਕੇ ਦੀਵਾਨ ਲਖਪਤ ਰਾਇ ਬਾਉਲਾ ਹੋ ਗਿਆ ਅਤੇ ਆਪਣੀ ਪੱਗ ਯਾਹੀਆ ਖ਼ਾਨ ਦੇ ਪੈਰਾਂ ਤੇ ਜਾ ਸੁਟੀ ਅਤੇ ਸੌਂਹ ਖਾ ਲਈ ਕਿ ਮੈਂ ਹੁਣ ਸਿੰਘਾਂ ਦਾ ਖੁਰਾ ਖੋਜ ਮਿਟਾ ਕੇ ਹੀ ਮੁੜ ਪਗੜੀ ਬੰਨ੍ਹਾਂਗਾ। ਯਾਹੀਆ ਖ਼ਾਨ ਨੂੰ ਹੋਰ ਕੀ ਚਾਹੀਦਾ ਸੀ। ਉਸ ਨੇ ਇਕ ਆਮ ਐਲਾਨ ਸਿੱਖਾਂ ਦੀ ਕਤਲਾਮ ਦਾ ਕਰ ਦਿੱਤਾ ਅਤੇ ਉਨ੍ਹਾਂ ਦੇ ਸਿਰਾਂ ਲਈ ਇਨਾਮ ਰਖ ਦਿੱਤੇ ਅਤੇ ਹੁਕਮ ਦੇ ਦਿੱਤਾ ਕਿ ਜਿਹੜਾ ਭੀ ਕੋਈ ਗੁਰੂ ਗੋਬਿੰਦ ਸਿੰਘ ਦਾ ਨਾਉਂ ਲੈਂਦਾ ਸੁਣਿਆ ਜਾਵੇ, ਉਸ ਦਾ ਪੇਟ ਚਾਕ ਕਰ ਦਿੱਤਾ ਜਾਏ।

ਲਖਪਤ ਰਾਇ ਜਦ ਸਰਦਾਰ ਸੁੱਖਾ ਸਿੰਘ ਅਤੇ ਜੱਸਾ ਸਿੰਘ ਦੇ ਜੱਥੇ ਨੂੰ ਹਰਨ ਹੋ ਗਿਆ ਦੇਖ ਕੇ ਲਾਹੌਰ ਆਇਆ ਤਾਂ ਉਸ ਨੇ ਸਿੰਘਾਂ ਦੇ ਕਤਲਾਮ ਲਈ ਮੁਢੋਂ ਟੱਕ ਧਰ ਦਿੱਤਾ। ਅੱਗੇ ਕੇਵਲ ਰਾਹ ਸਿੰਘ ਹੀ ਮਾਰੇ ਜਾਂਦੇ ਸਨ। ਪਰ ਲਖਪਤ ਰਾਇ ਨੇ ਮਾਰਚ ਸੰਨ 1746 ਦੇ ਪਹਿਲੇ ਹਫ਼ਤੇ ਸਭ ਤੋਂ ਪਹਿਲਾਂ ਲਾਹੌਰ ਵਿਚ ਜਿਤਨੇ ਭੀ ਸਿੱਖ ਦੁਕਾਨਦਾਰ ਅਤੇ ਸਰਕਾਰੀ ਨੌਕਰ ਚਾਕਰ ਸਨ ਫੜ ਕੇ ਚੂਹੜਿਆਂ ਦੇ ਹਵਾਲੇ ਕਰ ਦਿੱਤੇ ਕਿ 10 ਮਾਰਚ ਸੋਮਵਾਰ ਨੂੰ ਇਨ੍ਹਾਂ ਦੀਆਂ ਕੇਸਾਂ ਵਾਲੀਆਂ ਖੋਪਰੀਆਂ ਉਤਾਰ ਦਿਉ। ਇਸ ਵੇਲੇ ਪਹਾੜ ਦੇ ਇਕ ਰਾਜੇ ਪਾਸ ਜੋ ਪੰਦਰਾਂ ਸਿੱਖ ਨੌਕਰ ਸਨ ਉਹ ਭੀ ਫੜੇ ਹੋਏ ਲਾਹੌਰ ਆ ਗਏ ਅਤੇ ਜਲਾਦਾਂ ਦੇ ਹਵਾਲੇ ਕੀਤੇ ਗਏ।

ਗਰੀਬ ਬੇਦੋਸੇ ਨੌਕਰ ਚਾਕਰ ਸਿੰਘਾਂ ਦੇ ਕਤਲ ਦੀ ਖਬਰ ਸੁਣ ਕੇ ਸਾਰੇ ਸ਼ਹਿਰ ਵਿਚ ਕਹਾਰੀ ਮਚ ਗਈ ਅਤੇ ਆਲੇ ਦੁਆਲੇ ਦੀ ਲੁਕਾਈ ਤ੍ਰਾਹ ਤ੍ਰਾਹ ਕਰ ਉੱਠੀ। ਇਨਸਾਨੀ ਹਮਦਰਦੀ ਭਰਿਆ ਦਿਲ ਰਖਣ ਵਾਲੇ ਕੁਝ ਧਰਮੀ ਬੰਦਿਆਂ ਨੇ ਇਕ ਪੰਚਾਇਤ ਕੀਤੀ ਅਤੇ ਲਖਪਤ ਰਾਏ ਦੇ ਗੁਰੂ ਗੁਸਾਈ ਸੰਤ ਜਗਤ ਭਗਤ ਨੂੰ ਲਖਪਤ ਰਾਇ ਪਾਸ ਡੈਪੂਟੇਸ਼ਨ ਦੇ ਨਾਲ ਜਾਣ ਲਈ ਲਾਹੌਰ ਲੈ ਆਏ। ਦੀਵਾਨ ਲੱਛੀ ਰਾਮ ਅਤੇ ਦੀਵਾਨ

ਕੌੜਾ ਮੱਲ ਇਸ ਡੈਪੂਟੇਸ਼ਨ ਦੇ ਮੋਹਰੀ ਸਨ। ਇਨ੍ਹਾਂ ਨੇ ਲਖਪਤ ਰਾਇ ਨੂੰ ਕਿਹਾ ਕਿ ਤੇਰਾ ਭਾਈ ਜਸਪਤ ਰਾਇ ਸਿੰਘਾਂ ਪਰ ਹੱਲਾ ਕਰਦਾ ਹੋਇਆ ਲੜਾਈ ਵਿਚ ਮਾਰਿਆ ਗਿਆ ਹੈ। ਜਿਹੜੀ ਭਾਵੀ ਬੀਤਣੀ ਸੀ ਸੋ ਬੀਤ ਗਈ। ਹੁਣ ਤੂੰ ਸਿੰਘਾਂ ਪਰ ਲੋਹੇ ਦੀ ਲਾਉਂ ਨਾ ਖਿੱਚ। ਇਹ ਭੀ ਆਪਣੇ ਭਰਾ ਹੀ ਹਨ ਅਤੇ ਹਿੰਦੂ ਧਰਮ ਦੀ ਰੱਖਿਆ ਲਈ ਕਸ਼ਟ ਸਹਾਰ ਰਹੇ ਹਨ। ਪਰ ਲਖਪਤ ਰਾਇ ਨੇ ਇਨ੍ਹਾਂ ਦੀ ਇੱਕ ਨਾ ਸੁਣੀ ਅਤੇ ਕਹਿਣ ਲੱਗਾ ਕਿ 'ਤੁਸੀਂ ਤਾਂ ਕੀ, ਜੇ ਰੱਬ ਭੀ ਆਪ ਚੱਲ ਕੇ ਆਵੇ ਤਾਂ ਭੀ ਮੈਂ ਇਨ੍ਹਾਂ ਨੂੰ ਨਹੀਂ ਛੱਡਾਂਗਾ'। ਸੰਤ ਜਗਤ ਭਗਤ ਨੇ ਭੀ ਬਥੇਰਾ ਸਮਝਾਇਆ ਪਰ ਉਸ ਨੂੰ ਇਕ ਨਾ ਲੱਗੀ ਅਤੇ ਸੰਤਾਂ ਨੂੰ ਕਹਿਣ ਲੱਗਾ "ਤੁਹਾਨੂੰ ਇਨ੍ਹਾਂ ਗੱਲਾਂ ਦਾ ਕੀ ਪਤਾ ਹੈ। ਤੁਸੀਂ ਡੇਰੇ ਹੀ ਬੈਠਿਆ ਕਰੋ।" ਸੰਤ ਬੜੇ ਨਿਰਾਸ ਹੋਏ ਅਤੇ ਕਿਹਾ : "ਜਿਸ ਪਾਣੀਉਂ ਉੱਗੀ ਹੈ, ਉਸੇ ਪਾਣੀ ਮਾਰਾਂਗੇ। ਤੇਰੀ ਜੜ੍ਹ ਨਾ ਰਹੂ, ਅਤੇ ਇਹ ਪੰਥ ਦਿਨੋ ਦਿਨ ਵਧੂ।"

ਅੰਤ ਪਤਵੰਤੇ ਸੱਜਨਾਂ ਨੇ ਕਿਹਾ ਕਿ ਦੇਖ ! ਜੇ ਹੋਰ ਕੁਝ ਨਹੀਂ ਤਾਂ ਸੋਮਾਵਤੀ ਅਮਾਵਸ ਵਾਲੇ ਦਿਹਾੜੇ ਤਾਂ ਇਹ ਕਾਰਾ ਨ ਕਰ। ਸੋਮਾਵਤੀ ਮੱਸਿਆ ਕਦੇ ਭਾਗਾਂ ਨਾਲ ਹੀ ਆਉਂਦੀ ਹੈ। ਕੀ ਖ਼ਬਰ, ਫੇਰ ਸਾਡੇ ਜੀਉਂਦਿਆਂ ਆਵੇ ਕਿ ਨਾ ਆਵੇ। ਪਰ ਲਖਪਤ ਰਾਇ ਦੇ ਪੱਥਰ ਦਿਲ ਪਰ ਇਨ੍ਹਾਂ ਬੀਬੀਆਂ ਅਤੇ ਧੌਲੀਆਂ ਦਾਹੜੀਆਂ ਵਾਲੇ ਬਜ਼ੁਰਗਾਂ ਦੀਆਂ ਮਿੰਨਤਾਂ ਦਾ ਭੀ ਕੁਝ ਅਸਰ ਨਾ ਹੋਇਆ ਅਤੇ ਇਹ ਫੜੇ ਹੋਏ ਸਾਰੇ ਸਿੰਘ ਸੋਮਵਾਰੀ ਮੱਸਿਆ ਵਾਲੇ ਦਿਨ 12 ਚੇਤ ਸੰਮਤ 1802 ਬਿਕਰਮੀ, 10 ਮਾਰਚ ਸੰਨ 1746 ਨੂੰ ਕਤਲ ਕਰਵਾ ਦਿੱਤੇ ਗਏ।

## ਪਹਿਲਾ ਘੱਲੂ-ਘਾਰਾ

ਇਸ ਦੇ ਛੇਤੀ ਹੀ ਪਿੱਛੋਂ ਦੀਵਾਨ ਲਖਪਤ ਰਾਇ ਨਵਾਬ ਯਾਹੀਆ ਖ਼ਾਨ ਦੇ ਹੁਕਮ ਨਾਲ ਇੱਕ ਤਕੜੀ ਫੌਜ ਅਤੇ ਤੋਪਾਂ, ਜੰਬੂਰੇ ਅਤੇ ਰਹਿਕਲੇ ਲੈ ਕੇ ਸਿੰਘਾਂ ਦੇ ਵਿਰੁੱਧ ਉਠ ਤੁਰਿਆ। ਇਸ ਵੇਲੇ ਪੰਦਰਾਂ ਕੁ ਹਜਾਰ ਸਿੰਘ ਕਾਹਨੂਵਾਨ ਦੇ ਛੰਭ ਦੇ ਆਸ ਪਾਸ ਟਿਕੇ ਹੋਏ ਦਿਨ ਕਟੀ ਕਰ ਰਹੇ ਸਨ ਅਤੇ ਜੱਥੇਦਾਰਾਂ ਵਿਚੋਂ ਪ੍ਰਸਿੱਧ ਸਰਦਾਰ ਕਪੂਰ ਸਿੰਘ, ਸੁੱਖਾ ਸਿੰਘ ਮਾੜੀ ਕੰਬੋ ਵਾਲੇ, ਗੁਰਦਿਆਲ ਸਿੰਘ ਡੱਲੇਵਾਲਾ, ਚੜ੍ਹਤ ਸਿੰਘ ਸੁਕੱਰਚੱਕੀਆ ਅਤੇ ਜੱਸਾ ਸਿੰਘ ਆਲਹੂਵਾਲੀਆ ਓਥੇ ਸਨ।

ਇਨ੍ਹਾਂ ਸਿੰਘਾਂ ਦਾ ਪਤਾ ਲੱਗਣ ਪਰ ਦੀਵਾਨ ਲਖਪਤ ਰਾਇ ਲਾਉ ਲਸ਼ਕਰ ਲੈ ਕੇ ਇਨ੍ਹਾਂ ਦੇ ਮਗਰ ਪੈ ਗਿਆ ਅਤੇ ਲੱਗਾ ਝੱਲਾਂ ਨੂੰ ਝਾੜਨ। ਸਿੰਘ ਅੱਗੇ ਲੱਗ ਤੁਰੇ ਅਤੇ ਲਖਪਤ ਰਾਇ ਮਗਰ ਦੱਬੀ ਆਉਂਦਾ ਸੀ। ਕਈ ਵਾਰੀ ਸਿੰਘ ਹੱਲਾ ਕਰਕੇ ਪੈ ਜਾਂਦੇ ਅਤੇ ਜੋ ਦਾਣਾ ਪੱਠਾ ਹੱਥ ਲਗਦਾ ਖੋਹ ਖਿੰਜ ਕੇ ਲੈ ਜਾਂਦੇ। ਪਰ ਲਖਪਤ ਰਾਇ ਦੀਆਂ ਤੋਪਾਂ ਜੰਬੂਰਿਆਂ ਵਾਲੀ ਫੌਜ ਅਤੇ ਅਣਗਿਣਤ ਆ ਜੁੜੇ ਮੁਲਖੱਈਏ ਦੇ ਸਾਹਮਣੇ ਕੀ ਪੇਸ਼ ਜਾ ਸਕਦੀ ਸੀ। ਜੋ ਕੁਝ ਸਿੰਘਾਂ ਪਾਸ ਸੀ ਛੇਤੀ ਹੀ ਮੁੱਕ ਗਿਆ। ਹੁਣ ਨਾ ਤਾਂ ਕੋਈ ਰਸਦ ਪੱਠੇ ਦਾ ਸਮਿਆਨ ਸੀ, ਨਾ ਗੋਲੀ ਸਿੱਕੇ ਦਾ ਪ੍ਰਬੰਧ। ਸਾਰਾ ਮੱਲ-ਗੁਜ਼ਾਰ ਵੈਰੀ ਸੀ।

ਮੰਗਿਆਂ ਭੀ ਕੋਈ ਕੁਝ ਦੁਵਾਲ ਨਹੀਂ ਸੀ। ਦੂਸਰੇ ਪਾਸੇ ਲਖਪਤ ਰਾਇ ਦੀ ਫੌਜ ਪਾਸ ਤੋਪਾਂ, ਬੰਦੂਕਾਂ ਸਨ, ਰਸਦ ਪੱਠਾ ਅਤੇ ਗੋਲੀ ਸਿੱਕਾ ਲਾਹੌਰੋਂ ਬਾਕਾਇਦਾ ਪੁੱਜ ਰਿਹਾ ਸੀ। ਸਰਕਾਰੀ ਹੁਕਮ ਨਾਲ ਪਿੰਡਾਂ ਤੋਂ ਅਨਗਿਣਤ ਲੋਕ ਝੱਲਾਂ ਨੂੰ ਝਾੜਨ ਲਈ ਆ ਪੁੱਜੇ ਸਨ ਅਤੇ ਉਨ੍ਹਾਂ ਨੇ ਸਾਰੀ ਪਾਸੀਂ ਘੇਰਾ ਘੱਤ ਲਿਆ ਸੀ। ਸਿੰਘਾਂ ਅਤੇ ਵੈਰੀਆਂ ਦਾ ਲੂਣ ਅਤੇ ਆਟੇ ਦਾ ਮੁਕਾਬਲਾ ਭੀ ਨਹੀਂ ਸੀ, ਪਰ ਕਰਤਾਰ ਦੇ ਆਸਰੇ ਸਿੰਘ ਡਟੇ ਹੋਏ ਸਨ। ਹਾਲਤ ਬੜੀ ਭਿਆਨਕ ਅਤੇ ਤਰਸ ਜੋਗ ਸੀ।

ਸਿੰਘ ਹੌਲੀ ਹੌਲੀ ਅੱਗੇ ਪਹਾੜ ਵੱਲ ਵਧਣ ਲੱਗ ਪਏ, ਕਿਉਂਕਿ ਪਾਸਿਆਂ ਤੋਂ ਲਖਪਤ ਰਾਇ ਤੋਪਾਂ ਨਾਲ ਭੁੰਨੀ ਜਾ ਰਿਹਾ ਸੀ। ਇਸ ਵੇਲੇ ਸਿਆਣੇ ਸਿਆਣੇ ਸਿੰਘਾਂ ਨੇ ਕਿਹਾ ਕਿ ਲੜਾਈ ਦੇ ਤਾਂ ਢਾਈ ਫੱਟ ਹੁੰਦੇ ਨੇ। ਇਕ ਈਣ ਮੰਨ ਲੈਣਾ, ਦੂਸਰਾ ਮੁੜ ਟਾਕਰਾ ਕਰਨ ਦੀ ਆਸ ਨਾਲ ਵੇਖ ਕੇ ਹਰਨ ਹੋ ਜਾਣਾ, ਅਤੇ ਅੱਧਾ ਸਾਹਮਣੇ ਡਟ ਕੇ ਮਰ ਮੁਕਣਾ। ਹੁਣ ਪਹਿਲੀ ਈਣ ਮੰਨਣ ਵਾਲੀ ਗੱਲ ਦਾ ਤਾਂ ਨਾਉਂ ਹੀ ਨਾ ਲਓ। ਖਾਲਸਾ ਗੁਰੂ ਤੋਂ ਬਿਨਾਂ ਕਦੀ ਕਿਸੀ ਦੀ ਈਣ ਨਹੀਂ ਮੰਨਦਾ। ਇਸ ਲਈ ਪਿਛਲਾ ਡੇਢ ਫੱਟ ਹੀ ਅਸੀਂ ਕਰ ਸਕਦੇ ਹਾਂ। ਵੈਰੀ ਪਾਸ ਤੋਪਾਂ ਅਤੇ ਰਿਸਾਲਾ ਹੈ। ਅਸੀਂ ਬਹੁਤੇ ਪੈਦਲ ਹੀ ਹਾਂ। ਇਸ ਲਈ ਸਾਨੂੰ ਘੋੜਿਆਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਸੋ ਵੈਰੀ ਨੂੰ ਭੁਚਲਾਉਣ ਲਈ ਇਕ ਦਿਨ ਲੋਢੇ ਵੇਲੇ ਸਿੰਘ ਭੱਜ ਨਿਕਲੇ। ਜਦ ਲਖਪਤ ਰਾਇ ਦੀ ਫੌਜ ਰਾਤ ਨੂੰ ਅਵੇਸਲੀ ਹੋ ਗਈ ਤਾਂ ਸਿੰਘਾਂ ਨੇ ਮੁੜ ਕੇ ਇਕ ਦਮ ਆ ਛਾਪਾ ਮਾਰਿਆ ਅਤੇ ਬਹੁਤ ਸਾਰੇ ਘੋੜੇ ਅਤੇ ਕੁਝ ਖਾਨਾ ਦਾਨਾ ਲੈ ਕੇ ਮੁੜ ਝੱਲਾਂ ਵਿਚ ਜਾ ਵੜੇ।

ਇਹ ਦੇਖ ਕੇ ਲਖਪਤ ਰਾਇ ਬੜਾ ਖਿਝਿਆ। ਉਸ ਨੇ ਬੇਲਦਾਰ ਮੰਗਾਵਾ ਕੇ ਜੰਗਲ ਬੇਲੇ ਵਿਚ ਰਸਤੇ ਸਾਫ ਕਰਵਾਉਣੇ ਸ਼ੁਰੂ ਕੀਤੇ। ਪਰ ਗਾੜ੍ਹੇ ਝੱਲਾਂ ਵਿਚ ਬੇਲਦਾਰਾਂ ਦੀ ਪਹੁੰਚ ਬੜੀ ਔਖੀ ਸੀ ਅਤੇ ਲੁਕੇ ਹੋਏ ਸਿੰਘ ਉਨ੍ਹਾਂ ਨੂੰ ਗੋਲੀਆਂ ਨਾਲ ਭੁੰਨ ਕਢਦੇ ਸਨ। ਜਦ ਹੋਰ ਕਿਸੇ ਤਰ੍ਹਾਂ ਭੀ ਚਾਰਾ ਨਾ ਚਲਦਾ ਵੇਖਿਆ ਤਾਂ ਸਿੰਘਾਂ ਨੂੰ ਝੱਲਾਂ ਤੋਂ ਬਾਹਰ ਕੱਢਣ ਲਈ ਲਖਪਤ ਰਾਇ ਨੇ ਗਾੜ੍ਹੀ ਥਾਈਂ ਅੱਗ ਲਗਵਾ ਦਿੱਤੀ। ਹੁਣ ਸਿੰਘਾਂ ਲਈ ਅਤਿ ਮੁਸ਼ਕਲ ਬਣ ਗਈ। ਅੱਗੇ ਝੱਲਾਂ ਦਾ ਆਸਰਾ ਸੀ। ਹੁਣ ਉਹ ਭੀ ਨਾ ਰਿਹਾ। ਦੂਜੇ, ਲਖਪਤ ਰਾਇ ਨੇ ਤੋਪਾਂ ਦੀ ਮਾਰ ਤੇਜ ਕਰ ਦਿੱਤੀ। ਸਿੰਘ ਭੱਜ ਨਿਕਲੇ। ਮਗਰ ਹੀ ਫੌਜ ਅਤੇ ਮੁਲਖੱਈਆ। ਕਿਧਰੇ ਖੜੋਣ ਨੂੰ ਭੀ ਥਾਂ ਨਾ। ਇਕ ਥਾਂ ਤਾਰੂ ਦੇਖ ਕੇ ਦਰਿਆ ਰਾਵੀ ਪਾਰ ਹੋਏ ਅਤੇ ਇਹ ਸੋਚ ਕੇ ਕਿ ਸ਼ਾਇਦ ਪਹਾੜਾਂ ਵਿਚ ਚਲੇ ਜਾਣ ਨਾਲ ਹੀ ਬਲਾ ਟਲ ਜਾਏ, ਬਸੋਹਲੀ ਵੱਲ ਜਾਣ ਲਈ ਪੜੋਲ ਅਤੇ ਕਠੂਹੇ ਵੱਲ ਨੂੰ ਹੋ ਪਏ।

ਪਰ ਅੱਗੋਂ ਪਹਾੜੀਆਂ ਨੇ ਰਾਹ ਰੋਕ ਦਿੱਤੇ ਅਤੇ ਜਿਧਰ ਨੂੰ ਸਿੰਘ ਜਾਣ ਉਧਰੋਂ ਹੀ ਗੋਲੀਆਂ ਦੀ ਵਰਖਾ ਹੋਣ ਲੱਗ ਪਵੇ। ਪਿੱਛੋਂ ਲਖਪਤ ਰਾਇ ਦੱਬੀ ਆ ਰਿਹਾ ਸੀ। ਸਿੰਘ ਕੁਥਾਏਂ ਫੱਸ ਗਏ। ਨਾ ਅੱਗੇ ਵਧ ਸਕਣ, ਨਾ ਪਿੱਛੇ ਹਟ ਸਕਣ। ਕਿਧਰੇ ਘੜੀ ਖੜੋਣ ਦੀ

Sri Satguru Jagjit Singh Ji Library

ਥਾਂ ਨਹੀਂ ਸੀ। ਸਲਾਹ ਹੋਈ ਕਿ ਜਿਵੇਂ ਹੋ ਸਕੇ ਰਿਆੜਕੀ ਅਤੇ ਦੁਆਬੇ ਵੱਲ ਨੂੰ ,ਪੰਡ ਚਲੋ। ਫਿਰ ਕਦੀ ਇਕੱਠੇ ਹੋ ਕੇ ਲਖਪਤ ਰਾਏ ਨਾਲ ਸਿੜਾਂਗੇ। ਸੋ ਸਿੰਘ ਉਨ੍ਹੀਂ ਖੁਰੀਂ ਪਿੱਛੇ ਨੂੰ ਮੁੜ ਪਏ ਅਤੇ ਇਕ ਹੱਲਾ ਕਰ ਕੇ ਫੌਜ ਪਰ ਟੁੱਟ ਪਏ ਅਤੇ ਉਨ੍ਹਾਂ ਵਿਚ ਪੈ ਗਈ ਗੜਬੜ ਵਿਚ ਮਾਰਦੇ ਵਢਦੇ ਚੀਰ ਕੇ ਨਿਕਲ ਗਏ। ਇਸ ਵੇਲੇ ਕੁਝ ਸਿੰਘਾਂ ਨੇ ਲਖਪਤ ਰਾਇ ਦੀ ਭੀ ਭਾਲ ਕੀਤੀ। ਪਰ ਉਹ ਕਿਧਰੇ ਫੌਜ ਦੇ ਪਿੱਛੇ ਹੀ ਸੀ। ਹਥ ਨਾ ਆਇਆ। ਸਿੰਘਾਂ ਚਾਲੇ ਪਾਏ ਪਰ ਅੱਗੇ ਰਾਵੀ ਨੇ ਰੋਕ ਪਾ ਦਿੱਤੀ। ਦਰਿਆ ਦੀ ਰੋੜ੍ਹ ਇਤਨੀ ਤੇਜ਼ ਸੀ ਕਿ ਕੋਈ ਠਿਲ੍ਹ ਨਹੀਂ ਸਕਦਾ ਸੀ। ਇਸ ਵੇਲੇ ਡੱਲੇਵਾਲੇ ਸਰਦਾਰ ਗੁਰਦਿਆਲ ਸਿੰਘ ਦੇ ਦੋ ਭਰਾਵਾਂ ਨੇ ਹਿੰਮਤ ਕਰ ਕੇ ਘੋੜੇ ਦਰਿਆ ਵਿਚ ਪਾਏ ਕਿ ਗਾਹਣ ਦਾ ਪਤਾ ਕਰਨ। ਪਰ ਦਰਿਆ ਦੀਆਂ ਠਾਠਾਂ ਅੱਗੇ ਕੋਈ ਪੇਸ਼ ਨਾ ਗਈ। ਨਾ ਘੋੜਿਆਂ ਦਾ ਪਤਾ ਲੱਗਾ ਨਾ ਘੋੜ-ਸਵਾਰਾਂ ਦਾ।

ਇਸ ਵੇਲੇ ਸਰਦਾਰ ਜੱਸਾ ਸਿੰਘ ਅਤੇ ਕੁਝ ਹੋਰ ਸਰਦਾਰਾਂ ਨੇ ਕਿਹਾ ਕਿ ਦਰਿਆ ਵਿਚ ਡੁੱਬ ਕੇ ਮਰਣ ਨਾਲੋਂ ਸਾਹਮਣੇ ਵੈਰੀ ਨਾਲ ਲੜ ਕੇ ਮਰਨਾ ਚੰਗਾ ਹੈ। ਸੋ ਸਰਦਾਰ ਸੁੱਖਾ ਸਿੰਘ ਦੀ ਅਗਵਾਈ ਵਿਚ ਸਿੰਘਾਂ ਨੇ ਕਸੀਸ ਵੱਟ ਕੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਉਂਦੇ, ਹੱਲਾ ਕਰ ਦਿੱਤਾ। ਬੜੀ ਗਹਿ ਗੱਚ ਲੜਾਈ ਹੋਈ ਜਿਸ ਵਿਚ ਜਸਪਤ ਰਾਇ ਦਾ ਪੁੱਤਰ ਹਰਭਜ ਰਾਇ, ਯਾਹੀਆ ਖ਼ਾਨ ਦਾ ਪੁੱਤਰ ਨਾਹਰ ਖ਼ਾਨ, ਫੌਜਦਾਰ ਸੈਫ਼ ਅਲੀ ਖ਼ਾਨ, ਕਰਮ ਬਖ਼ਸ਼ ਰਸੂਲ ਨਗਰੀਆ, ਅਗਰ ਖ਼ਾਨ ਆਦਿ ਮਾਰੇ ਗਏ। ਇਸ ਹੱਲੇ ਵਿਚ ਸਿੰਘਾਂ ਦਾ ਭੀ ਬੜਾ ਨੁਕਸਾਨ ਹੋਇਆ ਅਤੇ ਸਰਦਾਰ ਸੁੱਖਾ ਸਿੰਘ ਦੀ ਲੱਤ ਪਰ ਜੰਬੂਰੇ ਦਾ ਗੋਲਾ ਆ ਲੱਗਾ ਅਤੇ ਪੱਟ ਦੀ ਹੱਡੀ ਟੁੱਟ ਗਈ, ਪਰ ਉਸ ਨੇ ਬੀਰ ਰਸ ਦੀ ਮਸਤੀ ਵਿਚ ਪੀੜ ਨਾ ਜਣਾਈ ਅਤੇ ਆਪਣੀ ਪੱਗ ਪਾੜ ਕੇ ਕਾਠੀ ਦੇ ਹੰਨੇ ਨਾਲ ਟੰਗ ਬੰਨ੍ਹੀ ਰੱਖੀ ਅਤੇ ਘੋੜਾ ਭਜਾ ਕੇ ਇਧਰ ਓਧਰ ਲੜਦਾ ਰਿਹਾ। ਇਸ ਵੇਲੇ ਸਰਦਾਰ ਜੱਸਾ ਸਿੰਘ ਅਤੇ ਦੂਸਰੇ ਸਰਦਾਰਾਂ ਨੇ ਇਕ ਹੋਰ ਭਰਪੂਰ ਹੱਲਾ ਕਰ ਦਿੱਤਾ ਅਤੇ ਵੈਰੀਆਂ ਵਿਚ ਗੜਬੜ ਪਾ ਦਿੱਤੀ। ਇਸ ਦਾ ਫਾਇਦਾ ਉਠਾ ਕੇ ਸਿੰਘ ਲੜਦੇ ਭਿੜਦੇ ਸਰਦਾਰ ਸੁੱਖਾ ਸਿੰਘ ਦੇ ਪਿੱਛੇ ਪਿੱਛੇ ਸੰਘਣੇ ਬੇਲੇ ਵਿਚ ਜਾ ਵੜੇ। ਇਤਨੇ ਨੂੰ ਰਾਤ ਪੈ ਗਈ। ਇਹ ਭਿਆਨਕ ਦਿਨ ਦੋ ਜੇਠ ਸੰਮਤ 1803 ਬਿ. (ਪਹਿਲੀ ਮਈ, ਸੰਨ 1746 ਈ.) ਸੀ। ਸਿੱਖ ਇਤਿਹਾਸ ਵਿਚ ਇਹ ਪਹਿਲਾ ਦਿਨ ਸੀ ਜਦ ਕਿ ਕਿਸੇ ਇਕ ਦਿਨ ਵਿਚ ਸਿੰਘਾਂ ਦਾ ਇਤਨਾ ਜਿਆਦਾ ਨੁਕਸਾਨ ਹੋਇਆ। ਇਸੇ ਕਰਕੇ ਇਸ ਦਿਨ ਨੂੰ ਘਲੂਘਾਰੇ ਦਾ ਦਿਨ ਆਖਿਆ ਜਾਂਦਾ ਹੈ। ਇਹ ਪਹਿਲਾ ਜਾਂ ਛੋਟਾ ਘਲੂਘਾਰਾ ਸੀ। ਦੂਸਰਾ ਵੱਡਾ ਘਲੂਘਾਰਾ 5 ਫਰਵਰੀ, ਸੰਨ 1762 ਈ. (11 ਰੱਜਬ 1175 ਹਿਜਰੀ) ਨੂੰ ਅਹਿਮਦ ਸ਼ਾਹ ਦੁੱਰਾਨੀ ਹੱਥੋਂ ਹੋਇਆ ਸੀ ਜਿਸ ਦਾ ਹਾਲ ਅੱਗੇ ਆਵੇਗਾ।

ਇਥੋਂ ਨਿਕਲ ਚਲਣ ਦੀ ਵਿਉਂਤ ਬਣਾ ਕੇ ਅੱਧੀ ਕੁ ਰਾਤ ਨੂੰ ਸਰਦਾਰ ਜੱਸਾ ਸਿੰਘ ਅਤੇ ਸੁੱਖਾ ਸਿੰਘ ਨੇ ਕਿਹਾ : "ਖਾਲਸਾ ਜੀ, ਵੈਰੀਆਂ ਨੂੰ ਇਕ ਸੱਟ ਮਾਰਨ ਦਾ ਹੁਣ ਵੇਲਾ

ਹੈ। ਸਾਨੂੰ ਹਰਨ ਹੋਇਆਂ ਵੇਖ ਕੇ ਵੈਰੀ ਬੇ-ਖਟਕੇ ਸੌਂ ਗਏ ਹਨ। ਹੁਣ ਉਨ੍ਹਾਂ ਨੂੰ ਨੀਂਦ ਨੇ ਦੱਬਿਆ ਹੋਇਆ ਹੈ। ਇਸ ਲਈ ਹੱਲਾ ਕਰ ਕੇ ਅਸੀਂ ਉਨ੍ਹਾਂ ਪਾਸੋਂ ਕੁਝ ਘੋੜੇ ਅਤੇ ਸ਼ਸਤਰ ਸੌਖੇ ਹੀ ਲਿਆ ਸਕਾਂਗੇ। ਇਹ ਗੱਲ ਸਭ ਸਿੰਘਾਂ ਪਰਵਾਨ ਕਰ ਲਈ ਅਤੇ ਧਾਵਾ ਕਰ ਕੇ ਜਾ ਪਏ। ਝਟਾ ਪਟ ਬੇਸ਼ੁਮਾਰ ਨੂੰ ਕਟ ਵੱਢ ਚੰਗੇ ਚੰਗੇ ਘੋੜੇ ਅਤੇ ਹਥਿਆਰ ਲੈ ਕੇ ਵੈਰੀਆਂ ਦੇ ਮਸਾਲਾਂ ਜਗਾਉਣ ਤੋਂ ਪਹਿਲਾਂ ਪਹਿਲਾਂ ਹੀ ਕੰਡਿਆਲੇ ਝੱਲਾਂ ਵਿਚ ਵੜ ਗਏ।

ਛੇਤੀ ਹੀ ਮਗਰੋਂ ਲਖਪਤ ਰਾਇ ਭੀ ਸਣੇ ਫੌਜ ਆ ਗਿਆ ਅਤੇ ਮੁਲਖੱਈਆ ਸਿੰਘਾਂ ਦੇ ਪਿੱਛੇ ਪਾ ਦਿੱਤਾ। ਘੋੜਿਆਂ ਵਾਲੇ ਸਿੰਘ ਤਾਂ ਥੋੜ੍ਹੇ ਹੀ ਸਨ, ਬਹੁਤੀ ਵਹੀਰ ਪਿਆਦਾ ਹੀ ਸੀ, ਜਿਸ ਦੀ ਰਾਖੀ ਕਰਨਾ ਅਤੇ ਨਾਲ ਲਈ ਜਾਣਾ ਜਰੂਰੀ ਸੀ। ਇਸ ਲਈ ਸਿੰਘ ਚਲਦੇ ਚਲਦੇ ਪਿੱਛੇ ਮੁੜ ਕੇ ਲੜਦੇ ਸਨ ਅਤੇ ਲੜਦੇ ਲੜਦੇ ਅੱਗੇ ਨੂੰ ਤੁਰੀ ਜਾ ਰਹੇ ਸਨ। ਲਖਪਤ ਰਾਇ ਦੀ ਫੌਜ ਦੇ ਨਾਲ ਮੋਹਰੇ ਮੋਹਰੇ ਢੋਲ ਵਜਦਾ ਜਾ ਰਿਹਾ ਸੀ ਅਤੇ ਪਿੰਡਾਂ ਦੀਆਂ ਛੇੜਾਂ ਬੰਦੂਕਾਂ, ਸੇਲੇ, ਨੇਜੇ ਅਤੇ ਛਵ੍ਹੀਆਂ ਕੁਹਾੜੀਆਂ ਲਈ ਛੰਭ ਦੇ ਝੱਲਾ ਨੂੰ ਇਉਂ ਝਾੜ ਰਹੀਆਂ ਸਨ ਜਿਵੇਂ ਸ਼ਿਕਾਰੀ ਕੁੱਤੇ ਝਾੜੀਆਂ ਵਿਚ ਹਰਨਾਂ ਪਿੱਛੇ ਪਏ ਹੋਏ ਹੋਣ। ਇਹ ਵੇਲਾ ਵਹੀਰ ਲਈ ਬੜੀ ਹੀ ਔਖ ਦਾ ਸੀ। ਪਰ ਸਤਿਗੁਰੂ ਦੀ ਓਟ ਲੈ ਕੇ ਸਿੰਘਾਂ ਨੇ ਮੁੜ ਕੇ ਉਹ ਹੱਲੇ ਕੀਤੇ ਕਿ ਮੁਲਖੱਈਆ ਭੱਜ ਨਿਕਲਿਆ। ਸੱਟ ਖਾ ਕੇ ਝੁੰਜਲਾਏ ਹੋਏ ਸ਼ੇਰਾਂ ਦੀ ਝਪਟ ਦਾ ਟਾਕਰਾ ਕਰਨਾ ਕੋਈ ਸੌਖੀ ਗੱਲ ਨਹੀਂ ਹੁੰਦੀ। ਜਾਨਾਂ ਹੀਲ ਕੇ ਲੜਨ ਵਾਲੇ ਸੂਰਮਿਆਂ ਦੇ ਸਾਹਮਣੇ ਮੇਲਾ ਵੇਖਣ ਆਈਆਂ ਧਾੜਾਂ ਨੇ ਕੀ ਖੜਾ ਹੋਣਾ ਹੋਇਆ? 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਉਂਦੇ ਤਲਵਾਰਾਂ ਸੂਤ ਕੇ ਸਿੰਘਾਂ ਦੇ ਇਨ੍ਹਾਂ ਵੱਲ ਹੋਣ ਦੀ ਦੇਰ ਸੀ ਕਿ ਸਭ ਨੂੰ ਆਪੋ ਆਪਣੀ ਪੈ ਗਈ ਅਤੇ ਜਾਨ ਬਚਾ ਕੇ ਭੱਜਣ ਦੀ ਕੀਤੀ।

ਹੁਣ ਸਿੰਘਾਂ ਨੇ ਦੱਭ ਨੂੰ ਤੁਲ੍ਹੇ ਬਣਾ ਕੇ ਇਕ ਥਾਂ ਪੇਤਲੇ ਪਤਣੋਂ ਰਾਵੀ ਪਾਰ ਕੀਤੀ ਅਤੇ ਰਿਆੜਕੀ ਵਿਚ ਪੁੱਜੇ। ਸਿਖਰ ਦੁਪਹਿਰ ਦਾ ਵੇਲਾ ਸੀ ਅਤੇ ਜੇਠ ਦੀ ਕੜਕਦੀ ਧੁਪ। ਘੋੜਿਆਂ ਵਾਲੇ ਤਾਂ ਕੱਟ ਗੁਜਰੇ, ਪਰ ਵਾਹਣੇ ਪੈਰਾਂ ਵਾਲਿਆਂ ਲਈ ਕੰਢੇ ਤੇ ਤਿੰਨ ਮੀਲ ਦੀ ਬਰੇਤੀ ਇਕ ਤਪਦੀ ਭੱਠੀ ਵਾਂਗੂ ਸੀ। ਉਨ੍ਹਾਂ ਦੇ ਪੈਰ ਸੜਦੇ ਜਾਣ ਅਤੇ ਉਹ ਲੱਗੇ ਫੁੜਕ ਫੁੜਕ ਕੇ ਡਿਗਣ। ਜੁੱਤੀਆਂ ਉਨ੍ਹਾਂ ਕੋਲ ਹੈ ਨਹੀਂ ਸਨ ਅਤੇ ਨਾ ਹੀ ਕੋਈ ਵਾਧੂ ਕਪੜਾ ਸੀ। ਆਖਰ ਉਨ੍ਹਾਂ ਵਿਚਾਰਿਆਂ ਨੇ ਤਨ ਦੇ ਕਪੜੇ ਪਾੜ ਪਾੜ ਕੇ ਪੈਰਾਂ ਨੂੰ ਬੰਨ੍ਹੇ। ਜਦ ਬੈਠ ਕੇ ਕਪੜੇ ਬੰਨ੍ਹਣ ਤਾਂ ਹੇਠੋਂ ਪੱਟ ਅਤੇ ਹੋਰ ਸਰੀਰ ਸੜੇ। ਕਈਆਂ ਦੇ ਛਾਲੇ ਪੈ ਗਏ ਅਤੇ ਉਹ ਤੁਰਨੋਂ ਆਤਰ ਹੋ ਗਏ, ਪਰ ਔਖੇ ਸੌਖੇ ਉਹ ਕਸੀਸ ਵੱਟੀ ਤੁਰੀ ਗਏ। ਇਹ ਰਾਮੇ ਰੰਧਾਵੇ ਦਾ ਇਲਾਕਾ ਸੀ, ਜੋ ਸਰਵਰ-ਸੁਲਤਾਨੀਆ ਸੀ ਅਤੇ ਸਿੰਘਾਂ ਦਾ ਰੱਬ ਵਾਸਤੇ ਵੈਰੀ ਸੀ। ਇਸ ਨੇ ਜ਼ਕਰੀਆ ਖ਼ਾਨ ਪਾਸ ਮੁਖ਼ਬਰੀ ਕਰ ਕੇ ਕਈ ਵਾਰੀ ਸਿੰਘ ਫੜਾਏ ਅਤੇ ਮਰਵਾਏ ਸਨ। ਇਹ ਲਖਪਤ ਰਾਇ ਦਾ ਹਮਾਇਤੀ ਬਣ ਗਿਆ। ਇਸ ਪਾਸੋਂ ਸਿੰਘਾਂ ਨੂੰ ਕੀ ਆਸ ਹੋਣੀ ਸੀ? ਉਸ ਬਾਬਤ ਮਾਝੇ ਦੇ ਸਿੰਘਾਂ ਵਿਚ ਅੱਗੇ ਹੀ ਮਸ਼ਹੂਰ

ਸੀ ਕਿ :

*ਦੇਸ ਨਾ ਰਾਮੇ ਕੇ ਤੁਮ ਜਾਈਓ। ਡੇਲਾ ਬਾਟਾ ਮਾਝੇ ਖਾਈਓ।*

ਅਰਥਾਤ

ਜੇ ਅਤਿ ਦੀ ਭੀੜ ਵੀ ਆ ਬਣੇ ਤਾਂ ਭੀ ਮਾਝੇ ਵਿਚ ਡੇਲੇ ਬੇਲੇ ਅਤੇ ਕਰੀਰ ਦੇ ਫੂਲ ਪੱਤੇ ਖਾ ਕੇ ਗੁਜ਼ਾਰਾ ਕਰ ਲੈਣਾ, ਪਰ ਰਾਮੇ ਰੰਧਾਵੇ ਦੇ ਇਲਾਕੇ ਵਿਚ ਨਾ ਜਾਣਾ।

ਇਸ ਲਈ ਸਿੰਘਾਂ ਨੇ ਇਕ ਅੱਧਾ ਦਿਨ ਇੱਥੇ ਝੱਲਾਂ ਵਿਚ ਕੱਟਿਆ ਅਤੇ ਪਿੰਡਾਂ ਦੀਆਂ ਛੇੜਾਂ ਨੂੰ ਮਾਰ ਕੁੱਟ ਕੇ ਰਾਹ ਬਣਾ ਕੇ ਸ੍ਰੀ ਹਰਿਗੋਬਿੰਦ ਪੁਰ ਦੇ ਪੱਤਣੋਂ ਬਿਆਸਾ ਪਾਰ ਕਰ ਕੇ ਦੁਆਬੇ ਵਿਚ ਦਾਖ਼ਲ ਹੋਏ ਅਤੇ ਮੀਰ ਕੋਟ ਦੀ ਝਿੜੀ ਵਿਚ ਜਾ ਡੇਰਾ ਕੀਤਾ। ਸਿੰਘ ਕਈ ਦਿਨਾਂ ਦੇ ਭੁੱਖੇ ਸਨ। ਇਨ੍ਹਾਂ ਪਾਸ ਨਾ ਕੋਈ ਰਸਦ ਸੀ, ਨਾ ਕੋਈ ਭਾਂਡਾ ਟੀਂਡਾ। ਲਾਗਲੇ ਪਿੰਡਾਂ ਤੋਂ ਆਟਾ ਦਾਣਾ ਲਿਆ। ਘੋੜੇ ਚੁਗਣੇ ਛਡ ਦਿੱਤੇ, ਅਤੇ ਆਪ ਢਾਲਿਆਂ ਉੱਤੇ ਹੀ ਪ੍ਰਸਾਦੇ ਤਿਆਰ ਕਰਨ ਲੱਗ ਪਏ। ਅਜੇ ਸਾਰਿਆਂ ਨੇ ਛਕੇ ਨਹੀਂ ਸਨ ਕਿ ਦੁਆਬੇ ਦਾ ਹਾਕਮ ਅਲਾਵਲ ਪੁਰ ਆਦਿ ਦੇ ਪਠਾਣਾਂ ਨੂੰ ਨਾਲ ਲੈ ਕੇ ਆ ਪੁੱਜਾ। ਇਨ੍ਹਾਂ ਨੂੰ ਤਾਂ ਸਿੰਘ ਸੋਧ ਕਢਦੇ, ਪਰ ਪਿੱਛੇ ਖਬਰ ਆ ਪੁੱਜੀ ਕਿ ਲਖਪਤ ਰਾਇ ਭੀ ਤੋਪਾਂ ਸਮੇਤ ਬਿਆਸਾ ਪਾਰ ਕਰ ਆਇਆ ਹੈ। ਇਸ ਲਈ ਸਿੰਘਾਂ ਨੇ ਸਬਰ ਦਾ ਘੁਟ ਪੀ ਕੇ ਬਾਗਾਂ ਫੜ ਲਈਆਂ ਅਤੇ ਵਹੀਰ ਨੂੰ ਲੈ ਕੇ ਤੁਰ ਪਏ ਅਤੇ ਅਲੀਵਾਲ ਦੇ ਪਤਣੋਂ ਸਤਲੁਜ ਪਾਰ ਕਰ ਕੇ ਮਾਲਵੇ ਵਿਚ ਜਾ ਪੁੱਜੇ।

ਇਸ ਮੁਹਿੰਮ ਵਿਚ ਕੋਈ ਸੱਤ ਕੁ ਹਜ਼ਾਰ ਸਿੰਘ ਮਾਰੇ ਗਏ ਅਤੇ ਇਨ੍ਹਾਂ ਦਿਨਾਂ ਵਿਚ ਤਿੰਨ ਕੁ ਹਜ਼ਾਰ ਫੜੇ ਗਏ। ਇਨ੍ਹਾਂ ਵਿਚ ਉਹ ਸਿੰਘ ਭੀ ਸਨ ਜਿਨ੍ਹਾਂ ਨੂੰ ਬਸੋਹਲੀ ਵਾਲੇ ਪਹਾੜੀਆਂ ਅਤੇ ਹੋਰਨਾਂ ਨੇ ਬੰਨ੍ਹ ਕੇ ਲਾਹੌਰ ਭੇਜ ਦਿੱਤਾ ਸੀ। ਇਹ ਸਾਰੇ ਲਾਹੌਰ ਦਿੱਲੀ ਦਰਵਾਜ਼ਿਉਂ ਬਾਹਰ ਘੋੜ-ਮੰਡੀ (ਬਾਜ਼ਾਰ ਨਖ਼ਾਸ) ਵਿਚ ਬੜੀ ਬੇਦਰਦੀ ਨਾਲ ਕਤਲ ਕਰ ਦਿੱਤੇ ਗਏ। ਇਹ ਸਿੰਘਾਂ ਦੀ ਕਤਲਗਾਹ ਸੀ। ਇੱਥੇ ਸ਼ਹੀਦਾਂ ਦੇ ਸਿਰਾਂ ਅਤੇ ਧੜਾਂ ਦੇ ਢੇਰਾਂ ਦੇ ਢੇਰ (ਗੰਜ) ਲਗਦੇ ਰਹੇ। ਇਸੇ ਕਰਕੇ ਇਹ ਥਾਂ ਸ਼ਹੀਦ-ਗੰਜ ਦੇ ਨਾਉਂ ਨਾਲ ਪ੍ਰਸਿੱਧ ਹੋ ਗਿਆ। ਸਿੰਘਾਂ ਵਿਰੁੱਧ ਲਖਪਤ ਰਾਇ ਦੀ ਮੁਹਿੰਮ ਵਿਚ ਹੋਏ ਇਤਨੇ ਜ਼ਿਆਦਾ ਨੁਕਸਾਨ ਦੇ ਕਾਰਣ ਇਸ ਸਾਰੇ ਵਾਕੇ ਨੂੰ ਭੀ ਪਹਿਲੇ ਜਾਂ ਛੋਟੇ ਘਲੂਘਾਰੇ ਦਾ ਨਾਉਂ ਦਿੱਤਾ ਗਿਆ ਹੈ।

ਇਸ ਵੇਲੇ ਸਰਦਾਰ ਜੱਸਾ ਸਿੰਘ, ਸਰਦਾਰ ਸੁੱਖਾ ਸਿੰਘ ਅਤੇ ਨਵਾਬ ਕਪੂਰ ਸਿੰਘ ਦੇ ਨਾਲ ਹੀ ਮਾਲਵੇ ਵਿਚ ਆਇਆ ਅਤੇ ਬਰਾੜਾਂ ਦੇ ਇਲਾਕੇ ਵਿਚ ਕੋਟਕਪੂਰੇ ਠਹਿਰਿਆ। ਬਾਕੀ ਦੇ ਸਿੰਘ ਭੀ ਥਾਉਂ ਥਾਉਂ ਖਿਲਰ ਗਏ। ਸੁੱਖਾ ਸਿੰਘ ਜੈਤੋ ਜਾ ਟਿਕਿਆ, ਨਵਾਬ ਕਪੂਰ ਸਿੰਘ ਢਿੱਲੂਕੇ, ਹਰੀ ਸਿੰਘ ਦਿਆਲਪੁਰੇ, ਚੜ੍ਹਤ ਸਿੰਘ ਪੱਕੇ ਪਥਰਾਲੇ, ਆਦਿ। ਕੁਝ ਕੁ ਡਰੋਲੀ ਦੇ ਆਲੇ ਦੁਆਲੇ ਜਾ ਟਿਕੇ। ਗੱਲ ਕੀ, ਜਿਥੇ ਕਿਧਰੇ ਕਿਸੇ ਦੀ ਠਾਹਰ ਬਣੀ, ਜਾ ਟਿਕਿਆ।

Sri Satguru Jagjit Singh Ji eLibrary

## ਲੱਛਮੀ ਨਰਾਇਣ ਨਾਲ ਟਾਕਰਾ

ਭਾਜੜਾਂ, ਜੰਗਾਂ, ਭੁੱਖਾਂ ਅਤੇ ਮੁਸੀਬਤਾਂ ਦੇ ਝੰਜੋੜੇ ਹੋਏ ਸਿੰਘ ਛੇ ਕੁ ਮਹੀਨਿਆਂ ਵਿਚ ਮੁੜ ਆਪਣੀ ਪਹਿਲੀ ਲਹਿਰੇ ਆ ਗਏ ਅਤੇ ਸਰਕਾਰ ਦੇ ਵਿਰੁੱਧ ਥਾਉਂ ਥਾਈਂ ਉਠ ਖੜੋਤੇ ਅਤੇ ਸਭ ਤੋਂ ਪਹਿਲਾਂ ਆਪੋ ਆਪਣੇ ਇਲਾਕਿਆਂ ਵਿਚ ਮੱਲਾਂ ਮਾਰਨ ਲੱਗ ਪਏ। ਇਸ ਵੇਲੇ ਸਰਦਾਰ ਜੱਸਾ ਸਿੰਘ, ਚੜ੍ਹਤ ਸਿੰਘ ਸੁੱਕਰਚੱਕੀਆ ਅਤੇ ਹਰੀ ਸਿੰਘ, ਝੰਡਾ ਸਿੰਘ ਅਤੇ ਗੰਡਾ ਸਿੰਘ ਇੱਕਠੇ ਹੀ ਸਨ ਅਤੇ ਮੱਲਾਂ ਵਿਚ ਇਕ ਦੂਜੇ ਦੀ ਸਹਾਇਤਾ ਕਰਦੇ ਸਨ। ਸਿੰਘਾਂ ਦੀ ਵਧ ਰਹੀ ਤਾਕਤ ਅਤੇ ਉਨ੍ਹਾਂ ਦੀਆਂ ਮੱਲਾਂ ਮਾਰਾਂ ਦੀਆਂ ਖ਼ਬਰਾਂ ਜਦ ਲਾਹੌਰ ਪੁਜੀਆਂ ਤਾਂ ਯਾਹੀਆ ਖ਼ਾਨ ਨੇ ਸਰਹੰਦ ਦੇ ਦੀਵਾਨ ਲੱਛਮੀ ਨਰਾਇਣ ਨੂੰ ਸਿੰਘਾਂ ਦੇ ਵਿਰੁੱਧ ਚੜ੍ਹਾਈ ਕਰਨ ਦਾ ਹੁਕਮ ਦਿੱਤਾ। ਦਲ ਦੇ ਕੁਝ ਸਿੰਘ ਤਾਂ ਬਾਹਰ ਛਿੜੇ ਹੋਏ ਸਨ ਅਤੇ ਕੁਝ ਘਰਾਂ ਨੂੰ ਗਏ ਹੋਏ ਸਨ। ਸਰਦਾਰ ਜੱਸਾ ਸਿੰਘ ਅਤੇ ਉਨ੍ਹਾਂ ਦੇ ਸਾਥੀ ਸਿੰਘ ਇਸ ਵੇਲੇ ਗੁਜੱਰਵਾਲ ਡੇਰੇ ਪਾਈ ਬੈਠੇ ਸਨ ਕਿ ਲੱਛਮੀ ਨਰਾਇਣ ਅਚਨਚੇਤ ਆ ਪਿਆ। ਸਿੰਘਾਂ ਦੀ ਗਿਣਤੀ ਭਾਵੇਂ ਥੋੜੀ ਹੀ ਸੀ ਪਰ ਫੇਰ ਭੀ ਡਟ ਗਏ। ਪਰ ਲੜਾਈ ਵਿਚ ਲੱਛਮੀ ਨਾਰਾਇਣ ਦਾ ਪਾਸਾ ਭਾਰੀ ਸੀ। ਜਦ ਲੜਦਿਆਂ ਲੜਦਿਆਂ ਸ਼ਾਮ ਹੋ ਗਈ ਤਾਂ ਰਾਤ ਨੂੰ ਸਲਾਹ ਹੋਈ ਕਿ ਇਥੇ ਸਾਡਾ ਕੇਹੜਾ ਕੋਈ ਕਿਲਾ ਕੋਟ ਹੈ ਜੋ ਵੈਰੀ ਨੇ ਸਾਡੇ ਕੂਚ ਕਰ ਜਾਣ ਨਾਲ ਮੱਲ ਲੈਣਾ ਹੈ, ਇਸ ਲਈ ਸਾਨੂੰ ਇਥੋਂ ਵੱਖਰੇ ਵੱਖਰੇ ਪਾਸਿਆਂ ਨੂੰ ਖਿੰਡ ਜਾਣਾ ਚਾਹੀਦਾ ਹੈ। ਇਸ ਸਲਾਹ ਨੂੰ ਸਭ ਨੇ ਪਰਵਾਨ ਕਰ ਲਿਆ ਅਤੇ ਲੱਛਮੀ ਨਰਾਇਣ ਦੇ ਦੂਸਰੇ ਹੱਲੇ ਤੌਂ ਪਹਿਲਾਂ ਹੀ ਸਾਰੇ ਇਧਰ ਉਧਰ ਖਿੰਡ ਗਏ।

ਇਸ ਵੇਲੇ ਦੀਆਂ ਖਾਲਸੇ ਦੀਆਂ ਮੱਲਾਂ ਮਾਰਾਂ ਕੇਵਲ ਉਗ੍ਰਾਹੀ ਅਤੇ ਨਜ਼ਰਾਨਿਆਂ ਤਕ ਹੀ ਹੁੰਦੀਆਂ ਸਨ ਅਤੇ ਉਹ ਭੀ ਦਲ ਦੇ ਗੁਜਾਰੇ ਲਈ। ਕੋਈ ਪੱਕੇ ਕਬਜ਼ੇ ਨਹੀਂ ਸਨ ਹੁੰਦੇ। ਲਾਹੌਰ ਵਿਚ ਹਾਲ ਤਕ ਯਾਹੀਆ ਖ਼ਾਨ ਅਤੇ ਉਸ ਦੇ ਦੀਵਾਨ ਲਖਪਤ ਰਾਇ ਦਾ ਕਾਫੀ ਜੋਰ ਸੀ ਅਤੇ ਉਹ ਲਗਦੀ ਵਾਹ ਖਾਲਸੇ ਨੂੰ ਕਿਧਰੇ ਟਿਕ ਕੇ ਬਹਿਣ ਨਹੀਂ ਸਨ ਦਿੰਦੇ। ਜਦ ਭੀ ਉਨ੍ਹਾਂ ਨੂੰ ਕਿਸੇ ਜੱਥੇ ਦਾ ਪਤਾ ਲਗਦਾ ਤਾਂ ਲਖਪਤ ਰਾਇ ਫੌਜ ਅਤੇ ਮੁਲਖੱਈਆ ਇਕੱਠਾ ਕਰ ਕੇ ਉਨ੍ਹਾਂ ਦੇ ਪਿੱਛੇ ਪੈ ਜਾਂਦਾ ਅਤੇ ਸਿੰਘਾਂ ਨੂੰ ਭੀ ਸਮਾਂ ਟਪਾਉਣ ਲਈ ਇਧਰ ਉਧਰ ਹੋ ਜਾਣਾ ਪੈਂਦਾ। ਇਨ੍ਹਾਂ ਦਿਨਾਂ ਵਿਚ ਹੀ ਸਿੰਘਾਂ ਨੇ ਕਸੂਰ ਉੱਤੇ ਹੱਲਾ ਕਰ ਕੇ ਉਗ੍ਰਾਹੀ ਕਰਨ ਦਾ ਜਤਨ ਕੀਤਾ ਪਰ ਪੂਰੀ ਤਰ੍ਹਾਂ ਸਫਲ ਨਾ ਹੋ ਸਕੇ।

## ਲਖਪਤ ਰਾਇ ਦਾ ਇਲਾਨ

ਓਧਰ ਘਲੂਘਾਰੇ ਦੀ ਮੁਹਿੰਮੋਂ ਮੁੜਦੇ ਹੀ ਲਖਪਤ ਰਾਇ ਨੇ ਲਾਹੌਰ ਪੁੱਜ ਕੇ ਹੋਰ ਅਤਿ ਚੁੱਕ ਲਈ। ਸਿੱਖਾਂ ਦੇ ਗੁਰਦੁਆਰੇ ਬੰਦ ਕਰਵਾ ਦਿੱਤੇ ਅਤੇ ਕਈ ਢੁਹਾ ਦਿੱਤੇ, ਗ੍ਰੰਥ ਪੋਥੀਆਂ ਨੂੰ ਅੱਗ ਲਗਵਾ ਦਿੱਤੀ ਜਾਂ ਖੂਹਾਂ ਵਿਚ ਸੁਟਵਾ ਦਿੱਤੀਆਂ ਅਤੇ ਇਲਾਨ ਕਰ ਦਿੱਤਾ ਕਿ ਇਕ ਖੱਤਰੀ ਨੇ ਇਹ ਪੰਥ ਚਲਾਇਆ ਸੀ, ਹੁਣ ਮੈਂ ਇਕ ਖਤਰੀ ਨੂੰ ਮਾਰ ਮੁਕਾਇਆ ਹੈ ਅਤੇ ਸਿੰਘ ਖ਼ਤਮ ਕਰ ਦਿੱਤੇ ਹਨ। ਜੇ ਕੋਈ ਬਚਿਆ ਸੀ ਉਸ ਨੂੰ ਦੇਸੋਂ ਕਢ

ਦਿੱਤਾ ਹੈ। ਅੱਗੇ ਨੂੰ ਕੋਈ ਗੁਰਬਾਣੀ ਨਾ ਪੜ੍ਹੇ, ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦਾ ਨਾਉਂ ਨਾ ਲਵੇ, ਨਹੀਂ ਤਾਂ ਪੇਟ ਚਾਕ ਕਰ ਦਿੱਤਾ ਜਾਏਗਾ। ਕੋਈ ਗੁੜ ਸ਼ਬਦ ਨਾ ਵਰਤੇ, ਇਸ ਨਾਲ ਗੁਰ (ਗੁਰੂ) ਯਾਦ ਆਉਂਦਾ ਹੈ, ਭੇਲੀ ਕਹੇ, ਇਤਿ ਆਦਿ। ਉਸ ਨੂੰ ਖਿਆਲ ਸੀ ਕਿ ਸ਼ਾਇਦ ਇਸ ਤਰ੍ਹਾਂ ਸਿੰਘਾਂ ਅਤੇ ਸਿੱਖੀ ਨੂੰ ਉੱਕਾ ਹੀ ਮਿਟਾਇਆ ਜਾ ਸਕੇਗਾ ਪਰ

*ਜਾ ਕਉ ਰਾਖੈ ਹਰਿ ਰਾਖਣਹਾਰਾ।*
*ਤਾਂ ਕਉ ਕੋਇ ਨ ਸਾਕਸਿ ਮਾਰਾ ॥ ਮਾਰੂ ਮ. 4 ॥*

ਅਤੇ ਛੇਤੀ ਹੀ ਵਿਧਿ ਕੁਝ ਇਸ ਤਰ੍ਹਾਂ ਆ ਬਣੀ ਕਿ ਨਾ ਯਾਹੀਆ ਖ਼ਾਨ ਦੀ ਹਕੂਮਤ ਰਹੀ ਅਤੇ ਨਾ ਲਖਪਤ ਰਾਇ ਦੀ ਦੀਵਾਨੀ।

Sri Satguru Jagjit Singh Ji eLibrary


# ਸ਼ਾਹ ਨਿਵਾਜ਼ ਖ਼ਾਨ ਦੀ ਹਕੂਮਤ ਅਤੇ ਦੁੱਰਾਨੀ ਦਾ ਪਹਿਲਾ ਹੱਲਾ

10 ਮਾਰਚ, ਸੰਨ 1746 ਨੂੰ ਸੋਮਵਾਰੀ ਮੱਸਿਆ ਦੇ ਦਿਨ ਜਦ ਯਾਹੀਆ ਖ਼ਾਨ ਦੇ ਦੀਵਾਨ ਲਖਪਤ ਰਾਇ ਨੇ ਲਾਹੌਰ ਦੇ ਕਈ ਬੇਦੋਸੇ ਚਕਰੈਲ ਅਤੇ ਦੁਕਾਨਦਾਰ ਸਿੱਖ ਕਤਲ ਕਰਵਾ ਦਿੱਤੇ ਤਾਂ ਦੀਵਾਨ ਲੱਛੀ ਰਾਮ, ਦੀਵਾਨ ਕੌੜਾ ਮੱਲ, ਸੰਤ ਜਗਤ ਭਗਤ ਅਤੇ ਹੋਰ ਪਤਵੰਤਿਆਂ ਨੂੰ ਬੜਾ ਅਫਸੋਸ ਅਤੇ ਦੁਖ ਹੋਇਆ। ਸੰਤ ਜੀ ਨੇ ਤਾਂ ਨਿਰਾਸਤਾ ਵਿਚ ਉਸ ਨੂੰ ਸਰਾਪ ਹੀ ਦੇ ਦਿੱਤਾ ਸੀ ਕਿ 'ਤੇਰੀ ਜੜ੍ਹ ਨਾ ਰਹੂ', ਅਤੇ ਦੀਵਾਨ ਕੌੜਾ ਮੱਲ ਲਾਹੌਰ ਨੂੰ ਛੱਡ ਕੇ ਮੁਲਤਾਨ ਨੂੰ ਤੁਰ ਗਏ ਜਿਥੇ ਯਾਹੀਆ ਖ਼ਾਨ ਦਾ ਛੋਟਾ ਭਾਈ ਮਿਰਜ਼ਾ ਹਯਾਤੁੱਲਾ ਖ਼ਾਨ (ਪਰਸਿੱਧ ਫਲੌਰੀ ਖ਼ਾਨ)—ਜਿਸ ਨੂੰ ਨਾਦਰ ਸ਼ਾਹ ਨੇ 'ਸ਼ਾਹ-ਨਿਵਾਜ ਖ਼ਾਨ' ਦਾ ਖ਼ਿਤਾਬ ਅਤੇ ਮੁਲਤਾਨ ਦੀ ਹਕੂਮਤ ਦਿੱਤੀ ਸੀ—ਗਵਰਨਰ ਸੀ। ਦੀਵਾਨ ਕੌੜਾ ਮੱਲ ਦੇ ਮੁਲਤਾਨ ਜਾਣ ਦਾ ਇਹ ਭਾਵ ਜਾਪਦਾ ਹੈ—ਜਿਵੇ ਕਿ ਬਾਅਦ ਦੇ ਵਾਕਿਆਤ ਤੋਂ ਪਤਾ ਲਗਦਾ ਹੈ—ਕਿ ਸ਼ਾਇਦ ਉਨ੍ਹਾਂ ਦੇ ਉਥੇ ਜਾਣ ਨਾਲ ਲਾਹੌਰ ਵਿੱਚ ਸਿੰਘਾਂ ਪਰ ਹੋ ਰਹੀ ਸਖ਼ਤੀ ਰੋਕਣ ਦੀ ਕੋਈ ਸਬੀਲ ਬਣ ਸਕੇ। ਜਿਤਨੀ ਦੇਰ ਯਾਹੀਆ ਖ਼ਾਨ ਲਾਹੌਰ ਦਾ ਹਾਕਮ ਸੀ ਸਿੰਘਾਂ ਦੀ ਇਕ-ਮੁੱਢੋਂ ਕੀਤੀ ਜਾ ਰਹੀ ਕਤਲਾਮ ਦੇ ਬੰਦ ਹੋਣ ਦੀ ਕੋਈ ਆਸ ਨਹੀਂ ਸੀ ਜਾਪਦੀ। ਇਸ ਲਈ ਇਸ ਜ਼ੁਲਮ ਦੇ ਰੋਕਣ ਲਈ ਯਾਹੀਆ ਖ਼ਾਨ ਦੀ ਹਕੂਮਤ ਦਾ ਖ਼ਤਮ ਹੋਣਾ ਜਰੂਰੀ ਸੀ। ਮੁਲਤਾਨ ਪੁੱਜ ਕੇ ਕੌੜਾ ਮੱਲ ਨੇ ਆਪਣੀ ਲਿਆਕਤ ਅਤੇ ਪੁਰਾਣੇ ਰਸੂਖ ਨਾਲ ਛੇਤੀ ਹੀ ਕਾਫ਼ੀ ਤਾਕਤ ਪੈਦਾ ਕਰ ਲਈ।

ਜ਼ਕਰੀਆ ਖ਼ਾਨ ਦੇ ਮਰਨ ਪਿੱਛੋਂ ਯਾਹੀਆ ਖ਼ਾਨ ਲਾਹੌਰ ਦਾ ਹਾਕਮ ਬਣਿਆ ਸੀ ਤਾਂ ਪਿਤਾ ਦੀ ਸਾਰੀ ਜਾਇਦਾਦ ਦਾ ਇਕੱਲਾ ਹੀ ਮਾਲਕ ਬਣ ਬੈਠਾ ਸੀ ਅਤੇ ਆਪਣੇ ਛੋਟੇ ਭਾਈ ਸ਼ਾਹ-ਨਿਵਾਜ ਖ਼ਾਨ ਨੂੰ ਉਸ ਦਾ ਹਿੱਸਾ ਦੇਣ ਨੂੰ ਤਿਆਰ ਨਹੀਂ ਸੀ। ਇਸ ਲਈ ਸ਼ਾਹ-ਨਿਵਾਜ ਖ਼ਾਨ ਨਵੰਬਰ ਸੰਨ 1746 ਨੂੰ ਲਾਹੌਰ ਆਇਆ ਅਤੇ ਦੀਵਾਨ ਸੂਰਤ ਸਿੰਘ ਰਾਹੀਂ ਗੱਲ-ਬਾਤ ਸ਼ੁਰੂ ਕੀਤੀ। ਪਰ ਯਾਹੀਆ ਖ਼ਾਨ ਨੇ ਇਕ ਨਾ ਸੁਣੀ। ਸ਼ਾਹ-ਨਿਵਾਜ ਖ਼ਾਨ ਨੇ ਦੁਆਬੇ ਦੇ ਫ਼ੌਜਦਾਰ ਅਦੀਨਾ ਬੇਗ ਖ਼ਾਨ ਨੂੰ ਨਾਲ ਰਲਾ ਲਿਆ ਅਤੇ ਉਸ ਨੂੰ

Sri Satguru Jagjit Singh Ji eLibrary











ਅਹਿਮਦ ਸ਼ਾਹ ਦੁੱਰਾਨੀ

Sri Satguru Jagjit Singh Ji eLibrary

ਨਾਲ ਲੈ ਕੇ ਦੀਵਾਨ ਕੌੜਾ ਮੱਲ, ਹਸ਼ਮਤੁੱਲਾ ਖ਼ਾਨ ਆਦਿ ਆਪਣੇ ਮੁਹਤਬਰ ਸਰਦਾਰਾਂ ਸਣੇ ਸ਼ਾਲਾਮਾਰ ਬਾਗ਼ ਦੇ ਲਾਗੇ ਆਪਣੇ ਪਿਤਾ ਦੀ ਕਬਰ ਪਾਸ ਆ ਡੇਰੇ ਲਾਏ, ਜਿਥੇ ਕਿ ਮਹੀਨਿਆਂ ਦੀ ਧੁੱਖ ਰਹੀ ਅੱਗ 13 ਮਾਰਚ ਸੰਨ 1747 (12 ਰੱਬੀ-ਉਲ-ਅੱਵਲ 1160 ਹਿ.) ਨੂੰ ਈਦ (ਮੀਲਾਦਿ-ਨਬੀ) ਦੇ ਦਿਨ ਨਮਾਜ ਪੜ੍ਹਨ ਗਿਆਂ ਈਦਗਾਹ ਵਿਚ ਹੀ ਮਚ ਉੱਠੀ। ਆਪਣੇ ਬਹੁਤ ਸਾਰੇ ਸਾਥੀ ਕਤਲ ਕਰਵਾ ਕੇ ਯਾਹੀਆ ਖ਼ਾਨ ਭੱਜ ਨਿਕਲਿਆ ਅਤੇ ਜ਼ਨਾਨਾ ਹਵੇਲੀ ਵਿਚ ਜਾ ਲੁਕਿਆ। ਇੱਥੇ ਹੀ ਸ਼ਾਹ-ਨਿਵਾਜ਼ ਨੇ ਉਸ ਨੂੰ ਕੈਦ ਕਰ ਲਿਆ ਅਤੇ ਲਾਹੌਰ ਉੱਤੇ ਕਬਜ਼ਾ ਕਰ ਲਿਆ। ਇਸ ਤਰਾਂ ਯਾਹੀਆ ਖ਼ਾਨ ਵੱਲੋਂ ਸਿੰਘਾਂ ਦੀ ਕਤਲਾਮ ਦਾ ਸਮਾਂ ਸਮਾਪਤ ਹੋਇਆ ਅਤੇ ਨੌ ਵਰ੍ਹੇ ਪਿੱਛੋਂ ਖਾਲਸੇ ਨੂੰ ਜ਼ਰਾ ਕੁ ਸਾਹ ਆਇਆ।

ਲਾਹੌਰ ਉੱਤੇ ਕਬਜ਼ਾ ਕਰਦੇ ਹੀ ਸ਼ਾਹ-ਨਿਵਾਜ਼ ਖ਼ਾਨ ਨੇ ਯਾਹੀਆ ਖ਼ਾਨ ਦੇ ਸਲਾਹੀਏ ਅਤੇ ਨਾਇਬ ਮੀਰ ਮੋਮਨ ਖ਼ਾਨ ਕਸੂਰੀਏ, ਵੱਡੇ ਦੀਵਾਨ ਲਖਪਤ ਰਾਇ ਅਤੇ ਹੋਰ ਕਈ ਅਫ਼ਸਰਾਂ ਨੂੰ ਕੈਦ ਕਰ ਲਿਆ ਅਤੇ ਉਨ੍ਹਾਂ ਦੇ ਘਰ-ਘਾਟ ਤਬਾਹ ਕਰ ਦਿੱਤੇ। ਦੀਵਾਨੀ ਦਾ ਕਲਮਦਾਨ ਕੌੜਾ ਮੱਲ ਦੇ ਹਵਾਲੇ ਕਰ ਕੇ ਉਸ ਨੂੰ ਵੱਡਾ ਦੀਵਾਨ ਬਣਾ ਦਿੱਤਾ। ਯਾਹੀਆ ਖ਼ਾਨ ਕਸੂਰੀ ਪਠਾਣਾਂ ਦੀ ਸਹਾਇਤਾ ਨਾਲ ਦਿੱਲੀ ਨੂੰ ਭੱਜ ਗਿਆ ਅਤੇ ਜ਼ਿੰਦਗੀ ਤੋਂ ਇਤਨਾ ਉਪਰਾਮ ਹੋ ਗਿਆ ਕਿ ਦੁਨਿਆਵੀ ਦਾਹਵਿਆਂ ਨੂੰ ਛੱਡ ਛਡਾ ਕੇ ਫ਼ਰੁਖ਼ਾਬਾਦ ਜਾ ਕੇ ਫਕੀਰ ਹੋ ਗਿਆ ਅਤੇ ਯਾਹੀਆ ਸ਼ਾਹ ਦਰਵੇਸ਼ ਦੇ ਨਾਉਂ ਨਾਲ ਪਰਸਿੱਧ ਹੋਇਆ। ਅੰਤ ਫ਼ਰੁਖ਼ਾਬਾਦ ਵਿਚ ਹੀ ਪ੍ਰਾਣ ਤਿਆਗੇ ਅਤੇ ਦਫ਼ਨ ਹੋਇਆ।

ਯਾਹੀਆ ਖ਼ਾਨ ਦੇ ਦਿੱਲੀ ਨੂੰ ਭੱਜ ਜਾਣ ਪਰ ਸ਼ਾਹ-ਨਿਵਾਜ ਖ਼ਾਨ ਘਬਰਾ ਗਿਆ। ਇਸ ਵੇਲੇ ਦਿੱਲੀ ਦਾ ਵੱਡਾ ਵਜ਼ੀਰ ਕਮਰੁ-ਦੀਨ ਖ਼ਾਨ ਸੀ ਜੋ ਜ਼ਕਰੀਆ ਖ਼ਾਨ ਦਾ ਚਾਚਾ ਲਗਦਾ ਸੀ। ਬਾਦਸ਼ਾਹ ਮੁਹੰਮਦ ਸ਼ਾਹ ਅਤੇ ਵਜ਼ੀਰ ਦੇ ਗੁੱਸੇ ਤੋਂ ਡਰਦੇ ਸ਼ਾਹ-ਨਿਵਾਜ਼ ਖ਼ਾਨ ਨੇ ਅਹਿਮਦ ਸ਼ਾਹ ਦੁੱਰਾਨੀ ਨੂੰ ਜੋ ਨਾਦਰ ਸ਼ਾਹ ਈਰਾਨੀ ਦੇ 8-9 ਜੂਨ ਸੰਨ 1747 ਦੀ ਰਾਤ ਨੂੰ ਕਤਲ ਹੋ ਜਾਣ ਤੋਂ ਬਾਅਦ ਆਜ਼ਾਦ ਅਫ਼ਗਾਨਿਸਤਾਨ ਦਾ ਬਾਦਸ਼ਾਹ ਬਣ ਗਿਆ ਸੀ, ਹਿੰਦੁਸਤਾਨ ਆਉਣ ਲਈ ਸਦ ਭੇਜਿਆ। ਇਹ ਖ਼ਬਰ ਸੁਣ ਕੇ ਕਮਰੁੱਦੀਨ ਨੇ ਸ਼ਾਹ-ਨਿਵਾਜ ਨੂੰ ਸਮਝਾ ਬੁਝਾ ਕੇ ਅਤੇ ਮੁਗ਼ਲ ਰਾਜ ਲਈ ਆਪਣੇ ਖ਼ਾਨਦਾਨ ਦੀ ਪੁਰਾਣੀ ਵਫ਼ਾਦਾਰੀ ਦਾ ਵਾਸਤਾ ਪਾ ਕੇ ਦੁੱਰਾਨੀ ਨੂੰ ਰੋਕਣ ਅਤੇ ਉਸ ਦਾ ਟਾਕਰਾ ਕਰਨ ਲਈ ਮਨਾ ਲਿਆ। ਪਰ ਅਹਿਮਦ ਸ਼ਾਹ ਨੂੰ ਰੋਕਣਾ ਕੋਈ ਸੌਖੀ ਗੱਲ ਨਹੀਂ ਸੀ। ਜਦ ਦੁੱਰਾਨੀ 10 ਜਨਵਰੀ 1748 ਨੂੰ ਰਾਵੀ ਪਾਰ ਕਰ ਆਏ ਅਤੇ ਲਾਹੌਰ ਆ ਪੁੱਜੇ ਤਾਂ ਸ਼ਾਹ-ਨਿਵਾਜ਼ ਖ਼ਾਨ, 11-12 ਜਨਵਰੀ ਦੀ ਰਾਤ ਨੂੰ ਦਿੱਲੀ ਨੂੰ ਦੌੜ ਗਿਆ। 12 ਜਨਵਰੀ ਨੂੰ ਅਹਿਮਦ ਸ਼ਾਹ ਦਾ ਲਾਹੌਰ ਪਰ ਕਬਜ਼ਾ ਹੋ ਗਿਆ ਅਤੇ ਇਥੇ ਦੀ ਲੁੱਟ ਨੇ ਦੁੱਰਾਨੀਆਂ ਦੇ ਦਰਿੱਦਰ ਤੋੜ ਦਿੱਤੇ।

ਅਹਿਮਦ ਸ਼ਾਹ ਲਾਹੌਰ ਵਿਚ ਸਵਾ ਮਹੀਨਾ ਠਹਿਰਿਆ ਅਤੇ ਆਪਣੀ ਜਿੱਤ ਦੀ

ਖ਼ੁਸ਼ੀ ਵਿਚ ਸਿੱਕਾ ਜਾਰੀ ਕੀਤਾ ਜਿਸ ਪਰ ਇਹ ਅੱਖਰ ਸਨ :

دُرِّ دُرّان احمد شاه بادشاه
ضرب دارالسلطنت لاهور
جلوس میمنت مانوس احد

*ਦੁਰਿ-ਦੁੱਰਾਨ ਅਹਿਮਦ ਸ਼ਾਹ ਬਾਦਸ਼ਾਹ*
*ਜ਼ਰਬ ਦਾਰੁਲ-ਸਲਤਨਤ ਲਾਹੌਰ*
*ਜਲੂਸ ਮੈਮਨਤ ਮਾਨੂਸ ਅਹਦ*

ਅਰਥਾਤ :

ਅਹਿਮਦ ਸ਼ਾਹ ਬਾਦਸ਼ਾਹ ਦੁਰਿ-ਦੁੱਰਾਨ (ਮੋਤੀਆਂ ਦਾ ਮੋਤੀ)
ਟਕਸਾਲ ਰਾਜਧਾਨੀ ਲਾਹੌਰ
ਰਾਜ ਦਾ ਖ਼ੁਸ਼ੀਆਂ ਭਰਿਆ ਮੁਬਾਰਕ ਸਾਲ ਪਹਿਲਾ

ਦਿੱਲੀ ਦੀ ਮੁਗ਼ਲ ਹਕੂਮਤ ਨਾਲ ਟੱਕਰ ਲੈਣ ਦੀ ਤਿਆਰੀ ਕਰ ਕੇ ਅਹਿਮਦ ਸ਼ਾਹ ਨੇ ਜੱਲ੍ਹੇ ਖ਼ਾਨ ਕਸੂਰੀ ਪਠਾਣ ਨੂੰ ਲਾਹੌਰ ਦਾ ਹਾਕਮ ਨਿਯਤ ਕੀਤਾ, ਮੀਰ ਮੋਮਨ ਖ਼ਾਨ ਨੂੰ ਉਸ ਦਾ ਨਾਇਬ ਅਤੇ ਲਖਪਤ ਰਾਇ ਨੂੰ ਦੀਵਾਨ, ਅਤੇ ਆਪ 19 ਫਰਵਰੀ ਸੰਨ 1748 ਨੂੰ ਲਾਹੌਰੋਂ ਦਿੱਲੀ ਵੱਲ ਨੂੰ ਕੂਚ ਕਰ ਦਿੱਤਾ।

**ਸਿੰਘਾਂ ਦੀਆਂ ਦੁੱਰਾਨੀਆਂ ਨਾਲ ਟੱਕਰਾਂ—ਨੂਰ ਦੀ ਸਰਾਇ ਅਤੇ ਵੈਰੋਵਾਲ**

ਇਸ ਵੇਲੇ ਨਵਾਬ ਕਪੂਰ ਸਿੰਘ ਅਤੇ ਜੱਸਾ ਸਿੰਘ ਤਰਨ ਤਾਰਨ ਸਨ ਅਤੇ ਸਰਦਾਰ ਚੜ੍ਹਤ ਸਿੰਘ, ਕਰੋੜਾ ਸਿੰਘ, ਖ਼ੁਸ਼ਹਾਲ ਸਿੰਘ, ਮਿੱਤ ਸਿੰਘ ਡੱਲੇਵਾਲੀਆ ਅਤੇ ਸਰਦਾਰ ਸ਼ਾਮ ਸਿੰਘ ਭੀ ਉਥੇ ਸਨ। ਇਹ ਸ਼ਾਇਦ ਇਹ ਵੇਖ ਰਹੇ ਸਨ ਕਿ ਰਾਜ ਦਾ ਪਾਸਾ ਕਿਧਰ ਨੂੰ ਬਦਲਦਾ ਹੈ ਅਤੇ ਉਨ੍ਹਾਂ ਦਾ ਕੁਝ ਦਾਉ ਭਰਦਾ ਹੈ ਕਿ ਨਹੀਂ। ਇਤਨੇ ਨੂੰ ਅਹਿਮਦ ਸ਼ਾਹ ਭੀ ਇਧਰ ਨੂੰ ਆ ਗਿਆ। ਜਦ ਉਸ ਨੇ 21-22 ਜਨਵਰੀ ਨੂੰ ਨੂਰ ਦੀ ਸਰਾਇ ਡੇਰਾ ਕੀਤਾ ਤਾਂ ਸਿੰਘਾਂ ਨੇ ਜਾ ਧਾਵਾ ਬੋਲਿਆ। ਇਸ ਵੇਲੇ ਸ਼ਾਇਦ ਉਹ ਇਤਨਾ ਹੀ ਦੇਖਣਾ ਚਾਹੁੰਦੇ ਸਨ ਕਿ ਦੁੱਰਾਨੀਆਂ ਦੇ ਲੜਾਈ ਦੇ ਢੰਗ ਅਤੇ ਪੈਂਤੜੇ ਕੀ ਹਨ, ਨਾਲੇ ਜੋ ਕੁਝ ਮਾਲ ਮਤਾਹ, ਲੜਾਈ ਦਾ ਸਾਮਾਨ ਜਾ ਘੋੜੇ ਆਦਿ ਹੱਥ ਲੱਗ ਜਾਣ ਤਾਂ ਉਹ ਹੀ ਸਹੀ। ਕੋਈ ਡਟਵੀਂ ਲੜਾਈ ਤਾਂ ਉਹ ਇਸ ਵੇਲੇ ਕਰ ਹੀ ਨਹੀਂ ਸਕਦੇ ਸਨ। ਨਾ ਉਨ੍ਹਾਂ ਪਾਸ ਦੁੱਰਾਨੀਆਂ ਵਾਂਗੂ ਕੋਈ ਤੋਪਾਂ ਸਨ, ਨਾ ਗੋਲੀ ਸਿੱਕਾ। ਇਸ ਲਈ ਜੋ ਹੱਥ ਲੱਗਾ ਉਹ ਹੀ ਲੈ ਕੇ ਲਾਂਭੇ ਹੋ ਗਏ। ਅਗਲੇ ਦਿਨ ਸਿੰਘਾਂ ਨੇ ਵੈਰੋਵਾਲ ਦੇ ਰਾਹ ਵਿਚ ਇਕ ਝਪਟ ਹੋਰ ਮਾਰੀ ਅਤੇ ਪਿੱਛੇ ਹਟ ਗਏ।

ਇਸ ਵੇਲੇ ਅਹਿਮਦ ਸ਼ਾਹ ਨੂੰ ਸਿੰਘਾਂ ਨਾਲ ਰੁੱਝਣ ਦੀ ਨਾ ਹੀ ਵਿਹਲ ਸੀ, ਨਾ

ਰੁਚੀ। ਨਾਦਰ ਸ਼ਾਹ ਦੀ ਦਿੱਲੀਓਂ ਵਾਪਸੀ ਵੇਲੇ ਦੇ ਕੀਰਤਪੁਰ, ਆਨੰਦਪੁਰ ਦੀਆਂ ਪਹਾੜੀਆਂ ਵਿਚ ਸਿੰਘਾਂ ਵੱਲੋਂ ਕੀਤੇ ਗਏ ਹੱਲਿਆਂ ਦਾ ਉਸ ਨੂੰ ਕੁਝ ਤਜਰਬਾ ਭੀ ਸੀ ਕਿ ਕਿਵੇਂ ਇਨ੍ਹਾਂ ਨੇ ਉਸ ਨੂੰ ਘਬਰਾਹਟ ਪਾ ਦਿੱਤੀ ਸੀ। ਸਭ ਤੋਂ ਵੱਡੀ ਗੱਲ ਇਹ ਸੀ ਕਿ ਦਿੱਲੀ ਤੋਂ ਇਕ ਬੜੀ ਵੱਡੀ ਫ਼ੌਜ ਮੁਗ਼ਲ ਸ਼ਾਹਜ਼ਾਦਾ ਅਹਿਮਦ ਅਤੇ ਵਜ਼ੀਰ ਕਮਰੁੱਦੀਨ ਦੀ ਅਗਵਾਈ ਹੇਠ ਉਸ ਦੇ ਟਾਕਰੇ ਲਈ ਚੜ੍ਹੀ ਆ ਰਹੀ ਸੀ। ਇਸ ਲਈ ਉਹ ਸਿੰਘਾਂ ਵੱਲੋਂ ਹੋ ਰਹੀ ਮਾਮੂਲੀ ਖੋਹ ਖਿੰਜ ਦੀ ਪਰਵਾਹ ਨਾ ਕਰਦਾ ਹੋਇਆ ਸਰਹਿੰਦ ਵੱਲ ਨੂੰ ਰਵਾਂ ਰਵੀਂ ਧਾਈ ਕਰੀ ਜਾ ਰਿਹਾ ਸੀ ਤਾਂ ਕਿ ਮੁਗ਼ਲ ਫ਼ੌਜ ਦੇ ਉਥੇ ਪੁੱਜਣ ਤੋਂ ਪਹਿਲਾਂ ਹੀ ਕਬਜ਼ਾ ਕਰ ਸਕੇ। ਜਦ ਅਹਿਮਦ ਸ਼ਾਹ ਸਤਲੁਜ ਪਾਰ ਕਰ ਕੇ ਅੱਗੇ ਨੂੰ ਚਲਾ ਗਿਆ ਤਾਂ ਸਰਦਾਰ ਜੱਸਾ ਸਿੰਘ, ਕਪੂਰ ਸਿੰਘ ਆਦਿ ਤਾਂ ਦੁਆਬੇ ਨੂੰ ਚਲੇ ਗਏ ਅਤੇ ਸਰਦਾਰ ਸੁੱਖਾ ਸਿੰਘ, ਚੜ੍ਹਤ ਸਿੰਘ ਅਤੇ ਦੂਸਰੇ ਬਿਆਸਾ ਪਾਰ ਹੋ ਕੇ ਕਲਾਨੌਰ ਜਾ ਉਤਰੇ।

### ਕੋਟ ਬੁੱਢਾ (ਕਲਾਨੌਰ) ਪਾਸ ਸਿੰਘਾਂ ਅਤੇ ਅਫ਼ਗ਼ਾਨਾਂ ਦੀ ਝੜਪ

ਦੁੱਰਾਨੀਆਂ ਉੱਤੇ ਨੂਰ ਦੀ ਸਰਾਇ ਅਤੇ ਵੈਰੋਵਾਲ ਦੇ ਰਾਹੇ ਸਿੰਘਾਂ ਦੀਆਂ ਝਪਟਾਂ ਦੀ ਖ਼ਬਰ ਜਦ ਲਾਹੌਰ ਪੁੱਜੀ ਤਾਂ ਜਲ੍ਹੇ ਖ਼ਾਨ ਕਸੂਰੀਏ ਨਾਲ ਸਲਾਹ ਕਰ ਕੇ ਲਖਪਤ ਰਾਇ ਨੂੰ ਸਿੰਘਾਂ ਵਿਰੁੱਧ ਫ਼ੌਜ ਭੇਜਣ ਦਾ ਚੰਗਾ ਬਹਾਨਾ ਬਣ ਗਿਆ। ਉਸ ਨੇ ਲਾਹੌਰ ਵਿਚ ਟਿਕੇ ਹੋਏ ਅਫ਼ਗਾਨੀ ਦਸਤੇ ਨੂੰ ਮੋਮਨ ਖ਼ਾਨ ਦੇ ਨਾਲ ਤੋਰ ਦਿੱਤਾ ਜੋ ਕਲਾਨੌਰ ਦੇ ਪਾਸ ਕੋਟ ਬੁੱਢੇ ਦੇ ਲਾਗੇ ਸਰਦਾਰ ਸੁੱਖਾ ਸਿੰਘ ਅਤੇ ਚੜ੍ਹਤ ਸਿੰਘ ਦੇ ਜੱਥੇ ਦੇ ਨਜ਼ਦੀਕ ਜਾ ਢੁੱਕਾ। ਇਤਨੇ ਨੂੰ ਸਿੰਘ ਦਰਿਆਓਂ ਪਾਰ ਟਪ ਗਏ।

ਸ਼ਿਕਾਰ ਹੱਥੋਂ ਨਿਕਲ ਗਿਆ ਦੇਖ ਕੇ ਅਫ਼ਗਾਨ ਬੜੇ ਛਿੱਥੇ ਪਏ। ਪਰ ਹੁਣ ਬਣ ਕੀ ਸਕਦਾ ਸੀ? ਪਰ ਮੋਮਨ ਖ਼ਾਨ ਸਿੱਖਾਂ ਦੀ ਖ਼ੋ ਦਾ ਵਾਕਫ਼ ਸੀ ਅਤੇ ਸਮਝਦਾ ਸੀ ਕਿ ਜੇ ਇਨ੍ਹਾਂ ਦੀ ਗ਼ੈਰਤ ਨੂੰ ਵੰਗਾਰਿਆ ਜਾਏ ਤਾਂ ਇਹ ਥੋੜਿਆਂ ਬਹੁਤਿਆਂ ਅਤੇ ਨਫ਼ੇ ਨੁਕਸਾਨ ਦੀਆਂ ਸੋਚਾਂ ਵਿਚਾਰਾਂ ਨੂੰ ਲਾਂਭੇ ਰੱਖ ਕੇ ਮੈਦਾਨ ਵਿਚ ਆ ਡਟਦੇ ਹਨ। ਇਹ ਮਿਥ ਕੇ ਅਫ਼ਗਾਨ ਅਫ਼ਸਰ ਵੱਲੋਂ ਸਿੰਘਾਂ ਨੂੰ ਚਿੱਠੀ ਲਿਖਾਈ ਕਿ ਅਸੀਂ ਅਫ਼ਗਾਨ ਅਹਿਮਦ ਸ਼ਾਹ ਬਾਦਸ਼ਾਹ ਦੇ ਭਾਈ-ਬੰਦ ਹਾਂ ਅਤੇ ਤੁਹਾਡੀ ਲੜਾਈ ਵੇਖਣ ਆਏ ਸਾਂ, ਪਰ ਤੁਸੀਂ ਤਾਂ ਪਹਿਲਾਂ ਹੀ ਦੌੜ ਗਏ ਹੋ। ਜੇ ਸਚਮੁਚ ਦੇ ਸਿੰਘ ਹੋ ਤਾਂ ਜੋੜੇ ਨਾਲ ਦੋ ਹੱਥ ਕਰ ਵੇਖੋ ਅਤੇ ਇਕ ਇਕ ਦੁੱਰਾਨੀ ਨਾਲ ਦੋ ਦੋ ਸਿੰਘ ਲੜ ਲਓ। ਸਿੰਘਾਂ ਨੇ ਉੱਤਰ ਭੇਜਿਆ ਕਿ ਤੁਹਾਡੇ ਸਾਡੇ ਜੰਗ ਦਾ ਤਾਂ ਸੁਆਦ ਹੈ ਕਿ ਤੁਹਾਡੀ ਵੱਲੋਂ ਦਸ ਦੁੱਰਾਨੀ ਬੰਦੂਕਾਂ ਤਲਵਾਰਾਂ ਲੈ ਕੇ ਆਉਣ ਅਤੇ ਇਧਰੋਂ ਕੇਵਲ ਪੰਜ ਭੁਜੰਗੀ (ਸਿੰਘ) ਰਾਮ-ਜੰਗੇ (ਬੰਦੂਕਾਂ) ਅਤੇ ਢਾਲਾਂ ਤਲਵਾਰਾਂ ਲੈਕੇ ਨਿਤਰਨਗੇ। ਅਫ਼ਗਾਨਾਂ ਵੱਲੋਂ ਉੱਤਰ ਆਇਆ ਕਿ ਸਾਨੂੰ ਬੰਦੂਕ ਦੀ ਲੜਾਈ ਪਰਵਾਨ ਨਹੀਂ, ਅਸੀਂ ਕੇਵਲ ਸ਼ਮਸ਼ੇਰਾਂ ਕਟਾਰਾਂ ਨਾਲ ਲੜਨਾ ਚਾਹੁੰਦੇ ਹਾਂ। ਸਿੰਘਾਂ ਨੇ ਜਵਾਬ ਦੇ ਘੱਲਿਆ ਕਿ ਅਸੀਂ ਤਾਂ ਬੰਦੂਕਾਂ ਦੀ ਲੜਾਈ ਲੜਾਂਗੇ। ਪਰ ਗੱਲ ਕਿਸੇ ਸਿਰੇ ਨਾ ਲੱਗੀ। ਸਿੰਘ ਬੰਦੂਕ ਦੀ ਲੜਾਈ ਪਰ ਅੜੇ ਰਹੇ ਅਤੇ ਅਫ਼ਗਾਨ ਤਲਵਾਰ

Sri Satguru Jagjit Singh Ji eLibrary

ਨਾਲ ਹੀ ਲੜਨਾ ਚਾਹੁੰਦੇ ਸਨ। ਗੱਲ ਇਹ ਸੀ ਕਿ ਦੁੱਰਾਨੀ ਜਰਾ-ਬਕਤਰ ਨਾਲ ਢੱਕੇ ਹੋਏ ਸਨ। ਉਨ੍ਹਾਂ ਦੇ ਸਿਰੀਂ ਖੋਦਾਂ ਪਈਆਂ ਹੋਈਆਂ ਅਤੇ ਪਿੰਡੇ ਸੰਜੋਆਂ ਨਾਲ ਮੜ੍ਹੇ ਹੋਏ ਸਨ। ਤੇੜ ਲੋਹੇ ਦੀਆਂ ਸੁਥਨੀਆਂ ਚਾੜ੍ਹੀਆਂ ਹੋਈਆਂ ਸਨ। ਦੂਸਰੇ ਪਾਸੇ ਸਿੰਘਾਂ ਦੇ ਤਨ ਤੇ ਕਪੜਾ ਭੀ ਪੂਰਾ ਕਿਸੇ ਦੇ ਹੀ ਸੀ। ਇਸ ਲਈ ਦੁੱਰਾਨੀ ਮੁੜ ਮੁੜ ਤਲਵਾਰ ਦੀ ਲੜਾਈ ਪਰ ਜ਼ੋਰ ਦੇ ਰਹੇ ਸਨ। ਇਸ ਤੋਂ ਬਿਨਾਂ ਸਿੰਘਾਂ ਦੇ ਬੰਦੂਕ ਦੇ ਨਿਸ਼ਾਨੇ ਦੀ ਦੂਰ ਦੂਰ ਤਕ ਧਾਕ ਪਈ ਹੋਈ ਸੀ ਅਤੇ ਸੱਯਦ ਗੁਲਾਮ ਅਲੀ ਦੇ 'ਇਮਾਦੁ-ਸਆਦਤ' ਵਿਚ ਕਥਨ ਅਨੁਸਾਰ ਉਨ੍ਹਾਂ ਦੀ ਬੰਦੂਕ ਨੌ ਸੌ ਕਦਮ ਤੇ ਆਦਮੀ ਦੀ ਜਾ ਖ਼ਬਰ ਲੈਂਦੀ ਸੀ।

ਦੂਸਰੇ ਦਿਨ ਇਕ ਅੱਖੜ ਜਿਹਾ ਹਰਕਾਰਾ ਆਇਆ ਅਤੇ ਕਹਿਣ ਲੱਗਾ ਕਿ ਜੇ ਤੁਹਾਡੇ ਵਿਚ ਕੋਈ ਮਰਦ ਹੈ ਤਾਂ ਇਕੱਲਾ ਇਕੱਲਾ ਆ ਕੇ ਤਲਵਾਰ ਨਾਲ ਹੱਥ ਕਰ ਵੇਖੇ। ਤੁਹਾਨੂੰ ਗੁਰੂ ਦੀ ਸੁਗੰਦ ਹੈ ਜੇ ਤੁਸੀਂ ਸਾਡੇ ਨਾਲ ਜੁਆਨਾਂ ਵਾਂਗ ਆ ਕੇ ਦੋ ਹੱਥ ਨਾ ਕਰੋ ਅਤੇ ਉਸ ਨੇ ਇਕੱਲੇ ਇਕੱਲੇ ਸਿੰਘ ਸਰਦਾਰਾਂ ਦੇ ਨਾਉਂ ਲੈ ਕੇ ਪਤਕਾਰਨਾ ਸ਼ੁਰੂ ਕਰ ਦਿੱਤਾ। ਇਹ ਸੁਣ ਕੇ ਚੜ੍ਹਤ ਸਿੰਘ ਨੂੰ ਰੋਹ ਚੜ੍ਹ ਗਿਆ। ਬੰਦੂਕ ਪਰੇ ਰਖ ਦਿੱਤੀ ਅਤੇ ਖੰਡਾ ਫੜ ਕੇ ਦੁੱਰਾਨੀਆਂ ਦੇ ਟਾਕਰੇ ਲਈ ਤੁਰ ਪਿਆ। ਜਦ ਸਰਦਾਰ ਸੁੱਖਾ ਸਿੰਘ ਨੇ ਚੜ੍ਹਤ ਸਿੰਘ ਨੂੰ ਇਸ ਤਰ੍ਹਾਂ ਤਿਆਰ ਹੋ ਪਿਆ ਡਿੱਠਾ ਤਾਂ ਘੋੜਾ ਛੋੜ ਕੇ ਉਸ ਨੂੰ ਜਾ ਰੋਕਿਆ ਅਤੇ ਆਖਿਆ ਕਿ ਤੂੰ ਹਾਲ ਤਕ ਮੁੰਡਾ ਹੈਂ। ਇਨ੍ਹਾਂ ਵਿਚੋਂ ਹਰ ਇਕ ਦੁੱਰਾਨੀ ਤੇਰੇ ਸਰੀਰ ਨਾਲੋਂ ਚੌਗਣਾ ਹੈ। ਉਨ੍ਹਾਂ ਦੇ ਸੰਜੋ ਦੀ ਇਕ ਕੜੀ ਭੀ ਸ਼ਾਇਦ ਤੂੰ ਨਾ ਤੋੜ ਸਕੇਂ। ਦੁੱਰਾਨੀ ਤਾਂ ਕੀ, ਉਨ੍ਹਾਂ ਦੇ ਘੋੜੇ ਭੀ ਲੋਹੇ ਨਾਲ ਮੜ੍ਹੇ ਹੋਏ ਨੇ ਅਤੇ ਇਸੇ ਜ਼ੋਰ ਤੇ ਉਹ ਤਲਵਾਰ ਨਾਲ ਲੜਨਾ ਚਾਹੁੰਦੇ ਹਨ। ਚੜ੍ਹਤ ਸਿੰਘ ਨੇ ਉੱਤਰ ਦਿੱਤਾ ਕਿ ਮੈਂ ਮੰਨਦਾ ਹਾਂ ਕਿ ਮੈਂ ਬਾਲਕ ਹਾਂ ਪਰ ਜੀਉਂਦੇ ਜੀ ਇਨ੍ਹਾਂ ਕੰਨਾਂ ਨਾਲ ਪੰਥ ਦੀ ਹੇਠੀ ਦੀ ਗੱਲ ਨਹੀਂ ਸੁਣ ਸਕਦਾ। ਪੰਥ ਦੀ ਸ਼ਾਨ ਲਈ ਮੈਂ ਇਸ ਵੇਲੇ ਲੜ ਕੇ ਪ੍ਰਾਣ ਤਿਆਗ ਦੇਣਾ ਚੰਗਾ ਸਮਝਦਾ ਹਾਂ। ਜਿੱਤ ਹਾਰ, ਜਾਂ ਮਰਨਾ ਮਾਰਨਾ ਤਾਂ ਸਤਿਗੁਰੂ ਦੇ ਹੱਥ ਹੈ, ਪਰ ਉੱਦਮ ਕਰਨਾ ਸਿੰਘ ਦਾ ਧਰਮ ਹੈ ਅਤੇ ਸਤਿਗੁਰੂ ਦੇ ਪ੍ਰਤਾਪ ਨਾਲ ਮੈਂ ਪਠਾਣਾਂ ਨੂੰ ਮਾਰ ਪਛਾੜਾਂਗਾ।

ਇਹ ਸੁਣ ਕੇ ਸੁੱਖਾ ਸਿੰਘ ਨੇ ਕਿਹਾ ਕਿ ਧੰਨ ਹੈਂ ਮੁੰਡਿਆ ਤੂੰ, ਪਰ ਹੁਣ ਤੂੰ ਖੜੋ ਕੇ ਸਾਡੀ ਚਾਲ ਵੇਖ। ਇਹ ਕਹਿ ਕੇ ਸੁੱਖਾ ਸਿੰਘ ਨੇ ਸੰਜੋ ਅਤੇ ਦਸਤਾਨੇ ਸਜਾਏ, ਸਿਰ ਤੇ ਖੋਦ ਟਿਕਾਈ ਅਤੇ ਘੋੜੇ ਉੱਤੇ ਉਹ ਪਾਖਰ ਪਾਈ ਜੋ ਗਿਲਜ਼ਈਆਂ ਪਾਸੋਂ ਖੋਹੀ ਹੋਈ ਸੀ ਅਤੇ ਦੋ ਸਰੋਹੀਆਂ ਗਾਤਰੇ ਸਜਾ ਕੇ, ਢਾਲਾਂ ਲੈ ਕੇ ਤਿਆਰ ਹੋ ਗਿਆ। ਪੰਜਾਂ ਸਿੰਘਾਂ ਨੇ ਅਰਦਾਸ ਕੀਤੀ ਅਤੇ ਸੁੱਖਾ ਸਿੰਘ ਨੇ ਮੱਥਾ ਟੇਕ ਕੇ ਚਾਲੇ ਪਾਏ ਅਤੇ ਦਰਿਆ ਦੀ ਬ੍ਰੇਤੀ ਵਿਚ ਜਾ ਦੁੱਰਾਨੀਆਂ ਨੂੰ ਲਲਕਾਰਿਆ। ਓਧਰੋਂ ਭੀ ਇਕ ਡਾਢਾ ਜਿਹਾ ਦੁੱਰਾਨੀ ਆ ਨਿਕਲਿਆ। ਲੜਾਈ ਸ਼ੁਰੂ ਹੋ ਪਈ। ਦੋਨਾਂ ਦਾ ਬਰਾਬਰ ਦਾ ਜੋੜ ਸੀ। ਲੜਦੇ ਲੜਦੇ ਤੇਗਿਆਂ ਨਾਲ ਦੋਨੋਂ ਜ਼ਖ਼ਮੀ ਹੋ ਗਏ ਅਤੇ ਉਨ੍ਹਾਂ ਦੇ ਘੋੜੇ ਭੀ ਨਿਢਾਲ ਹੋ ਗਏ। ਇਕ ਵਾਰੀ ਜਦ ਦੋਨੋਂ ਸੂਰਮੇ ਬਹੁਤ ਲਾਗੇ ਹੋ ਗਏ ਤਾਂ ਜੱਫਮ ਜੱਫੀ ਹੋਏ ਦੋਨੋਂ ਜ਼ਮੀਨ ਤੇ ਆ

Sri Satguru Jagjit Singh Ji eLibrary

ਡਿਗੇ। ਇਸ ਵੇਲੇ ਸੁੱਖਾ ਸਿੰਘ ਨੂੰ ਇਕ ਦਾਉ ਫੁਰ ਆਇਆ। ਉਸ ਨੇ ਗਿੱਚੀ ਉਠਾਈ ਅਤੇ ਦੁੱਰਾਨੀ ਦਾ ਸੰਜੋ ਚੁੱਕ ਕੇ ਕਟਾਰ ਉਸ ਦੇ ਢਿੱਡ ਵਿਚ ਠੋਕ ਦਿੱਤੀ। ਦੁੱਰਾਨੀ ਨੂੰ ਮਾਰ ਕੇ ਸੁੱਖਾ ਸਿੰਘ ਨੇ ਗੱਜ ਕੇ ਫਤਿਹ ਬੁਲਾਈ। ਜੈਕਾਰਾ ਛੁੱਟਣ ਦੀ ਦੇਰ ਸੀ ਕਿ ਸਾਹਮਣੇ ਦੇਖ ਰਹੇ ਦੁੱਰਾਨੀਆਂ ਨੇ ਗੁੱਸੇ ਵਿਚ ਆ ਕੇ ਹੱਲਾ ਬੋਲ ਦਿੱਤਾ। ਇਧਰ ਖਾਲਸਾ ਭੀ ਤਿਆਰ ਬਰ ਤਿਆਰ ਖੜਾ ਸੀ। ਚੜ੍ਹਤ ਸਿੰਘ ਨੇ ਸ਼ੂਟ ਵੱਟ ਕੇ ਘੋੜਾ ਬ੍ਰੇਤੀ ਵੱਲ ਅੱਗੇ ਕੀਤਾ ਅਤੇ ਸੁੱਖਾ ਸਿੰਘ ਨੂੰ ਬਾਹੋਂ ਫੜ ਕੇ, ਘੋੜੇ ਤੇ ਚੜ੍ਹਾ ਕੇ ਉਰਾਰ ਲੈ ਆਂਦਾ। ਜਿਹੜੇ ਦੁੱਰਾਨੀ ਹੱਲਾ ਕਰ ਕੇ ਅੱਗੇ ਵਧੇ ਸਨ, ਉਨ੍ਹਾਂ ਨੂੰ ਸਿੰਘਾਂ ਮਾਰ ਮਾਰ ਕੇ ਪਿੱਛੇ ਹਟਾ ਦਿੱਤਾ।

[*ਪ੍ਰਾਚੀਨ ਪੰਥ ਪ੍ਰਕਾਸ਼*, 305-11]

## ਮਾਣੂਪੁਰ ਵਿਚ ਦੁੱਰਾਨੀਆਂ ਨੂੰ ਹਾਰ

1 ਮਾਰਚ ਸੰਨ 1748 ਨੂੰ ਅਹਿਮਦ ਸ਼ਾਹ ਨੇ ਸਤਲੁਜ ਪਾਰ ਕੀਤਾ ਅਤੇ 40 ਮੀਲ ਦਾ ਪੰਧ ਮਾਰ ਕੇ ਦੂਸਰੇ ਦਿਨ ਸਰਹੰਦ ਆ ਪੁੱਜਾ। ਅੱਗਿਉਂ ਬਹੁਤਾ ਟਾਕਰਾ ਨਾ ਹੋਣ ਕਰਕੇ ਸ਼ਾਹ ਦਾ ਸੌਖੇ ਹੀ ਉਥੇ ਕਬਜਾ ਹੋ ਗਿਆ ਅਤੇ ਵਜੀਰ ਕਮਰੁੱਦੀਨ ਦਾ ਮਾਲ-ਮਤਾਹ, ਖਜ਼ਾਨਾ ਅਤੇ ਟੱਬਰ ਟੀਰ ਉਸ ਦੇ ਹੱਥ ਆ ਗਿਆ। ਦੁੱਰਾਨੀ ਦਾ ਟਾਕਰਾ ਕਰਨ ਆਈ ਮੁਗ਼ਲ ਫ਼ੌਜ ਦਾ ਮੋਹਰੀ ਦਿੱਲੀ ਦਾ ਵੱਡਾ ਵਜ਼ੀਰ ਕਮਰੁੱਦੀਨ ਇਥੇ ਪਹਿਲਾਂ ਹੀ ਪਹੁੰਚ ਚੁੱਕਾ ਸੀ ਅਤੇ ਆਪਣਾ ਵਾਧੂ ਸਾਮਾਨ ਆਦਿ ਇਥੇ ਸਰਹੰਦ ਛੱਡ ਕੇ ਦੁੱਰਾਨੀਆਂ ਨੂੰ ਰੋਕਣ ਲਈ ਮਾਛੀਵਾੜੇ ਨੂੰ ਤੁਰ ਗਿਆ ਸੀ। ਪਰ ਇਤਨੇ ਨੂੰ ਅਹਿਮਦ ਸ਼ਾਹ ਦੂਸਰੇ ਪੱਤਣੋਂ ਲੰਘ ਕੇ ਸਰਹੰਦ ਜਾ ਪੁੱਜਾ। ਇਹ ਖਬਰ ਪੁੱਜਣ ਪਰ ਵਜ਼ੀਰ ਕਮਰੁੱਦੀਨ, ਸ਼ਾਹਜ਼ਾਦਾ ਅਹਿਮਦ ਅਤੇ ਵਜ਼ੀਰ ਦਾ ਪੁੱਤਰ ਮੀਰ ਮੁਈਨੁ-ਦੀਨ (ਪ੍ਰਸਿਧ ਮੀਰ ਮੰਨੂ) ਸਣੇ ਫ਼ੌਜ ਦੇ ਧਾਈ ਕਰ ਕੇ ਸਰਹੰਦ ਵੱਲ ਆਏ ਅਤੇ ਸਰਹੰਦੋਂ ਪੰਜ ਕੁ ਕੋਹ ਤੇ ਪਿੰਡ ਮਾਣੂ ਪੁਰ ਕੋਲ ਆ ਡੇਰੇ ਲਾਏ। ਦੋਹਾਂ ਫ਼ੌਜਾਂ ਵਿਚ ਛੋਟੀਆਂ ਛੋਟੀਆਂ ਝੜਪਾਂ ਹੋਣੀਆਂ ਤਾਂ ਝਟ ਹੀ ਸ਼ੁਰੂ ਹੋ ਗਈਆਂ ਪਰ ਗਹਿ ਗੱਚ ਲੜਾਈ 11 ਮਾਰਚ ਨੂੰ ਹੋਈ ਜਦ ਕਿ ਛਾਹ ਵੇਲੇ ਦੀ ਨਮਾਜ (ਨਮਾਜ਼ਿ-ਰਾਸ਼ਤ) ਪੜ੍ਹ ਰਹੇ ਵਜ਼ੀਰ ਕਮਰੁੱਦੀਨ ਨੂੰ ਦੁੱਰਾਨੀਆਂ ਦਾ ਇਕ ਗੋਲਾ ਆ ਵੱਜਾ। ਪਿਓ ਦੀ ਲੋਥ ਨੂੰ ਸਰ੍ਹਾਣਿਆਂ ਦੇ ਸਹਾਰੇ ਬੈਠੇ ਹੋਏ ਹੋਣ ਦੀ ਪੋਜੀਸ਼ਨ ਵਿਚ ਹਾਥੀ ਉੱਤੇ ਰੱਖ ਕੇ ਉਸ ਦੇ ਪੁੱਤਰ ਮੀਰ ਮੰਨੂ ਨੇ ਦੁੱਰਾਨੀਆਂ ਉੱਤੇ ਹੱਲਾ ਕਰ ਦਿੱਤਾ ਅਤੇ ਬੜੀ ਬਹਾਦੁਰੀ ਨਾਲ ਲੜਦੇ ਹੋਏ ਵੈਰੀ ਦੇ ਪੈਰ ਹਿਲਾ ਦਿੱਤੇ।

ਲੜਾਈ ਬੜੇ ਜ਼ੋਰਾਂ ਦੀ ਹੋ ਰਹੀ ਸੀ ਕਿ ਦੁੱਰਾਨੀਆਂ ਦੇ ਮੰਦੇ ਭਾਗਾਂ ਨੂੰ ਅੱਗ ਦੀ ਇਕ ਚਿੰਗਿਆੜੀ ਆਤਸ਼-ਬਾਜ਼ੀ ਦੇ ਬਾਣਾਂ ਨਾਲ ਭਰੇ ਹੋਏ ਇਕ ਗੱਡੇ ਉੱਤੇ ਆ ਡਿਗੀ ਜੋ ਕਿ ਉਹ ਲਾਹੌਰੋਂ ਫੜ ਕੇ ਲਿਆਏ ਸਨ। ਅੱਗ ਪੈ ਜਾਣ ਨਾਲ ਬਾਣ ਚਲਣ ਲੱਗ ਪਏ ਜਿਸ ਨਾਲ ਹੋਰ ਗੱਡਿਆਂ ਦੇ ਬਾਣਾਂ ਨੂੰ ਭੀ ਅੱਗ ਜਾ ਲੱਗੀ। ਇਸ ਤਰ੍ਹਾਂ ਹਜ਼ਾਰਾਂ ਬਾਣ ਆਸਮਾਨ ਵਿਚ ਉੜ ਉੜ ਕੇ ਚੱਲਣ ਲੱਗ ਪਏ। ਇਨ੍ਹਾਂ ਦੇ ਉੜਨ ਵੇਲੇ ਹੁੰਦੀ ਸ਼-ਸ਼-ਸ਼ਾ-ਸ਼ਾ-ਕੂ ਦੀ ਆਵਾਜ਼ ਪਠਾਣਾਂ ਨੂੰ ਇਉਂ ਜਾਪਣ ਲੱਗੀ ਜਿਵੇਂ ਕਿ ਇਹ ਕਹਿ

Sri Satguru Jagjit Singh Ji eLibrary

ਰਹੀ ਹੋਵੇ ਕਿ ਸ਼ਾਹ-ਕੂ, ਸ਼ਾਹ-ਕੂ (ਸ਼ਾਹ ਕੁਜਾ, ਸ਼ਾਹ ਕੁਜਾ, ਬਾਦਸ਼ਾਹ ਕਿਥੇ ਹੈ? ਬਾਦਸ਼ਾਹ ਕਿਥੇ ਹੈ?)। ਵਹਿਮੀ ਪਠਾਣਾਂ ਨੇ ਇਹ ਸਮਝਿਆ ਕਿ ਇਹ ਕੋਈ ਬਲਾ ਹੈ ਜੋ ਹਿੰਦੁਸਤਾਨ ਤੋਂ ਆਈ ਹੈ ਅਤੇ ਕਹਿ ਰਹੀ ਹੈ ਕਿ ਬਾਦਸ਼ਾਹ ਕਿਥੇ ਹੈ? ਬਾਦਸ਼ਾਹ ਕਿਥੇ ਹੈ? ਅਤੇ ਬਾਦਸ਼ਾਹ (ਅਹਿਮਦ ਸ਼ਾਹ) ਨੂੰ ਟੋਲ ਰਹੀ ਹੈ। ਇਸ ਨਾਲ ਉਨ੍ਹਾਂ ਦੀਆਂ ਕਤਾਰਾਂ ਵਿਚ ਭਗਦੜ ਮਚ ਗਈ ਅਤੇ ਉਹ ਸਾਰੀਂ ਪਾਸੀਂ ਭੱਜ ਉਠੇ। ਇਸ ਵੇਲੇ ਮੀਰ ਮਨੂੰ ਦੀ ਫ਼ੌਜ ਦੇ ਸਰਦਾਰ ਸਫ਼ਦਰ ਜੰਗ ਦੇ ਹੱਲਿਆਂ ਨੇ ਉਨ੍ਹਾਂ ਦੇ ਮੁੜ ਪੈਰ ਲਗਣੇ ਹੋਰ ਔਖੇ ਕਰ ਦਿੱਤੇ। ਅਹਿਮਦ ਸ਼ਾਹ ਨਿਰਾਸ ਹੋ ਕੇ ਸਰਹੰਦ ਨੂੰ ਮੁੜ ਗਿਆ। ਹੁਣ ਉਸ ਨੇ ਸੁਲਾਹ ਲਈ ਜਤਨ ਆਰੰਭੇ, ਪਰ ਸ਼ਾਹਜ਼ਾਦਾ ਅਹਿਮਦ ਉਸ ਦੀ ਕੋਈ ਗੱਲ ਭੀ ਮੰਨਣ ਨੂੰ ਤਿਆਰ ਨਾ ਹੋਇਆ। ਇਸ ਕਰਕੇ ਅਹਿਮਦ ਸ਼ਾਹ ਲਈ ਹੁਣ ਦੇਸ ਨੂੰ ਮੁੜ ਜਾਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ।

17 ਮਾਰਚ ਨੂੰ ਅਹਿਮਦ ਸ਼ਾਹ ਨੇ ਸਰਹੰਦੋਂ ਅੰਤਿਮ ਕੂਚ ਕੀਤਾ ਅਤੇ ਬਿਨਾਂ ਬਹੁਤ ਚਿਰ ਲਾਹੌਰ ਠਹਿਰਨ ਦੇ ਕੰਧਾਰ ਨੂੰ ਮੁੜ ਗਿਆ।

ਅਹਿਮਦ ਸ਼ਾਹ ਦੇ ਲਾਹੌਰੋਂ ਤੁਰਨ ਦੀ ਦੇਰ ਸੀ ਕਿ ਸਰਦਾਰ ਚੜ੍ਹਤ ਸਿੰਘ ਨੂੰ ਦੁੱਰਾਨੀਆਂ ਦਾ ਪਿੱਛਾ ਮਾਰਨ ਦਾ ਚੰਗਾ ਮੌਕਾ ਹਥ ਲੱਗ ਗਿਆ। ਝਨਾਂ ਦੇ ਕੰਢੇ ਤੇ ਉਸ ਨੂੰ ਚੋਖਾ ਮਾਲ ਅਤੇ ਘੋੜੇ ਹੱਥ ਆ ਗਏ ਅਤੇ ਉਹ ਅਟਕ ਤਕ ਦੁੱਰਾਨੀਆਂ ਨੂੰ ਦੱਬੀ ਗਿਆ। ਇਸ ਦੇ ਦੋ ਫ਼ਾਇਦੇ ਹੋਏ। ਇਕ ਤਾਂ ਜਾਂਦੀ ਵਾਰੀ ਦੁੱਰਾਨੀ ਕਿਧਰੇ ਲੁੱਟ ਮਾਰ ਨਾ ਕਰ ਸਕੇ ਅਤੇ ਦੇਸ ਉਨ੍ਹਾਂ ਦੇ ਹੱਥੋਂ ਉਜੜਨ ਤੋਂ ਬਚ ਗਿਆ, ਦੂਸਰੇ ਸਰਦਾਰ ਚੜ੍ਹਤ ਸਿੰਘ ਦੀ ਵੀਰਤਾ ਦਾ ਇਸ ਇਲਾਕੇ ਉੱਤੇ ਰੁਹਬ ਸੋਖਾ ਹੋ ਗਿਆ।

[ਉਮਦਾਤੁ-ਤਵਾਰੀਖ਼, ਦਫ਼ਤਰ ਪਹਿਲਾ, 127]

Sri Satguru Jagjit Singh Ji eLibrary

ਅਧਿਆਇ ਸੱਤਵਾਂ

# ਸਿੰਘਾਂ ਦਾ ਸ੍ਰੀ ਅੰਮ੍ਰਿਤਸਰ ਪਰ ਕਬਜ਼ਾ

## ਰਾਜਾ ਗੁਰਦਿੱਤ ਮੱਲ ਨੂੰ ਭਾਂਜ

ਕਲਾਨੌਰ ਕੋਟ ਬੁੱਢਾ ਪਾਸ ਹੋਈ ਝੜਫ ਤੋਂ ਬਾਅਦ ਸਰਦਾਰ ਜੱਸਾ ਸਿੰਘ ਅਤੇ ਦੂਸਰੇ ਸਿੰਘ ਸਰਦਾਰ ਚੜ੍ਹਤ ਸਿੰਘ ਸੁਕੱਰਚੱਕੀਆ, ਜੈ ਸਿੰਘ ਕਨ੍ਹਈਆ, ਹਰੀ ਸਿੰਘ ਆਦਿ ਚੜ੍ਹਦੇ-ਉੱਤਰ ਨੂੰ ਪਠਾਣਕੋਟ ਦੇ ਚੜ੍ਹਦੇ ਨੂਰਪੁਰ ਜਾ ਪੁੱਜੇ। ਨੂਰਪੁਰ ਦੇ ਰਾਜੇ ਨੇ ਇਨ੍ਹਾਂ ਦੀ ਸੌਖੇ ਹੀ ਈਨ ਮੰਨ ਲਈ ਅਤੇ ਲੰਗਰ ਲਈ ਕੁਝ ਗੱਫਾ ਦੇ ਕੇ ਮਿਤ੍ਰਾਨਾ ਗੰਢ ਲਿਆ। ਇਸ ਵੇਲੇ ਇਸ ਪਹਾੜ ਦੀ ਕੰਢੀ ਦਾ ਫ਼ੌਜਦਾਰ ਰਾਜਾ ਗੁਰਦਿੱਤ ਮੱਲ ਸੀ ਜਿਸ ਨੂੰ ਲਾਹੌਰ ਦੇ ਦੀਵਾਨ ਲਖਪਤ ਰਾਇ ਨੇ ਸਿੰਘਾਂ ਪਰ ਹੱਲਾ ਕਰਨ ਦਾ ਹੁਕਮ ਭੇਜਿਆ ਹੋਇਆ ਸੀ। ਸਦਰਾ ਬਦਰਾ ਪਿੰਡਾਂ ਪਾਸ ਦੋਹਾਂ ਦੀ ਰੋਬਕਾਰੀ ਹੋ ਪਈ। ਗੁਰਦਿੱਤ ਮੱਲ ਪਾਸ ਆਪਣੀ ਪੰਜ ਹਜਾਰ ਸਵਾਰ ਅਤੇ ਸੱਤ ਹਜਾਰ ਪਿਆਦਾ ਫੌਜ ਤੋਂ ਇਲਾਵਾ ਰਣਜੀਤ ਦੇਵ ਜੰਮੂਵਾਲੀਏ, ਜਸਰੋਟੀਏ ਅਤੇ ਮਣਕੋਟੀਏ ਡੋਗਰਿਆਂ ਦੀ ਫ਼ੌਜ ਭੀ ਸੀ। ਸਿੰਘ ਕੇਵਲ ਦੋ ਕੁ ਹਜਾਰ ਹੀ ਸਨ। ਇਸ ਲਈ ਜਦ ਸਰਦਾਰ ਹਰੀ ਸਿੰਘ ਦੇ ਕਹਿਣ ਅਨੁਸਾਰ ਬੰਦੂਕਾਂ ਨਾਲ ਟਾਕਰਾ ਪੂਰਾ ਨਾ ਹੁੰਦਾ ਦਿਸਿਆ ਤਾਂ ਜੱਸਾ ਸਿੰਘ ਨੇ ਹੋਰ ਸਰਦਾਰਾਂ ਨਾਲ ਗੁਰਮਤਾ ਕਰ ਕੇ ਤਲਵਾਰਾਂ ਦੀ ਲੜਾਈ ਦੀ ਧਾਰੀ। ਬੰਦੂਕਾਂ ਚਲਾਉਂਦੇ ਹੌਲੀ ਹੌਲੀ ਲਾਗੇ ਢੁਕ ਗਏ ਅਤੇ ਫੇਰ ਅਚਾਨਕ ਹੱਲਾ ਕਰ ਕੇ ਉਨ੍ਹਾਂ ਵਿਚ ਰਲ ਗਏ ਅਤੇ ਭਗਉਤੀਆਂ ਸੂਤ ਕੇ ਲੱਗ ਪਏ ਵਾਢੀ ਕਰਨ। ਇਸ ਨਾਲ ਵੈਰੀ ਦੇ ਪੈਰ ਉੱਖੜ ਗਏ। ਰਾਜਾ ਗੁਰਦਿੱਤ ਮੱਲ ਮੁਸ਼ਕਲ ਨਾਲ ਜਾਨ ਬਚਾ ਕੇ ਨਿਕਲ ਸਕਿਆ। ਸਿੰਘਾਂ ਨੇ ਉਸ ਦਾ ਡੇਰਾ ਲੁੱਟ ਲਿਆ ਅਤੇ ਉਹ ਬਿਨਾਂ ਅੱਗਾ ਪਿੱਛਾ ਡਿੱਠੇ ਦੇ ਜੰਮੂ ਜਾ ਵੜਿਆ। ਇਹ ਗੱਲ ਮਾਰਚ ਸੰਨ 1748 ਦੇ ਦੂਸਰੇ ਹਫਤੇ ਦੀ ਹੈ ਜਦ ਕਿ ਅਹਿਮਦ ਸ਼ਾਹ ਦੁੱਰਾਨੀ ਨੂੰ ਮਾਣੂਪੁਰ ਦੀ ਲੜਾਈ ਵਿਚ ਹਾਰ ਹੋ ਗਈ ਸੀ ਅਤੇ ਉਹ ਅਫ਼ਗਾਨਿਸਤਾਨ ਨੂੰ ਮੁੜਨ ਦੀਆਂ ਤਿਆਰੀਆਂ ਕਰ ਰਿਹਾ ਸੀ।

[*ਜੱਸਾ ਸਿੰਘ ਬਿਨੋਦ*, ਉਰਦੂ, 7-8]

## ਅਦੀਨਾ ਬੇਗ ਨਾਲ ਟਾਕਰਾ

ਹੁਣ ਸਿੰਘ ਪਹਾੜ ਦੀ ਕੰਢੀ ਦੇ ਨਾਲ ਨਾਲ ਆਨੰਦਪੁਰ ਨੂੰ ਆ **ਗਏ**। 4-5 ਮਾਰਚ

Sri Satguru Jagjit Singh Ji eLibrary

ਨੂੰ ਇੱਥੇ ਹੋਲੇ ਮਹੱਲੇ ਦਾ ਮੇਲਾ ਸੀ। ਉਸ ਮੌਕੇ ਤਾਂ ਇਹ ਇਥੇ ਨਹੀਂ ਸਨ ਪਹੁੰਚ ਸਕੇ, ਇਸ ਲਈ ਹੁਣ ਗੁਰ ਅਸਥਾਨਾਂ ਦੇ ਦਰਸ਼ਨ ਕਰਦੇ ਦੁਆਬੇ ਵਿਚ ਆ ਗਏ। ਇਸ ਵੇਲੇ ਦੁਆਬੇ ਦਾ ਫ਼ੌਜਦਾਰ ਸ਼ਕਰਪੁਰ ਪੱਟੀ (ਲਾਹੌਰ) ਦਾ ਅਰਾਈਂ ਅਦੀਨਾ ਬੇਗ ਖ਼ਾਨ ਸੀ। ਇਹ ਆਮ ਤੌਰ ਤੇ ਹੁਸ਼ਿਆਰਪੁਰ ਦੇ ਲਾਗੇ ਬਜਵਾੜੇ ਜਾਂ ਖ਼ਾਨ ਪੁਰ ਰਿਹਾ ਕਰਦਾ ਸੀ। ਇਹ ਅਹਿਮਦ ਸ਼ਾਹ ਦੁੱਰਾਨੀ ਦੇ ਮਾਨੂਪੁਰੋਂ ਹਾਰ ਖਾ ਕੇ ਪਿਛਾਂਹ ਆਪਣੇ ਦੇਸ਼ ਨੂੰ ਮੁੜ ਜਾਣ ਪਰ ਉਥੇ ਮੀਰ ਮੰਨੂੰ ਅਤੇ ਸਾਹਜਾਦਾ ਅਹਿਮਦ ਪਾਸੋਂ ਛੁੱਟੀ ਲੈ ਕੇ ਹੁਸ਼ਿਆਰਪੁਰ ਨੂੰ ਮੁੜਿਆ ਹੀ ਸੀ ਕਿ ਸਿੰਘਾਂ ਨਾਲ ਰੋਥਕਾਰੀ ਹੋ ਪਈ। ਇਸ ਨੂੰ ਸਿੰਘਾਂ ਵਿਰੁੱਧ ਹੁਕਮ ਪੁੱਜਾ ਹੋਇਆ ਸੀ। ਪਰ ਅਦੀਨਾ ਬੇਗ ਖ਼ਾਨ ਬੜਾ ਫੰਗੀ ਬੰਦਾ ਸੀ। ਉਹ ਖਾਹ-ਮੁਖਾਹ ਸਿੰਘਾਂ ਨਾਲ ਵੈਰ ਨਹੀਂ ਸੀ ਸਹੇੜਨਾ ਚਾਹੁੰਦਾ। ਸਿੰਘਾਂ ਦੀਆਂ ਹਿੱਲਾਂ ਜੁੱਲਾਂ ਕਰਕੇ ਹੀ ਉਸ ਦੀ ਸਰਦਾਰੀ ਬਣੀ ਹੋਈ ਸੀ। ਇਹ ਇਲਾਕਾ ਲਾਹੌਰੋਂ ਚੂੰਕਿ ਜਰਾ ਕੁ ਦੂਰ ਇਕ ਪਾਸੇ ਸੀ ਅਤੇ ਗਸ਼ਤੀ ਫ਼ੌਜਾਂ ਦੇ ਚੱਕਰ ਤੋਂ ਬਾਹਰ ਸੀ, ਇਸ ਲਈ ਸਰਕਾਰੀ ਅਫਸਰਾਂ ਨੇ ਇੱਥੇ ਸਿੰਘਾਂ ਪਰ ਕੋਈ ਬਹੁਤੀਆਂ ਵਧੀਕੀਆਂ ਨਹੀਂ ਸਨ ਕੀਤੀਆਂ, ਜਿਸ ਕਰਕੇ ਆਪਸ ਵਿਚ ਕੋਈ ਜਿਆਦਾ ਵੈਰ ਵਿਰੋਧ ਨਹੀਂ ਸੀ। ਇਸ ਕਰਕੇ ਇਸ ਇਲਾਕੇ ਵਿਚ ਸਿੰਘਾਂ ਵੱਲੋਂ ਲੁੱਟਮਾਰ ਹੋਣ ਦੀਆਂ ਚੂੰਕਿ ਕੋਈ ਸ਼ਿਕਾਇਤਾਂ ਨਹੀਂ ਸੀ ਪੁਜਦੀਆਂ, ਇਸ ਲਈ ਆਮ ਖ਼ਿਆਲ ਸੀ ਕਿ ਅਦੀਨਾ ਬੇਗ ਹੀ ਦੁਆਬੇ ਵਿਚ ਅਮਨ ਰਖ ਸਕਦਾ ਹੈ। ਉਪਰਲੀ ਝੜਫ ਦਾ ਕੋਈ ਨਿਖੇੜਵਾਂ ਫੈਸਲਾ ਤਾਂ ਭਾਵੇਂ ਨਹੀਂ ਸੀ ਹੋਇਆ ਪਰ ਦੋਵੇਂ ਧਿਰਾਂ ਪਿੱਛੇ ਹਟ ਗਈਆਂ। ਅਦੀਨਾ ਬੇਗ ਖ਼ਾਨ ਤਾਂ ਆਪਣੇ ਡੇਰੇ ਖ਼ਾਨਪੁਰ ਨੂੰ ਚਲਾ ਗਿਆ ਜੋ ਹੁਸ਼ਿਆਰਪੁਰੋਂ ਉੱਤਰ ਲਹਿੰਦੇ ਨੂੰ ਨਾਲ ਹੀ ਸੀ, ਅਤੇ ਸਿੰਘ ਰਣਥੰਭਰਵੀ ਸ੍ਰੀ ਅੰਮ੍ਰਿਤਸਰ ਨੂੰ ਚਲੇ ਗਏ। ਇਹ ਗੱਲ ਮਾਰਚ ਸੰਨ 1748 ਦੀ ਤੀਸਰੇ ਹਫ਼ਤੇ ਦੀ ਹੈ ਜਦ ਕਿ ਅਹਿਮਦ ਸ਼ਾਹ ਅਫ਼ਗਾਨਿਸਤਾਨ ਨੂੰ ਮੁੜਿਆ ਜਾ ਰਿਹਾ ਲਾਹੌਰ ਦੇ ਨਜਦੀਕ ਹੋਵੇਗਾ।

### ਅੰਮ੍ਰਿਤਸਰ ਪਰ ਕਬਜ਼ਾ

ਅੰਮ੍ਰਿਤਸਰ ਵਿਚ ਇਸ ਵੇਲੇ ਠਰੂ ਪਿੰਡ ਦਾ ਰਾਜਪੂਤ ਸਲਾਬਤ ਖ਼ਾਨ ਸੰਨ 1747 ਤੋਂ ਫ਼ੌਜ ਸਮੇਤ ਟਿਕਿਆ ਹੋਇਆ ਸੀ। ਉਸ ਨੇ ਸ੍ਰੀ ਦਰਬਾਰ ਸਾਹਿਬ ਅਤੇ ਸਰੋਵਰ ਪਰ ਬੜੇ ਸਖ਼ਤ ਪਹਿਰੇ ਲਾਏ ਹੋਏ ਸਨ ਅਤੇ ਚੌਹੀਂ ਪਾਸੀਂ ਛੋਟੀਆਂ ਛੋਟੀਆਂ ਗੜ੍ਹੀਆਂ ਅਤੇ ਬੁਰਜ ਬਣਾ ਕੇ ਉਥੇ ਟਾਂਗੂ ਬਠਾਏ ਹੋਏ ਸਨ ਤਾਂ ਕਿ ਵੇਲੇ ਕੁਵੇਲੇ ਦਰਸ਼ਨ ਅਤੇ ਅਸ਼ਨਾਨ ਕਰਨ ਆਏ ਸਿੰਘਾਂ ਨੂੰ ਦੂਰੋਂ ਹੀ ਗੋਲੀ ਮਾਰ ਦੇਣ।

ਸਿੰਘਾਂ ਨੂੰ ਭੀ ਪਤਾ ਸੀ ਕਿ ਦੁੱਰਾਨੀ ਦੀ ਹਾਰ ਨਾਲ ਲਾਹੌਰ ਦੀ ਹਕੂਮਤ ਵਿਚ ਛੇਤੀ ਹੀ ਅਦਲਾ ਬਦਲੀ ਹੋ ਜਾਏਗੀ ਅਤੇ ਦੁੱਰਾਨੀ ਦੇ ਬਣਾਏ ਹੋਏ ਹਾਕਮ ਜਲ੍ਹੇ ਖ਼ਾਨ ਅਤੇ ਦੀਵਾਨ ਲਖਪਤ ਰਾਇ ਆਦਿ ਟਿਕੇ ਨਹੀਂ ਰਹਿ ਸਕਣਗੇ। ਇਨ੍ਹਾਂ ਦਾ ਕੀ ਬਣੇਗਾ, ਇਨ੍ਹਾਂ ਨੂੰ ਆਪ ਨੂੰ ਭੀ ਪਤਾ ਨਹੀਂ ਸੀ। ਦਿੱਲੀ ਵੱਲੋਂ ਅਜੇ ਨਵਾਂ ਹਾਕਮ ਕੋਈ ਨਿਯਤ ਨਹੀਂ ਸੀ ਹੋਇਆ। ਇਸ ਰਾਜਸੀ ਦੁਚਿੱਤੀ ਦਾ ਫਾਇਦਾ ਉਠਾਉਣ ਲਈ ਖ਼ਾਲਸਾ ਦਲ ਦੇ

Sri Satguru Jagjit Singh Ji eLibrary

ਸਰਦਾਰਾਂ ਨੇ ਗੁਰਮਤਾ ਕਰ ਕੇ ਸ੍ਰੀ ਅੰਮ੍ਰਿਤਸਰ ਨੂੰ ਆਜ਼ਾਦ ਕਰਵਾਉਣ ਲਈ ਕਮਰ ਕਸੇ ਕਰ ਲਏ ਅਤੇ ਨਵਾਬ ਕਪੂਰ ਸਿੰਘ ਨੇ ਇੱਥੇ ਹੱਲੇ ਦੀ ਅਗਵਾਈ ਕਰਨ ਲਈ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਨਿਯਤ ਕੀਤਾ।

ਸਰਦਾਰ ਜੱਸਾ ਸਿੰਘ ਨੇ ਝਟਾ ਪਟ ਵਿਉਂਤ ਬਣਾ ਕੇ ਅੰਮ੍ਰਿਤਸਰ ਨੂੰ ਘੇਰਾ ਪਾ ਲਿਆ। ਸਲਾਬਤ ਖ਼ਾਨ ਭੀ ਇਕ ਮੰਨਿਆ ਹੋਇਆ ਚੰਗਾ ਸੂਰਮਾ ਸੀ। ਆਪਣੇ ਜਵਾਨ ਲੈ ਕੇ ਸਿੰਘਾਂ ਦੇ ਟਾਕਰੇ ਲਈ ਆ ਨਿੱਤਰਿਆ। ਪਰ ਸੈਂਕੜੇ ਜੁਧਾ ਦੇ ਸੂਰਿਆਂ ਨਾਲ ਲੋਹਾ ਲੈ ਸਕਣਾ ਕੋਈ ਹਾਰੀ ਸਾਰੀ ਦਾ ਕੰਮ ਨਹੀਂ ਸੀ। ਜਦ ਸਲਾਬਤ ਖ਼ਾਨ ਨੇ ਆਪਣੇ ਜੁਆਨਾਂ ਦੇ ਪੈਰ ਥਿੜਕਦੇ ਵੇਖੇ ਤਾਂ ਉਹ ਹੱਲਾ ਸ਼ੇਰੀ ਦੇਣ ਲਈ ਅੱਗੇ ਵਧਿਆ। ਇਹ ਦੇਖ ਕੇ ਸਰਦਾਰ ਜੱਸਾ ਸਿੰਘ, ਨਵਾਬ ਕਪੂਰ ਸਿੰਘ, ਤਾਰਾ ਸਿੰਘ ਵਾਈਆ, ਚੂੜ ਸਿੰਘ ਭਕਣੀਆ ਆਦਿ ਖ਼ਾਨ ਦੀ ਗੜ੍ਹੀ ਪਰ ਜਾ ਪਏ। ਸਰਦਾਰ ਜੱਸਾ ਸਿੰਘ ਨੇ ਮੋਹਰੇ ਹੋ ਕੇ ਸਲਾਬਤ ਖ਼ਾਨ ਨੂੰ ਲਲਕਾਰਾ ਮਾਰਿਆ ਜਿਸ ਦੇ ਉੱਤਰ ਵਿਚ ਖ਼ਾਨ ਨੇ ਤਲਵਾਰ ਦਾ ਇਕ ਭਰਪੂਰ ਵਾਰ ਸਰਦਾਰ ਜੱਸਾ ਸਿੰਘ ਪਰ ਕੀਤਾ। ਸਰਦਾਰ ਜੱਸਾ ਸਿੰਘ ਨੇ ਇਹ ਵਾਰ ਆਪਣੇ ਢਾਲੇ ਪਰ ਰੋਕ ਲਿਆ ਅਤੇ ਦੂਸਰਾ ਵਾਰ ਹੋਣ ਤੋਂ ਪਹਿਲਾਂ ਹੀ ਖੰਡੇ ਦਾ ਅਜਿਹਾ ਤੁਲਵਾਂ ਵਾਰ ਕੀਤਾ ਕਿ ਸਲਾਬਤ ਖ਼ਾਨ ਦਾ ਸਿਰ ਭੋਇੰ ਤੇ ਜਾ ਡਿਗਿਆ। ਇਹ ਵੇਖ ਕੇ ਸਲਾਬਤ ਖ਼ਾਨ ਦਾ ਭਤੀਜਾ ਨਜਾਬਤ ਖ਼ਾਨ ਸਰਦਾਰ ਜੱਸਾ ਸਿੰਘ ਵੱਲ ਨੂੰ ਉੱਲਰਿਆ ਅਤੇ ਨੇਜੇ ਦਾ ਵਾਰ ਕਰਨ ਹੀ ਲੱਗਾ ਸੀ ਕਿ ਨਵਾਬ ਕਪੂਰ ਸਿੰਘ ਨੇ ਇਕ ਅਜਿਹਾ ਤੀਰ ਵਾਹਿਆ ਕਿ ਨਜਾਬਤ ਡਿਗਦੇ ਸਾਰ ਪ੍ਰਾਣ ਛਡ ਗਿਆ। ਆਪਣੇ ਆਗੂਆਂ ਦੀਆਂ ਲੋਥਾਂ ਭੋਇੰ ਤੇ ਤੜਫਦੀਆਂ ਦੇਖ ਕੇ ਸਲਾਬਤ ਖ਼ਾਨ ਦੀ ਫ਼ੌਜ ਦੇ ਹੌਸਲੇ ਟੁੱਟ ਗਏ ਅਤੇ ਉਹ ਨਿਰਾਸ ਹੋ ਕੇ ਮੈਦਾਨ ਛੱਡ ਗਈ। ਇਸ ਤਰਾਂ ਸ੍ਰੀ ਅੰਮ੍ਰਿਤਸਰ ਪਰ ਮਾਰਚ ਦੇ ਤੀਸਰੇ ਹਫ਼ਤੇ ਦੇ ਅੰਤ ਜਾਂ ਚੌਥੇ ਦੇ ਆਰੰਭ ਵਿਚ ਸਿੰਘਾਂ ਦਾ ਕਬਜਾ ਹੋ ਗਿਆ ਅਤੇ ਉਹ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦੀ ਗੂੰਜ ਵਿਚ ਸ੍ਰੀ ਦਰਬਾਰ ਸਾਹਿਬ ਜਾ ਪੁੱਜੇ ਜਿਸ ਦੇ ਖੁਲ੍ਹੇ ਦਰਸ਼ਨ ਖਾਲਸੇ ਨੂੰ ਕਈ ਵਰ੍ਹਿਆਂ ਪਿੱਛੋਂ ਹੋਏ।

[ਗ੍ਰਿਫ਼ਿਨ, *ਰਾਜਾਜ ਔਫ ਦੀ ਪੰਜਾਬ*, 501; *ਜੱਸਾ ਸਿੰਘ ਬਿਨੋਦ*, 69; ਪ੍ਰੇਮ ਸਿੰਘ, *ਨਵਾਬ ਕਪੂਰ ਸਿੰਘ*, 130-39]

## ਸੰਮਤ 1805 ਦੀ ਵਿਸਾਖੀ

ਹੁਣ ਵਡਭਾਗੀ ਵਸਾਖੀ ਵਿਚ ਥੋੜੇ ਹੀ ਦਿਨ ਰਹਿੰਦੇ ਸਨ ਜੋ 29 ਮਾਰਚ ਨੂੰ ਸੀ। ਸਰਦਾਰ ਜੱਸਾ ਸਿੰਘ ਨੇ ਸਿੱਖ ਸੰਗਤਾਂ ਅਤੇ ਪੰਥ ਦੇ ਖਿੰਡੇ ਹੋਏ ਜਥਿਆਂ ਨੂੰ ਪਤਾ ਦੇਣ ਲਈ ਸਾਰੀ ਪਾਸੀਂ ਘੋੜੇ ਦੁੜਾ ਦਿੱਤੇ। ਇਹ ਖੁਸ਼ੀ ਭਰੀ ਖਬਰ ਲਗਦੇ ਸਾਰ ਜਿੱਥੇ ਕਿਤੇ ਭੀ ਕੋਈ ਸੀ ਉਸ ਨੇ ਅੰਮ੍ਰਿਤਸਰ ਨੂੰ ਕੂਚ ਕਰ ਦਿੱਤਾ। ਨਵਾਬ ਕਪੂਰ ਸਿੰਘ ਤਾਂ ਨਾਲ ਹੀ ਦੁਆਬਿਉਂ ਆਏ ਸਨ। ਦੂਸਰੇ ਸਰਦਾਰ ਭੀ ਆਪਣੀਆਂ ਆਪਣੀਆਂ ਵਹੀਰਾਂ ਸਮੇਤ ਆ ਇਕੱਠੇ ਹੋਏ। ਇਥੇ ਤਕ ਕਿ ਸਰਦਾਰ ਚੜ੍ਹਤ ਸਿੰਘ ਭੀ ਜੋ ਅਹਿਮਦ ਸ਼ਾਹ ਦੇ ਮਗਰ ਗਿਆ ਹੋਇਆ ਸੀ, ਧਾਈ ਕਰ ਕੇ ਆ ਪੁੱਜਾ।

Sri Satguru Jagjit Singh eLibrary

ਕਈ ਮੁੱਦਤ ਪਿੱਛੋਂ ਆਪਣੀ ਸ਼ਾਨ ਦਾ ਇਹ ਪਹਿਲਾ ਵਸਾਖੀ ਦਾ ਮੇਲਾ ਸੀ। ਵ੍ਹਰਿਆਂ ਪਿੱਛੋਂ ਸਿੰਘਾਂ ਨੇ ਰੱਜ ਰੱਜ ਭਰਾਵਾਂ ਅਤੇ ਗੁਰਧਾਮਾਂ ਦੇ ਦਰਸ਼ਨ ਕੀਤੇ। ਵਿਚਾਰਾਂ ਵਿਚਾਰਾਂ ਵਿਚ ਸਰਦਾਰ ਜੱਸਾ ਸਿੰਘ ਨੇ ਕਿਹਾ ਕਿ ਖਾਲਸਾ ਕਦ ਤਕ ਨੱਸ ਭੱਜ ਕੇ ਜੰਗਲਾਂ ਬੇਲਿਆਂ ਅਤੇ ਪਹਾੜੀ ਖੱਡਾਂ ਵਿਚ ਲੁਕ ਛੁਪ ਕੇ ਗੁਜ਼ਾਰਾ ਕਰੇਗਾ। ਕੋਈ ਗੜ੍ਹੀ ਜਾਂ ਕਿਲਾ ਕੋਟ ਰਚ ਕੇ ਪੱਕੀ ਤਰ੍ਹਾਂ ਪੈਰ ਜਮਾਉਣੇ ਚਾਹੀਦੇ ਹਨ। ਇਹ ਤਜਵੀਜ਼ ਸਭ ਨੇ ਪ੍ਰਵਾਣ ਕਰ ਲਈ ਅਤੇ ਸੋਚ ਹੋਣ ਲੱਗੀ ਕਿ ਗੜ੍ਹੀ ਰਚੀ ਕਿਥੇ ਜਾਏ। ਕਈ ਵਿਚਾਰਾਂ ਹੋਈਆਂ ਜਿਨ੍ਹਾਂ ਵਿਚ ਸਰਦਾਰ ਸੁੱਖਾ ਸਿੰਘ ਮਾੜੀ-ਕੰਬੋ ਵਾਲੇ ਅਤੇ ਕੁਝ ਹੋਰ ਸਿਦਕੀ ਸਿੰਘਾਂ ਨੇ ਕਿਹਾ ਕਿ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਨੂੰ ਛੱਡ ਕੇ ਹੋਰ ਕਿਧਰ ਜਾਣਾ ਹੈ? ਇਥੇ ਹੀ ਕਿਲਾ ਰਚਿਆ ਜਾਏ। ਜੇ ਜੀਵੀਏ ਤਾਂ ਗੁਰੂ ਕੀ ਗੋਦੇ, ਜੇ ਮਰੀਏ ਤਾਂ ਹਰਿ ਕੇ ਦੁਆਰੇ।

### ਸਿੰਘਾਂ ਨੇ ਰਾਮ ਰਾਉਣੀ ਰਚਣਾ (ਅਪ੍ਰੈਲ 1748)

ਜਦ ਇਹ ਗੁਰਮਤਾ ਸੋਧਿਆ ਗਿਆ ਤਾਂ ਝੱਟ ਪੱਟ ਕੰਮ ਆਰੰਭ ਕਰ ਦਿੱਤਾ ਗਿਆ ਅਤੇ ਜਿਸ ਅਸਥਾਨ ਤੇ ਗੁਰੂ ਸਾਹਿਬ ਨੇ ਖੂਹੀ ਲਗਵਾਈ ਸੀ ਉਥੇ ਨੀਂਹ ਧਰੀ ਗਈ। ਬਾਹਰੋਂ ਕੋਈ ਕਾਰੀਗਰ ਲਿਆਉਣ ਦੀ ਤਾਂ ਲੋੜ ਹੀ ਨਹੀਂ ਸੀ, ਸਿੰਘਾਂ ਵਿਚ ਹੀ ਰਾਜ ਤੇ ਮਜ਼ੂਰ ਮੌਜੂਦ ਸਨ। ਪ੍ਰੇਮ-ਸੇਵਾ ਦੇ ਚਾਉ ਨਾਲ ਸਿੰਘ ਵਧ ਵਧ ਕੇ ਸੇਵਾ ਕਰਨ ਲੱਗ ਪਏ। ਛੋਟੇ ਵੱਡੇ ਕੰਮ ਦਾ ਤਾਂ ਕਿਸੇ ਨੂੰ ਖ਼ਿਆਲ ਹੀ ਨਹੀਂ ਸੀ ਆਉਂਦਾ ਅਤੇ ਨਾ ਹੀ ਕੋਈ ਕਿਸੇ ਨਾਲ ਸ਼ਰੀਕਾ ਕਰਦਾ ਸੀ। ਕਿਸੇ ਦੇ ਸਿਰ ਵਿਚ ਆਗੂ-ਪੁਣੇ ਦੀ ਲਾਲਸਾ ਤੇ ਸਰਦਾਰੀ ਦੀ ਬੋ ਨਹੀਂ ਸੀ। ਆਪੇ ਹੀ ਪੀਂਹਦੇ ਤੇ ਪਕਾਉਂਦੇ ਅਤੇ ਆਪੇ ਹੀ ਚਣਾਈ ਤੇ ਮਜ਼ੂਰਾਂ ਦਾ ਕੰਮ ਕਰਦੇ ਸਨ। ਇੱਕੋ ਵੇਰੀ ਹੀ ਚਾਰੇ ਲੰਗਾਂ ਲੈ ਤੁਰੇ, ਅਤੇ ਥੋੜ੍ਹੇ ਚਿਰ ਵਿਚ ਹੀ ਰਾਉਣੀ ਖਿੱਚ ਕੱਢੀ।

ਭੰਗੂ ਰਤਨ ਸਿੰਘ ਨੇ ਆਪਣੇ *ਪ੍ਰਾਚੀਨ ਪੰਥ ਪ੍ਰਕਾਸ਼* ਵਿਚ ਇਸ ਦਾ ਇਉਂ ਜ਼ਿਕਰ ਕੀਤਾ ਹੈ :

*ਹੁਤੀ ਖੂਹੀ ਤਹਂ ਗੁਰੂ ਲਵਾਈ।*
*ਤਿਹ ਥਾਂ ਲੀਨੀ ਨੀਂਹ ਧਰਾਈ।*
*ਆਪੇ ਰਾਜ ਸਿੰਘ ਆਪ ਮਜੂਰ।*
*ਬਡੇ ਭੁਜੰਗੀ ਦਿਲ ਕੇ ਸੂਰ ॥15॥*
*ਆਪੇ ਪੀਸੈਂ ਆਪੇ ਪਕਾਵੈਂ।*
*ਤੇ ਤੌ ਬਡੇ ਸਰਦਾਰ ਕਹਾਵੈਂ।*
*ਜੋਊ ਕਰੈ ਸਿੰਘ ਵੱਡੋ ਕੰਮ।*
*ਧੰਨ ਧੰਨ ਕਹੈਂ ਸਿੰਘ ਤਿਸੈ ਜੰਮ ॥16॥*
*ਕੋਈ ਕਰੈ ਨਾ ਕਿਸੀ ਸਰੀਕਾ।*

*ਕੋਈ ਨਾ ਸੁਨਾਵੈ ਦੁਖ ਨਿਜ ਜੀ ਕਾ।*
*ਕੰਧ ਬਣਾਵੈਂ ਦੌੜ ਦੌੜ।*
*ਜਿਮ ਬੰਦਰ ਪੁਲ ਬੰਧਤ ਧੌੜ ॥17॥*

ਦੋਹਰਾ

*ਚਾਰੇ ਲੰਗਾਂ ਲੈ ਤੁਰੇ ਨਿਸ ਦਿਨ ਨਾਹਿ ਥਕਾਇ।*
*ਹੌਲੀ ਹੌਲੀ ਜਿਮ ਕਹੈ ਤਿਮ ਤਿਮ ਦੌੜ ਕਮਾਹਿ ॥18॥*

ਚੌਪਈ

*ਆਪੈ ਪੱਟੈਂ ਆਪ ਉਸਾਰੈਂ।*
*ਰਾਜ ਮਜੂਰ ਸਿੰਘ ਗੁਰੂ-ਪਜਾਰੈ।*
*ਰਾਤ ਦਿਵਸ ਕਰ ਕੰਧ ਚਿਣਾਈ।*
*ਕਿਛ ਕੁ ਆਸਰੋ ਲਯੋ ਬਣਾਈ ॥21॥*
*ਸਿੰਘ ਪੰਜ ਸੈ ਭਯੋ ਉਹਾਂ ਸਾਰੇ।*
*ਸ਼ਹੀਦ ਹੋਣ ਕੋ ਉਨ ਪ੍ਰਣ ਧਾਰੇ।*
*ਔਰ ਜਜਾਦ ਕੀ ਜਗਾ ਬੀ ਨਾਹੀਂ।*
*ਇਸ ਵਿਧ ਸਿੰਘ ਵੜੇ ਘਣੇ ਨਾਹੀਂ ॥22॥* [ਪੰਨਾ 399-400]

ਰਾਉਣੀ ਕੋਈ ਗੜ੍ਹ, ਕੋਟ ਯਾ ਕਿਲਾ ਨਹੀਂ ਹੁੰਦੀ, ਕੇਵਲ ਸਿਰ ਲੁਕਾਉਣੀ ਹੀ ਹੁੰਦੀ ਹੈ। ਇਕ ਤਕੜੀ ਮੋਟੀ ਦੀਵਾਰ ਦੀ ਵਲਗਣ ਨੂੰ ਰਾਉਣੀ ਆਖਦੇ ਹਨ। ਗੜ੍ਹ ਯਾ ਕੋਟ ਵੱਡੀਆਂ ਚੀਜਾਂ ਹਨ ਅਤੇ ਉਨ੍ਹਾਂ ਨੂੰ ਬਣਾਉਣ ਨੂੰ ਭੀ ਚਿਰ ਲਗਦਾ ਹੈ। ਰਾਉਣੀ ਦਾ ਕੰਮ ਮੁਕਾ ਕੇ ਟਾਂਗੂਆਂ ਲਈ ਬੜੇ ਉੱਚੇ ਉੱਚੇ ਬੁਰਜ ਬਣਾਏ ਅਤੇ ਫੇਰ ਦਰਵਾਜ਼ੇ ਬਣਾ ਕੇ ਆਲੇ ਦੁਆਲੇ ਇਕ ਡੂੰਘੀ ਜਿਹੀ ਖਾਈ ਪੁਟ ਲਈ ਅਤੇ ਗੁਰੂ ਰਾਮਦਾਸ ਦੇ ਨਾਮ ਉੱਤੇ ਇਸ ਦਾ ਨਾਮ ਰਾਮ ਰਾਉਣੀ, ਰੱਖਿਆ।

ਇਹ ਕੋਈ ਬਹੁਤ ਵੱਡੀ ਚੀਜ ਤਾਂ ਹੈ ਹੀ ਨਹੀਂ ਸੀ, ਕੇਵਲ ਪੰਜ ਕੁ ਸੌ ਘੋੜੇ ਲਈ ਸਿਰ ਲੁਕਾਉਣੀ ਸੀ, ਇਸ ਲਈ ਕੇਵਲ ਇਤਨੇ ਕੁ ਸਿੰਘ ਹੀ ਟਿਕ ਸਕੇ। ਬਾਕੀ ਦੇ ਸਿੰਘ ਲਾਗੇ ਦੀਆਂ ਥੀੜਾਂ ਅਤੇ ਪਿੰਡਾਂ ਵਿਚ ਜਾ ਰਹੇ ਜਿੱਥੇ ਕਿ ਲੋੜ ਵੇਲੇ ਬੁਰਜਾਂ ਤੋਂ ਟਾਂਗੂਆਂ ਦੇ ਨਿਗਾਰਿਆਂ ਦੀ ਅਵਾਜ ਸੁਣਦੇ ਸਾਰ ਹੀ ਪੁੱਜ ਸਕਣ।

ਇਸ ਵੇਲੇ ਦੀ ਅਗਵਾਈ, ਬਹਾਦੁਰੀ ਅਤੇ ਸਿਆਣਪ ਨੇ ਸਰਦਾਰ ਜੱਸਾ ਸਿੰਘ ਨੂੰ ਪੰਥ ਵਿਚ ਅੱਗੇ ਨਾਲੋਂ ਹੋਰ ਉੱਘਾ, ਹਰ-ਮਨ-ਪਿਆਰਾ ਅਤੇ ਸਿਰ-ਕੱਢ ਬਣਾ ਦਿੱਤਾ। ਨਵਾਬ ਕਪੂਰ ਸਿੰਘ ਨੇ ਅੱਗੇ ਹੀ ਆਪਣਾ ਬਹੁਤ ਸਾਰਾ ਕੰਮ ਇਸ ਦੇ ਸਪੁਰਦ ਕਰ ਦਿੱਤਾ ਹੋਇਆ ਸੀ। ਹੁਣ ਉਨ੍ਹਾ ਨੇ ਬਾਕੀ ਭੀ ਇਨ੍ਹਾਂ ਨੂੰ ਹੀ ਦੇਣਾ ਸ਼ੁਰੂ ਕਰ ਦਿੱਤਾ, ਜਿਸ ਕਰਕੇ ਬੁੱਢਾ ਦਲ ਵਿਚ ਇਨ੍ਹਾਂ ਦੀ ਪ੍ਰਤਿਸ਼ਠਾ ਹੋਰ ਵਧ ਗਈ ਅਤੇ ਇਹ ਖਾਲਸਾ ਦਲ ਦੇ ਸਿਰ-ਕੱਢਾਂ ਅਤੇ ਧਾਰਮਕ ਮੋਹਰੀਆਂ ਵਿਚ ਗਿਣੇ ਜਾਣ ਲੱਗ ਪਏ।

Sri Satguru Jagjit Singh Ji eLibrary

*ਅਧਿਆਇ ਅੱਠਵਾਂ*

# ਮੀਰ ਮੰਨੂੰ ਦਾ ਜ਼ਮਾਨਾ ਆਰੰਭ

ਅਹਿਮਦ ਸ਼ਾਹ ਦੁੱਰਾਨੀ ਤਾਂ ਭਾਵੇਂ ਅੱਧ ਮਾਰਚ ਵਿਚ ਅਫ਼ਗਾਨਿਸਤਾਨ ਨੂੰ ਮੁੜ ਗਿਆ ਸੀ, ਪਰ ਬਾਦਸਾਹ ਮੁਹੰਮਦ ਸ਼ਾਹ ਦਾ ਪੁੱਤਰ ਸ਼ਾਹਜ਼ਾਦਾ ਅਹਿਮਦ ਅਤੇ ਮਾਨੂੰਪੁਰ ਦਾ ਜੇਤੂ ਮੀਰ ਮੰਨੂੰ 11 ਅਪ੍ਰੈਲ ਸੰਨ 1748 ਤਕ ਸਰਹੰਦ ਟਿਕੇ ਰਹੇ। 9 ਅਪਰੈਲ ਨੂੰ ਬਾਦਸ਼ਾਹ ਮੁਹੰਮਦ ਸ਼ਾਹ ਵੱਲੋਂ, ਜੋ ਇਸ ਵੇਲੇ ਨਿਢਾਲ ਹੋ ਰਿਹਾ ਸੀ, ਸ਼ਾਹਜਾਦਾ ਅਹਿਮਦ ਨੂੰ ਚਿੱਠੀ ਮਿਲੀ ਕਿ ਉਹ ਛੇਤੀ ਹੀ ਦਿੱਲੀ ਪੁੱਜ ਜਾਏ। ਸ਼ਾਹਜ਼ਾਦੇ ਨੇ 11 ਅਪਰੈਲ ਨੂੰ ਮੀਰ ਮੰਨੂੰ ਨੂੰ ਪੰਜਾਬ ਦਾ ਹਾਕਮ ਨਿਯਤ ਕੀਤਾ ਅਤੇ ਆਪ ਦਿੱਲੀ ਨੂੰ ਮੁੜ ਗਿਆ।

ਮੀਰ ਮੰਨੂੰ ਨੇ ਲਾਹੌਰ ਪੁੱਜ ਕੇ ਦੁੱਰਾਨੀ ਵੱਲੋਂ ਮੁਕੱਰਰ ਜੱਲ੍ਹੇ ਖ਼ਾਨ ਅਤੇ ਦੀਵਾਨ ਲਖਪਤ ਰਾਏ ਨੂੰ ਕੈਦ ਕਰ ਦਿੱਤਾ। ਦੀਵਾਨ ਪਰ ਤੀਹ ਲੱਖ ਰੁਪਏ ਦੀ ਚਟੀ ਲਾਈ ਅਤੇ ਉਸ ਦੀ ਜਗ੍ਹਾ ਦੀਵਾਨ ਕੌੜਾ ਮੱਲ ਨੂੰ ਆਪਣਾ ਨਾਇਬ ਅਤੇ ਦੀਵਾਨਿ-ਅਦਾਲਤ ਨਿਯਤ ਕੀਤਾ। ਤੀਹ ਲੱਖ ਵਿਚੋਂ ਅਠਾਰਾਂ ਲੱਖ ਤਾਂ ਲਖਪਤ ਰਾਇ ਨੇ ਭਰ ਦਿੱਤਾ, ਦੋ ਲੱਖ ਵਿਚ ਉਸ ਦਾ ਘਰ ਘਾਟ ਅਤੇ ਜਾਇਦਾਦ ਕੁਰਕ ਹੋ ਗਏ, ਬਾਕੀ ਦਸ ਲੱਖ ਲਈ ਉਸ ਨੂੰ ਉਮਰ ਕੈਦ ਬੋਲੀ ਗਈ।

ਦੀਵਾਨ ਕੌੜਾ ਮੱਲ ਨੂੰ ਪਤਾ ਸੀ ਕਿ ਕਿਵੇਂ ਲਖਪਤ ਰਾਇ ਨੇ ਨਾ-ਹੱਕ ਹਜ਼ਾਰਾਂ ਬੇਦੋਸ਼ੇ ਸਿੰਘਾਂ ਨੂੰ ਕਤਲ ਕਰਵਾਇਆ ਅਤੇ ਕਸ਼ਟ ਦਿੱਤੇ ਸਨ। ਇਸ ਲਈ ਉਸ ਨੇ ਬਾਕੀ ਦਾ ਦਸ ਲੱਖ ਰੁਪਇਆ ਇਸ ਸ਼ਰਤ ਪਰ ਆਪਣੇ ਕੋਲੋਂ ਦੇ ਦੇਣਾ ਪਰਵਾਨ ਕਰ ਲਿਆ ਕਿ ਲਖਪਤ ਰਾਇ ਨੂੰ ਉਸ ਦੇ ਹਵਾਲੇ ਕਰ ਦਿੱਤਾ ਜਾਏ। ਮੀਰ ਮੰਨੂੰ ਨੂੰ ਇਸ ਵਿਚ ਕੀ ਇਤਰਾਜ਼ ਹੋ ਸਕਦਾ ਸੀ? ਸੋ ਕੌੜਾ ਮੱਲ ਨੇ ਇਹ ਰਕਮ ਲਿਖ ਦਿੱਤੀ ਅਤੇ ਲਖਪਤ ਰਾਇ ਨੂੰ ਲੈ ਕੇ ਸਿੰਘਾਂ ਦੇ ਹਵਾਲੇ ਕਰ ਦਿੱਤਾ। ਸਿੰਘਾਂ ਨੇ ਉਸ ਦੀਆਂ ਮੁਸ਼ਕਾਂ ਤਾੜ ਕੇ ਇਕ ਸੋਧ-ਖਾਨੇ ਵਿਚ ਬੰਦ ਕਰ ਦਿੱਤਾ ਜਿੱਥੇ ਉਸ ਨੂੰ ਅਪਣੀਆਂ ਕਰਨੀਆਂ ਭਰਨ ਲਈ ਸਾਖਿਆਤ ਨਰਕ ਭੋਗਣਾ ਪਿਆ।

[ਖ਼ੁਸ਼ਵਕਤ ਰਾਇ, *ਤਾਰੀਖ਼ਿ ਸਿੱਖਾਂ*, 67; *ਤਹਿਮਾਸ ਨਾਮਾ*; ਰਤਨ ਸਿੰਘ, *ਪ੍ਰਾਚੀਨ ਪੰਥ ਪ੍ਰਕਾਸ਼*, 290-98; *ਸ਼ਮਸ਼ੇਰ ਖਾਲਸਾ*, 470]

## ਸਿੰਘਾਂ ਪਰ ਸਖ਼ਤੀ ਦਾ ਮੁੜ ਦੌਰ

ਮੀਰ ਮੰਨੂੰ ਲਾਹੌਰ ਦੀ ਸੂਬੇਦਾਰੀ ਤੇ ਜਦ ਜ਼ਰਾ ਕੁ ਜੰਮ ਗਿਆ ਤਾਂ ਉਸ ਨੇ ਸਿੰਘਾਂ ਦੀ ਵਧ ਰਹੀ ਤਾਕਤ—ਜਿਸ ਦੇ ਨਿਸ਼ਾਨ ਰਾਮ ਰਾਓਣੀ ਦੇ ਮੁਨਾਰਿਆਂ ਤੋਂ ਦਿੱਸ ਰਹੇ ਸਨ ਦਾ ਗਲਾ ਘੁੱਟਣ ਬਲਕਿ ਉਨ੍ਹਾਂ ਦਾ ਖ਼ੁਰਾ ਖੋਜ ਮਿਟਾ ਦੇਣ ਲਈ ਗ਼ਸ਼ਤੀ ਫ਼ੌਜ ਦੇ ਦਸਤੇ ਪਿੰਡਾਂ ਅਤੇ ਇਲਾਕਿਆਂ ਵਿਚ ਭੇਜ ਦਿੱਤੇ ਅਤੇ ਉਨ੍ਹਾਂ ਨੂੰ ਤਾਕੀਦੀ ਹੁਕਮ ਦਿੱਤੇ ਕਿ ਜਿੱਥੇ ਭੀ ਸਿੰਘ ਮਿਲਣ ਉਨ੍ਹਾਂ ਨੂੰ ਫੜ ਕੇ ਉਨ੍ਹਾਂ ਦੇ ਕੇਸ ਅਤੇ ਦਾੜ੍ਹੇ ਕਤਲ ਕਰ ਦੇਣ।

ਸਿੰਘ ਘਰ ਘਾਟ ਛੱਡ ਕੇ ਜੰਗਲਾਂ ਅਤੇ ਪਹਾੜਾਂ ਨੂੰ ਚੜ੍ਹ ਗਏ, ਪਰ ਓਥੇ ਭੀ ਉਨ੍ਹਾਂ ਨੂੰ ਸੁਖ ਦਾ ਸਾਹ ਨਾ ਲੈਣ ਦਿੱਤਾ ਗਿਆ। ਮੀਰ ਮੰਨੂੰ ਨੇ ਇਲਾਕਿਆਂ ਦੇ ਚੌਧਰੀਆਂ ਅਤੇ ਪਹਾੜੀ ਰਾਜਿਆਂ ਦੇ ਨਾਮ ਕਰੜੇ ਹੁਕਮ ਜਾਰੀ ਕਰ ਦਿੱਤੇ ਕਿ ਓਹ ਓਧਰ ਗਏ ਸਿੰਘਾਂ ਨੂੰ ਜ਼ੰਜੀਰਾਂ ਵਿਚ ਜਕੜ ਕੇ ਲਾਹੌਰ ਪਹੁੰਚਾ ਦੇਣ। ਥੋਹੜੇ ਚਿਰ ਵਿਚ ਹੀ ਗ਼ਸ਼ਤੀ ਫੌਜਾਂ ਨੇ ਬੇਸ਼ੁਮਾਰ ਸਿੰਘ ਫੜ ਫੜ ਕੇ ਮਾਰੇ ਅਤੇ ਉਨ੍ਹਾਂ ਦੀਆਂ ਦਾਹੜੀਆਂ ਅਤੇ ਕੇਸ ਜ਼ੋਰੀਂ ਕਤਲ ਕੀਤੇ। ਇਲਾਕਿਆਂ ਦਿਆਂ ਚੋਧਰੀਆਂ ਅਤੇ ਪਹਾੜੀ ਰਾਜਿਆਂ ਨੇ ਹਜ਼ਾਰਾਂ ਹੀ ਸਿੰਘ ਲਾਹੌਰ ਬੰਨ੍ਹ ਪਹੁੰਚਾਏ, ਜਿਥੇ ਓਹ ਰੋਜ਼ ਸੈਂਕੜਿਆਂ ਦੀ ਗਿਣਤੀ ਵਿਚ ਦਿੱਲੀ ਦਰਵਾਜ਼ੇ ਦੇ ਬਾਹਰ ਘੋੜਾ-ਮੰਡੀ (ਬਜ਼ਾਰ ਨਖ਼ਾਸ) ਵਿਚ ਸ਼ਹੀਦ-ਗੰਜ ਦੇ ਅਸਥਾਨ ਤੇ ਬੇਸ਼ੁਮਾਰ ਲੋਕਾਂ ਦੀਆਂ ਅੱਖਾਂ ਦੇ ਸਾਹਮਣੇ ਕਤਲ ਕੀਤੇ ਜਾਂਦੇ ਸਨ। ਸਿੰਘਾਂ ਦੇ ਸਿਰਾਂ ਨਾਲ ਖ਼ੂਹ ਭਰੇ ਜਾਂਦੇ ਅਤੇ ਉਨ੍ਹਾਂ ਦੇ ਬੇ-ਸਿਰ ਧੜ ਉਥੇ ਸ਼ਹੀਦ-ਗੰਜ ਵਾਲੀ ਥਾਂ ਤੇ ਦਬਾ ਦਿੱਤੇ ਜਾਂਦੇ।

ਪੰਜ ਛੇ ਮਹੀਨੇ ਲਗਾਤਾਰ ਉਸ ਵੇਲੇ ਤੱਕ ਇਹ ਹੀ ਹਾਲਤ ਰਹੀ ਜਦ ਤੱਕ ਕਿ ਦੀਵਾਨ ਕੌੜਾ ਮੱਲ ਦੀ ਸਿਆਣਪ ਨਾਲ ਅਹਿਮਦ ਸ਼ਾਹ ਦੁੱਰਾਨੀ ਦੇ ਦੂਸਰੇ ਹੱਲੇ ਅਤੇ ਸ਼ਾਹ-ਨਿਵਾਜ਼ ਦੇ ਮੁਲਤਾਨ ਪਰ ਕਬਜ਼ਾ ਕਰ ਲੈਣ ਵੇਲੇ ਰਾਮ ਰਾਊਣੀ ਦਾ ਘੇਰਾ ਨਾ ਉਠਾ ਲਿਆ ਗਿਆ।*

## ਅਦੀਨਾ ਬੇਗ਼ ਖ਼ਾਨ ਨਾਲ ਸਰਦਾਰ ਜੱਸਾ ਸਿੰਘ ਦੇ ਸਵਾਲ-ਜਵਾਬ

ਇਕ ਪਾਸੇ ਤਾਂ ਗ਼ਸ਼ਤੀ ਫ਼ੌਜਾਂ ਇਲਾਕਿਆਂ ਤੇ ਜੰਗਲਾਂ ਵਿਚ ਸਿੰਘਾਂ ਦਾ ਸ਼ਿਕਾਰ ਕਰ ਰਹੀਆਂ ਸਨ ਅਤੇ ਚੌਧਰੀਆਂ ਅਤੇ ਪਹਾੜੀ ਰਾਜਿਆਂ ਦੇ ਫੜ ਫੜ ਕੇ ਭੇਜੇ ਹੋਏ ਸਿੰਘ ਲਾਹੌਰ ਕਤਲ ਹੋ ਰਹੇ ਸਨ, ਦੂਸਰੇ ਪਾਸੇ ਮੀਰ ਮੰਨੂੰ ਨੇ ਦੁਆਬੇ ਦੇ ਹਾਕਮ ਅਦੀਨਾ ਬੇਗ਼

---

*He then stationed detachments of troops in all parts infested by the Sikhs with stringent orders to shave their heads and beards wherever they might be found.........and compelled the votaries of the Guru to conceal them in mountains and jungles. Mir Mannu issued strict orders to the hill rajas to sieze the Sikhs and send them in irons to Lahore. These orders were obeyed and hundreds of Sikhs were brought daily to Lahore and butchered at the Nakhas or *Shahidganj*, outside the Delhi gate, in sight of multitudes of spectators. The young Mannu became an irreconcilable foe of the Sikhs and was determined to extirpate the nation.

—Syed Muhammad Latif, *History of the Panjab*, 221.

Sri Satguru Jagjit Singh Ji eLibrary

ਖ਼ਾਨ ਅਤੇ ਸਦੀਕ ਬੇਗ ਖ਼ਾਨ ਨੂੰ ਸਿੰਘਾਂ ਨੂੰ ਕੁਚਲਨ ਅਤੇ ਰਾਮ ਰਾਉਣੀ ਪਰ ਹੱਲਾ ਕਰਨ ਲਈ ਹੁਕਮ ਭੇਜ ਦਿੱਤਾ।

ਅਦੀਨਾ ਬੇਗ ਖ਼ਾਨ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਪਾਸ ਆਪਣੇ ਆਦਮੀ ਭੇਜ ਕੇ ਮੁਲਾਕਾਤ ਲਈ ਸੱਦਿਆ ਕਿ ਜੇ ਆਓ ਤਾਂ ਦਿੱਲੀ ਗੱਲਾਂ ਹੋਣਗੀਆਂ, ਜੇ ਸਾਡੇ ਨਾਲ ਰਲ ਕੇ ਦੇਸ ਦਾ ਬੰਦੋਬਸਤ ਕਰੋ ਤਾਂ ਚੰਗਾ, ਪਰ ਜੇ ਮੁਲਖ ਚਾਹੋ ਤਾਂ ਭੀ ਲੈ ਲਵੋ, ਅਸੀਂ ਲਾਹੌਰੋਂ ਲਿਖਵਾ ਘੱਲਾਂਗੇ ਅਤੇ ਪਾਤਸ਼ਾਹ ਭੀ ਇਸ ਗੱਲੋਂ ਖ਼ੁਸ਼ ਹੋਵੇਗਾ; ਐਵੇਂ ਜਵਾਨਾਂ ਦੇ ਨੁਕਸਾਨ, ਰੱਈਯਤ ਦੀ ਵੈਰਾਨੀ ਤੇ ਬੇ-ਆਰਾਮੀ ਵਿਚ ਕੀ ਫਾਇਦਾ ਹੈ? ਅਦੀਨਾ ਬੇਗ ਬੜਾ ਚਾਲਾਕ ਅਤੇ ਮਤਲਬੀ ਬੰਦਾ ਸੀ। ਉਸ ਉਪਰ ਕਦੀ ਭੀ ਕਿਸੇ ਨੂੰ ਭਰੋਸਾ ਨਹੀਂ ਸੀ ਹੋ ਸਕਦਾ। ਕੋਈ ਵੱਡੀ ਗੱਲ ਨਹੀਂ ਸੀ ਕਿ ਓਹ ਸੂਬੇ ਦੇ ਨਵੇਂ ਹਾਕਮ ਮੀਰ ਮੰਨੂੰ ਨੂੰ ਖ਼ੁਸ਼ ਕਰਨ ਲਈ ਜੱਸਾ ਸਿੰਘ ਨੂੰ ਫੜ ਕੇ ਉਸ ਦੇ ਹਵਾਲੇ ਹੀ ਕਰ ਦਿੰਦਾ। ਜੱਸਾ ਸਿੰਘ ਨੇ ਉੱਤਰ ਦੇ ਘੱਲਿਆ ਕਿ ਸਾਡੀ ਤੁਹਾਡੀ ਮੁਲਾਕਾਤ ਜੰਗ ਦੇ ਮੈਦਾਨ ਵਿਚ ਹੀ ਹੋਵੇਗੀ ਅਤੇ ਉਸ ਵੇਲੇ ਜੋ ਹਥਿਆਰ ਚੱਲਣਗੇ, ਓਹ ਹੀ ਦਿਲੀ ਗੱਲਾਂ ਸਮਝੋ। ਰਲ ਕੇ ਬੰਦੋਬਸਤ ਕੀ ਕਰਨਾ ਹੋਇਆ? ਜਿਸ ਨੂੰ ਮਾਲਕ ਮੁਲਕ ਦੇਵੇ, ਉਹ ਹੋਰ ਪਾਸੋਂ ਕਿਵੇਂ ਲਵੇ? ਜਿਸ ਦੀ ਕਿਸਮਤ ਵਿਚ ਮੁਲਖ ਰੱਬ ਆਪ ਲਿਖ ਦੇਵੇ, ਓਹ ਹੋਰਨਾਂ ਪਾਸੋਂ ਕਾਗਜ ਉੱਤੇ ਕੀ ਲਿਖਾਵੇ? ਜਿਸ ਤੇ ਓਹ ਦੋ ਜਹਾਨਾਂ ਦਾ ਪਾਤਸ਼ਾਹ ਖ਼ੁਸ਼ ਹੋਵੇ, ਉਸ ਨੂੰ ਹੋਰ ਕੀ ਚਾਹੀਦਾ ਹੈ? ਬਿਨਾਂ ਜਵਾਨਾਂ ਦੇ ਨੁਕਸਾਨ ਤੇ ਬੇ-ਅਰਾਮੀ ਦੇ ਅੱਗੇ ਕਿਸ ਮੁਲਕਗੀਰੀ ਕੀਤੀ ਹੈ? ਇਸ ਦੀ ਕੋਈ ਮੁਜ਼ਾਇਕਾ ਨਹੀਂ। ਜਦ ਚੰਗੀ ਤਰਾਂ ਮੁਲਕ ਆਪਣੇ ਕਬਜੇ ਵਿਚ ਕਰ ਲਵਾਂਗੇ ਤਾਂ ਆਬਾਦ ਭੀ ਚੰਗੀ ਤਰਾਂ ਕਰ ਲਵਾਂਗੇ। ਜਦ ਅਸੀਂ ਤਲਵਾਰ ਚੁੱਕੀ ਹੈ ਤਾਂ ਤੁਸੀਂ ਭੀ ਸੁਲਾਹ ਦੀਆਂ ਗੱਲਾਂ ਕਰਦੇ ਹੋ, ਜਦ ਅੱਗੇ ਵਧਾਂਗੇ ਤਾਂ ਆਪੇ ਮੁਲਖ ਮਾਰ ਲਵਾਂਗੇ।

ਖ਼ਾਨ ਹੋਰਾਂ ਦੋ ਤਿੰਨ ਵਾਰੀ ਇਸੇ ਤਰਾਂ ਸੁਨੇਹੇ ਭੇਜੇ ਪਰ ਸਰਦਾਰ ਜੱਸਾ ਸਿੰਘ ਦਾ ਇਕੋ ਉੱਤਰ ਕਿ—

*ਰਾਜ ਕਰੇਗਾ ਖਾਲਸਾ ਆਕੀ ਰਹੇ ਨ ਕੋਇ*
*ਖ੍ਵਾਰ ਹੋਇ ਸਭ ਮਿਲੈਂਗੇ ਬਚੇ ਸਰਨ ਜੋ ਹੋਇ।*

ਅਦੀਨਾ ਬੇਗ ਖ਼ਾਨ ਨੇ ਲੁਕਵੇਂ ਤੌਰ ਤੇ ਹੋਰ ਸਰਦਾਰਾਂ ਨੂੰ ਭੀ ਇਹੋ ਗੱਲ ਅਖਵਾ ਘੱਲੀ, ਜਿਨ੍ਹਾਂ ਵਿਚੋਂ ਕੁਝ ਕੁ ਇਸ ਦੀਆਂ ਗੱਲਾਂ ਵਿਚ ਆ ਗਏ ਅਤੇ ਸਰਦਾਰ ਜੱਸਾ ਸਿੰਘ ਈਚੋਗਿੱਲੀਆ, ਜੋ ਪਿੱਛੋਂ ਰਾਮਗੜ੍ਹੀਆ ਕਰਕੇ ਪਰਸਿੱਧ ਹੋਇਆ, ਆਪਣੇ ਤਿੰਨ ਭਰਾਵਾਂ ਜੈ ਸਿੰਘ, ਖੁਸ਼ਹਾਲ ਸਿੰਘ ਅਤੇ ਮਾਲੀ ਸਿੰਘ ਅਤੇ ਹੋਰ ਸਾਥੀਆਂ ਸਮੇਤ ਅਦੀਨਾ ਬੇਗ ਪਾਸ ਜਾ ਨੌਕਰ ਹੋਇਆ। ਇਨ੍ਹਾਂ ਵਿਚੋਂ ਕੇਵਲ ਸਾਰਿਆਂ ਨਾਲੋਂ ਛੋਟੇ ਪੰਜਵੇਂ ਭਰਾ ਸਰਦਾਰ ਤਾਰਾ ਸਿੰਘ ਨੇ ਖਾਲਸਾ ਦਲ ਨੂੰ ਛੱਡ ਕੇ ਅਦੀਨਾ ਬੇਗ ਦੀ ਨੌਕਰੀ ਪਰਵਾਣ ਨਾ ਕੀਤੀ।

[ਜੱਸਾ ਸਿੰਘ ਬਿਨੋਦ]

Sri Satguru Jagjit Singh Ji eLibrary

# ਸਰਦਾਰ ਜੱਸਾ ਸਿੰਘ ਦਾ ਮਹਾਰਾਜਾ ਕੌੜਾ ਮੱਲ ਦੀ ਸਹਾਇਤਾ ਲਈ ਮੁਲਤਾਨ ਜਾਣਾ

## ਰਾਮ ਰਾਉਣੀ ਦਾ ਘੇਰਾ (ਅਕਤੂਬਰ 1748)

ਜਦ ਅਦੀਨਾ ਬੇਗ਼ ਖ਼ਾਨ ਦੀ ਗੱਲ ਬਾਤ ਸਿਰੇ ਨਾ ਚੜ੍ਹ ਸਕੀ ਤਾਂ ਅਦੀਨਾ ਬੇਗ਼ ਖ਼ਾਨ ਅਤੇ ਸਦੀਕ ਬੇਗ਼ ਖ਼ਾਨ ਨੇ ਰਾਮ ਰਾਉਣੀ ਨੂੰ ਘੇਰ ਲੈਣ ਦੀ ਤਿਆਰੀ ਕਰ ਲਈ। ਮੀਰ ਮੰਨੂੰ ਦੇ ਹੁਕਮ ਨਾਲ ਦੀਵਾਨ ਕੌੜਾ ਮੱਲ, ਮਿਰਜਾ ਅਜੀਜ ਖ਼ਾਨ ਬਖ਼ਸ਼ੀ, ਨਾਸਰ ਅਲੀ ਖ਼ਾਨ ਜਾਲੰਧਰੀ ਅਤੇ ਪਹਾੜੀ ਰਾਜਿਆਂ ਦੀ ਫ਼ੌਜਾਂ ਨੇ ਮਿਲ ਕੇ ਹੱਲਾ ਕਰ ਦਿੱਤਾ। ਰਾਮ ਰਾਉਣੀ ਦੇ ਬੁਰਜਾਂ ਤੇ ਸਿੰਘਾਂ ਦੇ ਨਗਾਰਿਆਂ ਦੀ ਆਵਾਜ ਸੁਣ ਕੇ ਨੇੜੇ ਤੇੜੇ ਤੋਂ ਖਾਲਸੇ ਦੇ ਕੁਝ ਜੱਥੇ ਭੀ ਆ ਪਹੁੰਚੇ ਅਤੇ ਰਾਮਸਰ ਦੀਆਂ ਝਾੜੀਆਂ ਵਿਚ ਮੋਰਚੀ ਹੋ ਬੈਠੇ।

ਲਾਹੌਰੀ ਫ਼ੌਜ ਪਾਸ ਤੋਪਾਂ ਅਤੇ ਬੇਸ਼ੁਮਾਰ ਫੌਜੀ ਸਮਾਨ ਸੀ। ਉਨ੍ਹਾਂ ਨੇ ਸੁਰੰਗਾਂ ਵਿਚ ਬਾਰੂਦ ਭਰ ਕੇ ਰਾਉਣੀ ਨੂੰ ਉਡਾ ਦੇਣ ਦਾ ਇਰਾਦਾ ਕਰ ਲਿਆ। ਪਰ ਸਿੰਘਾਂ ਨੇ ਇਕ ਡੂੰਘੀ ਖਾਈ ਪੁੱਟ ਲਈ ਅਤੇ ਇਸ ਵਿਚ ਬੈਠ ਕੇ ਸੁਰੰਗ ਦੀ ਤੋਰ ਰੋਕ ਦਿੱਤੀ। ਪਰ ਅੰਦਰ ਖਾਣਾ ਦਾਣਾ ਮੁਕ ਜਾਣ ਪਰ ਸਿੰਘਾਂ ਨੇ ਬਾਹਰ ਨਿਕਲ ਕੇ ਹੱਲਾ ਕਰਨ ਦਾ ਫੈਸਲਾ ਕਰ ਲਿਆ। ਇਸ ਗੱਲ ਦਾ ਪਤਾ ਜਦ ਅਦੀਨਾ ਬੇਗ਼ ਖ਼ਾਨ ਦੇ ਨਾਲ ਆਏ ਸਿੰਘਾਂ ਅਤੇ ਸਰਦਾਰ ਜੱਸਾ ਸਿੰਘ ਈਚੋਗਿੱਲੀਏ ਨੂੰ ਲੱਗਾ, ਜੋ ਬਾਅਦ ਵਿਚ ਰਾਮਗੜ੍ਹੀਆ ਕਰਕੇ ਪ੍ਰਸਿੱਧ ਹੋਇਆ, ਤਾਂ ਉਹ ਅਦੀਨਾ ਬੇਗ਼ ਖ਼ਾਨ ਨਾਲ ਲੇਖਾ ਚੁਕਾ ਕੇ ਆਪਣੇ ਭਰਾਵਾਂ ਨਾਲ ਆ ਰਲੇ ਅਤੇ ਦੀਵਾਨ ਕੌੜਾ ਮੱਲ ਨੂੰ ਸੁਨੇਹਾ ਘੱਲਿਆ ਕਿ ਉਹ ਘੇਰੇ ਵਿਚ ਫਾਥੇ ਸਿੰਘਾਂ ਦੀ ਮਦਦ ਕਰੇ।

ਇਨ੍ਹਾਂ ਦਿਨਾਂ ਵਿਚ ਮੀਰ ਮੰਨੂੰ ਨੂੰ ਦੋ ਡਾਢੀਆਂ ਔਕੜਾਂ ਆ ਪਈਆਂ। ਇਕ ਤਾਂ ਇਹ ਕਿ ਦਿੱਲੀ ਦੀ ਮੁਗ਼ਲ-ਸਰਕਾਰ ਦੀ ਸ਼ਹਿ ਅਤੇ ਸਹਾਇਤਾ ਨਾਲ ਲਾਹੌਰ ਦੇ ਪੁਰਾਣੇ ਸੂਬੇਦਾਰ ਸ਼ਾਹ-ਨਿਵਾਜ ਖ਼ਾਨ ਨੇ ਮੁਲਤਾਨ ਤੇ ਕਬਜ਼ਾ ਕਰ ਕੇ ਮੰਨੂੰ ਨੂੰ ਉਥੋਂ ਬੇਦਖਲ ਕਰ ਦਿੱਤਾ ਅਤੇ ਲਾਹੌਰ ਵੱਲ ਵਧਣ ਦੀਆਂ ਤਿਆਰੀਆਂ ਕਰਨ ਲੱਗਾ ਪਿਆ। ਦੂਸਰੇ, ਅਹਿਮਦ ਸ਼ਾਹ ਦੁੱਰਾਨੀ ਦੇ ਹਿੰਦੁਸਤਾਨ ਪਰ ਮੁੜ ਹੱਲਾ ਕਰਨ ਲਈ ਤੁਰ ਪੈਣ ਦੀਆਂ ਖ਼ਬਰਾਂ

Sri Satguru Jagjit Singh Ji eLibrary



Sri Satguru Jagjit Singh Ji eLibrary



ਸਰਦਾਰ ਜੱਸਾ ਸਿੰਘ ਰਾਮਗੜ੍ਹੀਆ

Sri Satguru Jagjit Singh Ji eLibrary

ਆਉਣ ਲੱਗ ਪਈਆਂ। ਇਹ ਦੋਨੋਂ ਹੀ ਬੜੀਆਂ ਖ਼ਤਰਨਾਕ ਔਕੜਾਂ ਸਨ। ਮੀਰ ਮੰਨੂੰ ਨੇ ਦੀਵਾਨ ਕੌੜਾ ਮੱਲ ਅਤੇ ਦੂਸਰੇ ਅਫ਼ਸਰਾਂ ਨਾਲ ਮਸ਼ਵਰਾ ਕੀਤਾ। ਕੌੜਾ ਮੱਲ ਨੇ ਸਲਾਹ ਦਿੱਤੀ ਕਿ ਇਸ ਵੇਲੇ ਇਕੋ ਹੀ ਰਾਹ ਹੈ ਕਿ ਰਾਮ ਰਾਉਣੀ ਦਾ ਘੇਰਾ ਉਠਾ ਲਿਆ ਜਾਏ ਅਤੇ ਉਥੋਂ ਫੌਜਾਂ ਵਾਪਸ ਬੁਲਾ ਕੇ ਨਵਾਬ ਸਾਹਿਬ (ਮੀਰ ਮੰਨੂੰ) ਆਪ ਤਾਂ ਅਹਿਮਦ ਸ਼ਾਹ ਦੁੱਰਾਨੀ ਦੇ ਟਾਕਰੇ ਤੇ ਜਾਣ ਅਤੇ ਮੈਂ ਸ਼ਾਹ-ਨਿਵਾਜ਼ ਦੇ ਵਿਰੁੱਧ ਮੁਲਤਾਨ ਜਾਂਦਾ ਹਾਂ। ਚੰਗਾ ਮੌਕਾ ਦੇਖ ਕੇ ਕੌੜਾ ਮੱਲ ਨੇ ਇਹ ਗੱਲ ਭੀ ਮਨਾ ਲਈ ਕਿ ਸਿੱਖਾਂ ਨੂੰ ਜਾਗੀਰ ਦੇ ਕੇ ਆਪਣੇ ਨਾਲ ਰੱਖਿਆ ਜਾਏ ਅਤੇ ਮੀਰ ਮੰਨੂੰ ਪਾਸੋਂ ਪਰਗਣਾ ਪੱਟੀ ਦੇ ਮਾਮਲੇ ਦਾ ਚੌਥਾ ਹਿੱਸਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਾਉਂ ਜਾਗੀਰ ਲਿਖਵਾ ਦਿੱਤਾ ਅਤੇ ਗੁਰੂ ਚੱਕ ਵਾਲੇ ਬਾਰਾਂ ਪਿੰਡਾਂ ਦਾ ਜਬਤ ਹੋ ਚੁੱਕਾ ਹੋਇਆ ਮਾਮਲਾ ਭੀ ਮੁੜ ਜਾਰੀ ਕਰਵਾ ਦਿੱਤਾ। ਇਸ ਤਰ੍ਹਾਂ ਮੱਘਰ 1805 ਬਿ., ਨਵੰਬਰ ਸੰਨ 1748 ਈ., ਨੂੰ ਰਾਮ ਰਾਉਣੀ ਦਾ ਘੇਰਾ ਉਠਾਇਆ ਗਿਆ ਅਤੇ ਮੀਰ ਮੰਨੂੰ ਦੀਆਂ ਫੌਜਾਂ ਦੁੱਰਾਨੀ ਅਤੇ ਸ਼ਾਹ-ਨਿਵਾਜ਼ ਦੇ ਵਿਰੁੱਧ ਮੁਹਿੰਮਾਂ ਦੀਆਂ ਤਿਆਰੀਆਂ ਲਈ ਲਾਹੌਰ ਪੁੱਜ ਗਈਆਂ।

[*ਪ੍ਰਾਚੀਨ ਪੰਥ ਪ੍ਰਕਾਸ਼*, 401-04; ਖ਼ੁਸ਼ਵਕਤ ਰਾਇ, *ਤਾਰੀਖ਼ਿ ਸਿੱਖਾਂ*, 76-8;
ਸੋਹਨ ਲਾਲ, *ਉਮਦਾਤੁ-ਤਵਾਰੀਖ਼*, ਦਫ਼ਤਰ ਪਹਿਲਾ, 129]

## ਦੁੱਰਾਨੀ ਦਾ ਦੂਸਰਾ ਹੱਲਾ (ਨਵੰਬਰ ਸੰਨ 1748 ਈ.)

ਮੱਘਰ 1805 ਬਿ. ਨਵੰਬਰ ਸੰਨ 1748 ਈ. ਨੂੰ ਅਹਿਮਦ ਸ਼ਾਹ ਦੁੱਰਾਨੀ ਨੇ ਪਿਛਲੇ ਮਾਰਚ ਦੀ ਨਮੋਸ਼ੀ ਨੂੰ ਮਿਟਾਉਣ ਲਈ ਮੁੜ ਆ ਹੱਲਾ ਕੀਤਾ। ਮੀਰ ਮੰਨੂੰ ਨੇ ਦਿੱਲਿਉਂ ਸਹਾਇਤਾ ਮੰਗ ਭੇਜੀ। ਪਰ ਵਜ਼ੀਰ ਸਫ਼ਦਰ ਜੰਗ ਉਸ ਦਾ ਬਹੁਤ ਪੱਖੀ ਨਹੀਂ ਸੀ ਅਤੇ ਉਸ ਦੀ ਤਾਕਤ ਨੂੰ ਘਟਾਉਣ ਦੇ ਹੱਕ ਵਿਚ ਸੀ। ਇਸ ਲਈ ਉਥੋਂ ਕੋਈ ਫੌਜ ਨਾ ਪੁੱਜੀ। ਮੀਰ ਮੰਨੂੰ ਦੀ ਆਪਣੀ ਫੌਜ ਦੁੱਰਾਨੀ ਦਾ ਟਾਕਰਾ ਨਾ ਕਰ ਸਕੀ, ਇਸ ਲਈ ਉਸ ਨੇ ਦੁੱਰਾਨੀ ਦੀ ਈਨ ਮੰਨ ਲਈ ਅਤੇ ਬਾਦਸ਼ਾਹ ਮੁਹੰਮਦ ਸ਼ਾਹ ਵੱਲੋਂ ਸੰਨ 1739 ਨੂੰ ਨਾਦਰ ਸ਼ਾਹ ਈਰਾਨੀ ਨੂੰ ਦਿੱਤੇ ਗਏ ਚਾਰ ਮਹਾਲ ਸਿਆਲਕੋਟ, ਔਰੰਗਾਬਾਦ, ਗੁਜਰਾਤ ਅਤੇ ਪਸਰੂਰ ਦਾ ਮੁਆਮਲਾ ਦੇਣਾ ਕਰ ਕੇ ਸੰਧੀ ਕਰ ਲਈ। ਤਾਰੀਖ਼ਿ ਅਹਿਮਦਸ਼ਾਹੀ ਵਿਚ ਲਿਖਿਆ ਹੋਇਆ ਹੈ ਕਿ ਇਹ ਸੰਧੀ ਦਿੱਲੀ ਦੇ ਮੁਗ਼ਲ ਬਾਦਸ਼ਾਹ ਅਹਿਮਦ ਸ਼ਾਹ ਦੀ ਮਨਜ਼ੂਰੀ ਨਾਲ ਹੋਈ ਸੀ।

## ਮੁਲਤਾਨ ਦੀ ਮੁਹਿੰਮ (ਸਤੰਬਰ-ਅਕਤੂਬਰ, 1749)

ਦੁੱਰਾਨੀ ਨਾਲ ਛੇਤੀ ਹੀ ਸੁਲਾਹ-ਸੰਧੀ ਹੋ ਜਾਣ ਨਾਲ ਮੁਲਤਾਨ ਦੀ ਮੁਹਿੰਮ ਚੜ੍ਹਨ ਵਿਚ ਢਿੱਲ ਪੈਂਦੀ ਗਈ। ਇਸ ਸਮੇਂ ਵਿਚ ਸ਼ਾਹ-ਨਿਵਾਜ਼ ਖ਼ਾਨ ਦੀ ਪੋਜ਼ੀਸ਼ਨ ਕਾਫ਼ੀ ਪੱਕੀ ਹੋ ਗਈ ਸੀ। ਇਸ ਦੇ ਦੋ ਕਾਰਣ ਸਨ। ਇਕ ਤਾਂ ਉਹ ਦਿੱਲੀ ਦੀ ਹਮਾਇਤ ਨਾਲ ਮੁਲਤਾਨ ਆਇਆ ਸੀ। ਦੂਸਰੇ ਉਹ ਆਪ ਇਥੇ ਹਾਕਮ ਰਹਿ ਚੁੱਕਾ ਸੀ। ਇਸ ਵੇਲੇ ਮੀਰ ਮੰਨੂੰ ਨੂੰ ਦੀਵਾਨ ਕੌੜਾ ਮੱਲ ਸੰਬੰਧੀ ਕੁਝ ਸ਼ੱਕ ਪਾ ਦਿੱਤੇ ਗਏ ਜਿਸ ਕਰਕੇ ਉਸ ਨੇ

Sri Satguru Jagjit Singh eLibrary

ਇਨ੍ਹਾਂ ਨੂੰ ਬੰਦੀ ਖ਼ਾਨੇ ਵਿਚ ਪਾ ਦਿੱਤਾ। ਇਨ੍ਹਾਂ ਦੇ ਨਾਲ ਹੀ ਮਿਰਜ਼ਾ ਅਸਮਤ ਖ਼ਾਨ ਭੀ ਸੀ। ਪਰ ਚੂੰਕਿ ਕੁਝ ਭੀ ਉਨ੍ਹਾਂ ਦੇ ਵਿਰੁੱਧ ਸਾਬਤ ਨਾ ਹੋਇਆ, ਇਸ ਲਈ ਇਨ੍ਹਾਂ ਨੂੰ ਬਹੁਤ ਛੇਤੀ ਛਡ ਦਿੱਤਾ ਗਿਆ ਅਤੇ ਬਹੁਤ ਕੁਝ ਤੋਹਫੇ ਭੇਜ ਕੇ ਪਿਛਲੀ ਗੱਲ ਦਾ ਪ੍ਰਾਸਚਿਤ ਕੀਤਾ ਅਤੇ ਮੁਲਤਾਨ ਦੀ ਮੁਹਿੰਮ ਦੀ ਅਗਵਾਈ ਇਨ੍ਹਾਂ ਨੂੰ ਦੇ ਕੇ ਤਾਕੀਦ ਕੀਤੀ ਕਿ ਇਸ ਨੂੰ ਛੇਤੀ ਸਿਰੇ ਚਾੜ੍ਹ ਕੇ ਲਾਹੌਰ ਨੂੰ ਮੁੜ ਆਵੇ।

ਕੌੜਾ ਮੱਲ ਪਾਸ ਇਤਨੀ ਜਿਆਦਾ ਅਤੇ ਭਰੋਸੇ ਯੋਗ ਫੌਜ ਨਹੀ ਸੀ ਕਿ ਦੱਬ ਚਾੜ੍ਹ ਕੇ ਮੁਲਤਾਨ ਪਰ ਕਬਜਾ ਕਰ ਸਕਦਾ। ਦੂਸਰੇ ਪਾਸੇ ਦੱਖਣ-ਲਹਿੰਦੇ ਦੇ ਬਲੋਚ, ਬਹਾਵਲਪੁਰੀਏ, ਮਨਕੇਰੀਏ ਅਤੇ ਸਿਆਲ ਆਪਣੀਆਂ ਵਹੀਰਾਂ ਲੈ ਕੇ ਸ਼ਾਹ-ਨਿਵਾਜ ਖ਼ਾਨ ਦੀ ਮਦਦ ਪਰ ਪੁੱਜ ਗਏ ਹੋਏ ਸਨ। ਉਨ੍ਹਾਂ ਦੀਆਂ ਮਿਲਵੀਆਂ ਫ਼ੌਜਾਂ ਨੇ ਕੌੜਾ ਮੱਲ ਦਾ ਅੱਗਾ ਆ ਰੋਕਿਆ। ਦੋਹਾਂ ਪਾਸਿਆਂ ਤੋਂ ਛੋਟੀਆਂ ਛੋਟੀਆਂ ਲੜਾਈਆਂ ਅਤੇ ਝੜਫਾਂ ਹੋਣ ਲੱਗ ਪਈਆਂ ਪਰ ਫ਼ੈਸਲਾ ਕਰਨ ਵਾਲੀ ਗਹਿ-ਗੱਚ ਲੜਾਈ ਕੋਈ ਨਾ ਹੋਈ ਅਤੇ ਫੈਸਲਾ ਕੋਈ ਨਾ ਹੋਇਆ। ਇਸ ਨਾਲ ਮੀਰ ਮੰਨੂੰ ਕਾਹਲਾ ਪੈ ਗਿਆ, ਪਰ ਫੌਜ ਦੀ ਘਾਟ ਦੇ ਕਾਰਣ ਕੌੜਾ ਮੱਲ ਭੀ ਮਜਬੂਰ ਸੀ। ਕੀ ਕਰਦਾ?

## ਸਰਦਾਰ ਜੱਸਾ ਸਿੰਘ ਆਹਲੂਵਾਲੀਏ ਵੱਲੋਂ ਸਹਾਇਤਾ

ਇਸ ਵੇਲੇ ਦੀਵਾਨ ਕੌੜਾ ਮੱਲ ਦੇ ਦੀਵਾਨ ਨੌਨੀਤ ਰਾਇ ਨੇ ਸਲਾਹ ਦਿੱਤੀ ਕਿ ਤੁਸੀ ਸਿੰਘਾਂ ਪਾਸੋਂ ਸਹਾਇਤਾ ਲਵੋ। ਤੁਸੀਂ ਭੀ ਗੁਰੂ ਦੇ ਸਿੱਖ ਹੋ ਅਤੇ ਵੇਲੇ ਕੁਵੇਲੇ ਉਨ੍ਹਾਂ ਦੀ ਸਰਦੀ ਬਣਦੀ ਸਹਾਇਤਾ ਕਰਦੇ ਰਹੇ ਹੋ। ਇਸ ਲਈ ਉਹ ਭੀ ਜ਼ਰੂਰ ਤੁਹਾਡੀ ਸਹਾਇਤਾ ਕਰਨਗੇ। ਸੋ ਜਦ ਦੀਵਾਨ ਕੌੜਾ ਮੱਲ ਦੇ ਮੋਹਤਬਰ ਅੰਮ੍ਰਿਤਸਰ ਖਾਲਸੇ ਪਾਸ ਪੁੱਜੇ ਤਾਂ ਉਨ੍ਹਾਂ ਨੇ ਇਨ੍ਹਾਂ ਨੂੰ ਗੁਰੂ ਕਾ ਸਿੱਖ ਅਤੇ ਸਿੰਘਾਂ ਦਾ ਹਮਾਇਤੀ ਹੋਣ ਕਰਕੇ ਸਹਾਇਤਾ ਦੇਣੀ ਪਰਵਾਣ ਕਰ ਲਈ ਅਤੇ ਦਸ ਹਜਾਰ ਸਿੰਘਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਜੱਥੇਦਾਰੀ ਹੇਠ ਤਿਆਰੇ ਗਜਾ ਦਿੱਤੇ। ਅੱਠ ਆਨੇ ਰੋਜ ਪਿਆਦਾ, ਇਕ ਰੁਪਇਆ ਘੋੜ-ਚੜ੍ਹਾ ਅਤੇ ਪੰਜ ਰੁਪਏ ਰੋਜ ਸਰਦਾਰ ਦੇ ਹਿਸਾਬ ਖਰਚ ਪੱਠੇ ਲਈ ਮੁਕੱਰਰ ਹੋਏ ਅਤੇ ਦੋ ਮਹੀਨੇ ਦਾ ਖਰਚ ਪੇਸ਼ਗੀ ਦਿੱਤਾ। ਨਾਲ ਹੀ ਉਸ ਸਮੇਂ ਦੇ ਰਵਾਜ ਅਨੁਸਾਰ ਇਹ ਫੈਸਲਾ ਹੋਇਆ ਕਿ ਮੁਹਿੰਮ ਵਿਚ ਜੋ ਲੁੱਟ ਜਿਸ ਦੇ ਹੱਥ ਆਵੇਗੀ ਉਸੇ ਦੀ ਹੋਵੇਗੀ।

ਸਰਦਾਰ ਜੱਸਾ ਸਿੰਘ ਈਚੋਗਿੱਲੀਏ (ਰਾਮਗੜ੍ਹੀਏ) ਨੂੰ, ਜੋ ਉਸ ਵੇਲੇ ਬੀਮਾਰ ਸੀ, ਰਾਮ ਰਾਉਣੀ ਦੀ ਰਾਖੀ ਲਈ ਛੱਡ ਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਖਾਲਸਾ ਦਲ ਨਾਲ ਮੁਲਤਾਨ ਨੂੰ ਚਾਲੇ ਪਾਏ ਅਤੇ ਰਵਾਂ ਰਵੀ ਚਿਨਿਓਟ ਜਾ ਪੁੱਜਾ। ਕੌੜਾ ਮੱਲ ਖ਼ਾਲਸਾ ਦਲ ਨੂੰ ਲੈਣ ਲਈ ਅੱਗੇ ਆ ਮਿਲਿਆ, ਅਤੇ ਨਕਦੀ ਤੇ ਮੇਜਬਾਨੀ ਦੀਆਂ ਚੀਜਾਂ ਨਜ਼ਰ ਕੀਤੀਆਂ। ਅੱਗੇ ਇਕ ਪੜਾਓ ਹੋਰ ਕਰ ਕੇ ਉੱਚ ਡੇਰਾ ਕੀਤਾ। ਇਥੋਂ ਦੇ ਅਰੋੜਿਆਂ ਅਤੇ ਖੱਤ੍ਰੀਆਂ ਪਾਸੋਂ ਕੌੜਾ ਮੱਲ ਨੇ ਇਕ ਲੱਖ ਰੁਪੱਈਆ ਲਿਆ ਅਤੇ ਅੱਗੇ ਨੂੰ ਤੁਰੇ।

Sri Satguru Jagjit Singh Ji eLibrary

ਦੀਵਾਨ ਕੌੜਾ ਮੱਲ ਇਸ ਸਫ਼ਰ ਵਿਚ ਹਰ ਰੋਜ ਕੜਾਹ ਪ੍ਰਸਾਦ ਦੇ ਬਾਟੇ ਲੈ ਕੇ ਖਾਲਸੇ ਦੇ ਦੀਵਾਨ ਵਿਚ ਹਾਜਰ ਹੁੰਦਾ ਅਤੇ ਗੁਰਸਿੱਖਾਂ ਵਾਂਙੂ ਰਹਿਰਾਸ ਅਤੇ ਅਰਦਾਸ ਸੁਣਦਾ। ਹੁੱਕਾ ਮੁਆਫ਼ ਕਰਵਾਉਣ ਲਈ ਨਿਹੰਗ ਸਿੰਘਾਂ ਨੇ ਕੌੜਾ ਮੱਲ ਨੂੰ ਪੰਜ ਰੁਪਏ ਰੋਜ ਤਨਖ਼ਾਹ ਲਗਾ ਦਿੱਤੀ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਕਹਿਣ ਪਰ ਦੀਵਾਨ ਨੇ ਨਨਕਾਣਾ ਸਾਹਿਬ ਦਾ ਬਾਲ ਲੀਲ੍ਹਾ ਗੁਰਦਵਾਰਾ ਬਣਾ ਦੇਣਾ ਪਰਵਾਨ ਕਰ ਲਿਆ। ਕੌੜਾ ਮੱਲ ਨਿਹੰਗ ਸਿੰਘਾਂ ਨੂੰ ਹਰ ਰੋਜ਼ ਮਿੱਠੀਆਂ ਸਰਦਾਈਆਂ ਦੇ ਖ਼ੂਬ ਗਹਿਰੇ ਗੱਫੇ ਛਕਾਉਂਦਾ ਅਤੇ ਸਿੰਘ ਜੀ ਪ੍ਰਸੰਨ ਹੋ ਕੇ ਉਸ ਨੂੰ 'ਮਿੱਠਾ ਮੱਲ' ਦੇ ਨਾਮ ਨਾਲ ਬੁਲਾਉਂਦੇ।

### ਸ਼ਾਹ-ਨਿਵਾਜ਼ ਖ਼ਾਨ ਨਾਲ ਲੜਾਈ ਅਤੇ ਮੁਲਤਾਨ ਪਰ ਕਬਜ਼ਾ

ਮੁਲਤਾਨੋਂ ਉਰੇ ਹੀ ਸ਼ਾਹ-ਨਿਵਾਜ ਖ਼ਾਨ ਨੇ ਆ ਰਾਹ ਰੋਕਿਆ ਅਤੇ ਦੋਰਾਣਾ ਲੰਗਾਣਾ ਪਿੰਡਾਂ ਪਾਸ ਲੜਾਈ ਸ਼ੁਰੂ ਹੋ ਪਈ। ਇਸ ਵੇਲੇ ਜਾਹਦ ਖ਼ਾਨ ਅਤੇ ਉਸ ਦਾ ਪੁੱਤਰ ਸ਼ੁਜਾਹ ਖ਼ਾਨ ਨੇ ਬੜੀ ਦਲੇਰੀ ਅਤੇ ਬਹਾਦੁਰੀ ਨਾਲ ਅੱਗੇ ਵੱਧ ਕੇ ਹੱਲਾ ਕੀਤਾ ਅਤੇ ਕੌੜਾ ਮੱਲ ਦੀ ਖ਼ਾਸ ਫ਼ੌਜ ਨੂੰ ਧੱਕ ਕੇ ਪਿੱਛੇ ਹਟਾ ਦਿੱਤਾ। ਇਸ ਨੂੰ ਅੱਗੇ ਵਧਦਾ ਦੇਖ ਕੇ ਦੀਵਾਨ ਘੋੜਾ ਛੋੜ ਕੇ ਜੱਸਾ ਸਿੰਘ ਪਾਸ ਪੁੱਜਾ ਅਤੇ ਕਿਹਾ ਕਿ ਸ਼ਾਹ-ਨਿਵਾਜ਼ ਸਾਡੇ ਉੱਤੇ ਚੜ੍ਹੀ ਆ ਰਿਹਾ ਹੈ, ਹੁਣ ਖ਼ਾਲਸਾ ਜੀ ਦਾ ਵੇਲਾ ਹੈ। ਇਸ ਵੇਲੇ ਜਦ ਕਿ ਲੜਾਈ ਗਹਿ-ਗੱਚ ਹੋ ਰਹੀ ਸੀ, ਅਦੀਨਾ ਬੇਗ ਖ਼ਾਨ ਦੇ ਸਿਪਾਹੀ ਵੈਰੀ ਨਾਲ ਰਲਦੇ ਨਜ਼ਰ ਪਏ। ਇਹ ਦੇਖ ਕੇ ਇਕ ਪਾਸਿਉਂ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਅਤੇ ਦੂਸਰੇ ਪਾਸਿਉਂ ਸਰਦਾਰ ਸੁੱਖਾ ਸਿੰਘ ਮਾੜੀ-ਕੰਬੋ ਵਾਲਿਆਂ ਨੇ ਜੋਰ ਦਾ ਹੱਲਾ ਬੋਲ ਦਿੱਤਾ। ਹੁਣ ਸ਼ਾਹ-ਨਿਵਾਜ ਆਪਣੀ ਖਿੜਕ ਰਹੀ ਫੌਜ ਨੂੰ ਹੌਸਲਾ ਦੇਣ ਲਈ ਝੁੰਜਲਾ ਕੇ ਅੱਗੇ ਵਧਿਆ ਅਤੇ ਸਿੱਧਾ ਕੋੜਾ ਮੱਲ ਵੱਲ ਨੂੰ ਆਇਆ। ਇਸ ਵੇਲੇ ਖ਼ੁਆਜਾ ਸ਼ਾਹ ਨਾਮੀ ਸ਼ਾਹ-ਨਿਵਾਜ਼ ਖ਼ਾਨ੍ ਦੇ ਨੌਕਰ ਦੀ ਫ਼ੌਜ ਕੌੜਾ ਮੱਲ ਦੀ ਫ਼ੌਜ ਦਾ ਸਖ਼ਤ ਨੁਕਸਾਨ ਕਰ ਰਹੀ ਸੀ ਅਤੇ ਉਨ੍ਹਾਂ ਦਾ ਪਾਸਾ ਭਾਰਾ ਸੀ ਅਤੇ ਫਤਿਹ ਸ਼ਾਹ-ਨਿਵਾਜ਼ ਦੀ ਹੁੰਦੀ ਦਿਸ ਰਹੀ ਸੀ । ਖ਼ੁਆਜਾ ਸ਼ਾਹ ਪੰਦਰਾਂ ਕੁ ਸਵਾਰਾਂ ਨਾਲ ਇਕ ਪਾਸੇ ਖਲੋਤਾ ਸੀ। ਉਸ ਨੇ ਫ਼ਤਹਿ ਦੀ ਨਜ਼ਰ ਸ਼ਾਹ-ਨਿਵਾਜ ਖ਼ਾਨ ਅੱਗੇ ਆ ਰੱਖੀ ਅਤੇ ਅਰਜ ਕੀਤੀ ਕਿ ਹੁਣ ਦੇਰ ਕਿਸ ਗੱਲ ਦੀ ਹੈ, ਮੈਂ ਹੁਣੇ ਹੀ ਇਸ ਕਾਫ਼ਰ ਨੂੰ ਬੰਨ੍ਹ ਕੇ ਲਿਆ ਹਾਜਰ ਕਰਦਾ ਹਾਂ। ਪਰ ਕਰਤਾਰ ਨੂੰ ਕੁਝ ਹੋਰ ਮਨਜ਼ੂਰ ਸੀ। ਜਦ ਖ਼ੁਆਜਾ ਸ਼ਾਹ ਨੇ ਕੌੜਾ ਮੱਲ ਵੱਲ ਨੂੰ ਵਧ ਕੇ ਲਲਕਾਰਿਆ ਤਾਂ ਉਧਰੋਂ ਖ਼ਾਲਸੇ ਨੇ ਬੰਦੂਕਾਂ ਸ਼ਾਹ-ਨਿਵਾਜ ਵੱਲ ਨੂੰ ਸਿੱਧੀਆਂ ਕਰ ਦਿੱਤੀਆਂ। ਉਹ ਬਚਾਓ ਲਈ ਮੁੜਨ ਹੀ ਲੱਗਾ ਸੀ ਕਿ ਇਕ ਗੋਲੀ ਉਸ ਨੂੰ ਜਾ ਲੱਗੀ ਅਤੇ ਉਹ ਲੁੜਕ ਪਿਆ। ਇਸ ਵੇਲੇ ਭੀਮ ਸਿੰਘ ਨਾਮੀ ਇਕ ਸਿੰਘ ਨੇ ਉਸਦੇ ਡਿੱਗਦੇ ਸਾਰ ਹੀ ਤਲਵਾਰ ਨਾਲ ਸ਼ਾਹ-ਨਿਵਾਜ ਖ਼ਾਨ ਦਾ ਸਿਰ ਜਾ ਕੱਟਿਆ। ਇਸ ਬਹਾਦੁਰੀ ਲਈ ਭੀਮ ਸਿੰਘ ਨੂੰ ਕੜਿਆਂ ਦੀ ਜੋੜੀ, ਸ਼ਸਤ੍ਰ ਬਸਤ੍ਰ, ਸੰਜੋਇ ਅਤੇ ਇਕ ਚੰਗਾ ਘੋੜਾ ਇਨਾਮ ਮਿਲਿਆ।

Sri Satguru Jagjit Singh ji eLibrary

ਸ਼ਾਹ-ਨਿਵਾਜ ਖ਼ਾਨ ਦੇ ਮਰਦੇ ਸਾਰ ਉਸ ਦੀ ਫ਼ੌਜ ਅਤੇ ਉਸ ਦੇ ਹਮਾਇਤੀ ਭੱਜ ਨਿਕਲੇ ਅਤੇ ਸਿੰਘਾਂ ਨੇ ਉਨ੍ਹਾਂ ਦਾ ਪਿੱਛਾ ਕਰ ਕੇ ਉਨ੍ਹਾਂ ਦੇ ਬਹੁਤ ਸਾਰੇ ਡੇਰੇ, ਅਸਬਾਬ ਅਤੇ ਘੋੜੇ ਕਾਬੂ ਕਰ ਲਏ। ਕੌੜਾ ਮੱਲ ਦੇ ਸਾਥੀ ਸਰਦਾਰਾਂ ਵਿਚੋਂ ਅਬਦੁਲ ਅਜ਼ੀਜ ਖ਼ਾਨ ਅਤੇ ਮਿਰਜਾ ਅਸਮਤ ਬੇਗ਼ ਖ਼ਾਨ ਮਾਰੇ ਗਏ।

ਜਦ ਜ਼ਾਹਦ ਖ਼ਾਨ ਨੂੰ ਅਬਦੁਲ ਅਜ਼ੀਜ ਖ਼ਾਨ ਦੀ ਮੌਤ ਦਾ ਪਤਾ ਲੱਗਾ ਤਾਂ ਠੰਡਾ ਸਾਹ ਲੈ ਕੇ ਕਹਿਣ ਲੱਗਾ ਕਿ ਸ਼ੁਕਰ ਹੈ ਮੇਰਾ ਦੁਸ਼ਮਨ ਦੂਰ ਹੋਇਆ। ਪਰ ਸ਼ਾਹ-ਨਿਵਾਜ ਖ਼ਾਨ ਦੀ ਮੌਤ ਅਤੇ ਫ਼ੌਜ ਨੂੰ ਹਾਰ ਦਾ ਹਾਲ ਸੁਣ ਕੇ ਉਸ ਦਾ ਦਿਲ ਟੁੱਟ ਗਿਆ ਅਤੇ ਪੀਠਾ ਹੋਇਆ ਹੀਰਾ ਖਾ ਕੇ ਤੀਸਰੇ ਦਿਨ ਮਰ ਗਿਆ। ਕਈ ਕਹਿੰਦੇ ਹਨ ਕਿ ਜ਼ਾਹਦ ਖ਼ਾਨ ਪਹਿਲੇ ਹੀ ਬੀਮਾਰ ਸੀ, ਹਾਰ ਦੀ ਸੱਟ ਨੂੰ ਸਹਿ ਨਾ ਸਕਿਆ ਅਤੇ ਦਮ ਤੋੜ ਗਿਆ।

ਲੜਾਈ ਬੰਦ ਹੋਣ ਪਰ ਦੀਵਾਨ ਕੌੜਾ ਮੱਲ ਨੇ ਸ਼ਾਹ-ਨਿਵਾਜ ਖ਼ਾਨ ਦੀ ਲੋਥ ਦੀ ਤਲਾਸ਼ ਕਰਵਾਈ ਅਤੇ ਉਸ ਦੀ ਹੈਸੀਅਤ ਦੇ ਮੁਤਾਬਿਕ ਅਮੀਰਾਨਾ ਢੰਗ ਨਾਲ ਕਫ਼ਨ ਆਦਿ ਦਾ ਪ੍ਰਬੰਧ ਕਰ ਕੇ ਸ਼ੱਮਸ ਤਬਰੇਜ ਦੇ ਮਕਬਰੇ ਦੇ ਇਹਾਤੇ ਵਿਚ ਦਫ਼ਨਾਇਆ।

ਇਸ ਤੋਂ ਬਾਅਦ ਦੀਵਾਨ ਕੌੜਾ ਮੱਲ ਮੁਲਤਾਨ ਸ਼ਹਿਰ ਵਿਚ ਦਾਖ਼ਲ ਹੋਇਆ ਅਤੇ ਸੂਬੇ ਤੇ ਕਬਜ਼ਾ ਕਰ ਲਿਆ।

## ਦੀਵਾਨ ਕੌੜਾ ਮੱਲ ਨੂੰ 'ਮਹਾਰਾਜਾ ਬਹਾਦੁਰ' ਦਾ ਖ਼ਿਤਾਬ ਅਤੇ ਮੁਲਤਾਨ ਦੀ ਸੂਬੇਦਾਰੀ ਮਿਲਣੀ

ਮੁਲਤਾਨ ਦੀ ਫ਼ਤਿਹ ਪਿੱਛੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਖ਼ਾਲਸਾ ਦਲ ਛੇਤੀ ਹੀ ਜੰਗਲ ਨੂੰ ਮੁੜ ਪਏ ਅਤੇ ਦੀਵਾਨ ਕੌੜਾ ਮੱਲ ਮੁਲਤਾਨ ਦਾ ਬੰਦੋਬਸਤ ਠੀਕ ਠਾਕ ਕਰ ਕੇ ਲਾਹੌਰ ਨੂੰ ਮੁੜ ਆਇਆ ਅਤੇ ਆਪਣੀ ਜਗ੍ਹਾ ਜ਼ਾਹਦ ਖ਼ਾਨ ਦੇ ਪੁੱਤਰ ਸ਼ਾਕਿਰ ਖ਼ਾਨ ਨੂੰ, ਜੋ ਪਹਿਲਾਂ ਤੋਂ ਹੀ ਆਪਣੇ ਪਿਤਾ ਨਾਲ ਨਾਚਾਕੀ ਦੇ ਕਾਰਣ ਉਸ ਪਾਸ ਲਾਹੌਰ ਰਿਹਾ ਕਰਦਾ ਸੀ, ਆਪਣਾ ਨਾਇਬ ਮੁਕੱਰਰ ਕਰ ਆਇਆ। ਮੀਰ ਮੰਨੂੰ ਨੇ ਫ਼ਤਹਿ ਦੀ ਖ਼ੁਸ਼ੀ ਅਤੇ ਉਸ ਦੀ ਬਹਾਦੁਰੀ ਦੀ ਕਦਰ ਕਰ ਕੇ ਉਸ ਨੂੰ 'ਮਹਾਰਾਜਾ ਬਹਾਦੁਰ' ਦਾ ਖ਼ਿਤਾਬ ਦਿੱਤਾ ਅਤੇ ਆਪਣੇ ਵੱਲੋਂ ਮੁਲਤਾਨ, ਠੱਟਾ, ਆਦਿ ਦਾ ਸੂਬੇਦਾਰ ਮੁਕੱਰਰ ਕਰ ਦਿੱਤਾ। ਖ਼ਾਨਦਾਨੀ ਰਿਵਾਇਤ ਅਨੁਸਾਰ ਇਸੇ ਵੇਲੇ ਹੀ ਆਪ ਦਾ ਨਾਮ ਲਾਹੌਰ ਦੇ ਦਿੱਲੀ ਦਰਵਾਜ਼ੇ ਪਰ ਲਿਖਿਆ ਗਿਆ ਹੋਣਾ ਏ।

## ਦਰਬਾਰ ਸਾਹਿਬ ਅੰਮ੍ਰਿਤਸਰ ਦੀ ਸੇਵਾ

ਇਸ ਫ਼ਤਹਿ ਦੀ ਖ਼ੁਸ਼ੀ ਵਿਚ ਕੌੜਾ ਮੱਲ ਨੇ ਗਿਆਰਾਂ ਹਜ਼ਾਰ ਰੁਪਇਆ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਅਤੇ ਸਰੋਵਰ ਦੀ ਸੇਵਾ ਲਈ ਭੇਟ ਕੀਤਾ। ਚੂੰਕਿ ਯਾਹੀਆ ਖ਼ਾਨ ਦੇ ਜ਼ਮਾਨੇ ਵਿਚ ਲਖਪਤ ਰਾਏ ਨੇ ਸਰੋਵਰ ਨੂੰ ਮਿੱਟੀ ਨਾਲ ਭਰਵਾ ਦਿੱਤਾ ਸੀ, ਇਸ ਲਈ ਇਸ ਰੁਪਏ ਨਾਲ ਸਰੋਵਰ ਦੀ ਮਿੱਟੀ ਕਢਵਾ ਕੇ ਸਾਫ਼ ਕਰਵਾਇਆ ਅਤੇ ਖੂਹਾਂ ਦਾ ਜਲ

Sri Satguru Jagjit Singh eLibrary

ਇਸ ਵਿਚ ਪਵਾਇਆ। ਚੂੰਕਿ ਦੀਵਾਲੀ ਸਿਰ ਤੇ ਆ ਰਹੀ ਸੀ ਇਸ ਕੰਮ ਵਿਚ ਸਿੰਘਾਂ ਅਤੇ ਸੰਗਤਾਂ ਨੇ ਭੀ ਬੇ ਓੜਕ ਟਹਿਲ ਕੀਤੀ ਅਤੇ ਕਈ ਵਰ੍ਹਿਆਂ ਪਿਛੋਂ ਹੁਣ 1806 ਬਿਕ੍ਰਮੀ (1749 ਈ.) ਨੂੰ ਦੀਪਮਾਲਾ ਦਾ ਮੇਲਾ ਏਥੇ ਕੀਤਾ।

### ਗੁਰਦੁਆਰਾ ਬਾਲ-ਲੀਲ੍ਹਾ ਨਨਕਾਣਾ ਸਾਹਿਬ ਦੀ ਸੇਵਾ

ਜਿਵੇਂ ਦੀਵਾਨ ਕੌੜਾ ਮੱਲ ਨੇ ਖਾਲਸੇ ਵੱਲੋਂ ਮਿਲੀ ਸਹਾਇਤਾ ਵੇਲੇ ਸਰਦਾਰ ਜੱਸਾ ਸਿੰਘ ਜੀ ਨਾਲ ਪ੍ਰਣ ਕੀਤਾ ਸੀ, ਉਨ੍ਹਾਂ ਤਿੰਨ ਲੱਖ ਰੁਪਇਆ ਖਰਚ ਕਰ ਕੇ ਸ੍ਰੀ ਨਨਕਾਣਾ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਦਾ ਬਾਲ-ਲੀਲਾ ਦਾ ਗੁਰਦੁਆਰਾ ਅਤੇ ਉਸ ਦੇ ਨਾਲ ਇਕ ਬੜਾ ਵੱਡਾ ਸਰੋਵਰ ਬਣਵਾਇਆ ਅਤੇ ਇਸ ਤਰ੍ਹਾਂ ਆਪਣੀ ਮੰਨਤ ਪੂਰੀ ਕੀਤੀ। ਇਸ ਸੇਵਾ ਦੀ ਯਾਦ ਵਿਚ ਗੁਰਦੁਆਰੇ ਦੀ ਅੰਦਰਲੀ ਦੀਵਾਰ ਪਰ ਇਕ ਤਸਵੀਰ ਇਸ ਤਰਾਂ ਖਿੱਚੀ ਗਈ ਸੀ ਕਿ ਮਹਾਰਾਜ ਕੌੜਾ ਮੱਲ ਬਹਾਦੁਰ ਹਾਥੀ ਤੇ ਸਵਾਰ ਹਨ ਅਤੇ ਪਿਆਦੇ ਅਤੇ ਘੋੜ-ਚੜ੍ਹੀ ਫੌਜ ਨਾਲ ਜਾ ਰਹੀ ਹੈ। ਇਹ ਇਕ ਇਤਿਹਾਸਕ ਯਾਦਗਾਰ ਸੀ ਜੋ ਸੰਨ 1908 ਵਿਚ ਜਦ ਕਿ ਪੁਰਾਣੀ ਇਮਾਰਤ ਢਾਈ ਗਈ ਸੀ ਉਸ ਦੇ ਨਾਲ ਹੀ ਸਦਾ ਲਈ ਮਿਟ ਗਈ।

[ਰਾਮਜਸ, *ਤਵਾਰੀਖ ਰਿਆਸਤ ਕਪੂਰਥਲਾ*, 143-44]

ਇਸ ਵੇਲੇ ਸਿੰਘਾਂ ਪਰ ਸਖ਼ਤੀ ਜ਼ਰਾ ਮੱਠੀ ਪੈ ਗਈ ਅਤੇ ਉਨ੍ਹਾਂ ਨੂੰ ਕਈ ਚਿਰ ਪਿੱਛੋਂ ਜ਼ਰਾ ਕੁ ਸੁੱਖ ਸ਼ਾਂਤੀ ਮਿਲੀ। ਇਨ੍ਹੀਂ ਦਿਨੀਂ ਸਿੰਘ ਚੰਗੇ ਵਧਣ ਫੁੱਲਣ ਲੱਗੇ ਅਤੇ ਸ਼ਾਇਦ ਹੀ ਕੋਈ ਅਜਿਹਾ ਪਿੰਡ ਹੋਵੇਗਾ ਜਿਥੇ ਦੋ ਚਾਰ ਘਰ ਸਿੰਘਾਂ ਦੇ ਨਾ ਹੋ ਗਏ ਹੋਣ। ਹਕੂਮਤ ਨੂੰ ਭੀ ਸਿੰਘਾਂ ਦੇ ਸਾਹਮਣੇ ਝੁਕ ਗਈ ਵੇਖ ਕੇ ਬਹੁਤ ਸਾਰੇ ਲੋਕ ਖੁਲ੍ਹਮ ਖੁਲ੍ਹਾ ਅੰਮ੍ਰਿਤ ਛਕ ਕੇ ਸਿੰਘ ਸਜਣ ਲੱਗ ਪਏ।

Sri Satguru Jagjit Singh JiLibrary

ਅਧਿਆਇ ਦਸਵਾਂ

# ਅਹਿਮਦ ਸ਼ਾਹ ਦੁੱਰਾਨੀ ਦਾ ਤੀਸਰਾ ਹੱਲਾ

## (ਜਨਵਰੀ-ਮਾਰਚ ਸੰਨ 1752)

ਮੀਰ ਮੰਨੂੰ ਨਾ ਦਿਲ ਦਾ ਸਾਫ਼ ਸੀ, ਨਾ ਵਾਹਿਦਿਆਂ ਦਾ ਪੱਕਾ। ਦੂਸਰੇ ਹੱਲੇ ਵੇਲੇ ਅਹਿਮਦ ਸ਼ਾਹ ਦੁੱਰਾਨੀ ਨਾਲ ਜੋ ਸੰਧੀ ਦੀ ਸ਼ਰਤ ਸੀ ਕਿ ਚਹਾਰ ਮਹਾਲ ਦਾ ਮਾਲੀਆ ਹਰ ਸਾਲ ਉਸ ਨੂੰ ਪਹੁੰਚਾ ਦਿੱਤਾ ਜਾਇਆ ਕਰੇਗਾ, ਉਹ ਮੀਰ ਮੰਨੂੰ ਨੇ ਪੂਰੀ ਨਾ ਕੀਤੀ ਅਤੇ ਤਿੰਨ ਸਾਲ ਤਕ ਉਸ ਨੂੰ ਕੁਝ ਵੀ ਨਾ ਭੇਜਿਆ। ਉਸ ਨੂੰ ਖਿਆਲ ਸੀ ਕਿ ਮੇਰੇ ਪਾਸ ਕਾਫ਼ੀ ਫੌਜ ਅਤੇ ਸਮਾਨ ਹੈ ਜਿਸ ਨਾਲ ਦੁੱਰਾਨੀ ਦਾ ਸਫਲ ਟਾਕਰਾ ਕੀਤਾ ਜਾ ਸਕੇਗਾ। ਪਰ ਇਹ ਉਸ ਦਾ ਭਰਮ ਹੀ ਸੀ। ਜਦ ਜਨਵਰੀ ਸੰਨ 1752 ਨੂੰ ਅਹਿਮਦ ਸ਼ਾਹ ਲਾਹੌਰ ਆ ਪੁੱਜਾ ਤਾਂ ਮੰਨੂੰ ਦੀ ਫੌਜ ਉਸ ਦਾ ਟਾਕਰਾ ਨਾ ਕਰ ਸਕੀ ਅਤੇ 6 ਮਾਰਚ ਨੂੰ ਮਹਿਮੂਦ ਬੂਟੀ ਪਿੰਡ ਦੇ ਮੈਦਾਨ ਵਿਚ ਹੋਈ ਲੜਾਈ ਵਿਚ ਜਦ ਕੌੜਾ ਮੱਲ ਮਾਰਿਆ ਗਿਆ ਤਾਂ ਮੰਨੂੰ ਨੇ ਹਥਿਆਰ ਸੁੱਟ ਦਿੱਤੇ ਅਤੇ ਸ਼ਾਹ ਦੀ ਈਨ ਮੰਨ ਕੇ ਉਸ ਦਾ ਚਾਕਰ ਬਣ ਗਿਆ। ਸੁਲਾਹ-ਨਾਮੇ ਅਨੁਸਾਰ ਲਾਹੌਰ ਅਤੇ ਮੁਲਤਾਨ ਦੇ ਸੂਬੇ ਅਹਿਮਦ ਸ਼ਾਹ ਦੁੱਰਾਨੀ ਦੇ ਰਾਜ ਦਾ ਹਿੱਸਾ ਪਰਵਾਨ ਕਰ ਲਏ ਗਏ ਅਤੇ ਮੀਰ ਮੰਨੂੰ ਨੇ ਸ਼ਾਹ ਵੱਲੋਂ ਇੱਥੇ ਦਾ ਹਾਕਮ ਬਣਨਾ ਮੰਨ ਲਿਆ।

**ਸਿੰਘਾਂ ਪਰ ਫੇਰ ਸਖ਼ਤੀ—ਸੱਤਵੀਂ ਕਤਲਾਮ** (ਮਾਰਚ 1752—ਨਵੰਬਰ ਸੰਨ 1753)

ਅਹਿਮਦ ਸ਼ਾਹ ਦੁੱਰਾਨੀ ਨਾਲ ਸੁਲਾਹ ਹੋ ਜਾਣ ਪਰ ਬਾਹਰੋਂ ਕੋਈ ਖਤਰਾ ਨਾ ਰਿਹਾ। ਇਲਾਕੇ ਵਿਚ ਭੀ ਅਮਨ ਅਮਾਨ ਸੀ। ਹੁਣ ਸਿੰਘਾਂ ਨੂੰ ਦਿੱਤੀ ਹੋਈ ਜਾਗੀਰ ਉਸ ਦੀਆਂ ਅੱਖੀਆਂ ਵਿਚ ਰੜਕਣ ਲੱਗ ਪਈ। ਇਸ ਦਾ ਕੋਈ ਫ਼ਾਇਦਾ ਭੀ ਉਸ ਨੂੰ ਨਹੀਂ ਸੀ ਦਿਸਦਾ। ਉਸ ਨੂੰ ਖ਼ਿਆਲ ਸੀ ਕਿ ਜੇ ਉਹ ਉੱਠ ਭੀ ਪੈਣ ਤਾਂ ਫੌਜ ਦੇ ਜ਼ੋਰ ਨਾਲ ਉਨ੍ਹਾਂ ਨੂੰ ਸੌਖੇ ਅਤੇ ਛੇਤੀ ਹੀ ਦਬਾਇਆ ਜਾ ਸਕੇਗਾ। ਦੀਵਾਨ ਕੌੜਾ ਮੱਲ ਦੇ ਲੜਾਈ ਵਿਚ ਮਾਰੇ ਜਾਣ ਕਰਕੇ ਸਿੰਘਾਂ ਦਾ ਹੁਣ ਕੋਈ ਹਿਮਾਇਤੀ ਭੀ ਨਹੀਂ ਸੀ ਰਿਹਾ। ਮੀਰ ਮੰਨੂੰ ਦੇ ਦਿਲ ਵਿਚ ਅਗਲੀ ਕਿਰੜ ਭੀ ਜਾਗ ਪਈ ਅਤੇ ਉਸ ਨੇ ਉਨ੍ਹਾਂ ਦੀ ਜਾਗੀਰ ਜ਼ਬਤ ਕਰ ਲਈ ਅਤੇ ਸੰਨ 1748 ਦੀਆਂ ਗਰਮੀਆਂ ਵਾਲੇ ਹੁਕਮ ਫੇਰ ਜਾਰੀ ਹੋ ਗਏ ਕਿ ਸਿੰਘ ਜਿੱਥੇ ਭੀ ਮਿਲਣ ਫੜ ਕੇ ਲਾਹੌਰ ਭੇਜ ਦਿੱਤੇ ਜਾਣ। ਪਿੰਡਾਂ ਦੇ ਚੌਧਰੀਆਂ ਅਤੇ ਪਹਾੜੀ

Sri Satguru Jagjit Singh Ji eLibrary

ਰਾਜਿਆਂ ਦੇ ਨਾਉਂ ਇਸ ਪਰਕਾਰ ਦੇ ਬੜੇ ਸਖ਼ਤ ਤਾਕੀਦੀ ਪਰਵਾਨੇ ਭੇਜ ਦਿੱਤੇ ਗਏ ਅਤੇ ਉਨ੍ਹਾਂ ਦੀ ਕਤਲਾਮ ਲਈ ਗਸ਼ਤੀ ਫੌਜ ਦੇ ਦਸਤੇ ਹਰ ਪਾਸੇ ਨੂੰ ਫਿਰ ਨਿਕਲੇ। ਪਰ ਹੁਣ ਸਿੰਘ ਕਈ ਕਤਲਾਮਾਂ ਵਿਚ ਦੀ ਲੰਘ ਕੇ ਕਾਫ਼ੀ ਹੁਸ਼ਿਆਰ ਹੋ ਚੁੱਕੇ ਹੋਏ ਸਨ। ਲਾਹੌਰੋ ਗਸ਼ਤੀ ਫੌਜਾਂ ਦੇ ਤੁਰਨ ਦੀ ਦੇਰ ਸੀ ਕਿ ਸਿੰਘ ਪਿੰਡਾਂ 'ਚੋਂ ਨਿਕਲ ਕੇ ਸ਼ਿਵਾਲਕ ਦੀ ਪਹਾੜੀਂ ਜਾ ਚੜ੍ਹੇ।

ਇਹ ਸਿੰਘਾਂ ਦੀ ਸੱਤਵੀਂ ਕਤਲਾਮ ਸੀ। ਪਹਿਲੀ ਬਾਦਸ਼ਾਹ ਬਹਾਦੁਰ ਸ਼ਾਹ ਦੇ ਵੇਲੇ ਸੰਨ 1710 ਤੋਂ 1712 ਤਕ; ਦੂਸਰੀ ਫਰੁਖ਼ਸੀਅਰ ਅਤੇ ਨਵਾਬ ਅਬਦੁਸਮਦ ਖ਼ਾਨ ਦੇ ਵੇਲੇ 1715-19 ਤਕ; ਤੀਸਰੀ ਨਵਾਬ ਜ਼ਕਰੀਆ ਖ਼ਾਨ ਬਹਾਦੁਰ ਦੇ ਵੇਲੇ 1726-35 ਤਕ; ਚੌਥੀ ਭੀ ਜ਼ਕਰੀਆ ਖ਼ਾਨ ਦੇ ਹੀ ਸਮੇਂ ਸੰਨ 1739 ਤੋਂ 1745 ਤਕ; ਪੰਜਵੀਂ ਯਾਹੀਆ ਖ਼ਾਨ ਦੇ ਵੇਲੇ ਸੰਨ 1745 ਤੋਂ 1746 ਤਕ; ਛੇਵੀਂ ਪਹਿਲੀ ਵਾਰੀ ਮੀਰ ਮੰਨੂੰ ਦੇ ਵੇਲੇ 1748 ਵਿਚ ਅਤੇ ਸੱਤਵੀਂ ਦੂਜੀ ਵਾਰੀ ਫੇਰ ਮੀਰ ਮੰਨੂੰ ਵੱਲੋਂ ਹੀ ਮਾਰਚ 1752 ਤੋਂ ਨਵੰਬਰ 1753 ਤਕ ਜਦ ਕਿ ਸਿੰਘਾਂ ਦਾ ਸ਼ਿਕਾਰ ਕਰਦੇ ਕਰਦੇ ਉਸ ਦਾ ਖ਼ੁਦ ਮੌਤ ਦੇ ਫਰਿਸ਼ਤੇ ਨੇ ਸ਼ਿਕਾਰ ਕਰ ਲਿਆ।

ਇਹ ਸੱਤਵੀਂ ਕਤਲਾਮ ਪਿਛਲੀਆਂ ਸਾਰੀਆਂ ਨਾਲੋਂ ਜ਼ਿਆਦਾ ਭਿਆਨਕ ਅਤੇ ਵਧੇਰੇ ਲਪੇਟਵੀਂ ਸੀ। ਪਹਿਲੀਆਂ ਕਤਲਾਮਾਂ ਵਿਚ ਤਾਂ ਉਹੋ ਰਾਠ ਸਿੰਘ ਹੀ ਫੜੇ ਅਤੇ ਕਤਲ ਕੀਤੇ ਜਾਂਦੇ ਸਨ ਜੋ ਸਿੱਧੇ ਸਰਕਾਰ ਦੇ ਵਿਰੁੱਧ ਲੜਦੇ ਸਨ ਅਤੇ ਆਪਣੇ ਨਿਸਚੇ ਅਨੁਸਾਰ ਦੇਸ ਨੂੰ ਮੁਗਲ ਸਰਕਾਰ ਦੇ ਅਤਿਆਚਾਰਾਂ ਤੋਂ ਬਚਾਉਣ ਲਈ ਉਸ ਦੀ ਥਾਂ ਪੰਜਾਬ ਵਿਚ ਲੋਕ-ਰਾਜ ਕਾਇਮ ਕਰਨਾ ਚਾਹੁੰਦੇ ਸਨ। ਪਿੱਛੋਂ ਉਹ ਗੁਰਮੁਖ ਅਤੇ ਚਕਰੈਲ ਸਿੰਘ ਭੀ ਫੜੇ ਜਾਣ ਲੱਗ ਪਏ ਜੋ ਜੰਗਲਾਂ ਬੇਲਿਆਂ ਵਿਚ ਦੁਖੀ ਅਤੇ ਭੁੱਖੇ ਭਾਣੇ ਦਿਨ ਕਟੀ ਕਰ ਰਹੇ ਸਿੰਘਾਂ ਦੀ ਖਾਣੇ ਦਾਣੇ ਨਾਲ ਸੇਵਾ ਸਹਾਇਤਾ ਕਰਦੇ ਸਨ। ਯਾਹੀਆ ਖ਼ਾਨ ਦੇ ਜ਼ਮਾਨੇ ਵਿਚ ਗਰੀਬ ਦੁਕਾਨਦਾਰ ਭੀ ਫੜ ਕੇ ਕਤਲ ਕਰ ਦਿੱਤੇ ਗਏ। ਹੁਣ ਇਸ ਵੇਲੇ ਮੰਨੂੰ ਦੇ ਹੁਕਮ ਨਾਲ ਕੀਤੀ ਜਾ ਰਹੀ ਕਤਲਾਮ ਵਿਚ ਰਾਠ, ਚਕਰੈਲ, ਬੁੱਢੇ ਅਤੇ ਬੱਚੇ ਤਾਂ ਇਕ ਪਾਸੇ ਰਹੇ, ਬੇਦੋਸ਼ ਇਸਤ੍ਰੀਆਂ ਅਤੇ ਦੁੱਧ ਚੁੰਘਦੇ ਬੱਚੇ ਬਾਲ ਭੀ ਨਾ ਬਚ ਸਕੇ ਜਿਨ੍ਹਾਂ ਦਾ ਜ਼ਿਕਰ ਅੱਜ ਤਕ ਸਿੰਘਾਂ ਦੀ ਅਰਦਾਸ ਦਾ ਹਿੱਸਾ ਬਣਿਆ ਚਲਿਆ ਆ ਰਿਹਾ ਹੈ ਅਤੇ ਜਿਨ੍ਹਾਂ ਦੀ ਜਿਉਂਦੀ ਜਾਗਦੀ ਯਾਦਗਾਰ ਲਾਹੌਰ ਦਿੱਲੀ ਦਰਵਾਜ਼ੇ ਤੋਂ ਬਾਹਰ ਲੰਡੇ ਬਾਜ਼ਾਰ ਵਿਚ ਭਾਈ ਤਾਰੂ ਸਿੰਘ ਦੇ ਸ਼ਹੀਦ ਗੰਜ ਦੇ ਨਾਲ ਹੀ ਸ਼ਹੀਦ-ਗੰਜ-ਸਿੰਘਣੀਆਂ ਦੇ ਭੋਰੇ ਅੱਜ ਤਕ ਮੌਜੂਦ ਹਨ।

[*ਪ੍ਰਾਚੀਨ ਪੰਥ ਪ੍ਰਕਾਸ਼*, 330, 433-35; *ਪੰਥ ਪ੍ਰਕਾਸ਼*, 708]

ਮੁਫ਼ਤੀ ਅਲੀ-ਉ-ਦੀਨ ਆਪਣੀ ਪੁਸਤਕ 'ਇਬਰਤਨਾਮਾ' ਵਿਚ ਲਿਖਦਾ ਹੈ ਕਿ ਨਵਾਬ ਮੁਈਨੁਲ-ਮੁਲਕ (ਮੀਰ ਮੰਨੂੰ) ਨੇ ਇਸ ਫਿਰਕੇ ਨੂੰ ਜੜ੍ਹੋਂ ਪੁਟ ਦੇਣ ਲਈ ਬੜੇ ਜਤਨ ਕੀਤੇ, ਸੈਂਕੜੇ ਹੀ ਸਿੱਖ ਕਤਲ ਕਰ ਦਿੱਤੇ ਅਤੇ ਉਨ੍ਹਾਂ ਦੇ ਸਿਰਾਂ ਨਾਲ ਖੂਹ ਭਰ ਦਿੱਤੇ, ਅਤੇ

ਸਿੰਘਾਂ ਵਿਚ ਇਹ ਅਖਾਣ ਮਸ਼ਹੂਰ ਸੀ ਕਿ :

*ਮੀਰ ਮੰਨੂੰ ਅਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਏ।*
*ਜਿਉਂ ਜਿਉਂ ਮੰਨੂੰ ਵਢਦਾ ਅਸੀ ਦੂਣ ਸਵਾਏ ਹੋਏ।*

ਇਹ ਸੀ ਚੜ੍ਹਦੀਆਂ ਕਲਾਂ ਦੀ ਸਪਿਰਿਟ ਜਿਸ ਵਿਚ ਮੰਨੂ ਵੱਲੋਂ ਕੀਤੀ ਜਾ ਰਹੀ ਕਤਲਾਮ ਦੇ ਵੇਲੇ ਸਿੰਘ ਵਿਚਰ ਰਹੇ ਸਨ। ਉਹ ਮੰਨੂ ਵੱਲੋਂ ਹੋ ਰਹੀ ਸਖ਼ਤੀ ਨੂੰ ਆਪਣੇ ਨਿੱਤ ਦੂਣੇ ਸਵਾਏ ਵਧਦੇ ਜਾਣ ਲਈ ਰੱਬ ਵੱਲੋਂ ਹੀ ਆਈ ਸਮਝਦੇ ਸਨ। ਉਹ ਪੜ੍ਹਦੇ ਸਨ ਗੁਰੂ ਦੇ ਇਹ ਵਾਕ ਕਿ :

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥ 2 ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥ 3 ॥*

(*ਸੂਹੀ ਅਸਟਪਦੀਆਂ*, ਮ. 4)

ਇਸ ਮਾਨਸਕ ਅਵਸਥਾ ਵਿਚ ਦੁਖ ਸੁਖ ਉਨ੍ਹਾਂ ਲਈ ਬਰਾਬਰ ਸਨ। ਅਸਲ ਵਿਚ ਦੁਖ ਸੁਖ ਹਨ ਭੀ ਉਂਜ ਹੀ ਜਿਵੇਂ ਮਨ ਮੰਨ ਲਵੇ। ਪਿਛਲੇ 40-41 ਵਰ੍ਹਿਆਂ ਵਿਚ ਸਿੰਘਾਂ ਨੇ ਅਜਿਹੇ ਅਨੇਕਾਂ ਦੁਖੜੇ ਸਹਾਰੇ ਅਤੇ ਕਈ ਕਤਲਾਮਾਂ ਵੇਖੀਆਂ ਸਨ। ਇਸ ਲਈ ਕੋਈ ਦੁਖ ਅਤੇ ਤਸੀਹੇ ਉਨ੍ਹਾਂ ਨੂੰ ਡਰਾ ਨਹੀਂ ਸਨ ਸਕਦੇ। ਉਨ੍ਹਾਂ ਵਾਸਤੇ ਇਹ ਇਕ ਆਉਣੀ ਜਾਉਣੀ ਗੱਲ ਸੀ ਜਿਸ ਦੇ ਟਾਕਰੇ ਲਈ ਉਹ ਹਰ ਵੇਲੇ ਅਤੇ ਹਰ ਹਾਲਤ ਵਿਚ ਤਿਆਰ ਸਨ। ਇਸ ਵਾਸਤੇ ਉਹ ਘਬਰਾਏ ਨਹੀਂ ਅਤੇ ਵੇਲਾ ਟਪਾਉਣ ਲਈ ਅੱਗੇ ਵਾਂਗ ਹੀ ਸ਼ਿਵਾਲਕ ਪਹਾੜ ਦੀਆਂ ਆਪਣੀਆਂ ਪੁਰਾਣੀਆਂ ਜਾਣੂ ਖੱਡਾਂ ਵੱਲ ਨਿਕਲ ਗਏ। ਜਿੱਥੇ ਦਾਉ ਲਗਦਾ ਜਾਂ ਜਿੱਧਰ ਕਿਧਰਿਉਂ ਸਰਕਾਰੀ ਕਰਮਚਾਰੀਆਂ ਦੀਆਂ ਵਧੀਕੀਆਂ ਵਿਰੁੱਧ ਕੋਈ ਫ਼ਰਿਆਦ ਆ ਕਰਦਾ, ਉਥੇ ਜਾ ਹੱਲੇ ਕਰਦੇ। ਇਸ ਨਾਲ ਇਕ ਤਾਂ ਆਮ ਲੋਕਾਂ ਦੀ ਹਮਦਰਦੀ ਉਨ੍ਹਾਂ ਵੱਲ ਹੋ ਜਾਂਦੀ ਅਤੇ ਵੇਲੇ ਕਵੇਲੇ ਉਨ੍ਹਾਂ ਵੱਲੋਂ ਸੂਹ ਅਤੇ ਸਹਾਇਤਾ ਮਿਲਦੀ ਰਹਿੰਦੀ, ਦੂਸਰੇ ਪਹਾੜਾਂ ਵਿਚ ਦਿਨ ਕਟੀ ਕਰਨ ਲਈ ਕੁਝ ਮਾਇਆ ਅਤੇ ਸਾਮਾਨ ਹੱਥ ਲੱਗ ਜਾਂਦਾ।

## ਨਦੌਣ ਦੀ ਲੜਾਈ

ਸੰਮਤ 1809 ਦੀ ਬਰਸਾਤ (ਜੁਲਾਈ-ਅਗਸਤ ਸੰਨ 1752) ਦੀ ਬਰਸਾਤ ਤੋਂ ਬਾਅਦ ਮੀਰ ਮੰਨੂੰ ਦਾ ਇਕ ਕਾਰਦਾਰ ਚੜ੍ਹਦੇ ਪਹਾੜ ਦੀਆਂ ਰਿਆਸਤਾਂ ਦਾ ਮਾਮਲਾ ਉਗਰਾਹੁਣ ਗਿਆ ਤਾਂ ਉਸ ਨੇ ਪਹਾੜੀ ਰਾਜਿਆਂ ਨੂੰ ਬਹੁਤ ਤੰਗ ਕਰਨਾ ਸ਼ੁਰੂ ਕਰ ਦਿੱਤਾ ਅਤੇ ਬੜੀਆਂ ਭਾਰੀ ਚੱਟੀਆਂ ਉਨ੍ਹਾਂ ਪਰ ਲਾ ਦਿੱਤੀਆਂ ਜੋ ਇਨ੍ਹਾਂ ਲਈ ਭਰਨੀਆਂ ਬਹੁਤ ਔਖੀਆਂ ਸਨ। ਸਰਦਾਰ ਜੱਸਾ ਸਿੰਘ ਇਸ ਵੇਲੇ ਆਨੰਦਪੁਰ ਉਤਰਿਆ ਹੋਇਆ ਸੀ ਅਤੇ ਹੋਰ ਭੀ ਸਰਦਾਰ ਨਾਲ ਸਨ। ਇੱਥੇ ਰਾਜਾ ਕਟੋਚ, ਹਰੀਪੁਰ ਅਤੇ ਮੰਡੀ ਦੇ ਵਕੀਲਾਂ ਨੇ ਆ ਕੇ ਸਾਰੀ ਹਾਲਤ ਦੱਸੀ ਅਤੇ ਸਹਾਇਤਾ ਲਈ ਬੇਨਤੀ ਕੀਤੀ। ਸਿੰਘਾਂ ਨੂੰ ਅਜਿਹਾ ਮੌਕਾ ਰੱਬ ਦੇਵੇ। ਸਰਦਾਰ ਜੱਸਾ ਸਿੰਘ ਨੇ ਝਟ ਕੂਚ ਬੋਲ ਦਿੱਤਾ ਅਤੇ ਸਿੰਘ ਰਵਾਂ ਰਵੀਂ ਨਾਦੌਣ

Sri Satguru Jagjit Singh JiLibrary

ਜਾ ਪੁੱਜੇ ਜਿੱਥੇ ਕਿ ਗੁਰੂ ਜੀ ਦੇ ਅਸਥਾਨ ਦੇ ਪਾਸ ਹੀ ਕਾਰਦਾਰ ਉਤਰਿਆ ਹੋਇਆ ਸੀ। ਅੱਗੋਂ ਕਾਰਦਾਰ ਭੀ ਤਿਆਰ ਸੀ। ਇਸ ਲਈ ਪਹਿਲੇ ਦਿਨ ਛੇਤੀ ਹੀ ਰਾਤ ਪੈ ਜਾਣ ਕਰਕੇ ਲੜਾਈ ਦਾ ਕੋਈ ਫ਼ੈਸਲਾ ਨਾ ਹੋਇਆ। ਅਗਲੇ ਦਿਨ ਸਵੇਰੇ ਸਿੰਘਾਂ ਅਤੇ ਪਹਾੜੀਆਂ ਨੇ ਫੇਰ ਉਨ੍ਹਾਂ ਨੂੰ ਜਾ ਵੰਗਾਰਿਆ ਅਤੇ ਗਹਿ ਗੱਚ ਲੜਾਈ ਵਿਚ ਕਾਰਦਾਰ ਨੂੰ ਗੋਲੀ ਦਾ ਨਿਸ਼ਾਨਾ ਬਣਾ ਦਿੱਤਾ। ਭਾਵੇਂ ਕਾਰਦਾਰ ਦੀ ਮੌਤ ਪਰ ਉਸ ਦੀ ਲਾਸ਼ ਉੱਤੇ ਬਹੁਤ ਕੁਝ ਹੱਥੋ ਪਾਈ ਹੋਈ ਪਰ ਲਾਹੌਰੀ ਫ਼ੌਜ ਬਹੁਤੀ ਦੇਰ ਅੜ ਨਾ ਸਕੀ ਅਤੇ ਭੱਜ ਨਿਕਲੀ। ਖਾਲਸੇ ਦੀ ਜਿੱਤ ਹੋਈ ਅਤੇ ਕਾਰਦਾਰ ਪਾਸੋਂ ਪਹਾੜੀ ਰਾਜਿਆਂ ਦੀ ਖਲਾਸੀ ਹੋ ਗਈ। ਇਸ ਤੋਂ ਬਾਅਦ ਸਰਦਾਰ ਜੱਸਾ ਸਿੰਘ ਰਾਜਿਆਂ ਪਾਸੋਂ ਸ਼ੁਕਰਾਨੇ ਅਤੇ ਨਜ਼ਰਾਨੇ ਲੈ ਕੇ ਆਨੰਦਪੁਰ ਨੂੰ ਮੁੜ ਆਏ। [ਗ੍ਰਿਫ਼ਿਨ, 501]

## ਆਨੰਦਪੁਰ-ਮਾਖੋਵਾਲ ਵਿਚ ਅਦੀਨਾ ਬੇਗ ਨਾਲ ਲੜਾਈ (ਫ਼ਰਵਰੀ ਸੰਨ 1953)

ਜਦ ਲਾਹੌਰੀ ਕਾਰਦਾਰ ਦੀ ਮੌਤ ਨਾਲ ਹੋਈ ਸਰਕਾਰ ਲਾਹੌਰ ਦੀ ਹੇਠੀ ਦੀ ਖਬਰ ਨਵਾਬ ਮੀਰ ਮੰਨੂੰ ਨੂੰ ਲਾਹੌਰ ਪੁੱਜੀ ਤਾਂ ਉਹ ਤਲਮਲਾ ਉਠਿਆ ਅਤੇ ਦੁਆਬੇ ਦੇ ਫੌਜਦਾਰ ਅਦੀਨਾ ਬੇਗ ਖ਼ਾਨ ਨੂੰ ਇਕ ਬੜੀ ਤਾੜਵੀਂ ਚਿੱਠੀ ਲਿਖੀ। ਦੁੱਰਾਨੀ ਦੇ ਤੀਸਰੇ ਹੱਲੇ ਵੇਲੇ ਮਹਿਮੂਦ ਬੂਟੀ ਦੇ ਜੰਗ ਵਿਚ ਅਦੀਨਾ ਬੇਗ ਦੀ ਢਿੱਲ ਮੱਠ ਅਤੇ ਹੋਰ ਵਤੀਰੇ ਦੇ ਕਾਰਣ ਮੰਨੂੰ ਨੂੰ ਉਸ ਉੱਤੇ ਸ਼ੱਕ ਭੀ ਹੋਣਾ ਹੈ ਜਿਸ ਕਰਕੇ ਉਸ ਨੇ ਬਹੁਤੀ ਤਾਕੀਦ ਕੀਤੀ। ਦੂਸਰੇ, ਕੰਢੀ ਦੇ ਇਲਾਕੇ ਵਿਚ ਸਿੰਘਾਂ ਦੀ ਤਾਕਤ ਦਾ ਵਧਣਾ ਲਾਹੌਰ ਦੀ ਹਕੂਮਤ ਲਈ ਭੀ ਖ਼ਤਰਨਾਕ ਸੀ ਅਤੇ ਅਦੀਨਾ ਬੇਗ ਖ਼ਾਨ ਦੇ ਆਪਣੇ ਇਲਾਕੇ ਨੂੰ ਭੀ। ਇਸ ਲਈ ਅਦੀਨਾ ਬੇਗ ਖ਼ਾਨ ਨੇ ਸਿੰਘਾਂ ਪਰ ਹੱਲਾ ਕਰਨ ਦੀ ਤਿਆਰੀ ਕਰ ਲਈ। ਇਨ੍ਹਾਂ ਦਿਨਾਂ ਵਿਚ 18-19 ਫ਼ਰਵਰੀ 1753 ਨੂੰ ਆਨੰਦਪੁਰ ਵਿਚ ਹੋਲੇ ਮਹੱਲੇ ਦਾ ਮੇਲਾ ਆ ਗਿਆ।

ਐਨ ਹੋਲੇ ਮਹੱਲੇ ਦੇ ਦਿਨ ਜਦ ਕਿ ਸਿੰਘ ਮੇਲੇ ਵਿਚ ਰੁੱਝੇ ਹੋਏ ਸਨ, ਅਦੀਨਾ ਬੇਗ ਖ਼ਾਨ ਅਤੇ ਸਦੀਕ ਬੇਗ ਖ਼ਾਨ ਨੇ ਖਾਲਸੇ ਦੇ ਮੇਲੇ ਉੱਤੇ ਹੱਲਾ ਬੋਲ ਦਿੱਤਾ। ਸਿੰਘ ਹਥਿਆਰ ਲੈ ਕੇ ਲੜਾਈ ਲਈ ਤਿਆਰ ਹੋ ਕੇ ਤਾਂ ਆਏ ਨਹੀਂ ਸਨ। ਨਾ ਹੀ ਇਕ ਥਾਂ ਜਮਾ ਹੋ ਕੇ ਬੈਠੇ ਸਨ। ਆਖਰ ਮੇਲਾ ਸੀ। ਲੋਕ ਖਿੰਡੇ ਪੁੰਡੇ ਹੋਏ ਸਨ ਅਤੇ ਵਿਚ ਹੀ ਇਸਤ੍ਰੀਆਂ, ਬੱਚੇ ਅਤੇ ਬੁੱਢੇ ਸਨ। ਅਦੀਨਾ ਬੇਗ ਦੀ ਧਾੜ ਦੇ ਅਚਾਨਕ ਆਪ ਪੈਣ ਨਾਲ ਮੇਲੇ ਵਿਚ ਅਫਰਾ ਤਫ਼ਰੀ ਪੈ ਗਈ ਅਤੇ ਲੋਕੀ ਭੱਜ ਨਿਕਲੇ। ਇਸ ਗੱਲ ਦਾ ਪਤਾ ਜਦ ਸਰਦਾਰ ਚੜ੍ਹਤ ਸਿੰਘ ਸੁਕਰਚੱਕੀਏ ਨੂੰ ਲੱਗਾ ਤਾਂ ਉਹ ਟਾਕਰੇ ਲਈ ਆਏ। ਪਰ ਇਸ ਵੇਲੇ ਤਕ ਵੈਰੀਆਂ ਨੇ ਮੇਲਾ ਤਿੱਤਰ ਬਿੱਤਰ ਕਰ ਛੱਡਿਆ ਸੀ ਅਤੇ ਸਭ ਸਿੰਘ ਇਧਰ ਉਧਰ ਨਿਕਲ ਗਏ ਸਨ। ਇਨ੍ਹਾਂ ਨੂੰ ਇਤਨੀ ਛੇਤੀ ਮੁੜ ਲੜਾਈ ਲਈ ਤਿਆਰ ਕਰ ਸਕਣਾ ਬੜਾ ਔਖਾ ਸੀ। ਬਹੁਤ ਸਾਰੇ ਬੇ-ਹਥਿਆਰੇ ਸਿੰਘ, ਇਸਤ੍ਰੀਆਂ, ਬੱਚੇ ਆਦਿ ਇਸ ਹਿੱਲ ਜੁਲ ਵਿਚ ਸ਼ਹੀਦ ਅਤੇ ਜ਼ਖਮੀ ਹੋਏ। ਇਕ ਗੋਲੀ ਸਰਦਾਰ ਚੜ੍ਹਤ ਸਿੰਘ ਨੂੰ

ਭੀ ਆ ਲੱਗੀ। ਪਰ ਜ਼ਖਮ ਕਰਾਰਾ ਹੋਣ ਤੇ ਭੀ ਛੇਤੀ ਹੀ ਇਹ ਨੌ ਬਰ ਨੌ ਹੋ ਗਿਆ।

[ਗ੍ਰਿਫਿਨ, 501; ਮੈਲਕਮ, 92; ਕਨਿੰਘਮ, 103; ਲਤੀਫ਼, ਪੰਜਾਬ, 224-25; ਬ੍ਰਾਊਨ, 17]

### ਅਦੀਨਾ ਬੇਗ ਖ਼ਾਨ ਨਾਲ ਸੁਲਾਹ

ਭਾਵੇਂ ਅਦੀਨਾ ਬੇਗ ਖ਼ਾਨ ਨੇ ਇਸ ਤਰ੍ਹਾਂ ਮੈਦਾਨ ਮਾਰ ਲਿਆ ਸੀ ਅਤੇ ਉਸ ਨੇ ਮੀਰ ਮੰਨੂੰ ਨੂੰ ਇਸ ਦੀ ਲਾਹੌਰ ਖਬਰ ਭੀ ਭੇਜ ਦਿੱਤੀ ਸੀ, ਪਰ ਤਾਂ ਭੀ ਉਹ ਸਿੰਘਾਂ ਨਾਲ ਵਿਗਾੜਨਾ ਨਹੀਂ ਸੀ ਚਾਹੁੰਦਾ। ਇਸ ਲਈ ਉਸ ਨੇ ਸਦੀਕ ਬੇਗ ਨੂੰ ਸਰਦਾਰ ਜੱਸਾ ਸਿੰਘ ਵੱਲ ਇਹ ਕਹਿ ਕੇ ਭੇਜਿਆ ਕਿ ਜੋ ਕੁਝ ਹੋਣਾ ਸੀ ਉਹ ਤਾਂ ਹੋ ਗਿਆ। ਹੁਣ ਸਾਨੂੰ ਸੁਲਾਹ ਕਰ ਲੈਣੀ ਚਾਹੀਦੀ ਹੈ। ਇਸ ਵੇਲੇ ਸਰਦਾਰ ਜੱਸਾ ਸਿੰਘ ਨੇ ਦੂਰ ਦੀ ਸੋਚੀ ਕਿ ਜੇ ਅਦੀਨਾ ਬੇਗ ਖ਼ਾਨ ਨਾਲ ਗੰਢ ਤੁਪ ਹੋ ਜਾਏ ਤਾਂ ਮੰਨੂੰ ਵੱਲੋਂ ਹੋ ਰਹੀ ਇਸ ਕਤਲਾਮ ਵੇਲੇ ਖਾਲਸਾ ਟੱਬਰਾਂ ਸਮੇਤ ਆਨੰਦਪੁਰ-ਕੀਰਤਪੁਰ ਦੀਆਂ ਪਹਾੜੀਆਂ ਵਿਚ ਰਹਿ ਕੇ ਦਿਨ ਕਟੀ ਕਰ ਸਕੇਗਾ। ਇਸ ਲਈ ਉਨ੍ਹਾਂ ਭੀ ਸੁਲਾਹ ਪ੍ਰਵਾਨ ਕਰ ਲਈ। ਇਹ ਗੱਲ ਦੋਹਾਂ ਦੇ ਹੀ ਫਾਇਦੇ ਦੀ ਸੀ। ਇਸ ਤਰ੍ਹਾਂ ਕੁਝ ਸਿੰਘ ਤਾਂ ਇਥੇ ਹੀ ਟਿਕ ਗਏ, ਕੁਝ ਦੁਆਬੇ ਦੇ ਪਿੰਡਾਂ ਵਿਚ ਰਹਿਣ ਲੱਗ ਪਏ ਅਤੇ ਕੁਝ ਕੁ ਮਾਲਵੇ ਨੂੰ ਚਲੇ ਗਏ।

### ਮੀਰ ਮੰਨੂੰ ਦੀ ਮੌਤ

ਜਦ ਰਾਠ ਸਿੰਘ ਮੀਰ ਮੰਨੂੰ ਦੀ ਮਾਰ ਤੋਂ ਦੂਰ ਨਿਕਲ ਗਏ ਤਾਂ ਉਸ ਦੀਆਂ ਗਸ਼ਤੀ ਫ਼ੌਜਾਂ ਦਾ ਸਾਰਾ ਜੋਰ ਗੁਰਮੁਖ ਸਿੰਘਾਂ ਅਤੇ ਗ੍ਰਿਹਸਤੀਆਂ ਦੇ ਵਿਰੁੱਧ ਵਰਤ ਹੋਣ ਲੱਗਾ ਅਤੇ ਉਨ੍ਹਾਂ ਦੇ ਭਾ ਦੀ ਬਣ ਗਈ। ਹਜਾਰਾਂ ਦੀ ਗਿਣਤੀ ਵਿਚ ਪਿੰਡਾਂ ਵਿੱਚੋਂ ਸਿੰਘ ਫੜ ਫੜ ਕੇ ਲਾਹੌਰ ਪਹੁੰਚਾਏ ਗਏ ਜਿਥੇ ਉਨ੍ਹਾਂ ਨੂੰ ਤਰ੍ਹਾਂ ਤਰ੍ਹਾਂ ਦੇ ਤਸੀਹੇ ਦੇ ਕੇ ਦਿੱਲੀ ਦਰਵਾਜਿਉਂ ਬਾਹਰ ਘੋੜ-ਮੰਡੀ ਵਿਚ ਕਤਲ ਕਰ ਦਿੱਤਾ ਗਿਆ। ਬਹੁਤ ਸਾਰੇ ਪਿੰਡਾਂ ਦੇ ਚੋਧਰੀਆਂ ਨੇ ਇਨਾਮਾਂ ਦੇ ਲਾਲਚ ਵਿਚ ਇਸਤਰੀਆਂ ਅਤੇ ਬੱਚੇ ਭੀ ਫੜ ਕੇ ਲਾਹੌਰ ਪਹੁੰਚਾ ਦਿੱਤੇ। ਇਨ੍ਹਾਂ ਬਿਚਾਰੀਆਂ ਨੂੰ ਘੋੜ-ਮੰਡੀ ਦੇ ਭੋਰਿਆਂ ਵਿਚ ਬੰਦ ਕਰ ਦਿੱਤਾ ਗਿਆ ਅਤੇ ਇਕੱਲੀ ਇਕੱਲੀ ਨੂੰ ਸਵਾ ਸਵਾ ਮਨ ਦਾਣੇ ਰੋਜ ਪੀਹਣ ਨੂੰ ਦਿੱਤੇ ਜਾਂਦੇ ਅਤੇ ਖਾਣ ਨੂੰ ਕੇਵਲ ਖੰਨੀ ਖੰਨੀ ਰੋਟੀ ਦਿੱਤੀ ਜਾਂਦੀ। ਜਾਲਮ ਸਿਪਾਹੀ ਕਈ ਵਾਰੀ ਇਨ੍ਹਾਂ ਦੇ ਦੁੱਧ-ਪੀਂਦੇ ਬੱਚਿਆਂ ਦੇ ਟੋਟੇ ਟੋਟੇ ਕਰ ਕੇ ਇਨ੍ਹਾਂ ਦੀਆਂ ਝੋਲੀਆਂ ਵਿਚ ਪਾ ਦਿੰਦੇ। ਪਰ ਧੰਨ ਸਨ ਉਹ ਸਿਦਕਵਾਨ ਸਿੰਘਣੀਆਂ ਜਿਨ੍ਹਾਂ ਨੇ ਇਹ ਸਭ ਮੁਸੀਬਤਾਂ ਸਹਿ ਲਈਆਂ ਅਤੇ ਆਪਣੇ ਨਿਸਚੇ ਵਿਚ ਅਡੋਲ ਰਹੀਆਂ।

ਸਿੰਘਾਂ ਦੀ ਇਹ ਕਤਲਾਮ ਕਤਕ ਸੰਮਤ 1810 ਬਿ., ਚੜ੍ਹਦੇ ਨਵੰਬਰ ਸੰਨ 1753 ਈ., ਤਕ ਬੜੇ ਜੋਰਾਂ ਤੇ ਰਹੀ ਅਤੇ ਇਨ੍ਹੀਂ ਦਿਨੀਂ ਮੀਰ ਮੰਨੂੰ ਦੀ ਜਿੰਦਗੀ ਦੇ ਖਾਤਮੇ ਨਾਲ ਹੀ ਖ਼ਤਮ ਹੋਈ।

ਇਸ ਸਾਲ 26 ਅਕਤੂਬਰ ਨੂੰ ਦੀਵਾਲੀ ਸੀ ਅਤੇ ਕੁਝ ਸਿੰਘ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਸਰਕਾਰੀ ਸੂਹੀਆਂ ਅਤੇ ਪਹਿਰੇਦਾਰਾਂ ਦੀ ਅੱਖ ਤੋਂ ਬਚ ਕੇ ਅੰਮ੍ਰਿਤਸਰ ਪੁੱਜ

Sri Satguru Jagjit Singh Ji eLibrary

ਗਏ, ਅਤੇ ਅਸ਼ਨਾਨ ਕਰਕੇ ਹਰਨ ਹੋ ਗਏ। ਇਨ੍ਹਾਂ ਦਿਨਾਂ ਵਿਚ ਮੀਰ ਮੰਨੂੰ ਆਪ ਭੀ ਫ਼ੌਜ ਲੈ ਕੇ ਸਿੰਘਾਂ ਦੇ ਸ਼ਿਕਾਰ ਲਈ ਜਾਇਆ ਕਰਦਾ ਸੀ। ਉਹ ਲਾਹੌਰੋਂ ਸੱਤ ਅੱਠ ਕੋਹ ਤੇ (ਮੀਆਂ ਮੀਰੋਂ ਦੱਖਣ ਚੜ੍ਹਦੇ ਨੂੰ) ਪਿੰਡ ਮਲਕਪੁਰ ਪਾਸ ਡੇਰਾ ਲਾਈ ਬੈਠਾ ਸੀ ਕਿ ਉਸ ਨੂੰ ਹਰਕਾਰਿਆਂ ਨੇ ਆ ਕੇ ਪਤਾ ਦਿੱਤਾ ਕਿ ਉਥੋਂ ਲਾਗੇ ਹੀ ਕਮਾਦ ਦੇ ਖੇਤਾਂ ਵਿਚ ਕੁਝ ਸਿੰਘ ਲੁਕੇ ਹੋਏ ਹਨ। ਉਸ ਨੇ ਝੱਟ ਓਧਰ ਨੂੰ ਧਾਈ ਕਰ ਦਿੱਤੀ ਅਤੇ ਖੇਤਾਂ ਵਿਚ ਸਿੰਘਾਂ ਨੂੰ ਜਾ ਘੇਰਿਆ। ਉਥੇ ਸਿੰਘ ਚੋਖੀ ਗਿਣਤੀ ਵਿਚ ਸਨ, ਪਰ ਬਹੁਤੇ ਬਿਰਧ, ਬੱਚੇ ਅਤੇ ਇਸਤ੍ਰੀਆਂ ਹੀ ਸਨ। ਮੰਨੂੰ ਦੇ ਘੇਰੇ ਵਿਚ ਫਸ ਗਏ ਵੇਖ ਕੇ ਸਿੰਘਾਂ ਨੇ ਆਪਣੀ ਰੱਖਿਆ ਲਈ ਜਦ ਬਾਹਰ ਨੂੰ ਗੋਲੀਆਂ ਦੀ ਵਾੜ ਝਾੜੀ ਤਾਂ ਮੰਨੂੰ ਦਾ ਘੋੜਾ ਤ੍ਰਭਕ ਕੇ ਸੀਖ ਪਾਉ ਹੋ ਗਿਆ ਅਤੇ ਮੰਨੂੰ ਡਿਗ ਪਿਆ। ਪਰ ਉਸ ਦਾ ਇਕ ਪੈਰ ਰਕਾਬ ਵਿਚ ਫਸਿਆ ਰਹਿ ਗਿਆ। ਤ੍ਰਭਕਿਆ ਹੋਇਆ ਘੋੜਾ ਬੇ-ਕਾਬੂ ਹੋ ਕੇ ਭੱਜ ਨਿਕਲਿਆ ਜਿਸ ਨਾਲ ਮੰਨੂੰ ਭੀ ਘਸੀਟ ਹੁੰਦਾ ਗਿਆ ਅਤੇ ਝਾੜੀਆਂ, ਕੰਡਿਆਂ ਅਤੇ ਜ਼ਮੀਨ ਦੀਆਂ ਰਗੜਾਂ ਨਾਲ ਵਲੂੰਧਰ ਹੋ ਕੇ ਬੇਹੋਸ਼ ਹੋ ਗਿਆ। ਇਹ ਗੱਲ ਸ਼ੁਕਰਵਾਰ 5 ਮੁਹੱਰਮ 1167 ਹਿ., 2 ਨਵੰਬਰ ਸੰਨ 1753 ਈ. ਦੀ ਹੈ। ਪਰ ਮੀਰ ਮੰਨੂੰ ਨੂੰ ਮੁੜ ਹੋਸ਼ ਨਾ ਆਈ ਅਤੇ ਉਹ ਤੀਸਰੇ ਦਿਨ 4 ਨਵੰਬਰ ਨੂੰ ਅੱਲਾ ਨੂੰ ਪਿਆਰਾ ਹੋ ਗਿਆ। ਮੀਰ ਮੰਨੂੰ ਦੇ ਘੋੜੇ ਤੋਂ ਡਿਗ ਕੇ ਮਰਨ ਕਿਨਾਰੇ ਬੇਹੋਸ਼ ਹੋਣ ਦੀ ਖ਼ਬਰ ਨਾਲ ਸਾਰੇ ਪਾਸੇ ਅਫਰਾ ਤਫਰੀ ਪੈ ਗਈ। ਇਸ ਦਾ ਫਾਇਦਾ ਉਠਾ ਕੇ ਕਮਾਦਾਂ ਅੰਦਰਲੇ ਘੋੜ-ਚੜ੍ਹੇ ਸਿੰਘਾਂ ਦਾ ਇਕ ਜੱਥਾ ਮਾਰੋ ਮਾਰ ਕਰਦਾ ਦਿੱਲੀ ਦਰਵਾਜ਼ਿਉਂ ਬਾਹਰ ਲਾਹੌਰ ਘੋੜ-ਮੰਡੀ (ਬਾਜ਼ਾਰ ਨਖ਼ਾਸ) ਲੰਡਾ ਬਾਜ਼ਾਰ ਪੁੱਜਾ। ਇੱਥੇ ਦੇ ਭੋਰਿਆਂ ਵਿਚ ਮੀਰ ਮੰਨੂੰ ਦੇ ਹੁਕਮ ਨਾਲ ਕੈਦ ਕੀਤੀਆਂ ਕੁਝ ਸਿੰਘਣੀਆਂ ਇਸ ਵੇਲੇ ਭੁੱਖਣ-ਭਾਣੀਆਂ ਖੰਨੀ ਖੰਨੀ ਰੋਟੀ ਤੇ ਗੁਜ਼ਾਰਾ ਕਰਕੇ ਸਵਾ ਸਵਾ ਮਨ ਪੀਹਣਾ ਪੀਹਦੀਆਂ ਅਤੇ ਹੋਰ ਅਕਹਿ ਅਤੇ ਅਸਹਿ ਦੁਖੜੇ ਸਹਾਰ ਰਹੀਆਂ ਸਨ। ਸਿੰਘਾਂ ਨੇ ਅਚਨਚੇਤ ਹੱਲਾ ਬੋਲ ਦਿੱਤਾ ਅਤੇ ਸਿੰਘਣੀਆਂ ਨੂੰ ਘੋੜਿਆਂ ਪਰ ਅੱਗੇ ਪਿਛੇ ਬਠਾ ਕੇ ਲੈ ਨਿਕਲੇ। ਇਸ ਤਰ੍ਹਾਂ ਮੀਰ ਮੰਨੂੰ ਦੇ ਜ਼ਮਾਨੇ ਵਿਚ ਸਿੱਖਾਂ ਪਰ ਮੁਸੀਬਤਾਂ ਦਾ ਕਾਂਡ ਸਮਾਪਤ ਹੋਇਆ।

[*ਖ਼ਜ਼ਾਨਾਇ ਆਮਿਰਾ*, 9; ਅਲੀ-ਉ-ਦੀਨ, *ਇਬਰਤ ਨਾਮਾ*, 211-12; *ਉਮਦਾਤੁ-ਤਵਾਰੀਖ*, ਦਫ਼ਤਰ 1-136; *ਪ੍ਰਾਚੀਨ ਪੰਥ ਪ੍ਰਕਾਸ਼*, 435-36]

## ਮੰਨੂੰ ਤੋਂ ਬਾਅਦ ਦੀ ਹਾਲਤ

ਇਥੇ ਨਾਲੋਂ ਨਾਲ ਇਹ ਭੀ ਦੱਸ ਦੇਣਾ ਜ਼ਰੂਰੀ ਹੈ ਕਿ ਮੀਰ ਮੰਨੂੰ ਦੀ ਮੌਤ ਤੋਂ ਬਾਅਦ ਉਸ ਦੀ ਇਸਤ੍ਰੀ ਮੁਰਾਦ ਬੇਗਮ ਨੇ ਆਪਣੇ ਤਿੰਨ-ਸਾਲਾ ਪੁੱਤ੍ਰ ਮੁਹੰਮਦ ਅਮੀਨ ਖ਼ਾਨ ਨੂੰ ਲਾਹੌਰ ਦਾ ਹਾਕਮ ਬਣਾ ਦਿੱਤਾ ਅਤੇ ਇਸ ਦੀ ਮਨਜ਼ੂਰੀ ਅਹਿਮਦ ਸ਼ਾਹ ਅਬਦਾਲੀ ਅਤੇ ਆਲਮਗੀਰ ਦੂਸਰੇ ਪਾਸੋਂ ਮੰਗਵਾ ਲਈ। ਪਰ ਸੱਤੀਂ ਕੁ ਮਹੀਨੀਂ ਮਈ 1754 ਵਿਚ ਮੁਹੰਮਦ ਅਮੀਨ ਖ਼ਾਨ ਚੀਚਕ ਨਾਲ ਮਰ ਗਿਆ ਤਾਂ ਕੁਝ ਚਿਰ ਮੀਰ ਮੋਮਨ ਖ਼ਾਨ ਤੋਂ ਬਾਅਦ ਬੇਗਮ ਨੇ ਰਾਜ ਭਾਗ ਆਪਣੇ ਹੱਥ ਲੈ ਲਿਆ। ਪਰ ਉਹ ਛੇਤੀ ਹੀ ਐਸ਼ਾਂ ਵਿਚ

Sri Satguru Jagjit Singh Ji eLibrary

ਪੈ ਗਈ ਅਤੇ ਹਕੂਮਤ ਦਾ ਕੰਮ ਖੁਸਰਿਆਂ ਦੀ ਮਾਰਫ਼ਤ ਹੋਣ ਲੱਗ ਪਿਆ ਅਤੇ ਅਹਿਲਕਾਰਾਂ ਨਾਲ ਵਿਗਾੜ ਪੈ ਗਿਆ। ਹੋਰ ਤਾਂ ਕੀ, ਵਜ਼ੀਰ ਨਵਾਬ ਸੱਯਦ ਭਿਖਾਰੀ ਖ਼ਾਨ ਨੂੰ ਕੈਦ ਕਰ ਦਿੱਤਾ ਗਿਆ ਜਿਸ ਕਰਕੇ ਸਾਰੇ ਅਮੀਰ ਵਜ਼ੀਰ ਨਿਰਾਸ਼ ਹੋ ਕੇ ਘਰੋਂ ਘਰੀਂ ਬੈਠ ਗਏ ਅਤੇ ਸਰਕਾਰੀ ਕੰਮ ਛੱਡ ਦਿੱਤਾ। ਮੁਰਾਦ ਬੇਗ਼ਮ ਦੀ ਹਕੂਮਤ ਇਕ ਤਰ੍ਹਾਂ ਬਹੁਤ ਹਦ ਤਕ ਖ਼ੁਸਰਿਆਂ ਦੀ ਹਕੂਮਤ ਸੀ ਜਦੋਂ ਕਿ ਰਾਜ ਮਹਿਲਾਂ ਅਤੇ ਸਰਕਾਰੀ ਕੰਮਾਂ ਵਿਚ ਉਨ੍ਹਾਂ ਦਾ ਹੀ ਬਹੁਤਾ ਹੱਥ ਸੀ।

ਕੁਝ ਚਿਰ ਲਈ ਖਵਾਜਾ ਮਿਰਜ਼ਾ ਜਾਨ ਭੀ ਹਾਕਮ ਰਿਹਾ, ਪਰ ਅਹਿਮਦ ਸ਼ਾਹ ਦੁੱਰਾਨੀ ਵੱਲੋਂ ਭੇਜੇ ਬਖਸ਼ੀ ਜਹਾਨ ਖ਼ਾਨ ਦੇ ਭਾਈ ਮੁੱਲਾ ਅਮਾਨ ਖ਼ਾਨ ਨੇ ਉਸ ਦੀ ਥਾਂ ਮੁਰਾਦ ਬੇਗ਼ਮ ਨੂੰ ਸੂਬੇਦਾਰ ਅਤੇ ਜ਼ਕਰੀਆ ਖ਼ਾਨ ਦੇ ਛੋਟੇ ਭਾਈ ਖਵਾਜਾ ਉਬੈਦੁੱਲਾ ਨੂੰ ਉਸ ਦਾ ਨਾਇਬ ਨਿਯਤ ਕਰ ਦਿੱਤਾ। ਅਪ੍ਰੈਲ ਸੰਨ 1755 ਵਿਚ ਬੇਗ਼ਮ ਨੇ ਭਿਖਾਰੀ ਖ਼ਾਨ ਨੂੰ ਆਖਾ ਨਾ ਮੰਨਣ ਕਰਕੇ ਜਾਨੋਂ ਮਰਵਾ ਦਿੱਤਾ। ਪਰ ਖ਼ੁਆਜਾ ਉਬੈਦੁੱਲਾ ਬੜਾ ਲਾਲਚੀ ਅਤੇ ਜ਼ਾਲਮ ਬੰਦਾ ਸੀ। ਉਸ ਨੇ ਹਰ ਪਾਸੇ ਲੁੱਟ ਮਚਾ ਦਿੱਤੀ ਅਤੇ ਲਾਹੌਰੀਆਂ ਦਾ ਦਮ ਨੱਕ ਵਿਚ ਲੈ ਆਂਦਾ। ਬੇਗ਼ਮ ਨੇ ਦਿੱਲੀ ਦੇ ਵਜ਼ੀਰ ਗਾਜ਼ੀ-ਉ-ਦੀਨ ਪਾਸੋਂ ਸਹਾਇਤਾ ਮੰਗੀ ਅਤੇ ਉਹ ਫਰਵਰੀ ਸੰਨ 1156 ਦੇ ਪਹਿਲੇ ਹਫਤੇ ਸਰਹੰਦ ਆ ਪੁੱਜਾ। ਇਥੋਂ ਅਦੀਨਾ ਬੇਗ਼ ਖ਼ਾਨ ਦੀ ਸਲਾਹ ਨਾਲ ਵਜ਼ੀਰ ਨੇ ਸੱਯਦ ਜਮੀਲੁ-ਦੀਨ ਨੂੰ ਲਾਹੌਰ ਭੇਜਿਆ ਜਿਸ ਨੇ ਬੇਗ਼ਮ ਨੂੰ ਕੈਦ ਕਰ ਕੇ ਵਜ਼ੀਰ ਪਾਸ ਪਹੁੰਚਾ ਦਿੱਤਾ, ਜੋ ਉਸ ਨੂੰ ਨਾਲ ਲੈ ਕੇ ਦਿੱਲੀ ਚਲਾ ਗਿਆ ਅਤੇ ਤੀਹ ਲੱਖ ਰੁਪਇਆ ਸਾਲਾਨਾ ਲੈਣਾ ਕਰ ਕੇ ਲਾਹੌਰ ਦੀ ਹਕੂਮਤ ਅਦੀਨਾ ਬੇਗ਼ ਖ਼ਾਨ ਨੂੰ ਦੇ ਗਿਆ (ਮਈ ਸੰਨ 1756 ਈ.)।

[*ਤਹਿਮਾਸ ਨਾਮਾ* (ਰਾਇ), 18-40, *ਤਾਰੀਖਿ ਆਲਮਗੀਰ ਸਾਨੀ*, 69-70, 75; *ਤਜ਼ਕਿਰਾ-ਇ ਇਮਾਦੁਲ-ਮੁਲਕ*, 116-118, 123; *ਖਜ਼ਾਨਾ-ਇ-ਆਮਿਰਾ*, 52; ਲਤੀਫ਼, 226-27; *ਅਹਿਮਦ ਸ਼ਾਹ ਦੁੱਰਾਨੀ*, 136-47]

ਅਧਿਆਇ ਗਿਆਰ੍ਹਵਾਂ

# ਪੰਥ ਦਾ ਜਥੇਦਾਰ ਨਵਾਬ ਜੱਸਾ ਸਿੰਘ

## ਨਵਾਬ ਕਪੂਰ ਸਿੰਘ ਦਾ ਚਲਾਣਾ

ਅਸੂ ਸੁਦੀ 11, ਸੰਮਤ 1810, 7 ਅਕਤੂਬਰ ਸੰਨ 1753 ਨੂੰ ਨਵਾਬ ਕਪੂਰ ਸਿੰਘ ਜੀ ਬੰਦੂਕ ਦੇ ਇਕ ਪੁਰਾਣੇ ਜ਼ਖਮ ਦੇ ਕਾਰਣ ਸ੍ਰੀ ਅੰਮ੍ਰਿਤਸਰ ਚਲਾਣਾ ਕਰ ਗਏ। ਨਵਾਬ ਸਾਹਿਬ ਦਲ ਖਾਲਸਾ ਦੇ ਮੋਢੀ ਅਤੇ ਬੁਢਾ ਦਲ ਦੇ ਜਥੇਦਾਰ ਸਨ ਅਤੇ ਭਾਈ ਮਨੀ ਸਿੰਘ ਤੋਂ ਬਾਅਦ ਪੰਥ ਦੇ ਧਾਰਮਕ ਆਗੂ ਭੀ ਇਹ ਹੀ ਸਨ। ਸਰਦਾਰ ਜੱਸਾ ਸਿੰਘ ਇਨ੍ਹਾਂ ਦੇ ਅਨੁਸਾਰੀ ਸਨ ਅਤੇ ਜਦ ਤੋਂ ਜੱਸਾ ਸਿੰਘ ਦੀ ਮਾਤਾ ਜੀ ਇਨ੍ਹਾਂ ਨੂੰ ਨਵਾਬ ਸਾਹਿਬ ਦੀ ਸੇਵਾ ਵਿਚ ਛੱਡ ਗਏ ਸਨ, ਸਰਦਾਰ ਜੱਸਾ ਸਿੰਘ ਨਵਾਬ ਸਾਹਿਬ ਦੇ ਪੁਤ੍ਰੇਲਾ (ਧਰਮ-ਪੁਤ੍ਰ) ਕਰਕੇ ਪ੍ਰਸਿੱਧ ਸਨ। ਨਵਾਬ ਸਾਹਿਬ ਦੀ ਤਰ੍ਹਾਂ ਹੀ ਜੱਸਾ ਸਿੰਘ ਭੀ ਇਕ ਧਰਮ-ਮੂਰਤਿ ਸਨ ਜਿਸ ਦੀ ਸਿੱਖਿਆ ਇਨ੍ਹਾਂ ਨੂੰ ਸ੍ਰੀ ਮਾਤਾ ਸੁੰਦਰੀ ਜੀ ਅਤੇ ਆਪਣੀ ਮਾਤਾ ਤੋਂ ਪ੍ਰਾਪਤ ਹੋਈ ਸੀ। ਇਹ ਵਿਦਵਾਨ ਅਤੇ ਸੋਚਵਾਨ ਭੀ ਬਹੁਤ ਸਨ ਅਤੇ ਸੱਚ ਤਾਂ ਇਹ ਹੈ ਕਿ ਉਸ ਬਿਖੜੇ ਸਮੇਂ ਵਿਚ ਸ਼ਾਇਦ ਇਹ ਇਕੱਲੇ ਹੀ ਸਨ ਜਿਨ੍ਹਾਂ ਨੂੰ ਫ਼ਾਰਸੀ ਉਰਦੂ ਪੜ੍ਹਣ ਦਾ ਅਵਸਰ ਪ੍ਰਾਪਤ ਹੋਇਆ ਸੀ। ਸੂਰਬੀਰਤਾ ਵਿਚ ਭੀ ਇਹ ਕਿਸੇ ਨਾਲੋਂ ਘੱਟ ਨਹੀਂ ਸਨ। ਇਸ ਲਈ ਨਵਾਬ ਸਾਹਿਬ ਇਨ੍ਹਾਂ ਨੂੰ ਬਹੁਤ ਚਾਹੁੰਦੇ ਸਨ। ਜਿਸ ਵੇਲੇ ਅਸੂ ਸੁਦੀ 10 ਨੂੰ ਨਵਾਬ ਕਪੂਰ ਸਿੰਘ ਆਖਰੀ ਸਵਾਸਾਂ ਤੇ ਆਏ ਤਾਂ ਉਨ੍ਹਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਜੋ ਉਸ ਵੇਲੇ ਸ੍ਰੀ ਅੰਮ੍ਰਿਤਸਰ ਹੀ ਸਨ, ਬੁਲਾਇਆ ਅਤੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਫੌਲਾਦੀ ਚੋਬ ਦੇ ਕੇ ਖਾਲਸੇ ਦੀ ਸੇਵਾ ਕਰਨ ਦਾ ਬਚਨ ਕੀਤਾ। ਦੇਹਾਂਤ ਤੋਂ ਬਾਅਦ ਨਵਾਬ ਸਾਹਿਬ ਦਾ ਸਸਕਾਰ ਬਾਬਾ ਅਟੱਲ ਰਾਇ ਜੀ ਦੇ ਦੇਹੁਰੇ ਪਾਸ ਕੀਤਾ ਗਿਆ ਅਤੇ ਪਿੱਛੋਂ ਇਸ ਗੁਰਦੁਆਰੇ ਦੇ ਪੂਰਬ ਵਾਲੇ ਦਰਵਾਜੇ ਦੇ ਪਾਸ ਇਕ ਸੰਗਮਰਮਰ ਦੀ ਗੁਮਟੀਦਾਰ ਯਾਦਗਾਰ ਬਣਾਈ ਗਈ ਜਿਸ ਦੇ ਚੋਗਿਰਦੇ ਜੰਗਲਾ ਸੀ।

[ਲਤੀਫ਼, 323, ਗ੍ਰਿਫਿਨ, 60-61; ਪ੍ਰੇਮ ਸਿੰਘ, *ਨਵਾਬ ਕਪੂਰ ਸਿੰਘ*, 165-67]

ਇਹ ਯਾਦਗਾਰ ਸੰਨ 1923 ਤਕ ਇਥੇ ਮੌਜੂਦ ਸੀ ਪਰ ਅਕਾਲੀਆਂ ਦੇ ਪ੍ਰਬੰਧ ਦੇ ਆਰੰਭ ਵਿਚ ਪ੍ਰਕਰਮਾ ਖੁਲ੍ਹੀ ਕਰਨ ਦੇ ਖਿਆਲ ਨਾਲ 12-13 ਅਪਰੈਲ ਸੰਨ 1923 ਦੀ

Sri Satguru Jagjit Singh ji eLibrary

ਵਿਚਕਾਰਲੀ ਰਾਤ ਨੂੰ ਇਹ ਢਾਹ ਦਿੱਤੀ ਗਈ।

## ਸਰਦਾਰ ਜੱਸਾ ਸਿੰਘ ਦੀਆਂ ਮੱਲਾਂ ਮਾਰਾਂ ਦਾ ਆਰੰਭ

ਅਬਦੁਸਮੱਦ ਖ਼ਾਨ, ਜਕਰੀਆ ਖ਼ਾਨ, ਯਾਹੀਆ ਖ਼ਾਨ ਅਤੇ ਮੀਰ ਮੰਨੂੰ ਦੇ ਵੇਲੇ ਜਦ ਕਦੀ ਸਿੰਘਾਂ ਨੂੰ ਸ਼ਾਹੀ ਖਜਾਨਾ, ਕੋਈ ਕਾਫ਼ਲਾ, ਵਹੀਰ ਜਾਂ ਪਿੰਡ ਮਾਰਨਾ ਪੈਂਦਾ ਸੀ ਜਾਂ ਉਨ੍ਹਾਂ ਕਿਧਰੇ ਹੱਲਾ ਕਰਕੇ ਕੋਈ ਉਗ੍ਰਾਹੀ ਕੀਤੀ ਤਾਂ ਉਸ ਦਾ ਮਤਲਬ ਜਾਂ ਤਾਂ ਜੰਗਲਾਂ, ਬੇਲਿਆਂ ਪਹਾੜਾਂ ਦੀਆਂ ਖੱਡਾਂ ਜਾਂ ਰੇਤ-ਥਲਿਆਂ ਵਿਚ ਦਿਨ ਕਟੀ ਕਰਨ ਲਈ ਖਾਣੇ ਦਾਣੇ ਵਾਸਤੇ ਪ੍ਰਬੰਧ ਕਰਨਾ ਸੀ ਜਾਂ ਇਨ੍ਹਾਂ ਹਾਕਮਾਂ ਦੀ ਰਾਜਸੀ ਸੱਤਾ ਨੂੰ ਸਿਥਿਲ ਅਤੇ ਕਮਜੋਰ ਕਰ ਕੇ ਦੇਸ ਨੂੰ ਜੁਲਮ ਤੋਂ ਛੁਟਕਾਰਾ ਦਿਲਾਉਣ ਲਈ ਲੋਕਾਂ ਨੂੰ ਹੱਲਾ ਸ਼ੇਰੀ ਦੇਣਾ। ਮੰਨੂੰ ਦੇ ਆਖਰੀ ਦਿਨਾਂ ਤਕ ਮੁਗ਼ਲਾਂ ਦੀ ਤਾਕਤ ਇਤਨੀ ਜਿਆਦਾ ਸੀ ਕਿ ਬਿਨਾਂ ਚੰਗੇ ਅਤੇ ਚੋਖੇ ਹਥਿਆਰਾਂ ਦੇ ਉਸ ਨੂੰ ਤੋੜ ਸਕਣਾ ਬੜਾ ਔਖਾ ਸੀ। ਪਰ ਤਾਂ ਭੀ ਜਿੱਥੇ ਇਸ ਬਿਖੜੇ ਅਤੇ ਤੰਗੀ ਦੇ ਸਮੇਂ ਨੇ ਸਿੰਘਾਂ ਦੇ ਹੱਠ ਅਤੇ ਆਪਣੇ ਰਾਜ ਲਈ ਜੋਸ਼ ਨੂੰ, ਜੋ ਬੰਦਾ ਸਿੰਘ ਬਹਾਦੁਰ ਦੇ ਖਾਲਸਾ ਰਾਜ ਸਮੇਂ ਪੈਦਾ ਹੋਇਆ ਸੀ, ਕਾਇਮ ਰੱਖਿਆ, ਉਥੇ ਆਮ ਜਨਤਾ ਵਿਚ ਸਿੰਘਾਂ ਲਈ ਹਮਦਰਦੀ ਵਧਦੀ ਗਈ ਜੋ ਸਭ ਸੁਆਰਥਾਂ ਤੋਂ ਉੱਚੇ ਉਠ ਕੇ ਧਰਮ ਅਤੇ ਕੌਮ ਲਈ ਦੁਖੜੇ ਸਹਾਰ ਰਹੇ ਸਨ। ਇਸ ਲਈ ਜਦ ਮੀਰ ਮੰਨੂੰ ਦੀ ਮੌਤ ਤੋਂ ਬਾਅਦ ਸਿੰਘਾਂ ਨੇ ਜੰਗਲਾਂ, ਬੇਲਿਆਂ ਅਤੇ ਪਹਾੜਾਂ ਤੋਂ ਨਿਕਲ ਕੇ ਆਪਣੇ ਪਿੰਡਾਂ ਅਤੇ ਘਰਾਂ ਨੂੰ ਮੋੜਾ ਪਾਇਆ ਤਾਂ ਮੁਲਖੱਈਆ ਵਹੀਰਾਂ ਘੱਤ ਕੇ ਇਨ੍ਹਾਂ ਦੇ ਨਾਲ ਆ ਰਲਿਆ। ਇਸ ਨਾਲ ਖਾਲਸੇ ਲਈ ਨਾ ਕੇਵਲ ਪੰਜਾਬ ਵਿਚ ਹੀ ਕਬਜ਼ੇ ਕਰਨੇ ਸੌਖੇ ਹੋ ਗਏ ਸਨ ਅਤੇ ਉਨ੍ਹਾਂ ਨੇ ਅਫਗਾਨਿਸਤਾਨ ਤੋਂ ਇਥੇ ਕਬਜਾ ਜਾਂ ਲੁਟ ਮਾਰ ਕਰਨ ਆਏ ਅਹਿਮਦ ਸ਼ਾਹ ਦੁੱਰਾਨੀ ਅਤੇ ਉਸ ਦੇ ਪੁੱਤਰ ਤੈਮੂਰ ਸ਼ਾਹ ਦੇ ਪੈਰ ਨਾ ਲੱਗਣ ਦਿੱਤੇ ਬਲਕਿ ਵੇਲੇ ਕੁਵੇਲੇ ਖਾਲਸਾ ਦਲ ਨੇ ਪੰਜਾਬ ਤੋਂ ਬਾਹਰ ਭੀ ਜਾ ਮੱਲਾਂ ਮਾਰੀਆਂ, ਭਰਤ ਪੁਰੀਏ ਜਾਟ ਰਾਜਿਆਂ ਦੀ ਸਹਾਇਤਾ ਜਾ ਕੀਤੀ ਅਤੇ ਮਰਾਠਾ ਸਰਦਾਰਾਂ ਦੇ ਪੰਜਾਬ ਉੱਤੇ ਤਹਿਤ ਜਮਾਉਣ ਦੇ ਜਤਨਾਂ ਨੂੰ ਨਿਸਫਲ ਕਰ ਦਿੱਤਾ।

## ਕਸਾਈਪੁਰਾ ਲਾਹੌਰ ਪਰ ਹੱਲਾ

ਮੀਰ ਮੰਨੂੰ ਦੀ ਮੌਤ ਵਾਲੇ ਵਾਕੇ ਸੰਬੰਧੀ ਸਰਦਾਰ ਜੱਸਾ ਸਿੰਘ ਦਾ ਜ਼ਿਕਰ ਇਤਿਹਾਸਾਂ ਵਿਚ ਨਹੀਂ ਆਉਂਦਾ ਅਤੇ ਨਾ ਹੀ ਨਵਾਬ ਕਪੂਰ ਸਿੰਘ ਜੀ ਦਾ। ਇਸ ਵਾਕੇ ਤੋਂ ਅੱਠ ਦਿਨ ਪਹਿਲਾਂ ਦੀਵਾਲੀ ਸੀ। ਮਾਲੂਮ ਹੁੰਦਾ ਹੈ ਇਸ ਮੌਕੇ ਤੇ ਬਹੁਤ ਸਾਰੇ ਵੱਡੇ ਵੱਡੇ ਸਰਦਾਰ ਅੰਮ੍ਰਿਤਸਰ ਪੁਜੇ ਹੋਏ ਸਨ। ਜਿਵੇਂ ਅਜਿਹੇ ਮੌਕਿਆਂ ਤੇ ਕਈ ਵਾਰੀ ਲੋਕੀਂ ਖਾਲਸੇ ਪਾਸ ਆਪਣੇ ਦੁੱਖਾਂ ਦੀ ਨਵਿਰਤੀ ਲਈ ਬੇਨਤੀਆਂ ਕਰਿਆ ਕਰਦੇ ਸਨ, ਲਾਹੌਰ ਦੇ ਹਿੰਦੂਆਂ ਨੇ ਆ ਕੇ ਫਰਿਆਦ ਕੀਤੀ ਕਿ ਓਥੇ ਸ਼ਹਿਰ ਵਿਚ ਖੁੱਲ੍ਹਮ ਖੁਲ੍ਹਾ ਗਊਆਂ ਮਾਰੀਆਂ ਜਾਂਦੀਆਂ ਹਨ ਅਤੇ ਕਸਾਈ ਲੋਕ ਹਿੰਦੂਆਂ ਨੂੰ ਬਹੁਤ ਤੰਗ ਕਰ ਰਹੇ ਸਨ। ਸ਼ਾਇਦ ਸਰਕਾਰੀ ਕਾਰਿੰਦਿਆਂ ਵੱਲੋਂ ਉਨ੍ਹਾਂ ਨੂੰ ਸ਼ਹਿ ਮਿਲ ਰਹੀ ਹੋਵੇ। ਸਿੰਘ ਆਪ ਦੁੱਖਾਂ ਦੀ ਭੱਠੀ

ਵਿਚ ਦੀ ਲੰਘੇ ਸਨ ਇਸ ਲਈ ਦੁਖੀ ਲੋਕਾਂ ਦੀਆਂ ਤਕਲੀਫਾਂ ਨੂੰ ਚੰਗੀ ਤਰ੍ਹਾਂ ਮਹਿਸੂਸ ਕਰਦੇ ਹੋਏ ਉਨ੍ਹਾਂ ਦੀ ਸਹਾਇਤਾ ਕਰਨ ਲਈ ਹਰ ਸਮੇਂ ਤਿਆਰ-ਬਰ-ਤਿਆਰ ਰਹਿੰਦੇ ਸਨ। ਇਸ ਲਈ ਮੀਰ ਮੰਨੂੰ ਦੀ ਮੌਤ ਦੇ ਦਿਨਾਂ ਵਿਚ ਸਿੰਘਾਂ ਨੂੰ ਚੰਗਾ ਮੌਕਾ ਹੱਥ ਆ ਗਿਆ। ਇਹ ਖਿਆਲ ਕਰਕੇ ਕਿ ਜਦ ਉਨ੍ਹਾਂ ਨੇ ਕਸਾਈ ਪੁਰੇ ਪਰ ਧਾਵਾ ਬੋਲਿਆ ਤਾਂ ਲਾਹੌਰੀ ਫੌਜ ਉਨ੍ਹਾਂ ਦੇ ਪਿਛੇ ਅੰਮ੍ਰਿਤਸਰ ਆਏਗੀ ਅਤੇ ਬਹੁਤੇ ਇਕੱਠ ਵਿਚ ਨੁਕਸਾਨ ਜ਼ਿਆਦਾ ਹੋਵੇਗਾ, ਮੇਲੇ ਆਈਆਂ ਸੰਗਤਾਂ ਅਤੇ ਜਥਿਆਂ ਨੂੰ ਤਾਂ ਸਰਦਾਰ ਸ਼ਾਮ ਸਿੰਘ ਹੋਰਾਂ ਨਾਲ ਤੋਰ ਦਿੱਤਾ ਅਤੇ ਕੁਝ ਚੋਣਵੇਂ ਭੁਜੰਗੀਆਂ ਨੇ ਲਾਹੌਰ ਕਸਾਈ ਪੁਰੇ ਝਪਟ ਮਾਰਨ ਦੀ ਤਿਆਰੀ ਕਰ ਲਈ।

ਰਾਤ ਰਣੀਏ (ਰਣਗੜ੍ਹ) ਡੇਰਾ ਕੀਤੀ ਅਤੇ ਸਵੇਰੇ ਪਹਿਰ ਰਾਤ ਰਹਿੰਦੀ ਸਵਾਰ ਹੋ ਪਏ ਅਤੇ ਤੁਰਨ ਲਗਿਆਂ ਆਖਿਆ ਕਿ ਇਥੇ ਜਾਣ ਦਾ ਮਤਲਬ ਕੇਵਲ ਕਸਾਈਆਂ ਨੂੰ ਸੋਧਣਾ ਅਤੇ ਡਰ ਦੇਣਾ ਹੀ ਹੈ ਕੋਈ ਮਾਲ ਜ਼ੇਵਰ ਅਤੇ ਹੋਰ ਕੋਈ ਚੀਜ ਨਹੀਂ ਛੇੜਨੀ। ਦਿਨ ਚੜ੍ਹਨ ਤੋਂ ਪਹਿਲਾਂ ਹੀ ਕਸਾਈ ਪੁਰੇ ਪੁੱਜ ਗਏ ਅਤੇ ਹੱਲਾ ਕਰ ਦਿੱਤਾ। ਝਟਾ ਪਟ ਇਕ ਮਾਰ ਮਾਰ ਕੇ ਸ਼ਹਿਰ ਵਿਚ ਰੋਲਾ ਪੈਂਦੇ ਸਾਰ ਹੀ ਉਡੰਤ ਹੋ ਗਏ ਅਤੇ ਇਥੋ ਸਿੱਧੇ ਗੋਇੰਦਵਾਲ ਦੇ ਦਖਣ ਨੂੰ ਹੋ ਪਏ। ਦਰਿਆਉਂ ਦੱਖਣ ਨੂੰ ਪਾਰਲੇ ਤਲਵੰਡੀ ਪਿੰਡ ਦੇ ਸ਼ੇਰ ਖ਼ਾਨ ਨੇ, ਜਿਸ ਨਾਲ ਸਰਦਾਰ ਜੱਸਾ ਸਿੰਘ ਦੀ ਸਾਂਝ ਸੀ, ਆਪਣੇ ਪਿੰਡ ਦੇ ਬਰਾਬਰ ਇਕ ਸੌਖੇ ਗਾਹਣ ਦਾ ਪਤਾ ਦੇ ਦਿੱਤਾ ਜਿਥੋਂ ਬਿਆਸਾ ਪਾਰ ਕਰ ਕੇ ਮਸੀਤਾਂ ਦੇ ਪਾਸ ਦੀ ਸਤਲੁਜ ਜਾ ਟੱਪੀ ਅਤੇ ਸੱਭੇ ਸਰਦਾਰ ਡਰੋਲੀ ਪਿੰਡ ਮਾਤਾ ਜੀਤੋ ਦੇ ਡੇਰੇ ਜਾ ਉਤਰੇ।

[*ਜੱਸਾ ਸਿੰਘ ਬਿਨੋਦ*, ਉਰਦੂ, 15-16]

## ਖ਼ੁਆਸਪੁਰ ਅਤੇ ਫ਼ਤਿਹਾਬਾਦ ਸਰ ਕਰਨੇ

ਇਨ੍ਹਾਂ ਦਿਨਾਂ ਵਿਚ ਮੌਕਾ ਦੇਖ ਕੇ ਸਰਦਾਰ ਜੱਸਾ ਸਿੰਘ ਨੇ ਬਿਆਸਾ ਦੇ ਸੱਜੇ ਕੰਢੇ ਗੋਇੰਦਵਾਲੋਂ ਉੱਤਰ ਨੂੰ ਖਵਾਸ ਪੁਰ ਅਤੇ ਉਸ ਦੇ ਲਾਗੇ ਫ਼ਤਿਹਾਬਾਦ ਦੇ ਕਿਲੇ ਸਰ ਕਰ ਲਏ ਤਾਂ ਕਿ ਅੱਗੇ ਨੂੰ ਇਥੋਂ ਦੀ ਬਿਆਸਾ ਪਾਰ ਕਰਨ ਵਿਚ ਕੋਈ ਰੁਕਾਵਟ ਨਾ ਹੋਇਆ ਕਰੇ। ਖ਼ੁਆਸ ਪੁਰ ਪਰ ਹੱਲੇ ਦਾ ਹੁਕਮ ਸੁਣਦੇ ਹੀ ਜੈ ਸਿੰਘ ਲੋਹਾਰਾਂ ਵਾਲਾ ਸਾਰਿਆਂ ਨਾਲੋਂ ਪਹਿਲਾਂ ਪੌੜੀ ਲਾ ਕੇ ਕਿਲੇ ਤੇ ਜਾ ਚੜ੍ਹਿਆ ਅਤੇ ਉਸ ਦੇ ਪਿਛੇ ਗੁਰਬਖਸ਼ ਸਿੰਘ ਮੁੰਡੇਵਾਲਾ ਅਤੇ ਦੇਸਾ ਸਿੰਘ ਵਾਲੀਆ ਦੇ ਚੜ੍ਹਦੇ ਸਾਰ ਹੋਰ ਜਵਾਨ ਭੀ ਜਾ ਪੁੱਜੇ। ਇਥੋ ਦੇ ਪਠਾਣ ਜਾਨਾਂ ਹੀਲ ਕੇ ਲੜੇ ਪਰ ਖਾਲਸੇ ਦਾ ਜ਼ੋਰ ਪੈ ਜਾਣ ਕਰਕੇ ਈਨ ਮੰਨ ਗਏ।

ਖ਼ੁਆਸ ਪੁਰ ਵਿਚ ਆਪਣਾ ਠਾਣਾ ਬਿਠਾ ਕੇ ਖਾਲਸਾ ਫ਼ਤਿਹਾਬਾਦ ਵੱਲ ਨੂੰ ਵਧਿਆ। ਪਿੰਡ ਸੌਖੇ ਹੀ ਮੱਲ ਲਿਆ। ਇਹ ਦੇਖ ਕੇ ਠਾਣੇ ਵਾਲਿਆਂ ਨੇ ਇਸ ਸ਼ਰਤ ਪਰ ਹਥਿਆਰ ਰਖ ਦਿੱਤੇ ਕਿ ਉਨ੍ਹਾਂ ਦੀ ਜਾਨ ਬਖ਼ਸ਼ ਦਿੱਤੀ ਜਾਵੇ। ਸਰਦਾਰ ਜੱਸਾ ਸਿੰਘ ਨੂੰ ਤਾਂ ਕੇਵਲ ਆਪਣੀ ਮੱਲ ਦੀ ਹੀ ਲੋੜ ਸੀ, ਇਸ ਲਈ ਇਹ ਗੱਲ ਝਟ ਮੰਨ ਲਈ ਗਈ ਅਤੇ

Sri Satguru Jagjit Singh Ji eLibrary

ਥਾਨੇਦਾਰ ਨੇ ਠਾਣਾ ਖਾਲੀ ਕਰ ਦਿੱਤਾ। ਪਰ ਕਿਲੇ ਵਿਚ ਸਰਦਾਰ ਫੂਲੇ ਖ਼ਾਨ ਆਕੀ ਹੋ ਬੈਠਾ। ਉਸ ਨੇ ਲਾਹੌਰੋਂ ਅਤੇ ਜਾਲੰਧਰੋਂ ਅਦੀਨਾ ਬੇਗ਼ ਪਾਸੋਂ ਫ਼ੌਜ ਮੰਗ ਭੇਜੀ। ਇਹ ਦੇਖ ਕੇ ਸਰਦਾਰ ਜੱਸਾ ਸਿੰਘ ਨੇ ਆਪਣੇ ਬਖਸ਼ੀ ਸਰਦਾਰ ਨੱਥਾ ਸਿੰਘ ਨੂੰ ਹੁਕਮ ਕੀਤਾ ਕਿ ਫੂਲੇ ਖ਼ਾਨ ਨੂੰ ਸੋਧਣ ਵਿਚ ਛੇਤੀ ਕਰਨੀ ਚਾਹੀਦੀ ਹੈ। ਬਖਸ਼ੀ ਨੱਥਾ ਸਿੰਘ ਨੇ ਪਹਿਲਾਂ ਝਟ ਛਹੀਆਂ ਜਾ ਮਾਰੀਆਂ, ਫੇਰ ਮੋਰਚਿਆਂ ਤੇ ਜੋਰ ਪਾਇਆ ਅਤੇ ਫਸੀਲ ਟੱਪ ਕੇ ਸ਼ਹਿਰ ਵਿਚ ਜਾ ਵੜੇ। ਇਹ ਦੇਖ ਕੇ ਫੂਲੇ ਖ਼ਾਨ ਨੇ ਆਪਣੀ ਹਵੇਲੀ ਕਾਇਮ ਕਰ ਲਈ ਕਿ ਸ਼ਾਇਦ ਇਤਨੇ ਨੂੰ ਕਿਧਰੋਂ ਕੋਈ ਮਦਦ ਆ ਪੁਜੇ। ਪਰ ਅੰਤ ਜਦ ਬਚਾਉ ਦੀ ਕੋਈ ਸੂਰਤ ਬਣਦੀ ਨਾ ਦਿਸੀ ਤਾਂ ਬਖਸ਼ੀ ਨੱਥਾ ਸਿੰਘ ਰਾਹੀਂ ਸਰਦਾਰ ਜੱਸਾ ਸਿੰਘ ਪਾਸ ਆ ਹਾਜ਼ਰ ਹੋਇਆ। ਜੱਸਾ ਸਿੰਘ ਨੂੰ ਭੀ ਬੱਸ ਇਸੇ ਗੱਲ ਦੀ ਲੋੜ ਸੀ ਕਿ ਫੂਲੇ ਖ਼ਾਨ ਖਾਲਸੇ ਦੀ ਤਾਬੇਦਾਰੀ ਪਰਵਾਨ ਕਰ ਲਵੇ। ਉਸ ਪਾਸੋਂ ਮਾਮਲਾ ਲੈਣਾ ਕਰਕੇ ਕਿਲਾ ਆਪਣੀ ਵੱਲੋਂ ਮੁੜ ਉਸੇ ਨੂੰ ਦੇ ਦਿੱਤਾ।

[*ਜੱਸਾ ਸਿੰਘ ਬਿਨੋਦ*, ਉਰਦੂ, 13-14]

### ਸਰਦਾਰ ਜੱਸਾ ਸਿੰਘ ਖਾਲਸੇ ਦਾ ਰਾਜਸੀ ਅਤੇ ਧਾਰਮਕ ਜੱਥੇਦਾਰ—'ਨਵਾਬ' ਦਾ ਖਿਤਾਬ

ਸੰਮਤ 1811 ਦੀ ਵਸਾਖੀ, 10 ਅਪ੍ਰੈਲ 1754 ਨੂੰ ਸ੍ਰੀ ਅੰਮ੍ਰਿਤਸਰ ਅਕਾਲ ਤਖਤ ਦੇ ਸਾਹਮਣੇ ਖਾਲਸਾ ਜੀ ਦਾ ਦੀਵਾਨ ਸਜਿਆ। ਇਸ ਵੇਲੇ ਤਕ ਸਿੰਘਾਂ ਨੇ ਰਾਮ ਰਾਉਣੀ ਮੁੜ ਉਸਾਰ ਲਈ ਸੀ ਜੋ ਮੀਰ ਮੰਨੂੰ ਨੇ ਢਹਾ ਦਿੱਤੀ ਸੀ ਅਤੇ ਇਸ ਦਾ ਨਵਾਂ ਨਾਉਂ ਰਾਮਗੜ੍ਹ ਰੱਖਿਆ। ਇਸ ਦੀ ਦੇਖ ਭਾਲ ਸਰਦਾਰ ਜੱਸਾ ਸਿੰਘ ਈਚੋਗਿੱਲੀਏ ਨੂੰ ਸੌਂਪੀ ਹੋਈ ਸੀ। ਖਾਲਸਾ ਦਲ ਦੇ ਬਹੁਤ ਸਾਰੇ ਸਰਦਾਰ ਇੱਥੇ ਪੁਜੇ ਹੋਏ ਸਨ। ਸਰਬਤ ਸੰਗਤ ਨੇ ਨਵਾਬ ਕਪੂਰ ਸਿੰਘ ਜੀ ਲਈ ਅਰਦਾਸ ਕੀਤੀ ਅਤੇ ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਏ ਨੂੰ ਹਰ ਪ੍ਰਕਾਰ ਯੋਗ ਜਾਣ ਕੇ ਨਵਾਬ ਸਾਹਿਬ ਦੀ ਥਾਂ ਖਾਲਸੇ ਦਾ ਰਾਜਸੀ ਅਤੇ ਧਾਰਮਕ ਜੱਥੇਦਾਰ ਥਾਪਿਆ, ਅਤੇ ਨਵਾਬ ਕਪੂਰ ਸਿੰਘ ਵਾਲਾ 'ਨਵਾਬ' ਦਾ ਖ਼ਿਤਾਬ ਦਿੱਤਾ। ਇਸ ਤਰ੍ਹਾਂ ਮਾਤਾ ਸੁੰਦਰੀ ਜੀ ਅਤੇ ਨਵਾਬ ਕਪੂਰ ਸਿੰਘ ਜੀ ਦੇ ਬਚਨ ਅਤੇ ਆਸ਼ੇ ਪੂਰੇ ਹੋ ਗਏ ਜਿਨ੍ਹਾਂ ਪਰ ਸਰਦਾਰ ਜੱਸਾ ਸਿੰਘ ਜੀ ਨੇ ਪੂਰੀ ਸ਼ਰਧਾ ਅਤੇ ਸੇਵਾ ਭਾਵ ਨਾਲ ਫੁੱਲ ਚੜ੍ਹਾਏ।

### ਅਜ਼ੀਜ਼ ਬੇਗ਼ ਅਤੇ ਬਖਸ਼ਿੰਦਾ ਬੇਗ਼ ਨੂੰ ਭਾਂਜ

ਇਸ ਵੇਲੇ, ਜਿਵੇਂ ਪਿੱਛੇ ਦੱਸਿਆ ਜਾ ਚੁੱਕਾ ਹੈ, ਲਾਹੌਰ ਵਿਚ ਮੀਰ ਮੰਨੂੰ ਦਾ ਚਾਰ ਕੁ ਸਾਲ ਦਾ ਪੁੱਤਰ ਮੁਹੰਮਦ ਅਮੀਨ ਖਾਨ ਹਾਕਮ ਸੀ ਅਤੇ ਉਸ ਦਾ ਮੁਖ ਮੰਤਰੀ ਸੱਯਦ ਭਿਖਾਰੀ ਖ਼ਾਨ ਸੀ। ਪਰ ਬਹੁਤੀ ਕਰਤਾ ਧਰਤਾ ਮੰਨੂੰ ਦੀ ਵਿਧਵਾ ਮੁਰਾਦ ਬੇਗਮ ਸੀ। ਇਹ ਸੋਚ ਕੇ ਕਿ ਇਸ ਵਸਾਖੀ ਪਰ ਸਿੰਘਾਂ ਦਾ ਇਕ ਭਾਰੀ ਇਕੱਠ ਹੋਵੇਗਾ ਲਾਹੌਰੋਂ ਇਕ ਫ਼ੌਜ ਅਜੀਜ ਬੇਗ਼ ਅਤੇ ਬਖਸ਼ਿੰਦਾ ਬੇਗ਼ ਦੇ ਤਹਿਤ ਵਿਚ ਅੰਮ੍ਰਿਤਸਰ ਭੇਜੀ ਗਈ ਤਾਂ ਕਿ

Sri Satguru Jagjit Singh Ji eLibrary

ਸਿੰਘਾਂ ਦੇ ਇਕੱਠ ਨੂੰ ਖਿਦੇੜ ਦੇਵੇ ਅਤੇ ਲੋੜ ਅਨੁਸਾਰ ਹੋਰ ਕਾਰਵਾਈ ਕਰੇ। ਪਰ ਸਰਦਾਰ ਜੱਸਾ ਸਿੰਘ ਨੇ ਇਕ ਅਜੇਹਾ ਜੋਰਦਾਰ ਅਤੇ ਅਚਨਚੇਤ ਹੱਲਾ ਕੀਤਾ ਕਿ ਲਾਹੌਰੀ ਫ਼ੌਜ ਸਿੰਘਾਂ ਦਾ ਟਾਕਰਾ ਨਾ ਕਰ ਸਕੀ ਅਤੇ ਭੱਜ ਨਿਕਲੀ। ਅਜੀਜ਼ ਬੇਗ ਨੂੰ ਹੋਈ ਇਸ ਹਾਰ ਨਾਲ ਜਿੱਥੇ ਲਾਹੌਰ ਦੀ ਹਕੂਮਤ ਨੂੰ ਇਕ ਤਕੜੀ ਸੱਟ ਵਜੀ, ਉੱਥੇ ਸਿੱਖ ਸਰਦਾਰਾਂ ਦੇ ਹੌਸਲੇ ਦੂਣੇ ਚੌਣੇ ਹੋ ਗਏ ਅਤੇ ਉਹ ਅਗਲੀਆਂ ਮੱਲਾਂ ਮਾਰਾਂ ਲਈ ਸ਼ੇਰ ਹੋ ਗਏ।

ਅਧਿਆਇ ਬਾਰ੍ਹਵਾਂ

# ਖਾਲਸੇ ਦੀਆਂ ਮਿਸਲਾਂ ਅਤੇ 'ਰਾਖੀ'-ਪਰਬੰਧ

ਲਾਹੌਰ ਦੇ ਲਾਗੇ ਦਾ ਆਲਾ ਦੁਆਲਾ ਛੱਡ ਕੇ ਖਾਲਸੇ ਦੀਆਂ ਮੱਲਾਂ ਮਾਰਾਂ ਇਸ ਵੇਲੇ ਹੋਰ ਸਾਰੀ ਪਾਸੀਂ ਵਧ ਰਹੀਆਂ ਸਨ। ਤਰੁਣਾ ਦਲ ਦੇ ਜੱਥੇ ਹੁਣ ਕਈ ਛੋਟੇ ਛੋਟੇ ਜਥਿਆਂ ਵਿਚ ਵੰਡ ਹੋ ਗਏ ਅਤੇ ਜਿਸ ਮਨਚਲੇ ਸਿੰਘ ਨਾਲ ਕੁਝ ਨੌਜਵਾਨ ਘੋੜ-ਚੜ੍ਹਿਆਂ ਦੀ ਕੋੜ੍ਹੀ ਬਹੁਤ ਜਮੀਅਤ ਹੋ ਗਈ ਉਸੇ ਨੇ ਹੀ, ਜਿਥੇ ਜਿਥੇ ਉਸ ਦਾ ਦਾਉ ਲੱਗਾ, ਹੱਥ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ। ਇਨ੍ਹਾਂ ਸਰਦਾਰਾਂ ਦੀ ਗਿਣਤੀ ਵੱਧਦੀ ਵੱਧਦੀ ਸੱਠਾਂ ਤੋਂ ਭੀ ਟੱਪ ਗਈ। ਪਰ ਜਦ ਕਦੀ ਕੋਈ ਸਾਂਝੀ ਮੁਹਿੰਮ ਆ ਪੈਂਦੀ ਸੀ, ਤਾਂ ਇਹ ਛੋਟੇ ਛੋਟੇ ਸਭ ਸਰਦਾਰ ਕਿਸੇ ਨਾ ਕਿਸੇ ਵੱਡੇ ਸਰਦਾਰ ਦੀ ਅਗਵਾਈ ਹੇਠ ਹੋ ਕੇ ਧਾਵਿਆਂ ਵਿਚ ਸ਼ਾਮਲ ਹੋ ਜਾਂਦੇ ਸਨ। ਇਸ ਤਰ੍ਹਾਂ ਜੱਥੇਬੰਦੀ ਪੀਡੀ ਅਤੇ ਮਜਬੂਤ ਹੋ ਜਾਂਦੀ ਸੀ ਅਤੇ ਮੁਹਿੰਮ ਦੀ ਸਫ਼ਲਤਾ ਜਿਆਦਾ ਯਕੀਨੀ। ਇਨ੍ਹਾਂ ਵਡੇਰੀਆਂ ਜੱਥੇਬੰਦੀਆਂ ਨੂੰ ਮਿਸਲਾਂ ਕਿਹਾ ਜਾਂਦਾ ਸੀ ਅਤੇ ਇਨ੍ਹਾਂ ਦੇ ਸਰਦਾਰਾਂ ਨੂੰ ਮਿਸਲਦਾਰ। ਇਨ੍ਹਾਂ ਪ੍ਰਸਿੱਧ ਮਿਸਲਾਂ ਦੀ ਗਿਣਤੀ ਹੌਲੀ ਹੌਲੀ ਬਾਰਾਂ ਤਕ ਪੁੱਜ ਗਈ:

ਪਹਿਲੀ ਮਿਸਲ—ਭੰਗੀਆਂ, ਮੋਢੀ ਸਰਦਾਰਾ ਛੱਜਾ ਸਿੰਘ, ਭੰਗਾ ਸਿੰਘ; ਪ੍ਰਸਿੱਧ ਸਰਦਾਰ ਹਰੀ ਸਿੰਘ, ਝੰਡਾ ਸਿੰਘ, ਗੰਡਾ ਸਿੰਘ

ਦੂਜੀ—ਰਾਮਗੜ੍ਹੀਆਂ, ਮੋਢੀ ਸਰਦਾਰ ਖੁਸ਼ਹਾਲ ਸਿੰਘ ਕੱਕੜ, ਨੰਦ ਸਿੰਘ ਸਾਂਘਣੀਆਂ; ਪ੍ਰਸਿਧ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਜੋਧ ਸਿੰਘ ਰਾਮਗੜ੍ਹੀਆ

ਤੀਜੀ—ਕਨ੍ਹਈਆਂ, ਮੋਢੀ ਸਰਦਾਰ ਜੈ ਸਿੰਘ ਕਨ੍ਹਈਆ

ਚੌਥੀ—ਨਕਈ, ਮੋਢੀ ਸਰਦਾਰ ਹੀਰਾ ਸਿੰਘ ਨਕਈ; ਪ੍ਰਸਿੱਧ ਸਰਦਾਰ ਨਾਹਰ ਸਿੰਘ ਅਤੇ ਰਣ ਸਿੰਘ

ਪੰਜਵੀਂ—ਡੱਲੇਵਾਲੀਏ, ਮੋਢੀ ਸਰਦਾਰ ਗੁਲਾਬ ਸਿੰਘ; ਪ੍ਰਸਿਧ ਸਰਦਾਰ ਤਾਰਾ ਸਿੰਘ ਗੈਬਾ

ਛੇਵੀਂ—ਆਹਲੂਵਾਲੀਆਂ, ਮੋਢੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ

ਸੱਤਵੀਂ—ਨਿਸ਼ਾਨਾਂ ਵਾਲੇ, ਮੋਢੀ ਸਰਦਾਰ ਸੰਗਤ ਸਿੰਘ, ਮੋਹਰ ਸਿੰਘ

Sri Satguru Jagjit Singh ji elibrary

ਅੱਠਵੀਂ—ਫੈਜ਼ੁੱਲਾ ਪੁਰੀਆਂ (ਸਿੰਘ ਪੁਰੀਆਂ), ਮੋਢੀ ਸਰਦਾਰ ਕਪੂਰ ਸਿੰਘ
ਨੌਵੀਂ—ਕਰੋੜ ਸਿੰਘੀਆਂ, ਮੋਢੀ ਸਰਦਾਰ ਕਰੋੜਾ ਸਿੰਘ ਪੰਜਗ੍ਰਾਂਈਆਂ
ਦਸਵੀਂ—ਸ਼ਹੀਦਾਂ, ਮੋਢੀ ਸਰਦਾਰ ਬਾਬਾ ਦੀਪ ਸਿੰਘ
ਗਿਆਰ੍ਹਵੀਂ—ਸ਼ੁੱਕਰਚੱਕੀਆਂ, ਮੋਢੀ ਸਰਦਾਰ ਨੌਧ ਸਿੰਘ, ਬੁੱਢਾ ਸਿੰਘ; ਪ੍ਰਸਿੱਧ ਸਰਦਾਰ ਚੜ੍ਹਤ ਸਿੰਘ, ਮਹਾਂ ਸਿੰਘ, ਰਣਜੀਤ ਸਿੰਘ
ਬਾਰ੍ਹਵੀਂ—ਫੂਲਕਿਆਂ, ਮੋਢੀ ਸਰਦਾਰ ਬਾਬਾ ਆਲਾ ਸਿੰਘ ਫੂਲਕਾ; ਪ੍ਰਸਿੱਧ ਸਰਦਾਰ ਮਹਾਰਾਜਾ ਅਮਰ ਸਿੰਘ, ਪਟਿਆਲਾ
ਸਰਦਾਰ ਹਮੀਰ ਸਿੰਘ, ਨਾਭਾ
ਰਾਜਾ ਗਜਪਤ ਸਿੰਘ, ਰਾਜਾ ਭਾਗ ਸਿੰਘ, ਜੀਂਦ

ਸੰਨ 1753 ਵਿਚ ਮੀਰ ਮੰਨੂੰ ਦੀ ਮੌਤ ਤੋਂ ਸੰਨ 1765 ਤਕ ਜਦ ਕਿ ਖਾਲਸੇ ਨੇ ਲਾਹੌਰ ਉੱਤੇ ਪੱਕਾ ਕਬਜ਼ਾ ਜਮਾ ਲਿਆ, ਬਾਰਾਂ ਵਰ੍ਹੇ ਪੰਜਾਬ ਵਿਚ ਬੜੀ ਗੜਬੜ ਅਤੇ ਅਫਰਾ ਤਫਰੀ ਦਾ ਜ਼ਮਾਨਾ ਸੀ ਅਤੇ ਕੋਈ ਪੱਕੀ ਅਮਨ ਵਾਲੀ ਹਕੂਮਤ ਨਹੀਂ ਸੀ ਕਾਇਮ ਹੋ ਸਕੀ। ਇਸ ਵੇਲੇ ਦਿੱਲੀ ਦੀ ਮੁਗਲ ਹਕੂਮਤ, ਅਫਗਾਨਿਸਤਾਨ ਦੇ ਬਾਦਸ਼ਾਹ ਅਹਿਮਦ ਸ਼ਾਹ ਦੁੱਰਾਨੀ, ਦੱਖਣ ਦੇ ਮਰਾਠੇ ਸਰਦਾਰਾਂ ਅਤੇ ਪੰਜਾਬ ਦੇ ਸਿੰਘ ਸਰਦਾਰਾਂ ਵਿਚ ਇਥੇ ਆਪਸ ਵਿਚ ਖਿਚਾ ਖਿੱਚੀ, ਧੱਕਾ ਜ਼ੋਰੀ ਅਤੇ ਨਿਤ ਨਵੇਂ ਰੋਜ਼ ਫੌਜਾਂ ਦੀ ਚੜ੍ਹਾਈ ਹੋ ਰਹੀ ਸੀ ਅਤੇ ਲੁੱਟ ਮਾਰ ਮਚੀ ਹੋਈ ਸੀ। ਇਸ ਹਾਲਤ ਵਿਚ ਇਥੇ ਸਭ ਤੋਂ ਵਧ ਦੁਖੀ ਪਿੰਡਾਂ ਅਤੇ ਸ਼ਹਿਰਾਂ ਦੇ ਲੋਕ ਸਨ ਜਿਨ੍ਹਾਂ ਦੇ ਘਰ ਘਾਟ, ਖਾਣਾ ਦਾਣਾ, ਮਾਲ ਮਤਾਹ, ਡੰਗਰ ਵੱਛਾ ਅਤੇ ਰੁਪਇਆ ਪੈਸਾ ਹਰ ਤੀਸਰੇ ਦਿਨ ਲੁਟੇ ਜਾਂਦੇ ਸਨ। ਕੋਈ ਇਨ੍ਹਾਂ ਨੂੰ ਰਸਦ ਪਾਣੀ ਲਈ ਲੁਟਦਾ ਸੀ, ਕੋਈ ਮਾਲ ਦੇ ਲਾਲਚ ਨਾਲ, ਅਤੇ ਕੋਈ ਆਪਣਾ ਤਹਿਤ ਅਤੇ ਰਾਜ ਬਿਠਾਉਣ ਅਤੇ ਰੁਹਬ ਪਾਉਣ ਲਈ। ਗੱਲ ਕੀ, ਲੁਟਾਈ ਅਤੇ ਉਗ੍ਰਾਹੀ ਲਈ ਤਾਂ ਹਰ ਕੋਈ ਚੜ੍ਹ ਚੜ੍ਹ ਆਉਂਦਾ ਸੀ, ਪਰ ਇਨ੍ਹਾਂ ਗਰੀਬਾਂ ਦੀ ਸਹਾਇਤਾ ਅਤੇ ਰਾਖੀ ਕਰਨ ਲਈ ਕੋਈ ਭੀ ਨਹੀਂ ਸੀ ਕੁਝ ਕਰ ਰਿਹਾ। ਦਿੱਲੀ ਵਾਲੇ ਤਾਂ ਰਾਖੀ ਕਰਨ ਜੋਗੇ ਹੀ ਨਹੀਂ ਸਨ। ਉਨ੍ਹਾਂ ਨੂੰ ਤਾਂ ਆਪ ਕਦੀ ਨਾਦਰ ਸ਼ਾਹ ਈਰਾਨੀ ਲੁੱਟ ਲੈਂਦਾ ਸੀ ਅਤੇ ਕਦੀ ਅਹਿਮਦ ਸ਼ਾਹ ਦੁੱਰਾਨੀ, ਅਤੇ ਕਦੀ ਮਰਾਠੇ ਅਤੇ ਜਾਟ ਆ ਝਾੜੂ ਫੇਰਦੇ ਸਨ। ਹਾਕਮਾਂ ਦੀ ਆਪਸ ਵਿਚ ਭੀ ਖਟ ਪਟ ਹੀ ਰਹਿੰਦੀ ਸੀ। ਅਹਿਮਦ ਸ਼ਾਹ ਤਾਂ ਆਉਂਦਾ ਹੀ ਲੁਟ ਮਾਰ ਕਰਨ ਸੀ ਅਤੇ ਇਥੇ ਦੀ ਦੌਲਤ ਨਾਲ ਕੰਧਾਰ ਅਤੇ ਕਾਬੁਲ ਨੂੰ ਅਮੀਰ ਬਣਾਉਣ ਲਈ। ਮਰਾਠੇ ਦੂਰ ਦੱਖਣ ਦੇਸ ਦੇ ਵਸਨੀਕ ਸਨ, ਉਨ੍ਹਾਂ ਵਾਸਤੇ ਪੰਜਾਬ ਕਮਾਊ ਫੌਜੀਆਂ ਲਈ ਇਕ ਪਰਦੇਸੀ ਛਾਉਣੀ ਸੀ। ਨਾ ਉਨ੍ਹਾਂ ਨੂੰ ਇਸ ਦੇਸ ਨਾਲ ਕੋਈ ਲਗਾਉ ਅਤੇ ਪ੍ਰੇਮ ਸੀ ਅਤੇ ਨਾ ਹੀ ਇਥੇ ਦੇ ਲੋਕਾਂ ਦੇ ਲਈ ਕੋਈ ਭਾਈ-ਬੰਦੀ ਅਤੇ ਹਮਦਰਦੀ।

ਇਕ ਕੇਵਲ ਪੰਜਾਬ ਦੇ ਸਿੰਘ ਸਰਦਾਰ ਹੀ ਸਨ ਜਿਨ੍ਹਾਂ ਦਾ ਇਹ ਆਪਣਾ ਦੇਸ਼

ਸੀ। ਇੱਥੇ ਹੀ ਉਨ੍ਹਾਂ ਦੇ ਪਿਉ ਦਾਦੇ ਜੰਮੇ, ਪਲੇ ਅਤੇ ਰਹੇ ਸਨ। ਇੱਥੇ ਦੀ ਮਿੱਟੀ ਦੇ ਹੀ ਉਹ ਬਣੇ ਹੋਏ ਸਨ। ਇੱਥੇ ਦੇ ਪਿੰਡਾਂ ਵਿਚ ਹੀ ਉਨ੍ਹਾਂ ਦੇ ਘਰ ਘਾਟ ਸਨ ਜਿਥੇ ਉਨ੍ਹਾਂ ਦੀਆਂ ਮਾਵਾਂ, ਭੈਣਾਂ, ਧੀਆਂ, ਭਰਾ, ਭਾਈ, ਸੰਬੰਧੀ ਅਤੇ ਕੁਟੰਬ ਵਸਦੇ ਸਨ ਜਿਨ੍ਹਾਂ ਦੀ ਸੇਵਾ ਅਤੇ ਰਾਖੀ ਉਨ੍ਹਾਂ ਦਾ ਧਾਰਮਕ ਅਤੇ ਸਮਾਜਕ ਫਰਜ ਸੀ। ਇਥੇ ਹੀ ਇਨ੍ਹਾਂ ਸਿੰਘ ਸਰਦਾਰਾਂ ਅਤੇ ਉਨ੍ਹਾਂ ਦੇ ਸੰਗੀਆਂ ਸਾਥੀਆਂ ਜੀਉਣਾ ਅਤੇ ਮਰਨਾ ਸੀ। ਇੱਥੇ ਹੀ ਉਨ੍ਹਾਂ ਦੀ ਸਭ ਜਾਇਦਾਦ, ਮਾਲ ਮਤਾਹ ਅਤੇ ਖੇਤ ਫਸਲਾਂ ਸਨ ਜਿਨ੍ਹਾਂ ਦੀ ਰਾਖੀ ਹੋਣ ਨਾਲ ਹੀ ਉਨ੍ਹਾਂ ਦੀ ਜਿੰਦਗੀ ਸੁਖੀ ਹੋ ਸਕਦੀ ਸੀ ਅਤੇ ਉਹ ਲੜ ਮਰ ਭੀ ਇਸੇ ਲਈ ਰਹੇ ਸਨ ਕਿ ਕੋਈ ਹੋਰ ਪਰਾਇਆ—ਮੁਗਲ ਹੋਵੇ ਜਾਂ ਈਰਾਨੀ, ਦੁਰਾਨੀ ਜਾਂ ਮਰਾਠਾ—ਉਨ੍ਹਾਂ ਦੀ ਇੱਜ਼ਤ, ਦੌਲਤ, ਘਰ ਬਾਰ ਅਤੇ ਦੇਸ ਪਰ ਲੁੱਟ ਮਾਰ ਨਾ ਕਰ ਸਕੇ ਅਤੇ ਉਹ ਅਮਨ ਚੈਨ ਨਾਲ ਸੁਤੰਤਰ ਜੀਵਨ ਬਤੀਤ ਕਰ ਸਕਣ। ਇਹ ਠੀਕ ਹੈ ਕਿ ਇਥੇ ਕਾਇਮ ਹੋਈ ਹੋਈ ਜ਼ੁਲਮੀ ਹਕੂਮਤ ਨੂੰ ਕਮਜੋਰ ਅਤੇ ਨਿਹੱਥਾ ਕਰਨ ਲਈ ਉਨ੍ਹਾਂ ਨੂੰ ਸਰਕਾਰੀ ਖਜ਼ਾਨਿਆਂ, ਕਾਫਲਿਆਂ, ਠਾਣਿਆਂ ਅਤੇ ਕਿਲਿਆਂ ਪਰ ਕਈ ਵਾਰੀ ਛਾਪੇ ਮਾਰਨੇ ਜਾਂ ਧਾਵੇ ਕਰਨੇ ਪੈਂਦੇ ਸਨ ਅਤੇ ਸਰਕਾਰ ਦੇ ਅਤਿਆਚਾਰੀ ਖੁਸ਼ਾਮਦੀਆਂ ਅਤੇ ਹੱਥ-ਠੋਕਿਆਂ ਵਿਰੁੱਧ ਹੱਲੇ ਕਰਨ ਦੀ ਲੋੜ ਪੈਂਦੀ ਸੀ। ਪਰ ਸਿੰਘਾਂ ਲਈ ਇਹ ਕੇਵਲ ਅਜਿਹੇ ਸਾਧਨ ਸਨ ਜਿਨ੍ਹਾਂ ਦਾ ਉੱਦੇਸ਼ ਜਨਤਾ ਨੂੰ ਦੁਖ ਦੇਣ ਵਾਲਿਆਂ ਨੂੰ ਖ਼ਤਮ ਕਰ ਕੇ ਸੁਖ ਵਰਤਾਉਣਾ ਸੀ; ਆਪਣੇ ਪਿੰਡਾਂ ਅਤੇ ਆਪਣੇ ਘਰਾਂ ਵਿਚ ਅਮਨ ਅਤੇ ਸੁਖ ਵਰਤਾਉਣਾ ਸੀ।

ਇਸ ਲਈ ਜਦ ਉਹ ਆਪ ਮੱਲਾਂ ਮਾਰਨ ਅਤੇ ਕਬਜੇ ਕਰਨ ਲਈ ਜੱਥੇ ਅਤੇ ਮਿਸਲਾਂ ਬਣਾ ਕੇ ਨਿਕਲੇ ਤਾਂ ਇਸ ਦਾ ਮਤਲਬ ਕੇਵਲ ਆਪਣੇ ਹੀ ਪਿੰਡਾਂ ਤੋਂ ਪਰਾਈ ਅਤਿਆਚਾਰੀ ਸਰਕਾਰ ਨੂੰ ਉਠਾਉਣਾ ਅਤੇ ਉਨ੍ਹਾਂ ਪਿੰਡਾਂ ਦੀ ਰਾਖੀ ਕਰਨਾ ਸੀ। ਪਰ ਅਫਰਾ ਤਫਰੀ ਦੇ ਵੇਲੇ ਕਈ ਵਾਰੀ ਗਲਤੀ ਅਤੇ ਵਧੀਕੀ ਭੀ ਹੋ ਜਾਂਦੀ ਹੈ ਅਤੇ ਆਪਣੇ ਹੱਥੋਂ ਆਪਣਿਆਂ ਨੂੰ ਅਤੇ ਆਪਣਿਆਂ ਦੇ ਹੱਥੋਂ ਆਪ ਨੂੰ ਦੁਖ ਪਹੁੰਚਣ ਦਾ ਡਰ ਹੋ ਜਾਂਦਾ ਹੈ। ਇਸ ਡਰ ਨੂੰ ਦੂਰ ਕਰਨ ਲਈ ਹੀ ਮਿਸਲਾਂ ਦੇ ਸਰਦਾਰਾਂ ਅਤੇ ਜਥਿਆਂ ਦੇ ਆਗੂਆਂ ਨੇ ਇਹ ਫੈਸਲਾ ਕੀਤਾ ਕਿ ਜਿਥੇ ਕਿਧਰੇ ਭੀ ਕੋਈ ਦਲ ਜਾਂ ਜੱਥਾ ਜਾਂ ਸਰਦਾਰ ਆਪਣਾ ਕਬਜ਼ਾ ਕਰੇ ਜਾਂ ਠਾਣਾ ਬਿਠਾਵੇ ਤਾਂ ਉਸ ਸ਼ਹਿਰ, ਪਿੰਡ ਜਾਂ ਇਲਾਕੇ ਦੀ ਰਾਖੀ ਦੀ ਸਾਰੀ ਜੁਮੇਵਾਰੀ ਉਸ ਦੇ ਸਿਰ ਹੋਵੇਗੀ। ਇਸੇ ਤਰ੍ਹਾਂ ਜੇ ਕੋਈ ਪਿੰਡ ਜਾਂ ਤਪਾ ਆਪ ਕਿਸੇ ਮਿਸਲ ਵਿਚ ਜਾਣਾ ਚਾਹੇ ਤਾਂ ਉਹ ਪ੍ਰਣ ਕਰੇ ਕਿ ਉਹ ਹਾੜੀ ਸਾਉਣੀ ਸਾਲ ਵਿਚ ਦੋ ਵਾਰੀ ਆਮਦਨ ਦਾ ਪੰਜਵਾਂ ਹਿੱਸਾ ਦੇ ਦਿਆ ਕਰੇਗਾ ਅਤੇ ਉਸ ਦੀ ਰਾਖੀ ਉਸ ਮਿਸਲ ਦੇ ਸਿਰ ਹੋਵੇਗੀ, ਭਾਵੇਂ ਉਹ ਰਾਖੀ ਚੋਰਾਂ ਧਾੜਵੀਆਂ, ਗੁਆਂਢੀਆਂ ਦੀਆਂ ਵਧੀਕੀਆਂ ਜਾਂ ਸਰਕਾਰੀ ਅਤਿਆਚਾਰਾਂ ਜਾਂ ਦਖ਼ਲ ਤੋਂ ਹੋਵੇ। ਗੱਲ ਕੀ ਸਿੰਘ ਮਿਸਲਦਾਰ ਸਰਦਾਰਾਂ ਨੇ ਆਪਣੇ ਆਪਣੇ ਇਲਾਕਿਆਂ ਵਿਚ ਲੋਕਾਂ ਦੀ ਜਾਨ ਮਾਲ ਦੀ ਸਾਰੀ ਰਾਖੀ ਆਪਣੇ ਸਿਰ ਚੁੱਕ ਲਈ ਅਤੇ ਇਸ 'ਰਾਖੀ' ਦੀ ਸੇਵਾ ਦਾ ਥਾਂ ਪਰ ਥਾਂ ਉਨ੍ਹਾਂ ਨੇ ਖੁੱਲ੍ਹਾ ਏਲਾਨ ਕਰ ਦਿੱਤਾ।

Sri Satguru Jagjit Singh Ji eLibrary

ਇਸ ਦੇ ਨਾਲ ਹੀ ਸਿੰਘ ਸਰਦਾਰਾਂ ਨੇ ਆਪਸ ਵਿਚ ਇਹ ਮਨੌਤ ਕਰ ਲਈ ਕਿ ਉਹ ਇਕ ਦੂਸਰੇ ਦੇ ਰਾਖੀ ਦੇ ਪ੍ਰਣ ਅਤੇ ਪ੍ਰਬੰਧ ਦਾ ਪੂਰਾ ਪੂਰਾ ਸਤਿਕਾਰ ਕਰਨਗੇ ਅਤੇ ਇਕ ਦੂਸਰੇ ਦੇ 'ਰਾਖੀ' ਵਾਲੇ ਇਲਾਕੇ ਵਿਚ ਕਿਸੇ ਪਰਕਾਰ ਦਾ ਦਖ਼ਲ ਨਹੀਂ ਦੇਣਗੇ ਅਤੇ ਜੇ ਕਿਧਰੇ ਕੋਈ ਓਪਰਾ ਇਸ ਵਿਚ ਕਿਸੇ ਤਰ੍ਹਾਂ ਦਖ਼ਲ ਦੇਵੇਗਾ ਤਾਂ ਦੂਸਰੇ ਸਰਦਾਰ ਰਲ ਕੇ ਉਸ 'ਰਾਖੀ' ਵਾਲੇ ਸਰਦਾਰ ਅਤੇ ਇਲਾਕੇ ਦੀ ਸਹਾਇਤਾ ਕਰਨਗੇ।

ਇਸ ਦੇ ਨਾਲ ਹੀ ਮਿਸਲਦਾਰ ਹਰ ਦਿਵਾਲੀ ਅਤੇ ਵਿਸਾਖੀ ਦੇ ਮੌਕੇ ਅੰਮ੍ਰਿਤਸਰ ਪੁੱਜ ਕੇ ਆਪਣੇ ਆਪਣੇ ਮੱਲੇ ਇਲਾਕਿਆਂ ਦਾ ਨਿਰਣਾ ਕਰ ਲੈਂਦੇ ਸਨ ਤਾਂ ਕਿ ਕਿਸੇ ਨੂੰ ਕੋਈ ਭੁਲੇਖਾ ਨਾ ਰਹੇ ਅਤੇ ਕਿਸੇ ਹੋਰ ਦੀ ਮੱਲ ਉੱਤੇ ਮੇਰ ਨਾ ਜਗਾਏ। ਸੋਢੀ ਜਵਾਹਰ ਸਿੰਘ ਕਰਤਾਰਪੁਰੀਏ ਦੀ ਲਿਖਤ 'ਬਾਰਾਂ ਮਿਸਲਾਂ' ਅਨੁਸਾਰ ਇਨ੍ਹਾਂ ਮੌਕਿਆਂ ਪਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵਖ ਵਖ ਸਰਦਾਰਾਂ ਦੀਆਂ ਫਰਦਾਂ ਬਣਾ ਲਿਆ ਕਰਦੇ ਸਨ ਅਤੇ ਜਦ ਕੋਈ ਸਰਦਾਰ ਕਿਸੇ ਅਜਿਹੀ ਥਾਂ ਦਾ ਆ ਜ਼ਿਕਰ ਕਰਦਾ ਸੀ ਜੋ ਅੱਗੇ ਹੀ ਕਿਸੇ ਹੋਰ ਨੇ ਮੱਲ ਲਈ ਹੁੰਦੀ ਸੀ ਤਾਂ ਸਰਦਾਰ ਜੱਸਾ ਸਿੰਘ ਉਸ ਨੂੰ ਕਹਿ ਦਿੰਦੇ ਸਨ ਕਿ 'ਯਿਹ ਤੁਮਹਾਰੀ ਮਿਸਲ ਮੇ ਨਹੀਂ ਜਾ ਸਕਤਾ, ਪਹਿਲੇ ਹੀ ਅਮਕੇ ਸਰਦਾਰ ਕੀ ਮਿਸਲ ਮੇਂ ਹੈ, ਤਾਂ ਉਹ 'ਸਤਿ ਬਚਨ' ਕਹਿ ਕੇ ਚੁਪ ਕਰ ਜਾਂਦਾ ਸੀ ਅਤੇ ਕੋਈ ਹੁੱਤ ਜਾਂ ਜ਼ਿਦ ਨਹੀਂ ਸੀ ਕਰਦਾ। ਇਸ ਤਰ੍ਹਾਂ ਇਸ 'ਮਿਸਲ' ਸ਼ਬਦ ਦੀ ਵਰਤੋਂ ਜੋ ਸਰਦਾਰ ਜੱਸਾ ਸਿੰਘ ਤਾਂ ਕਾਗਜ਼ ਦੀਆਂ ਫਰਦਾਂ ਲਈ ਕਰਦੇ ਸਨ, ਦੂਸਰੇ ਸਿੰਘਾਂ ਵਿਚ ਆਪਣੇ ਇਲਾਕੇ ਅਤੇ ਜੱਥੇ ਲਈ ਭੀ ਹੋਣ ਲੱਗ ਪਈ। ਫ਼ਾਰਸੀ ਬੋਲੀ ਵਿਚ ਇਹ ਸ਼ਬਦ ਦਰਜੇ, ਰੁਤਬੇ ਅਤੇ ਬਰਾਬਰ ਦੇ ਅਰਥਾਂ ਵਿਚ ਭੀ ਵਰਤਿਆ ਜਾਂਦਾ ਹੈ, ਅਤੇ ਮਿਸਲਾਂ ਦੇ ਸਰਦਾਰ ਆਪਸ ਵਿਚ ਚੂੰਕਿ ਬਰਾਬਰ ਦਰਜੇ ਦੇ ਹੁੰਦੇ ਸਨ ਅਤੇ ਇਕ ਦੂਜੇ ਵਿਚ ਕਿਸੇ ਊਚ ਨੀਚ ਦਾ ਫਰਕ ਨਹੀਂ ਸੀ ਹੁੰਦਾ, ਇਸ ਕਰਕੇ ਇਸ ਸ਼ਬਦ ਦੀ ਵਰਤੋਂ ਸਿੱਖ ਮਿਸਲਾਂ ਲਈ ਕੋਈ ਅਢੁੱਕਵੀਂ ਨਹੀਂ ਸੀ।

ਮਿਸਲਦਾਰ ਸਿੱਖ ਸਰਦਾਰਾਂ ਦੇ ਆਪਣੇ ਆਪਣੇ ਮੱਲੇ ਇਲਾਕਿਆਂ ਵਿਚ ਅਤੇ ਬਾਹਰ ਆਪਣੇ 'ਰਾਖੀ' ਪ੍ਰਬੰਧ ਦੇ ਏਲਾਨ ਨਾਲ ਨਾ ਕੇਵਲ ਸ਼ਹਿਰੀ ਅਤੇ ਪੇਂਡੂ ਜਨਤਾ ਨੂੰ ਹੀ ਅਮਨ ਚੈਨ ਨਾਲ ਜੀਵਨ ਗੁਜ਼ਾਰ ਸਕਣ ਦੀ ਆਸ ਬੱਝ ਗਈ ਬਲਕਿ ਖੇਤੀ ਬਾੜੀ, ਵਪਾਰ ਅਤੇ ਹੋਰ ਕੰਮਾਂ ਕਾਰਾਂ ਲਈ ਭੀ ਚੰਗਾ ਵਾਤਾਵਰਨ ਪੈਦਾ ਹੋ ਜਾਣ ਨਾਲ ਆਰਥਕ ਉੱਨਤੀ ਲਈ ਭੀ ਰਾਹ ਖੁਲ੍ਹ ਗਿਆ। ਸਭ ਤੋਂ ਵੱਡੀ ਗੱਲ ਇਹ ਹੋਈ ਕਿ ਜਾਨ ਮਾਲ ਦੀ ਰਾਖੀ ਦੇ ਭਰੋਸੇ ਨਾਲ ਆਮ ਜਨਤਾ ਦਾ ਸਿੱਖ ਸਰਦਾਰਾਂ ਪਰ ਭਰੋਸਾ ਜੰਮ ਗਿਆ ਅਤੇ ਛੋਟੇ ਵੱਡੇ ਤਪੇਦਾਰ ਅਤੇ ਜ਼ਿਮੀਂਦਾਰ ਇਨ੍ਹਾਂ ਦੀ 'ਰਾਖੀ' ਵਿਚ ਆਉਣਾ ਖ਼ੁਸ਼ੀ ਨਾਲ ਪਰਵਾਨ ਕਰਨ ਲੱਗ ਪਏ। ਇਸ ਨਾਲ ਸਿੱਖ ਮਿਸਲਾਂ ਦੇ ਇਲਾਕਿਆਂ ਦਾ ਘੇਰਾ ਵਧਣ ਲੱਗ ਪਿਆ ਅਤੇ ਸਿੱਖ ਲੋਕ-ਰਾਜ ਦੀਆਂ ਜੜ੍ਹਾਂ ਪੱਕੀਆਂ ਹੋਣ ਲੱਗ ਪਈਆਂ।

ਆਪਣੇ ਪੁਰਾਣੇ ਪਿੰਡਾਂ ਵਿਚ ਅਤੇ ਉਨ੍ਹਾਂ ਦੇ ਲਾਗੇ ਲਾਗੇ ਕਬਜ਼ੇ ਕਰਨ ਦਾ ਖ਼ਿਆਲ

Sri Satguru Jagjit Singh Ji eLibrary

ਤਾਂ ਸਿੱਖ ਸਰਦਾਰਾਂ ਵਿਚ ਹੋਣਾ ਸੁਭਾਵਕ ਹੀ ਸੀ, ਪਰ ਇਨ੍ਹਾਂ ਤੋਂ ਬਿਨਾਂ ਮਿਸਲਦਾਰਾਂ ਨੇ ਆਪਸ ਵਿਚ ਦੇਸ ਦੇ ਪਾਸੇ ਮਿਥ ਲਏ ਜਿਧਰ ਨੂੰ ਕਿ ਉਨ੍ਹਾਂ ਨੇ ਵਧਣਾ ਅਤੇ ਪੱਸਰਨਾ ਸੀ। ਇਸ ਨਾਲ ਇਕ ਤਾਂ ਆਪਸ ਵਿਚ ਵਿਖਾਧ ਦਾ ਡਰ ਨਹੀਂ ਸੀ, ਦੂਸਰੇ ਜੇ ਕੋਈ ਉਪਰਾ ਵੈਰੀ ਉਨ੍ਹਾਂ ਪਰ ਧਾਵਾ ਕਰੇ ਤਾਂ ਇਕ ਦੂਸਰੇ ਦੀ ਸਹਾਇਤਾ ਕਰਨ ਲਈ ਪੁੱਜ ਪੈਣ ਨਾਲ ਵੈਰੀ ਪਰ ਖਾਲਸਾ ਦਲ ਦਾ ਭੈ ਬਣਿਆ ਰਹਿੰਦਾ ਸੀ ਅਤੇ ਆਪਸ ਵਿਚ ਹਮਦਰਦੀ ਦੀ ਭਾਵਨਾ ਟਿਕੀ ਰਹਿੰਦੀ ਸੀ। ਇਸੇ ਭ੍ਰਾਵਨਾ ਅੰਦਰ ਕਈ ਵਾਰੀ ਖਾਲਸਾ ਦਲ ਦੇ ਦੂਸਰੇ ਮਿਸਲਦਾਰ ਸਰਦਾਰ ਬਾਬਾ ਆਲਾ ਸਿੰਘ ਪਟਿਆਲੇ ਵਾਲੇ, ਭਾਈ ਗੁਰਬਖਸ਼ ਸਿੰਘ ਕੈਥਲ ਵਾਲੇ, ਸਰਦਾਰ ਚੜ੍ਹਤ ਸਿੰਘ ਸੁੱਕਰਚੱਕੀਏ ਅਤੇ ਹੋਰ ਸਰਦਾਰਾਂ ਦੀ ਸਹਾਇਤਾ ਲਈ ਪੁੱਜਦੇ ਰਹੇ। ਇਸ ਮਤਲਬ ਲਈ ਖਾਲਸਾ ਦਲ ਦੇ ਕੁਝ ਜੱਥੇ ਸ੍ਰੀ ਅੰਮ੍ਰਿਤਸਰ ਟਿਕੇ ਰਹਿੰਦੇ ਸਨ। ਖਾਲਸਾ ਰਾਜ ਦੀ ਕਾਇਮੀ, ਤਰੱਕੀ ਅਤੇ ਰਾਖੀ ਪੰਥ ਦਾ ਸਾਂਝਾ ਕੰਮ ਸੀ ਅਤੇ ਸਾਰੇ ਮਿਸਲਦਾਰ ਸਰਦਾਰ ਜੋ ਦਲ ਖਾਲਸਾ ਦੇ ਅੰਗ ਸਨ, ਇਸ ਨੂੰ ਗੁਰੂ-ਪੰਥ ਦੀ ਸੇਵਾ ਸਮਝ ਕੇ ਕਰਦੇ ਸਨ। ਮਿਸਲਦਾਰ ਸਰਦਾਰਾਂ ਨੂੰ 'ਸਿੰਘ ਸਾਹਿਬ' ਕਰਕੇ ਬੁਲਾਇਆ ਜਾਂਦਾ ਸੀ ਅਤੇ ਜਦ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਪੰਜਾਬ ਵਿਚ ਇਕ ਵਿਸ਼ਾਲ ਰਾਜ ਕਾਇਮ ਹੋ ਗਿਆ ਤਾਂ ਭੀ ਮਹਾਰਾਜਾ ਸਾਹਿਬ, ਇਸ ਨੂੰ ਗੁਰੂ-ਪੰਥ ਦੀ ਬਖਸ਼ਿਸ਼ ਹੀ ਕਹਿੰਦੇ ਸਨ ਅਤੇ ਮਹਾਰਾਜਾ ਸਾਹਿਬ ਨੂੰ 'ਸਿੰਘ ਸਾਹਿਬ' ਜਾਂ 'ਸਿੰਘ ਜੀ' ਕਰਕੇ ਸੰਬੋਧਨ ਕੀਤਾ ਜਾਂਦਾ ਸੀ।

ਸੱਚ ਇਹ ਹੈ ਕਿ ਸਮੁੱਚੇ 'ਪੰਜਾਬ' ਦੀ ਜੋ ਤਸਵੀਰ ਇਸ ਵੇਲੇ ਸਾਡੇ ਸਾਹਮਣੇ ਆਉਂਦੀ ਹੈ ਅਤੇ ਜਿਸ ਦੀਆਂ ਹੱਦਾਂ ਇਕ ਸਮੇਂ ਖੈਬਰ ਤੋਂ ਲੈ ਕੇ ਜਮੁਨਾ ਤਕ ਅਤੇ ਸਿੰਧ ਤੋਂ ਤਿੱਬਤ ਤਕ ਸਨ ਉਹ ਆਪਣੇ ਸਮੇਂ ਖਾਲਸੇ ਦੀਆਂ ਤਲਵਾਰਾਂ ਨੇ ਖਿੱਚੀ ਸੀ ਅਤੇ ਇਸ 'ਪੰਜਾਬ' ਨੂੰ ਅਹਿਮਦ ਸ਼ਾਹ ਦੁੱਰਾਨੀ ਦੇ ਮੱਧ-ਏਸ਼ੀਆਈ ਅਫ਼ਗਾਨੀ ਰਾਜ ਦਾ ਇਕ ਹਿੱਸਾ ਬਣਨੋਂ ਬਚਾ ਕੇ ਹਿੰਦੁਸਤਾਨ ਨਾਲ ਜੋੜਨਾ ਖਾਲਸੇ ਦਾ ਇਕ ਕ੍ਰਿਸ਼ਮਾ ਸੀ ਅਤੇ ਇਹ ਕਹਿਣਾ ਕਿ 'ਪੰਜਾਬ' ਖਾਲਸੇ ਦੀ ਹਿੰਦੁਸਤਾਨ ਨੂੰ ਇਕ ਬਖਸ਼ਿਸ਼ ਹੈ, ਇਕ ਅਟੱਲ ਇਤਿਹਾਸਕ ਸੱਚਾਈ ਹੈ। ਅਜੋਕੇ ਪੰਜਾਬ ਦਾ ਭੀ ਸੰਨ 1947 ਦੀ ਵੰਡ ਵੇਲੇ ਹਿੰਦੁਸਤਾਨ ਦਾ ਇਕ ਅੰਗ ਬਣੇ ਰਹਿਣਾ ਸਿੰਘਾਂ ਦੀ ਦੇਸ਼ ਲਈ ਮਰ ਮਿਟਣ ਵਾਲੀ ਕੁਰਬਾਨੀ ਦਾ ਹੀ ਇਕ ਸਿੱਟਾ ਹੈ।

ਆਪਣੇ ਆਪਣੇ ਪਸਾਰ ਲਈ ਜੋ ਪਾਸੇ ਦਲ ਖਾਲਸਾ ਦੇ ਸਰਦਾਰਾਂ ਨੇ ਮਿਥੇ ਸਨ, ਉਸ ਅਨੁਸਾਰ ਸਰਦਾਰ ਕਰੋੜਾ ਸਿੰਘ ਅਤੇ ਬਾਬਾ ਦੀਪ ਸਿੰਘ ਸ਼ਹੀਦ ਸਤਲੁਜੋਂ ਦੱਖਣ ਅਤੇ ਦੱਖਣ-ਚੜ੍ਹਦੇ ਨੂੰ ਹੋ ਪਏ, ਸਿੰਘ ਪੁਰੀਏ ਰੋਪੜ ਵੱਲ, ਕਨ੍ਹਈਏ ਅਤੇ ਰਾਮਗੜ੍ਹੀਏ ਰਿਆੜਕੀ ਵਿਚ ਅੰਮ੍ਰਿਤਸਰੋਂ ਉੱਤਰ-ਚੜ੍ਹਦੇ ਨੂੰ ਜ਼ਿਲਾ ਗੁਰਦਾਸਪੁਰ ਵਿਚ, ਨਕਈ ਨੱਕੇ ਦੇ ਇਲਾਕੇ ਵਿਚ ਲਾਹੌਰੋਂ ਦੱਖਣ-ਲਹਿੰਦੇ ਨੂੰ, ਅਤੇ ਸ਼ੁਕਰਚੱਕੀਏ ਅਤੇ ਭੰਗੀ ਰਚਨਾ ਅਤੇ ਚੱਜ ਦੁਆਬਿਆਂ ਵਿਚ ਪਸਰ ਗਏ। ਨਿਸ਼ਾਨਾਂ ਵਾਲੇ ਅਤੇ ਡੱਲੇਵਾਲੀਏ ਸ੍ਰੀ ਅੰਮ੍ਰਿਤਸਰ

ਦੀ ਰਾਖੀ ਲਈ ਰਹੇ। ਫੂਲਕਿਆਂ ਦੇ ਤਿੰਨੇ ਟੱਬਰ ਪਟਿਆਲਾ, ਨਾਭਾ ਅਤੇ ਜੀਂਦ, ਜੰਗਲ, ਮਾਲਵੇ ਅਤੇ ਲਹਿੰਦੇ ਪ੍ਰਆਧ ਵਿਚ ਮੱਲਾਂ ਮਾਰਨ ਲੱਗ ਪਏ। ਇਸ ਤਰ੍ਹਾਂ ਸਰਦਾਰ ਜੱਸਾ ਸਿੰਘ ਦਾ ਬਹੁਤਾ ਇਲਾਕਾ ਜਾਲੰਧਰੋਂ ਉੱਤਰ-ਲਹਿੰਦੇ, ਲਹਿੰਦੇ ਅਤੇ ਦੱਖਣ-ਲਹਿੰਦੇ ਵੱਲ ਬਿਆਸਾ ਦੇ ਚੜ੍ਹਦੇ ਚੜ੍ਹਦੇ ਸਤਲੁਜ ਦੇ ਸੰਗਮ ਤਕ ਸੀ, ਕੁਝ ਪਿੰਡ ਪਾਰ ਦੱਖਣ ਨੂੰ ਭੀ ਸਨ ਅਤੇ ਕੁਝ ਹੁਸ਼ਿਆਰਪੁਰ ਦੇ ਜਿਲੇ ਵਿਚ ਹਰਿਆਣੇ ਦੇ ਉੱਤਰ-ਲਹਿੰਦੇ ਨੂੰ ਭੂੰਗੇ ਦੇ ਆਲੇ ਦੁਆਲੇ ਸਨ ਅਤੇ ਕੁਝ ਅੰਮ੍ਰਿਤਸਰ ਵਿਚ ਤਰਨ ਤਾਰਨ ਦੇ ਲਾਗੇ ਸਨ।

ਇਨ੍ਹਾਂ ਖ਼ਾਸ ਖ਼ਾਸ ਪਾਸਿਆਂ ਤੋਂ ਬਿਨਾ ਕਈ ਵਾਰੀ ਸਰਦਾਰਾਂ ਨੂੰ ਵੱਡੀਆਂ ਮੁਹਿੰਮਾਂ ਸਰ ਕਰਨ ਤੋਂ ਬਾਅਦ ਕੁਝ ਪਿੰਡ ਹਿੱਸੇ ਵਿਚ ਆ ਜਾਂਦੇ ਸਨ ਜਿਵੇਂ ਕਿ ਜਨਵਰੀ ਸੰਨ 1764 ਵਿਚ ਸਰਹੰਦ ਪਰ ਕਬਜ਼ਾ ਕਰਨ ਵੇਲੇ ਕਈ ਸਰਦਾਰਾਂ ਨੂੰ ਇਸ ਦੇ ਇਰਦ ਗਿਰਦ ਦੇ ਭੀ ਪਿੰਡ ਮਿਲ ਗਏ ਸਨ। ਕਈ ਵਾਰੀ ਕਿਸੇ ਖ਼ਾਸ ਮੌਕੇ ਪਰ ਕੁਝ ਪਿੰਡ ਕਿਸੇ ਸਰਦਾਰ ਵੱਲੋਂ ਕਿਸੇ ਦੂਸਰੇ ਸਰਦਾਰ ਨੂੰ ਦਿੱਤੇ ਜਾਣ ਪਰ ਸਰਦਾਰਾਂ ਦੇ ਇਲਾਕੇ ਜਾਂ ਪਿੰਡ ਇਕ ਦੂਸਰੇ ਦੇ ਇਲਾਕਿਆਂ ਵਿਚ ਰਲ ਮਿਲ ਜਾਂਦੇ ਸਨ। ਪਰ 'ਰਾਖੀ' ਦੇ ਆਪਸ ਵਿਚ ਦੇ ਮਿਥੇ ਹੋਏ ਪ੍ਰਬੰਧ ਅਨੁਸਾਰ ਕੋਈ ਸਰਦਾਰ ਕਿਸੇ ਦੂਸਰੇ ਦੇ ਪਿੰਡਾਂ ਵਿਚ ਦਖ਼ਲ ਨਹੀਂ ਸੀ ਦਿੰਦਾ ਅਤੇ ਅਸਲੀ ਰਾਖੇ ਮਾਲਕ ਸਰਦਾਰ ਨੂੰ ਉਥੇ ਦਾ ਪ੍ਰਬੰਧ ਆਪਣੇ ਢੰਗ ਅਨੁਸਾਰ ਕਰਨ ਦੀ ਪੂਰੀ ਖੁਲ੍ਹ ਹੁੰਦੀ ਸੀ।

ਕੁਝ ਅਜਿਹੇ ਪਿੰਡ ਭੀ ਸਨ ਜਿਥੇ ਦੀ ਮਾਲਕੀ ਪੱਤੀ ਵੰਡ ਅਨੁਸਾਰ ਇਕ ਨਾਲੋਂ ਵਧ ਸਰਦਾਰਾਂ ਦੀ ਹੁੰਦੀ ਸੀ ਜਿਵੇਂ ਕਿ ਮਾਲਵੇ ਵਿਚ ਪਿੰਡ ਮਹ੍ਰਾਜ ਅਤੇ ਚੱਕੀਆਂ ਆਦਿ ਵਿਚ ਸੀ ਜਿਥੇ ਕਿ ਵਖ ਵਖ ਮਾਲਕੀ ਹੋਣ ਪਰ ਭੀ ਸਭ ਆਪਸ ਵਿਚ ਰਲ ਮਿਲ ਕੇ ਅਮਨ ਅਮਾਨ ਨਾਲ ਵਸਦੇ ਸਨ।

ਇਹ ਸੀ ਸਿੱਖ ਮਿਸਲਾਂ ਅਤੇ ਸਿੰਘ ਸਰਦਾਰਾਂ ਦਾ ਸੁਖਾਂ-ਭਰਿਆ ਰਾਖੀ-ਪ੍ਰਬੰਧ ਜਿਸ ਨਾਲ ਉਹ ਹੌਲੀ ਹੌਲੀ ਸਾਰੇ ਪੰਜਾਬ ਵਿਚ ਪਸਰ ਗਏ ਅਤੇ ਇਸ ਨੂੰ ਮੁਗ਼ਲਾਂ ਦੇ ਜਬਰ ਅਤੇ ਦੁੱਰਾਨੀਆਂ ਦੀ ਲੁੱਟ ਮਾਰ ਤੋਂ ਬਚਾ ਕੇ ਆਜ਼ਾਦ ਕਰਾਇਆ। ਇਹ ਇਨ੍ਹਾਂ ਸਰਦਾਰਾਂ ਦੀ ਕੁਰਬਾਨੀ ਭਰੀ ਦਲੇਰੀ ਅਤੇ ਬਹਾਦੁਰੀ ਹੀ ਸੀ ਜਿਸ ਨੇ ਅੰਤ ਉਨ੍ਹੀਵੀਂ ਸਦੀ ਦੇ ਆਰੰਭ ਵਿਚ ਇਸ ਪੰਜਾਬ ਨੂੰ ਇਕ ਪੂਰਨ ਆਜ਼ਾਦ ਦੇਸ਼ ਦੇ ਰੂਪ ਵਿਚ ਸੰਸਾਰ ਦੇ ਰਾਜਸੀ ਨਕਸ਼ੇ ਉੱਤੇ ਦੂਸਰੇ ਆਜ਼ਾਦ ਦੇਸ਼ਾਂ ਦੇ ਬਰਾਬਰ ਲਿਆ ਖੜਾ ਕੀਤਾ ਸੀ। ਇਸ ਮਹਾਨ ਕਾਰਜ ਵਿਚ ਅਠਾਰ੍ਹਵੀਂ ਸਦੀ ਦੇ ਦੂਸਰੇ ਅੱਧ ਵਿਚ ਜੋ ਘਾਲ ਸਿੰਘ ਸਰਦਾਰਾਂ ਦੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਘਾਲੀ, ਉਸ ਲਈ ਪੰਜਾਬ ਸਦਾ ਉਨ੍ਹਾਂ ਦਾ ਰਿਣੀ ਰਹੇਗਾ।

ਨੂੰ ਮੁੜਨ ਦੀ ਤਿਆਰੀ ਕਰ ਲਈ।

ਅਹਿਮਦ ਸ਼ਾਹ ਨੇ 14 ਫਰਵਰੀ ਸੰਨ 1757 ਨੂੰ ਦਿੱਲੀ ਆਪਣੇ ਪੁੱਤਰ ਤੈਮੂਰ ਦਾ ਨਿਕਾਹ ਆਲਮਗੀਰ ਬਾਦਸ਼ਾਹ ਦੀ ਲੜਕੀ ਗੌਹਰ-ਅਫਰੋਜ਼ ਬਾਨੋ ਬੇਗਮ ਨਾਲ ਪੜ੍ਹਾ ਲਿਆ ਸੀ। ਹੁਣ ਜਾਂਦੀ ਵਾਰੀ ਆਪਣਾ ਵਿਵਾਹ ਬਾਦਸ਼ਾਹ ਅਹਿਮਦ ਸ਼ਾਹ ਦੀ ਲੜਕੀ ਹਜ਼ਰਤ ਬੇਗਮ ਨਾਲ ਕਰ ਲਿਆ। ਚੜ੍ਹਦੇ ਅਪਰੈਲ ਅਹਿਮਦ ਸ਼ਾਹ ਦੁੱਰਾਨੀ ਦੋ ਮੁਗਲ ਬਾਦਸ਼ਾਹਾਂ ਦੀਆਂ ਸ਼ਹਿਜ਼ਾਦੀਆਂ, ਅਤੇ 16 ਹੋਰ ਮੁਗਲ ਘਰਾਣੇ ਦੀਆਂ ਜਨਾਨੀਆਂ, ਚਾਰ ਕੁ ਸੌ ਨੌਕਰਾਣੀਆਂ ਅਤੇ ਦਸ ਬਾਰਾਂ ਕਰੋੜ ਦੀ ਲੁੱਟ ਲੈ ਕੇ ਅਫਗਾਨਿਸਤਾਨ ਨੂੰ ਮੁੜ ਪਿਆ।

## ਸਿੰਘਾਂ ਦੀਆਂ ਦੁੱਰਾਨੀਆਂ ਪਰ ਝਪਟਾਂ

ਜਿਸ ਵੇਲੇ ਅਹਿਮਦ ਸ਼ਾਹ ਦਾ ਪੁੱਤਰ ਸ਼ਾਹਜ਼ਾਦਾ ਤੈਮੂਰ ਮੁਗ਼ਲੀ ਦਸਤਿਆਂ ਨਾਲ ਸਰਹੰਦ ਦੇ ਲਾਗੇ ਪੁੱਜਾ ਤਾਂ ਪਟਿਆਲੇ ਦੇ ਸਰਦਾਰ ਬਾਬਾ ਆਲਾ ਸਿੰਘ ਅਤੇ ਹੋਰ ਸਰਦਾਰਾਂ ਨੇ ਹੱਲਾ ਕਰ ਕੇ ਉਸ ਦਾ ਖਜ਼ਾਨਾ ਲੁੱਟ ਲਿਆ। ਦੂਸਰਾ ਹੱਲਾ ਮਾਫ਼ਰਕੋਟ (?) ਪਾਸ ਕੀਤਾ ਅਤੇ ਤੈਮੂਰ ਦਾ ਕਾਫੀ ਕੁਝ ਮਾਲ ਖੋਹ ਲਿਆ। ਇਸ ਵੇਲੇ ਸਿੰਘਾਂ ਦਾ ਦੁੱਰਾਨੀਆਂ ਦੀ ਮੁੜ ਰਹੀ ਫੌਜ ਪਰ ਅਜਿਹਾ ਡਰ ਬੈਠਾ ਹੋਇਆ ਸੀ ਕਿ ਅਜਿਹੀਆਂ ਝੂਠੀਆਂ ਹਵਾਈਆਂ ਭੀ ਉਡਣ ਲੱਗ ਪਈਆਂ ਕਿ ਸਿੰਘਾਂ ਨੇ ਤੈਮੂਰ ਨੂੰ ਫੜ ਲਿਆ ਅਤੇ ਮਾਰ ਦਿੱਤਾ ਹੈ।

## ਕਰਤਾਰਪੁਰ ਦੀ ਬੇਅਦਬੀ

ਜਾਲੰਧਰ ਦੁਆਬੇ ਵਿਚ ਪੁਜਦੇ ਹੀ ਤੈਮੂਰ ਸ਼ਾਹ ਅਤੇ ਜਹਾਨ ਖ਼ਾਨ ਨੇ ਨਾਸਰ ਅਲੀ ਖ਼ਾਨ ਜਾਲੰਧਰੀਏ ਦੀ ਸਹਾਇਤਾ ਨਾਲ ਕਰਤਾਰਪੁਰ ਸ਼ਹਿਰ ਲੁੱਟ ਲਿਆ, ਕਈ ਆਦਮੀ ਕਤਲ ਕਰ ਦਿੱਤੇ ਅਤੇ ਗੁਰਦੁਆਰਾ ਥੰਮ੍ਹ ਸਾਹਿਬ ਨੂੰ ਅੱਗ ਲਾ ਦਿੱਤੀ ਅਤੇ ਗਊਆਂ ਮਾਰ ਕੇ ਉਥੇ ਸੁੱਟ ਦਿੱਤੀਆਂ। ਜਦ ਅਹਿਮਦ ਸ਼ਾਹ ਗੋਇੰਦਵਾਲ ਦੇ ਪੱਤਣੋਂ ਪਾਰ ਹੋ ਕੇ ਫਤਿਹਾਬਾਦ ਵਿਚ ਦੀ ਲਾਹੌਰ ਵੱਲ ਨੂੰ ਮੁੜਿਆ ਜਾ ਰਿਹਾ ਸੀ ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਉਸ ਦੇ ਮਗਰ ਪੈ ਗਿਆ ਅਤੇ ਜਿਥੇ ਦਾਉ ਲੱਗਾ ਝਪਟ ਜਾ ਮਾਰੀ ਅਤੇ ਜੋ ਮਾਲ ਹੱਥ ਲੱਗਾ ਖੋਹ ਲਿਆ। ਇਸ ਤਰ੍ਹਾਂ ਸਰਦਾਰ ਜੱਸਾ ਸਿੰਘ ਨੇ ਦੁੱਰਾਨੀਆਂ ਨੂੰ ਕਾਫੀ ਜਿੱਚ ਕੀਤਾ।

ਇਸ ਪ੍ਰਕਾਰ ਦੇ ਛਾਪੇ ਮਾਰਨ ਤੋਂ ਸਰਦਾਰ ਜੱਸਾ ਸਿੰਘ ਅਤੇ ਹੋਰ ਸਰਦਾਰਾਂ ਦਾ ਪ੍ਰਤੱਖ ਮਤਲਬ ਇਹ ਸੀ ਕਿ ਇਹ ਇਲਾਕਾ ਅਸਾਡਾ ਹੈ ਅਤੇ ਇਥੇ ਕਿਸੇ ਹੋਰ ਦਾ ਦਖ਼ਲ ਸਾਨੂੰ ਪਰਵਾਨ ਨਹੀਂ ਅਤੇ ਜੋ ਭੀ ਕੋਈ ਦਖ਼ਲ ਦੇਣ ਦਾ ਜਤਨ ਕਰੇਗਾ ਉਸ ਨੂੰ ਅਸੀਂ ਟਿਕਣ ਨਹੀਂ ਦੇਵਾਂਗੇ ਅਤੇ ਉਤਨੀ ਦੇਰ ਤਕ ਉਸ ਦਾ ਪਿੱਛਾ ਨਹੀਂ ਛੱਡਾਂਗੇ ਜਿੰਨੀ ਦੇਰ ਕਿ ਉਹ ਸਾਡਾ ਦੇਸ ਛੱਡ ਨਹੀਂ ਜਾਵੇਗਾ।

## ਦੁੱਰਾਨੀ ਵੱਲੋਂ ਲਾਹੌਰ ਦਾ ਰਾਜਸੀ ਪ੍ਰਬੰਧ ਅਤੇ ਵਾਪਸੀ

ਲਾਹੌਰ ਪੁੱਜ ਕੇ ਅਹਿਮਦ ਸ਼ਾਹ ਨੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਇਥੋ ਦਾ ਹਾਕਮ ਨਿਯਤ ਕਰ ਦਿੱਤਾ ਅਤੇ ਬਖਸ਼ੀ ਜਹਾਨ ਖ਼ਾਨ ਉਸ ਦਾ ਨਾਇਬ ਬਣਾ ਦਿੱਤਾ। ਇਸ ਖਿਆਲ ਨਾਲ ਕਿ ਜੰਮੂ ਵਾਲਾ ਰਣਜੀਤ ਦੇਵ ਤੈਮੂਰ ਦੀ ਵੇਲੇ ਕੁਵੇਲੇ ਹਿਮਾਇਤ ਅਤੇ ਸਹਾਇਤਾ ਕਰਦਾ ਰਹੇਗਾ ਅਤੇ ਪਹਾੜੀ ਇਲਾਕੇ ਵਿਚ ਕੋਈ ਬਗ਼ਾਵਤ ਨਹੀਂ ਹੋਣ ਦੇਵੇਗਾ, ਸਿਆਲਕੋਟ ਦੇ ਜ਼ਿਲੇ ਦੇ ਜ਼ਫ਼ਰਵਾਲ, ਸਨਖਤਰਾ ਅਤੇ ਔਰੰਗਾਬਾਦ ਪਰਗਣੇ ਉਸ ਨੂੰ ਦੇ ਦਿੱਤੇ।

ਇਸ ਤਰ੍ਹਾਂ ਆਪਣੀ ਵੱਲੋਂ ਤਾਂ ਸਾਰਾ ਪੰਜਾਬ ਅਹਿਮਦ ਸ਼ਾਹ ਨੇ ਆਪਣੇ ਅਫ਼ਗਾਨ ਰਾਜ ਦਾ ਹਿੱਸਾ ਬਣਾ ਲਿਆ, ਪਰ ਉਸ ਦਾ ਅਸਲੀ ਹੁਕਮ ਲਾਹੌਰ ਦੇ ਆਲੇ ਦੁਆਲੇ ਦੇ ਕੁਝ ਪਿੰਡਾਂ ਤੋਂ ਬਿਨਾਂ ਕਿਧਰੇ ਭੀ ਨਹੀਂ ਸੀ ਚਲਦਾ। ਮਾਝੇ, ਰਿਆੜਕੀ, ਦੁਆਬੇ ਵਿਚ ਇਲਾਕਿਆਂ ਦੇ ਇਲਾਕੇ ਸਿੰਘ ਸਰਦਾਰਾਂ ਨੇ ਮੱਲ ਲਏ ਹੋਏ ਸਨ। ਲਾਹੌਰੋਂ ਜਰਾ ਕੁ ਹਟ ਕੇ ਗੁਜਰਾਂਵਾਲੇ ਵੱਲ ਅਤੇ ਉਥੋਂ ਜਿਹਲਮ ਤਕ ਭੀ ਉਨ੍ਹਾਂ ਕਈ ਥਾਂ ਕਬਜ਼ੇ ਕਰ ਲਏ ਅਤੇ ਨੱਕੇ ਦੇ ਇਲਾਕੇ ਵਿਚ ਭੀ। ਇਸ ਦਾ ਪ੍ਰਤੱਖ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਜਦ ਸ਼ਾਹ ਲਾਹੌਰੋਂ ਕਾਬਲ ਵੱਲ ਨੂੰ ਮੁੜਿਆ ਤਾਂ ਗੁਜਰਾਂਵਾਲੇ ਤੋਂ ਉਠ ਕੇ ਸਰਦਾਰ ਚੜ੍ਹਤ ਸਿੰਘ ਸੁਕਰਚੱਕੀਏ ਨੇ ਸ਼ਾਮੀਂ ਸਵੇਰੇ ਅਤੇ ਰਾਤ ਨੂੰ ਹੱਲੇ ਕਰ ਕਰ ਕੇ ਉਸ ਨੂੰ ਅਜਿਹਾ ਤੰਗ ਕੀਤਾ ਕਿ ਨਾ ਉਸ ਨੂੰ ਦਿਨੇ ਆਰਾਮ ਨਾਲ ਤੁਰਨਾ ਨਸੀਬ ਸੀ, ਨਾ ਰਾਤ ਨੂੰ, ਅਤੇ ਨਾ ਉਹ ਆਪਣੇ ਮਾਲ ਅਸਬਾਬ ਵੱਲੋਂ ਨਿਸਚਿੰਤ ਸੀ, ਨਾ ਘੋੜਿਆਂ ਵੱਲੋਂ। ਇਸ ਤਰ੍ਹਾਂ ਮੁਸ਼ਕਲ ਨਾਲ ਉਹ ਸਿੰਧ ਪਾਰ ਕਰ ਸਕਿਆ।

Sri Satguru Jagjit Singh Ji eLibrary

# ਤੈਮੂਰ ਸ਼ਾਹ ਦੀ ਪੰਜਾਬ ਵਿਚ ਹਕੂਮਤ

## ਦਰਬਾਰ ਸਾਹਿਬ ਦੀ ਬੇ-ਅਦਬੀ (ਮਈ 1757)

ਲਾਹੌਰ ਵਿਚ ਕੁਝ ਕੁ ਪੈਰ ਜੰਮਦੇ ਸਾਰ ਤੈਮੂਰ ਨੇ ਫ਼ੌਜ ਭੇਜ ਕੇ ਅੰਮ੍ਰਿਤਸਰ ਤੇ ਹੱਲਾ ਬੋਲ ਦਿੱਤਾ। ਇਥੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੇ ਰਾਮ ਰਾਉਣੀ (ਰਾਮਗੜ੍ਹ) ਮੁੜ ਉਸਾਰ ਲਈ ਸੀ। ਪਰ ਜਹਾਨ ਖ਼ਾਨ ਦਾ ਜੋਰ ਪੈ ਗਿਆ ਅਤੇ ਸਿੰਘਾਂ ਨੂੰ ਕਿਸੇ ਪਾਸਿਉਂ ਸਹਾਇਤਾ ਨਾ ਪੁੱਜ ਸਕਣ ਕਰਕੇ ਵੈਰੀ ਨੇ ਰਾਉਣੀ ਢੁਹਾ ਦਿੱਤੀ ਅਤੇ ਸਰੋਵਰ ਪੂਰ ਦਿੱਤਾ।

[ਕਨਿੰਘਮ, 105. *ਗੁਲਿਸਤਾਨਿ ਰਹਿਮਤ*, 110; ਲਤੀਫ਼, *ਲਾਹੌਰ*, 78]

## ਅਦੀਨਾ ਬੇਗ ਨਾਲ ਝੜਪਾਂ

ਤੈਮੂਰ ਨੇ ਜਲੰਧਰ ਦੁਆਬ ਦੀ ਫੌਜਦਾਰੀ ਅਦੀਨਾ ਬੇਗ ਨੂੰ ਹੀ ਦੇ ਦਿੱਤੀ ਸੀ। ਖਿਆਲ ਇਹ ਸੀ ਕਿ ਇਕ ਤਾਂ ਉਹ ਨਵੀਂ ਹਕੂਮਤ ਦੇ ਵਿਰੁੱਧ ਕੋਈ ਸਾਜ਼ਸ਼ ਨਹੀਂ ਕਰੇਗਾ ਅਤੇ ਦੂਸਰੇ ਸਿੱਖਾਂ ਨਾਲ ਆਪੇ ਸਿਝਦਾ ਰਹੇਗਾ। ਇਸ ਵੇਲੇ ਤਰਨ ਤਾਰਨ ਦੇ ਲਾਗੇ ਅਤੇ ਦੁਆਬੇ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਆਪਣੇ ਕਬਜੇ ਜਮਾ ਰਿਹਾ ਸੀ, ਇਸ ਕਰਕੇ ਅਦੀਨਾ ਬੇਗ ਖ਼ਾਨ ਨਾਲ ਕਿਤੇ ਕਿਤੇ ਝੜਪਾਂ ਹੋ ਜਾਣੀਆਂ ਕੁਦਰਤੀ ਗੱਲ ਸੀ। ਖਡੂਰ ਸਾਹਿਬ ਪਾਸ ਟੱਕਰ ਅਦੀਨਾ ਬੇਗ ਨਾਲ ਉਸ ਵੇਲੇ ਹੋ ਗਈ ਜਦ ਕਿ ਸਰਦਾਰ ਜੱਸਾ ਸਿੰਘ ਤਰਨ ਤਾਰਨ ਤੋਂ ਫਤਿਹਾਬਾਦ ਵੱਲ ਆ ਰਹੇ ਸਨ। ਇਸ ਵਿਚ ਕੁਤਬ ਖ਼ਾਨ ਸਰਦਾਰ ਦੇ ਤੀਰ ਨਾਲ ਘਾਇਲ ਹੋ ਗਿਆ ਅਤੇ ਉਨ੍ਹਾਂ ਦੀ ਤਲਵਾਰ ਨਾਲ ਸੈਦ ਖ਼ਾਨ ਦੀ ਬਾਂਹ ਵੱਢੀ ਗਈ। ਇਥੋਂ ਖ਼ਾਨ ਤਾਂ ਜਲਾਲਾਬਾਦ ਚਲਾ ਗਿਆ ਅਤੇ ਸਰਦਾਰ ਜੱਸਾ ਸਿੰਘ ਨੇ ਫਤਿਹਾਬਾਦ ਜਾ ਡੇਰਾ ਕੀਤਾ।

## ਜਨੌੜੀ

ਇਸ ਤੋਂ ਛੇਤੀ ਹੀ ਬਾਅਦ ਸਰਦਾਰ ਜੱਸਾ ਸਿੰਘ ਦੁਆਬੇ ਵਿਚ ਆ ਗਏ। ਇਨ੍ਹਾਂ ਦਿਨਾਂ ਵਿਚ ਅਦੀਨਾ ਬੇਗ ਖ਼ਾਨ ਨੇ ਉਧਰ ਮਾਲੀਏ ਦੀ ਉਗਰਾਹੀ ਸ਼ੁਰੂ ਕੀਤੀ ਹੋਈ ਸੀ। ਜਦ ਜਨੌੜੀ ਦਾ ਮਾਲੀਆ ਮੰਗਿਆ ਤਾਂ ਲੋਕਾਂ ਨੇ ਦੇ ਸਕਣੋਂ ਨਾਂਹ ਕਰ ਦਿੱਤੀ। ਸ਼ਾਇਦ ਲੰਬੀ ਔੜ ਕਰਕੇ ਫਸਲ ਨਹੀਂ ਹੋਈ ਹੋਣੀ ਜਾਂ ਬਰਸਾਤ ਜ਼ਿਆਦਾ ਹੋ ਜਾਣ ਨਾਲ ਮਾਰੀ

ਗਈ ਹੋਣੀ ਹੈ। ਇਸ ਉੱਤੇ ਆਪਸ ਵਿਚ ਝਗੜਾ ਹੋ ਗਿਆ। ਇਸ ਹਾਲਤ ਵਿਚ ਦੁਖੀ ਲੋਕਾਂ ਵਾਸਤੇ ਇੱਕੋ ਹੀ ਰਾਹ ਸੀ ਕਿ ਕਿਸੇ ਸਿੱਖ ਸਰਦਾਰ ਦੀ ਰਾਖੀ ਵਿਚ ਚਲੇ ਜਾਣ। ਸਰਦਾਰ ਜੱਸਾ ਸਿੰਘ ਦਾ ਇਲਾਕਾ ਭੂੰਗਾ ਜਨੌੜੀ ਦੇ ਲਹਿੰਦੇ-ਦੱਖਣੋਂ ਨਾਲ ਲਗਦਾ ਸੀ। ਸੋ ਉਥੋਂ ਦਾ ਰਾਜਪੂਤ ਚੌਧਰੀ ਗੌੜਾ ਸਰਦਾਰ ਜੱਸਾ ਸਿੰਘ ਦੀ ਸੇਵਾ ਵਿਚ ਹਾਜ਼ਰ ਹੋਇਆ ਅਤੇ 'ਰਾਖੀ' ਲਈ ਬੇਨਤੀ ਕੀਤੀ। ਸਰਦਾਰ ਜੀ ਨੇ ਜਨੌੜੀ ਆਪਣਾ ਠਾਣੇਦਾਰ ਦੇਵਾ ਸਿੰਘ ਭੇਜ ਦਿੱਤਾ ਅਤੇ ਅਦੀਨਾ ਖ਼ਾਨ ਨੂੰ ਲਿਖ ਦਿੱਤਾ ਕਿ ਜਨੌੜੀ ਅਸਾਡੀ ਰੱਈਅਤ ਹੈ ਤੁਸੀਂ ਇਨ੍ਹਾਂ ਤੋਂ ਕੋਈ ਵਸੂਲੀ ਨਾ ਕਰਨੀ। [*ਜੱਸਾ ਸਿੰਘ ਬਿਨੋਦ*, ਉਰਦੂ, 22-3]

**ਅਦੀਨਾ ਬੇਗ਼ ਦੀ ਸਹਾਇਤਾ—ਮਾਹਲਪੁਰ ਦੀ ਲੜਾਈ ਵਿਚ**

ਅਦੀਨਾ ਬੇਗ਼ ਨੂੰ ਜਲੰਧਰ ਦੁਆਬ ਦੀ ਫੌਜਦਾਰੀ ਦੇਣ ਵੇਲੇ ਉਸ ਨਾਲ ਵਾਹਿਦਾ ਸੀ ਕਿ ਜੋ ਉਹ ਮਾਲੀਆ ਵੇਲੇ ਸਿਰ ਲਾਹੌਰ ਪਹੁੰਚਾਉਂਦਾ ਰਹੇਗਾ ਤਾਂ ਉਸ ਲਈ ਲਾਹੌਰ ਹਾਜਰੀ ਭਰਨਾ ਜ਼ਰੂਰੀ ਨਹੀਂ ਹੋਵੇਗਾ, ਪਰ ਛੇਤੀ ਹੀ ਪਿੱਛੋਂ ਲਾਲਚ ਦਾ ਮਾਰਿਆ ਹੋਇਆ ਤੈਮੂਰ ਉਸ ਪਾਸੋਂ ਮਿਥੀ ਰਕਮ ਨਾਲੋਂ ਵਧ ਵਸੂਲਣ ਲਈ ਉਸ ਦੇ ਲਾਹੌਰ ਆਉਣ ਲਈ ਜਿਦ ਕਰਨ ਲੱਗ ਪਿਆ ਅਤੇ ਜਦ ਅਦੀਨਾ ਬੇਗ਼ ਵੱਲੋਂ ਨਾਂਹ ਨੁੱਕਰ ਹੁੰਦੀ ਡਿੱਠੀ—ਅਦੀਨਾ ਬੇਗ਼ ਤੈਮੂਰ ਦੀ ਮੰਦੀ ਨੀਅਤ ਨੂੰ ਤਾੜ ਗਿਆ ਸੀ—ਤਾਂ ਤੈਮੂਰ ਸ਼ਾਹ ਨੇ ਉਸ ਦੀ ਥਾਂ ਸਰਫ਼ਰਾਜ਼ ਖ਼ਾਨ ਨੂੰ ਦੁਆਬੇ ਦਾ ਹਾਕਮ ਨਿਯਤ ਕਰ ਦਿੱਤਾ ਅਤੇ ਮੁਰਾਦ ਖ਼ਾਨ ਨੂੰ ਇਕ ਤਕੜੀ ਫ਼ੌਜ ਦੇ ਕੇ ਅਦੀਨਾ ਖ਼ਾਨ ਦੇ ਵਿਰੁੱਧ ਚੜ੍ਹਾ ਦਿੱਤਾ ਅਤੇ ਬੁਲੰਦ ਖ਼ਾਨ ਉਸ ਦੀ ਸਹਾਇਤਾ ਲਈ ਨਾਲ ਭੇਜਿਆ।

ਜਦ ਅਦੀਨਾ ਬੇਗ਼ ਖ਼ਾਨ ਨੂੰ ਇਸ ਚੜ੍ਹ ਰਹੀ ਮੁਹਿੰਮ ਦਾ ਪਤਾ ਲੱਗਾ ਤਾਂ ਉਸ ਨੇ ਸੋਢੀ ਵਡਭਾਗ ਸਿੰਘ ਕਰਤਾਰਪੁਰੀਏ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਪਾਸ ਸਹਾਇਤਾ ਲਈ ਬੇਨਤੀ ਕੀਤੀ। ਸੋਢੀ ਸਾਹਿਬ ਨੇ ਭੀ ਸਰਦਾਰ ਜੱਸਾ ਸਿੰਘ ਨੂੰ ਇਸ ਔਖੇ ਵੇਲੇ ਸ਼ਰਨ ਆਏ ਅਦੀਨਾ ਬੇਗ਼ ਦੀ ਸਹਾਇਤਾ ਕਰਨ ਲਈ ਸਫ਼ਾਰਸ਼ ਕੀਤੀ। ਸਰਦਾਰ ਜੱਸਾ ਸਿੰਘ ਗੁਰਦੁਆਰਾ ਥੰਮ ਸਾਹਿਬ ਕਰਤਾਰਪੁਰ ਅਤੇ ਸ੍ਰੀ ਦਰਬਾਰ ਸਾਹਿਬ ਦੀ ਦੁੱਰਾਨੀਆਂ ਵੱਲੋਂ ਕੀਤੀ ਗਈ ਬੇ-ਅਦਬੀ ਲਈ ਦੁੱਰਾਨੀਆਂ ਪਾਸੋਂ ਬਦਲਾ ਲੈਣ ਲਈ ਅੱਗੇ ਹੀ ਕਿਸੇ ਮੌਕੇ ਦੀ ਤਾੜ ਵਿਚ ਸਨ।

ਖ਼ਾਲਸੇ ਨੂੰ ਦੁੱਰਾਨੀਆਂ ਨਾਲ ਹੋਣ ਵਾਲੀ ਇਸ ਟੱਕਰ ਦਾ ਜਦ ਪਤਾ ਲੱਗਾ ਤਾਂ ਉਹ ਸਾਰਿਆਂ ਪਾਸਿਆਂ ਤੋਂ ਜਿਤਨੇ ਕੁ ਛੇਤੀ ਆ ਸਕੇ ਪੁੱਜ ਗਏ, ਅਤੇ ਹੁਸ਼ਿਆਰਪੁਰ ਦੇ ਜ਼ਿਲੇ ਵਿਚ ਮਾਹਲਪੁਰ ਸ਼ਹਿਰ ਦੇ ਚੜ੍ਹਦੇ ਪਾਸੇ ਸਿੰਘਾਂ ਅਤੇ ਦੁੱਰਾਨੀਆਂ ਦੀ ਟੱਕਰ ਹੋ ਪਈ (ਦਸੰਬਰ 1757)। ਖ਼ਾਲਸੇ ਵਾਸਤੇ ਦੁੱਰਾਨੀ ਫੌਜੀਆਂ ਅਤੇ ਅਦੀਨਾ ਬੇਗ਼ ਅਤੇ ਉਸ ਦੇ ਮਦਦਗਾਰ ਦੇਸੀ ਸਿਪਾਹੀਆਂ ਵਿਚ ਪਛਾਣ ਕਰਨੀ ਔਖੀ ਸੀ ਇਸ ਲਈ ਅਦੀਨਾ ਬੇਗ਼ ਦੀ ਫ਼ੌਜ ਨੂੰ ਕਿਹਾ ਗਿਆ ਕਿ ਉਹ ਆਪਣੇ ਸਿਰਾਂ ਪਰ ਹਰੇ ਘਾ ਦੇ ਪਠੇ ਟੰਗ ਲੈਣ। ਦੁੱਰਾਨੀਆਂ ਪਾਸ ਭਾਵੇਂ ਛੋਟੀਆਂ ਤੋਪਾਂ ਭੀ ਸਨ ਪਰ ਗੁੱਸੇ ਨਾਲ ਲਾਲ ਹੋਏ ਹੋਏ ਸਿੰਘਾਂ ਦੇ

ਸਾਹਮਣੇ ਉਹ ਟਿਕ ਨਾ ਸਕੇ ਅਤੇ ਮੈਦਾਨ ਛੱਡ ਕੇ ਭੱਜ ਨਿਕਲੇ। ਬੁਲੰਦ ਖ਼ਾਨ ਲੜਾਈ ਵਿਚ ਮਾਰਿਆ ਗਿਆ ਅਤੇ ਮੁਰਾਦ ਖ਼ਾਨ ਸਭ ਕੁਝ ਛੱਡ ਕੇ ਮੈਦਾਨੋਂ ਖਿਸਕ ਗਿਆ। ਇਸ ਤਰ੍ਹਾਂ ਦੁੱਰਾਨੀ ਫ਼ੌਜ ਨੂੰ ਭਾਂਜ ਪੈ ਗਈ।

ਹੁਣ ਸਰਦਾਰ ਜੱਸਾ ਸਿੰਘ ਨੇ ਸਿੱਧੇ ਜਾਲੰਧਰ ਸ਼ਹਿਰ ਉੱਤੇ ਜਾ ਧਾਵਾ ਬੋਲਿਆ। ਸਆਦਤ ਖ਼ਾਨ ਅਫ਼ਰੀਦੀ ਸਿੰਘਾਂ ਦੀ ਦੱਬ ਨਾ ਝੱਲ ਸਕਿਆ ਅਤੇ ਹਾਰ ਖਾ ਕੇ ਪਿੱਛੇ ਹਟ ਗਿਆ। ਹੁਣ ਸ਼ਹਿਰ ਸਿੰਘਾਂ ਦੇ ਰਹਿਮ ਪਰ ਸੀ। ਇਸ ਵੇਲੇ ਧੋਗੜੀ ਪਿੰਡ ਦੇ ਮਨਚਲੇ ਲੋਕ ਭੀ ਆ ਪੁੱਜੇ ਅਤੇ ਸ਼ਹਿਰ ਵਿਚ ਲੁੱਟੀ ਪੈ ਗਈ। ਇਹ ਵੇਖ ਕੇ ਅਦੀਨਾ ਬੇਗ ਖ਼ਾਨ ਨੇ ਸਵਾ ਲੱਖ ਰੁਪਇਆ ਸਿੰਘਾਂ ਦੀ ਭੇਟ ਕੀਤਾ ਅਤੇ ਸ਼ਹਿਰ ਵਿਚ ਅਮਨ ਅਮਾਨ ਲਈ ਅਰਦਾਸ ਕੀਤੀ।

ਇਸ ਸ਼ਾਨਦਾਰ ਫ਼ਤਿਹ ਲਈ ਸੋਢੀ ਵਡਭਾਗ ਸਿੰਘ ਨੇ ਸਰਦਾਰ ਜੱਸਾ ਸਿੰਘ ਨੂੰ ਬਹੁਤ ਬਹੁਤ ਵਧਾਈ ਦਿੱਤੀ।

## ਖ਼ੁਆਜਾ ਉਬੈਦੁੱਲਾ ਖ਼ਾਨ ਨੂੰ ਹਾਰ

ਜਾਲੰਧਰ ਤੇ ਖ਼ਾਲਸੇ ਦਾ ਕਬਜ਼ਾ ਹੋ ਜਾਣ ਪਰ ਸੁਆਦਤ ਖ਼ਾਨ ਅਫ਼ਰੀਦੀ ਪਹਾੜਾਂ ਨੂੰ ਭੱਜ ਗਿਆ ਅਤੇ ਸਾਰੇ ਦੁਆਬੇ ਵਿਚ ਸਿੰਘਾਂ ਦੀ ਦੋਹੀ ਫਿਰ ਗਈ ਅਤੇ ਸਰਦਾਰ ਜੱਸਾ ਸਿੰਘ ਦੀ ਹਰ ਥਾਂ ਸੋਭਾ ਹੋਣ ਲੱਗ ਪਈ। ਜਦ ਤੈਮੂਰ ਸ਼ਾਹ ਨੂੰ ਲਾਹੌਰ ਇਸ ਗੱਲ ਦੀ ਖ਼ਬਰ ਲੱਗੀ ਤਾਂ ਉਸ ਨੇ ਖ਼ੁਆਜਾ ਉਬੈਦੁਲਾ ਖ਼ਾਨ ਦੀ ਕਮਾਨ ਹੇਠ ਪੱਚੀ ਹਜ਼ਾਰ ਘੋੜਸਵਾਰਾਂ ਦੀ ਫ਼ੌਜ ਖ਼ਾਲਸੇ ਦੇ ਵਿਰੁੱਧ ਭੇਜੀ। ਪਰ ਉਸ ਨੂੰ ਭੀ ਹਾਰ ਹੋ ਗਈ ਅਤੇ ਉਹ ਆਪਣਾ ਸਾਰਾ ਤੋਪਖ਼ਾਨਾ ਖੁਹਾ ਕੇ ਲਾਹੌਰ ਨੂੰ ਮੁੜ ਗਿਆ।

(ਅੰਤ ਦਸੰਬਰ 1757-ਜਨਵਰੀ 1758)

ਹੁਣ ਸਿੰਘ ਬਿਆਸਾ ਪਾਰ ਕਰ ਕੇ ਬਾਰੀ ਦੁਆਬ ਵਿਚ ਜਾ ਦੜਕੇ ਅਤੇ ਬਟਾਲਾ ਅਤੇ ਕਲਾਨੌਰ ਉਗ੍ਰਾਹ ਲਏ ਅਤੇ ਲਹਿੰਦੇ ਪਾਸੇ ਲਾਹੌਰ ਦੀਆਂ ਬਾਹਰਲੀਆਂ ਬਸਤੀਆਂ ਜਾ ਮਾਰੀਆਂ।

[*ਪੇਸ਼ਵਾ ਦਫ਼ਤਰ*, ਦੋ, 83; ਅਹਿਮਦ ਸ਼ਾਹ ਬਟਾਲੀਆ, *ਤਾਰੀਖ਼-ਹਿੰਦ*, 872]

## ਅਦੀਨਾ ਬੇਗ ਖ਼ਾਨ ਨੇ ਮਰਾਠੇ ਸੱਦ ਲਏ

ਤੈਮੂਰ ਸ਼ਾਹ ਦਾ ਨਾਇਬ ਬਖ਼ਸ਼ੀ ਜਹਾਨ ਖ਼ਾਨ ਇਨ੍ਹਾਂ ਹਾਰਾਂ ਦੀਆਂ ਖ਼ਬਰਾਂ ਸੁਣ ਕੇ ਬਹੁਤ ਸਟਪਟਾਇਆ, ਪਰ ਕਰ ਕੀ ਸਕਦਾ ਸੀ। ਦੁਆਬੇ ਵਿਚ ਸਿੰਘਾਂ ਵੱਲੋਂ ਪਈਆਂ ਸੱਟਾਂ ਨੇ ਉਸ ਦਾ ਲੱਕ ਤੋੜ ਦਿੱਤਾ। ਪਰ ਇਨ੍ਹਾਂ ਪਰ ਇਕ ਹੋਰ ਤਕੜੀ ਸੱਟ ਪੈਣ ਵਾਲੀ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅਦੀਨਾ ਬੇਗ ਖ਼ਾਨ ਨੇ ਸਿੰਘਾਂ ਦੀ ਸਹਾਇਤਾ ਨਾਲ ਮੁਰਾਦ ਖ਼ਾਨ ਅਤੇ ਸਰਫ਼ਰਾਜ਼ ਖ਼ਾਨ ਦੇ ਹੱਲੇ ਪਛਾੜ ਦਿੱਤੇ ਸਨ, ਸਆਦਤ ਖ਼ਾਨ ਅਫ਼ਰੀਦੀ ਨੂੰ ਭਜਾ ਦਿੱਤਾ ਸੀ ਅਤੇ ਉਬੈਦੁੱਲਾ ਖ਼ਾਨ ਨੂੰ ਭੀ ਹਾਰ ਹੋ ਗਈ ਸੀ, ਪਰ ਉਸ ਨੂੰ ਖ਼ਿਆਲ ਸੀ ਕਿ ਸ਼ਾਇਦ ਉਹ ਦੁੱਰਾਨੀਆਂ ਦੀ ਵੱਡੀ ਮਿਲਵੀਂ ਫ਼ੌਜ ਦਾ ਟਾਕਰਾ ਨਾ ਕਰ ਸਕੇ, ਅਤੇ

ਜੋ ਅਹਿਮਦ ਸ਼ਾਹ ਬਾਦਸ਼ਾਹ ਆਪ ਚੜ੍ਹ ਕੇ ਆ ਗਿਆ ਤਾਂ ਉਸ ਦੇ ਸਾਹਮਣੇ ਬਹੁਤੀ ਦੇਰ ਠਹਿਰ ਸਕਣਾ ਔਖਾ ਹੋਵੇਗਾ। ਨਾਲੇ ਉਸ ਨੂੰ ਇਹ ਭੀ ਖ਼ਿਆਲ ਸੀ ਕਿ ਖ਼ਾਲਸਾ ਜੀ ਕਿਤਨੀ ਕੁ ਦੇਰ ਉਸ ਦੀਆਂ ਲੜਾਈਆਂ ਲੜਨਗੇ। ਉਹ ਤਾਂ ਆਪ ਰਾਜ ਦੇ ਦਾਵੇਦਾਰ ਹਨ ਅਤੇ ਉਸ ਦਿਨ ਦੀ ਉਡੀਕ ਵਿਚ ਹਨ ਜਦ ਕਿ :

*ਰਾਜ ਕਰੇਗਾ ਖਾਲਸਾ, ਆਕੀ ਰਹੇ ਨਾ ਕੋਇ।*

ਅਦੀਨਾ ਬੇਗ ਨੂੰ ਇਹ ਵੀ ਪਤਾ ਸੀ ਕਿ ਸਿੰਘਾਂ ਨੇ ਕਾਫ਼ੀ ਮੁਲਕ ਪਰ ਕਬਜ਼ਾ ਕਰ ਲਿਆ ਹੋਇਆ ਹੈ ਅਤੇ ਦਿਨੋ ਦਿਨ ਉਨ੍ਹਾਂ ਦਾ ਜੋਰ ਵਧਦਾ ਜਾ ਰਿਹਾ ਹੈ। ਇਸ ਲਈ ਅੰਦਰੋਂ ਅੰਦਰੀ ਉਨ੍ਹਾਂ ਪਾਸੋਂ ਭੀ ਡਰ ਲੱਗ ਰਿਹਾ ਹੋਣਾ ਹੈ।

ਇਸ ਲਈ ਅਦੀਨਾ ਖ਼ਾਨ ਨੇ ਹਰ ਲਾਲ ਵਕੀਲ ਰਾਹੀਂ ਮਰਾਠਿਆਂ ਨਾਲ ਗੰਢ ਤ੍ਰੁਪ ਕਰ ਲਈ ਅਤੇ ਇਕ ਲੱਖ ਰੁਪਇਆ ਕੂਚ ਦੇ ਦਿਨ ਲਈ ਅਤੇ ਪੰਜਾਹ ਹਜਾਰ ਠਹਿਰਨ ਵਾਲੇ ਦਿਨ ਦਾ ਦੇਣਾ ਕਰ ਕੇ ਮਰਾਠਾ ਸਰਦਾਰ ਰਘੂਨਾਥ ਰਾਉ ਨੂੰ ਲਾਹੌਰ ਆਉਣ ਲਈ ਸੱਦ ਲਿਆ। ਮਰਾਠਿਆਂ ਨੂੰ ਅਜਿਹਾ ਮੌਕਾ ਰੱਬ ਦੇਵੇ, ਜਦ ਕਿ ਟਕੇ ਭੀ ਮਿਲਣ, ਅਤੇ ਦੇਸ ਭੀ। ਰਘੂਨਾਥ ਰਾਉ ਨੇ ਝਟ ਦਿੱਲੀਓਂ ਕੂਚ ਕੀਤਾ ਅਤੇ 9 ਮਾਰਚ, 1758 ਨੂੰ ਸਰਹੰਦ ਆ ਪੁੱਜਾ। ਇਥੇ ਅਦੀਨਾ ਬੇਗ ਖ਼ਾਨ ਅਤੇ ਉਸ ਦੇ ਸਾਥੀ ਸਿੰਘ ਭੀ ਆ ਰਲੇ।

ਖ਼ਾਲਸਾ ਜੀ ਅੱਗੇ ਹੀ ਸਰਹੰਦ ਦੇ ਵਿਰੁਧ ਦੰਦੀਆਂ ਪੀਹ ਰਹੇ ਸਨ। ਇਸ ਗੁਰੂ ਮਾਰੀ ਦੇ ਫ਼ੌਜਦਾਰ ਵਜ਼ੀਰ ਖ਼ਾਨ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਤਸੀਹੇ ਦੇ ਦੇ ਕੇ ਕਤਲ ਕਰਵਾਏ ਸਨ। ਇਸ ਲਈ ਉਨ੍ਹਾਂ ਨੇ ਅਦੀਨਾ ਬੇਗ ਨਾਲ ਇਹ ਸ਼ਰਤ ਕਰ ਲਈ ਸੀ ਕਿ ਸਰਹੰਦ ਪਰ ਪਹਿਲਾ ਹੱਲਾ ਸਿੰਘਾਂ ਦਾ ਹੋਵੇਗਾ ਅਤੇ ਫੇਰ ਕਿਸੇ ਹੋਰ ਦਾ।

ਸਰਹੰਦ ਦਾ ਫ਼ੌਜਦਾਰ ਇਸ ਵੇਲੇ ਅਬਦੁ-ਸਮੱਦ ਖ਼ਾਨ ਮੁਹੰਮਦਜ਼ਈ ਸੀ ਜਿਸ ਨੂੰ ਜਾਂਦੀ ਵਾਰੀ ਅਹਿਮਦ ਸ਼ਾਹ ਇਥੇ ਛੱਡ ਗਿਆ ਸੀ। ਉਸ ਨੇ ਸਰਹੰਦ ਦੀ ਕਿਲਾਬੰਦੀ ਦਾ ਪ੍ਰਬੰਧ ਜਨਵਰੀ 1758 ਤੋਂ ਹੀ ਚੰਗਾ ਕੀਤਾ ਹੋਇਆ ਸੀ। ਪਰ ਇਹ ਬਹੁਤੇ ਦਿਨਾਂ ਦਾ ਘੇਰਾ ਨਾ ਸਹਿ ਸਕਿਆ ਅਤੇ 21 ਮਾਰਚ (ਫੱਗਣ ਸੁਦੀ 12, ਸੰਮਤ 1814 ਬਿ.) ਨੂੰ ਗੜ੍ਹ ਟੁੱਟ ਗਿਆ ਜਦ ਕਿ ਇਥੇ ਲੋਟੀ ਪੈ ਗਈ। ਸਿੰਘ ਟੁੱਟ ਕੇ ਜਾ ਪਏ ਅਤੇ ਦੂਸਰੇ ਦਿਨ ਮਰਾਠਿਆਂ ਨੇ ਭੀ ਇਥੇ ਖ਼ੂਬ ਹੱਥ ਰੰਗੇ। ਚੇਤ ਬਦੀ 1, 25 ਜਨਵਰੀ, ਨੂੰ ਹੋਲਾ ਸੀ। ਇਸ ਲਈ ਖ਼ਾਲਸਾ ਜੀ ਤਾਂ ਬਹੁਤ ਕਰਕੇ ਆਨੰਦਪੁਰ ਜਾਣ ਲਈ ਹਟ ਆਏ ਪਰ ਆਲੇ ਦੁਆਲੇ ਦੇ ਪਿੰਡਾਂ ਤੋਂ ਧਾੜਾਂ ਆ ਪਈਆਂ ਅਤੇ ਜੋ ਕੁਝ ਕਿਸੇ ਦੇ ਹੱਥ ਲੱਗਾ ਚੁੱਕ ਕੇ ਲੈ ਗਿਆ। ਕਿਲਾ ਟੁੱਟਣ ਪਰ ਅਬਦੁ-ਸਮੱਦ ਖ਼ਾਨ ਅਤੇ ਜੰਗਬਾਜ਼ ਖ਼ਾਨ ਭੱਜ ਨਿਕਲੇ ਸਨ, ਪਰ ਫੜ ਲਏ ਗਏ।

ਸਿੰਘਾਂ ਦੀ ਸਰਹੰਦ ਪਰ ਪਹਿਲ ਦੇ ਕਾਰਣ ਮਰਾਠਿਆਂ ਵਿਚ ਕੁਝ ਈਰਖਾ ਆ ਗਈ ਅਤੇ ਇਕ ਮਾਮੂਲੀ ਜਿਹੀ ਝੜਪ ਭੀ ਹੋ ਗਈ। ਪਰ ਇਸ ਦਾ ਛੇਤੀ ਹੀ ਫ਼ੈਸਲਾ ਹੋ

ਗਿਆ ਕਿ ਲਾਹੌਰ ਵੱਲ ਚੜ੍ਹਾਈ ਕਰਦੇ ਵੇਲੇ ਖਾਲਸਾ ਜੀ ਮਰਾਠਿਆਂ ਨਾਲੋਂ ਦੋ ਪੜਾਉ ਅੱਗੇ ਰਿਹਾ ਕਰਨਗੇ।

[*ਤਾਰੀਖ਼-ਆਲਮਗੀਰ ਸਾਨੀ*, 164-65; *ਤਜ਼ਕਿਰਾ-ਇ-ਇਮਾਦੁਲ-ਮੁਲਕ*, 376-80, *ਤਹਿਮਾਸ ਨਾਮਾ* (ਰਾਉ), 64; *ਪ੍ਰਾਚੀਨ ਪੰਥ ਪ੍ਰਕਾਸ਼*, 423-4]

## ਲਾਹੌਰ ਪਰ ਸਿੰਘਾਂ ਅਤੇ ਮਰਾਠਿਆਂ ਨੇ ਅਦੀਨਾ ਬੇਗ ਦਾ ਕਬਜ਼ਾ ਕਰਾਉਣਾ

ਸਰਹੰਦ ਫ਼ਤਿਹ ਕਰ ਕੇ ਸਿੰਘਾਂ ਅਤੇ ਮਰਾਠਿਆਂ ਦੇ ਲਾਹੌਰ ਨੂੰ ਧਾਈ ਕਰਨ ਦੀ ਖ਼ਬਰ ਸੁਣ ਕੇ ਤੈਮੂਰ ਸ਼ਾਹ ਦਾ ਬਖਸ਼ੀ ਜਹਾਨ ਖ਼ਾਨ ਉਨ੍ਹਾਂ ਦਾ ਰਾਹ ਰੋਕਣ ਲਈ ਜਲਾਲਾਬਾਦ ਦੇ ਪੱਤਣ ਨੂੰ ਆਇਆ ਅਤੇ ਅੱਠ ਦਿਨ ਉਨ੍ਹਾਂ ਦੀ ਉਡੀਕ ਕਰਦਾ ਰਿਹਾ, ਪਰ ਉਹ ਕਿਸੇ ਹੋਰ ਪੱਤਣੋਂ ਲੰਘ ਕੇ ਦੁਆਬੇ ਵਿਚ ਆ ਗਏ। ਇਹ ਦੇਖ ਕੇ ਜਹਾਨ ਖ਼ਾਨ ਲਾਹੌਰ ਨੂੰ ਮੁੜ ਗਿਆ। ਇਥੇ ਦਾ ਕਿਲਾ ਇਕ ਪਾਸੇ ਤੋਂ ਕਮਜ਼ੋਰ ਸੀ, ਫਸਲਾਂ ਦੀ ਵਢਾਈ ਸ਼ੁਰੂ ਨਾ ਹੋਈ ਹੋਣ ਕਰਕੇ ਦਾਣਾ ਪੱਠਾ ਭੀ ਕੋਈ ਜਮਾ ਨਹੀਂ ਸੀ ਹੋਇਆ ਹੋਇਆ, ਇਲਾਕੇ ਦੇ ਜ਼ਿਮੀਂਦਾਰਾਂ ਅਤੇ ਚੌਧਰੀਆਂ ਵਿਚ ਉਸ ਦੇ ਮਿੱਤਰ ਕੋਈ ਹੈ ਨਹੀਂ ਸਨ ਅਤੇ ਵੈਰੀ ਬੇਅੰਤ ਸਨ। ਸਿੱਖ ਮੁਲਖੱਈਆਂ ਚੜ੍ਹੀ ਆ ਰਹੀ ਫ਼ੌਜ ਦੇ ਭਾਈਬੰਦ ਅਤੇ ਹਮਦਰਦ ਸਨ। ਜਹਾਨ ਖ਼ਾਨ ਦੀ ਆਪਣੀ ਫ਼ੌਜ ਬੜੀ ਥੋੜ੍ਹੀ ਸੀ ਅਤੇ ਅਹਿਮਦਸ਼ਾਹ ਬਾਦਸ਼ਾਹ ਵੱਲੋਂ ਅਫ਼ਗ਼ਾਨਿਸਤਾਨ ਤੋਂ ਕੋਈ ਸਹਾਇਤਾ ਪੁੱਜ ਨਹੀਂ ਸੀ ਸਕਦੀ। ਇਸ ਲਈ ਜਹਾਨ ਖ਼ਾਨ ਨੇ ਲਾਹੌਰ ਖ਼ਾਲੀ ਕਰ ਕੇ ਅਫ਼ਗ਼ਾਨਿਸਤਾਨ ਨੂੰ ਮੁੜ ਜਾਣ ਵਿਚ ਹੀ ਸ਼ਾਹਜ਼ਾਦਾ ਤੈਮੂਰ ਸ਼ਾਹ ਅਤੇ ਆਪਣੀ ਖ਼ੈਰ ਸਮਝੀ ਅਤੇ 19 ਅਪਰੈਲ ਸੰਨ 1758 ਦੀ ਸਵੇਰੇ ਦੋਨੋਂ ਰਾਵੀ ਪਾਰ ਕਰ ਗਏ। ਅਗਲੇ ਦਿਨ 20 ਅਪਰੈਲ ਨੂੰ ਅਦੀਨਾ ਬੇਗ ਖ਼ਾਨ, ਰਘੂਨਾਥ ਰਾਓ ਅਤੇ ਖਾਲਸਾ ਜੀ ਲਾਹੌਰ ਆ ਪੁੱਜੇ ਅਤੇ ਕਬਜ਼ਾ ਕਰ ਲਿਆ। ਇਸ ਮੁਹਿੰਮ ਵਿਚ ਜਿਨ੍ਹਾਂ ਸਿੱਖ ਸਰਦਾਰਾਂ ਨੇ ਹਿੱਸਾ ਲਿਆ ਅਤੇ ਦੁੱਰਾਨੀਆਂ ਨੂੰ ਲਾਹੌਰ ਖ਼ਾਲੀ ਕਰਨ ਪਰ ਮਜਬੂਰ ਕੀਤਾ, ਉਹ ਸਨ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਚੜ੍ਹਤ ਸਿੰਘ ਸੁੱਕਰਚੱਕੀਆ, ਤਾਰਾ ਸਿੰਘ ਗੈਬਾ, ਜੱਸਾ ਸਿੰਘ ਰਾਮਗੜ੍ਹੀਆ ਅਤੇ ਹਰੀ ਸਿੰਘ, ਝੰਡਾ ਸਿੰਘ, ਗੰਡਾ ਸਿੰਘ ਆਦਿ ਭੰਗੀ। ਸਿੰਘਾਂ ਦੇ ਕੁਝ ਜੱਥੇ ਸਰਦਾਰ ਚੜ੍ਹਤ ਸਿੰਘ ਦੇ ਨਾਲ ਅਫ਼ਗ਼ਾਨਾਂ ਦੇ ਪਿੱਛੇ ਪੈ ਗਏ ਅਤੇ ਦੋ ਕੁ ਸੌ ਅਫ਼ਗ਼ਾਨ ਕੈਦੀਆਂ ਨੂੰ ਫੜ ਕੇ ਅੰਮ੍ਰਿਤਸਰ ਲਿਆਏ ਅਤੇ ਇਨ੍ਹਾਂ ਪਾਸੋਂ ਸ੍ਰੀ ਦਰਬਾਰ ਸਾਹਿਬ ਦਾ ਸਰੋਵਰ ਸਾਫ਼ ਕਰਵਾਇਆ ਜੋ ਜਹਾਨ ਖ਼ਾਨ ਨੇ ਭਰਵਾ ਦਿੱਤਾ ਸੀ।

[ਪਿਛਲੇ ਸੋਮੇ: *ਤਾਰੀਖ਼-ਗੁਜਰਾਂਵਾਲਾ*, ੧੯, *ਹਕੀਕਤਿ-ਇ-ਫ਼ਿਰਕਾਇ-ਸਿੱਖਾਂ*, ੩੭]

Sri Satguru Jagjit Singh Ji eLibrary

# ਅਦੀਨਾ ਬੇਗ ਖ਼ਾਨ ਦੀ ਲਾਹੌਰ ਵਿਚ ਹਕੂਮਤ

## (ਅਪਰੈਲ-ਸਤੰਬਰ ਸੰਨ 1758)

---

ਰਘੂਨਾਥ ਰਾਓ ਲਈ ਪੰਜਾਬ ਵਿਚ ਬਹੁਤਾ ਚਿਰ ਠਹਿਰਨਾ ਮੁਸ਼ਕਲ ਸੀ। ਉਸ ਨੂੰ ਛੇਤੀ ਹੀ ਗਿਆਨ ਹੋ ਗਿਆ ਕਿ ਪੰਜਾਬ ਵਿਚ ਸਿੱਖਾਂ ਦੀ ਵਧ ਰਹੀ ਤਾਕਤ ਵੇਲੇ ਕਿਸੇ ਬਾਹਰਲੇ ਦਾ ਇਥੇ ਹਾਕਮ ਦੇ ਤੌਰ ਤੇ ਟਿਕ ਸਕਣਾ ਸੰਭਵ ਨਹੀਂ। ਬੰਦਾ ਸਿੰਘ ਦੇ ਵੇਲੇ ਉਨ੍ਹਾਂ ਦੇ ਮਨਾਂ ਵਿਚ ਆਪਣੇ ਸੁਤੰਤਰ ਰਾਜ ਦੀ ਜੋਤ ਜਗ ਚੁੱਕੀ ਸੀ ਜਿਸ ਨੂੰ ਨਾ ਤਾਂ ਮੁਗ਼ਲਾਂ ਦੀ ਤਾਕਤ ਹੀ ਬੁਝਾ ਸਕੀ ਅਤੇ ਨਾ ਹੀ ਉਨ੍ਹਾਂ ਨੇ ਦੁੱਰਾਨੀਆਂ ਦੇ ਪੈਰ ਲੱਗਣ ਦਿੱਤੇ ਸਨ। ਮੀਰ ਮੰਨੂੰ ਉਨ੍ਹਾਂ ਨੂੰ ਮਾਰਦਾ ਮਾਰਦਾ ਆਪ ਮਰ ਗਿਆ ਸੀ। ਉਨ੍ਹਾਂ ਦੀਆਂ ਮੱਲਾਂ ਮਾਰਾਂ ਨੇ ਸਾਰੇ ਪੰਜਾਬ ਦੀ ਸਿੱਖ ਜਨਤਾ ਵਿਚ ਇਕ ਅਜਿਹੀ ਮਾਨਸਕ ਦਸ਼ਾ ਪੈਦਾ ਕਰ ਦਿੱਤੀ ਸੀ ਕਿ ਹੁਣ ਉਹ ਕਿਸੇ ਦੀ ਈਨ ਮੰਨਣ ਨੂੰ ਤਿਆਰ ਨਹੀਂ ਸਨ। ਪੰਜਾਬ ਵਿਚ ਬਹੁਤੀ ਪੇਂਡੂ ਵਸੋਂ ਜੱਟਾਂ ਦੀ ਸੀ ਜੋ ਆਪਣੀ ਭੌਂ ਦੇ ਚੱਪੇ ਚੱਪੇ ਲਈ ਲੜ ਮਰਦੇ ਹਨ, ਅਤੇ ਸਿੱਖੀ ਨੇ ਇਨ੍ਹਾਂ ਦੀ ਗ਼ੈਰਤ ਨੂੰ ਚਮਕਾਉਣ ਲਈ ਇਸ ਵੇਲੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ ਸੀ ਅਤੇ ਉਹ ਰਾਜਸੀ ਸਖ਼ਤੀਆਂ ਅਤੇ ਕਤਲਾਮਾਂ ਦੀ ਭੱਠੀ ਵਿਚ ਦੀ ਲੰਘ ਕੇ ਅਜਿਹੇ ਹਠੀਲੇ, ਅਣਖੀਲੇ ਅਤੇ ਕਰੜੇ ਹੋ ਗਏ ਸਨ ਜੋ ਟੁੱਟ ਤਾਂ ਭਾਵੇਂ ਜਾਣ ਪਰ ਝੁਕਾਏ ਨਹੀਂ ਸਨ ਜਾ ਸਕਦੇ। ਮਰਾਠਿਆਂ ਲਈ ਹਜ਼ਾਰ ਕੋਹ ਦੀ ਦੂਰੀ ਤੋਂ ਪੰਜਾਬ ਵਿਚ ਛਾਉਣੀਆਂ ਪਾ ਕੇ ਟਿਕ ਸਕਣਾ ਹੋਰ ਭੀ ਔਖਾ ਸੀ। ਨਾ ਹੀ ਪੂਨਾ ਸਰਕਾਰ ਦੀ ਮਾਲੀ ਹਾਲਤ ਇਸ ਭਾਰ ਨੂੰ ਸਹਿ ਸਕਦੀ ਸੀ। ਇਥੋਂ ਦੀ ਉਗਰਾਹੀ ਨਾਲ ਗੁਜ਼ਾਰਾ ਹੋ ਨਹੀਂ ਸੀ ਸਕਣਾ। ਇਸ ਤੋਂ ਬਿਨਾਂ ਮਰਾਠਿਆਂ ਲਈ ਪੰਜਾਬ ਦੀਆਂ ਅਤਿ ਦੀਆਂ ਗਰਮੀਆਂ ਅਤੇ ਸਰਦੀਆਂ ਸਹਿਣੀਆਂ ਭੀ ਸੌਖੀਆਂ ਨਹੀਂ ਸਨ। ਇਸ ਲਈ ਰਘੂਨਾਥ ਰਾਓ ਨੇ ਅਦੀਨਾ ਬੇਗ ਨਾਲ ਸੌਦਾ ਕਰ ਲਿਆ ਅਤੇ ਪੰਝੱਤਰ ਲੱਖ ਰੁਪਇਆ ਸਾਲ ਦਾ ਲੈਣਾ ਕਰ ਕੇ ਲਾਹੌਰ ਦੀ ਹਕੂਮਤ ਅਦੀਨਾ ਬੇਗ ਦੇ ਹਵਾਲੇ ਕਰ ਦਿੱਤੀ। ਅਦੀਨਾ ਬੇਗ ਨੇ ਖ਼੍ਵਾਜਾ ਮਿਰਜ਼ਾ ਜਾਨ ਨੂੰ ਉਥੇ ਆਪਣਾ ਨਾਇਬ ਨਿਯਤ ਕਰ ਦਿੱਤਾ ਅਤੇ ਆਪ ਦੁਆਬੇ ਵਿਚ ਹੁਸ਼ਿਆਰਪੁਰ ਦੇ ਲਾਗੇ ਖਾਨਪੁਰ ਵਿਚ ਰਹਿਣ ਲੱਗ ਪਿਆ। ਇਹ ਪ੍ਰਬੰਧ ਕਰ ਕੇ ਰਘੂਨਾਥ ਰਾਓ ਨੇ 10 ਮਈ ਨੂੰ ਦਿੱਲੀ ਵੱਲ ਨੂੰ ਚਾਲੇ ਪਾਏ ਅਤੇ ਛੋਟੇ ਛੋਟੇ ਪੜਾਉ ਕਰ ਕੇ ਪੰਜ ਜੂਨ ਨੂੰ ਸੋਮਾਵਤੀ

Sri Satguru Jagjit Singh JieLibrary

ਮੱਸਿਆ ਦਾ ਅਸ਼ਨਾਨ ਕੁਰੂਕਸ਼ੇਤਰ ਜਾ ਕੀਤਾ।

[*ਅਹਿਮਦਸ਼ਾਹ ਦੁੱਰਾਨੀ*, 216-17]

## ਅਦੀਨਾ ਬੇਗ ਦੀ ਸਿੰਘਾਂ ਪਰ ਸਖ਼ਤੀ

ਅਦੀਨਾ ਬੇਗ ਨੇ ਮਰਾਠਾ ਸਰਦਾਰ ਰਘੂਨਾਥ ਰਾਓ ਦੇ ਮੁੜ ਜਾਣ ਪਿੱਛੋਂ ਕੁੱਲ ਚਾਰ ਕੁ ਮਹੀਨੇ ਹੀ ਹਕੂਮਤ ਕੀਤੀ ਅਤੇ ਇਸ ਸਮੇਂ ਉਸ ਨੇ, ਇਸ ਖਿਆਲ ਨਾਲ ਕਿ ਸਿੱਖ ਕਿਤੇ ਬਹੁਤੇ ਹੀ ਤਕੜੇ ਨਾ ਹੋ ਜਾਣ, ਉਨ੍ਹਾਂ ਨੂੰ ਸਖ਼ਤੀ ਨਾਲ ਦਬਾਉਣ ਦੇ ਜਤਨ ਕੀਤੇ। ਲਹਿੰਦੇ ਦੇ ਗੱਖੜਾਂ, ਜੰਜੋਹਿਆਂ, ਘੇਬਿਆਂ, ਵੜੈਚਾਂ ਅਤੇ ਮਾਝੇ ਅਤੇ ਦੁਆਬੇ ਦੇ ਪਠਾਣਾਂ, ਰੰਧਾਵਿਆਂ, ਅਤੇ ਡੋਗਰਿਆਂ ਦਾ ਇਕ ਵੱਡਾ ਦਲ ਉਨ੍ਹਾਂ ਦੇ ਪਿੱਛੇ ਪਾ ਦਿੱਤਾ ਜਿਸ ਨੇ ਖਾਲਸੇ ਦੇ ਵੱਖਰੇ ਵੱਖਰੇ ਜਥਿਆਂ ਨੂੰ ਖਿੰਡਾਉਣਾ ਸ਼ੁਰੂ ਕਰ ਦਿੱਤਾ। ਸਰਦਾਰ ਜੱਸਾ ਸਿੰਘ ਅਦੀਨਾ ਬੇਗ ਖ਼ਾਨ ਦੀ ਇਸ ਬਦਨੀਅਤ ਤੇ ਬੜੇ ਹੈਰਾਨ ਸਨ ਕਿ ਅਸੀਂ ਤਾਂ ਇਸ ਦੀ ਸਹਾਇਤਾ ਕਰ ਕੇ ਇਸ ਦੀ ਲਾਹੌਰ ਵਿਚ ਤਾਕਤ ਅਤੇ ਹਕੂਮਤ ਬਣਨ ਦਾ ਕਾਰਣ ਹੋਏ ਸਾਂ, ਇਹ ਸਾਨੂੰ ਹੀ ਤੰਗ ਕਰਨ ਲੱਗ ਪਿਆ ਹੈ।

## ਹੀਰਾ ਮੱਲ ਅਤੇ ਗੁਲਸ਼ੇਰ ਖ਼ਾਨ ਮਾਰੇ ਗਏ

ਇਸ ਵੇਲੇ ਖਾਲਸਾ ਦਲ ਦੇ ਕੁਝ ਜਥੇਦਾਰ ਸਰਦਾਰ ਜੱਸਾ ਸਿੰਘ ਨਾਲ ਅਦੀਨਾ ਨਗਰ ਦੇ ਪਾਸ, ਜਿਥੇ ਅਦੀਨਾ ਖ਼ਾਨ ਉਤਰਿਆ ਹੋਇਆ ਸੀ, ਆ ਇਕੱਠੇ ਹੋਏ। ਪਤਾ ਲੱਗਣ ਪਰ ਖ਼ਾਨ ਹੋਰੀਂ ਆਪਣੇ ਦੀਵਾਨ ਹੀਰਾ ਮੱਲ ਅਤੇ ਆਕਿਲ ਦਾਸ ਜੰਡਿਆਲੀਏ ਨੂੰ ਉਨ੍ਹਾਂ ਵੱਲ ਤੋਰਿਆ। ਕਾਦੀਆਂ ਦੇ ਲਾਗੇ ਦੋਹਾਂ ਦਾ ਟਾਕਰਾ ਹੋ ਗਿਆ। ਹੀਰਾ ਮੱਲ ਲੜਾਈ ਵਿਚ ਮਾਰਿਆ ਗਿਆ ਅਤੇ ਆਕਿਲ ਦਾਸ ਖਿਸਕ ਗਿਆ, ਅਤੇ ਉਨ੍ਹਾਂ ਦਾ ਬਹੁਤ ਸਾਰਾ ਮਾਲ ਅਸਬਾਬ ਸਿੰਘਾਂ ਦੇ ਹੱਥ ਆਇਆ।

ਇਨ੍ਹਾਂ ਦਿਨਾਂ ਵਿਚ ਹੀ ਸਰਦਾਰ ਜੱਸਾ ਸਿੰਘ ਨੂੰ ਸਰਦਾਰ ਚੜ੍ਹਤ ਸਿੰਘ, ਸਰਦਾਰ ਜੈ ਸਿੰਘ ਕਨ੍ਹਈਆ, ਹਕੀਕਤ ਸਿੰਘ ਅਤੇ ਸਰਦਾਰ ਗੁੱਜਰ ਸਿੰਘ ਵੱਲੋਂ ਇਕ ਚਿੱਠੀ ਮਿਲੀ ਕਿ ਗੁਲਸ਼ੇਰ ਖ਼ਾਨ ਨਾਮੀ ਇਕ ਲਾਹੌਰ ਅਮੀਰ-ਮਿਰਜ਼ਾ ਜਾਨ ਦਾ ਭੇਜਿਆ ਹੋਣਾ ਏ—ਬਹੁਤ ਸਾਰੀ ਫੌਜ ਨਾਲ ਮਜੀਠੇ ਕੋਲ ਉਤਰਿਆ ਹੋਇਆ ਹੈ ਅਤੇ ਜੋ ਸਿੰਘ ਹੱਥ ਆਉਂਦਾ ਹੈ ਉਸ ਨੂੰ ਮਾਰ ਸੁੱਟਦਾ ਹੈ। ਇਹ ਖਬਰ ਸੁਣਦੇ ਸਾਰ ਸਰਦਾਰ ਜੱਸਾ ਸਿੰਘ ਨੇ ਜੰਗਲ ਦੇ ਇਲਾਕੇ 'ਚੋਂ ਮਜੀਠੇ ਨੂੰ ਕੂਚ ਕੀਤਾ ਅਤੇ ਆ ਕੇ ਸਰਦਾਰਾਂ ਨਾਲ ਮਤਾ ਪਕਾਇਆ ਕਿ ਵਾਰੋ ਵਾਰੀ ਜਾ ਕੇ ਗੁਲਸ਼ੇਰ ਖ਼ਾਨ ਦੇ ਡੇਰੇ ਪਰ ਇਸ ਤਰ੍ਹਾਂ ਹੱਲੇ ਕਰੋ ਕਿ ਉਸ ਨੂੰ ਉੱਕਾ ਹੀ ਕੋਈ ਦਮ ਲੈਣ ਦੀ ਵਿਹਲ ਨਾ ਰਹੇ।

ਇਕ ਦਿਨ ਜਦ ਸਰਦਾਰ ਜੈ ਸਿੰਘ ਕਨ੍ਹਈਏ ਦਾ ਜਥਾ ਵੈਰੀ ਦੇ ਡੇਰੇ ਪਰ ਬੰਦੂਕਾਂ ਮਾਰ ਰਿਹਾ ਸੀ ਤਾਂ ਗੁਲਸ਼ੇਰ ਖ਼ਾਨ ਦੀ ਕੁਝ ਫੌਜ ਉਨ੍ਹਾਂ ਦੇ ਮਗਰ ਲੱਗ ਤੁਰੀ। ਇਹੀ ਗੱਲ ਖਾਲਸਾ ਜੀ ਚਾਹੁੰਦੇ ਸਨ। ਜਦ ਕੁਝ ਬਾਹਰ ਨਿਕਲ ਆਏ ਤਾਂ ਸਰਦਾਰ ਜੱਸਾ ਸਿੰਘ ਕੁਝ ਹੋਰ ਸਰਦਾਰਾਂ ਨੂੰ ਨਾਲ ਲੈ ਕੇ ਸਰਦਾਰ ਜੈ ਸਿੰਘ ਦੀ ਮਦਦ ਨੂੰ ਪਹੁੰਚ ਗਏ। ਤਦ ਨੂੰ

ਗੁਲਸ਼ੇਰ ਖ਼ਾਨ ਭੀ ਹੋਰ ਫ਼ੌਜ ਲੈ ਕੇ ਅੱਪੜ ਪਿਆ। ਇਸ ਵੇਲੇ ਸਰਦਾਰ ਜੱਸਾ ਸਿੰਘ ਸਭ ਤੋਂ ਅੱਗੇ ਸਨ। ਜਦ ਗੁਲਸ਼ੇਰ ਖ਼ਾਨ ਅੱਗੇ ਨੂੰ ਵਧਿਆ ਤਾਂ ਸਿੰਘਾਂ ਨੇ ਬੰਦੂਕਾਂ ਦੀ ਅਜਿਹੀ ਵਾੜ ਝਾੜੀ ਕਿ ਇਕ ਗੋਲੀ ਖ਼ਾਨ ਦੇ ਮੱਥੇ ਤੇ ਜਾ ਲੱਗੀ ਅਤੇ ਉਹ ਉਥੇ ਹੀ ਢਹਿ ਢੇਰੀ ਹੋ ਗਿਆ। ਖ਼ਾਨ ਦੇ ਮਰਨ ਦੀ ਦੇਰ ਸੀ ਕਿ ਉਸ ਦੀ ਫ਼ੌਜ ਭੱਜ ਨਿਕਲੀ ਅਤੇ ਉਸ ਦਾ ਡੇਰਾ ਸਿੰਘਾਂ ਦੇ ਹਥ ਆ ਗਿਆ। [*ਜੱਸਾ ਸਿੰਘ ਬਿਨੋਦ*, 94-95; ਉਰਦੂ, 38-39]। ਇਹ ਵਾਕਿਆ ਅਗਸਤ ਸੰਨ 1758 ਜਾਂ ਸ਼ੁਰੂ ਸਤੰਬਰ ਦਾ ਹੈ।

## ਅਦੀਨਾ ਬੇਗ ਖ਼ਾਨ ਦਾ ਦੇਹਾਂਤ

ਇਨ੍ਹੀਂ ਦਿਨੀਂ ਅਦੀਨਾ ਬੇਗ ਖ਼ਾਨ ਬੀਮਾਰ ਸੀ। ਪਿਛਲੀ ਕਿਸੇ ਲੜਾਈ ਵਿਚ ਛਾਤੀ ਵਿਚ ਲੱਗੀ ਗੋਲੀ ਦੀ ਪੀੜ ਉਸ ਨੂੰ ਕਈ ਵਾਰੀ ਬਹੁਤ ਤੰਗ ਕਰਿਆ ਕਰਦੀ ਸੀ, ਖ਼ਾਸ ਕਰਕੇ ਬਰਸਾਤ ਦੇ ਦਿਨੀਂ, ਜਦੋਂ ਕਿ ਹਵਾ ਵਿਚ ਸਿਲ੍ਹ ਆ ਜਾਂਦੀ ਹੈ। ਇਸ ਨਾਲ ਖ਼ਾਨ ਸਾਹਿਬ ਨੂੰ ਅਧਰੰਗ ਹੋ ਗਿਆ ਅਤੇ 15 ਸਤੰਬਰ ਸੰਨ 1758 ਨੂੰ ਉਸ ਦਾ ਦੇਹਾਂਤ ਹੋ ਗਿਆ। ਉਸ ਨੂੰ ਹੁਸ਼ਿਆਰਪੁਰ ਦੇ ਲਾਗੇ ਖ਼ਾਨ ਪੁਰ ਵਿਚ ਦਬਾਇਆ ਗਿਆ ਜਿਥੇ ਉਸ ਦੀ ਕਬਰ ਹੁਣ ਤਕ ਮੌਜੂਦ ਹੈ।

## ਨੂਰੁੱਦੀਨ ਬਾਮੇਜ਼ਈ ਨੂੰ ਭਾਂਜ (ਨਵੰਬਰ 1758)

ਜਿਵੇਂ ਪਿੱਛੇ ਲਿਖਿਆ ਜਾ ਚੁੱਕਾ ਹੈ ਕਿ ਜਦੋਂ ਮਰਾਠਿਆਂ ਨੇ ਪੰਜਾਬ ਦੀ ਹਕੂਮਤ ਅਦੀਨਾ ਬੇਗ ਖ਼ਾਨ ਨੂੰ ਦੇ ਦਿੱਤੀ ਸੀ ਤਾਂ ਉਹ ਆਪ ਤਾਂ ਬਹੁਤਾ ਦੁਆਬੇ ਵਿਚ ਹੁਸ਼ਿਆਰਪੁਰ ਜਾਂ ਗੁਰਦਾਸਪੁਰ ਦੇ ਇਲਾਕੇ ਵਿਚ ਅਦੀਨਾ ਨਗਰ ਰਹਿੰਦਾ ਸੀ ਅਤੇ ਲਾਹੌਰ ਵਿਚ ਉਸ ਨੇ ਆਪਣਾ ਨਾਇਬ ਖ਼ੁਆਜਾ ਮਿਰਜ਼ਾ ਜਾਨ ਨਿਯਤ ਕੀਤਾ ਹੋਇਆ ਸੀ। ਅਦੀਨਾ ਬੇਗ ਦੀ ਮੌਤ ਤੋਂ ਬਾਅਦ ਉਸ ਨੇ ਸਿੰਘਾਂ ਨਾਲ ਸੁਲਾਹ ਕਰ ਲਈ। ਉਸ ਨੂੰ ਪਤਾ ਸੀ ਕਿ ਉਹ ਦੋਨੋਂ ਪਾਸੇ ਵਿਰੋਧੀ ਹੋਣ ਸਮੇਂ ਦੇਸ ਦਾ ਪ੍ਰਬੰਧ ਠੀਕ ਨਹੀਂ ਰਖ ਸਕੇਗਾ। ਇਸ ਲਈ ਉਸ ਨੇ ਅੰਦਰਗਤੀ ਸਿੰਘਾਂ ਨਾਲ ਇਸ ਸ਼ਰਤ ' ਸਮਝੌਤਾ ਕਰ ਲਿਆ ਦਿਸਦਾ ਹੈ ਕਿ ਜੇ ਉਹ ਲਹਿੰਦੇ ਵੱਲੋਂ ਆਉਣ ਵਾਲੇ ਦੁੱਰਾਨੀਆਂ ਦੇ ਟਾਕਰੇ ਤੇ ਉਸ ਦੀ ਸਹਾਇਤਾ ਕਰਨ ਤਾਂ ਉਹ ਦੁਆਬੇ ਵੱਲੋਂ ਅੱਖੀਆਂ ਮੀਟ ਰੱਖੇਗਾ। ਸਿੰਘਾਂ ਨੂੰ ਇਸ ਵਿਚ ਫ਼ਾਇਦਾ ਸੀ ਕਿ ਇਸ ਨਾਲ ਉਹ ਦੁਆਬੇ ਅਤੇ ਮਾਲਵੇ ਵਿਚ ਸੌਖੇ ਹੀ ਆਪਣੇ ਪੈਰ ਪੱਕੀ ਤਰ੍ਹਾਂ ਜਮਾ ਸਕਣਗੇ ਅਤੇ ਦੁਰਾਨੀਆਂ ਦੇ ਹੱਲਿਆਂ ਦਾ ਟਾਕਰਾ ਕਰਨ ਲਈ ਤਕੜੇ ਹੋ ਜਾਣਗੇ। ਦੂਸਰੀ ਗੱਲ ਇਹ ਕਿ ਦੁੱਰਾਨੀ ਆਖ਼ਰ ਬਾਹਰੋਂ ਆ ਕੇ ਇਥੇ ਆਪ ਰਾਜ ਕਾਇਮ ਕਰਨਾ ਚਾਹੁੰਦੇ ਸਨ ਜਿਸ ਨਾਲ ਪੰਜਾਬ ਅਫ਼ਗ਼ਾਨੀ ਰਾਜ ਦਾ ਇਕ ਹਿੱਸਾ ਬਣ ਜਾਣਾ ਸੀ। ਇਸ 'ਰਾਈ ਗੁਲਾਮੀ ਦੀ ਪੰਜਾਲੀ ਨੂੰ ਖਾਲਸਾ ਕਿਵੇਂ ਆਪਣੇ ਗਲ ਪੈਂਦੀ ਵੇਖ ਸਕਦਾ ਸੀ? ਜੇ ਇਨ੍ਹਾਂ ਨੂੰ ਇਕ ਵਾਰੀ ਗਲ ਪੈਣੋਂ ਹਟਾ ਲਿਆ ਜਾਏ ਤਾਂ ਇੱਥੇ ਦੇ ਜਾਬਰਾਂ ਨਾਲ ਸੌਖੇ ਹੀ ਸਿੱਝਿਆ ਜਾ ਸਕੇਗਾ। ਇਸ ਖਿਆਲ ਨਾਲ ਖਾਲਸੇ ਨੇ ਮਿਰਜ਼ਾ ਜਾਨ ਨਾਲ ਸਮਝੌਤਾ ਕਰ ਲਿਆ ਸੀ ਅਤੇ ਨੂਰੁੱਦੀਨ ਬਾਮੇਜ਼ਈ ਦੇ ਟਾਕਰੇ ਤੇ ਮਿਰਜ਼ਾ ਜਾਨ ਦੀ ਸਹਾਇਤਾ ਕੀਤੀ।

Sri Satguru Jagjit Singh Ji eLibrary

ਅਦੀਨਾ ਬੇਗ ਖ਼ਾਨ ਦੀ ਮੌਤ ਦੀ ਖਬਰ ਜਦ ਅਹਿਮਦ ਸ਼ਾਹ ਦੁੱਰਾਨੀ ਨੂੰ ਲੱਗੀ ਤਾਂ ਉਸ ਵੇਲੇ ਉਹ ਮੀਰ ਨਸੀਰ ਖ਼ਾਨ ਦੇ ਸ਼ਹਿਰ ਕਲਾਤ ਨੂੰ ਘੇਰਾ ਪਾਈ ਬੈਠਾ ਸੀ। ਇਸ ਲਈ ਸ਼ਾਹ ਨੂਰੁੱਦੀਨ ਬਾਮੇਜਈ ਨੂੰ ਫੌਜ ਦੇ ਕੇ ਪੰਜਾਬ ਵੱਲ ਭੇਜਿਆ। ਉਹ ਸੌਖੇ ਹੀ ਸਿੰਧ ਪਾਰ ਕਰ ਕੇ ਸਤੰਬਰ 1758 ਦੇ ਅੰਤਲੇ ਦਿਨੀ ਦੁਆਬਾ ਸਿੰਧ ਸਾਗਰ ਵਿਚ ਆ ਨੂੰ ਦਾਖ਼ਲ ਹੋਇਆ ਅਤੇ ਲੁਟ ਮਾਰ ਕਰਦਾ ਅਤੇ ਸ਼ਹਿਰ ਭੇਰਾ, ਮਿਆਨੀ ਅਤੇ ਚਕ ਸਾਨੂੰ ਨੂੰ ਜਲਦਾ ਧੁਖਦਾ ਛਡ ਕੇ ਝਨਾਂ ਨੂੰ ਟੱਪ ਆਇਆ। ਇਸ ਵੇਲੇ ਮਿਰਜਾ ਜਾਨ ਸਿੰਘਾਂ ਦੀ ਫੌਜ ਲੈ ਕੇ ਝਨਾਂ ਪਰ ਜਾ ਪੁੱਜਾ ਅਤੇ ਨੂਰੁੱਦੀਨ ਦਾ ਅੱਗਾ ਜਾ ਰੋਕਿਆ। ਲੜਾਈ ਵਿਚ ਨੂਰੁੱਦੀਨ ਭਾਂਜ ਖਾ ਗਿਆ ਅਤੇ ਪਿੱਛੇ ਨੂੰ ਮੁੜ ਗਿਆ। ਇਹ ਗੱਲ ਅਕਤੂਬਰ-ਨਵੰਬਰ ਸੰਨ 1758 ਦੀ ਹੈ।

[*ਤਾਰੀਖ਼ਿ ਆਲਮਗੀਰ ਸਾਨੀ*, 191; *ਅਖਬਾਰਿ ਦਰਬਾਰਿ-ਮੁਅੱਲਾ*-ਅਹਿਮਦ ਸ਼ਾਹ ਦੁੱਰਾਨੀ, 233]

## ਖ਼ੁਆਜਾ ਮੁਹੰਮਦ ਸਈਦ ਨੂੰ ਸੋਧਣਾ

ਖ਼ੁਆਜਾ ਮਿਰਜਾ ਜਾਨ ਦੇ ਵੇਲੇ ਸ਼ਹਿਰ ਦਾ ਪ੍ਰਬੰਧ ਉਸ ਦੇ ਭਾਈ ਖ਼ੁਆਜਾ ਮੁਹੰਮਦ ਸਈਦ ਦੇ ਹੱਥ ਸੀ। ਜਦੋਂ ਮਿਰਜਾ ਜਾਨ ਬਾਹਰ ਮੁਹਿੰਮ ਪਰ ਗਿਆ ਹੋਇਆ ਹੁੰਦਾ ਸੀ ਤਾਂ ਸਾਰਾ ਕਾਰ ਵਿਹਾਰ ਇਹ ਹੀ ਕਰਦਾ ਸੀ। ਪਰ ਇਹ ਬੜਾ ਜ਼ਾਲਮ ਆਦਮੀ ਸੀ ਅਤੇ ਪਰਲੇ ਦਰਜੇ ਦਾ ਲਾਲਚੀ ਸੀ। ਇਸ ਨੇ ਸ਼ਹਿਰ ਦੇ ਲੋਕਾਂ ਉੱਤੇ ਬੜੀਆਂ ਬੜੀਆਂ ਚੱਟੀਆਂ ਲਾਈਆਂ ਅਤੇ ਲੋਕਾਂ ਵਿਚ ਡਰ ਪਾਉਣ ਲਈ ਇਕ ਦੋ ਦੋਸੀ ਬੰਦੇ ਹਰ ਰੋਜ਼ ਫਾਹੇ ਲਾ ਦਿੰਦਾ ਸੀ। ਇਸ ਤਰ੍ਹਾਂ ਇਸ ਨੇ ਕੁਝ ਸਿੰਘ ਭੀ ਕਤਲ ਕਰਵਾ ਦਿੱਤੇ ਅਤੇ ਸ਼ਹਿਰ ਦੇ ਸਰਦੇ ਪੁਜਦੇ ਲੋਕਾਂ ਦੀਆਂ ਤਲਾਸ਼ੀਆਂ ਲੈ ਕੇ ਉਨ੍ਹਾਂ ਦੇ ਰੁਪਏ ਪੈਸੇ ਅਤੇ ਗਹਿਣੇ ਗੱਟੇ ਉੱਤੇ ਧੱਕੇ ਜੋਰੀ ਕਬਜ਼ਾ ਕਰ ਲਿਆ।

ਜਦੋਂ ਇਸ ਦੇ ਜ਼ੁਲਮ ਦੀ ਖਬਰ ਸਰਦਾਰ ਜੱਸਾ ਸਿੰਘ ਨੂੰ ਲੱਗੀ ਤਾਂ ਉਹ ਲਾਹੌਰ ਆ ਪੁਜਿ ਅਤੇ ਰਵਾ ਰਵੀਂ ਮੁਜੰਗ ਜਾ ਡੇਰਾ ਕੀਤਾ। ਉਨ੍ਹਾਂ ਨੂੰ ਖਿਆਲ ਸੀ ਕਿ ਅਸਾਂ ਹੀ ਤਾਂ ਅਦੀਨਾ ਬੇਗ ਖ਼ਾਨ ਨੂੰ ਲਾਹੌਰ ਵਿਚ ਤਾਕਤਵਰ ਬਣਾਇਆ ਸੀ ਜਿਸ ਦਾ ਮਿਰਜਾ ਜਾਨ ਲਾਹੌਰ ਵਿਚ ਨਾਇਬ ਸੀ ਅਤੇ ਅਦੀਨਾ ਬੇਗ ਦੀ ਮੌਤ ਤੋਂ ਬਾਅਦ ਲਾਹੌਰ ਦਾ ਹਾਕਮ ਬਣਿਆ ਸੀ। ਖ਼ੁਆਜਾ ਮੁਹੰਮਦ ਸਈਦ ਉਸ ਦਾ ਭਾਈ ਹੈ ਅਤੇ ਇਕ ਕਾਰਿੰਦੇ ਤੋਂ ਵੱਧ ਇਸ ਦੀ ਹੈਸੀਅਤ ਨਹੀਂ। ਪਰ ਸਰਦਾਰ ਜੱਸਾ ਸਿੰਘ ਦੇ ਪੁੱਜਣ ਦੀ ਖਬਰ ਸੁਣ ਕੇ ਖ਼ੁਆਜਾ ਸਈਦ ਲੜਾਈ ਲਈ ਤਿਆਰ ਹੋ ਕੇ ਆ ਗਿਆ। ਪਰ ਸਰਦਾਰ ਦੇ ਅੱਗੇ ਅੜਨਾ ਹਾਰੀ ਸਾਰੀ ਦਾ ਕੰਮ ਨਹੀ ਸੀ, ਤਲਵਾਰ ਦੇ ਦੋ ਚਾਰ ਟੱਕ ਭੀ ਨਾ ਸਹੇ ਅਤੇ ਹਾਰ ਖਾ ਕੇ ਸ਼ਹਿਰ ਵਿਚ ਜਾ ਲੁਕਿਆ।

ਇਸ ਗੱਲ ਦਾ ਫਾਇਦਾ ਉਠਾ ਕੇ ਖ਼ੁਆਜਾ ਭਰਾਵਾਂ ਦੇ ਵੈਰੀਆਂ ਨੇ ਮਰਹਿਠਿਆਂ ਨਾਲ ਗੰਢ ਤੁਪ ਕਰ ਲਈ। ਇਹ ਵੈਰੀ ਸਨ ਕਿਜ਼ਲਬਾਸ਼ ਪਠਾਣ ਅਹਿਮਦ ਖ਼ਾਨ ਅਤੇ ਸਾਲਿਹ ਖ਼ਾਨ ਜਿਨ੍ਹਾਂ ਨੂੰ ਮਿਰਜਾ ਜਾਨ ਨੇ ਅਪਰੈਲ ਸੰਨ 1758 ਵਿਚ ਤੈਮੂਰ ਸ਼ਾਹ ਦੀ

Sri Satguru Jagjit Singh Ji eLibrary

ਭਾਂਜ ਵੇਲੇ ਞਨਾਂ ਦੇ ਕੰਢੇ ਕੈਦ ਕਰ ਲਿਆ ਸੀ ਅਤੇ ਪਿੱਛੋਂ ਆਪਣੀ ਫੌਜ ਵਿਚ ਨੌਕਰ ਰਖ ਲਿਆ ਸੀ। ਇਨ੍ਹਾਂ ਨੇ ਮਿਰਜ਼ਾ ਜਾਨ ਨੂੰ ਕੈਦ ਕਰ ਲਿਆ ਅਤੇ ਮੁਹੰਮਦ ਸਈਦ ਨੂੰ ਖੋਤੇ ਉੱਤੇ ਚਾੜ੍ਹ ਕੇ ਸਾਰੇ ਸ਼ਹਿਰ ਵਿਚ ਫਿਰਾਇਆ ਅਤੇ ਇਸ ਦੇ ਹੱਥੋਂ ਦੁਖੇ ਹੋਏ ਲੋਕਾਂ ਨੇ ਇਸ ਪਰ ਗੰਦਗੀ ਸੁੱਟੀ। ਪਿੱਛੋਂ ਜਦ ਇਸ ਨੂੰ ਮਰਾਠਾ ਸਰਦਾਰ ਸਾਬਾਜੀ ਪਾਟਿਲ ਦੇ ਪੇਸ਼ ਕੀਤਾ ਗਿਆ ਤਾਂ ਉਸ ਨੇ ਕਿਹਾ "ਤੇਰੀਆਂ ਮੰਦੀਆਂ ਜ਼ੁਲਮੀ ਕਰਤੂਤਾਂ ਕਰਕੇ ਤੈਨੂੰ ਇਹ ਸਜ਼ਾ ਮਿਲੀ ਹੈ ਜਿਸ ਦਾ ਤੂੰ ਭਾਗੀ ਸੀ, ਹੁਣ ਤੂੰ ਚੁਪ ਕਰਕੇ ਦੇਸ ਚੋਂ ਨਿਕਲ ਜਾ।" ਹੁਣ ਇਹ ਕਿਜ਼ਲਬਾਸ਼ ਲਾਹੌਰ ਅਤੇ ਮੁਲਤਾਨ ਦੇ ਹਾਕਮ ਟਿੱਕੇ ਗਏ ਪਰ ਅਸਲ ਤਾਕਤ ਸਾਬਾਜੀ ਦੇ ਹੱਥ ਹੀ ਰਹੀ ਜਿਸ ਨੂੰ ਪਿੱਛੋਂ ਅਹਿਮਦ ਸ਼ਾਹ ਦੇ ਪੰਜਵੇਂ ਹੱਲੇ ਵੇਲੇ ਜਹਾਨ ਖ਼ਾਨ ਨੇ ਅਟਕੋਂ ਧੱਕਿਆ ਸੀ। [ਅਲੀ-ਉ-ਦੀਨ, *ਇਬਰਤ ਨਾਮਾ*, 221; *ਤਹਿਮਾਸ ਨਾਮਾ* (ਰਾਉ), 81-2; *ਜੱਸਾ ਸਿੰਘ ਬਿਨੋਦ*, 98-ਉਰਦੂ 44-45] ਮੁਨਸ਼ੀ ਸੋਹਨ ਲਾਲ, *ਉਮਦਾਤੁ-ਤਵਾਰੀਖ* ਵਿਚ ਲਿਖਦਾ ਹੈ ਕਿ ਖ਼ੁਆਜਾ ਮੁਹੰਮਦ ਸਈਦ ਦਾ ਥਾਂ ਮਿਰਜ਼ਾ ਤਾਹਰ ਬੇਗ ਨੂੰ ਲਾਹੌਰ ਦਾ ਨਾਜ਼ਮ ਬਣਾਇਆ ਗਿਆ ਸੀ (ਦਫਤਰ ਪਹਿਲਾ, 147)। ਹੋ ਸਕਦਾ ਹੈ ਇਸ ਨੂੰ ਅਹਿਮਦ ਖ਼ਾਨ ਕਿਜ਼ਲਬਾਸ਼ ਦਾ ਨਾਇਬ ਬਣਾਇਆ ਹੋਵੇ।

**ਦੁਆਬੇ ਅਤੇ ਮਾਲਵੇ ਵਿਚ ਸਿੰਘਾਂ ਦੇ ਕਬਜ਼ੇ**

ਖ਼ੁਆਜਾ ਮਿਰਜ਼ਾ ਜਾਨ ਨਾਲ ਸਮਝੌਤਾ ਹੋ ਜਾਣ ਪਰ ਸਿੰਘਾਂ ਲਈ ਦੁਆਬੇ ਅਤੇ ਮਾਲਵੇ ਵਿਚ ਮੱਲਾਂ ਮਾਰਨੀਆਂ ਜ਼ਰਾ ਸੌਖੀਆਂ ਹੋ ਗਈਆਂ। ਸਰਦਾਰ ਚੜ੍ਹਤ ਸਿੰਘ ਸੁਕਰਚੱਕੀਏ ਨੇ ਰਚਨਾ ਦੁਆਬ ਵਿਚ ਆਪਣੇ ਪੈਰ ਚੰਗੇ ਜਮਾ ਲਏ ਹੋਏ ਸੀ ਅਤੇ ਗੁਜਰਾਂ ਵਾਲੇ ਵਿਚ ਟਿਕਾਣਾ ਪੱਕਾ ਕਰ ਲਿਆ ਸੀ। ਭੰਗੀ ਸਰਦਾਰਾਂ ਨੇ ਭੀ ਆਪਣੇ ਇਲਾਕੇ ਵਧਾਉਣੇ ਸ਼ੁਰੂ ਕੀਤੇ ਹੋਏ ਸਨ। ਸਰਦਾਰ ਜੱਸਾ ਸਿੰਘ ਦਾ ਜਿਆਦਾ ਇਲਾਕਾ ਦੁਆਬੇ ਜਾਲੰਧਰ ਵਿਚ ਹੀ ਸੀ ਅਤੇ ਇੱਥੇ ਹੀ ਅਦੀਨਾ ਬੇਗ ਦਾ ਅੱਡਾ ਹੋਣ ਕਰਕੇ ਉਸ ਨਾਲ ਕਈ ਵਾਰੀ ਟੱਕਰਾਂ ਭੀ ਹੋ ਪੈਂਦੀਆਂ ਸਨ। ਹੁਣ ਉਹ ਵਿਰੋਧ ਭੀ ਖ਼ਤਮ ਹੋ ਗਿਆ ਸੀ। ਇਸ ਲਈ ਜਿੱਥੇ ਜਿੱਥੇ ਸਰਦਾਰ ਜੱਸਾ ਸਿੰਘ ਦੀ 'ਰਾਖੀ' ਸੀ ਉਨ੍ਹਾਂ ਥਾਵਾਂ ਵਾਲਿਆਂ ਨੇ ਪੱਕੀ ਤਰ੍ਹਾਂ ਇਨ੍ਹਾਂ ਦੀ ਈਨ ਮੰਨ ਲਈ ਅਤੇ ਹੋਰ ਕਈ ਇਲਾਕੇ ਭੀ ਇਨ੍ਹਾਂ ਤੇ ਤਹਿਤ ਵਿਚ ਆ ਗਏ।

ਮਾਲਵੇ ਵਿਚ ਬਾਬਾ ਆਲਾ ਸਿੰਘ ਦਾ ਬੋਲ ਬਾਲਾ ਸੀ ਅਤੇ ਖ਼ਾਲਸਾ ਦਲ ਦੀ ਸਹਾਇਤਾ ਨਾਲ ਚੋਖੇ ਇਲਾਕਿਆਂ ਪਰ ਕਬਜ਼ਾ ਕਰ ਲਿਆ ਹੋਇਆ ਸੀ। ਉਨ੍ਹਾਂ ਨੇ ਸਤੰਬਰ 1758 ਵਿਚ ਅਬਦੁ-ਸਮੱਦ ਖ਼ਾਨ ਫੌਜਦਾਰ ਸਰਹੰਦ ਅਤੇ ਮੁਹੰਮਦ ਅਮੀਨ ਖ਼ਾਨ ਭੱਟੀ ਦੀਆਂ ਮਿਲਵੀਆਂ ਫੌਜਾਂ ਨੂੰ ਰਾਮਪੁਰੇ ਇਕ ਲੱਕ-ਤੋੜਵੀਂ ਹਾਰ ਦਿੱਤੀ ਸੀ ਕਿ ਆਉਂਦੇ ਨਵਾਂ ਸਾਲਾਂ ਤੀਕ ਭੱਟੀਆਂ ਨੂੰ ਪਟਿਆਲੇ ਦੀ ਫੌਜ ਦਾ ਟਾਕਰਾ ਕਰਨ ਦਾ ਹੀਆ ਨਾ ਪਿਆ। ਇਸ ਵੇਲੇ ਤਕ ਇਹ ਕੇਵਲ ਪਿੰਡਾਂ ਪਰ ਹੀ ਕਬਜ਼ੇ ਕਰਦੇ ਸਨ। ਹੁਣ ਇਨ੍ਹਾਂ ਨੇ ਸਾਮਾਨਾ ਅਤੇ ਸੁਨਾਮ ਸ਼ਹਿਰਾਂ ਉੱਤੇ ਭੀ ਕਬਜ਼ੇ ਕਰ ਲਏ। ਇਨ੍ਹਾਂ ਸ਼ਾਹੀ ਸ਼ਹਿਰਾਂ ਪਰ

Sri Satguru Jagjit Singh Ji eLibrary

ਕਬਜ਼ਾ ਹੋ ਜਾਣ ਨਾਲ ਬਾਬਾ ਆਲਾ ਸਿੰਘ ਸਰਦਾਰੀ ਦੀ ਹੱਦ ਤੋਂ ਟੱਪ ਕੇ ਰਾਜਗੀ ਦੀ ਹੱਦ ਵਿਚ ਦਾਖ਼ਲ ਹੋ ਗਿਆ। ਸਰਦਾਰ ਕਰਮ ਸਿੰਘ ਦੀ ਲਿਖਤ ਅਨੁਸਾਰ ਰਾਮ ਪੁਰੇ ਦੀ ਲੜਾਈ ਉੱਤੇ ਸਰਦਾਰੀ ਦੀ ਹੱਦ ਮੁਕਦੀ ਹੈ ਅਤੇ ਰਾਜਗੀ ਦੀ ਹੱਦ ਸ਼ੁਰੂ ਹੁੰਦੀ ਹੈ।

**ਸਿਦੀਕ ਬੇਗ ਦਾ ਆਨੰਦਪੁਰ ਦੇ ਮੇਲੇ ਤੇ ਧਾਵਾ** (13-14 ਮਾਰਚ, 1759)

ਅਦੀਨਾ ਬੇਗ ਦੀ ਮੌਤ ਤੋਂ ਬਾਅਦ ਸਰਹੰਦ ਦਾ ਫੌਜਦਾਰ ਸਿਦੀਕ ਬੇਗ ਹੀ ਟਿਕਿਆ ਰਿਹਾ ਸੀ। ਉਹ ਖਾਲਸਾ ਦਲ ਦਾ ਪੁਰਾਣਾ ਭੇਤੀ ਸੀ। ਉਸ ਨੇ ਦਲ ਨਾਲ ਸਮਝੌਤਾ ਕਰ ਲਿਆ ਕਿ ਮੈਂ ਇਕ ਬੱਧੀ ਰਕਮ ਹਰ ਛਿਮਾਹੀ ਦੇ ਦਿਆ ਕਰਾਂਗਾ ਅਤੇ ਦਲ ਦੇ ਸਰਦਾਰ ਇਸ ਦੇ ਇਲਾਕੇ ਵਿਚ ਉਗ੍ਰਾਹੀ ਨਾ ਕਰਨ। ਇਹ ਗੱਲ ਦਲ ਨੇ ਭੀ ਪਰਵਾਨ ਕਰ ਲਈ ਅਤੇ ਸਿਦੀਕ ਬੇਗ ਨੇ ਪਹਿਲੀ ਛਿਮਾਹੀ ਦੀ ਕਿਸ਼ਤ ਪੇਸ਼ਗੀ ਭਿਜਵਾ ਦਿੱਤੀ।

ਮਾਰਚ ਸੰਨ 1759 ਦੇ ਆਰੰਭ ਵਿਚ ਖਾਲਸਾ ਦਲ ਦੇ ਸਰਦਾਰ ਅਤੇ ਵਹੀਰ ਰਾਇਪੁਰ ਗੁਜਰਵਾਲ ਇਕੱਠੇ ਹੋਏ। ਸਰਦਾਰ ਤਾਰਾ ਸਿੰਘ ਗੈਬਾ ਇਨ੍ਹਾਂ ਦਾ ਮੋਹਰੇਵਾਲ ਨਿਯਤ ਹੋਇਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵੀ ਇਨ੍ਹਾਂ ਦੇ ਨਾਲ ਸੀ। ਖਾਲਸਾ ਦਲ ਨੇ ਆਪਣੇ ਵਕੀਲ ਭੇਜ ਕੇ ਸਿਦੀਕ ਬੇਗ ਪਾਸੋਂ ਅਗਲੀ ਕਿਸਤ ਮੰਗੀ, ਪਰ ਉਸ ਨੇ ਵਕੀਲ ਖਾਲੀ ਹੱਥ ਮੋੜ ਦਿੱਤੇ। ਇਹ ਗੱਲ ਦਲ ਨੂੰ ਚੰਗੀ ਨਾ ਲਗੀ। ਉਨ੍ਹਾਂ ਸਮਝਿਆ ਕਿ ਸਿਦੀਕ ਬੇਗ ਜਬਾਨੋਂ ਫਿਰ ਗਿਆ ਹੈ। ਇਸ ਲਈ ਆਨੰਦਪੁਰ ਜਾਂਦੇ ਦਲ ਨੂੰ ਜਦ ਇਕ ਥਾਂ ਸਰਹੰਦ ਦੀ ਇਕ ਉਗ੍ਰਾਹੀ ਕਰਨ ਲਈ ਹੋਈ ਟੋਲੀ ਨਜਰੀ ਪਈ ਤਾਂ ਉਹ ਦਲ ਨੂੰ ਦੇਖਦੇ ਹੀ ਦੌੜ ਪਏ। ਦਲ ਦੇ ਸਿੰਘ ਉਨ੍ਹਾਂ ਪਰ ਟੁੱਟ ਪਏ ਅਤੇ ਮਾਲ ਖੋਹ ਲਿਆ।

ਸਿਦੀਕ ਬੇਗ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਫੌਜ ਇਕੱਠੀ ਕਰ ਕੇ ਆਨੰਦਪੁਰ ਜਾ ਹੋਲੇ ਦੇ ਮੇਲੇ ਤੇ ਹੱਲਾ ਕੀਤਾ। ਸਿੰਘ ਇਧਰ ਉਧਰ ਖਿੰਡੇ ਹੋਏ ਸਨ। ਛੇਤੀ ਹੀ ਇਕਠੇ ਹੋ ਸਕਣਾ ਮੁਸ਼ਕਲ ਸੀ। ਇਸ ਲਈ ਖਾਲਸੇ ਦਾ ਬੜਾ ਨੁਕਸਾਨ ਹੋਇਆ। ਦਲ ਦਾ ਸ਼ਾਇਦ ਹੀ ਕੋਈ ਸਰਦਾਰ ਹੋਊ ਜਿਸ ਨੂੰ ਦੋ ਚਾਰ ਫੱਟ ਨਾ ਲੱਗੇ ਹੋਣ। ਸਰਦਾਰ ਜੱਸਾ ਸਿੰਘ ਨੂੰ ਭੀ ਦੋ ਕਰੜੇ ਫੱਟ ਲੱਗੇ ਜਿਸ ਕਰਕੇ ਆਪ ਨੂੰ ਡਰੋਲੀ ਜਾ ਕੇ ਦਵਾ ਦਾਰੂ ਲਈ ਠਹਿਰਨਾ ਪਿਆ।

ਦਲ ਅਤੇ ਡਰੌਲੀ ਹੀ ਸੀ ਕਿ ਸਿਦੀਕ ਬੇਗ ਦੇ ਵਕੀਲ ਕਿਸਤ ਦੀ ਰਕਮ ਲੈ ਕੇ ਆ ਹਾਜਰ ਹੋਏ ਅਤੇ ਅਰਜਕੀਤੀ ਕਿ ਦਲ ਨੇ ਸਾਡੀ ਕਹੀ ਲੁੱਟੀ ਸੀ, ਅਸਾਂ ਹੋਲੇ ਤੇ ਜਾ ਹੱਲਾ ਕੀਤਾ। ਕਿਸੇ ਗੱਲ ਦਾ ਗੁੱਸਾ ਗਿਲਾ ਨਾ ਕਰਨਾ। ਸਰਦਾਰ ਜੱਸਾ ਸਿੰਘ ਨੇ ਉੱਤਰ ਦਿੱਤਾ ਕਿ ਪਹਿਲ ਤੁਸੀਂ ਕੀਤੀ ਸੀ ਕਿ ਬਚਨ ਕਰਕੇ ਫਿਰ ਗਏ ਸੋ। ਤਾਂ ਕਹੀ ਲੁਟ ਹੋ ਗਈ। ਗੁੱਸੇ ਵਾਲੀ ਕੋਈ ਗੱਲ ਨਹੀਂ; ਅੱਗੇ ਨੂੰ ਖਿਆਲ ਰਖਣਾ।

[ਕਰਮ ਸਿੰਘ, *ਮਹਾਰਾਜ ਆਲਾ ਸਿੰਘ*, 194-96]

Sri Satguru Jagjit Singh eLibrary

## ਦੀਵਾਨ ਬਿਸ਼ੰਭਰ ਦਾਸ ਅਤੇ ਰਾਜਾ ਭੂਪ ਚੰਦ ਦਾ ਮਾਰਿਆ ਜਾਣਾ

ਰਾਜ਼ੀ ਹੋ ਕੇ ਸਰਦਾਰ ਜੱਸਾ ਸਿੰਘ ਛੇਤੀ ਹੀ ਨੌ ਬਰ ਨੌ ਹੋ ਗਏ। ਇਨ੍ਹਾਂ ਦਿਨਾਂ ਵਿਚ ਖਾਲਸਾ ਦਲ ਦੇ ਸਰਦਾਰ ਹਰ ਵਸਾਖੀ ਅਤੇ ਦਿਵਾਲੀ ਨੂੰ ਸ੍ਰੀ ਅੰਮ੍ਰਿਤਸਰ ਇਕੱਠੇ ਹੋਇਆ ਕਰਦੇ ਸਨ ਤਾਂ ਕਿ ਪਿਛਲੀ ਛਿਮਾਹੀ ਦੀਆਂ ਮੱਲਾਂ ਦਾ ਪੂਰਾ ਪੂਰਾ ਨਿਰਨਾ ਹੋ ਜਾਏ, ਵਾਧਾ ਘਾਟਾ ਵਿਚਾਰ ਲਿਆ ਜਾਏ ਅਤੇ ਆਪਸੀ ਗੱਲਾਂ ਗੁਰੂ ਕੀ ਹਜ਼ੂਰੀ ਵਿਚ ਨਜਿੱਠ ਕੇ ਅਗਲੀ ਛਿਮਾਹੀ ਲਈ ਰਲ ਮਿਲ ਕੇ ਵਿਉਂਤ ਬਣਾ ਲਈ ਜਾਏ। ਇਸ ਵੇਲੇ ਖਾਲਸਾ ਅਜ਼ਮਾਇਸ਼ ਦੇ ਸਮੇਂ ਵਿਚ ਦੀ ਲੰਘ ਰਿਹਾ ਸੀ। ਭਾਵੇਂ ਅਦੀਨਾ ਬੇਗ ਖ਼ਾਨ ਮਰ ਚੁੱਕਾ ਸੀ ਪਰ ਉਸ ਦੀ ਕਬਰ ਪਈ ਰਾਜ ਕਰ ਰਹੀ ਸੀ। ਲਾਹੌਰ ਅਤੇ ਸਰਹੰਦ ਵਿਚ ਉਸੇ ਦੇ ਨਾਇਬ ਕੰਮ ਕਰ ਰਹੇ ਸਨ। ਖਾਲਸੇ ਨੇ ਕਾਫੀ ਕੁਝ ਮੱਲਾਂ ਦੁਆਬੇ ਅਤੇ ਮਾਲਵੇ ਵਿਚ ਮਾਰ ਲਈਆਂ ਸਨ, ਪਰ ਖਾਲਸਾ ਪੂਰੀ ਤਰ੍ਹਾਂ ਸੁਤੰਤਰ ਨਹੀਂ ਸੀ ਹੋਇਆ। ਲਹਿੰਦੇ ਵੱਲੋਂ ਦੁੱਰਾਨੀ ਦਾ ਖਤਰਾ ਅਜੇ ਕਾਇਮ ਸੀ ਅਤੇ ਦੁਆਬੇ ਅਤੇ ਮਾਲਵੇ ਵਿਚ ਪੁਰਾਣੀ ਸਰਕਾਰ ਦੇ ਨਿਸ਼ਾਨ ਅਜੇ ਖੜੇ ਸਨ।

ਵਸਾਖੀ ਤੋਂ ਕੁਝ ਚਿਰ ਬਾਅਦ ਸਰਦਾਰ ਜੱਸਾ ਸਿੰਘ ਦੁਆਬੇ ਵਿਚ ਵਿਚਰ ਰਹੇ ਸਨ ਕਿ ਉੜਮੜ ਟਾਂਡੇ ਤੋਂ ਉੱਤਰ-ਲਹਿੰਦੇ ਨੂੰ ਮਿਆਣੀ ਦੇ ਪਠਾਣਾਂ ਨੇ ਈਨ ਮੰਨਣ ਵਿਚ ਕੁਝ ਲਾਪਰਵਾਹੀ ਵਰਤੀ। ਆਮ ਲੋਕੀਂ ਇਨ੍ਹਾਂ ਤੋਂ ਸੁਖੀ ਨਹੀਂ ਸਨ ਅਤੇ ਸਰਦਾਰ ਦੀ ਰਾਖੀ ਵਿਚ ਜਾਣ ਦੇ ਇੱਛਾਵਾਨ ਸਨ। ਇਸ ਲਈ ਜਦ ਸਰਦਾਰ ਜੱਸਾ ਸਿੰਘ ਨੇ ਚੜ੍ਹਾਈ ਕੀਤੀ ਤਾਂ ਇਹ ਪਠਾਣ ਕੁਝ ਭੀ ਟਾਕਰਾ ਨਾ ਕਰ ਸਕੇ।

ਇਸ ਵੇਲੇ ਦੁਆਬੇ ਦਾ ਦੀਵਾਨ ਬਿਸ਼ੰਭਰ ਦਾਸ ਲਸਾੜੀਆ ਉੜਮੜਾਂ ਤੋਂ ਲਹਿੰਦੇ ਯਾਹੀਆ ਪੁਰ ਦੇ ਉੱਤਰ-ਲਹਿੰਦੇ ਨੂੰ ਪੱਕੇ ਪੁਲਾਂ ਪਾਸ ਤੀਹ ਹਜ਼ਾਰ ਫੌਜ ਸਮੇਤ ਉੱਤਰਿਆ ਹੋਇਆ ਸੀ। ਹਾੜ੍ਹੀ ਦੀ ਉਗਰਾਹੀ ਕਰਨ ਆਇਆ ਹੋਣਾ ਹੈ ਜਾਂ ਸਰਦਾਰ ਨਾਲ ਟੱਕਰ ਲੈਣ ਲਈ। ਸ਼ਾਇਦ, ਆਨੰਦਪੁਰ ਦੇ ਹੋਲੇ ਦੇ ਮੌਕੇ ਤੇ ਸਿੰਘਾਂ ਦਾ ਕੁਝ ਜ਼ਿਆਦਾ ਨੁਕਸਾਨ ਹੋ ਜਾਣ ਕਰਕੇ ਦੀਵਾਨ ਨੂੰ ਆਪਣੀ ਤਾਕਤ ਦਾ ਕੁਝ ਭੁਲੇਖਾ ਵੀ ਲੱਗਾ ਹੋਇਆ ਹੋਵੇ। ਦੀਵਾਨ ਦੇ ਨਾਲ ਰਾਜਾ ਭੂਪ ਚੰਦ ਭੀ ਸੀ। ਇਹ ਸਵੇਰੇ ਸਵੇਰੇ ਗਲ ਆ ਪਏ ਅਤੇ ਲੜਾਈ ਸ਼ੁਰੂ ਹੋ ਪਈ। ਦੁਪਹਿਰ ਦੇ ਵੇਲੇ ਸਰਦਾਰ ਜੱਸਾ ਸਿੰਘ ਕਿਰਪਾਨ ਹੱਥ ਲੈ ਕੇ ਆਪ ਅੱਗੇ ਆਏ ਅਤੇ ਫੌਜ ਨੂੰ ਜ਼ੋਰਦਾਰ ਹੱਲਾ ਕਰਨ ਦਾ ਹੁਕਮ ਦਿੱਤਾ। ਇਹ ਵੇਖ ਕੇ ਦੀਵਾਨ ਦੀ ਫੌਜ ਦੇ ਪੈਰ ਹਿੱਲ ਗਏ। ਇਸ ਵੇਲੇ ਦੀਵਾਨ ਆਪ ਅੱਗੇ ਹੋ ਕੇ ਤੀਰ ਚਲਾ ਰਿਹਾ ਸੀ। ਉਹ ਬੜੀ ਬਹਾਦੁਰੀ ਨਾਲ ਲੜਿਆ ਅਤੇ ਫੌਜ ਨੂੰ ਹੱਲਾ ਸ਼ੇਰੀ ਦੇਈ ਗਿਆ। ਇਧਰੋਂ ਸਰਦਾਰ ਜੱਸਾ ਸਿੰਘ ਨੇ ਭੀ ਤੀਰਾਂ ਦਾ ਮੀਂਹ ਵਰਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਇਕ ਤੀਰ ਦੀਵਾਨ ਬਿਸ਼ੰਭਰ ਦਾਸ ਨੂੰ ਜਾ ਲੱਗਾ ਜਿਸ ਨਾਲ ਘਾਇਲ ਹੋ ਕੇ ਉਹ ਭੋਇੰ ਤੇ ਡਿਗ ਪਿਆ। ਉਸ ਦੀ ਸੂਰਬੀਰਤਾ ਨੂੰ ਦੇਖ ਕੇ ਸਰਦਾਰ ਜੱਸਾ ਸਿੰਘ ਦੇ ਮੂੰਹੋਂ ਨਿਕਲਿਆ : "ਧੰਨ ਹੈ ਉਹ ਮਾਂ ਜਿਸ ਤੂੰ ਜਣਿਐਂ"।

Sri Satguru Jagjit Singh Ji eLibrary

ਦੀਵਾਨ ਨੂੰ ਡਿਗ ਪਿਆ ਵੇਖ ਕੇ ਰਾਜਾ ਭੂਪ ਚੰਦ ਆ ਓਥੇ ਖੜਾ ਹੋਇਆ, ਅਤੇ ਤਲਵਾਰ ਦੀ ਲੜਾਈ ਸ਼ੁਰੂ ਹੋ ਪਈ। ਦੋਨਾਂ ਪਾਸਿਆਂ ਦੇ ਕਈ ਚੰਗੇ ਚੰਗੇ ਜਵਾਨ ਮਾਰੇ ਗਏ। ਰਾਜਾ ਭੂਪ ਚੰਦ ਜੱਸਾ ਸਿੰਘ ਦਾ ਪਤਾ ਕਰਦਾ ਹੋਇਆ ਉਨ੍ਹਾਂ ਵੱਲ ਨੂੰ ਵਧਿਆ। ਇਧਰੋਂ ਜੱਸਾ ਸਿੰਘ ਭੀ ਅੱਗੇ ਵਧਿਆ ਤਾਂ ਰਾਜਾ ਭੂਪ ਚੰਦ ਨੇ ਤਲਵਾਰ ਦਾ ਇਕ ਭਰਪੂਰ ਵਾਰ ਉਸ ਪਰ ਕੀਤਾ ਜਿਸ ਨਾਲ ਸਰਦਾਰ ਦੇ ਘੋੜੇ ਦੀ ਗਰਦਨ ਜ਼ਖਮੀ ਹੋ ਗਈ। ਹੁਣ ਸਰਦਾਰ ਜੱਸਾ ਸਿੰਘ ਨੇ ਜਵਾਬੀ ਵਾਰ ਕੀਤਾ ਜਿਸ ਨਾਲ ਭੂਪ ਚੰਦ ਦੀ ਬਾਂਹ ਵੱਢੀ ਗਈ ਅਤੇ ਉਹ ਗਿਰਦੇ ਸਾਰ ਹੀ ਮਰ ਗਿਆ। ਇਸ ਨੂੰ ਡਿਗਦੇ ਦੇਖ ਕੇ ਫੌਜ ਵਿਚ ਭਗਦੜ ਮਚ ਗਈ।

ਖੱਬੇ ਪਾਸੇ ਸਰਹੰਦੀ ਅਤੇ ਫਗਵਾੜੇ ਦੇ ਜਿਮੀਂਦਾਰਾਂ ਦੀ ਫ਼ੌਜ ਖੜੀ ਸੀ। ਉਥੋਂ ਭੱਜੀ ਜਾਂਦੀ ਇਹ ਖੜੇ ਗਈ। ਪਰ ਸਰਦਾਰ ਜੱਸਾ ਸਿੰਘ ਅਤੇ ਦੂਸਰੇ ਸਰਦਾਰ ਇਸ ਦੇ ਮਗਰ ਹੀ ਜਾ ਪੁੱਜੇ ਅਤੇ ਇਕ ਜੋਰਦਾਰ ਹੱਲਾ ਕਰ ਦਿੱਤਾ ਅਤੇ ਇਨ੍ਹਾਂ ਨੂੰ ਪੈਰੋਂ ਕੱਢ ਦਿੱਤਾ। ਹੁਣ ਸਾਰੇ ਹੀ ਬੇਤਹਾਸ਼ਾ ਭੱਜ ਨਿਕਲੇ ਅਤੇ ਇਨ੍ਹਾਂ ਦਾ ਡੇਰਾ ਖਾਲਸੇ ਦੇ ਹੱਥ ਆ ਗਿਆ।

ਇਨ੍ਹਾਂ—ਬਿਸ਼ੰਭਰ ਦਾਸ ਅਤੇ ਰਾਜਾ ਭੂਪ ਚੰਦ—ਦੀ ਬਹਾਦੁਰੀ ਦਾ ਸਰਦਾਰ ਜੱਸਾ ਸਿੰਘ ਦੇ ਦਿਲ ਤੇ ਇਤਨਾ ਅਸਰ ਹੋਇਆ ਕਿ ਉਨ੍ਹਾ ਦੀਆਂ ਲੋਥਾ ਪਰ ਉਨ੍ਹਾਂ ਨੇ ਆਪਣੀ ਵੱਲੋਂ ਦੋਸ਼ਾਲੇ ਪਾਏ ਅਤੇ ਸਤਿਕਾਰ ਨਾਲ ਸਸਕਾਰ ਕਰਵਾਇਆ। ਸਰਦਾਰ ਜੱਸਾ ਸਿੰਘ ਇਕ ਉਚੇ ਦਰਜੇ ਦਾ ਸੂਰਬੀਰ ਜੋਧਾ ਸੀ ਅਤੇ ਜੋਧਿਆਂ ਦੀ ਕਦਰ ਇਕ ਜੋਧਾ ਹੀ ਪਾ ਸਕਦਾ ਹੈ। [*ਜੱਸਾ ਸਿੰਘ ਬਿਨੋਦ*, 91-92, ਉਰਦੂ 35-6]

## ਕਾਦੀਆਂ ਪਰ ਸਰਦਾਰ ਜੈ ਸਿੰਘ ਕਨ੍ਹਈਏ ਦਾ ਕਬਜ਼ਾ

ਇਨ੍ਹਾਂ ਦਿਨਾਂ ਵਿਚ ਹੀ ਕਾਦੀਆਂ ਦੇ ਮੁਗਲਾਂ ਨਾਲ ਪਿੰਡੋਂ ਬਾਹਰ ਇਕ ਛੋਟੀ ਜਿਹੀ ਝੜਫ ਹੋ ਪਈ। ਪਰ ਉਨ੍ਹਾ ਦੇ ਪੈਰ ਹਿੱਲ ਜਾਣ ਪਰ ਜਦ ਸਿੰਘ ਉਨ੍ਹਾਂ ਦੇ ਮਗਰ ਗਏ ਤਾਂ ਪਿੰਡ ਦੀਆਂ ਕੰਧਾਂ ਪਾਸ ਜਾ ਕੇ ਹੱਲਾ ਰੁਕ ਗਿਆ। ਮੁਗਲਾਂ ਦੀਆਂ ਅੰਦਰੋ ਚਲ ਰਹੀਆਂ ਬੰਦੂਕਾਂ ਨਾਲ ਕਈ ਜਵਾਨ ਮਾਰੇ ਗਏ। ਇਹ ਵੇਖ ਕੇ ਸਰਦਾਰ ਜੱਸਾ ਸਿੰਘ ਨੇ ਜੋਰ ਦਾ ਹੱਲਾ ਕੀਤਾ ਅਤੇ ਸੂਰਮੇ ਅੰਦਰ ਜਾ ਵੜੇ ਅਤੇ ਕਬਜਾ ਕਰ ਲਿਆ। ਇਹ ਥਾ ਅਤੇ ਇਸ ਦੀ ਗਿਰਦ ਨਵਾਹੀ ਸਰਦਾਰ ਜੈ ਸਿੰਘ ਕਨ੍ਹਈਏ ਨੇ ਰੱਖ ਲਈ ਜੋ ਸਰਦਾਰ ਜੱਸਾ ਸਿੰਘ ਦਾ ਇਕ ਪਰਮ ਸਨੇਹੀ ਮਿੱਤਰ ਸੀ।*

---

*'ਜੱਸਾ ਸਿੰਘ ਬਿਨੋਦ' ਵਿਚ ਕਾਦੀਆਂ ਦੀ ਫਤਹਿ ਤੋਂ ਪਹਿਲਾ ਦੀਵਾਨ ਘੁਮੰਡ ਚੰਦ ਬਟਾਲੇ ਦੇ ਖਤਰੀ ਨਾਲ ਯਾਹੀਆ ਪੁਰ ਵਿਚ ਹੋਈ ਲੜਾਈ ਦਾ ਜ਼ਿਕਰ ਕੀਤਾ ਹੋਇਆ ਹੈ ਅਤੇ ਲਿਖਿਆ ਹੈ ਕਿ ਇਹ ਅਦੀਨਾ ਬੇਗ ਦਾ ਦੀਵਾਨ ਸੀ ਅਤੇ ਉਸ ਦੀ ਮੌਤ ਤੋਂ ਬਾਦ ਖੁਦ ਮੁਖਤਿਆਰ ਹੋ ਬੈਠਾ ਸੀ। ਪਰ ਦੁਆਬੇ ਦੇ ਬਹੁਤ ਸਾਰੇ ਪਿੰਡਾਂ ਨੇ ਇਸ ਦੀ ਈਨ ਨਾ ਮੰਨੀ ਅਤੇ ਜਦ ਰਾਖੀ ਲਈ ਉਹ ਖਾਲਸੇ ਦੀ ਸ਼ਰਨ ਆ ਗਏ ਤਾਂ ਘੁਮੰਡ ਚੰਦ ਨੇ ਉਥੋ ਦੇ ਸਿੰਘਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੀ ਅਰਜ ਪਰਵਾਨ ਕਰ ਕੇ ਸਰਦਾਰ ਜੱਸਾ ਸਿੰਘ ਉਨ੍ਹਾਂ ਦੀ ਰਾਖੀ ਅਤੇ ਸਹਾਇਤਾ ਲਈ ਪੁੱਜ ਗਏ। ਯਾਹੀਆ ਪੁਰ ਦੇ ਪਾਸ ਲੜਾਈ ਹੋ ਪਈ ਜਿਥੇ ਘੁਮੰਡ ਚੰਦ ਹਾਰ ਖਾ ਕੇ ਭਜ ਗਿਆ [*ਜੱਸਾ ਸਿੰਘ ਬਿਨੋਦ*, ੧੪]। ਕੁਝ ਇਉਂ ਦਿਸਦਾ ਹੈ ਜਿਵੇਂ ਇਹ ਬਿਸੰਭਰ ਦਾਸ ਵਾਲੀ ਲੜਾਈ ਹੀ ਹੈ ਜਿੱਥੇ ਭੂਪ ਚੰਦ ਮਾਰਿਆ ਗਿਆ ਸੀ।'

Sri Satguru Jagjit Singh Ji eLibrary

# ਅਹਿਮਦ ਸ਼ਾਹ ਦਾ ਪੰਜਵਾਂ ਹੱਲਾ

## ਸਿੰਘਾਂ ਦੀ ਸ਼ਾਹ ਨਾਲ ਟੱਕਰ (ਨਵੰਬਰ 1759)

ਕਲਾਤ ਦੀ ਮੁਹਿੰਮ ਵਿਚ ਸੰਨ 1758-59 ਵਿਚ ਅਹਿਮਦ ਸ਼ਾਹ ਬਾਦਸ਼ਾਹ ਅਜਿਹਾ ਰੁੱਝਾ ਹੋਇਆ ਸੀ ਕਿ ਉਹ ਹਿੰਦੁਸਤਾਨ ਵੱਲ ਉੱਕਾ ਹੀ ਧਿਆਨ ਨਹੀਂ ਸੀ ਦੇ ਸਕਿਆ। ਸਿੰਘਾਂ ਅਤੇ ਮਰਾਠਿਆਂ ਨੇ ਅਦੀਨਾ ਬੇਗ ਖ਼ਾਨ ਨਾਲ ਰਲ ਕੇ ਦੁੱਰਾਨੀ ਦੇ ਪੁੱਤਰ ਤੈਮੂਰ ਸ਼ਾਹ ਅਤੇ ਬਖਸ਼ੀ ਜਹਾਨ ਖ਼ਾਨ ਨੂੰ ਪੰਜਾਬੋਂ ਭਜਾ ਦਿੱਤਾ ਸੀ, ਉਸ ਦਾ ਇਥੇ ਦਾ ਸਾਰਾ ਰਾਜ ਪ੍ਰਬੰਧ ਉਲਟਾ ਕੇ ਰੱਖ ਦਿੱਤਾ ਸੀ ਅਤੇ ਥਾਂ ਥਾਂ ਸਿੰਘਾਂ ਨੇ ਕਬਜੇ ਕਰ ਲਏ ਸਨ। ਨਵੰਬਰ 1758 ਵਿਚ ਉਸ ਦਾ ਜਰਨੈਲ ਨੂਰੁੱਦੀਨ ਭੀ ਹਾਰ ਖਾ ਕੇ ਮੁੜ ਗਿਆ ਸੀ। ਇਹ ਖ਼ਬਰਾਂ ਅਹਿਮਦ ਸ਼ਾਹ ਲਈ ਬੜੀਆਂ ਦੁਖਦਾਈ ਅਤੇ ਨਮੋਸ਼ੀ ਭਰੀਆਂ ਸਨ, ਪਰ ਕਰ ਕੁਝ ਨਹੀਂ ਸਕਦਾ ਸੀ। ਨਿਰਾ ਦੰਦ ਪੀਹ ਕੇ ਰਹਿ ਜਾਂਦਾ ਸੀ। ਜਦ ਉਸ ਨੂੰ ਕਲਾਤ ਤੋਂ ਵਿਹਲ ਹੋਈ ਤਾਂ ਅਕਤੂਬਰ ਸੰਨ 1759 ਦੇ ਅੰਤ ਵਿਚ ਚਾਲੀ ਹਜਾਰ ਦੀ ਭਾਰੀ ਫੌਜ ਲੈ ਕੇ ਉਹ ਪੰਜਾਬ ਉੱਤੇ ਚੜ੍ਹ ਆਇਆ। ਇਹ ਹਿੰਦੁਸਤਾਨ ਉੱਤੇ ਉਸ ਦਾ ਪੰਜਵਾਂ ਹੱਲਾ ਸੀ ਉਸ ਨੂੰ ਖਿਆਲ ਇਹ ਸੀ ਕਿ ਜੇ ਪਹਿਲਾਂ ਦਿੱਲੀ ਵਿਚ ਆ ਬੈਠੇ ਮਰਾਠਿਆਂ ਨੂੰ ਟਿਕਾਣੇ ਲਾ ਦਿੱਤਾ ਜਾਏ ਤਾਂ ਫੇਰ ਪੰਜਾਬ ਵਿਚ ਪੈਰ ਜਮਾ ਸਕਣੇ ਸੌਖੇ ਹੋਣਗੇ।

25 ਅਕਤੂਬਰ ਨੂੰ ਸ਼ਾਹ ਅਟਕ ਪਾਰ ਹੋਇਆ। ਮਰਾਠਿਆਂ ਨੇ ਕਿਧਰੇ ਕੋਈ ਟਾਕਰਾ ਨਾ ਕੀਤਾ। ਜਹਾਨ ਖ਼ਾਨ ਦੀ ਕਮਾਨ ਹੇਠ ਅਗਾਊਂ ਫੌਜ ਨੇ ਸ਼ਾਹ ਦਾ ਰਾਹ ਸਾਫ ਕਰ ਰਖਿਆ ਸੀ। ਪਰ ਜਦ ਨਵੰਬਰ ਦੇ ਅੱਧ ਵਿਚ ਲਾਹੌਰ ਦੇ ਲਾਗੇ ਪੁੱਜਾ ਤਾਂ ਖਾਲਸਾ ਜੀ ਨੂੰ ਖਬਰ ਲੱਗ ਗਈ। ਇਸ ਵੇਲੇ ਸਰਦਾਰ ਜੱਸਾ ਸਿੰਘ, ਜੈ ਸਿੰਘ ਕਨ੍ਹਈਆ, ਚੜ੍ਹਤ ਸਿੰਘ ਸੁਕਰਚੱਕੀਆ, ਗੁੱਜਰ ਸਿੰਘ ਅਤੇ ਲਹਿਣਾ ਸਿੰਘ ਭੰਗੀ ਅੰਮ੍ਰਿਤਸਰ ਅਕਾਲ ਬੁੰਗੇ ਉੱਤੇ ਬੈਠੇ ਹੋਏ ਸਨ। ਇਸ ਸਾਲ 20 ਅਕਤੂਬਰ ਨੂੰ ਦਿਵਾਲੀ ਸੀ। ਇਸ ਲਈ ਇਹ ਸਰਦਾਰ ਅਤੇ ਕੁਝ ਹੋਰ ਮਿਸਲਦਾਰ ਭੀ ਏਥੇ ਹੀ ਸਨ। ਦੁੱਰਾਨੀ ਨਾਲ ਟੱਕਰ ਲੈਣ ਦਾ ਗੁਰਮਤਾ ਕਰ ਕੇ ਉਨ੍ਹਾਂ ਨੇ ਛੇਤੀ ਛੇਤੀ ਕੁਝ ਫੌਜ ਇਕੱਠੀ ਕੀਤੀ ਅਤੇ ਰਾਤੋ ਰਾਤ ਲਾਹੌਰੋਂ ਚੜ੍ਹਦੇ ਵੱਲ ਸ਼ਾਲਾਮਾਰ ਬਾਗ਼ ਪਾਸ ਜਾ ਪੁੱਜੇ ਅਤੇ ਦੁੱਰਾਨੀ ਫੌਜ ਉੱਤੇ ਧਾਵਾ ਬੋਲ ਦਿੱਤਾ। ਸਿੰਘਾਂ ਨੂੰ ਦੇਖ ਕੇ ਦੁੱਰਾਨੀ ਭੱਜ ਉਠੇ। ਇਨ੍ਹਾਂ ਬਾਗ਼ਬਾਨਪੁਰਾ ਅਤੇ ਬੇਗ਼ਮਪੁਰਾ ਬਸਤੀਆਂ

Sri Satguru Jagjit Singh Ji eLibrary

ਤਕ ਦੁੱਰਾਨੀਆਂ ਦਾ ਪਿੱਛਾ ਕੀਤਾ ਅਤੇ ਜੋ ਕੁਝ ਘੋੜੇ ਖੱਚਰਾਂ ਆਦਿ ਮਾਲ ਉਥੋਂ ਮਿਲਿਆ ਕਾਬੂ ਕਰ ਲਿਆ।

ਜਦ ਅਹਿਮਦ ਸ਼ਾਹ ਨੂੰ ਸਿੰਘਾਂ ਦੇ ਧਾਵੇ ਦਾ ਪਤਾ ਲੱਗਾ ਤਾਂ ਉਸ ਨੇ ਸਰਦਾਰ ਜਹਾਨ ਖ਼ਾਨ ਨੂੰ ਫੌਜ ਦੇ ਕੇ ਉਨ੍ਹਾਂ ਦੇ ਮੁਕਾਬਲੇ ਲਈ ਭੇਜਿਆ। ਇਧਰੋਂ ਸਰਦਾਰ ਜੱਸਾ ਸਿੰਘ ਭੀ ਤਿਆਰ ਸਨ। ਦੁੱਰਾਨੀਆਂ ਦੇ ਆਉਂਦੇ ਸਾਰ ਸਰਦਾਰ ਜੱਸਾ ਸਿੰਘ ਅਤੇ ਜੈ ਸਿੰਘ ਨੇ ਸੱਜੇ ਪਾਸਿਓਂ ਹੱਲਾ ਕਰ ਦਿੱਤਾ ਅਤੇ ਸਰਦਾਰ ਚੜ੍ਹਤ ਸਿੰਘ, ਗੁੱਜਰ ਸਿੰਘ ਅਤੇ ਲਹਿਣਾ ਸਿੰਘ ਨੇ ਖੱਬੇ ਪਾਸਿਓਂ। ਇਸ ਤਰ੍ਹਾਂ ਦੁੱਰਾਨੀਆਂ ਦੀ ਫੌਜ ਨੂੰ ਦੋਹਾਂ ਪਾਸਿਆਂ ਤੋਂ ਘੇਰਾ ਪਾ ਲਿਆ ਅਤੇ ਕਟਾ ਵੱਢ ਸ਼ੁਰੂ ਹੋ ਗਈ। ਜੇ ਦੁੱਰਾਨੀ ਸਰਦਾਰ ਚੜ੍ਹਤ ਸਿੰਘ ਵੱਲ ਹੋਣ ਤਾਂ ਸਰਦਾਰ ਜੱਸਾ ਸਿੰਘ ਪਿਛੋਂ ਹੱਲਾ ਕਰ ਦੇਣ, ਅਤੇ ਜੇ ਉਹ ਸਰਦਾਰ ਜੱਸਾ ਸਿੰਘ ਵੱਲ ਨੂੰ ਮੁੜਨ ਤਾਂ ਸਰਦਾਰ ਚੜ੍ਹਤ ਸਿੰਘ ਮਗਰੋਂ ਧਾਵਾ ਕਰ ਦੇਵੇ। ਇਸ ਤਰ੍ਹਾਂ ਸ਼ਾਮ ਤੀਕ ਬੜੀ ਸਖ਼ਤ ਲੜਾਈ ਹੁੰਦੀ ਰਹੀ ਅਤੇ ਦੋ ਹਜ਼ਾਰ ਦੁੱਰਾਨੀ ਮਾਰੇ ਗਏ ਅਤੇ ਉਨ੍ਹਾਂ ਦਾ ਕਮਾਂਡਰ ਸਰਦਾਰ ਜਹਾਨ ਖ਼ਾਨ ਜ਼ਖ਼ਮੀ ਹੋ ਗਿਆ। ਰਾਤ ਨੂੰ ਦੋਨੋਂ ਫੌਜਾਂ ਪਿੱਛੇ ਹਟ ਗਈਆਂ ਅਤੇ ਖਾਲਸਾ ਜੀ ਮਾਝੇ ਵਿਚ ਖਿੰਡ ਗਏ ਤਾਂ ਕਿ ਬਾਦਸ਼ਾਹ ਦੇ ਕੂਚ ਵੇਲੇ ਜਦ ਦਾਉ ਲੱਗੇ, ਫੇਰ ਹੱਲਾ ਕਰ ਸਕਣ।

[*ਰਾਜਵਾੜੇ*, ਪਹਿਲੀ ਪੋਥੀ, 146, *ਜੱਸਾ ਸਿੰਘ ਬਿਨੋਦ*, 97—ਉਰਦੂ, 43-44]

## ਪਾਣੀਪਤ ਦੀ ਲੜਾਈ

ਅਹਿਮਦ ਸ਼ਾਹ ਨੂੰ ਚੂੰਕਿ ਦਿੱਲੀ ਵੱਲ ਜਾਣ ਦੀ ਛੇਤੀ ਸੀ, ਇਸ ਲਈ ਉਹ ਬਹੁਤੀ ਦੇਰ ਲਾਹੌਰ ਨਾ ਠਹਿਰਿਆ। ਉਸ ਨੇ ਆਪਣੇ ਵਜ਼ੀਰ ਸ਼ਾਹ-ਵਲੀ ਖ਼ਾਨ ਦੇ ਭਾਈ ਹਾਜੀ ਕਰੀਮਦਾਦ ਖ਼ਾਨ ਨੂੰ ਲਾਹੌਰ ਦਾ ਹਾਕਮ ਨਿਯਤ ਕੀਤਾ, ਅਮੀਰ ਖ਼ਾਨ ਉਸ ਦਾ ਨਾਇਬ, ਅਤੇ ਜੈਨ ਖ਼ਾਨ ਨੂੰ ਚਾਰ ਮਹਾਲ ਦਾ ਫੌਜਦਾਰ। 20 ਨਵੰਬਰ ਨੂੰ ਸ਼ਾਹ ਨੇ ਗੋਇੰਦਵਾਲ ਦੇ ਪੱਤਣੋਂ ਬਿਆਸਾ ਪਾਰ ਕੀਤੀ ਅਤੇ ਦਿੱਲੀ ਵੱਲ ਨੂੰ ਤੁਰ ਗਿਆ। ਉਧਰ ਦਿੱਲੀ ਦੇ ਵਜ਼ੀਰ ਇਮਾਦੁਲ-ਮੁਲਕ ਗਾਜ਼ੀ-ਉ-ਦੀਨ ਨੇ 29 ਨਵੰਬਰ, 1759 ਨੂੰ ਬਾਦਸ਼ਾਹ ਆਲਮਗੀਰ ਦੂਸਰੇ ਨੂੰ ਮਰਵਾ ਦਿੱਤਾ।

ਅਹਿਮਦ ਸ਼ਾਹ ਦੁੱਰਾਨੀ ਦਾ ਅਗਲਾ ਸਾਰਾ ਸਾਲ ਸੰਨ 1760 ਮਰਾਠਿਆਂ, ਭਰਤਪੁਰੀਏ ਜੱਟਾਂ ਆਦਿ ਦੇ ਵਿਰੁੱਧ ਲੱਗ ਗਿਆ। 1 ਜਨਵਰੀ ਸੰਨ 1761 ਨੂੰ ਪਾਣੀਪਤ ਦੇ ਮੈਦਾਨ ਵਿਚ ਮਰਾਠਿਆਂ ਨਾਲ ਅੰਤਮ ਲੜਾਈ ਹੋਈ ਜਿਥੇ ਕਿ ਮਰਾਠਿਆਂ ਨੂੰ ਹਾਰ ਹੋ ਗਈ ਅਤੇ ਦੁੱਰਾਨੀ ਜਿੱਤ ਗਿਆ। ਅਹਿਮਦ ਸ਼ਾਹ ਦੀ ਮਰਾਠਿਆਂ ਪਰ ਇਸ ਜਿੱਤ ਦੀ ਤਾਰੀਖ਼ ਹਿੰਦੀ ਵਿਚ ਇਕ ਲੇਖਕ ਨੇ ਇਸ ਤਰ੍ਹਾਂ ਕੱਢੀ ਹੈ :

*ਯਾਰਾ ਸੈ ਪਰ ਸੰਨ ਚੁਹੱਤਰ, ਪਾਣੀਪਤ ਮੇ ਹੂਆ ਚਲਿੱਤਰ।*
*ਛਟੀ ਸ਼ਹਿਰ ਜਮਾਦੀ-ਉ-ਸਾਨੀ, ਹਾਰ ਮਰਾਠਾ ਜੀਤ ਦੁੱਰਾਨੀ।*

ਇਸ ਜਿੱਤ ਤੋਂ ਬਾਅਦ ਸ਼ਾਹ ਕੁਝ ਦਿਨਾਂ ਲਈ ਦਿੱਲੀ ਰਿਹਾ ਅਤੇ 29 ਜਨਵਰੀ ਨੂੰ

ਆਲਮਗੀਰ ਦੂਸਰੇ ਦੇ ਪੁੱਤਰ ਸ਼ਾਹ ਆਲਮ ਦੂਸਰੇ ਨੂੰ ਦਿੱਲੀ ਦਾ ਨਵਾਂ ਬਾਦਸ਼ਾਹ ਪਰਵਾਨ ਕਰ ਲਿਆ ਅਤੇ ਉਸ ਨੂੰ ਛੇਤੀ ਹੀ ਬਿਹਾਰ ਵੱਲੋਂ ਦਿੱਲੀ ਪੁਜਣ ਲਈ ਸੁਨੇਹਾ ਭੇਜਿਆ। ਇਥੋਂ ਮਰਾਠਿਆਂ ਨਾਲ ਭੀ ਸੁਲਾਹ ਲਈ ਲਿਖਾ ਪੜ੍ਹੀ ਸ਼ੁਰੂ ਹੋ ਗਈ, ਜੋ ਮਈ ਵਿਚ ਜਾ ਕੇ ਸਿਰੇ ਚੜ੍ਹੀ, ਜਦੋਂ ਕਿ ਸ਼ਾਹ ਵਾਪਸ ਅਫ਼ਗਾਨਿਸਤਾਨ ਨੂੰ ਮੁੜ ਗਿਆ ਸੀ।

## ਸੰਨ 1760 ਵਿਚ ਲਾਹੌਰ ਦੀ ਥਿੜਕਦੀ ਹਕੂਮਤ

ਜਿਵੇਂ ਉਪਰ ਦੱਸਿਆ ਗਿਆ ਹੈ, ਦਿੱਲੀ ਨੂੰ ਜਾਂਦਾ ਹੋਇਆ ਅਹਿਮਦ ਸ਼ਾਹ ਲਾਹੌਰ ਦੀ ਹਕੂਮਤ ਕਰੀਮ ਦਾਦ ਖ਼ਾਨ ਨੂੰ ਦੇ ਗਿਆ ਸੀ। ਪਿਛੋਂ ਫੌਜੀ ਲੋੜਾਂ ਲਈ ਸ਼ਾਹ ਨੇ ਉਸ ਨੂੰ ਆਪਣੇ ਪਾਸ ਬੁਲਾ ਲਿਆ ਅਤੇ ਉਸ ਦੀ ਥਾਂ ਸਰਬੁਲੰਦ ਖ਼ਾਨ ਨੂੰ ਭੇਜ ਦਿੱਤਾ। ਪਰ ਖਾਲਸਾ ਜੀ ਤੋਂ ਡਰਦਾ ਇਹ ਜਾਲੰਧਰ ਰਹਿਣ ਲੱਗ ਪਿਆ ਅਤੇ ਆਪਣੇ ਨਾਇਬ ਸਆਦਤ-ਯਾਰ ਖ਼ਾਨ ਨੂੰ ਲਾਹੌਰ ਨਿਯਤ ਕਰ ਦਿੱਤਾ। ਹੁਣ ਸਿੰਘਾਂ ਦੀ ਗੁੱਡੀ ਹੋਰ ਉੱਚੀ ਚੜ੍ਹਨ ਲੱਗ ਪਈ ਅਤੇ ਉਨ੍ਹਾਂ ਨੇ ਲਾਹੌਰ ਦੇ ਆਲੇ ਦੁਆਲੇ ਦੀਆਂ ਬਸਤੀਆਂ ਤਕ ਧਾਵੇ ਮਾਰਨੇ ਅਤੇ ਉਗਰਾਹੀ ਕਰਨੀ ਸ਼ੁਰੂ ਕਰ ਦਿੱਤੀ। ਇਨ੍ਹਾਂ ਤੋਂ ਘਾਬਰੇ ਹੋਏ ਸਆਦਤ-ਯਾਰ ਖ਼ਾਨ ਨੇ ਅਸਤੀਫ਼ਾ ਦੇ ਦਿੱਤਾ। ਸਰਬੁਲੰਦ ਖ਼ਾਨ ਨੇ ਆਪ ਜਾ ਕੇ ਲਾਹੌਰ ਦਾ ਪ੍ਰਬੰਧ ਕਰਨ ਦੀ ਥਾਂ ਲਾਹੌਰ ਦੀ ਨਾਇਬੀ ਸ਼ਹਿਰ ਦੇ ਇਕ ਸਿਰਕੱਢ ਸ਼ਾਹੂਕਾਰ ਦੀਵਾਨ ਸੂਰਤ ਸਿੰਘ ਨੂੰ ਦੇ ਦਿੱਤੀ। ਸ਼ਾਇਦ ਉਸ ਨੂੰ ਖਿਆਲ ਹੋਵੇ ਕਿ ਹਿੰਦੂ ਹੋਣ ਕਰਕੇ ਇਹ ਸਿੰਘਾਂ ਨੂੰ ਪਰਚਾ ਕੇ ਰਖ ਸਕੇਗਾ। ਪਰ ਉਸ ਨੇ ਭੀ ਛੇਤੀ ਹੀ ਅਸਤੀਫ਼ਾ ਦੇ ਦਿੱਤਾ। ਹੁਣ ਸਰਬੁਲੰਦ ਖ਼ਾਨ ਨੇ ਉਸ ਦੀ ਥਾਂ ਮੀਰ ਮੋਮਨ ਖ਼ਾਨ ਕਸੂਰੀਏ ਦੇ ਪੁੱਤਰ ਮੀਰ ਮੁਹੰਮਦ ਖ਼ਾਨ ਨੂੰ ਲਾਹੌਰ ਦਾ ਨਾਇਬ ਹਾਕਮ ਮੁਕੱਰਰ ਕੀਤਾ। ਇਹ ਗੱਲ ਸਤੰਬਰ-ਅਕਤੂਬਰ ਸੰਨ 1760 ਦੀ ਹੈ।

## ਰੁਸਤਮ ਖ਼ਾਨ ਸੱਦੋਜ਼ਈ ਨੂੰ ਕੈਦ—ਵੀਹ ਹਜ਼ਾਰ ਨਜ਼ਰਾਨਾ ਲਿਆ (ਅਕਤੂਬਰ 1760)

ਅਹਿਮਦ ਸ਼ਾਹ ਅਜੇ ਮਰਾਠਿਆਂ ਨਾਲ ਰੁੱਝਾ ਹੋਇਆ ਹੀ ਸੀ ਅਤੇ ਪਾਣੀਪਤ ਦੀ ਲੜਾਈ ਹੋਣ ਵਿਚ ਤਿੰਨ ਮਹੀਨੇ ਰਹਿੰਦੇ ਸਨ ਕਿ ਸਿੰਘਾਂ ਨੇ ਪੰਜਾਬ ਵਿਚ ਉਸ ਦੇ ਰਾਜ-ਪ੍ਰਬੰਧ ਨੂੰ ਦੋ ਖਾਸ ਤਕੜੀਆਂ ਸੱਟਾਂ ਮਾਰੀਆਂ—ਇਕ ਉਸ ਦੇ ਚਾਰ ਮਹਾਲ ਦੇ ਹਾਕਮ ਰੁਸਤਮ ਖ਼ਾਨ ਸੱਦੋਜ਼ਈ ਨੂੰ ਸਿਆਲਕੋਟ ਵਿਚ ਅਤੇ ਦੂਸਰੀ ਖਾਸ ਸ਼ਹਿਰ ਲਾਹੌਰ ਵਿਚ ਉਥੇ ਦੇ ਨਾਇਬ ਨਾਜ਼ਮ ਮੀਰ ਮੁਹੰਮਦ ਖ਼ਾਨ ਨੂੰ, ਜੋ ਸਰਬੁਲੰਦ ਖ਼ਾਨ ਵੱਲੋਂ ਉਥੇ ਨਿਯਤ ਸੀ।

ਅਕਤੂਬਰ ਸੰਨ 1760 ਦੀ ਗੱਲ ਹੈ ਕਿ ਸਿਆਲਕੋਟ ਵਿਚ ਰੁਸਤਮ ਖ਼ਾਨ ਨੂੰ ਖਬਰ ਮਿਲੀ ਕਿ ਉਥੋਂ ਛੇ ਕੁ ਕੋਹਾਂ ਦੀ ਵਿੱਥ ਤੇ ਪੰਜਾਹ ਕੁ ਸਿੱਖ ਇਕ ਪਿੰਡ ਉਤਰੇ ਹੋਏ ਉਗਰਾਹੀ ਕਰ ਰਹੇ ਸਨ। ਰੁਸਤਮ ਖ਼ਾਨ ਡੇਢ ਕੁ ਸੌ ਸਵਾਰ ਲੈ ਕੇ ਉਨ੍ਹਾਂ ਪਰ ਚੜ੍ਹ ਪਿਆ ਪਰ ਜਦ ਅੱਗੋਂ ਉਹ ਟਾਕਰੇ ਲਈ ਟੁਟ ਪਏ ਤਾਂ ਰੁਸਤਮ ਖ਼ਾਨ ਉਥੇ ਲਾਗੇ ਹੀ ਇਕ ਕਿਲੇ ਵਿਚ ਵੜ ਗਿਆ। ਪਰ ਸਿੰਘਾਂ ਹੱਲਾ ਕਰ ਕੇ ਉਸ ਨੂੰ ਫੜ ਲਿਆ ਅਤੇ ਉਸ ਦੇ ਨਾਲ ਹੀ ਮੁਰਾਦ ਬੇਗਮ ਦੇ ਕਾਰਦਾਰ ਤਹਿਮਾਸ ਖ਼ਾਨ ਨੂੰ ਭੀ ਧਰ ਲਿਆ। ਅੰਤ ਰੁਸਤਮ ਖ਼ਾਨ ਨੇ

ਜੰਮੂ ਦੇ ਰਾਜਾ ਦੀ ਮਾਰਫਤ ਵੀਹ ਹਜਾਰ ਰੁਪਇਆ ਖਾਲਸਾ ਜੀ ਨੂੰ ਨਜ਼ਰ ਦੇ ਕੇ ਆਪਣੀ ਖਲਾਸੀ ਕਰਾਈ। [*ਤਹਿਮਾਸ ਨਾਮਾ* (ਰਾਉ), 92-8]

## ਮੀਰ ਮੁਹੰਮਦ ਖ਼ਾਨ ਪਾਸੋਂ ਤੀਹ ਹਜ਼ਾਰ ਨਜ਼ਰਾਨਾ (ਨਵੰਬਰ 1760)

ਇਸ ਸਾਲ 7 ਨਵੰਬਰ ਨੂੰ ਦੀਵਾਲੀ ਸੀ ਜਿਸ ਪਰ ਖਾਲਸਾ ਜੀ ਦਾ ਇਕ ਤਕੜਾ ਇਕੱਠ ਸ੍ਰੀ ਅੰਮ੍ਰਿਤਸਰ ਹੋਇਆ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਤੋਂ ਬਿਨਾ ਸਰਦਾਰ ਚੜ੍ਹਤ ਸਿੰਘ, ਜੈ ਸਿੰਘ ਕਨ੍ਹਈਆ, ਹਰੀ ਸਿੰਘ ਭੰਗੀ, ਜੱਸਾ ਸਿੰਘ ਰਾਮਗੜ੍ਹੀਆ, ਹਕੀਕਤ ਸਿੰਘ, ਗੁੱਜਰ ਸਿੰਘ, ਲਹਿਣਾ ਸਿੰਘ ਆਦਿ ਸਰਦਾਰ ਹਾਜ਼ਰ ਸਨ। ਇਸ ਵੇਲੇ ਖਾਲਸਾ ਚੜ੍ਹਦੀਆਂ ਕਲਾਂ ਵਿਚ ਸੀ ਅਤੇ ਦੇਖ ਰਿਹਾ ਸੀ ਕਿ ਕਿਵੇਂ ਲਾਹੌਰ ਦੀ ਹਕੂਮਤ ਉਨ੍ਹਾਂ ਪਾਸੋਂ ਕੰਬ ਰਹੀ ਹੈ ਅਤੇ ਦੁੱਰਾਨੀ ਦਾ ਕੋਈ ਹਾਕਮ ਭੀ ਉਨ੍ਹਾਂ ਦੇ ਵਿਰੁੱਧ ਇੱਥੇ ਰਾਜ ਨਹੀਂ ਕਰ ਸਕਦਾ। ਇਸ ਖਿਆਲ ਨੂੰ ਉਹ ਦੁੱਰਾਨੀਆਂ ਦੇ ਦਿਲਾਂ ਪਰ ਹੀ ਪੱਕੀ ਤਰ੍ਹਾਂ ਨਹੀਂ ਸੀ ਬਿਠਾ ਦੇਣਾ ਚਾਹੁੰਦੇ ਬਲਕਿ ਖੁਦ ਅਹਿਮਦ ਸ਼ਾਹ ਦੁੱਰਾਨੀ ਨੂੰ ਭੀ ਮਹਿਸੂਸ ਕਰਾ ਦੇਣਾ ਚਾਹੁੰਦੇ ਸਨ ਕਿ ਖਾਲਸਾ ਜੀ ਉਸ ਦੀ ਹਕੂਮਤ ਪੰਜਾਬ ਵਿਚ ਕਦਾਚਿਤ ਕਾਇਮ ਨਹੀਂ ਰਹਿਣ ਦੇਣਗੇ। ਉਹ ਆਪ ਭੀ ਕਿਉਂ ਨਾ ਇਥੇ ਆ ਕੇ ਬੈਠ ਜਾਏ ਤਾਂ ਭੀ ਉਹ ਇਥੇ ਹਕੂਮਤ ਨਹੀਂ ਕਰ ਸਕਦਾ, ਜਿਸ ਦਾ ਜਾਹਰਾ ਸਬੂਤ ਉਹ ਅਹਿਮਦ ਸ਼ਾਹ ਨੂੰ ਦੇ ਰਹੇ ਸਨ। ਇਸ ਵੇਲੇ ਲਾਹੌਰ ਦਾ ਨਾਇਬ ਮੀਰ ਮੁਹੰਮਦ ਖ਼ਾਨ ਸੀ।

ਸੋ ਦੀਵਾਲੀ ਦੇ ਦੀਵਾਨ ਵਿਚ ਸਰਬਤ ਖਾਲਸਾ ਨੇ ਗੁਰਮਤਾ ਕੀਤਾ ਕਿ ਦੁੱਰਾਨੀ ਦੇ ਦਿੱਲੀ ਵੱਲੋਂ ਮੁੜਨ ਤੋਂ ਪਹਿਲਾਂ ਪਹਿਲਾਂ ਖਾਲਸਾ ਜੀ ਨੂੰ ਇਕ ਭਰਪੂਰ ਹੱਲਾ ਲਾਹੌਰ ਪਰ ਕਰਨਾ ਚਾਹੀਦਾ ਹੈ ਤਾਂ ਕਿ ਉਸ ਨੂੰ ਖਾਲਸਾ ਜੀ ਦੀ ਨਿਡਰਤਾ, ਦੁੱਰਾਨੀ ਦੀ ਹਕੂਮਤ ਦੇ ਵਿਰੁੱਧ ਜਬਰਦਸਤ ਧਰਨਾ ਅਤੇ ਪੰਜਾਬ ਵਿਚ ਲੋਕ-ਰਾਜ ਦੀ ਸਥਾਪਨਾ ਲਈ ਅਟੱਲ ਜੋਸ਼ ਅਤੇ ਕੁਰਬਾਨੀ ਦੇ ਜਜ਼ਬੇ ਦਾ ਚੰਗੀ ਤਰ੍ਹਾਂ ਪਤਾ ਲੱਗ ਜਾਏ। ਇਸ ਗੁਰਮਤੇ ਅਨੁਸਾਰ ਦੀਵਾਲੀ ਤੋਂ ਬਾਅਦ ਸਰਦਾਰ ਜੱਸਾ ਸਿੰਘ ਦੀ ਅਗਵਾਈ ਹੇਠ ਖਾਲਸਾ ਜੀ ਨੇ ਲਾਹੌਰ ਉੱਤੇ ਚੜ੍ਹਾਈ ਕਰ ਦਿੱਤੀ ਅਤੇ ਬਾਹਰ ਦੀਆਂ ਬਸਤੀਆਂ ਜਾ ਮਾਰੀਆਂ। ਸਿੰਘਾਂ ਤੋਂ ਡਰਦੇ ਮੀਰ ਮੁਹੰਮਦ ਖ਼ਾਨ ਨੇ ਸ਼ਹਿਰ ਦੀ ਫ਼ਸੀਲ ਦੇ ਦਰਵਾਜ਼ੇ ਬੰਦ ਕਰ ਲਏ। ਇਸ ਤਰ੍ਹਾਂ ਸ਼ਹਿਰ ਲਾਹੌਰ ਆਪਣੇ ਆਪ ਹੀ ਘੇਰੇ ਵਿਚ ਆ ਗਿਆ ਅਤੇ ਸਭ ਆਵਾਜਾਈ ਬੰਦ ਹੋ ਗਈ। ਗਿਆਰਾਂ ਦਿਨ ਲਗਾਤਾਰ ਪੱਕੀ ਤਰ੍ਹਾਂ ਘੇਰਾ ਪਿਆ ਰਿਹਾ ਅਤੇ ਲੋਕੀਂ ਬਹੁਤ ਤੰਗ ਪੈ ਗਏ ਅਤੇ ਮੀਰ ਮੁਹੰਮਦ ਖ਼ਾਨ ਘਬਰਾ ਗਿਆ। ਪਰ ਸਿੰਘਾਂ ਦੀ ਨੀਅਤ ਲੋਕਾਂ ਨੂੰ ਤੰਗ ਕਰਨ ਦੀ ਤਾਂ ਹੈ ਹੀ ਨਹੀਂ ਸੀ। ਉਹ ਤਾਂ ਕੇਵਲ ਹਕੂਮਤ ਨੂੰ ਬੇ-ਬਸ ਕਰ ਕੇ ਪੈਰੋਂ ਕੱਢਣਾ ਚਾਹੁੰਦੇ ਸਨ। ਇਸ ਲਈ ਸਰਦਾਰ ਲਹਿਣਾ ਸਿੰਘ ਨੇ ਇਕ ਮੋਹਤਬਰ ਮੀਰ ਮੁਹੰਮਦ ਖ਼ਾਨ ਪਾਸ ਭੇਜਿਆ ਕਿ ਜੇ ਖੈਰ ਚਾਹੁੰਦਾ ਹੈ ਤਾਂ ਸਿੰਘਾਂ ਨੂੰ 'ਕੜਾਹ ਪ੍ਰਸਾਦ' ਲਈ ਨਜ਼ਰਾਨਾ ਦੇਣਾ ਕਬੂਲ ਕਰ ਲੈ। ਮੀਰ ਮੁਹੰਮਦ ਖ਼ਾਨ ਹੁਣ ਬੇ-ਬਸ ਸੀ। ਪਰ ਰਕਮ ਵੀ ਬਹੁਤੀ ਪਾਸ ਨਹੀਂ ਸੀ। ਇਸ ਵੇਲੇ ਅਹਿਮਦ ਸ਼ਾਹ ਦੇ ਖਜ਼ਾਨਚੀ ਗੁਲ ਮੁਹੰਮਦ ਖ਼ਾਨ ਨੇ

Sri Satguru Jagjit Singh Ji Library

ਪਸਰੂਰ ਦੇ ਮਾਮਲੇ ਦੀ ਰਕਮ ਯਾਕੂਬ ਖ਼ਾਨ ਦੇ ਰਾਹੀਂ ਭੇਜੀ ਸੀ। ਉਸ ਵਿਚੋਂ ਤੀਹ ਹਜ਼ਾਰ ਰੁਪਇਆ ਪੀਰਜ਼ਾਦਾ ਗੁਲਾਮ ਹੁਸੈਨ ਸਰਹੰਦੀ, ਮੀਆਂ ਮੁਹੰਮਦ ਤਕੀ, ਮੀਰ ਨੱਥੂ ਸ਼ਾਹ ਅਤੇ ਹਾਫਜ਼ ਕਾਦਰ ਬਖ਼ਸ਼ ਆਦਿ ਸ਼ਹਿਰ ਦੇ ਪਤਵੰਤਿਆਂ ਦੇ ਹਥੀਂ ਖਾਲਸਾ ਜੀ ਦੀ ਸੇਵਾ ਵਿਚ ਦੇਗ ਲਈ ਨਜ਼ਰ ਹਾਜ਼ਰ ਕੀਤੀ। ਇਸ ਨਾਲ ਹਕੂਮਤ ਝੁਕ ਗਈ ਅਤੇ ਖਾਲਸਾ ਜੀ ਦਾ ਮਤਲਬ ਪੂਰਾ ਹੋ ਗਿਆ, ਅਤੇ ਉਹ ਸ੍ਰੀ ਅੰਮ੍ਰਿਤਸਰ ਜੀ ਨੂੰ ਆਪਣਾ ਹੋਰ ਪ੍ਰੋਗ੍ਰਾਮ ਭੁਗਤਾਉਣ ਲਈ ਮੁੜ ਪਏ। ਮੁਫਤੀ ਗੁਲਾਮ ਸਰਵਰ 'ਤਾਰੀਖ਼ਿ-ਮਖ਼ਜ਼ਨਿ ਪੰਜਾਬ' ਵਿਚ ਲਿਖਦਾ ਹੈ ਕਿ ਜਦ ਘੇਰੇ ਵਿਚ ਆਇਆ ਹੋਇਆ ਲਾਹੌਰ ਦਾ ਹਾਕਮ ਬਹੁਤ ਤੰਗ ਆ ਗਿਆ ਤਾਂ ਪਹਿਲਾਂ ਉਸ ਨੇ ਸਲਾਹ ਲਈ ਸੁਨੇਹਾ ਭੇਜਿਆ ਸੀ ਜੋ ਖਾਲਸਾ ਜੀ ਨੇ ਪਰਵਾਨ ਕਰ ਲਿਆ ਸੀ ਅਤੇ ਤੀਹ ਹਜ਼ਾਰ ਰੁਪਇਆ 'ਕੜਾਹ ਪ੍ਰਸ਼ਾਦ' ਲਈ ਨਜ਼ਰ ਦਿੱਤੀ।

[ਅਲੀ-ਉ-ਦੀਨ, *ਇਬਰਤਨਾਮਾ*, 226-27; *ਉਮਦਾਤੁ-ਤਵਾਰੀਖ਼*, ਪਹਿਲਾ ਦਫ਼ਤਰ, 150.
ਕਨ੍ਹਈਆ ਲਾਲ, *ਤਾਰੀਖ਼ਿ ਪੰਜਾਬ*, 80-81;
ਮੁਫ਼ਤੀ ਗੁਲਾਮ ਸਰਵਰ, *ਤਾਰੀਖ਼ਿ-ਮਖ਼ਜ਼ਨਿ ਪੰਜਾਬ*, 470]

## ਅਹਿਮਦ ਸ਼ਾਹ ਦੀ ਦਿੱਲੀਓਂ ਵਾਪਸੀ

ਮਰਾਠਿਆਂ ਉੱਤੇ ਪਾਣੀਪਤ ਦੇ ਜੁਧ ਵਿਚ ਫਤਿਹ ਤੋਂ ਬਾਅਦ ਦਿੱਲੀ ਦਾ ਤਖਤ ਸ਼ਾਹ ਆਲਮ ਦੂਸਰੇ ਨੂੰ ਦੇ ਕੇ ਅਹਿਮਦ ਸ਼ਾਹ ਦੀ ਨੀਅਤ ਭਰਤਪੁਰੀਏ ਸੂਰਜ ਮੱਲ ਜਾਟ ਵਿਰੁੱਧ ਭੀ ਚੜ੍ਹਾਈ ਕਰਨ ਦੀ ਸੀ, ਪਰ ਉਸ ਦੇ ਕਿਲਿਆਂ ਦੀ ਤਕੜਾਈ, ਦੁੱਰਾਨੀ ਫੌਜ ਦੀ ਘਰਾਂ ਨੂੰ ਮੁੜਨ ਲਈ ਤਾਂਘ ਅਤੇ ਬਦ-ਦਿਲੀ ਅਤੇ ਆ ਰਹੀ ਗਰਮੀ ਨੇ ਸ਼ਾਹ ਨੂੰ ਪਿੱਛੇ ਅਫਗਾਨਿਸਤਾਨ ਨੂੰ ਮੁੜ ਜਾਣ ਲਈ ਮਜਬੂਰ ਕਰ ਦਿੱਤਾ। 13 ਮਾਰਚ ਸੰਨ 1761 ਨੂੰ ਸ਼ਾਹ ਨੇ ਆਪਣੀ ਅਗਾਊਂ ਫੌਜ ਅਤੇ ਪੇਸ਼-ਖ਼ੇਮੇ ਤੋਰ ਦਿੱਤੇ ਅਤੇ 20 ਮਾਰਚ ਨੂੰ ਉਹ ਆਪ ਭੀ ਦਿੱਲੀਓਂ ਅਫਗਾਨਿਸਤਾਨ ਨੂੰ ਤੁਰ ਪਿਆ।

27 ਮਾਰਚ ਨੂੰ ਸ਼ਾਹ ਅੰਬਾਲੇ ਸੀ ਅਤੇ 29 ਨੂੰ ਸਰਹੰਦ, ਜਿਥੇ ਪੁੱਜ ਕੇ ਉਸ ਨੇ ਜੈਨ ਖ਼ਾਨ ਨੂੰ ਉਥੇ ਦਾ ਫੌਜਦਾਰ ਨਿਯਤ ਕੀਤਾ ਅਤੇ 22 ਸ਼ਾਬਾਨ ਸੰਨ 1174 ਹਿਜਰੀ (29 ਮਾਰਚ ਸੰਨ 1761) ਦੇ ਫਰਮਾਨ ਰਾਹੀਂ ਬਾਬਾ ਆਲਾ ਸਿੰਘ ਪਟਿਆਲੇ ਵਾਲੇ ਨੂੰ ਉਸ ਦੇ ਕਬਜ਼ੇ ਹੇਠ ਦੇ ਇਲਾਕੇ ਦਾ ਹਾਕਮ ਪਰਵਾਨ ਕਰ ਲਿਆ।

## ਸਰਦਾਰ ਜੱਸਾ ਸਿੰਘ ਨੇ ਦੁੱਰਾਨੀਆਂ ਪਾਸੋਂ ਕੈਦੀ ਇਸਤਰੀਆਂ ਛੁਡਾਉਣੀਆਂ

ਇਸ ਵੇਲੇ ਦੁੱਰਾਨੀਆਂ ਦੇ ਕੈਂਪ ਵਿਚ ਕਈ ਹਜ਼ਾਰ ਕੈਦੀ ਸਨ ਜਿਨ੍ਹਾਂ ਨੂੰ ਫੜ ਕੇ ਅਹਿਮਦ ਸ਼ਾਹ ਆਪਣੇ ਅਫਗਾਨਿਸਤਾਨ ਨੂੰ ਲਈ ਜਾ ਰਿਹਾ ਸੀ। ਇਨ੍ਹਾਂ ਵਿਚ ਲੱਗਭਗ ਬਾਈ ਸੌ ਹਿੰਦੂ ਜਨਾਨੀਆਂ ਸਨ। ਇਨ੍ਹਾਂ ਬਿਚਾਰੀਆਂ ਨੂੰ ਦੁੱਰਾਨੀ ਧੱਕੋ ਜੋਰੀ ਧਰੀਕੀ ਜਾ ਰਹੇ ਸਨ। ਦੇਸ ਵਿਚ ਇਸ ਵੇਲੇ ਬੜੇ ਬੜੇ ਹਿੰਦੂ ਰਾਜੇ ਅਤੇ ਸੂਰਮੇ ਸਰਦਾਰ ਮੌਜੂਦ ਸਨ। ਪਰ ਇਨ੍ਹਾਂ ਅਬਲਾਵਾਂ ਦੀਆਂ ਦੁੱਖਾਂ ਭਰੀਆਂ ਚੀਕਾਂ ਸੁਣ ਕੇ ਕਿਸੇ ਦਾ ਮਨ ਨਾ ਪਸੀਜਿਆ,

ਕਿਸੇ ਨੇ ਉਨ੍ਹਾਂ ਦੀ ਪੁਕਾਰ ਨਾ ਸੁਣੀ, ਅਤੇ ਕਿਸੇ ਮਰਾਠੇ, ਰਾਜਪੂਤ ਜਾਂ ਜਾਟ ਸੂਰਬੀਰ ਨੇ ਇਨ੍ਹਾਂ ਦੀ ਜਾਨ ਅਤੇ ਇੱਜਤ ਬਚਾਉਣ ਲਈ ਜਾਨ ਹੂਲਣ ਦਾ ਹੀਆ ਨਾ ਕੀਤਾ। ਇਨ੍ਹਾਂ ਦੇ ਵਾਲੀ ਵਾਰਸ ਭੀ ਮਗਰ ਮਗਰ ਕੁਰਲਾਉਂਦੇ ਆ ਰਹੇ ਸਨ। ਜਦ ਕਿਸੇ ਪਾਸਿਉਂ ਹੋਰ ਕੋਈ ਸਹਾਇਤਾ ਕਰਨ ਵਾਲਾ ਨਾ ਦਿਸਿਆ ਤਾਂ ਇਨ੍ਹਾਂ ਦੇ ਕੁਝ ਮੁਖੀਏ ਅੰਮ੍ਰਿਤਸਰ ਪੁੱਜੇ। 10 ਅਪਰੈਲ ਨੂੰ ਵਸਾਖੀ ਸੀ ਅਤੇ ਖਾਲਸਾ ਜੀ ਮੇਲੇ ਲਈ ਇਥੇ ਆਏ ਹੋਏ ਸਨ। ਗੁਰੂ ਦੇ ਦਰਬਾਰ ਵਿਚ ਇਨ੍ਹਾਂ ਦੀ ਪੁਕਾਰ ਸੁਣ ਕੇ ਸਰਦਾਰ ਜੱਸਾ ਸਿੰਘ ਦਾ ਖੂਨ ਉਬਾਲੇ ਖਾਣ ਲੱਗ ਪਿਆ। ਗੁਰੂ ਦੇ ਦਰਬਾਰ ਵਿਚ ਕੀਤੀ ਹੋਈ ਦੀਨ ਦੁਖੀਆਂ ਦੀ ਪੁਕਾਰ ਅਣਸੁਣੀ ਨਹੀਂ ਰਹਿ ਸਕਦੀ। ਗੁਰੂ ਦਾ ਜੀਉਂਦਾ ਜਾਗਦਾ ਰੂਪ ਖਾਲਸਾ ਹੈ, ਅਤੇ ਜੱਸਾ ਸਿੰਘ ਸੀ ਗੁਰੂ-ਘਰ ਦਾ ਵਰੋਸਾਇਆ ਖਾਲਸੇ ਦਾ ਜਥੇਦਾਰ। ਸੋ ਸਰਦਾਰ ਜੱਸਾ ਸਿੰਘ ਨੇ ਕਿਰਪਾਨ ਧੂ ਲਈ ਅਤੇ ਚੋਣਵੇਂ ਸਿੰਘ ਸਰਦਾਰਾਂ ਨੂੰ ਨਾਲ ਲੈ ਕੇ ਜਾ ਗੋਇੰਦਵਾਲ ਪੁੱਜਾ ਅਤੇ ਪੱਤਣ ਟੱਪਣ ਵੇਲੇ ਦੁੱਰਾਨੀਆਂ ਉੱਤੇ ਅਚਨਚੇਤ ਹੱਲਾ ਕਰ ਦਿੱਤਾ ਅਤੇ ਉਨ੍ਹਾਂ ਦੇ ਹੋਸ਼ ਸੰਭਾਲਣ ਤੋਂ ਪਹਿਲਾਂ ਪਹਿਲਾਂ ਕੈਦੀ ਇਸਤਰੀਆਂ ਨੂੰ ਛੁਡਾ ਲਿਆ ਅਤੇ ਫੇਰ ਉਨ੍ਹਾਂ ਸਾਰੀਆਂ ਨੂੰ ਖਰਚ ਦੇ ਕੇ ਘਰੋ ਘਰੀ ਪਹੁੰਚਾ ਦਿੱਤਾ। ਇਸ ਹਮਦਰਦੀ ਅਤੇ ਬਹਾਦੁਰੀ ਨੇ ਸਰਦਾਰ ਜੱਸਾ ਸਿੰਘ ਨੂੰ ਸਾਰੇ ਦੇਸ਼ ਵਿਚ ਉਜਾਗਰ ਕਰ ਦਿੱਤਾ ਅਤੇ ਉਸ ਦੀ ਦਲੇਰੀ ਅਤੇ ਨਿਸ਼ਕਾਮ ਸੇਵਾ ਦੀ ਧਾਕ ਹਰ ਪਾਸੇ ਪੈ ਗਈ ਅਤੇ ਉਹ 'ਬੰਦੀ ਛੋੜ' ਕਰਕੇ ਮਸ਼ਹੂਰ ਹੋ ਗਿਆ।

[ਕਨ੍ਹਈਆ ਲਾਲ, *ਤਾਰੀਖਿ ਪੰਜਾਬ*, 100; ਗਿਆਨ ਸਿੰਘ, *ਸ਼ਮਸ਼ੇਰ ਖਾਲਸਾ*, 145/507]

26 ਅਪਰੈਲ ਸੰਨ 1761 ਨੂੰ ਅਹਿਮਦ ਸ਼ਾਹ ਲਾਹੌਰ ਪੁੱਜਾ ਅਤੇ ਸਰਬੁਲੰਦ ਖ਼ਾਨ ਦੀ ਥਾਂ ਖ੍ਵਾਜਾ ਉਬੈਦ ਖ਼ਾਨ ਨੂੰ ਲਾਹੌਰ ਦਾ ਹਾਕਮ ਅਤੇ ਘੁਮੰਡ ਚੰਦ ਕਟੋਚੀਏ ਨੂੰ ਦੁਆਬਾ ਬਿਸਤ-ਜਾਲੰਧਰ ਦਾ ਫੌਜਦਾਰ ਨਿਯਤ ਕਰ ਕੇ ਅਫਗਾਨਿਸਤਾਨ ਨੂੰ ਮੁੜ ਗਿਆ, ਅਤੇ ਚਹਾਰ ਮਹਾਲ ਦੇ ਫੌਜਦਾਰ ਰੁਸਤਮ ਖ਼ਾਨ ਦੀ ਥਾਂ ਖ੍ਵਾਜਾ ਮਿਰਜਾ ਜਾਨ ਨੂੰ ਫੌਜਦਾਰ ਮੁਕੱਰਰ ਕਰ ਗਿਆ।

ਅਧਿਆਇ ਸਤਾਰ੍ਹਵਾਂ

# ਸਿੰਘਾਂ ਦਾ ਲਾਹੌਰ ਉੱਤੇ ਪਹਿਲਾ ਕਬਜ਼ਾ

---

## ਸਰਦਾਰ ਜੱਸਾ ਸਿੰਘ ਨੂੰ ਸੁਲਤਾਨੁਲ-ਕੌਮ ਦੀ ਪਦਵੀ

### ਮਿਰਜ਼ਾ ਜਾਨ ਮਾਰਿਆ ਗਿਆ (ਮਈ-ਜੂਨ 1761)

ਅਹਿਮਦ ਸ਼ਾਹ ਜਦੋਂ ਲਾਹੌਰੋਂ ਅਫ਼ਗ਼ਾਨਿਸਤਾਨ ਨੂੰ ਮੁੜਿਆ ਤਾਂ ਸਿੰਘ ਸਦਾ ਵਾਂਗੂ ਉਸ ਦੇ ਮਗਰ ਪੈ ਗਏ ਅਤੇ ਸਿੰਧ ਦਰਿਆ ਦੇ ਕੰਢੇ ਤਕ ਦੱਬੀ ਗਏ ਅਤੇ ਜੋ ਕੁਝ ਹੱਥ ਲੱਗਾ ਕਾਬੂ ਕਰ ਲਿਆ। ਸਿੰਘ ਸਿੰਧ ਵੱਲੋਂ ਮੁੜੇ ਆ ਰਹੇ ਸਨ ਕਿ ਚਹਾਰ ਮਹਾਲ ਦੇ ਫ਼ੌਜਦਾਰ ਮਿਰਜ਼ਾ ਜਾਨ ਨਾਲ ਟੱਕਰ ਹੋ ਪਈ। ਇਸ ਵਿਚ ਮਿਰਜ਼ਾ ਜਾਨ ਨੂੰ ਹਾਰ ਹੋ ਗਈ ਅਤੇ ਉਹ ਲੜਾਈ ਵਿਚ ਮਾਰਿਆ ਗਿਆ। ਇਸ ਜਿੱਤ ਦਾ ਸਿਹਰਾ ਸਰਦਾਰ ਚੜ੍ਹਤ ਸਿੰਘ ਦੇ ਸਿਰ ਸੀ। [*ਤਹਿਮਾਸ ਨਾਮਾ* (ਗਾਊ), 104]

### ਨੂਰੁੱਦੀਨ ਬਾਮੇਜ਼ਈ ਦੀ ਨਿਸਫਲ ਮੁਹਿੰਮ—ਸਰਦਾਰ ਚੜ੍ਹਤ ਸਿੰਘ ਦੀ ਜਿੱਤ (ਅਗਸਤ 1761)

ਅਹਿਮਦ ਸ਼ਾਹ ਦੀ ਹਕੂਮਤ ਨੂੰ ਜੋ ਸੱਟਾਂ ਖ਼ਾਲਸਿਆਂ ਨੇ ਮਾਰੀਆਂ ਸਨ, ਉਹ ਉਸ ਨੂੰ ਚੋਖੀਆਂ ਰੜਕਦੀਆਂ ਸਨ। ਇਸ ਲਈ ਕੰਧਾਰ ਪੁੱਜਦੇ ਸਾਰ ਉਸ ਨੇ ਬਾਰਾਂ ਹਜ਼ਾਰ ਫ਼ੌਜ ਦੇ ਕੇ ਆਪਣੇ ਜਰਨੈਲ ਨੂਰੁੱਦੀਨ ਬਾਮੇਜ਼ਈ ਨੂੰ ਸਿੰਘਾਂ ਦੇ ਵਿਰੁੱਧ ਭੇਜਿਆ। ਝਨਾਂ ਪਾਰ ਕਰਨ ਪਰ ਇਸ ਦਾ ਟਾਕਰਾ ਸਰਦਾਰ ਚੜ੍ਹਤ ਸਿੰਘ ਸੁਕੱਰਚਕੀਏ ਨਾਲ ਪੈ ਗਿਆ ਜਿਸ ਨੇ ਲਾਹੌਰੋਂ ਉੱਤਰ ਨੂੰ ਕਾਫ਼ੀ ਇਲਾਕੇ ਉੱਤੇ ਕਬਜ਼ਾ ਕੀਤਾ ਹੋਇਆ ਸੀ। ਇਹ ਦੁੱਰਾਨੀ ਦੇ ਰਸਤੇ ਵਿਚ ਇਕ ਰੋਕ ਬਣਿਆ ਹੋਇਆ ਸੀ ਅਤੇ ਆਉਂਦਿਆਂ ਜਾਂਦਿਆਂ ਹਰ ਵਾਰੀ ਸ਼ਾਹ ਦੀ ਫੌਜ ਉੱਤੇ ਛਾਪੇ ਮਾਰ ਕੇ ਜੋ ਕੁਝ ਭੀ ਹੱਥ ਲਗਦਾ ਸੀ ਲੈ ਕੇ ਆਪਣੇ ਕਿਲੇ ਗੁਜਰਾਂਵਾਲੇ ਵਿਚ ਜਾ ਡਟਦਾ ਸੀ। ਝਨਾਂ ਦੇ ਕੰਢੇ ਵਜ਼ੀਰਾਬਾਦ ਦੇ ਲਾਗੇ ਇਕ ਤਕੜੀ ਲੜਾਈ ਹੋ ਪਈ। ਨੂਰੁੱਦੀਨ ਸਿੰਘਾਂ ਦਾ ਟਾਕਰਾ ਨਾ ਕਰ ਸਕਿਆ ਅਤੇ ਦੌੜ ਕੇ ਸਿਆਲਕੋਟ ਦੇ ਕਿਲੇ ਵਿਚ ਜਾ ਵੜਿਆ। ਸਰਦਾਰ ਚੜ੍ਹਤ ਸਿੰਘ ਉਸ ਦੇ ਮਗਰ ਹੀ ਲੱਗਾ ਗਿਆ ਅਤੇ ਕਿਲੇ ਨੂੰ ਘੇਰਾ ਪਾ ਲਿਆ। ਸਰਦਾਰ ਨੇ ਘੇਰਾ ਇਤਨਾ ਪੀਡਾ ਅਤੇ ਸਖ਼ਤ ਕਰ ਦਿੱਤਾ ਕਿ ਖਾਣੇ ਦਾਣੇ ਦੀ ਆਵਾਜਾਈ ਬੰਦ ਹੋ ਗਈ। ਆਲੇ ਦੁਆਲੇ ਦੇ ਸਾਰੇ ਇਲਾਕੇ ਪਰ ਸਿੰਘਾਂ

Sri Satguru Jagjit Singh Ji eLibrary

ਦਾ ਕਬਜ਼ਾ ਸੀ। ਇਸ ਲਈ ਕਿਸੇ ਪਾਸਿਉਂ ਭੀ ਰਸਦ ਦੇ ਅੰਦਰ ਆ ਸਕਣ ਦੀ ਗੁੰਜਾਇਸ਼ ਨਹੀਂ ਸੀ। ਨੂਰੁੱਦੀਨ ਇਤਨਾ ਜਿੱਚ ਅਤੇ ਨਿਰਾਸ ਹੋਇਆ ਕਿ ਫੌਜ ਨੂੰ ਕਿਲੇ ਵਿਚ ਬਿਨਾਂ ਕਿਸੇ ਪ੍ਰਬੰਧ ਦੇ ਆਪਣੀ ਕਿਸਮਤ ਅਤੇ ਸਿੰਘਾਂ ਦੇ ਰਹਿਮ ਪਰ ਛਡ ਕੇ ਆਪਣੀ ਜਾਨ ਬਚਾ ਕੇ ਰਾਤ ਦੇ ਅੰਨ੍ਹੇਰੇ ਵਿਚ ਜੰਮੂੰ ਨੂੰ ਦੌੜ ਗਿਆ। ਆਗੂ ਨੂੰ ਭੱਜ ਗਿਆ ਵੇਖ ਕੇ ਫ਼ੌਜ ਨੇ ਭੀ ਹਥਿਆਰ ਸੁੱਟ ਦਿੱਤੇ। ਉਹ ਹੋਰ ਕਰਦੇ ਭੀ ਕੀ? ਸਰਦਾਰ ਚੜ੍ਹਤ ਸਿੰਘ ਨੇ ਫ਼ੌਜ ਦੇ ਆਦਮੀਆਂ ਨਾਲ ਬੜੀ ਖੁਲ੍ਹ ਦਿਲੀ ਨਾਲ ਬਰਤਾਓ ਕੀਤਾ ਅਤੇ ਹਥਿਆਰ ਰੱਖ ਕੇ ਸਭ ਨੂੰ ਬੇ-ਰੋਕ-ਟੋਕ ਚਲੇ ਜਾਣ ਦੀ ਖੁਲ੍ਹੀ ਛੁੱਟੀ ਦੇ ਦਿੱਤੀ, ਅਤੇ ਜਿਹੜੇ ਅਫ਼ਸਰ ਅਤੇ ਸਿਪਾਹੀ ਉਸ ਦੀ ਕੈਦ ਵਿਚ ਸਨ, ਉਨ੍ਹਾਂ ਨੂੰ ਨੂਰੁੱਦੀਨ ਪਾਸ ਸਿਆਲਕੋਟ ਪਹੁੰਚਾ ਦਿੱਤਾ। ਇਸ ਤੋਂ ਬਾਅਦ ਸਰਦਾਰ ਚੜ੍ਹਤ ਸਿੰਘ ਗੁਜਰਾਂਵਾਲੇ ਨੂੰ ਮੁੜ ਆਇਆ।

[*ਉਮਦਾਤੁ-ਤਵਾਰੀਖ*, ਦੂਸਰਾ ਦਫ਼ਤਰ, 6-7; ਕਨ੍ਹੱਈਆ ਲਾਲ, *ਤਾਰੀਖ਼ਿ ਪੰਜਾਬ*, 81; ਮੁਫ਼ਤੀ ਗ਼ੁਲਾਮ ਸਰਵਰ, *ਤਾਰੀਖ਼ਿ ਮਖ਼ਜ਼ਨਿ ਪੰਜਾਬ*, 47।]

## ਸਰਦਾਰ ਜੱਸਾ ਸਿੰਘ ਵੱਲੋਂ ਸਰਦਾਰ ਚੜ੍ਹਤ ਸਿੰਘ ਦੀ ਸਹਾਇਤਾ (ਸਤੰਬਰ 1761)

ਨੂਰੁੱਦੀਨ ਦੀ ਇਸ ਦੁਰਗਤ ਦੀ ਖਬਰ ਜਦ ਲਾਹੌਰ ਦੇ ਹਾਕਮ ਖ਼ੁਆਜਾ ਉਬੈਦ ਖ਼ਾਨ ਨੂੰ ਲੱਗੀ ਤਾਂ ਉਹ ਇਕ ਤਕੜੀ ਫ਼ੌਜ ਲੈ ਕੇ ਸਰਦਾਰ ਚੜ੍ਹਤ ਸਿੰਘ ਦੇ ਵਿਰੁੱਧ ਗੁਜਰਾਂਵਾਲੇ ਤੇ ਚੜ੍ਹ ਪਿਆ। ਉਸ ਨੂੰ ਫ਼ਿਕਰ ਪੈ ਗਿਆ ਹੋਣਾ ਹੈ ਕਿ ਨੂਰੁੱਦੀਨ ਨੂੰ ਹੋਈ ਹਾਰ ਇਕ ਤਰ੍ਹਾਂ ਹਕੂਮਤ ਲਾਹੌਰ ਦੀ ਹਾਰ ਹੈ ਜਿਸ ਤੋਂ ਅਹਿਮਦ ਸ਼ਾਹ ਬਾਦਸ਼ਾਹ ਉਸ ਤੇ ਬਹੁਤ ਨਾਰਾਜ ਹੋਵੇਗਾ। ਉਬੈਦ ਖ਼ਾਨ ਕੁਝ ਦਿਨ ਐਮਨਾਬਾਦ ਠਹਿਰਿਆ, ਸਾਰੀ ਹਾਲਤ ਦਾ ਜਾਇਜ਼ਾ ਲਿਆ ਅਤੇ ਗੁੱਜਰਾਂਵਾਲੇ ਨੂੰ ਜਾ ਘੇਰਿਆ। ਅੱਗੋਂ ਸਰਦਾਰ ਚੜ੍ਹਤ ਸਿੰਘ ਵੀ ਤਿਆਰ ਸੀ। ਉਹ ਟਾਕਰੇ ਲਈ ਡਟ ਗਿਆ। ਇਸ ਸਮੇਂ ਵਿਚ ਉਬੈਦ ਖ਼ਾਨ ਦੀ ਗੁਜਰਾਂਵਾਲੇ ਤੇ ਚੜ੍ਹਾਈ ਦੀ ਖਬਰ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਭੀ ਲੱਗ ਗਈ। ਉਹ ਸਰਦਾਰ ਜੈ ਸਿੰਘ ਕਨ੍ਹਈਏ, ਹਰੀ ਸਿੰਘ ਭੰਗੀ, ਲਹਿਣਾ ਸਿੰਘ, ਸੋਭਾ ਸਿੰਘ, ਗੁੱਜਰ ਸਿੰਘ ਆਦਿ ਸਰਦਾਰਾਂ ਨੂੰ ਲੈ ਕੇ ਆ ਪੁੱਜਾ ਅਤੇ ਆਉਂਦੇ ਸਾਰ ਹੀ ਰਾਤ ਨੂੰ ਇਕ ਅਜਿਹਾ ਜ਼ੋਰਦਾਰ ਹੱਲਾ ਕੀਤਾ ਕਿ ਉਬੈਦ ਖ਼ਾਨ ਨੂੰ ਹੱਥਾਂ ਪੈਰਾਂ ਦੀ ਪੈ ਗਈ ਅਤੇ ਘਬਰਾਹਟ ਵਿਚ ਆਪਣਾ ਤੋਪਖਾਨਾ—ਤੋਪੜੇ, ਜੰਬੂਰੇ ਅਤੇ ਜੰਜੈਲਾਂ—ਘੋੜੇ, ਊਠ ਅਤੇ ਸਾਰਾ ਜੰਗੀ ਸਾਮਾਨ ਓਥੇ ਹੀ ਛੱਡ ਕੇ ਵਾਹੋ ਦਾਹੀ ਲਾਹੌਰ ਨੂੰ ਉਠ ਨੱਸਾ।

[*ਉਮਦਾਤੁ-ਤਵਾਰੀਖ*, ਪਹਿਲਾ ਦਫ਼ਤਰ, 154; ਦੂਸਰਾ, 7-8; ਅਲੀ-ਉ-ਦੀਨ, 228-29; *ਤਹਿਮਾਸ ਨਾਮਾ* (ਰਾਉ), 104]

## ਸਿੰਘਾਂ ਦਾ ਲਾਹੌਰ ਪਰ ਕਬਜ਼ਾ (ਸਤੰਬਰ, 1761)

ਲਾਹੌਰ ਦੇ ਸੂਬੇਦਾਰ ਉਬੈਦ ਖ਼ਾਨ ਦੀ ਇਸ ਤਰ੍ਹਾਂ ਦੀ ਭਾਜ, ਜਦ ਕਿ ਉਸ ਦਾ ਤੋਪਖ਼ਾਨਾ ਅਤੇ ਜੰਗੀ ਸਾਮਾਨ ਭੀ ਪਿੱਛੇ ਰਹਿ ਗਿਆ ਅਤੇ ਸਿੰਘਾਂ ਦੇ ਹੱਥ ਆ ਗਿਆ,

ਇਹ ਅਮੋਲਕ ਮੌਕਾ ਸੀ। ਉਹ ਉਸ ਦੇ ਮਗਰ ਲੱਗ ਤੁਰੇ ਅਤੇ ਲਾਹੌਰ ਤਕ ਦੱਬੀ ਗਏ ਅਤੇ ਲਾਹੌਰ ਦੇ ਕਿਲੇ ਵਿਚ ਉਸ ਨੂੰ ਜਾ ਘੇਰਿਆ। ਮੀਰ ਮੁਹੰਮਦ ਖ਼ਾਨ ਦੇ ਵੇਲੇ ਤੋਂ ਸਿੰਘਾਂ ਨੂੰ ਇਹ ਚੰਗਾ ਤਜਰਬਾ ਹੋ ਗਿਆ ਸੀ ਕਿ ਸਰਕਾਰੀ ਕਰਮਚਾਰੀ ਉਨ੍ਹਾਂ ਦਾ ਟਾਕਰਾ ਨਹੀਂ ਕਰ ਸਕਦੇ ਅਤੇ ਕਿਲਿਆਂ ਅੰਦਰ ਬੈਠ ਕੇ ਵੇਲਾ ਟਪਾਉਣ ਦੀ ਕਰਦੇ ਹਨ ਅਤੇ ਜਦ ਦਾਉ ਲਗਦਾ ਹੈ ਤਾਂ ਫਿਰ ਸਿੰਘਾਂ ਦੇ ਵਿਰੁੱਧ ਫੌਜਾਂ ਲੈ ਕੇ ਚੜ੍ਹ ਪੈਂਦੇ ਹਨ। ਆਪ ਤਾਂ ਇਨ੍ਹਾਂ ਲੋਕਾਂ ਨੇ ਕਿਲੇ ਅੰਦਰ ਖਾਣਾ ਦਾਣਾ ਜਮਾ ਕੀਤਾ ਹੋਇਆ ਹੁੰਦਾ ਹੈ ਜਾਂ ਵਪਾਰੀਆਂ ਪਾਸੋਂ ਖੋਹ ਖਿੰਜ ਲੈਂਦੇ ਹਨ, ਪਰ ਘੇਰਾ ਪੈ ਜਾਣ ਨਾਲ ਸਭ ਤੋਂ ਜਿਆਦਾ ਔਖ ਆਮ ਜਨਤਾ ਨੂੰ ਹੁੰਦੀ ਹੈ ਜਿਨ੍ਹਾਂ ਦਾ ਰੁਜ਼ਗਾਰ ਸ਼ਹਿਰੋਂ ਬਾਹਰ ਹੁੰਦਾ ਹੈ ਅਤੇ ਉਸ ਕਮਾਈ ਤੇ ਹੀ ਉਨ੍ਹਾਂ ਨੇ ਗੁਜ਼ਾਰਾ ਕਰਨਾ ਹੁੰਦਾ ਹੈ। ਇਸ ਤੋਂ ਬਿਨਾ ਸਰੀਰਕ ਲੋੜਾਂ ਲਈ ਭੀ ਉਨ੍ਹਾਂ ਨੇ ਬਾਹਰ ਹੀ ਜਾਣਾ ਹੁੰਦਾ ਹੈ। ਇਸ ਲਈ ਸਿੰਘਾਂ ਨੂੰ ਪਤਾ ਸੀ ਕਿ ਸ਼ਹਿਰ ਦੇ ਲੋਕ ਇਸ ਤਕਲੀਫ਼ ਨੂੰ ਮਹਿਸੂਸ ਕਰ ਕੇ ਖ਼ੁਆਜਾ ਉਬੈਦ ਖ਼ਾਨ ਨੂੰ ਮਜਬੂਰ ਕਰ ਦੇਣਗੇ ਕਿ ਉਹ ਖਾਲਸੇ ਦੀ ਈਨ ਮੰਨ ਲਏ।

ਸ਼ਹਿਰ ਦੇ ਮੁਖੀਆਂ ਨੂੰ ਭੀ ਪਤਾ ਸੀ ਕਿ ਮੀਰ ਮਹਿਮੂਦ ਖ਼ਾਨ ਦੇ ਵੇਲੇ ਸਿੰਘ ਨਜ਼ਰਾਨਾ ਪਰਵਾਨ ਕਰ ਕੇ ਮੁੜ ਗਏ ਸਨ। ਉਨ੍ਹਾਂ ਨੂੰ ਉਬੈਦ ਖ਼ਾਨ ਦੀ ਭਾਜ ਤੋਂ ਇਹ ਭੀ ਖਿਆਲ ਹੋ ਗਿਆ ਸੀ ਕਿ ਉਹ ਕੋਈ ਤਕੜਾ ਸੂਰਬੀਰ ਪਰਬੰਧਕ ਨਹੀਂ ਜੋ ਸਿੰਘਾਂ ਦੇ ਟਾਕਰੇ ਤੇ ਬਹੁਤਾ ਚਿਰ ਅੜਿਆ ਰਹਿ ਸਕੇ। ਇਸ ਲਈ ਉਸ ਉੱਤੇ ਕੋਈ ਆਸ ਨਾ ਰੱਖ ਕੇ ਲਾਹੌਰ ਦੇ ਪਤਵੰਤੇ ਮੁਖੀਆਂ ਨੇ ਸਰਦਾਰ ਜੱਸਾ ਸਿੰਘ ਨਾਲ ਗੱਲ-ਬਾਤ ਕਰ ਲਈ ਅਤੇ ਸ਼ਹਿਰ ਦੇ ਦਰਵਾਜ਼ੇ ਖ਼ਾਲਸਾ ਜੀ ਨੂੰ ਖੋਲ੍ਹ ਦਿੱਤੇ। ਇਸ ਤਰ੍ਹਾਂ ਲਾਹੌਰ ਦੇ ਲੋਕਾਂ ਦੀ ਬੇਨਤੀ ਪਰਵਾਨ ਕਰ ਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਵਿਚ ਵਿਜਈ ਖਾਲਸਾ ਦਲ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਉਂਦਾ ਲਾਹੌਰ ਸ਼ਹਿਰ ਵਿਚ ਦਾਖ਼ਲ ਹੋ ਗਿਆ। ਇਹ ਖਾਲਸਾ ਜੀ ਦੀ ਪੰਜਾਬ ਦੀ ਰਾਜਧਾਨੀ ਦੀ ਪਹਿਲੀ ਰਾਜਸੀ ਫਤਿਹ ਸੀ। ਇਸ ਨਾਲ ਇਕ ਤਰ੍ਹਾਂ ਸਿੰਧ ਤੋਂ ਲੈ ਕੇ ਸਤਲੁਜ ਤਕ ਦਾ ਸਾਰਾ ਪੰਜਾਬ ਖਾਲਸੇ ਜੀ ਦੇ ਕਬਜ਼ੇ ਵਿਚ ਆ ਗਿਆ।

[*ਉਮਦਾਤੁ-ਤਵਾਰੀਖ*, ਪਹਿਲਾ 154; ਦੂਸਰਾ 7-8;
ਅਲੀ-ਉ-ਦੀਨ, *ਇਬਰਤਨਾਮਾ*, 228-29; *ਤਹਿਮਾਸਨਾਮਾ* (ਰਾਉ), 104]

## ਸਰਦਾਰ ਜੱਸਾ ਸਿੰਘ ਨੂੰ 'ਸੁਲਤਾਨੁਲ ਕੌਮ' ਦੀ ਪਦਵੀ

ਲਾਹੌਰ ਉੱਤੇ ਕਬਜ਼ਾ ਹੁੰਦੇ ਸਾਰ ਦਲ ਖਾਲਸਾ ਦੇ ਸਰਦਾਰਾਂ ਨੂੰ ਮਾਤਾ ਸੁੰਦਰੀ ਜੀ ਅਤੇ ਨਵਾਬ ਕਪੂਰ ਸਿੰਘ ਜੀ ਦੇ ਭਵਿਖ ਸ਼ਬਦ ਯਾਦ ਆ ਗਏ ਜੋ ਉਨ੍ਹਾਂ ਨੇ ਅਨਭੋਲ ਹੀ ਸਰਦਾਰ ਜੱਸਾ ਸਿੰਘ ਸਬੰਧੀ ਉਚਾਰੇ ਹੋਏ ਸਨ। ਮਾਤਾ ਜੀ ਨੇ ਜੱਸਾ ਸਿੰਘ ਨੂੰ ਦਿੱਲੀ ਤੋਂ ਵਿਦਾ ਕਰਨ ਵੇਲੇ ਅਸੀਸ ਦਿੱਤੀ ਸੀ ਕਿ "ਤੇਰੇ ਔਰ ਤੇਰੀ ਸੰਤਾਨ ਦੇ ਅੱਗੇ ਆਸਿਆਂ ਵਾਲੇ ਚੋਬਦਾਰ ਚਲਿਆ ਕਰਨਗੇ," ਅਤੇ ਨਵਾਬ ਕਪੂਰ ਸਿੰਘ ਨੇ ਇਕ ਵਾਰੀ ਜੱਸਾ

ਸਿੰਘ ਨੂੰ ਧੀਰਜ ਦਿੰਦੇ ਹੋਏ ਕਿਹਾ ਸੀ : "ਮੈਨੂੰ ਇਸ ਗਰੀਬ-ਨਿਵਾਜ਼ ਪੰਥ ਨੇ ਨਵਾਬ ਬਣਾ ਦਿੱਤਾ ਹੈ, ਤੈਨੂੰ, ਕੀ ਪਤਾ, ਪਾਤਸ਼ਾਹ ਹੀ ਬਣਾ ਦੇਣ !" ਇਹ ਮਹਾਨ ਵਾਕ ਖਾਲੀ ਭੀ ਕਿਵੇਂ ਜਾ ਸਕਦੇ ਸਨ? ਖ਼ਾਲਸਾ ਦਲ ਇਸ ਵੇਲੇ ਜਿੱਤਾਂ ਅਤੇ ਖੁਸ਼ੀਆਂ ਦੇ ਘਰ ਵਿਚ ਸੀ, ਸਰਦਾਰ ਜੱਸਾ ਸਿੰਘ ਨੇ ਪੰਜਾਬ ਦੀ ਰਾਜਧਾਨੀ ਉਨ੍ਹਾਂ ਦੇ ਚਰਨਾਂ ਤੇ ਲਿਆ ਨਿਵਾਈ ਸੀ ਅਤੇ ਪੰਥ ਦੀ ਸ਼ਾਨ ਨੂੰ ਚਾਰ ਚੰਦ ਲਾਏ ਸਨ। ਇਸ ਲਈ ਉਨ੍ਹਾਂ ਨੇ ਆਪਣੇ ਸੇਵਕ ਨੂੰ ਰਾਜਧਾਨੀ ਵਿਚ ਉੱਚੀ ਤੋਂ ਉੱਚੀ 'ਸੁਲਤਾਨੁਲ-ਕੌਮ'—ਪੰਥ ਦੇ ਪਾਦਸ਼ਾਹ—ਦੀ ਪਦਵੀ ਨਾਲ ਨਿਵਾਜਿਆ ਅਤੇ ਸ਼ੁਕਰਾਨੇ ਵਜੋਂ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਨਾਉਂ ਖਾਲਸਾ ਜੀ ਦਾ ਸਿੱਕਾ ਜਾਰੀ ਕੀਤਾ ਜਿਸ ਵਿਚ ਫ਼ਾਰਸੀ ਦਾ ਇਹ ਬੰਦ ਉਕਰਿਆ ਗਿਆ ਜੋ ਮਈ ਸੰਨ 1710 ਵਿਚ ਸਰਹੰਦ ਦੀ ਫ਼ਤਹਿ ਤੋਂ ਬਾਅਦ ਬਾਬਾ ਬੰਦਾ ਸਿੰਘ ਨੇ ਆਪਣੀ ਮੋਹਰ ਪਰ ਉਕਰਵਾਇਆ ਸੀ :

دیگ و تیغ و فتح و نصرت بیدرنگ
یافت از نانک گورو گوبند سنگھ

Sri Satguru Jagjit Singh ji elibrary

ਅਰਥਾਤ

*ਦੇਗ, ਤੇਗ ਅਤੇ ਅਟੱਲ ਫ਼ਤਹਿ*
*ਬਖਸ਼ਸ਼ਾ ਨੇ ਗੁਰੂ ਨਾਨਕ-ਗੋਬਿੰਦ ਸਿੰਘ ਦੀਆਂ*

ਕੁਝ ਲਿਖਾਰੀਆਂ ਦਾ ਕਥਨ ਹੈ ਕਿ ਖਾਲਸਾ ਜੀ ਵੱਲੋਂ ਇਸ ਵੇਲੇ ਲਾਹੌਰੋਂ ਜਾਰੀ ਕੀਤੇ ਗਏ ਸਿੱਕੇ ਪਰ ਜੋ ਸ਼ਬਦ ਉਕਰੇ ਹੋਏ ਸਨ ਉਹ ਇਹ ਸਨ :

سکّہ زد در جہاں بفضلِ اکال
ملکِ احمد گرفت جسّا کلال

*ਸਿੱਕਾ ਜ਼ਦ ਦਰ ਜਹਾਂ ਬ-ਫ਼ਜ਼ਲਿ ਅਕਾਲ*
*ਮੁਲਕਿ ਅਹਿਮਦ ਗ੍ਰਿਫ਼ਤ ਜੱਸਾ ਕਲਾਲ*

ਅਰਥਾਤ

*ਸਿੱਕਾ ਚਲਾਇਆ ਜਹਾਨ ਅੰਦਰ ਅਕਾਲ ਪੁਰਖ ਦੀ ਮਿਹਰ ਨਾਲ,*
*ਦੇਸ ਅਹਿਮਦ ਦਾ ਖੋਹ ਲਿਆ ਜੱਸਾ ਕਲਾਲ ਨੇ।*

ਪਰ ਇਹ ਗੱਲ ਮੰਨਣ ਵਿਚ ਨਹੀਂ ਸੀ ਆਉਂਦੀ ਕਿ ਖਾਲਸਾ ਜੀ ਵੱਲੋਂ ਜਾਰੀ ਕੀਤੇ ਗਏ ਸਿੱਕੇ ਪਰ ਅਜਿਹੇ ਸ਼ਬਦ ਉੱਕਰੇ ਹੋਏ ਹੋਣ ਜੋ ਇਸ ਤਰ੍ਹਾਂ ਦੇ ਹਉਮੈ, ਹੈਂਕੜ ਅਤੇ ਨਕਾਰਤ ਭਰੇ ਹੋਣ ਅਤੇ ਜਿਨ੍ਹਾਂ ਵਿਚ ਪੰਥ ਦੇ ਰਾਜਸੀ ਅਤੇ ਧਾਰਮਕ ਆਗੂ ਦਾ ਅੱਧਾ

ਨਾਉਂ ਲਿਆ ਗਿਆ ਹੋਵੇ। ਕਿਸੇ ਭੀ ਅੰਮ੍ਰਿਤਧਾਰੀ ਸਿੰਘ ਦਾ ਅੱਧਾ ਨਾਉਂ ਲੈਣਾ ਇਕ ਪਰਕਾਰ ਦੀ ਗਾਲੀ ਹੈ। ਪਰ ਇਸ ਗੁੰਝਲ ਨੂੰ ਗਣੇਸ਼ ਦਾਸ ਵਡਿਹਰੇ ਨੇ ਆਪਣੀ ਕਿਤਾਬ 'ਚਾਰ ਬਾਗ਼ਿ ਪੰਜਾਬ' ਵਿਚ ਸਾਫ ਕਰ ਦਿੱਤਾ ਹੈ ਜਿੱਥੇ ਉਹ ਲਿਖਦਾ ਹੈ ਕਿ ਜਦ ਖਾਲਸਾ ਜੀ ਦਾ 'ਦੇਗ, ਤੇਗ' ਵਾਲਾ ਸਿੱਕਾ ਚਲਨ ਲੱਗ ਪਿਆ ਅਤੇ ਪੁਰਾਣਾ ਮੁਹੰਮਦ ਸ਼ਾਹੀ ਸਿੱਕਾ ਬੰਦ ਹੋਣ ਲੱਗਾ ਤਾਂ ਪੰਜਾਬ ਦੇ ਕੱਟੜ-ਪੰਥੀ ਮੁਲਾਣਿਆਂ ਨੇ ਕੁਝ ਸਿੱਕਿਆਂ ਪਰ ਆਪਣੀ ਵੱਲੋਂ ਇਹ ਬੈਤ (ਸਿੱਕਾਂ ਜਦ ਦਰ ਜਹਾਂ ਬ-ਫਜ਼ਲਿ ਅਕਾਲ, ਤਖ਼ਤਿ ਅਹਿਮਦ ਗ੍ਰਿਫਤ ਜੱਸਾ ਕਲਾਲ) ਘੜ ਕੇ ਲਾ ਦਿੱਤੀ ਅਤੇ ਇਹ ਸਿੱਕੇ ਅਹਿਮਦ ਸ਼ਾਹ ਬਾਦਸ਼ਾਹ ਨੂੰ ਕਾਬੁਲ ਭੇਜ ਦਿੱਤੇ। ਇਨ੍ਹਾਂ ਨੂੰ ਦੇਖ ਕੇ ਅਹਿਮਦ ਸ਼ਾਹ ਬਾਦਸ਼ਾਹ ਦੀ ਗ਼ੈਰਤ ਫੜਕ ਉੱਠੀ ਅਤੇ ਉਹ ਪੰਜਾਬ ਪਰ ਹੱਲਾ ਕਰਨ ਲਈ ਚੜ੍ਹ ਪਿਆ। ਇਸ ਲਿਖਤ ਦੀ ਮੌਜੂਦਗੀ ਵਿਚ ਹੋਰ ਕਿਸੇ ਬਹਿਸ ਵਿਚਾਰ ਦੀ ਲੋੜ ਨਹੀਂ ਰਹਿ ਜਾਂਦੀ।

[*ਚਹਾਰ ਬਾਗ਼ਿ ਪੰਜਾਬ*, 130-31]

ਸੰਤਬਰ ਦੇ ਅੰਤ ਅਤੇ ਅਕਤੂਬਰ ਦੇ ਆਰੰਭ ਵਿਚ ਲਾਹੌਰ ਵਿਚ ਦੋਹਰੇ ਹਾਕਮ ਸਨ, ਇਕ ਖਾਲਸਾ ਜੀ ਜਿਨ੍ਹਾਂ ਨੇ ਇੱਥੇ ਨਵਾਂ ਕਬਜਾ ਕੀਤਾ ਸੀ ਅਤੇ ਦੂਸਰਾ ਉਬੈਦ ਖ਼ਾਨ ਜੋ ਕਿਲੇ ਅੰਦਰ ਸੀ। ਖ਼ਜਾਨਾ-ਇ-ਆਮਿਰਾ ਦੇ ਲੇਖਕ ਅਨੁਸਾਰ ਉਬੈਦ ਖ਼ਾਨ ਛੇਤੀ ਹੀ ਪਿਛੋਂ ਮਰ ਗਿਆ, ਪਰ ਉਸ ਨੇ ਇਸ ਦੇ ਮਰਨ ਦੀ ਕੋਈ ਤਾਰੀਖ ਨਹੀਂ ਦਿੱਤੀ, ਇਸ ਲਈ, ਉਹ ਕਿਤਨਾ ਕੁ ਚਿਰ ਲਾਹੌਰ ਕਿਲੇ ਵਿਚ ਬੈਠਾ ਰਿਹਾ, ਇਸ ਸੰਬੰਧੀ ਕੁਝ ਨਹੀਂ ਕਿਹਾ ਜਾ ਸਕਦਾ।

Sri Satguru Jagjit Singh Ji eLibrary

# ਵੱਡਾ ਘੱਲੂ-ਘਾਰਾ

**ਜੰਡਿਆਲੇ ਦਾ ਘੇਰਾ** (ਜਨਵਰੀ 1762)

ਹੁਣ ਖਾਲਸਾ ਜੀ ਨੇ ਲਾਹੌਰ ਵਿਚ ਇਕ ਫੌਜੀ ਦਸਤਾ ਇਸ ਮਤਲਬ ਲਈ ਛੱਡ ਦਿੱਤਾ ਕਿ ਉਬੈਦ ਖ਼ਾਨ ਨੂੰ ਕਿਲੇ ਤੋਂ ਬਾਹਰ ਨਾ ਨਿਕਲਣ ਦੇਵੇ, ਅਤੇ ਸਰਦਾਰ ਜੱਸਾ ਸਿੰਘ ਦੁਆਬਾ ਬਿਸਤ-ਜਾਲੰਧਰ ਵਿਚ ਜਾ ਪੁੱਜੇ ਅਤੇ ਦੁੱਰਾਨੀ ਕਾਰਿੰਦਿਆਂ ਸਆਦਤ ਖ਼ਾਨ ਅਤੇ ਸਿਦੀਕ ਬੇਗ ਨੂੰ ਭਜਾ ਦਿੱਤਾ। ਇਹ ਵੇਖ ਕੇ ਰਾਜਾ ਘੁਮੰਡ ਚੰਦ ਕਟੋਚੀਆਂ ਚੁੱਪ ਕਰੀਤਾ ਕੰਨ ਵਲ੍ਹੇਟ ਕੇ ਪਹਾੜ ਨੂੰ ਖਿਸਕ ਗਿਆ। ਉਧਰ ਸਰਦਾਰ ਚੜ੍ਹਤ ਸਿੰਘ ਅਤੇ ਭੰਗੀ ਸਰਦਾਰਾਂ ਨੇ ਲਾਹੌਰੋਂ ਉੱਤਰ ਦਾ ਇਲਾਕਾ ਸਾਫ਼ ਕਰ ਦਿੱਤਾ। ਇਹ ਸਭ ਕੁਝ ਥੋੜ੍ਹੇ ਜਿਹੇ ਦਿਨਾਂ ਵਿਚ ਹੀ ਮੁਕਾ ਕੇ ਖਾਲਸਾ ਦਲ ਦੀਵਾਲੀ ਲਈ ਆ ਸ੍ਰੀ ਅੰਮ੍ਰਿਤਸਰ ਇਕੱਠਾ ਹੋਇਆ।

27 ਅਕਤੂਬਰ ਦੀ ਦੀਵਾਲੀ ਸੀ। ਖਾਲਸਾ ਬੜੇ ਹੁਲਾਸ ਵਿਚ ਸੀ। ਸਾਰਿਆਂ ਪਾਸਿਆਂ ਤੋਂ ਪੰਥ ਹੁੰਮ ਹੁਮਾ ਕੇ ਪੁੱਜਾ ਅਤੇ ਸਰਬਤ ਖਾਲਸੇ ਨੇ ਵਿਚਾਰ ਕਰ ਕੇ ਅਗਲੇ ਪ੍ਰੋਗਰਾਮ ਲਈ ਗੁਰਮਤਾ ਕੀਤਾ। ਹੁਣ ਖਾਲਸੇ ਨੇ ਬਹੁਤ ਸਾਰਾ ਮੈਦਾਨ ਤਾਂ ਮਾਰ ਲਿਆ ਸੀ, ਪਰ ਜੋ ਬਾਕੀ ਸੀ, ਉਹ ਇਸ ਕਰਕੇ ਖਿਖੜਾ ਸੀ ਕਿ ਦੇਸ ਵਿਚ ਹੀ ਕੁਝ ਅਜਿਹੇ ਲੋਕ ਮੌਜੂਦ ਸਨ ਜੋ ਦੁੱਰਾਨੀ ਦੇ ਏਜੰਟ ਅਤੇ ਮੁਖ਼ਬਰ ਬਣੇ ਹੋਏ ਸਨ ਅਤੇ ਹਰ ਵੇਲੇ ਖਾਲਸੇ ਦਾ ਵਿਰੋਧ ਕਰਦੇ ਸਨ। ਇਨ੍ਹਾਂ ਵਿਚ ਜੰਡਿਆਲੇ ਦੇ ਨਿਰੰਜਨੀਏ, ਕਸੂਰੀਏ ਖੇਸ਼ਗੀ, ਮਲੇਰ ਕੋਟਲੀਏ ਅਫ਼ਗਾਨ ਅਤੇ ਸਰਹੰਦ ਦਾ ਫੌਜਦਾਰ ਜੈਨ ਖ਼ਾਨ ਜ਼ਿਆਦਾ ਸਿਰਕੱਢ ਸਨ। ਜਿਤਨੀ ਦੇਰ ਤਕ ਅਹਿਮਦ ਸ਼ਾਹ ਬਾਦਸ਼ਾਹ ਦੇ ਇਹ ਅੱਡੇ ਸਾਫ਼ ਨਹੀਂ ਸਨ ਹੁੰਦੇ, ਦੁੱਰਾਨੀਆਂ ਦਾ ਖਤਰਾ ਬਣਿਆ ਹੀ ਰਹਿਣਾ ਸੀ। ਕਸੂਰੀਆਂ ਅਤੇ ਮਲੇਰੀਆਂ ਦੀ ਤਾਂ ਸ਼ਾਹ ਨਾਲ ਨਸਲੀ ਸਾਂਝ ਸੀ। ਜੈਨ ਖ਼ਾਨ ਨੂੰ ਇਥੇ ਨਿਯਤ ਹੀ ਅਹਿਮਦ ਸ਼ਾਹ ਨੇ ਕੀਤਾ ਹੋਇਆ ਸੀ ਅਤੇ ਉਸ ਦਾ ਨੌਕਰ ਸੀ। ਨਿਰੰਜਨੀਏ ਮਹੰਤ ਆਕਿਲ ਦਾਸ ਨੂੰ ਉਂਜ ਹੀ ਸਿੰਘਾਂ ਨਾਲ ਵੈਰ ਸੀ। ਇਸ ਲਈ ਪੰਜਾਬ ਵਿਚ ਖਾਲਸੇ ਦਾ ਰਾਜ ਮੁਕੰਮਲ ਕਰਨ ਲਈ ਇਨ੍ਹਾਂ ਅੱਡਿਆਂ ਨੂੰ ਆਪਣੇ ਹਥਾਂ ਹੇਠ ਕਰਨਾ ਜਰੂਰੀ ਸੀ ਪਰ ਪਤਾ ਨਹੀਂ ਸੀ ਇਸ ਵਿਚ ਕੀ ਕੀ ਔਕੜਾਂ ਖੜੀਆਂ ਹੋ ਜਾਣ ਅਤੇ ਕਿਤਨੀ ਦੇਰ ਲੱਗ ਜਾਏ। ਇਹ ਭੀ ਡਰ ਸੀ

Sri Satguru Jagjit Singh Ji eLibrary

ਕਿ ਇਥੇ ਹੇਠਲੀ ਉੱਤੇ ਹੁੰਦੀ ਜਾ ਰਹੀ ਦੇਖ ਕੇ ਖ਼ੁਦ ਅਹਿਮਦ ਸ਼ਾਹ ਹੀ ਕਾਬਲੋਂ ਆ ਜਾਏ। ਇਹ ਸਭ ਸੋਚ ਕੇ ਵਿਚਾਰ ਹੋਈ ਕਿ ਟੱਬਰ ਟੀਰ ਪਹਿਲਾਂ ਮਾਲਵੇ ਵਿਚ ਪਹੁੰਚਾ ਦਿੱਤੇ ਜਾਣ ਅਤੇ ਫੇਰ ਅਟੰਕ ਹੋ ਕੇ ਇਕ ਤਕੜਾ ਹੰਭਲਾ ਮਾਰਿਆ ਜਾਏ ਅਤੇ ਪਹਿਲ ਜੰਡਿਆਲੇ ਤੋਂ ਕੀਤੀ ਜਾਏ, ਜੋ ਲਾਗੇ ਹੀ ਬਾਰਾਂ ਕੁ ਮੀਲ ਤੇ ਹੈ।

ਖਾਲਸੇ ਦੇ ਇਸ ਫੈਸਲੇ ਦੀ ਖਬਰ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਅਤੇ ਜੱਸਾ ਸਿੰਘ ਰਾਮਗੜ੍ਹੀਏ ਨੇ ਜੰਡਿਆਲੇ ਦੇ ਮਹੰਤ ਆਕਿਲ ਦਾਸ ਨੂੰ ਪਹੁੰਚਾ ਦਿੱਤੀ ਕਿ ਉਹ ਬਿਨਾ ਸ਼ੋਰ ਸ਼ਰਾਬੇ ਦੇ ਖਾਲਸੇ ਦੀ ਈਨ ਮੰਨ ਲਵੇ ਅਤੇ ਦੋਨੋਂ ਧਿਰਾਂ ਆਪਣੀ ਆਪਣੀ ਥਾਈਂ ਸੁਖੀ ਵਸਣ। ਪਰ ਇਸ ਦੇ ਉਲਟ ਆਕਿਲ ਦਾਸ ਨੇ ਤੇਜ਼ ਸਾਂਢਣੀ-ਸਵਾਰ ਅਹਿਮਦ ਸ਼ਾਹ ਦੁੱਰਾਨੀ ਵੱਲ ਭਜਾ ਦਿੱਤੇ ਅਤੇ ਸਹਾਇਤਾ ਲਈ ਬੇਨਤੀ ਕੀਤੀ।

ਇਸ ਵੇਲੇ ਅਹਿਮਦ ਸ਼ਾਹ ਅੱਗੇ ਹੀ ਪੰਜਾਬ ਵੱਲ ਚੜ੍ਹਿਆ ਆ ਰਿਹਾ ਸੀ। ਇਸ ਗੱਲ ਦਾ ਆਕਿਲ ਦਾਸ ਨੂੰ ਪਹਿਲਾਂ ਦਾ ਪਤਾ ਹੋਣਾ ਹੈ। ਰੋਹਤਾਸ ਪੁੱਜਣ ਪਰ ਅਹਿਮਦ ਸ਼ਾਹ ਨੂੰ ਆਕਿਲ ਦਾਸ ਦਾ ਸੁਨੇਹਾ ਮਿਲ ਗਿਆ। ਇੱਥੇ ਹੀ ਉਸ ਨੂੰ ਮਹੰਤ ਦੀ ਇਕ ਹੋਰ ਦੂਸਰੀ ਚਿੱਠੀ ਭੀ ਮਿਲ ਗਈ। ਸ਼ਾਹ ਤਾਂ ਪਹਿਲਾਂ ਹੀ ਸਿੰਘਾਂ ਵਿਰੁੱਧ ਦੰਦ ਪਿਆ ਪੀਂਹਦਾ ਸੀ। ਕੁਝ ਚੋਣਵੇਂ ਬੰਦਿਆਂ ਨੂੰ ਨਾਲ ਲੈ ਕੇ ਸ਼ਾਹ ਨੇ ਬੜੀ ਤੇਜ਼ੀ ਨਾਲ ਜੰਡਿਆਲੇ ਨੂੰ ਧਾਈ ਕੀਤੀ। ਛੇਤੀ ਹੀ ਪਿੱਛੋਂ ਫੌਜ ਭੀ ਆ ਗਈ।

ਜਿਸ ਵੇਲੇ ਸਰਦਾਰ ਜੱਸਾ ਸਿੰਘ ਨੂੰ ਦੁੱਰਾਨੀ ਦੇ ਇੱਧਰ ਆਉਣ ਦੀ ਸੂਹ ਲੱਗੀ ਤਾਂ ਉਨ੍ਹਾਂ ਨੇ ਦਲ ਦੇ ਸਰਦਾਰਾਂ ਨੂੰ ਕਿਹਾ ਕਿ ਸ਼ਾਹ ਸ਼ਾਇਦ ਰਾਤ ਦੇ ਵੇਲੇ ਉਨ੍ਹਾਂ ਪਰ ਅਚਾਨਕ ਹੱਲਾ ਕਰੇ। ਇਸ ਪਰ ਉਨ੍ਹਾਂ ਸਲਾਹ ਕੀਤੀ ਕਿ ਇਸ ਵੇਲੇ ਸਾਨੂੰ ਸਤਲੁਜੋਂ ਪਾਰ ਆਪਣੇ ਟੱਬਰਾਂ ਨੂੰ ਕਿਸੇ ਸੁਰੱਖਿਅਤ ਥਾਂ ਤੇ ਪਹੁੰਚਾ ਲੈਣਾ ਚਾਹੀਦਾ ਹੈ ਤਾਂ ਕਿ ਬੇ-ਫਿਕਰ ਹੋ ਕੇ ਦੁੱਰਾਨੀ ਨਾਲ ਸਿਝ ਸਕੀਏ। ਇਸ ਸਲਾਹ ਅਨੁਸਾਰ ਉਨ੍ਹਾਂ ਜੰਡਿਆਲੇ ਦਾ ਘੇਰਾ ਚੁੱਕ ਲਿਆ ਅਤੇ ਸਤਲੁਜੋਂ ਪਾਰ ਹੋ ਗਏ।

ਇਸ ਲਈ ਜਦ ਸ਼ਾਹ ਜੰਡਿਆਲੇ ਪੁੱਜਾ ਤਾਂ ਸਿੰਘ ਉਥੋਂ ਹਰਨ ਹੋ ਚੁੱਕੇ ਸਨ। ਉਧਰ ਜਦ ਭੀਖਣ ਖ਼ਾਨ ਮਲੇਰੀਏ ਨੂੰ ਪਤਾ ਲੱਗਾ ਕਿ ਸਿੰਘ ਰਾਏਪੁਰ ਗੁੱਜਰਵਾਲੋਂ ਦੱਖਣ ਨੂੰ ਮਲੇਰ ਕੋਟਲਿਓਂ ਅਠ ਦਸਾਂ ਮੀਲਾਂ ਦੀ ਵਿਥ ਤੇ ਹਨ ਤਾਂ ਉਸ ਨੂੰ ਫਿਕਰ ਪੈ ਗਿਆ ਕਿ ਸ਼ਾਇਦ ਉਹ ਮਲੇਰ ਕੋਟਲੇ ਪਰ ਹੱਲੇ ਦੀ ਤਿਆਰੀ ਕਰ ਰਹੇ ਹਨ, ਇਸ ਲਈ ਉਸ ਨੇ ਸਰਹੰਦ ਦੇ ਫੌਜਦਾਰ ਜੈਨ ਖ਼ਾਨ ਪਾਸੋਂ, ਜੋ ਲਾਗੇ ਹੀ ਦੌਰੇ ਤੇ ਸੀ, ਸਹਾਇਤਾ ਮੰਗ ਭੇਜੀ ਅਤੇ ਨਾਲ ਹੀ ਅਹਿਮਦ ਸ਼ਾਹ ਨੂੰ ਭੀ ਖਬਰ ਕਰ ਦਿੱਤੀ ਕਿ ਸਿੰਘ ਇਧਰ ਇਕੱਠੇ ਹੋਏ ਹੋਏ ਹਨ, ਜੇ ਉਹ ਛੇਤੀ ਪੁੱਜ ਜਾਏ ਤਾਂ ਉਨ੍ਹਾਂ ਨੂੰ ਘੇਰਾ ਪਾ ਕੇ ਮਾਰਨਾ ਸੌਖਾ ਹੋਵੇਗਾ।

ਅਹਿਮਦ ਸ਼ਾਹ ਲਈ ਇਸ ਨਾਲੋਂ ਚੰਗੀ ਖਬਰ ਹੋਰ ਕੀ ਹੋ ਸਕਦੀ ਸੀ। ਉਸ ਨੇ 3

ਫਰਵਰੀ ਨੂੰ ਸਵੇਰੇ ਹੀ ਲਾਹੌਰੋਂ ਕੂਚ ਕੀਤਾ ਅਤੇ ਵਾਹੋ ਦਾਹੀ ਬਿਨਾਂ ਕਿਧਰੇ ਮੁਕਾਮ ਕਰਨ ਦੇ ਸਤਲੁਜ ਟਪ ਆਇਆ। ਰਸਤੇ ਵਿਚੋਂ 4 ਫਰਵਰੀ ਨੂੰ ਦੁੱਰਾਨੀ ਨੇ ਘੋੜ-ਸਵਾਰ ਜ਼ੈਨ ਖ਼ਾਨ ਵੱਲ ਭਜਾਏ ਕਿ ਮੈਂ ਪੰਜ ਦੀ ਸਵੇਰੇ ਸਿੰਘਾਂ ਪਰ ਇਕ ਪਾਸਿਓਂ ਹੱਲਾ ਕਰਾਂਗਾ ਅਤੇ ਜ਼ੈਨ ਖ਼ਾਨ ਨੂੰ ਹੁਕਮ ਦਿੱਤਾ ਕਿ ਉਹ ਆਪਣੀ ਸਾਰੀ ਫੌਜ ਲੈ ਕੇ ਪੁਜੇ ਅਤੇ ਉਸੇ ਦਿਨ ਪੰਜ ਫ਼ਰਵਰੀ ਨੂੰ ਸਿੰਘਾਂ ਉੱਤੇ ਅੱਗਿਓਂ ਹੱਲਾ ਕਰੇ। ਇਹ ਹੁਕਮ ਪੁੱਜਦੇ ਸਾਰ ਜ਼ੈਨ ਖ਼ਾਨ ਭੀਖਣ ਖਾਨ, ਮੁਰਤਜਾ ਖ਼ਾਨ ਬੜ੍ਹਾਇਚ, ਕਾਸਿਮ ਖ਼ਾਨ ਮੜ੍ਹਲ, ਦੀਵਾਨ ਲਛਮੀ ਨਾਰਾਇਨ ਅਤੇ ਦੂਸਰੇ ਅਫ਼ਸਰ ਅਗਲੇ ਦਿਨ ਸਿੰਘਾਂ ਦੀ ਕਤਲਾਮ ਲਈ ਤਿਆਰੀ ਕਰਨ ਲੱਗ ਪਏ।

### 5 ਫਰਵਰੀ ਦਾ ਖ਼ੂਨੀ ਦਿਹਾੜਾ—ਘੱਲੂ-ਘਾਰਾ

11 ਰੱਜਬ, 1175 ਹਿਜਰੀ, 5 ਫਰਵਰੀ, ਸੰਨ 1762 ਈ. ਦੀ ਸਵੇਰੇ ਹੀ ਜ਼ੈਨ ਖ਼ਾਨ ਫ਼ੌਜ ਲੈ ਕੇ ਚੜ੍ਹ ਪਿਆ ਅਤੇ ਕਾਸਿਮ ਖ਼ਾਨ ਬੜ੍ਹਾਇਚ ਨੂੰ ਸਿੰਘਾਂ ਪਰ ਹੱਲਾ ਕਰਨ ਦਾ ਹੁਕਮ ਦਿੱਤਾ। ਇਸ ਤਰ੍ਹਾਂ ਸਿੰਘਾਂ ਪਰ ਅਚਨਚੇਤ ਹੱਲਾ ਹੋ ਗਿਆ। ਉਨ੍ਹਾਂ ਨੂੰ ਵੈਰੀ ਦੇ ਇਕੱਠ ਦਾ ਪਤਾ ਨਹੀਂ ਸੀ ਲੱਗਾ। ਇਸ ਕਰਕੇ ਉਹ ਅਭੋਲ ਹੀ ਫਸ ਗਏ। ਇਸ ਵੇਲੇ ਉਨ੍ਹਾਂ ਨਾਲ ਤੀਹ ਕੁ ਹਜਾਰ ਦੀ ਵਹੀਰ ਸੀ ਜਿਸ ਵਿਚ ਬਹੁਤੀ ਗਿਣਤੀ ਜਨਾਨੀਆਂ, ਬੱਚਿਆਂ ਅਤੇ ਵੱਡੀ ਉਮਰ ਦੇ ਬੁੱਢੇ ਬੁੱਢੀਆਂ ਦੀ ਸੀ ਜਿਨ੍ਹਾਂ ਨੂੰ ਉਹ ਕਿਸੇ ਚੰਗੇ ਟਿਕਾਣੇ ਪਹੁੰਚਾਉਣ ਦੀ ਵਿਉਂਤ ਬਣਾ ਰਹੇ ਸਨ। ਇਨ੍ਹਾਂ ਦੇ ਨਾਲ ਹੀ ਨਕਾਰੇ, ਕਮੀਣ ਅਤੇ ਘਰਾਂ ਦਾ ਸਾਮਾਨ ਭੀ ਸੀ। ਇਸ ਲਈ ਇਹ ਤੇਜ਼ੀ ਨਾਲ ਇਧਰ ਉਧਰ ਖਿੱਲਰ ਭੀ ਨਹੀਂ ਸਨ ਸਕਦੇ। ਕਾਸਿਮ ਖ਼ਾਨ ਨੇ ਇਸ ਵਹੀਰ ਉੱਤੇ ਕੁੱਪ ਪਿੰਡ ਦੇ ਲਾਗੇ, ਜੋ ਮਲੇਰ ਕੋਟਲਿਓਂ ਛੇ ਕੁ ਮੀਲ ਉੱਤਰ ਵੱਲ ਨੂੰ ਹੈ, ਹੱਲਾ ਬੋਲਿਆ। ਖਬਰ ਸੁਣਦੇ ਸਾਰ ਸਰਦਾਰ ਜੱਸਾ ਸਿੰਘ, ਸ਼ਿਆਮ ਸਿੰਘ, ਚੜ੍ਹਤ ਸਿੰਘ ਅਤੇ ਕੁਝ ਹੋਰ ਸਰਦਾਰ ਭੀ ਆ ਗਏ ਅਤੇ ਲੜਾਈ ਸ਼ੁਰੂ ਹੋ ਪਈ। ਸੂਰਜ ਦੇ ਚੜ੍ਹਾਓ ਦੇ ਨਾਲ ਜ਼ੈਨ ਖ਼ਾਨ ਨੂੰ ਸੁਨੇਹਾ ਪੁੱਜਾ ਕਿ ਸ਼ਾਹ ਨੇ ਆਪਣੇ ਉਜ਼ਬਕ ਦਸਤਿਆਂ ਨੂੰ ਹੁਕਮ ਦੇ ਦਿੱਤਾ ਹੈ ਕਿ ਜਿਥੇ ਕਿਧਰੇ ਉਨ੍ਹਾਂ ਨੂੰ ਪੰਜਾਬੀ ਕਪੜਿਆਂ ਵਾਲਾ ਕੋਈ ਨਜ਼ਰ ਪਵੇ ਉਸ ਨੂੰ ਮਾਰ ਦੇਣ; ਇਸ ਲਈ ਜ਼ੈਨ ਖ਼ਾਨ ਆਪਣੇ ਆਦਮੀਆਂ ਨੂੰ ਕਹਿ ਦੇਵੇ ਕਿ ਉਹ ਹਰੇ ਦਰਖਤਾਂ ਦੇ ਪੱਤੇ ਜਾਂ ਹਰਾ ਘਾ ਆਪਣੇ ਸਿਰਾਂ ਪਰ ਟੰਗ ਲੈਣ ਤਾਂ ਕਿ ਉਨ੍ਹਾਂ ਨੂੰ ਪਛਾਣਿਆ ਜਾ ਸਕੇ।

ਸਿੱਖ ਸਰਦਾਰਾਂ ਦੇ ਆਉਣ ਪਰ ਕਾਸਿਮ ਖ਼ਾਨ ਉਨ੍ਹਾਂ ਦੇ ਟਾਕਰੇ ਤੇ ਖੜੋ ਨਾ ਸਕਿਆ ਅਤੇ ਮਲੇਰ ਕੋਟਲੇ ਵੱਲ ਨੂੰ ਭਜ ਨਿਕਲਿਆ। ਇਸ ਵੇਲੇ ਸਰਦਾਰਾਂ ਨੇ ਸਲਾਹ ਕੀਤੀ ਕਿ ਵਹੀਰ ਨੂੰ ਮਾਲਵੇ ਦੇ ਸਰਦਾਰਾਂ ਦੇ ਵਕੀਲਾਂ ਨਾਲ ਤੋਰ ਦਿੱਤਾ ਜਾਏ। ਕੈਥਲ ਦੇ ਵਕੀਲ ਸੰਗੂ ਸਿੰਘ, ਬਾਬਾ ਆਲਾ ਸਿੰਘ ਦੇ ਵਕੀਲ ਸੇਖੂ ਸਿੰਘ ਹੰਬਲਵਾਲੇ ਅਤੇ ਭਾਈ ਬੁੱਢਾ ਸਿੰਘ ਦੇ ਵਕੀਲ ਨੂੰ ਕਿਹਾ ਗਿਆ ਕਿ ਉਹ ਵਹੀਰ ਨੂੰ ਕਿਧਰੇ ਬਚਾਉ ਵਾਲੇ ਟਿਕਾਣਿਆਂ ਨੂੰ ਲੈ ਜਾਣ। ਅਜੇ ਉਹ ਤਿੰਨ ਕੁ ਮੀਲ ਹੀ ਗਏ ਹੋਣੇ ਹਨ ਕਿ ਸ਼ਾਹ-ਵਲੀ

Sri Satguru Jagjit Singh Ji eLibrary

ਖ਼ਾਨ ਅਤੇ ਭੀਖਣ ਖ਼ਾਨ ਉਨ੍ਹਾਂ ਪਰ ਆ ਪਏ। ਪਰ ਇਨ੍ਹਾਂ ਦੀ ਫੌਜ ਸਿੰਘਾਂ ਨੂੰ ਖਿੰਡਾ ਨਾ ਸਕੀ। ਖਾਲਸਾ ਜੀ ਨੇ ਵਹੀਰ ਦੇ ਆਲੇ ਦੁਆਲੇ ਗੋਲ ਕਿਲਾ ਬਣਾ ਲਿਆ ਹੋਇਆ ਸੀ ਅਤੇ ਉਹ ਤੁਰੇ ਜਾਂਦੇ ਲੜੀ ਜਾਂਦੇ ਸਨ ਅਤੇ ਲੜਦੇ ਲੜਦੇ ਤੁਰੀ ਜਾਂਦੇ ਸਨ। ਉਹ ਕਈ ਵਾਰੀ ਪਿੱਛੇ ਮੁੜ ਕੇ ਵੈਰੀਆਂ ਉੱਤੇ ਟੁੱਟ ਪੈਂਦੇ ਅਤੇ ਉਨ੍ਹਾਂ ਨੂੰ ਪਿੱਛੇ ਧੱਕ ਕੇ ਫੇਰ ਵਹੀਰ ਨਾਲ ਆ ਰਲਦੇ ਸਨ।

ਅਹਿਮਦ ਸ਼ਾਹ ਨੇ ਜਦ ਦੇਖਿਆ ਕਿ ਉਸ ਦਾ ਵਜ਼ੀਰ ਸ਼ਾਹ-ਵਲੀ ਖ਼ਾਨ ਸਿੰਘਾਂ ਦਾ ਕੁੰਡਲ ਨਹੀਂ ਤੋੜ ਸਕਿਆ ਤਾਂ ਉਸ ਨੇ ਸਰਦਾਰ ਜਹਾਨ ਖ਼ਾਨ ਨੂੰ ਹੋਰ ਫੌਜ ਦੇ ਕੇ ਭੇਜਿਆ। ਪਰ ਉਹ ਭੀ ਕੁਝ ਨਾ ਕਰ ਸਕਿਆ। ਇਸ ਪਰ ਖਾਲਸੇ ਦੀਆਂ ਲਾਇਨਾਂ ਤੋੜਨ ਲਈ ਹੋਰ ਅਫਗਾਨੀ ਫੌਜ ਭੇਜੀ ਗਈ, ਪਰ ਸਿੰਘਾਂ ਨੇ ਵੈਰੀ ਨੂੰ ਵਹੀਰ ਤਕ ਨਾ ਪਹੁੰਚਣ ਦਿੱਤਾ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਚੜ੍ਹਤ ਸਿੰਘ ਜਿਥੇ ਕਿਧਰੇ ਭੀ ਲੋੜ ਹੁੰਦੀ ਘੋੜਿਆਂ ਨੂੰ ਅੱਡੀ ਲਾ ਕੇ ਪੁੱਜ ਜਾਂਦੇ ਅਤੇ ਵਹੀਰ ਨੂੰ ਤੁਰੀ ਜਾਣ ਲਈ ਹਦਾਇਤਾਂ ਦੇਈ ਜਾਂਦੇ ਅਤੇ ਸਰਦਾਰਾਂ ਦੇ ਇਸ਼ਾਰਿਆਂ ਅਨੁਸਾਰ ਫੌਜ ਵਹੀਰ ਦੀ ਰਾਖੀ ਕਰੀ ਜਾਂਦੀ।

ਅਹਿਮਦ ਸ਼ਾਹ ਨੇ ਜਦ ਦੇਖਿਆ ਕਿ ਇਸ ਤਰ੍ਹਾਂ ਤੁਰੇ ਜਾ ਰਹੇ ਸਿੰਘਾਂ ਉੱਤੇ ਕੋਈ ਕਰਾਰੀ ਸੱਟ ਨਹੀਂ ਮਾਰੀ ਜਾ ਸਕਦੀ ਤਾਂ ਉਸ ਨੇ ਬੜਾ ਗੁੱਸੇ ਹੋ ਕੇ ਜੈਨ ਖ਼ਾਨ ਅਤੇ ਲੱਛਮੀ ਨਰਾਇਨ ਨੂੰ ਸੁਨੇਹਾ ਭੇਜਿਆ ਕਿ ਤੁਸੀਂ ਸਿੰਘਾਂ ਦੀ ਵਹੀਰ ਨੂੰ ਅੱਗੇ ਹੋ ਕੇ ਡੱਕਦੇ ਕਿਉਂ ਨਹੀਂ। "ਜੇ ਤੁਸੀ ਇਨ੍ਹਾਂ ਨੂੰ ਅੱਗਿਉਂ ਥੋੜਾ ਜਿਹਾ ਰੋਕ ਲਓ ਅਤੇ ਇਨ੍ਹਾਂ ਦਾ ਅੱਗੇ ਅੱਗੇ ਤੁਰੀ ਜਾਣਾ ਬੰਦ ਕਰ ਕੇ ਇਨ੍ਹਾਂ ਨੂੰ ਥੰਮ ਦਿਓ ਤਾਂ ਘੜੀ ਪਲ ਵਿਚ ਹੀ ਅਸੀਂ ਇਨ੍ਹਾਂ ਨੂੰ ਮਾਰ ਮੁਕਾਵਾਂਗੇ।" "ਪਰ ਇਨ੍ਹਾਂ ਨੂੰ ਸਾਹਮਣਿਉਂ ਰੋਕ ਸਕਣਾ ਸੰਭਵ ਨਹੀਂ ਹੈ", ਜੈਨ ਖ਼ਾਨ ਨੇ ਜਵਾਬ ਦਿੱਤਾ।

ਇਸ ਤਰ੍ਹਾਂ ਲੜਦੇ ਮਰਦੇ ਤੁਰੀ ਜਾਂਦੇ ਸਿੰਘ ਅਨੇਕਾਂ ਪਿੰਡਾਂ ਵਿਚ ਦੀ ਲੰਘੇ ਪਰ ਕਿਸੇ ਨੇ ਉਨ੍ਹਾਂ ਨੂੰ ਟਿਕਣ ਲਈ ਪਨਾਹ ਨਾ ਦਿੱਤੀ। ਦੁੱਰਾਨੀਆਂ ਤੋਂ ਡਰਦੇ ਪਿੰਡਾਂ ਵਾਲੇ ਆਪਣੇ ਦਰਵਾਜ਼ੇ ਬੰਦ ਕਰ ਦਿੰਦੇ। ਇਸ ਤਰ੍ਹਾਂ ਉਹ ਅੱਗੇ ਨੂੰ ਤੁਰੇ ਗਏ ਅਤੇ ਵੈਰੀਆਂ ਦੇ ਹੱਥੋਂ ਮਾਰੇ ਜਾਂਦੇ ਰਹੇ। ਵਹੀਰ ਕਈ ਮੀਲਾਂ ਵਿਚ ਖਿੰਡੀ ਹੋਈ ਸੀ ਅਤੇ ਹਰ ਪਾਸੇ ਉਨ੍ਹਾਂ ਦੇ ਦੁਆਲੇ ਦਾ ਕੁੰਡਲ ਇੱਕੋ ਜਿਹਾ ਮਜ਼ਬੂਤ ਨਹੀਂ ਸੀ ਰਹਿ ਸਕਦਾ। ਜਿਥੇ ਭੀ ਵੈਰੀ ਨੂੰ ਮੌਕਾ ਮਿਲਦਾ ਉਹ ਵਹੀਰ ਦਾ ਚੋਖਾ ਨੁਕਸਾਨ ਕਰ ਦਿੰਦੇ। ਵਹੀਰ ਵਿਚ ਬਹੁਤੇ ਬੁੱਢੇ ਠੇਰੇ, ਬੱਚੇ ਅਤੇ ਜ਼ਨਾਨੀਆਂ ਸਨ, ਉਨ੍ਹਾਂ ਵਿਚੋਂ ਅਨੇਕਾਂ ਥੱਕ ਟੁੱਟ ਕੇ ਰਹਿ ਜਾਂਦੇ ਅਤੇ ਮਾਰੇ ਜਾਂਦੇ।

ਲੌਢੇ ਵੇਲੇ ਵਹੀਰ ਕੁਤਬਾ ਅਤੇ ਬਾਹਮਣੀ ਪਿੰਡਾਂ ਪਾਸ ਪੁੱਜੀ ਅਤੇ ਆਸਰੇ ਲਈ ਬਹੁਤ ਸਾਰੇ ਲੋਕ ਇਧਰ ਨੂੰ ਭੱਜੇ। ਪਰ ਇਹ ਪਿੰਡ ਮਲੇਰ ਕੋਟਲੀਏ ਅਫਗਾਨਾਂ ਦੇ ਸਨ ਜੋ ਇਸ ਵੇਲੇ ਵੈਰੀ ਦੇ ਸਾਥੀ ਅਤੇ ਸਿੰਘਾਂ ਦੇ ਦੁਸ਼ਮਨ ਬਣੇ ਹੋਏ ਸਨ। ਇਨ੍ਹਾਂ ਪਿੰਡਾਂ ਦੇ

ਰੰਘੜ ਢੋਲ ਬਜਾ ਕੇ ਇਕੱਠੇ ਹੋ ਗਏ ਅਤੇ ਸਿੰਘਾਂ ਦੇ ਪਿੱਛੇ ਪੈ ਗਏ, ਅਤੇ ਇਥੇ ਵਹੀਰ ਦਾ ਬੜਾ ਨੁਕਸਾਨ ਹੋਇਆ। ਹੁਣ ਸਰਦਾਰ ਚੜ੍ਹਤ ਸਿੰਘ ਇਨ੍ਹਾਂ ਦੀ ਸਹਾਇਤਾ ਲਈ ਆਇਆ ਅਤੇ ਰੰਘੜਾਂ ਨੂੰ ਮਾਰ ਮਾਰ ਕੇ ਪਿੱਛੇ ਧਕਿਆ। ਪਰ ਇਸ ਵੇਲੇ ਵਹੀਰ ਦਾ ਕੁੰਡਲ ਕਈ ਥਾਵਾਂ ਤੋਂ ਟੁੱਟ ਚੁੱਕਾ ਹੋਇਆ ਸੀ ਜਿਸ ਕਰਕੇ ਇਨ੍ਹਾਂ ਦਾ ਬਹੁਤ ਨੁਕਸਾਨ ਹੋ ਰਿਹਾ ਸੀ। ਵਹੀਰ ਵਿਚ ਕੋਈ ਹਥਿਆਰ-ਬੰਦ ਲੜਾਕੇ ਤਾਂ ਹੈ ਹੀ ਨਹੀਂ ਸਨ। ਕੁੰਡਲ ਭੀ ਵਹੀਰ ਦੇ ਆਲੇ ਦੁਆਲੇ ਕਈ ਮੀਲਾਂ ਵਿਚ ਫੈਲਿਆ ਹੋਇਆ ਸੀ ਅਤੇ ਹਰ ਥਾਂ ਰਾਖੀ ਕਰਨੀ ਬੜੀ ਮੁਸ਼ਕਲ ਸੀ, ਪਰ ਤਾਂ ਭੀ ਸਿੰਘ ਡਟੇ ਰਹੇ ਅਤੇ ਲੜਦੇ ਭਿੜਦੇ, ਢਹਿੰਦੇ ਉਠਦੇ, ਮਰਦੇ ਮਾਰਦੇ ਤੁਰੀ ਗਏ।

ਕੁਤਬਾ ਅਤੇ ਬਾਹਮਣੀ ਦੇ ਲਾਗੇ ਇਕ ਪਾਣੀ ਦੀ ਢਾਬ ਸੀ। ਇਸ ਨੂੰ ਦੇਖ ਕੇ ਦੋਨੋਂ ਪਾਸੇ, ਅਫਗਾਨ ਅਤੇ ਸਿੰਘ, ਆਪਣੀ ਪਿਆਸ ਬੁਝਾਉਣ ਲਈ ਉਧਰ ਨੂੰ ਹੋ ਪਏ। ਸਵੇਰ ਦੇ ਭੁੱਖਣ ਭਾਣੇ ਲੜਦੇ ਮਰਦੇ ਪਿਆਸੇ ਆ ਰਹੇ ਸਨ। ਪਾਣੀ ਪੀਣ ਲੱਗ ਪਏ। ਲੜਾਈ ਇਸ ਤਰ੍ਹਾਂ ਆਪੇ ਹੀ ਬੰਦ ਹੋ ਗਈ ਅਤੇ ਮੁੜ ਜਾਰੀ ਨਾ ਹੋ ਸਕੀ। ਦੁੱਰਾਨੀ ਭੀ ਥੱਕ ਕੇ ਚੂਰ ਹੋਏ ਪਏ ਸਨ। ਪਿਛਲੇ ਛੱਤੀਆਂ ਘੰਟਿਆਂ ਵਿਚ ਉਨ੍ਹਾਂ ਨੇ ਕੋਈ ਡੇਢ ਸੌ ਮੀਲ ਦੀ ਮੰਜ਼ਲ ਮਾਰੀ ਸੀ ਅਤੇ ਦਸ ਘੰਟਿਆਂ ਤੋਂ ਲੜਦੇ ਆ ਰਹੇ ਸਨ। ਦੂਸਰੇ ਪਾਸੇ ਉਹ ਸਿੰਘਾਂ ਦੀ ਘੁਗ ਵਸੋਂ ਵੱਲ ਜਾ ਰਹੇ ਸਨ। ਇਸ ਲਈ ਅਹਿਮਦ ਸ਼ਾਹ ਹੋਰ ਜਿਆਦਾ ਅੱਗੇ ਜਾਣਾ ਠੀਕ ਨਾ ਸਮਝ ਕੇ ਰੁਕ ਗਿਆ। ਤਹਿਮਾਸ-ਨਾਮੇ ਅਨੁਸਾਰ ਉਹ ਬਰਨਾਲੇ ਦੇ ਲਾਗੇ ਜਾ ਪੁੱਜੇ ਸਨ ਜੋ ਬਾਬਾ ਆਲਾ ਸਿੰਘ ਪਟਿਆਲੇ ਵਾਲੇ ਦਾ ਇਲਾਕਾ ਸੀ।

ਸਿੰਘ ਭੀ ਥੱਕ ਕੇ ਨਿਢਾਲ ਹੋ ਰਹੇ ਸਨ ਅਤੇ ਘੋੜੇ ਬਿਲਕੁਲ ਟੁੱਟੇ ਪਏ ਸਨ। ਪਰ ਸਰਦਾਰ ਜੱਸਾ ਸਿੰਘ ਅਤੇ ਚੜ੍ਹਤ ਸਿੰਘ ਆਪਣੇ ਹਠ ਪਰ ਕਾਇਮ ਸਨ। 'ਪ੍ਰਾਚੀਨ ਪੰਥ ਪ੍ਰਕਾਸ਼' ਦੇ ਲੇਖਕ ਭੰਗੂ ਰਤਨ ਸਿੰਘ ਸ਼ਹੀਦਾਂ ਦਾ ਪਿਤਾ ਅਤੇ ਚਾਚਾ ਇਸ ਵੇਲੇ ਇਸ ਯੁੱਧ ਵਿਚ ਵਹੀਰ ਦੇ ਨਾਲ ਸਨ। ਉਨ੍ਹਾਂ ਦੀ ਜ਼ਬਾਨੀ ਰਤਨ ਸਿੰਘ ਲਿਖਦਾ ਹੈ ਕਿ ਇਕ ਥਾਂ ਸਰਦਾਰ ਜੱਸਾ ਸਿੰਘ ਦਾ ਘੋੜਾ ਥਕ ਕੇ ਅੜ ਖੜੋਤਾ। ਸਰਦਾਰ ਬਥੇਰੀ ਅੱਡੀ ਲਾਵੇ, ਪਰ ਉਹ ਅੱਗੇ ਨਾ ਤੁਰੇ। ਇਸ ਪਰ ਉਨ੍ਹਾਂ ਦੇ ਪਾਲਕ ਗੁਰਮੁਖ ਸਿੰਘ ਨੇ ਘੋੜੇ ਨੂੰ ਮਾਰਨ ਲਈ ਚਾਬਕ ਚੁੱਕਿਆ। ਇਹ ਦੇਖ ਕੇ ਸਰਦਾਰ ਜੱਸਾ ਸਿੰਘ ਨੇ ਉਸ ਨੂੰ ਘੂਰ ਕੇ ਰੋਕ ਦਿੱਤਾ ਅਤੇ ਕਿਹਾ ਕਿ 'ਦੇਖੀਂ, ਘੋੜੇ ਨੂੰ ਚਾਬੁਕ ਨਾ ਮਾਰੀਂ, ਇਹ ਦੇਖ ਕੇ ਕਿਧਰੇ ਕੋਈ ਇਹ ਨਾ ਸਮਝ ਲਵੇ ਕਿ ਸਰਦਾਰ ਘੋੜਾ ਕੁਟਵਾ ਕੇ ਭੱਜ ਨੱਠਾ ਹੈ।' ਇਸ ਯੁਧ ਵਿਚ ਸਰਦਾਰ ਜੱਸਾ ਸਿੰਘ ਨੂੰ ਬਾਈ ਜ਼ਖਮ ਲੱਗੇ ਸਨ। ਪਰ ਫੇਰ ਭੀ ਉਹ ਲੋੜ ਪੈਣ ਪਰ ਸੋਹੇਂ ਮੱਥੇ ਵੈਰੀ ਦੇ ਟਾਕਰੇ ਆ ਡਟਦਾ ਸੀ। ਰਤਨ ਸਿੰਘ ਦੇ ਕਹਿਣ ਅਨੁਸਾਰ :

*ਜਖਮੁ ਬਹੁਤ ਜੱਸਾ ਸਿੰਘ ਖਾਏ।*
*ਤੀਰ ਗੋਲੀ ਔਰ ਤੇਗ ਘਾਇ ਆਏ।*
*ਆਪ ਪਰੈ ਓ ਉਨ ਕੋ ਝੇਲੈ।*

*ਸੌਹੋਂ ਮੱਥੇ ਰਖ ਘੋੜੇ ਮੇਲੈ ॥ 82 ॥..*
*ਜੱਸਾ ਸਿੰਘ ਖਾਏ ਬਾਈ ਘਾਇ।*
*ਤੌ ਭੀ ਸਿੰਘ ਜੀ ਲੜਤੇ ਜਾਇ ॥ 90 ॥..*

ਏਸੇ ਤਰ੍ਹਾਂ ਹੋਰ ਸਰਦਾਰਾਂ ਨੂੰ ਭੀ ਅਨੇਕਾਂ ਜ਼ਖਮ ਆਏ। ਸ਼ਾਇਦ ਹੀ ਕੋਈ ਸਰਦਾਰ ਅਜਿਹਾ ਹੋਊ ਜਿਸ ਨੂੰ ਘੱਟੋ ਘਟ ਪੰਜ ਸੱਤ ਜ਼ਖ਼ਮ ਨਾ ਲੱਗੇ ਹੋਣ।

*ਸਰਦਾਰ ਸਭੈ ਜਖਮੀ ਪਏ ਸਾਬਤ ਰਹਯੋ ਨਾ ਕੋਇ।*
*ਲਈ ਸ਼ਹੀਦੀ ਥੀ ਘਨਨ ਗਿਣਤੀ ਸਭਨ ਨਾ ਹੋਇ ॥ 146 ॥*
*'ਚੜ੍ਹਤ ਸਿੰਘ ਜਖਮ ਤੌ ਗਿਣੇ ਨਾ ਜਾਇ,*
*ਤੀਰ ਤਲਵਾਰ ਜੋ ਨੇਜੇ ਖਾਇ।'*

ਵਹੀਰ ਦਾ ਜੋ ਨੁਕਸਾਨ ਇਸ ਦਿਨ ਹੋਇਆ ਉਸ ਦਾ ਸਹੀ ਅੰਦਾਜ਼ਾ ਲਾ ਸਕਣਾ ਬੜਾ ਮੁਸ਼ਕਲ ਹੈ, ਪਰ ਸਰਦਾਰ ਕਰਮ ਸਿੰਘ ਦੇ ਖਿਆਲ ਵਿਚ ਕੋਈ ਪੰਦਰਾਂ ਵੀਹ ਹਜ਼ਾਰ ਸਿੰਘ ਸਿੰਘਣੀਆਂ ਅਤੇ ਬੱਚੇ ਇਥੇ ਸ਼ਹੀਦ ਹੋ ਗਏ ਸਨ। ਤਹਿਮਾਸ-ਨਾਮੇ ਅਨੁਸਾਰ ਇਹ ਗਿਣਤੀ ਪੰਝੀ ਹਜ਼ਾਰ ਹੋਵੇਗੀ। ਇਤਨਾ ਜ਼ਿਆਦਾ ਜਾਨੀ ਨੁਕਸਾਨ ਖਾਲਸੇ ਦਾ ਇਕ ਦਿਨ ਵਿਚ ਅੱਗੇ ਕਦੀ ਨਹੀਂ ਸੀ ਹੋਇਆ। ਇਸੇ ਕਰਕੇ ਸਿੰਘ ਇਸ ਕਹਿਰ ਦੇ ਭਾਣੇ ਨੂੰ ਵਡਾ 'ਘਲੂ-ਘਾਰਾ' ਕਹਿ ਕੇ ਯਾਦ ਕਰਦੇ ਸਨ।

ਇਹ ਇਕ ਅਜਿਹੀ ਸੱਟ ਸੀ ਜਿਸ ਨੂੰ ਕਿਸੇ ਭੀ ਕੌਮ ਲਈ ਸਹਿ ਸਕਣਾ ਬੜੀ ਮੁਸ਼ਕਲ ਗੱਲ ਸੀ। ਪਰ ਖਾਲਸਾ ਜੀ ਤਾਂ ਪਹਿਲੇ ਹੀ ਤਲਵਾਰਾਂ ਦੇ ਪਰਛਾਵੇਂ ਹੇਠ ਸਨ, ਅਤੇ ਪਿਛਲੇ ਪੰਜਾਹ ਵਰ੍ਹਿਆਂ ਵਿਚ ਉਹ ਅਨੇਕਾਂ ਕਤਲਾਮਾਂ ਵਿਚ ਦੀ ਲੰਘ ਚੁੱਕੇ ਹੋਏ ਸਨ। ਇਸ ਲਈ ਉਹ ਥਿੜਕੇ ਨਹੀਂ, ਉਹ ਉੱਕੇ ਹੀ ਡੋਲੇ ਨਹੀਂ। ਇਸ ਨੂੰ ਭਾਣੇ ਦੀ ਇਕ ਖੇਡ, ਇਕ ਹੋਰ ਅਜ਼ਮਾਇਸ਼ ਸਮਝ ਕੇ ਸੌਖੇ ਹੀ ਹੱਸ ਕੇ ਸਹਿ ਗਏ। ਇਸ ਦਾ ਜੀਉਂਦਾ ਜਾਗਦਾ ਅਮਲੀ ਸਬੂਤ ਇਕ ਨਿਰਮੋਹ, ਨਿਰਲੇਪ ਨਿਹੰਗ ਸਿੰਘ ਦੀ ਸਿਪਰਿਟ ਤੋਂ ਮਿਲਦਾ ਹੈ ਜੋ ਉਸੇ ਦਿਨ ਸ਼ਾਮ ਨੂੰ ਉੱਚੀ ਉੱਚੀ ਕਹਿ ਰਿਹਾ ਸੀ, ਖਾਲਸਾ ਜੀ,

*ਤੱਤ ਖਾਲਸੋ ਸੋ ਰਹਯੋ, ਗਯੋ ਸੋ ਖੋਟ ਗਵਾਇ*

ਅਰਥਾਤ :

ਖਾਲਸ ਖਾਲਸਾ ਜਿਉਂ ਕਾ ਤਿਉਂ ਅਡੋਲ ਮੌਜੂਦ ਹੈ, ਮੋਹ ਮਾਇਆ ਦੀ ਨਾਸਵਾਨ ਮੂਰਤਿ ਜੋ ਸੀ ਉਹ ਅਲੋਪ ਹੋ ਗਈ ਹੈ।

[*ਪ੍ਰਾਚੀਨ ਪੰਥ ਪ੍ਰਕਾਸ਼*, 442-58; *ਤਹਿਮਾਸ ਨਾਮਾ* (ਰਾਉ), 105-07; *ਖਜ਼ਾਨਾ-ਇ-ਆਮਿਰਾ*, 114]

## ਅਹਿਮਦ ਸ਼ਾਹ ਦਾ ਲਾਹੌਰ ਨੂੰ ਮੋੜਾ

ਅਹਿਮਦ ਸ਼ਾਹ ਦੇਖ ਰਿਹਾ ਸੀ ਕਿ ਸਿੰਘ ਅਚਨਚੇਤ ਹੱਲੇ ਵਿਚ ਕੁਥਾਏਂ ਫਸੇ ਹੋਏ ਮਾਰ ਖਾ ਗਏ ਹਨ। ਹੁਣ ਜਿੱਥੇ ਭੀ ਇਨ੍ਹਾਂ ਨੂੰ ਕੋਈ ਟਿਕਾਣਾ ਮਿਲਿਆ ਅਤੇ ਦਾਉ ਲੱਗਾ, ਝੁੰਜਲਾਏ ਹੋਏ ਸ਼ੇਰਾਂ ਵਾਂਙੂ ਪਿਛਾਂਹ ਨੂੰ ਮੁੜ ਕੇ ਤਕੜਾ ਝਪਟਾ ਮਾਰਨਗੇ। ਇਸ

Sri Satguru Jagjit Singh ji eLibrary

ਲਈ ਉਸ ਨੇ ਹੋਰ ਜ਼ਿਆਦਾ ਉਨ੍ਹਾਂ ਦੇ ਪਿਛੇ ਲਗਣਾ ਚੰਗਾ ਨਾ ਸਮਝਿਆ ਅਤੇ ਅਗਲੇ ਦਿਨ ਸਰਹੰਦ ਵੱਲ ਨੂੰ ਮੁੜ ਪਿਆ।

ਪਿਛਲੇ ਸਾਲ ਪਾਨੀਪਤ ਦੀ ਲੜਾਈ ਤੋਂ ਬਾਅਦ ਅਫਗਾਨਿਸਤਾਨ ਨੂੰ ਮੁੜਦੇ ਹੋਏ ਅਹਿਮਦ ਸ਼ਾਹ ਨੇ ਬਾਬਾ ਆਲਾ ਸਿੰਘ ਨੂੰ ਉਸ ਦੇ ਕਬਜ਼ੇ ਹੇਠ ਇਲਾਕੇ ਦਾ ਹਾਕਮ ਪਰਵਾਨ ਕਰ ਲਿਆ ਸੀ। ਹੁਣ ਇਸ ਖਿਆਲ ਨਾਲ ਕਿ ਇਸ ਘਲੂ-ਘਾਰੇ ਤੋਂ ਬਾਅਦ ਉਸ ਪਰ ਕੋਈ ਮੁਸੀਬਤ ਖੜੀ ਨਾ ਹੋ ਜਾਏ, ਆਲਾ ਸਿੰਘ ਨੇ ਨਜੀਬੁੱਦੌਲਾ ਰੁਹੇਲੇ ਰਾਹੀਂ ਸ਼ਾਹ ਨੂੰ ਮਿਲਕੇ ਸਵਾ ਛੇ ਲੱਖ ਰੁਪਇਆ ਪੇਸ਼ ਕੀਤਾ। ਇਹ ਰਕਮ ਲੈ ਕੇ ਉਹ ਖੁਸ਼ ਹੋ ਗਿਆ ਅਤੇ ਕੁਝ ਦਿਨਾਂ ਪਿੱਛੋਂ ਆਲਾ ਸਿੰਘ ਨੂੰ ਛੁੱਟੀ ਦੇ ਦਿੱਤੀ।

ਇਸ ਵੇਲੇ ਅਹਿਮਦ ਸ਼ਾਹ ਨੇ ਇਹ ਭੀ ਜਤਨ ਕੀਤਾ ਕਿ ਜੇ ਦਲ ਖਾਲਸਾ ਸੁਲਾਹ ਲਈ ਮੰਨ ਜਾਏ ਤਾਂ ਚੰਗੀ ਗੱਲ ਹੈ। ਉਸ ਨੇ ਬਾਬਾ ਆਲਾ ਸਿੰਘ ਨੂੰ ਕਿਹਾ ਕਿ ਤੂੰ ਮੇਰਾ ਅਤੇ ਖਾਲਸੇ ਦਾ ਮੇਲ ਕਰਾ ਦੇ; ਇਹ ਮੇਰੇ ਵਿਰੁੱਧ ਫਸਾਦ ਨਾ ਕਰਨ ਅਤੇ ਜਿੱਥੇ ਜਿੱਥੇ ਇਨ੍ਹਾਂ ਦਾ ਇਲਾਕਾ ਹੈ ਉਹ ਮੇਰੇ ਪਾਸੋਂ ਲਿਖਵਾ ਲੈਣ। ਬਾਬਾ ਆਲਾ ਸਿੰਘ ਨੇ ਆਪਣੇ ਵਕੀਲ ਨਾਨੂੰ ਸਿੰਘ ਗਰੇਵਾਲ ਨੂੰ ਸ਼ਾਹ ਦਾ ਸੁਨੇਹਾ ਦੇ ਕੇ ਖਾਲਸਾ ਜੀ ਪਾਸ ਭੇਜਿਆ। ਅੱਗੋਂ ਖਾਲਸਾ ਦਲ ਦੇ ਸਰਦਾਰਾਂ ਨੇ, ਜਿਨ੍ਹਾਂ ਦੇ ਮੁਖੀ ਸਰਦਾਰ ਜੱਸਾ ਸਿੰਘ ਆਹਲੂਵਾਲੀਆਂ ਸਨ, ਉੱਤਰ ਦਿੱਤਾ ਕਿ ਮੰਗਿਆਂ ਕਦ ਕਿਸੇ ਨੇ ਕਿਸੇ ਨੂੰ ਰਾਜ ਦਿੱਤਾ ਹੈ। ਤੁਰਕਾਂ (ਦੁੱਰਾਨੀਆਂ) ਅਤੇ ਸਿੰਘਾਂ ਦਾ ਕਿਵੇਂ ਮੇਲ ਹੋ ਸਕਦਾ ਹੈ। (ਇਹ ਅਫਗਾਨਿਸਤਾਨ ਤੋਂ ਆ ਕੇ ਪੰਜਾਬ ਵਿਚ ਆਪਣਾ ਦੁੱਰਾਨੀ ਰਾਜ ਕਾਇਮ ਕਰਨਾ ਚਾਹੁੰਦੇ ਹਨ ਅਤੇ ਅਸੀਂ ਆਪਣੇ ਦੇਸ ਵਿਚ ਕਿਸੇ ਗ਼ੈਰ ਦੇ ਰਾਜ ਦੇ ਕਾਇਮ ਹੋਣ ਦੇ ਵਿਰੋਧੀ ਹਾਂ)। ਇਹ ਤਾਂ ਬਰੂਦ ਅਤੇ ਅੱਗ ਦੀ ਖੇਲ ਹੈ। ਰਾਜ ਤਾਂ ਸਾਨੂੰ ਸਤਿਗੁਰੂ ਨੇ ਲਿਖ ਦਿੱਤਾ ਹੋਇਆ ਹੈ ਜੋ ਖਾਲਸੇ ਨੇ ਸੀਸ ਭੇਟ ਕਰਕੇ ਲਿਆ ਹੈ, ਅਸਾਂ ਕਿਸੇ ਹੋਰ ਕੋਲੋਂ ਕੀ ਲਿਖਵਾਉਣਾ ਹੋਇਆ?*

Sri Satguru Jagjit Singh Ji eLibrary

---

*ਤਬ ਆਲਾ ਸਿੰਘੈ ਸ਼ਾਹ ਕਹਯੋ ਤੂ ਖਾਲਸੈ ਹਮੈ ਮਿਲਾਇ।
ਇਹ ਵੈਰੀ ਹਮ ਸੋ ਨਹਿ ਕਰੈ ਮੁਲਖ ਆਪਨ ਲੇਹਿ ਲਿਖਾਇ ॥ 5 ॥
ਚੌਪਈ
ਆਲਾ ਸਿੰਘ ਤਬ ਬਕੀਲ ਘਲਾਯਾ।
ਸਭ ਖਾਲਸੈ ਪੈ ਸੋ ਚਲ ਆਯਾ।
ਨਾਨੂ ਸਿੰਘ ਥੋ ਗਰੇ ਸੁ ਵਾਲ।
ਜਿਨੈ ਜਾ ਆਖਯੋ ਸ਼ਾਹ ਸਵਾਲ ॥ 6 ॥
ਤਊ ਖਾਲਸੇ ਉੱਤਰ ਦਯੋ।
ਰਾਜ ਮੰਗਯੋ ਕਬ ਕਿਸ ਨੈ ਦਯੋ।
ਤੁਰਕ ਕੌ ਔ ਕਿਆ ਸਿੰਘਨ ਮੇਲ।
ਬਰੂਦ ਅਗਨ ਕੋ ਜਿਮ ਹੈ ਖੇਲ।
ਹਮ ਕੋ ਸਤਿਗੁਰ ਰਾਜ ਲਿਖ ਦੀਆਂ।
ਖਾਲਸੇ ਦੇਇ ਭੇਟ ਸਿਰ ਕੋ ਲੀਆ ॥ 7 ॥ [ਪ੍ਰਾਚੀਨ ਪੰਥ ਪ੍ਰਕਾਸ਼, 473]

ਜੈਨ ਖ਼ਾਨ ਨੂੰ ਸਰਹੰਦ ਦਾ ਫੌਜਦਾਰ ਕਾਇਮ ਰਹਿਣ ਦਿੱਤਾ ਗਿਆ ਅਤੇ ਸ਼ਾਹ 15 ਫਰਵਰੀ, ਸੰਨ 1762, ਨੂੰ ਲਾਹੌਰ ਨੂੰ ਤੁਰ ਗਿਆ ਜਿੱਥੇ ਉਹ 3 ਮਾਰਚ ਨੂੰ ਪੁੱਜਾ। ਇਹ ਸੋਚ ਕੇ ਕਿ ਕਿਧਰੇ ਮਰਾਠੇ ਖਾਲਸਾ ਜੀ ਦੀ ਸਹਾਇਤਾ ਲਈ ਨਾ ਆ ਪੁੱਜਣ, ਸ਼ਾਹ ਨੇ ਉਨ੍ਹਾਂ ਨਾਲ ਸੁਲਾਹ ਲਈ ਲਿਖਾ-ਪੜ੍ਹੀ ਸ਼ੁਰੂ ਕਰ ਲਈ ਜੋ ਕਈ ਮਹੀਨੇ ਚਲਦੀ ਰਹੀ। ਇਸੇ ਦੇ ਨਾਲ ਹੀ ਉਸ ਨੇ ਕਸ਼ਮੀਰ ਵਿਚ ਮੁਹਿੰਮ ਭੇਜਣ ਦੀ ਤਿਆਰੀ ਆਰੰਭ ਦਿੱਤੀ।

## ਸ੍ਰੀ ਦਰਬਾਰ ਸਾਹਿਬ ਦੀ ਬੇ-ਅਦਬੀ (ਅਪਰੈਲ, ਸੰਨ 1762)

ਸ਼ਾਹ ਦੇ ਲਾਹੌਰ ਪੁੱਜਣ ਤੋਂ ਸਵਾ ਮਹੀਨਾ ਬਾਅਦ 10 ਅਪਰੈਲ, 1762, ਨੂੰ ਵਸਾਖੀ ਸੀ। ਮੇਲੇ ਤੋਂ ਇਕ ਦਿਨ ਪਹਿਲਾਂ ਅਹਿਮਦ ਸ਼ਾਹ ਇਕ ਭਾਰੀ ਫੌਜ ਲੈ ਕੇ ਅੰਮ੍ਰਿਤਸਰ ਆ ਪਹੁੰਚਾ ਅਤੇ ਸ੍ਰੀ ਹਰਮੰਦਰ ਸਾਹਿਬ ਅਤੇ ਨਾਲ ਦੇ ਬੁੰਗੇ ਬਾਰੂਦ ਨਾਲ ਉੜਾ ਦੇਣ ਦਾ ਹੁਕਮ ਦੇ ਦਿੱਤਾ, ਅਤੇ ਇਸ ਮਲਬੇ ਅਤੇ ਹੋਰ ਗੰਦ ਮੰਦ ਨਾਲ ਸਰੋਵਰ ਪੂਰਨਾ ਸ਼ੁਰੂ ਕਰ ਦਿੱਤਾ। ਇਸ ਤੋਂ ਇਲਾਵਾ ਮਰੇ ਹੋਏ ਬੰਦਿਆਂ ਦੀਆਂ ਹੱਡੀਆਂ ਵਿਚ ਪੁਵਾ ਦਿੱਤੀਆਂ ਅਤੇ ਗਊਆਂ ਵੱਢ ਕੇ ਇਥੇ ਸੁਟਵਾਈਆਂ। ਜਿਸ ਵੇਲੇ ਅਹਿਮਦ ਸ਼ਾਹ ਖੜੋ ਕੇ ਦਰਬਾਰ ਨੂੰ ਉਡਵਾ ਰਿਹਾ ਸੀ, ਤਾਂ ਇਕ ਇੱਟ ਦਾ ਰੋੜਾ ਉਡ ਕੇ ਉਸ ਦੇ ਨੱਕ ਉੱਤੇ ਆ ਵੱਜਾ ਜਿਸ ਨਾਲ ਉਹ ਜ਼ਖਮੀ ਹੋ ਗਿਆ। ਇਹ ਜ਼ਖ਼ਮ ਵਧਦਾ ਵਧਦਾ ਇਕ ਨਾਸੂਰ ਫੋੜੇ ਦਾ ਰੂਪ ਧਾਰ ਗਿਆ ਅਤੇ ਸਮਾਂ ਪੈਣ ਨਾਲ ਸ਼ਾਹ ਦਾ ਸਾਰਾ ਨੱਕ ਗਲ ਗਿਆ ਅਤੇ ਅੰਤ ਇਹ ਹੀ ਦਸ ਵਰ੍ਹੇ ਪਿੱਛੋਂ ਸੰਨ 1772, 23 ਅਕਤੂਬਰ, ਨੂੰ ਉਸ ਦੀ ਦੁੱਖਾਂ ਭਰੀ ਮੌਤ ਦਾ ਕਾਰਣ ਬਣਿਆ। [*ਉਮਦਾਤੁ-ਤਵਾਰੀਖ*, ਦਫ਼ਤਰ 1, 155]

## ਜੈਨ ਖ਼ਾਨ ਅਤੇ ਲਛਮੀ ਨਰਾਇਣ ਨੂੰ ਮਾਰ—ਪੰਜਾਹ ਹਜ਼ਾਰ ਨਜ਼ਰਾਨਾ (ਮਈ 17, ਸੰਨ 1762)

ਅਹਿਮਦ ਸ਼ਾਹ ਨੂੰ ਖਿਆਲ ਸੀ ਕਿ ਸਿੰਘਾਂ ਨੂੰ ਮੈਂ ਅਜਿਹੀ ਮਾਰ ਮਾਰੀ ਹੈ ਕਿ ਉਹ ਮੁੜ ਉੱਠਣ ਜੋਗੇ ਨਹੀਂ ਰਹੇ ਅਤੇ ਦਰਬਾਰ ਸਾਹਿਬ ਨੂੰ ਢਾ ਕੇ ਅਤੇ ਸਰੋਵਰ ਨੂੰ ਪੂਰ ਕੇ ਉਨ੍ਹਾਂ ਦਾ ਅੱਡਾ ਹੀ ਉੜਾ ਛੱਡਿਆ ਹੈ। ਪਰ ਸਿੰਘ ਮਰਾਠਿਆਂ ਨਾਲੋਂ ਵੱਖਰੀ ਮਿੱਟੀ ਦੇ ਬਣੇ ਹੋਏ ਸਨ। ਸ਼ਾਹ ਨੂੰ ਕੀ ਪਤਾ ਸੀ ਕਿ ਇਨ੍ਹਾਂ ਦੇ ਘਾਲੂ-ਘਾਰੇ ਨੂੰ ਤਿੰਨ ਮਹੀਨੇ ਭੀ ਨਹੀਂ ਪੈਣ ਦੇਣੇ ਅਤੇ ਮੁੜ ਖੰਡਾ ਖੜਕਾਉਣ ਲਈ ਤਿਆਰ ਹੋ ਜਾਣਾ ਹੈ।

ਦਰਬਾਰ ਸਾਹਿਬ ਦੀ ਬੇਅਦਬੀ ਦੀ ਖਬਰ ਸਿੰਘਾਂ ਨੂੰ ਜਦ ਮਾਲਵੇ ਵਿਚ ਲੱਗੀ, ਜਿੱਥੇ ਕਿ ਉਹ ਘਲੂ-ਘਾਰੇ ਵਿਚ ਲਗੇ ਜ਼ਖਮਾਂ ਦਾ ਦਾਰੂ ਦਰਮਲ ਕਰਵਾ ਰਹੇ ਸਨ, ਤਾਂ ਉਨ੍ਹਾਂ ਨੂੰ ਚੜ੍ਹ ਰੋਹ ਗਿਆ। ਸਿੰਘ ਆਪਣੀਆਂ ਜਾਨਾਂ ਦੀ ਕਦੀ ਪਰਵਾਹ ਨਹੀਂ ਸੀ ਕਰਦੇ, ਪਰ ਗੁਰਧਾਮਾਂ ਦੀ ਬੇਅਦਬੀ ਨਹੀਂ ਸੀ ਸਹਾਰਦੇ। ਸਾਰਾ ਖਾਲਸਾ ਅਜੇ ਨੌ-ਬਰ-ਨੌ ਨਹੀਂ ਸੀ ਹੋਇਆ। ਇਸ ਲਈ ਫੈਸਲਾ ਇਹ ਕੀਤਾ ਗਿਆ ਕਿ ਪਹਿਲਾਂ ਲਾਗੇ ਦੇ ਇਲਾਕੇ ਸਰਹੰਦ ਪਰ ਛਾਪਾ ਮਾਰਿਆ ਜਾਏ ਜਿੱਥੇ ਦੇ ਫੌਜਦਾਰ ਜੈਨ ਖ਼ਾਨ ਨੇ ਘੱਲੂ-ਘਾਰੇ

ਵਿਚ ਸਿੰਘਾਂ ਦਾ ਬਹੁਤਾ ਨੁਕਸਾਨ ਕੀਤਾ ਸੀ। ਇਸ ਗੱਲ ਦੀ ਪਰਵਾਹ ਨਾ ਕਰਦੇ ਹੋਏ ਕਿ ਘੱਲੂ-ਘਾਰਾ ਵਰਤੇ ਨੂੰ ਅਜੇ ਤਿੰਨ ਮਹੀਨੇ ਹੀ ਹੋਏ ਸਨ ਅਤੇ ਬਹੁਤ ਸਾਰੇ ਸਿੰਘ ਅਜੇ ਰਾਜੀ ਨਹੀਂ ਸਨ ਹੋਏ ਅਤੇ ਅਹਿਮਦ ਸ਼ਾਹ ਅਜੇ ਲਾਹੌਰ ਹੀ ਬੈਠਾ ਸੀ, ਸਰਦਾਰ ਜੱਸਾ ਸਿੰਘ ਨੇ ਮਈ ਵਿਚ ਸਰਹੰਦ ਉੱਤੇ ਅਚਨਚੇਤ ਜਾ ਧਾਵਾ ਬੋਲਿਆ ਅਤੇ ਜੈਨ ਖ਼ਾਨ ਨੂੰ ਇਕ ਤਕੜੀ ਹਾਰ ਦਿੱਤੀ। ਜੈਨ ਖ਼ਾਨ ਨੇ ਜਦ ਬਚਾਉ ਦਾ ਹੋਰ ਕੋਈ ਰਾਹ ਨਾ ਡਿੱਠਾ ਤਾਂ ਉਸ ਨੇ ਪੰਜਾਹ ਹਜਾਰ ਰੁਪਇਆ ਖਾਲਸਾ ਜੀ ਨੂੰ ਨਜਰਾਨਾ ਦੇ ਕੇ ਸੁਲਾਹ ਕਰ ਲਈ।

ਪਰ ਖਾਲਸਾ ਜੀ ਅਜੇ ਦਸ ਬਾਰਾਂ ਕੋਹ ਹੀ ਸਰਹੰਦੋਂ ਪਿੱਛੇ ਹਟੇ ਸਨ ਕਿ ਜੈਨ ਖ਼ਾਨ ਦਾ ਮਨ ਬੇਈਮਾਨ ਹੋ ਗਿਆ ਅਤੇ ਉਸ ਨੇ ਪਿੱਛੋਂ ਅਚਾਨਕ ਹੱਲਾ ਕਰ ਦਿੱਤਾ ਅਤੇ ਸਿੰਘਾਂ ਦਾ ਪਿੱਛੇ ਆ ਰਿਹਾ ਸਾਮਾਨ ਲੁੱਟ ਲਿਆ। ਪਤਾ ਲਗਦੇ ਸਾਰ ਸਿੰਘ ਉਨ੍ਹੀਂ ਪੈਰੀਂ ਪਿੱਛੇ ਨੂੰ ਭੌਂ ਪਏ ਅਤੇ ਜੈਨ ਖ਼ਾਨ ਅਤੇ ਦੀਵਾਨ ਲਛਮੀ ਨਾਰਾਇਨ ਦਾ ਸਾਮਾਨ ਲੁੱਟ ਲਿਆ ਅਤੇ ਉਨ੍ਹਾਂ ਨੂੰ ਪਿੱਛੇ ਹਰਨੌਲਗੜ੍ਹ ਨੂੰ ਧੱਕ ਦਿੱਤਾ ਜੋ ਸਰਹੰਦੋਂ ਪੰਦਰਾਂ ਕੁ ਕੋਹ ਸੀ। ਇਥੇ ਇਕ ਟਿਕਵੀਂ ਲੜਾਈ ਹੋਈ ਜਿਸ ਵਿਚ ਜੈਨ ਖ਼ਾਨ ਨੂੰ ਹਾਰ ਹੋ ਗਈ [*ਰਾਜਵਾੜੇ, ਗ੍ਰੰਥ ਛੇਵਾਂ*, 384; *ਸਰਕਾਰ, ਫ਼ਾਲ ਔਫ਼ ਦੀ ਮੁਗ਼ਲ ਐਂਪਾਇਰ*, 491]। ਮਾਲੂਮ ਹੁੰਦਾ ਹੈ ਕਿ ਜੈਨ ਖ਼ਾਨ ਨੇ ਲੱਛਮੀ ਨਾਰਾਇਣ ਦੇ ਕਹੇ ਕਹਾਏ ਸਿੰਘਾਂ ਦਾ ਪਿੱਛਾ ਲੁਟਿਆ ਸੀ ਜਿਸ ਦੇ ਬਦਲੇ ਕਿ ਸਿੰਘਾਂ ਨੇ ਉਸ ਨੂੰ ਦੂਸਰੀ ਵਾਰ ਮਾਰ ਮਾਰੀ। ਪਹਿਲੀ ਵਾਰੀ ਲੱਛਮੀ ਨਾਰਾਇਣ ਕਿਧਰੇ ਬਾਹਰ ਹੋਣਾ ਹੈ, ਇਸੇ ਕਰਕੇ ਉਸ ਦਾ ਕੋਈ ਜਿਕਰ ਨਹੀਂ ਆਉਂਦਾ।

### ਸ਼ਾਹ ਨੇ ਕਲਾਨੌਰ ਚੁਮਾਸਾ ਕੱਟਿਆ

ਜੂਨ ਦੀ ਗਰਮੀ ਵਿਚ ਸ਼ਾਹ ਲਈ ਲਾਹੌਰ ਠਹਿਰਨਾ ਮੁਸ਼ਕਲ ਸੀ, ਇਸ ਲਈ ਉਸ ਨੇ ਰਾਵੀ ਦੇ ਕੰਢੇ ਕਲਾਨੌਰ ਦਾ ਡੇਰਾ ਲਾਇਆ ਅਤੇ ਚੁਮਾਸਾ ਉਥੇ ਹੀ ਕੱਟਿਆ। ਇਸ ਸਾਲ ਵਰਖਾ ਭੀ ਕੁਝ ਜਿਆਦਾ ਹੋਈ, ਜਿਸ ਕਰਕੇ ਨਾ ਤਾਂ ਓਪਰੇ ਦੁੱਰਾਨੀ ਹੀ ਸਿੰਘਾਂ ਦੇ ਵਿਰੁਧ ਕੁਝ ਕਰ ਸਕੇ, ਅਤੇ ਨਾ ਹੀ ਦੁੱਰਾਨੀਆਂ ਦੇ ਪੱਖੀ ਚੋਧਰੀ ਅਤੇ ਜਿਮੀਦਾਰ ਬਾਹਰ ਨਿਕਲ ਸਕੇ, ਅਤੇ ਜਿਥੇ ਕਿਧਰੇ ਨਿਕਲੇ, ਓਥੋਂ ਸਿੰਘਾਂ ਨੇ ਭਜਾ ਦਿੱਤੇ।

ਅਜਿਹਾ ਸਮਾਂ ਸਿੰਘਾਂ ਲਈ ਬੜਾ ਅਨੁਕੂਲ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਅਤੇ ਤਾਰਾ ਸਿੰਘ ਗੈਬੇ ਨੇ ਸਾਰਾ ਦੁਆਬਾ ਗਾਹ ਮਾਰਿਆ ਅਤੇ ਥਾਉਂ ਥਾਈਂ ਆਪਣੇ ਕਬਜੇ ਪੱਕੇ ਕਰ ਲਏ। ਲਾਹੌਰੋਂ ਲਹਿੰਦੇ ਉੱਤਰ ਨੂੰ ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਏ ਅਤੇ ਭੰਗੀ ਸਰਦਾਰਾਂ ਨੇ ਗੁਜਰਾਂਵਾਲਾ ਅਤੇ ਗੁਜਰਾਤ ਮੁੜ ਸਾਂਭ ਲਏ। ਇਹ ਹੀ ਨਹੀਂ ਬਲਕਿ ਦਲ ਖਾਲਸਾ ਦਾ ਇਕ ਤੱਕੜਾ ਹਿੱਸਾ ਅਗਸਤ ਦੇ ਆਖਰੀ ਦਿਨੀਂ ਦੇਸ ਨੂੰ ਉਗ੍ਰਾਹੁੰਦਾ ਹੋਇਆ ਕਰਨਾਲ ਜਾ ਪੁੱਜਾ ਅਤੇ ਮਹੀਨਾ ਭਰ (25 ਅਗਸਤ ਤੋਂ 24 ਸਤੰਬਰ 1762 ਤਕ) ਪਾਣੀਪਤ ਤਕ ਟਿਕਿਆ ਰਿਹਾ ਜਿਸ ਕਰਕੇ ਸ਼ਾਹ ਪਾਸ ਮੁਗ਼ਲ ਬਾਦਸ਼ਾਹ ਦੇ ਏਲਚੀ ਭੀ ਨਾ ਪੁੱਜ ਸਕੇ।

Sri Satguru Jagjit Singh Ji eLibrary

## ਦਿਵਾਲੀ ਦੇ ਦਿਨ ਅੰਮ੍ਰਿਤਸਰ ਦੁੱਰਾਨੀਆਂ ਨਾਲ ਲੜਾਈ (17 ਅਕਤੂਬਰ, 1762)

24 ਸਤੰਬਰ ਨੂੰ ਦਲ ਖਾਲਸਾ ਦੇ ਸਰਦਾਰਾਂ ਨੇ ਉੱਤਰ ਵੱਲ ਨੂੰ ਮੋੜਾ ਪਾਇਆ ਤਾਂ ਕਿ 17 ਅਕਤੂਬਰ ਨੂੰ ਆ ਰਹੀ ਦੀਵਾਲੀ ਦੇ ਮੌਕੇ ਤੇ ਸ੍ਰੀ ਅੰਮ੍ਰਿਤਸਰ ਪਹੁੰਚ ਸਕਣ। ਸਿੰਘਾਂ ਦੇ ਆਉਣ ਤਕ ਅਹਿਮਦ ਸ਼ਾਹ ਲਾਹੌਰ ਆ ਗਿਆ ਸੀ। ਉਹ ਹੈਰਾਨ ਹੋ ਗਿਆ। ਉਸ ਨੂੰ ਕਦੀ ਸੁਫਨਾ ਭੀ ਨਹੀ ਸੀ ਆ ਸਕਦਾ ਕਿ ਸਿੰਘ ਘਲੂ-ਘਾਰੇ ਤੋਂ ਬਾਅਦ ਇਤਨੀ ਛੇਤੀ ਸੰਭਲ ਜਾਣਗੇ ਅਤੇ ਲਾਹੌਰੋਂ ਵੀਹਾਂ ਕੋਹਾਂ ਦੀ ਵਿਥ ਤੇ ਉਸ ਨੂੰ ਆ ਵੰਗਾਰਣਗੇ। ਉਹ ਪਾਸ ਇਸ ਵੇਲੇ ਨਾ ਤਾਂ ਆਪਣੀ ਹੀ ਫੌਜ ਬਹੁਤੀ ਸੀ, ਕਿਉਂਕਿ ਉਸ ਦਾ ਕਾਫੀ ਹਿੱਸਾ ਨੂਰੁੱਦੀਨ ਬਾਮੇਜ਼ਈ ਨਾਲ ਸੁਖ ਜੀਵਨ ਦੇ ਵਿਰੁੱਧ ਕਸ਼ਮੀਰ ਨੂੰ ਗਿਆ ਹੋਇਆ ਸੀ, ਅਤੇ ਨਾ ਹੀ ਸਰਹੰਦ, ਮੁਲਤਾਨ ਜਾਂ ਕਿਸੇ ਹੋਰ ਪਾਸਿਉਂ ਕੋਈ ਸਹਾਇਤਾ ਹੀ ਆ ਸਕਦੀ ਸੀ। ਇਸ ਲਈ ਉਸ ਨੇ ਖਾਲਸਾ ਜੀ ਨਾਲ ਸੁਲਾਹ ਦੀ ਗੱਲ-ਬਾਤ ਕਰਨ ਲਈ ਆਪਣੇ ਇਕ ਏਲਚੀ ਨੂੰ ਭੇਜਿਆ। ਪਰ ਖਾਲਸਾ ਜੀ ਦੁੱਰਾਨੀ ਦੇ ਹੱਥੋਂ ਹੋਈ ਦਰਬਾਰ ਸਾਹਿਬ ਦੀ ਬੇਅਦਬੀ ਦੇ ਕਾਰਣ ਗੁੱਸੇ ਨਾਲ ਭਰੇ ਪੀਤੇ ਬੈਠੇ ਸਨ। ਉਹ ਮਰਨ ਮਾਰਨ ਲਈ ਤਿਆਰ ਸਨ। ਉਹ ਅਜਿਹੇ ਵੈਰੀ ਨਾਲ ਸੁਲਾਹ ਦੀ ਕੋਈ ਗੱਲ ਕਰਨ ਨੂੰ ਤਿਆਰ ਨਹੀਂ ਸਨ। ਕਰੋਧ ਵਿਚ ਆਏ ਹੋਏ ਕੁਝ ਸਿੰਘਾਂ ਨੇ ਏਲਚੀ ਅਤੇ ਉਸ ਦੇ ਸਾਥੀਆਂ ਦਾ ਮਾਲ ਅਸਬਾਬ ਲੁੱਟ ਲਿਆ ਅਤੇ ਉਨ੍ਹਾਂ ਨੂੰ ਭਜਾ ਦਿੱਤਾ।

ਅਹਿਮਦ ਸ਼ਾਹ ਲਈ ਹੁਣ ਚੁਪ ਕਰ ਰਹਿਣਾ ਭੀ ਔਖਾ ਸੀ। ਇਸ ਲਈ ਉਹ ਫ਼ੌਜ ਲੈ ਕੇ ਅੰਮ੍ਰਿਤਸਰ ਤੇ ਚੜ੍ਹ ਆਇਆ ਅਤੇ ਦਿਵਾਲੀ ਤੋਂ ਪਹਿਲੀ 16 ਅਕਤੂਬਰ ਦੀ ਸ਼ਾਮ ਨੂੰ ਇੱਥੇ ਆ ਪੁੱਜਾ। 17 ਦੀ ਸਵੇਰੇ ਹੀ ਸਿੰਘਾਂ ਨੇ ਅਰਦਾਸਾ ਸੋਧ ਕੇ ਦੁੱਰਾਨੀਆਂ ਉੱਤੇ ਹਲਾ ਕਰ ਦਿੱਤਾ। ਦੁੱਰਾਨੀ ਤਾਂ ਆਏ ਹੀ ਲੜਨ ਸਨ। ਸਾਰਾ ਦਿਨ ਖ਼ੂਬ ਗਹਿ-ਗੱਚ ਲੜਾਈ ਹੋਈ। ਸਿੰਘਾਂ ਨੂੰ ਦੁੱਰਾਨੀਆਂ ਵਿਰੁੱਧ ਦੋਹਰਾ ਗੁੱਸਾ ਸੀ। ਇਕ ਘਲੂ-ਘਾਰੇ ਦਾ, ਦੂਸਰਾ ਦਰਬਾਰ ਸਾਹਿਬ ਦੀ ਬੇ-ਅਦਬੀ ਦਾ। ਉਨ੍ਹਾਂ ਨੇ ਮਿਥ ਕੇ ਰਣ ਮੰਡਿਆ ਸੀ ਅਤੇ ਜਾਨਾਂ ਹਥੇਲੀ ਤੇ ਰਖ ਕੇ ਸ਼ਹੀਦੀਆਂ ਲਈ ਤਿਆਰ ਸਨ। ਅਜਿਹੇ ਸਿਰ-ਲੱਥ ਸੂਰਿਆਂ ਦਾ ਟਾਕਰਾ ਕਰ ਸਕਣਾ ਦੁੱਰਾਨੀਆਂ ਲਈ ਬੜਾ ਮੁਸ਼ਕਲ ਸੀ। ਅਠਾਰਾਂ ਘੜੀਆਂ ਦਿਨ ਗਏ ਸੂਰਜ ਨੂੰ ਪੂਰਾ ਗ੍ਰਹਿਣ ਲੱਗ ਗਿਆ ਜਿਸ ਨਾਲ ਅਜਿਹਾ ਅੰਨ੍ਹੇਰਾ ਹੋ ਗਿਆ ਕਿ ਦਿਨੇ ਹੀ ਤਾਰੇ ਦਿਸਣ ਲੱਗ ਪਏ। ਰਾਤ ਮੱਸਿਆ ਦੀ ਸੀ। ਲੜਾਈ ਵਿਚ ਸਿੰਘਾਂ ਦੀਆਂ ਭਗਉਤੀਆਂ ਨੇ ਉਹ ਮਾਰ ਕੀਤੀ ਕਿ ਅਹਿਮਦ ਸ਼ਾਹ ਰਾਤ ਦੇ ਅੰਨ੍ਹੇਰੇ ਦਾ ਫ਼ਾਇਦਾ ਉਠਾ ਕੇ ਲਾਹੌਰ ਨੂੰ ਮੁੜ ਗਿਆ ਅਤੇ ਸਿੰਘਾਂ ਨਾਲ ਕੋਈ ਖੁਲ੍ਹਵੀਂ ਟੱਕਰ ਹੋਰ ਨਾ ਲਈ।

ਘੱਲੂ-ਘਾਰੇ ਤੋਂ ਬਾਅਦ ਅਹਿਮਦ ਸ਼ਾਹ ਅਤੇ ਉਸ ਦੀਆਂ ਫ਼ੌਜਾਂ ਲਈ ਹੋਈਆਂ ਸਿੰਘਾਂ ਦੀਆਂ ਟੱਕਰਾਂ ਦਾ ਜ਼ਿਕਰ ਕਰਦਾ ਹੋਇਆ ਜਾਰਜ ਫ਼ਾਰਸਟਰ ਲਿਖਦਾ ਹੈ ਕਿ ਸਿੱਖਾਂ ਨੂੰ ਭਾਵੇਂ ਬੜਾ ਸਖ਼ਤ ਗੁੱਸਾ ਸੀ ਪਰ ਉਨ੍ਹਾਂ ਨੇ ਆਪਣੇ ਗੁੱਸੇ ਤੇ ਜਜ਼ਬੇ ਨੂੰ ਕਾਬੂ ਵਿਚ ਰਖਿਆ ਅਤੇ ਭਾਵੇਂ ਅਫ਼ਗਾਨਾਂ ਵੱਲੋਂ ਹੋਏ ਘੱਲੂ-ਘਾਰੇ ਅਤੇ ਦਿੱਤੇ ਗਏ ਦੁੱਖਾਂ ਦਾ ਉਨ੍ਹਾਂ ਦੇ

ਮਨਾਂ ਉਪਰ ਜ਼ਰੂਰ ਬੜਾ ਡੂੰਘਾ ਅਸਰ ਹੋਣਾ ਹੈ ਪਰ, ਕਿਹਾ ਜਾਂਦਾ ਹੈ, ਕਿ ਇਨ੍ਹਾਂ (ਸਿੰਘਾਂ) ਨੇ ਇਕ ਭੀ (ਅਫ਼ਗਾਨ) ਕੈਦੀ ਨੂੰ ਬੇਦਰਦੀ ਨਾਲ ਕਤਲ ਨਹੀਂ ਕੀਤਾ।*

## ਦੁੱਰਾਨੀ ਦੀ ਅਫਗਾਨਿਸਤਾਨ ਨੂੰ ਵਾਪਸੀ

ਅਹਿਮਦ ਸ਼ਾਹ ਚੂੰਕਿ ਸ਼ਾਹ ਆਲਮ ਦੂਸਰੇ ਦਾ ਮੁਆਮਲਾ ਭੀ ਨਜਿੱਠਣਾ ਚਾਹੁੰਦਾ ਸੀ, ਇਸ ਲਈ ਪੌਣੇ ਕੁ ਦੋ ਮਹੀਨੇ ਹੋਰ ਠਹਿਰਿਆ ਰਿਹਾ ਅਤੇ ਚਾਲੀ ਲੱਖ ਰੁਪਇਆ ਸਾਲਾਨਾ ਲੈਣਾ ਕਰ ਕੇ ਸ਼ਾਹ ਆਲਮ ਨੂੰ ਦਿੱਲੀ ਦੇ ਤਖ਼ਤ ਦਾ ਵਾਲੀ ਪਰਵਾਨ ਕਰ ਲਿਆ ਅਤੇ ਹੇਠ ਲਿਖੇ ਅਨੁਸਾਰ ਹਾਕਮ ਨਿਯਤ ਕਰ ਕੇ 12 ਦਸੰਬਰ, 1762 ਨੂੰ ਲਾਹੌਰੋਂ ਤੁਰ ਗਿਆ।

| | |
|---|---|
| ਲਾਹੌਰ | ਕਾਬੁਲੀ ਮੱਲ |
| ਸਰਹੰਦ | ਜ਼ੈਨ ਖ਼ਾਨ |
| ਪਹਾੜ-ਬਿਆਸਾ ਅਤੇ ਸਤਲੁਜ ਦੇ ਵਿਚਕਾਰ | ਰਾਜਾ ਘੁਮੰਡ ਚੰਦ ਕਟੋਚ ਕਾਂਗੜੀਆ |
| ਜਾਲੰਧਰ ਦੁਆਬ | ਸਆਦਤ ਖ਼ਾਨ |
| ਕਲਾਨੌਰ | ਖ਼ੁਆਜਾ ਉਬੈਦ ਖ਼ਾਨ |
| ਬਾਰੀ ਦੁਆਬ | ਮੁਰਾਦ ਖ਼ਾਨ |
| ਰਚਨਾ ਅਤੇ ਲਹਿੰਦਾ ਸਿੰਧ ਸਾਗਰ | ਜਹਾਨ ਖ਼ਾਨ |
| ਕਸ਼ਮੀਰ | ਨੂਰੁੱਦੀਨ ਬਾਮੇਜ਼ਈ |

Sri Satguru Jagjit Singh Ji eLibrary

*The Sicques, however, keenly actuated by resentment, set a bound to their impulse of revenge: and though the Afghan massacre and persecution must have been deeply imprinted on their minds, they did not, it is said, destroy one prisoner in cold blood.

—*A Journey from Bengal to England*, i. 279.

ਅਧਿਆਇ ਉਨ੍ਹੀਵਾਂ

# ਸੰਨ 1763 ਦੇ ਹਾਲ

ਅਹਿਮਦ ਸ਼ਾਹ ਦੇ ਅਫ਼ਗ਼ਾਨਿਸਤਾਨ ਨੂੰ ਮੁੜਨ ਦੀ ਦੇਰ ਸੀ ਕਿ ਸਿੰਘਾਂ ਨੇ ਮੁੜ ਆਪਣੀਆਂ ਪੁਰਾਣੀਆਂ ਮੱਲਾਂ ਮੱਲ ਲਈਆਂ। ਅਸਲ ਵਿਚ ਅਹਿਮਦ ਸ਼ਾਹ ਦੇ ਪੰਜਾਬ ਵਿਚ ਹੁੰਦੇ ਹੋਏ ਹੀ ਉਹ ਬਹੁਤ ਸਾਰੇ ਆਪਣੀ ਟਿਕਾਣੀਂ ਪੁੱਜ ਗਏ ਸਨ। ਕੇਵਲ ਵੇਲਾ ਟਪਾਉਣ ਲਈ ਹੀ ਅੱਗੇ ਪਿੱਛੇ ਹੋ ਜਾਇਆ ਕਰਦੇ ਸਨ, ਜਾਂ ਦੁਸ਼ਮਨਾਂ ਨਾਲ ਟੱਕਰ ਲੈਣ ਲਈ ਜਾਂ ਕਿਸੇ ਸਾਂਝੀ ਮੁਹਿੰਮ ਲਈ ਹੀ ਬਾਹਰ ਜਾਂਦੇ ਸਨ। ਹੁਣ ਸੰਨ 1763 ਦੇ ਪਹਿਲੇ ਤਿੰਨ ਮਹੀਨਿਆਂ ਵਿਚ ਉਨ੍ਹਾਂ ਨੇ ਆਪਣਾ ਆਪਣਾ ਪ੍ਰਬੰਧ ਠੀਕ ਕਰ ਲਿਆ ਅਤੇ ਜਿਸ ਕਿਸੇ ਨੇ ਦੁੱਰਾਨੀ ਦੇ ਇਥੇ ਹੋਣ ਵੇਲੇ ਸਿੰਘਾਂ ਨਾਲ ਵੈਰ ਕਮਾਇਆ ਸੀ ਉਸ ਨਾਲ ਲੇਖਾ ਗਿਣ ਮਿਥ ਲਿਆ।

ਇਸ ਵੇਲੇ ਸਰਦਾਰ ਜੱਸਾ ਸਿੰਘ ਨੇ ਖ਼ਾਲਸਾ ਦਲ ਦੇ ਸਰਦਾਰਾਂ ਨਾਲ ਰਲ ਕੇ ਸਲਾਹ ਕੀਤੀ ਕਿ ਇਸ ਵੇਲੇ ਖ਼ਾਲਸਾ ਲਈ ਇਹ ਦੋਨੋਂ ਗੱਲਾਂ ਅਤਿ ਜ਼ਰੂਰੀ ਹਨ ਕਿ ਮਾਰੀਆਂ ਹੋਈਆਂ ਮੱਲਾਂ ਮੁੜ ਪੱਕੀਆਂ ਕਰ ਲਈਆਂ ਜਾਣ ਅਤੇ ਢਾਏ ਗਏ ਦਰਬਾਰ ਸਾਹਿਬ ਦੀ ਸੇਵਾ ਭੀ ਆਰੰਭ ਕੀਤੀ ਜਾਏ। ਇਸ ਲਈ ਫ਼ੈਸਲਾ ਹੋਇਆ ਕਿ ਦੁਆਬੇ ਅਤੇ ਮਾਲਵੇ ਦੀਆਂ ਮਿਸਲਾਂ—ਆਹਲੂਵਾਲੀਏ, ਸਿੰਘਪੁਰੀਏ, ਡੱਲੇਵਾਲੀਏ, ਕਰੋੜ ਸਿੰਘੀਏ, ਨਿਸ਼ਾਨਾਂ ਵਾਲੇ ਅਤੇ ਸ਼ਹੀਦ—ਇਲਾਕੇ ਵਿਚ ਫਿਰ ਨਿਕਲਣ ਅਤੇ ਮਾਝੇ ਅਤੇ ਰਿਆੜਕੀ ਵਾਲੇ—ਰਾਮਗੜ੍ਹੀਏ, ਕਨ੍ਹੱਈਏ, ਸ਼ੁੱਕਰਚੱਕੀਏ, ਭੰਗੀ ਅਤੇ ਨਕਈ—ਸ੍ਰੀ ਅੰਮ੍ਰਿਤਸਰ ਟਿਕਣ।

### ਕਸੂਰੋਂ ਬ੍ਰਾਹਮਣ ਦੀ ਇਸਤ੍ਰੀ ਛੁਡਾਈ—ਕਸੂਰ ਦੀ ਲੁੱਟ

10 ਅਪਰੈਲ ਸੰਨ 1763 ਨੂੰ ਬਸਾਖੀ ਸੀ। ਖ਼ਾਲਸਾ ਹਰ ਪਾਸੇ ਤੋਂ ਦਰਸ਼ਨਾਂ ਲਈ ਪੁੱਜਾ। ਇਸ ਵੇਲੇ ਹਰ ਪਾਸੇ ਖ਼ਾਲਸੇ ਦੀ ਦੋਹੀ ਫਿਰ ਰਹੀ ਸੀ। ਕੀ ਰਾਜਸੀ ਅਤੇ ਕੀ ਸਮਾਜਕ ਅਤੇ ਧਾਰਮਕ ਮਾਮਲਿਆਂ ਵਿਚ, ਖ਼ਾਲਸਾ ਡਿਗਿਆਂ ਢੱਠਿਆਂ ਅਤੇ ਦੀਨ ਦੁਖੀਆਂ ਦੀ ਪੁਸ਼ਤ ਪਨਾਹ ਸੀ, ਹਰ ਕਿਸੇ ਲਈ ਓਟ ਸੀ। ਇਸ ਦਿਨ ਜਿਸ ਵੇਲੇ ਅਕਾਲ ਤਖ਼ਤ ਦੇ ਸਾਹਮਣੇ ਖ਼ਾਲਸਾ ਜੀ ਦਾ ਦੀਵਾਨ ਸਜਿਆ ਹੋਇਆ ਸੀ ਅਤੇ ਸਰਦਾਰ ਹਰੀ ਸਿੰਘ ਭੰਗੀ ਬੈਠੇ ਸਨ ਕਿ ਕਸੂਰ ਦੇ ਇਕ ਬ੍ਰਾਹਮਣ ਨੇ ਆ ਕੇ ਪੁਕਾਰ ਕੀਤੀ ਕਿ

Sri Satguru Jagjit Singh Ji eLibrary

ਉਸਮਾਨ ਖ਼ਾਨ ਕਸੂਰੀਆ ਉਸ ਦੀ ਇਸਤ੍ਰੀ ਖੋਹ ਕੇ ਲੈ ਗਿਆ ਹੈ। ਦੁਖੀ ਬ੍ਰਾਹਮਣ ਦੀ ਦੁਹਾਈ ਸੁਣ ਕੇ ਸਰਦਾਰ ਹਰੀ ਸਿੰਘ ਨੇ ਬਾਕੀ ਸਰਦਾਰਾਂ ਦੀ ਸਲਾਹ ਪੁੱਛੀ ਤਾਂ ਕੁਝ ਸਿਆਣੇ ਸਿੰਘ ਗਿਣਤੀਆਂ ਵਿਚ ਪੈ ਗਏ ਕਿ ਕਸੂਰ ਵਿਚ ਅਨੇਕਾਂ ਗੜ੍ਹੀਆਂ ਹਨ ਜੋ ਜੰਗੀ ਸਾਮਾਨ ਨਾਲ ਭਰੀਆਂ ਪਈਆਂ ਹਨ, ਦੂਸਰੇ ਖਾਲਸੇ ਪਾਸ ਨਫਰੀ ਭੀ ਪੂਰੀ ਨਹੀਂ। ਪਰ ਸਰਦਾਰ ਹਰੀ ਸਿੰਘ ਨੇ ਉੱਤਰ ਦਿੱਤਾ ਕਿ ਇਸ ਬ੍ਰਾਹਮਣ ਨੇ ਗੁਰੂ ਦੇ ਦਰਬਾਰ ਵਿਚ ਪੁਕਾਰ ਕੀਤੀ ਹੈ, ਸਾਨੂੰ ਸਹਾਇਤਾ ਕਰਨੀ ਹੀ ਬਣਦੀ ਹੈ। ਸਰਦਾਰ ਚੜ੍ਹਤ ਸਿੰਘ ਨੇ ਇਸ ਵੇਲੇ ਸ਼ਮਸ਼ੇਰ ਹੱਥ ਫੜ ਲਈ ਅਤੇ ਬੇਨਤੀ ਕੀਤੀ ਕਿ ਸ੍ਰੀ ਦਰਬਾਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਰਦਾਸ ਕਰ ਕੇ ਵਾਕ ਲਉ ਅਤੇ ਜੋ ਹੁਕਮ ਮਿਲੇ ਉਸ ਅਨੁਸਾਰ ਕਰੋ। ਇਹ ਗੱਲ ਸਭ ਨੇ ਪਰਵਾਨ ਕਰ ਲਈ ਅਤੇ ਸ੍ਰੀ ਦਰਬਾਰ ਸਾਹਿਬ ਵਿਚ ਜਾ ਕੇ ਵਾਕ ਲਿਆ ਗਿਆ ਜੋ ਇਸ ਪ੍ਰਕਾਰ ਸੀ :

*ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ।*
*ਆਪਣੇ ਚਰਣ ਜਪਾਇਨੁ ਵਿਚਿ ਦਯੁ ਖਲੋਆ।*
*ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾਂ ਨਰੋਆ।*
*ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ।*
*ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ।*

*(ਬਸੰਤ ਕੀ ਵਾਰ, ਮ. ੫, ੨)*

ਇਸ ਮਹਾਵਾਕ ਨੇ ਖਾਲਸੇ ਦੇ ਸਭ ਸੰਸੇ ਮਿਟਾ ਦਿੱਤੇ, ਥੋੜੇ ਬਹੁਤਿਆਂ ਦੀ ਗਿਣਤੀ ਦਾ ਖਿਆਲ ਛੱਡ ਕੇ ਖਾਲਸੇ ਨੇ ਕਸੂਰ ਪਰ ਚੜ੍ਹਾਈ ਕਰ ਦਿੱਤੀ। ਰਸਤੇ ਵਿਚ ਨਾ ਨਿਸ਼ਾਨ ਖੋਲ੍ਹੇ, ਨਾ ਨਗਾਰੇ ਬਜਾਏ, ਨਾ ਕਿਸੇ ਨੂੰ ਛੇੜਿਆ, ਅਤੇ ਚੁਪ ਕਰੀਤੇ ਅਚਨਚੇਤ ਸਿਖਰ ਦੁਪਹਿਰੇ ਸ਼ਹਿਰ ਵਿਚ ਜਾ ਵੜੇ। ਇਹ ਸੰਨ 1766 ਹਿਜਰੀ ਦੇ ਰਮਜ਼ਾਨ ਦਾ ਮਹੀਨਾ ਸੀ ਜਦ ਰੋਜ਼ਿਆਂ ਦੇ ਅੰਤਲੇ ਦਿਨ (12-13 ਅਪਰੈਲ) ਸਨ ਅਤੇ ਗਰਮੀ ਭੀ ਕਹਿਰ ਦੀ ਪੈ ਰਹੀ ਸੀ। ਕਸੂਰੀਏ ਪਠਾਣ ਆਪਣੀਆਂ ਆਪਣੀਆਂ ਗੜ੍ਹੀਆਂ ਵਿਚ ਭੋਰਿਆਂ ਵਿਚ ਵੜੇ ਹੋਏ ਸਨ। ਸਿੰਘਾਂ ਦੇ ਆ ਪੈਣ ਦਾ ਕਿਸੇ ਨੂੰ ਸੁਫਨਾ ਭੀ ਨਹੀਂ ਸੀ। ਤਿਆਰੀ ਤਾਂ ਕੀ ਹੋਣੀ ਸੀ। ਮਾਮੂਲੀ ਜਿਹਾ ਟਾਕਰਾ ਹੋਇਆ ਜੋ ਸਿੰਘਾਂ ਸੌਖੇ ਹੀ ਹੂੰਝ ਛੱਡਿਆ, ਅਤੇ ਬ੍ਰਾਹਮਣ ਦੀ ਇਸਤ੍ਰੀ ਛੁੜਾ ਕੇ ਉਸ ਦੇ ਹਵਾਲੇ ਕੀਤੀ, ਹੁਣ ਸ਼ਹਿਰ ਵਿਚ ਲੁੱਟ ਪੈ ਗਈ। ਇਹ ਦੇਖ ਕੇ ਆਲੇ ਦੁਆਲੇ ਦੇ ਪਿੰਡਾਂ ਦੇ ਜੱਟ ਅਤੇ ਕੰਮੀ ਚੂਹੜੇ ਚਮਿਆਰ ਭੀ ਟੁੱਟ ਕੇ ਪੈ ਗਏ। ਇਸ ਤਰ੍ਹਾਂ ਲੁੱਟ ਨਾਲ ਇਹ ਧਨਾਢ ਸ਼ਹਿਰ ਬਰਬਾਦ ਹੋ ਗਿਆ ਅਤੇ ਦੂਸਰੇ ਪਾਸੇ ਕਈ ਗ਼ਰੀਬਾਂ ਨਿਰਧਨਾਂ ਦੇ ਦਲਿੱਦਰ ਟੁੱਟ ਗਏ।

ਇਸ ਲੁੱਟ ਵਿਚ ਜੱਸਾ ਸਿੰਘ ਰਾਮਗੜ੍ਹੀਏ ਦੇ ਭਾਈ ਮਾਲੀ ਸਿੰਘ ਦੇ ਹੱਥ ਦੀਵਾਨ ਦਿਲਾ ਰਾਮ ਦੇ ਪੁੱਤਰ ਹਿਰਦੇ ਰਾਮ ਦੇ ਘਰੋਂ ਬਹੁਤ ਦਰਬ, ਰਤਨ, ਜਵਾਹਰ ਅਤੇ ਸੋਨਾ, ਲੱਗਾ, ਜੋ ਪੁਰਾਣੇ ਚਲੇ ਆ ਰਹੇ ਆਪਸ ਵਿਚ ਦੇ ਵਿਹਾਰ ਅਨੁਸਾਰ ਕਨ੍ਹੱਈਏ ਸਰਦਾਰ

ਜੈ ਸਿੰਘ ਨਾਲ ਬਰਾਬਰ ਵੰਡਣ ਦੀ ਥਾਂ ਮਾਲੀ ਸਿੰਘ ਨੇ ਆਪੇ ਹੀ ਸਾਰਾ ਰਖ ਲਿਆ, ਜਿਸ ਕਰਕੇ ਬਾਅਦ ਵਿਚ ਇਹ ਆਪਸ ਵਿਚ ਇਕ ਦੁਖਦਾਈ ਝਗੜੇ ਦਾ ਕਾਰਣ ਬਣ ਗਿਆ।

[*ਪ੍ਰਾਚੀਨ ਪੰਥ ਪ੍ਰਕਾਸ਼*, 47-893; ਬੂਟੇ ਸ਼ਾਹ, 534-35; ਅਹਿਮਦ ਸ਼ਾਹ ਬਟਾਲੀਆ, 491-92]

## ਜਾਲੰਧਰ ਦੁਆਬ

ਕਸੂਰ ਤੋਂ ਸਰਦਾਰ ਜੱਸਾ ਸਿੰਘ ਪਹਿਲੋਂ ਪਹਿਲ ਜਾਲੰਧਰ ਦੁਆਬ ਵਿਚ ਪੁੱਜੇ ਜਿਥੇ ਕਿ ਇਲਾਕੇ ਉਨ੍ਹਾਂ ਦੀ ਆਪਣੀ, ਡੱਲੇਵਾਲੀਆਂ, ਅਤੇ ਸਿੰਘਾਂ ਪੁਰੀਆਂ (ਫ਼ੈਜ਼ੁਲਾ ਪੁਰੀਆਂ) ਦੀ ਰਾਖੀ ਵਿਚ ਸਨ। ਅਹਿਮਦ ਸ਼ਾਹ ਜਾਂਦੀ ਵਾਰੀ ਇਥੇ ਸਆਦਤ ਖ਼ਾਨ ਨੂੰ ਫ਼ੌਜਦਾਰ ਬਣਾ ਗਿਆ ਸੀ। ਇਸ ਨੂੰ ਹੌਸਲਾ ਹੀ ਨਾ ਪਿਆ ਕਿ ਸਿੰਘਾਂ ਦਾ ਟਾਕਰਾ ਕਰਨ ਲਈ ਨਿੱਕਲੇ। ਉਸ ਨੇ ਚੁਪ ਸਾਧਣੀ ਹੀ ਠੀਕ ਸਮਝੀ ਅਤੇ ਜਾਲੰਧਰ ਬੈਠਾ ਰਿਹਾ। ਇਸ ਕਰਕੇ ਸਰਦਾਰ ਜੱਸਾ ਸਿੰਘ ਨੇ ਸੌਖੇ ਹੀ ਇਥੇ ਮੁੜ ਆਪਣਾ ਦਖ਼ਦਬਾ ਜਮਾ ਲਿਆ।

## ਕਾਠਗੜ੍ਹ ਅਤੇ ਗੜ੍ਹ ਸ਼ੰਕਰ

।ਵਸਾਖੀ ਦੇ ਮੌਕੇ ਤੇ (ਅਪਰੈਲ ਸੰਨ 1763) ਸਰਦਾਰ ਜੱਸਾ ਸਿੰਘ ਆਨੰਦਪੁਰ ਵਿਚ ਸਨ। ਗੁਰਦੁਆਰਿਆਂ ਦੇ ਦਰਸ਼ਨਾਂ ਲਈ ਆਈਆਂ ਸੰਗਤਾਂ ਨੇ ਦੱਸਿਆ ਕਿ ਕਾਠਗੜ੍ਹ ਦਾ ਗੋਲੇ ਖ਼ਾਨ ਅਤੇ ਗੜ੍ਹ ਸ਼ੰਕਰ ਦੇ ਰੰਘੜ ਸੰਗਤਾਂ ਨੂੰ ਰਾਹ ਵਿਚ ਲੁੱਟ ਲੈਂਦੇ ਹਨ। ਇਹ ਗੱਲ ਬੜੀ ਦੁਖਦਾਈ ਸੀ ਕਿ ਸਿੰਘ ਸਰਦਾਰਾਂ ਦੇ ਇਧਰ ਹੁੰਦੇ ਹੋਏ ਭੀ ਆਉਂਦੀਆਂ ਜਾਂਦੀਆਂ ਸੰਗਤਾਂ ਪਰ ਰੰਘੜਾਂ ਵੱਲੋਂ ਵਧੀਕੀ ਹੋਵੇ। ਸਰਦਾਰ ਜੱਸਾ ਸਿੰਘ ਨੇ ਝਟ ਪਟ ਜਾ ਕੇ ਦੋਹਾਂ ਥਾਵਾਂ ਉੱਤੇ ਕਬਜ਼ੇ ਕਰ ਲਏ ਅਤੇ ਰਾਹ ਸਾਫ਼ ਕਰ ਦਿੱਤਾ।

[*ਜੱਸਾ ਸਿੰਘ ਬਿਨੋਦ*, 108; ਉਰਦੂ 56, 57]

## ਮਾਲਵੇ ਵਿਚ

ਇਥੋਂ ਖ਼ਾਲਸਾ ਦਲ ਮਾਲਵੇ ਵਿਚ ਆ ਗਿਆ ਅਤੇ ਬਾਬਾ ਆਲਾ ਸਿੰਘ ਅਤੇ ਭਾਈਕਿਆਂ ਨੂੰ ਨਾਲ ਲੈ ਕੇ ਕਿਹਾ ਕਿ ਹੁਣ ਖ਼ਾਲਸਾ ਦਲ ਆਇਆ ਹੋਇਆ ਹੈ ਜਿਸ ਕਿਸੇ ਨੂੰ ਸੋਧਣਾ ਹੈ ਖ਼ਾਲਸੇ ਦੇ ਨਾਲ ਹੋ ਕੇ ਸੋਧ ਲਵੇ। ਮਲੇਰ ਕੋਟਲੀਆਂ ਨਾਲ ਸਿੰਘਾਂ ਦਾ ਵੈਰ ਪੈ ਗਿਆ ਹੋਇਆ ਸੀ। ਘਲੂ-ਘਾਰੇ ਵਿਚ ਇਨ੍ਹਾਂ ਨੇ ਜੈਨ ਖ਼ਾਨ ਫ਼ੌਜਦਾਰ ਸਰਹੰਦ ਅਤੇ ਅਹਿਮਦ ਸ਼ਾਹ ਦੁੱਰਾਨੀ ਦੇ ਨਾਲ ਹੋ ਕੇ ਸਿੰਘਾਂ ਦਾ ਚੋਖਾ ਨੁਕਸਾਨ ਕੀਤਾ ਸੀ। ਹੁਣ ਦਲ ਖ਼ਾਲਸਾ ਨੇ ਮਲੇਰੀਆਂ ਦਾ ਸਾਰਾ ਇਲਾਕਾ ਗਾਹ ਸੁੱਟਿਆ ਅਤੇ ਨਵਾਬ ਭੀਖਣ ਖ਼ਾਨ ਇਕ ਲੜਾਈ ਵਿਚ ਮਾਰਿਆ ਗਿਆ। ਫੇਰ ਸਿੰਘ ਸਰਹੰਦ ਵੱਲ ਹੋ ਪਏ ਅਤੇ ਇਸ ਦੇ ਆਲੇ ਦੁਆਲੇ ਦਾ ਇਲਾਕਾ ਉਗਰਾਹ ਲਿਆ।

ਮਾਲੂਮ ਹੁੰਦਾ ਹੈ ਕਿ ਬਰਸਾਤ ਦੇ ਮੌਸਮ ਤੋਂ ਬਾਅਦ ਖ਼ਾਲਸਾ ਦਲ ਸਰਦਾਰ ਜੱਸਾ ਸਿੰਘ ਨਾਲ ਦੁਆਬੇ ਵੱਲ ਨੂੰ ਮੁੜ ਗਿਆ ਅਤੇ ਦਿਵਾਲੀ ਦੇ ਮੌਕੇ ਤੇ ਅੰਮ੍ਰਿਤਸਰ ਜਾ

ਦਰਸ਼ਨ ਕੀਤੇ।

## ਜਹਾਨ ਖ਼ਾਨ ਨੂੰ ਸਿਆਲਕੋਟ ਵਿਚ ਹਾਰ

ਪੰਜ ਨਵੰਬਰ ਸੰਨ 1763 ਨੂੰ ਖਾਲਸਾ ਜੀ ਨੇ ਦਿਵਾਲੀ ਦੇ ਮੌਕੇ ਗੁਰਮਤਾ ਕੀਤਾ ਕਿ ਛੇਤੀ ਤੋਂ ਛੇਤੀ ਹੁਣ ਜਦ ਭੀ ਵਿਧਿ ਬਣੇ ਸ਼ਹਿਰ ਸਰਹੰਦ ਨੂੰ ਸੋਧ ਕੱਢਣਾ ਚਾਹੀਦਾ ਹੈ। ਇਥੇ ਸਲਾਹਾਂ ਹੀ ਹੋ ਰਹੀਆਂ ਸਨ ਕਿ ਖਬਰ ਪੁੱਜੀ ਕਿ ਅਹਿਮਦ ਸ਼ਾਹ ਦੁੱਰਾਨੀ ਦਾ ਭੇਜਿਆ ਹੋਇਆ ਬਖ਼ਸ਼ੀ ਜਹਾਨ ਖ਼ਾਨ ਅਟਕੋਂ ਪਾਰ ਲੰਘ ਆਇਆ ਹੈ। ਝਨਾਂ ਟੱਪ ਕੇ ਇਹ ਸਿੱਧਾ ਹੀ ਇਸ ਖਿਆਲ ਨਾਲ ਸਿਆਲਕੋਟ ਵੱਲ ਨੂੰ ਹੋ ਪਿਆ ਕਿ ਜੰਮੂ ਵਾਲੇ ਰਾਜਾ ਰਣਜੀਤ ਦੇਵ ਦੀ ਸਹਾਇਤਾ ਪ੍ਰਾਪਤ ਕਰ ਸਕੇ। ਇਸ ਵੇਲੇ ਸਰਦਾਰ ਚੜ੍ਹਤ ਸਿੰਘ ਤੀਹ ਕੁ ਮੀਲ ਦੱਖਣ-ਲਹਿੰਦੇ ਨੂੰ ਗੁਜਰਾਂਵਾਲੇ ਸੀ। ਉਸ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਝੰਡਾ ਸਿੰਘ ਅਤੇ ਗੁੱਜਰ ਸਿੰਘ ਭੰਗੀਆਂ ਨੂੰ ਸੱਦ ਭੇਜਿਆ ਅਤੇ ਸਿੰਘਾਂ ਨੇ ਰਲ ਕੇ ਜਹਾਨ ਖ਼ਾਨ ਨੂੰ ਜਾ ਲਲਕਾਰਿਆ। ਲੜਾਈ ਵਿਚ ਜਹਾਨ ਖ਼ਾਨ ਦਾ ਘੋੜਾ ਮਾਰਿਆ ਗਿਆ ਅਤੇ ਉਹ ਭੂਇੰ ਤੇ ਆ ਡਿੱਗਾ। ਇਹ ਵੇਖ ਕੇ ਖਾਲਸਿਆਂ ਨੇ ਜੈਕਾਰੇ ਗਜਾ ਦਿੱਤੇ ਕਿ 'ਮਾਰ ਲਿਆ, ਜਹਾਨਾ ਮਾਰ ਲਿਆ। ਸਤਿ ਸ੍ਰੀ ਅਕਾਲ—ਵਾਹਿਗੁਰੂ ਜੀ ਕੀ ਫਤਿਹ'—ਇਸ ਦੇ ਨਾਲ ਹੀ ਤਲਵਾਰਾਂ ਸੂਤ ਕੇ ਅਫ਼ਗਾਨਾਂ ਉੱਤੇ ਟੁੱਟ ਪਏ ਅਤੇ ਉਨ੍ਹਾਂ ਵਿਚ ਭਗਦੜ ਪਾ ਦਿੱਤੀ। ਜਹਾਨ ਖ਼ਾਨ ਆਪ ਭੀ ਮੈਦਾਨ ਛੱਡ ਕੇ ਰੋਹਤਾਸਗੜ੍ਹ ਵੱਲ ਨੂੰ ਭੱਜ ਨਿਕਲਿਆ ਅਤੇ ਉਸ ਦਾ ਇਕ ਖ਼ਾਸ ਹਾਥੀ, ਸਾਰਾ ਜੰਗੀ ਸਾਮਾਨ, ਕਈ ਜ਼ਨਾਨੇ ਰਿਸ਼ਤੇਦਾਰ ਅਤੇ ਸੰਬੰਧੀ ਸਿੰਘਾਂ ਦੇ ਹੱਥ ਆ ਗਏ।

ਇਸ ਵੇਲੇ ਜਹਾਨ ਖ਼ਾਨ ਦੀ ਬੇਗਮ ਨੇ ਸਰਦਾਰ ਚੜ੍ਹਤ ਸਿੰਘ ਪਾਸ ਅਰਜ ਕੀਤੀ ਕਿ ਇਸ ਵੇਲੇ ਸਾਡਾ ਪਰਦਾ ਅਤੇ ਇੱਜ਼ਤ ਤੁਹਾਡੇ ਅਖ਼ਤਿਆਰ ਵਿਚ ਹੈ। ਇਸ ਵੇਲੇ ਕਿਸੇ ਨੇ ਸਰਦਾਰ ਜੱਸਾ ਸਿੰਘ ਨੂੰ ਦੱਸਿਆ ਕਿ ਜਹਾਨ ਖ਼ਾਨ ਦਾ ਤੋਸ਼ਾ-ਖ਼ਾਨਾ ਅਤੇ ਬਹੁਤ ਸਾਰਾ ਜੇਵਰ ਇਨ੍ਹਾਂ ਜਨਾਨੀਆਂ ਪਾਸ ਹਨ। ਸਰਦਾਰ ਨੇ ਅੱਗੋਂ ਉੱਤਰ ਦਿੱਤਾ ਕਿ ਖਾਲਸਾ ਜਨਾਨੀਆਂ ਪਾਸ ਦੇ ਮਾਲ ਨੂੰ ਬਿਲਕੁਲ ਹੱਥ ਨਹੀਂ ਲਾਏਗਾ। ਸਰਦਾਰ ਜੱਸਾ ਸਿੰਘ ਨੇ ਬੇਗਮ ਸਾਹਿਬਾ ਨੂੰ ਕਿਹਾ ਕਿ ਤੁਸੀਂ ਉੱਕਾ ਹੀ ਕੋਈ ਫ਼ਿਕਰ ਨਾ ਕਰੋ। ਸਾਡਾ ਤੁਹਾਡੇ ਨਾਲ ਕੋਈ ਵੈਰ ਨਹੀਂ। ਲੜਨ ਆਇਆਂ ਨਾਲ ਸਾਡੀ ਲੜਾਈ ਸੀ। ਤੁਹਾਡੀ ਅਤੇ ਤੁਹਾਡੇ ਮਾਲ ਦੀ ਹਰ ਤਰ੍ਹਾਂ ਪੂਰੀ ਪੂਰੀ ਰੱਖਿਆ ਕੀਤੀ ਜਾਏਗੀ, ਜਿਥੇ ਵੀ ਤੁਸੀਂ ਜਾਣਾ ਚਾਹੋ, ਉਥੇ ਤੁਹਾਨੂੰ ਖ਼ੈਰ-ਖ਼ੈਰੀਅਤ ਨਾਲ ਪਹੁੰਚਾ ਦਿੱਤਾ ਜਾਏਗਾ। ਚੁਨਾਂਚਿ ਬੇਗਮ ਨੇ ਜੰਮੂ ਜਾਣ ਦੀ ਇੱਛਾ ਪਰਗਟ ਕੀਤੀ, ਸੋ ਸਰਦਾਰ ਚੜ੍ਹਤ ਸਿੰਘ ਨੇ ਜਹਾਨ ਖ਼ਾਨ ਦੇ ਪਰਿਵਾਰ ਨੂੰ ਸਣੇ ਉਨ੍ਹਾਂ ਦੇ ਸਾਮਾਨ ਅਤੇ ਭਾਰ ਬਰਦਾਰੀ ਦੇ ਆਪਣੇ ਆਦਮੀ ਨਾਲ ਦੇ ਕੇ ਜੰਮੂ ਪਹੁੰਚਾ ਦਿੱਤਾ।

ਮੁਫ਼ਤੀ ਅਲੀ-ਉ-ਦੀਨ ਲਿਖਦਾ ਹੈ ਕਿ ਪਿਛਲੇ ਜ਼ਮਾਨੇ ਦੇ ਸਿੰਘ ਪਰਾਈਆਂ ਜਨਾਨੀਆਂ ਤੋਂ ਬੜਾ ਸਖ਼ਤ ਪਰਹੇਜ਼ (ਬਚਾਉ) ਕਰਦੇ ਸਨ। ਇਸ ਲਈ ਉਨ੍ਹਾਂ ਨੇ ਜਹਾਨ

ਖ਼ਾਨ ਦੇ ਟੱਬਰਾਂ ਨੂੰ ਜੰਮੂ ਭੇਜ ਦਿੱਤਾ ਅਤੇ ਆਪ (ਅੱਧ ਨਵੰਬਰ ਦੇ ਲਾਗੇ) ਆਪਣੇ ਘਰਾਂ ਨੂੰ ਮੁੜ ਗਏ।

[*ਉਮਦਾਤੁ-ਤਵਾਰੀਖ*, ਦਫ਼ਤਰ ਦੂਸਰਾ, 11; ਅਹਿਮਦ ਸ਼ਾਹ ਬਟਾਲੀਆ, *ਜ਼ਿਕਰਿ ਗੁਰੂਆਂ ਵਾ ਸਿੰਘਾਂ*, 14, ਅਲੀ-ਉ-ਦੀਨ, *ਇਬਰਤਨਾਮਾ*, 236; ਕਨ੍ਹੱਈਆ ਲਾਲ, *ਤਾਰੀਖਿ ਪੰਜਾਬ*, 85; *ਜੱਸਾ ਸਿੰਘ ਬਿਨੋਦ*, 123; ਉਰਦੂ, 77; *ਤਾਰੀਖਿ ਕਪੂਰਥਲਾ*, 210-11]

Sri Satguru Jagjit Singh Ji eLibrary

*ਅਧਿਆਇ ਵੀਹਵਾਂ*

# *ਖਾਲਸੇ ਨੇ ਸਰਹੰਦ ਫ਼ਤਿਹ ਕਰ ਲਈ*

*(ਜਨਵਰੀ 1764)*

---

### ਲੱਛਮੀ ਨਾਰਾਇਣ ਨੂੰ ਭਾਂਜ

ਉੱਤਰ ਵੱਲੋਂ ਕੁਝ ਸਮੇਂ ਲਈ ਨਿਸਚਿੰਤ ਹੋ ਕੇ ਸਰਦਾਰ ਜੱਸਾ ਸਿੰਘ ਦੁਆਬੇ ਆ ਗਏ ਅਤੇ ਇੱਥੇ ਜ਼ਰੂਰੀ ਪ੍ਰਬੰਧ ਕਰ ਕੇ ਖਾਲਸੇ ਦੇ ਦਿਵਾਲੀ ਦੇ ਗੁਰਮਤੇ ਅਨੁਸਾਰ ਸਰਹੰਦ ਨੂੰ ਸੋਧਣ ਲਈ ਤਿਆਰ ਹੋ ਪਏ। ਭੰਗੀ, ਸੁੱਕਰਚੱਕੀਏ, ਕਨ੍ਹੱਈਏ ਅਤੇ ਰਾਮਗੜ੍ਹੀਏ ਸਰਦਾਰਾਂ ਨੂੰ ਭੀ ਸਦ ਲਿਆ ਅਤੇ ਜਨਵਰੀ ਸੰਨ 1764 ਦੇ ਸ਼ੁਰੂ ਵਿਚ ਹੀ ਰੋਪੜੋਂ ਸਤਲੁਜ ਪਾਰ ਕਰ ਕੇ ਚੁਪ ਕਰੀਤੇ ਚਮਕੌਰ ਸਾਹਿਬ ਆ ਇਕੱਠ ਕੀਤਾ। ਇਹ ਉਹ ਅਸਥਾਨ ਹੈ ਕਿ ਜਿਥੇ 8 ਪੋਹ ਸੰਮਤ 1762 (7 ਦਸੰਬਰ ਸੰਨ 1705 ਈ.) ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਰਹੰਦ ਦੇ ਫੌਜਦਾਰ ਵਜ਼ੀਰ ਖ਼ਾਨ ਨਾਲ ਜੁਧ ਹੋਇਆ ਸੀ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਸ਼ਹੀਦ ਹੋਏ ਸਨ। ਇਥੇ ਸਰਦਾਰ ਜੱਸਾ ਸਿੰਘ ਨੂੰ ਪਤਾ ਲੱਗਾ ਕਿ ਜੈਨ ਖ਼ਾਨ ਫੌਜਦਾਰ ਸਰਹੰਦ ਵਾਲੇ ਦਾ ਦੀਵਾਨ ਲਛਮੀ ਨਾਰਾਇਣ ਇਲਾਕੇ ਦੀ ਉਗਰਾਹੀ ਕਰਦਾ ਫਿਰਦਾ ਹੈ। ਇਹ ਸੁਣਦਿਆਂ ਹੀ ਖਾਲਸੇ ਨੇ ਉਧਰ ਨੂੰ ਧਾਈ ਕਰ ਦਿੱਤੀ। ਉਹ ਦੂਰੋਂ ਹੀ ਖਾਲਸੇ ਨੂੰ ਦੇਖ ਕੇ ਸਭ ਕੁਝ ਛਡ ਕੇ ਦੌੜ ਗਿਆ ਅਤੇ ਕੁਰਾਲੀ ਜਾ ਵੜਿਆ। ਉਸ ਦਾ ਸਾਰਾ ਡੇਰਾ ਖਾਲਸੇ ਦੇ ਹੱਥ ਆ ਗਿਆ ਅਤੇ ਇੱਥੇ ਇਤਨੀ ਦੌਲਤ ਲੱਭੀ ਕਿ ਅਨੇਕਾਂ ਸਿੰਘਾਂ ਦੇ ਫਾਕੇ ਟੁੱਟ ਗਏ।

[*ਪ੍ਰਾਚੀਨ ਪੰਥ ਪ੍ਰਕਾਸ਼*, 472-73; ਕਰਮ ਸਿੰਘ, *ਮਹਾਰਾਜਾ ਆਲਾ ਸਿੰਘ*, 224]

### ਮੁਰਿੰਡਾ ਮੁਰੰਡਿਆ ਗਿਆ

ਕੁਰਾਲੀ ਤੋਂ ਮੋਰਿੰਡਾ ਲਾਗੇ ਹੀ ਦੱਖਣ-ਲਹਿੰਦੇ ਨੂੰ ਸੀ। ਇੱਥੋਂ ਦੇ ਰੰਘੜਾਂ ਨੇ ਛੋਟੇ ਸਾਹਿਬਜ਼ਾਦਿਆਂ ਜੋਰਾਵਰ ਸਿੰਘ ਅਤੇ ਫਤਹਿ ਸਿੰਘ ਨੂੰ ਪਿੰਡ ਸਹੇੜੀ ਤੋਂ ਫੜ ਕੇ ਸਰਹੰਦ ਵਜ਼ੀਰ ਖ਼ਾਨ ਪਾਸ ਪਹੁੰਚਾਇਆ ਸੀ ਜਿਸ ਨੇ ਉਨ੍ਹਾਂ ਨੂੰ 13 ਪੋਹ ਸਮੰਤ 1762, 12 ਦਸੰਬਰ ਸੰਨ 1705 ਨੂੰ ਕਤਲ ਕਰਵਾ ਦਿੱਤਾ ਸੀ। ਇਸ ਕਰਕੇ ਸਿੰਘਾਂ ਨੂੰ ਇਥੋਂ ਦੇ ਰੰਘੜਾਂ ਦੇ ਵਿਰੁੱਧ ਗੁੱਸਾ ਸੀ। ਘੜੂੰਏਂ ਅਤੇ ਸਲੌਦੀ ਵਾਲੇ ਸਿੰਘਾਂ ਦਲ ਸਿੰਘ ਅਤੇ ਰਣ ਸਿੰਘ ਨੇ ਜ਼ੋਰ ਦਿੱਤਾ ਕਿ ਲਗਦੇ ਹੱਥ ਮੋਰਿੰਡਾ ਭੀ ਸੋਧ ਕਢਣਾ ਚਾਹੀਦਾ ਹੈ। ਸਰਦਾਰ

Sri Satguru Jagjit Singh Ji Library

ਜੱਸਾ ਸਿੰਘ ਕੁਝ ਕਾਰਣਾਂ ਕਰਕੇ ਇਸ ਨੂੰ ਟਾਲਣਾ ਚਾਹੁੰਦੇ ਸਨ, ਪਰ ਹੋਣਹਾਰ ਟਲਦੀ ਨਹੀਂ। ਕੁਝ ਸਿੰਘ ਜਦ ਇਥੋਂ ਦੀ ਲੰਘਦੇ ਹੋਏ ਇਕ ਖੂਹ ਤੇ ਪਾਣੀ ਪੀਣ ਗਏ ਤਾਂ ਉਥੇ ਗੜ੍ਹੀ ਤੇ ਹਥਿਆਰ ਲੈ ਕੇ ਚੜ੍ਹੇ ਹੋਏ ਰੰਘੜਾਂ ਨੇ ਸਿੰਘਾਂ ਨੂੰ ਕੁਝ ਮੰਦੇ ਬੋਲ ਬੋਲੇ, ਅਤੇ ਸੀੜ ਦੇ ਰੱਸੇ ਵਖਾ ਕੇ ਕਿਹਾ ਕਿ ਇਹ ਸਿੰਘਾਂ ਦੇ ਕੇਸਾਂ ਦੇ ਵੱਟੇ ਸਨ, ਹੁਣ ਪੁਰਾਣੇ ਹੋ ਗਏ ਹਨ, ਇਸ ਲਈ ਸਾਨੂੰ ਕੁਝ ਨਵੇਂ ਕੇਸ ਦੇ ਜਾਓ। ਆਓ ਜੇ ਲੜਨਾ ਹੈ ਤਾਂ। ਅੱਗੇ ਤੁਹਾਡੇ ਗੁਰੂ ਦੇ ਪੁੱਤਰ ਮਾਰੇ ਸਨ, ਹੁਣ ਤੁਹਾਨੂੰ ਮਾਰਨ ਲਈ ਤਿਆਰ ਬੈਠੇ ਹਾਂ। ਇਸ ਦੇ ਉੱਤਰ ਵਿਚ ਜਦ ਸਿੰਘਾਂ ਭੀ ਕੁਝ ਕੌੜੇ ਬਚਨ ਕਹੇ ਤਾਂ ਰੰਘੜਾਂ ਨੇ ਉਨ੍ਹਾਂ ਪਰ ਛਲਕ ਚਲਾ ਦਿੱਤੀ। ਸ਼ਾਮ ਸਿੰਘ ਅਤੇ ਕਰੋੜਾ ਸਿੰਘ ਨੇ ਇਹ ਦੇਖ ਕੇ ਜੱਸਾ ਸਿੰਘ ਨੂੰ ਜਾ ਕਿਹਾ ਅਤੇ ਮੋਰਿੰਡੇ ਤੇ ਹੱਲਾ ਕਰਵਾ ਦਿੱਤਾ, ਜਿਸ ਵਿਚ ਇਥੇ ਬਹੁਤ ਕਟਾ-ਵੱਢ ਹੋਈ ਅਤੇ ਮੋਰਿੰਡਾ ਤਬਾਹ ਹੋ ਗਿਆ। ਮੋਰਿੰਡੇ ਦੇ ਧਾਵੇ ਵਿਚ ਸਰਦਾਰ ਚੜ੍ਹਤ ਸਿੰਘ ਨੇ ਬੜੀ ਬਹਾਦੁਰੀ ਵਿਖਾਈ ਅਤੇ ਅਜਿਹਾ ਪ੍ਰਬੰਧ ਕੀਤਾ ਕਿ ਮੁਰਿੰਡਿਆਂ ਨੂੰ ਬਾਹਰੋਂ ਕੋਈ ਸਹਾਇਤਾ ਨਾ ਪੁੱਜ ਸਕੇ। ਇਸੇ ਤਰ੍ਹਾਂ ਤਾਰਾ ਸਿੰਘ ਗੈਬੇ ਅਤੇ ਹੋਰ ਸਰਦਾਰਾਂ ਨੇ ਭੀ ਮੁਰਿੰਡਿਆਂ ਨੂੰ ਸੋਧਣ ਵਿਚ ਵੱਧ ਤੋਂ ਵੱਧ ਜਤਨ ਕੀਤੇ, ਪਰ ਸਭ ਤੋਂ ਜ਼ਿਆਦਾ ਤਬਾਹੀ ਇੱਥੇ ਘੜੂੰਏ ਵਾਲੇ ਸਰਦਾਰਾਂ ਨੇ ਮਚਾਈ ਜਿਨ੍ਹਾਂ ਨਾਲ ਇਨ੍ਹਾਂ ਦਾ ਸਭ ਤੋਂ ਵੱਧ ਵਾਹ ਪੈਂਦਾ ਅਤੇ ਨਿਤ ਇੱਟ ਖੜਕਾ ਹੁੰਦਾ ਰਹਿੰਦਾ ਸੀ। ਇਥੇ ਲੁੱਟ ਵੱਲ ਕਿਸੇ ਨੇ ਬਹੁਤਾ ਧਿਆਨ ਨਹੀਂ ਦਿੱਤਾ, ਪਰ ਸਾਹਿਬਜ਼ਾਦਿਆਂ ਨਾਲ ਕੀਤੇ ਜ਼ੁਲਮ ਦਾ ਧਿਆਨ ਕਰ ਕੇ ਰੰਘੜਾਂ ਵਿਰੁੱਧ ਗੁੱਸਾ ਕੱਢਣ ਵਿਚ ਕੋਈ ਕਸਰ ਨਾ ਛੱਡੀ ਅਤੇ ਮੁਰਿੰਡਿਆਂ ਨੂੰ ਆਪਣੇ ਕੀਤੇ ਜ਼ੁਲਮ ਦਾ ਫਲ ਭੁਗਤਣਾ ਪਿਆ। ਇਸ ਸੰਸਾਰ ਵਿਚ 'ਜੇਹਾ ਬੀਜੈ ਸੁ ਲੁਣੈ ਕਰਮਾ ਸੰਦੜਾ ਖੇਤੁ', 'ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ'।

## ਸਰਹੰਦ ਪਰ ਹੱਲੇ ਦੀ ਤਿਆਰੀ

ਹੁਣ ਸਰਹੰਦ ਦੀ ਵਾਰੀ ਆ ਗਈ। ਮੋਰਿੰਡੇ ਤੋਂ ਸਰਹੰਦ ਜਰਾ ਕੁ ਦੱਖਣ-ਲਹਿੰਦੇ ਨੂੰ ਚੌਦਾਂ ਪੰਦਰਾਂ ਕੋਹਾਂ ਦੀ ਵਿਥ ਤੇ ਹੈ। ਸਰਹੰਦ ਦਾ ਨਾਉਂ ਸੁਣਦਿਆਂ ਹੀ ਸਿੰਘ ਕਚੀਚੀਆਂ ਪਏ ਵਟਦੇ ਸਨ। ਇਹ ਉਹ ਸਰਾਪਿਆ ਹੋਇਆ ਥਾਂ ਹੈ ਜਿਥੇ ਕਿ ਫੌਜਦਾਰ ਵਜ਼ੀਰ ਖ਼ਾਨ ਨੇ ਦਸੰਬਰ 1705 ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦੋ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਕੰਧ ਵਿਚ ਚੁਣਾਏ ਸਨ ਅਤੇ 13 ਪੋਹ (12 ਦਸੰਬਰ) ਨੂੰ ਕੋਹਿ ਕੋਹਿ ਕੇ ਕਤਲ ਕਰਵਾ ਦਿੱਤੇ ਸਨ। ਇਸ ਲਈ ਇਸ ਦਾ ਖਿਆਲ ਆਉਂਦੇ ਹੀ ਖਾਲਸੇ ਦੇ ਲੂੰ ਕੰਡੇ ਹੋ ਜਾਂਦੇ ਸਨ ਅਤੇ ਇਸ ਨੂੰ ਇਕ ਵਾਰੀ ਤਬਾਹ ਅਤੇ ਬਰਬਾਦ ਕਰ ਦੇਣ ਦਾ ਮਨ ਬਣਾਈ ਬੈਠੇ ਸਨ। ਬੰਦਾ ਸਿੰਘ ਦੇ ਵੇਲੇ ਇਸ ਨੂੰ ਕਈ ਕਾਰਣਾਂ ਕਰਕੇ ਛੱਡ ਦਿੱਤਾ ਗਿਆ ਸੀ ਅਤੇ ਪਿੱਛੋਂ ਖਾਲਸੇ ਦਾ ਕਦੀ ਪੂਰੀ ਤਰ੍ਹਾਂ ਦਾਉ ਨਹੀਂ ਸੀ ਭਰਿਆ। ਹੁਣ ਇਸ ਵਾਰੀ ਸਰਬਤ ਖਾਲਸਾ ਸ੍ਰੀ ਅੰਮ੍ਰਿਤਸਰ ਅਕਾਲ ਤਖਤ ਦੀ ਹਜ਼ੂਰੀ ਵਿਚ ਅਰਦਾਸਾ ਸੋਧ ਕੇ ਆਇਆ ਹੀ ਇਸ ਨੂੰ ਸੋਧਣ ਲਈ ਸੀ ਅਤੇ ਰੋਹ ਦੇ ਪੂਰ ਵਿਚ ਸੀ। ਇਸ ਲਈ ਉਨ੍ਹਾਂ

ਨੂੰ ਰੋਕ ਕਿਸ ਸਕਣਾ ਸੀ ਅਤੇ ਉਨ੍ਹਾਂ ਦੀ ਝਾਲ ਕਿਸ ਝੱਲਣੀ ਸੀ?

ਇਸ ਵੇਲੇ ਦਾ ਫੌਜਦਾਰ ਜੈਨ ਖ਼ਾਨ ਆਪਣੇ ਆਪ ਭੀ ਬੜਾ ਬਦਨਾਮ ਹੋ ਰਿਹਾ ਸੀ। ਤਹਿਮਾਸ ਨਾਮੇ ਦਾ ਲੇਖਕ ਤਹਿਮਾਸ ਖ਼ਾਨ ਇਸ ਵੇਲੇ ਸਰਹੰਦ ਵਿਚ ਮੌਜੂਦ ਸੀ ਅਤੇ ਜੈਨ ਖ਼ਾਨ ਦੀਆਂ ਵਧੀਕੀਆਂ ਅਤੇ ਜ਼ੁਲਮਾਂ ਨੂੰ ਅੱਖੀਂ ਵੇਖ ਰਿਹਾ ਸੀ। ਉਹ ਲਿਖਦਾ ਹੈ ਕਿ ਜੈਨ ਖ਼ਾਨ ਨੇ ਪੁਰਾਣੇ ਕਾਨੂੰਨ ਕਾਇਦੇ ਸਭ ਭੰਨ ਤੋੜ ਛੱਡੇ ਸਨ, ਫੌਜ ਦੀ ਤਨਖਾਹ ਦੇਣੀ ਬੰਦ ਕਰ ਦਿੱਤੀ ਹੋਈ ਸੀ, ਬੇਦਰਦੀ ਨਾਲ ਅਨੇਂਵਾਹ ਇਲਾਕੇ ਦੇ ਪਿੰਡਾਂ ਨੂੰ ਲੁੱਟ ਰਿਹਾ ਸੀ ਅਤੇ ਸਿਪਾਹੀਆਂ ਦੀ ਤਨਖਾਹ ਦੀ ਬਣਦੀ ਰਕਮ ਦੇ ਬਦਲੇ ਚੌਥਾਈ ਦੇ ਉਨ੍ਹਾਂ ਨੂੰ ਦਾਣੇ ਦਿੰਦਾ ਸੀ। ਉਸ ਨੇ ਪਹਾੜੀ ਰਾਜਿਆਂ ਨਾਲ ਯਰਾਨਾ ਗੰਢਿਆ ਹੋਇਆ ਸੀ ਅਤੇ ਕੇਵਲ ਧਨ ਇਕੱਠਾ ਕਰਨ ਦੇ ਮਗਰ ਪਿਆ ਹੋਇਆ ਸੀ। ਇਨ੍ਹਾਂ ਜ਼ੁਲਮਾਂ ਅਤੇ ਮੂਰਖਤਾ ਦੇ ਕੰਮਾਂ ਤੋਂ, ਜੋ ਸਦਾ ਦੁਖ ਅਤੇ ਬਰਬਾਦੀ ਦਾ ਕਾਰਣ ਹੁੰਦੇ ਹਨ, ਮੈਂ ਸਮਝਦਾ ਸਾਂ, ਕਿਸੇ ਭਲੇ ਭਵਿਖ ਦੀ ਆਸ ਰਖਣਾ ਮੂਰਖਤਾ ਸੀ। ਮੈਂ ਆਪਣੇ ਸਾਥੀਆਂ ਨੂੰ ਕਿਹਾ ਕਿ ਜੈਨ ਖ਼ਾਨ ਦੀ ਫੌਜ ਛੇਤੀ ਹੀ ਤਬਾਹ ਹੋ ਜਾਏਗੀ ਅਤੇ ਸਰਹੰਦ ਉੱਜੜ ਪੁੱਜੜ ਜਾਏਗੀ, [*ਤਹਿਮਾਸ ਨਾਮਾ*, 113-14, ਰਾਓ, 108-9]। ਤਹਿਮਾਸ ਖ਼ਾਨ ਦੀ ਇਹ ਗੱਲ ਅੱਖਰੋਂ ਅੱਖਰ ਠੀਕ ਸਾਬਤ ਹੋਈ। ਮਾਲੂਮ ਹੁੰਦਾ ਹੈ ਕਿ ਤਹਿਮਾਸ ਖ਼ਾਨ ਨੂੰ ਖਾਲਸੇ ਦੀ ਚੜ੍ਹਾਈ ਦੀ ਖਬਰ ਲੱਗ ਗਈ ਸੀ।

ਜੈਨ ਖ਼ਾਨ ਨੂੰ ਕਿਸੇ ਪਾਸਿਉਂ ਬਾਹਰੋਂ ਕੋਈ ਸਹਾਇਤਾ ਭੀ ਨਹੀਂ ਸੀ ਪੁੱਜ ਸਕਦੀ। ਅਹਿਮਦ ਸ਼ਾਹ ਬਾਦਸ਼ਾਹ ਦੂਰ ਅਫਗਾਨਿਸਤਾਨ ਵਿਚ ਸੀ। ਬਖ਼ਸ਼ੀ ਜਹਾਨ ਖ਼ਾਨ ਨੂੰ ਖਾਲਸਾ ਜੀ ਨੇ ਹੁਣੇ ਸਿਆਲਕੋਟ ਵਿਚ ਨਵੀਂ ਨਵੀਂ ਸੱਟ ਮਾਰੀ ਸੀ ਅਤੇ ਉਹ ਰੁਹਤਾਸਗੜ੍ਹ ਜਾਂ ਜੰਮੂ ਵਿਚ ਪਿਆ ਸੇਕ ਦੇ ਰਿਹਾ ਸੀ। ਸਆਦਤ ਖ਼ਾਨ ਡਰਦਾ ਮਾਰਾ ਜਾਲੰਧਰੋਂ ਬਾਹਰ ਨਹੀਂ ਸੀ ਨਿਕਲ ਰਿਹਾ। ਕਾਬੁਲੀ ਮਲ ਪਾਸ ਲਾਹੌਰ ਕੋਈ ਬਹੁਤੀ ਫੌਜ ਨਹੀਂ ਸੀ ਅਤੇ ਜੋ ਸੀ ਭੀ ਉਹ ਉਸ ਨੂੰ ਲਾਹੌਰ ਦੀ ਰਾਖੀ ਲੈਈ ਲੋੜੀਂਦੀ ਸੀ। ਮੁਰਤਜ਼ਾ ਖ਼ਾਨ ਬੜ੍ਹਾਇਚ, ਕਾਸਿਮ ਖ਼ਾਨ ਅਤੇ ਤਹਿਮਾਸ ਖ਼ਾਨ ਦੁਖੀ ਹੋ ਕੇ ਉਸ ਦਾ ਸਾਥ ਛੱਡ ਗਏ ਸਨ।

[*ਤਹਿਮਾਸਨਾਮਾ* (ਰਾਓ), 109-13]

ਦੂਸਰੇ ਪਾਸੇ ਬੁੱਢਾ ਅਤੇ ਤਰੁਨਾ ਦਲ ਦੇ ਉੱਘੇ ਉੱਘੇ ਸਰਦਾਰ ਸਭ ਆ ਜੁੜੇ ਸਨ। ਸੁਲਤਾਨੁਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੋਹਾਂ ਦਲਾਂ ਦਾ ਮੁਖੀ ਅਤੇ ਪੰਥ ਦਾ ਸਾਂਝਾ ਜੱਥੇਦਾਰ ਇਸ ਮੁਹਿੰਮ ਦਾ ਮੁਹੈਲ ਸੀ। ਸਰਦਾਰ ਚੜ੍ਹਤ ਸਿੰਘ ਸੁੱਕਰਚੱਕੀਆ, ਝੰਡਾ ਸਿੰਘ ਅਤੇ ਗੰਡਾ ਸਿੰਘ ਭੰਗੀ ਅਤੇ ਰਾਹੋਂਵਾਲਾ ਤਾਰਾ ਸਿੰਘ ਗੈਬਾ ਅਤੇ ਦੂਸਰੇ ਮਿਸਲਦਾਰ ਸਰਦਾਰ ਤਾਂ ਆਏ ਹੋਏ ਹੀ ਸਨ, ਬਾਬਾ ਆਲਾ ਸਿੰਘ ਪਟਿਆਲੇ ਵਾਲਾ ਭੀ ਆਪਣੀ ਫੌਜ ਨਾਲ ਆ ਪੁੱਜਾ ਜਿਸ ਦੇ ਕਮਾਨ-ਅਫਸਰ ਹਿੰਮਤ ਸਿੰਘ ਅਤੇ ਚੈਨ ਸਿੰਘ ਸਨ।

## ਜੈਨ ਖ਼ਾਨ ਬਾਹਰ ਹੀ ਘੇਰ ਲਿਆ ਗਿਆ

13 ਜਨਵਰੀ ਸੰਨ 1764 ਸ਼ੁੱਕਰਵਾਰ ਨੂੰ ਦਲ ਖਾਲਸਾ ਸਰਹੰਦ ਵੱਲ ਨੂੰ ਉੱਲਰ ਪਿਆ। ਇਸ ਵੇਲੇ ਜੈਨ ਖ਼ਾਨ ਫੌਜ ਲੈ ਕੇ ਚੜ੍ਹਦੇ ਵੱਲ ਉਗ੍ਰਾਹੀ ਕਰਨ ਚੜ੍ਹਿਆ ਹੋਇਆ ਸੀ ਅਤੇ ਪਿੰਡਾਂ ਨੂੰ ਲੁੱਟ ਰਿਹਾ ਸੀ। ਸਰਦਾਰ ਜੱਸਾ ਸਿੰਘ ਨੇ ਸੋਚਿਆ ਕਿ ਹੁਣ ਚੂੰਕਿ ਜੈਨ ਖ਼ਾਨ ਸਰਹੰਦੋਂ ਬਾਹਰ ਆਇਆ ਹੋਇਆ ਹੈ ਇਸ ਲਈ ਜਿਵੇਂ ਹੋ ਸਕੇ ਇਸ ਨੂੰ ਬਾਹਰ ਹੀ ਘੇਰ ਲੈਣਾ ਚਾਹੀਦਾ ਹੈ ਅਤੇ ਸਰਹੰਦ ਦੇ ਕਿਲੇ ਤਕ ਨਹੀਂ ਪਹੁੰਚਣ ਦੇਣਾ ਚਾਹੀਦਾ ਤਾਕਿ ਲੜਾਈ ਲੰਬੀ ਨਾ ਹੋ ਜਾਏ। ਇਹ ਗੱਲ ਸਭ ਸਰਦਾਰਾਂ ਨੂੰ ਬੜੀ ਚੰਗੀ ਲੱਗੀ ਅਤੇ ਜੈਨ ਖ਼ਾਨ ਦਾ ਅੱਗਾ ਰੋਕਣ ਲਈ ਸਰਹੰਦ ਸ਼ਹਿਰ ਤੋਂ ਅੱਗੋ ਲੰਘ ਕੇ ਬੁੱਢਾ ਦਲ ਨੇ ਸਰਦਾਰ ਜੱਸਾ ਸਿੰਘ ਦੀ ਕਮਾਨ ਹੇਠ ਬਸੀ ਤੋਂ ਚੜ੍ਹਦੇ ਵੱਲ ਭਾਗਨਪੁਰ ਜ਼ਾ ਡੇਰਾ ਲਾਇਆ ਅਤੇ ਤਰੁਨਾ ਦਲ ਨੇ ਦੱਖਣ-ਚੜ੍ਹਦੇ ਨੂੰ ਮਨਹੇੜੇ ਤਕ ਦਾ ਪਾਸਾ ਜਾ ਮੱਲਿਆ ਤਾਕਿ ਕਿਸੇ ਪਾਸਿਉਂ ਦੀ ਭੀ ਜੈਨ ਖ਼ਾਨ ਨਿਕਲ ਕੇ ਸਰਹੰਦ ਨਾ ਜਾ ਵੜੇ। ਸਾਰੀ ਰਾਤ ਸਿੰਘ ਘੋੜਿਆਂ ਪਰ ਤਿਆਰ ਬਰ ਤਿਆਰ ਰਹੇ। ਉਧਰ ਜੈਨ ਖ਼ਾਨ ਨੂੰ ਭੀ ਪਤਾ ਲੱਗ ਗਿਆ ਅਤੇ ਉਸ ਨੇ ਭੀ ਸਾਰੀ ਰਾਤ ਖੜੇ ਹੀ ਗੁਜ਼ਾਰੀ।

ਕੁਝ ਕੁ ਤੜਕੇ ਮੂੰਹ-ਹਨ੍ਹੇਰੇ ਹੀ 14 ਜਨਵਰੀ ਸੰਨ 1764 ਨੂੰ ਜੈਨ ਖ਼ਾਨ ਮਨਹੇੜੇ ਵੱਲੋਂ ਚੁਪ ਚਾਪ ਸਵਾਰ ਹੋ ਕੇ ਥੋੜੇ ਜਿਹੇ ਬੰਦਿਆਂ ਨਾਲ ਅੱਖ ਬਚਾ ਕੇ ਸਰਹੰਦ ਪਹੁੰਚਣ ਦੀ ਨੀਅਤ ਨਾਲ ਉਠ ਤੁਰਿਆ। ਤੋਪ, ਜੰਬੂਰੇ ਰਹਿਕਲੇ ਸਭ ਕੁਛ ਉਸ ਨੇ ਵਹੀਰ ਨਾਲ ਕਰ ਦਿੱਤੇ ਅਤੇ ਧੌਂਸੇ ਨਗਾਰੇ ਭੀ ਉਨ੍ਹਾਂ ਨਾਲ ਦੇ ਦਿੱਤੇ ਅਤੇ ਬਜਾਉਣ ਲਈ ਕਹਿ ਦਿੱਤਾ। ਤਦਬੀਰ ਇਹ ਸੀ ਕਿ ਨਗਾਰਿਆਂ ਦੀ ਆਵਾਜ਼ ਸੁਣ ਕੇ ਖਾਲਸੇ ਦਾ ਸਾਰਾ ਧਿਆਨ ਉਧਰ ਹੋ ਜਾਏਗਾ ਅਤੇ ਉਹ ਸਾਮਾਨ ਲੁੱਟਣ ਵਿਚ ਰੁਝ ਜਾਣਗੇ, ਇਤਨੇ ਨੂੰ ਮੈਂ ਸ਼ੂਟ ਕਰ ਕੇ ਸਰਹੰਦ ਜਾ ਵੜਾਂਗਾ ਅਤੇ ਅੰਦਰ ਬੈਠ ਕੇ ਟਾਕਰੇ ਲਈ ਡਟ ਜਾਵਾਂਗਾ।

## ਜੈਨ ਖ਼ਾਨ ਮਾਰਿਆ ਗਿਆ

ਪਰ ਸਰਦਾਰ ਜੱਸਾ ਸਿੰਘ ਨੇ ਭੀ ਇਹ ਸਭ ਪੈਂਤੜੇ ਸੋਚੇ ਹੋਏ ਸਨ ਅਤੇ ਸਾਰੀ ਪਾਸੀਂ ਮੋਹਰਖੇ ਰੱਖੇ ਹੋਏ ਸਨ। ਧੌਂਸਿਆਂ ਦੀ ਆਵਾਜ ਸੁਣ ਕੇ ਤਰੁਨਾ ਦਲ ਵਾਲੇ ਮਝੈਲ ਵਹੀਰ ਵੱਲ ਹੋ ਗਏ। ਜਦ ਮੋਹਰਖਿਆਂ ਨੇ ਆ ਕੇ ਸਰਦਾਰ ਜੱਸਾ ਸਿੰਘ ਨੂੰ ਖ਼ਬਰ ਦਿੱਤੀ ਤਾਂ ਉਹ ਚੋਕਸ ਹੋ ਗਏ। ਜੈਨ ਖ਼ਾਨ ਨੇ ਕੁਝ ਫੌਜ ਤਾਂ ਸਿੰਘਾਂ ਦੇ ਦਸਤਿਆਂ ਨਾਲ ਲੜਨ ਲਾ ਦਿੱਤੀ ਅਤੇ ਆਪ ਸ਼ਹਿਰ ਵੱਲ ਨੂੰ ਧਾਈ ਕਰ ਦਿੱਤੀ। ਪਰ ਉਧਰ ਭੀ ਅੱਗਾ ਖਾਲਸੇ ਨੇ ਰੋਕਿਆ ਹੋਇਆ ਸੀ ਅਤੇ ਉਨ੍ਹਾਂ ਨੇ ਬੰਦੂਕਾਂ ਦੀ ਵਾੜ ਝਾੜ ਦਿੱਤੀ। ਇਸ ਨਾਲ ਜੈਨ ਖ਼ਾਨ ਜ਼ਖਮੀ ਹੋ ਕੇ ਭੋਇੰ ਤੇ ਡਿਗ ਪਿਆ। ਹੁਣ ਉਸ ਦੇ ਸਾਥੀਆਂ ਵਿਚ ਰੋਲਾ ਪੈ ਗਿਆ। 'ਬਰ ਕੁਨ, ਬਰ ਕੁਨ' (ਚੁੱਕ ਲਓ, ਚੁੱਕ ਲਓ) ਦੀਆਂ ਆਵਾਜਾਂ ਸੁਣ ਕੇ ਸਿੰਘ ਸਮਝ ਗਏ ਕਿ ਇਥੇ ਜੈਨ ਖ਼ਾਨ ਡਿਗ ਪਿਆ ਹੋਇਆ ਹੈ ਅਤੇ ਬਹੁਤ ਸਾਰੇ ਸਿੰਘ ਆ ਪੁੱਜੇ। ਮਾੜੀ ਵਾਲੇ ਤਾਰਾ ਸਿੰਘ ਨੇ ਅੱਗੇ ਹੋ ਕੇ ਜੈਨ ਖ਼ਾਨ ਦਾ ਸਿਰ ਲਾਹ ਦਿੱਤਾ। ਜੈਨ ਖ਼ਾਨ ਦੇ ਮਾਰੇ ਜਾਣ ਦੀ

Sri Satguru Jagjit Singh Ji eLibrary

ਦੇਰ ਸੀ ਕਿ ਉਸ ਦੀ ਫੌਜ ਭੱਜ ਨਿਕਲੀ।

[*ਪ੍ਰਾਚੀਨ ਪੰਥ ਪ੍ਰਕਾਸ਼*, 498-502; ਉਮਦਾਤੁ ਤਵਾਰੀਖ, ਦਫ਼ਤਰ 1,161. ਦਫ਼ਤਰ ਦੂਸਰਾ, 11. *ਤਜ਼ਕਿਰਾ ਖ਼ਾਨਦਾਨ ਫੂਲਕਿਆਂ*, 17]

ਇਸ ਦਿਨ 4 ਮੱਘਰ ਸੰਮਤ 1820 ਬਿਕਰਮੀ, 14 ਜਨਵਰੀ, ਸੰਨ 1764 ਸੀ, ਅਤੇ ਪਾਣੀਪਤ ਵਿਖੇ ਅਹਿਮਦਸ਼ਾਹ ਦੁੱਰਾਨੀ ਦੀ ਮਰਾਠਿਆਂ ਪਰ ਜਿੱਤ ਦੀ ਤੀਸਰੀ ਬਰਸੀ। ਐਨ ਉਸੇ ਦਿਨ ਤਿੰਨ ਵਰ੍ਹਿਆਂ ਪਿਛੋਂ ਸਿੰਘਾਂ ਨੇ ਸਤਲੁਜੋਂ ਦੱਖਣ ਨੂੰ ਸਾਰੇ ਇਲਾਕੇ ਵਿਚੋਂ ਦੁੱਰਾਨੀ ਹਕੂਮਤ ਦਾ ਅੱਡਾ ਉਠਾ ਦਿੱਤਾ ਜੋ ਮੁੜ ਫਿਰ ਕਾਇਮ ਨਾ ਕੀਤਾ ਜਾ ਸਕਿਆ। ਅਜੇ ਪੂਰੇ ਦੋ ਸਾਲ ਨਹੀ ਸਨ ਹੋਏ ਕਿ ਖ਼ਾਲਸੇ ਨੇ ਘੱਲੂ-ਘਾਰੇ ਦਾ ਬਦਲਾ ਸਰਹੰਦ ਫ਼ਤਿਹ ਕਰ ਕੇ ਦੁੱਰਾਨੀਆਂ ਕੋਲੋਂ ਲੈ ਲਿਆ। ਅਸਲ ਵਿਚ ਦੁੱਰਾਨੀਆਂ ਨੇ ਘੱਲੂ-ਘਾਰੇ ਵਿਚ ਜੋ ਬਾਣ ਸਿੰਘਾਂ ਨੂੰ ਲਾਇਆ ਸੀ, ਉਸ ਨੇ ਇਨ੍ਹਾਂ ਦਾ ਅਜੇਹਾ ਰੋਸ ਜਗਾਇਆ—ਜਬੈ ਬਾਣ ਲਾਗੈ ਤਬੈ ਰੋਸ ਜਾਗੈ—ਕਿ ਇਨ੍ਹਾਂ ਨੇ ਮੁੜ ਦੁੱਰਾਨੀਆਂ ਨੂੰ ਸੁਖ ਦੀ ਨੀਂਦ ਨਹੀਂ ਸੌਣ ਦਿੱਤਾ ਅਤੇ ਮਾਲਵੇ ਵਿਚੋਂ ਉਨ੍ਹਾਂ ਦੀ ਹਕੂਮਤ ਖ਼ਤਮ ਕਰਕੇ ਹੀ ਸਾਹ ਲਿਆ ਅਤੇ ਸਰਹੰਦ ਦੀ ਜਿੱਤ ਤੋਂ ਐਨ ਸਵਾ ਸਾਲ ਪਿਛੋਂ ਲਾਹੌਰ ਉੱਤੇ ਭੀ ਪੱਕੀ ਤਰ੍ਹਾਂ ਕਬਜ਼ਾ ਕਰ ਕੇ ਸਦਾ ਲਈ ਪੰਜਾਬ ਨੂੰ ਦੁੱਰਾਨੀਆਂ ਪਾਸੋਂ ਆਜ਼ਾਦ ਕਰ ਲਿਆ।

## ਸਰਹੰਦ ਵਿਚ ਖੋਤਿਆਂ ਨਾਲ ਹਲ ਵਾਹੁਣਾ

ਸਰਹੰਦ ਦੀ ਜੋ ਹੁਣ ਤਬਾਹੀ ਹੋਈ ਉਸ ਦਾ ਅੰਦਾਜ਼ਾ ਕਈ ਮੀਲਾਂ ਵਿਚ ਢੱਠੀਆਂ ਗੜ੍ਹੀਆਂ, ਉੱਜੜੀਆਂ ਹਵੇਲੀਆਂ ਅਤੇ ਬਰਬਾਦ ਹੋਏ ਮਕਾਨਾਂ ਦੇ ਖਿੱਲਰੇ ਪਏ ਢੇਰਾਂ ਤੋਂ ਹੀ ਲਾਇਆ ਜਾ ਸਕਦਾ ਹੈ, ਜੋ ਇਸ ਗੱਲ ਦਾ ਪਰਤੱਖ ਸਬੂਤ ਹਨ ਕਿ ਅਤਿਆਚਾਰ ਦਾ ਬਦਲਾ ਲੈਣ ਲਈ ਜਦ ਰੱਬ ਦੀ ਲਾਠੀ ਵਰ੍ਹਦੀ ਹੈ ਤਾਂ ਬੜੇ ਬੜੇ ਕਿਲਿਆਂ ਅਤੇ ਮੁਨਾਰਿਆਂ ਵਾਲੇ ਘੁੱਗ ਵਸਦੇ ਸ਼ਹਿਰ ਭੀ ਮਿੱਟੀ ਅਤੇ ਸੁਆਹ ਦਾ ਢੇਰ ਹੋ ਜਾਂਦੇ ਹਨ ਅਤੇ ਸੁੰਦਰ ਬਾਗ਼ ਬਗੀਚਿਆਂ ਅਤੇ ਗੁਲਜ਼ਾਰਾਂ ਵਿਚ ਖੋਤਿਆਂ ਨਾਲ ਹਲ ਵਗ ਜਾਂਦੇ ਸਨ।

ਜਿਸ ਵੇਲੇ ਸ਼ਹਿਰ ਦੀ ਤਬਾਹੀ ਹੋ ਰਹੀ ਸੀ ਤਾਂ ਕਿਸੇ ਨੇ ਪੰਥ ਦੇ ਜਥੇਦਾਰ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਜਾ ਆਖਿਆ ਕਿ ਖ਼ਾਲਸੇ ਵਿਚ ਇਹ ਆਮ ਪ੍ਰਸਿੱਧ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਫ਼ਰਮਾਇਆ ਸੀ ਕਿ ਸਰਹੰਦ ਦੀ ਇੱਟ ਇੱਟ ਉਖੜ ਜਾਏਗੀ ਅਤੇ ਇਥੇ ਖੋਤਿਆਂ ਦੇ ਹਲ ਵਗਣਗੇ। ਇਸ ਗੱਲ ਦੀ ਭਾਵੇਂ ਕੋਈ ਪੱਕੀ ਤਸਦੀਕ ਤਾਂ ਨਹੀਂ ਸੀ ਕਰ ਸਕਦਾ, ਪਰ ਸਰਦਾਰ ਜੱਸਾ ਸਿੰਘ ਇਕ ਸ਼ਰਧਾਵਾਨ ਸਿੱਖ ਸਨ, ਉਨ੍ਹਾਂ ਨੇ ਕਿਹਾ ਕਿ ਜੇ ਕਿਧਰੇ ਸਚਮੁਚ ਹੀ ਸਤਿਗੁਰੂ ਦੇ ਇਹ ਬਚਨ ਕਿਸੇ ਵੇਲੇ ਹੋਏ ਸਨ ਤਾਂ ਇਨ੍ਹਾਂ ਨੂੰ ਪੂਰਾ ਕਰ ਦੇਣਾ ਚਾਹੀਦਾ ਹੈ। ਸੋ ਬਹੁਤ ਸਾਰੇ ਖੋਤੇ ਮੰਗਾ ਲਏ ਗਏ ਅਤੇ ਉਨ੍ਹਾਂ ਨੂੰ ਹਲਾਂ ਅੱਗੇ ਜੋੜ ਕੇ ਸਰਦਾਰ ਜੱਸਾ ਸਿੰਘ ਅਤੇ ਦੂਸਰੇ ਬੜੇ ਬੜੇ ਸਭ ਸਰਦਾਰਾਂ ਨੇ ਹਲ ਫੇਰਨ ਦੀ ਰੀਤ ਪੂਰੀ ਕਰ ਦਿੱਤੀ। [*ਪ੍ਰਾਚੀਨ ਪੰਥ ਪ੍ਰਕਾਸ਼*, 502]

ਇੱਟ ਇੱਟ ਉਖੜਨ ਵਾਲੀ ਗੱਲ ਭੀ ਪੂਰੀ ਹੋ ਗਈ। ਸ਼ਹਿਰ ਦੇ ਬੜੇ ਬੜੇ ਮਕਾਨ

ਤਾਂ ਇਸੇ ਵੇਲੇ ਹੀ ਢਹਿ ਢੇਰੀ ਹੋ ਗਏ ਅਤੇ ਕੁਝ ਲੋਕਾਂ ਦੇ ਇੱਥੋਂ ਉੱਜੜ ਕੇ ਬਾਹਰ ਚਲੇ ਜਾਣ ਨਾਲ ਡਿਗ ਪਏ। ਇਸ ਵੇਲੇ ਤੋਂ ਇਹ ਰਵਾਜ ਭੀ ਪੈ ਗਿਆ ਕਿ ਸਰਹੰਦ ਵਿਚ ਦੀ ਲੰਘਦਾ ਹੋਇਆ ਹਰ ਸਿੱਖ ਇੱਥੋਂ ਇਕ ਇੱਟ ਚੁੱਕ ਕੇ ਲੈ ਜਾਂਦਾ ਅਤੇ ਦੂਰ ਜਾਣ ਵਾਲਾ ਜਮੁਨਾ ਜਾਂ ਸਤਲੁਜ ਵਿਚ ਜਾ ਸੁੱਟਦਾ ਅਤੇ ਨੇੜੇ ਵਾਲਾ ਇਸ ਦੇ ਵਸੀਮੇ ਤੋਂ ਬਾਹਰ ਜਾ ਮਾਰਦਾ। ਇਹ ਰਵਾਜ ਹੁਣ ਤਕ ਭੀ ਪੁਰਾਣੇ ਸਿੰਘਾਂ ਵਿਚ ਦੇਖਿਆ ਜਾਂਦਾ ਹੈ। ਫੇਰ ਜਦ ਰੇਲ ਬਣੀ ਤਾਂ ਮਹਾਰਾਜਾ ਪਟਿਆਲਾ ਨੇ ਸੰਨ 1867 ਵਿਚ ਸਰਹੰਦ ਦਾ ਮਲਬਾ ਨਾਰਥ ਵੈਸਟਰਨ ਰੇਲਵੇ ਕੰਪਨੀ ਪਾਸ ਬੇਚ ਦਿੱਤਾ ਅਤੇ ਉਨ੍ਹਾਂ ਦੇ ਠੇਕੇਦਾਰਾਂ ਨੇ ਸਰਹੰਦ ਦੇ ਢਏ ਪਏ ਮਕਾਨਾਂ ਅਤੇ ਥੇਹਾਂ ਤੋਂ ਇੱਟਾਂ ਦਾ ਮਲਬਾ ਲਿਆ ਕੇ ਰੇਲ ਦੀ ਪਟੜੀ ਹੇਠ ਬਿਛਾ ਦਿੱਤਾ ਅਤੇ ਇਸ ਤਰ੍ਹਾਂ ਪੁਰਾਣੀ ਸਰਹੰਦ ਦੀ ਇੱਟ ਇੱਟ ਉਖੜ ਕੇ ਦੂਰ ਦੂਰ ਮੀਲਾਂ ਤਕ ਖਿੱਲਰ ਗਈ ਅਤੇ ਬਹੁਤ ਸਾਰੀ ਸਤਲੁਜੋਂ ਪਾਰ ਜਾ ਪਹੁੰਚੀ।

## ਸਰਹੰਦ ਦੇ ਇਲਾਕੇ ਵੰਡ ਲਏ ਗਏ

ਸਰਹੰਦ ਦੀ ਫ਼ਤਿਹ ਨਾਲ ਇਸ ਫ਼ੌਜਦਾਰੀ ਦਾ ਸਾਰਾ ਇਲਾਕਾ ਦੁੱਰਾਨੀਆਂ ਦੇ ਜੂਲੇ ਹੇਠੋਂ ਨਿਕਲ ਕੇ ਸਿੰਘਾਂ ਦੇ ਕਬਜ਼ੇ ਵਿਚ ਆ ਗਿਆ। ਇਹ ਲਗ ਭਗ 220 ਮੀਲ ਲੰਬਾਈ ਵਿਚ ਅਤੇ 160 ਮੀਲ ਚੁੜਾਈ ਵਿਚ ਸੀ ਅਤੇ ਇਸ ਦੀਆਂ ਹੱਦਾਂ ਉੱਤਰ ਨੂੰ ਸਤਲੁਜ ਤੋਂ ਲੈ ਕੇ ਕਰਨਾਲ ਅਤੇ ਰੋਹਤਕ ਤਕ ਸਨ ਅਤੇ ਚੜਦੇ ਪਾਸਿਓਂ ਜਮੁਨਾ ਤੋਂ ਬਹਾਵਲਪੁਰ ਦੇ ਇਲਾਕੇ ਤਕ ਸਨ। ਹੁਣ ਮਿਸਲਦਾਰ ਸਰਦਾਰ ਇਲਾਕੇ ਵਿਚ ਫਿਰ ਨਿਕਲੇ ਅਤੇ ਥਾਓਂ ਥਾਈਂ ਆਪਣੀਆਂ ਆਪਣੀਆਂ ਮੋਰਾਂ ਜਮਾ ਲਈਆਂ। ਸੁੱਕਰਚੱਕੀਆਂ, ਨਕਈਆਂ, ਕਨ੍ਹੱਈਆਂ ਅਤੇ ਰਾਮਗੜ੍ਹੀਆਂ ਦਾ ਧਿਆਨ ਚੂੰਕਿ ਬਹੁਤ ਜ਼ਾਲੰਧਰ ਦੁਆਬ ਅਤੇ ਇਸ ਦੇ ਉੱਤਰ ਨੂੰ ਸੀ ਇਸ ਲਈ ਇਨ੍ਹਾਂ ਤੋਂ ਬਿਨਾਂ ਹੋਰ ਸਾਰਿਆਂ ਨੇ ਸਰਹੰਦ ਦੀ ਵੰਡ ਵਿਚੋਂ ਕੁਝ ਨਾ ਕੁਝ ਇਲਾਕਾ ਜ਼ਰੂਰ ਆਪਣੇ ਕਬਜ਼ੇ ਵਿਚ ਲੈ ਲਿਆ। ਸਿੱਖ ਸਰਦਾਰ ਅਤੇ ਉਨ੍ਹਾਂ ਦਾ ਭਾਈ ਬੰਦ ਅਤੇ ਸੰਗੀ ਘੋੜ-ਸਵਾਰ ਪਿੰਡੋ ਪਿੰਡ ਤੁਰ ਪਏ ਅਤੇ ਉਥੇ ਦੇ ਮੁਖੀ, ਚੌਧਰੀ ਜਾਂ ਲੰਬੜਦਾਰ ਪਾਸੋਂ ਨਜ਼ਰਾਨੇ ਵਜੋਂ ਸਵਾ ਰੁਪਇਆ, ਗੁੜ ਦੀ ਭੇਲੀ ਜਾਂ ਕੋਈ ਹੋਰ ਵਸਤ ਨਜ਼ਰ ਲੈ ਕੇ ਆਪਣੀ ਮੋਰ ਦਾ ਇਲਾਨ ਕਰ ਦਿੱਤਾ ਜਾਂਦਾ। ਦੂਸਰੇ ਸਰਦਾਰ ਇਸ ਪਿੰਡ ਨੂੰ ਨਾ ਛੇੜਦੇ ਅਤੇ ਕਿਸੇ ਹੋਰ ਪਿੰਡੋਂ ਜਾ ਨਜ਼ਰ ਲੈਂਦੇ ਅਤੇ ਮੋਰ ਜਾ ਜਮਾਉਂਦੇ। ਉਨ੍ਹੀਵੀਂ ਸਦੀ ਦੇ ਅੱਧ ਵਿਚ ਕਨਿੰਘਮ ਆਪਣੀ 'ਹਿਸਟਰੀ ਔਫ ਦੀ ਸਿਖਸ' ਵਿਚ ਲਿਖਦਾ ਹੈ ਕਿ ਲੋਕ ਹਾਲ ਤਕ ਦਸਦੇ ਹਨ ਕਿ (ਸਰਹੰਦ) ਦੀ ਲੜਾਈ ਜਿੱਤੀ ਜਾਣ ਪਿਛੋਂ ਝਟ ਪਟ ਕਿਵੇਂ ਸਿੰਘ ਇਧਰ ਉਧਰ ਖਿੱਲਰ ਗਏ ਅਤੇ ਕਿਵੇਂ ਹਰ ਘੋੜ-ਚੜ੍ਹਾ ਰਾਤ ਦਿਨ ਘੋੜੇ ਸਵਾਰ ਵਖ ਵਖ ਪਿੰਡਾਂ ਵਿਚ ਆਪਣੀ ਮੋਰ ਜਮਾਉਣ ਲਈ ਕਿਧਰੇ ਆਪਣੀ ਪੇਟੀ ਜਾ ਸੁਟਦਾ, ਕਿਧਰੇ, ਮਿਆਨ, ਕਿਧਰੇ ਆਪਣਾ ਕੋਈ ਕਪੜਾ ਜਾਂ ਕਾਠੀ ਦਾ ਕੋਈ ਹਿੱਸਾ।

ਮਾਲਵੇ ਦਾ ਇਲਾਕਾ, ਪੰਜਾਹ-ਪਚਵੰਜਾ ਸਾਲ ਹੋਏ, ਅੱਗੇ ਬੰਦਾ ਸਿੰਘ ਨੇ ਫ਼ਤਿਹ

ਕਰਕੇ ਇਥੇ ਸੁਤੰਤਰਤਾ ਦੀ ਜੋਤ ਜਗਾਈ ਸੀ ਜਿਸ ਨੂੰ ਸਰਦਾਰ ਜੱਸਾ ਸਿੰਘ ਦੀ ਅਗਵਾਈ ਵਿਚ ਹੁਣ ਖਾਲਸੇ ਨੇ ਫੇਰ ਪੂਰੇ ਜੋਬਨ ਵਿਚ ਜਗਾ ਦਿੱਤਾ ਅਤੇ ਪੰਜਾਬ ਦੇ ਇਸ ਹਿੱਸੇ ਨੂੰ ਦੁੱਰਾਨੀਆਂ ਦੀ ਪੰਜਾਲੀ ਹੇਠੋਂ ਕੱਢ ਕੇ ਹਿੰਦੁਸਤਾਨ ਦੀ ਆਜ਼ਾਦੀ ਦਾ ਪੱਕਾ ਮੁੱਢ ਬੱਧਾ।

ਇਸ ਵੇਲੇ ਖਾਲਸੇ ਨੇ ਜਿੱਥੇ ਜਿੱਥੇ ਕਬਜ਼ੇ ਕੀਤੇ ਉਨ੍ਹਾਂ ਦਾ ਮਿਸਲਵਾਰ ਮੋਟਾ ਮੋਟਾ ਵੇਰਵਾ ਲੁਧਿਆਣਾ, ਅੰਬਾਲਾ ਅਤੇ ਕਰਨਾਲ ਦੀਆਂ ਪਹਿਲੇ ਬੰਦੋਬਸਤਾਂ ਦੀਆਂ ਰਿਪੋਰਟਾਂ ਵਿਚ ਦਿੱਤਾ ਹੋਇਆ ਹੈ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਚੂੰਕਿ ਸੁਤੰਤਰਤਾ ਦੀ ਇਸ ਲੜਾਈ ਅਤੇ ਜਿੱਤ ਵਿਚ ਪੰਥ ਦਾ ਪਾਤਸ਼ਾਹ, ਸੁਲਤਾਨੁਲ-ਕੌਮ, ਅਤੇ ਖਾਲਸੇ ਦਾ ਮੁਖੀ ਸਰਦਾਰ ਸੀ ਅਤੇ ਸੁਭਾਵਕ ਤੌਰ ਤੇ ਬੜਾ ਸੰਤੋਖੀ ਸਿੰਘ ਸੀ ਇਸ ਲਈ ਉਸ ਨੇ ਇੱਥੇ ਆਪ ਕੋਈ ਇਲਾਕੇ ਨਹੀਂ ਮੱਲੇ। ਕੇਵਲ ਨਾਮ ਮਾਤਰ ਹੀ ਨਿਸ਼ਾਨੀ ਦੇ ਤੌਰ ਤੇ ਪੰਜ ਪਿੰਡ ਨਾਰਾਇਨਗੜ੍ਹ, ਭੜੋਗ, ਬਰਵਾਲੀਆਂ, ਜਗਰਾਉਂ ਅਤੇ ਫਤਿਹਗੜ੍ਹ ਪਰ ਆਪਣੀ ਮੋਰ ਰਖੀ।

## ਸ਼ਹਿਰ ਸਰਹੰਦ ਅਤੇ ਇਸ ਦੇ ਚੁਗਿਰਦੇ ਦੇ ਇਲਾਕੇ ਪਰ ਕਬਜ਼ਾ

ਜਦ ਤੋਂ ਸ਼ਹਿਰ ਸਰਹੰਦ ਵਿਚ ਵਜ਼ੀਰ ਖ਼ਾਨ ਨੇ ਛੋਟੇ ਸਾਹਿਬਜ਼ਾਦੇ ਸ਼ਹੀਦ ਕੀਤੇ ਸਨ, ਸਿੰਘਾਂ ਦੇ ਦਿਲਾਂ ਵਿਚ ਸੁਭਾਵਕ ਤੌਰ ਤੇ ਹੀ ਇਸ ਲਈ ਘਿਰਣਾ ਹੋ ਗਈ ਹੋਈ ਸੀ। ਉਹ ਇਸ ਨੂੰ ਸ੍ਰਾਪਿਆ ਹੋਇਆ ਮੰਦ-ਭਾਗਾ ਥਾਂ ਸਮਝਦੇ ਸਨ ਅਤੇ ਇਸ ਦਾ ਨਾਉਂ ਲੈਣਾ ਭੀ ਚੰਗਾ ਨਹੀਂ ਸੀ ਸਮਝਦੇ ਅਤੇ ਇਸ ਨੂੰ 'ਗੁਰੂ-ਮਾਰੀ' ਕਰਕੇ ਸਦਦੇ ਸਨ। ਇਸ ਲਈ ਦੇਸ ਦੀ ਵੰਡ ਵੇਲੇ ਕੋਈ ਸਰਦਾਰ ਭੀ ਇਸ ਨੂੰ ਲੈਣ ਨੂੰ ਤਿਆਰ ਨਹੀਂ ਸੀ। ਪਰ ਇਹ ਆਖਿਰ ਕਿਸੇ ਨਾ ਕਿਸੇ ਦੇ ਸਪੁਰਦ ਤਾਂ ਕਰਨਾ ਹੀ ਸੀ। ਸੋ ਸਲਾਹ ਇਹ ਹੋਈ ਕਿ ਸ਼ਹਿਰ ਦੇ ਉਸ ਇਕ ਮੁੱਹਲੇ ਦੇ ਲੋਕ, ਜੋ ਉਜਾੜਿਆ ਨਹੀਂ ਸੀ ਗਿਆ, ਜਿਸ ਸਰਦਾਰ ਦਾ ਪੱਲਾ ਫੜ ਲੈਣ, ਉਸ ਦੇ ਨਾਉਂ ਇਹ ਗੁਰੂ ਪੰਥ ਵੱਲੋਂ ਅਰਦਾਸ ਕਰ ਦਿੱਤਾ ਜਾਏ। ਉਸ ਨੂੰ ਕੋਈ ਦੋਸ਼ ਨਹੀਂ ਹੋਵੇਗਾ। ਸ਼ਹਿਰ ਦੇ ਲੋਕਾਂ ਨੇ ਭਾਈ ਬੁੱਢਾ ਸਿੰਘ ਦਾ ਪੱਲਾ ਫੜ ਲਿਆ। ਇਸ ਪਰ ਸਾਰਾ ਦਲ ਬੜਾ ਖੁਸ਼ ਹੋਇਆ। ਭਾਈਕੇ ਉਂਜ ਭੀ ਅਰਦਾਸ ਦੀ ਥਾਂ ਹੀ ਸਨ। ਇਸ ਪਰ ਭਾਈ ਬੁੱਢਾ ਸਿੰਘ ਭੀ ਇਸ ਨੂੰ ਰੱਖ ਕੇ ਬਹੁਤ ਖੁਸ਼ ਨਹੀਂ ਸਨ। ਇਸ ਲਈ ਉਨ੍ਹਾਂ ਨੇ ਪੰਜੀ ਹਜ਼ਾਰ ਰੁਪਿਆਂ ਲੈ ਕੇ ਇਸ ਦਾ ਪ੍ਰਬੰਧ 22 ਸਾਵਣ, ਸੰਮਤ 1821 ਬਿ., 2 ਅਗਸਤ, ਸੰਨ 1764, ਨੂੰ ਬਾਬਾ ਆਲਾ ਸਿੰਘ ਨੂੰ ਦੇ ਦਿੱਤਾ। ਦੋ ਵਰ੍ਹੇ ਪਿਛੋਂ ਮਹਾਰਾਜਾ ਅਮਰ ਸਿੰਘ ਨੇ ਭਾਈ ਬੁੱਢਾ ਸਿੰਘ ਨੂੰ ਬਾਰਾਂ ਪਿੰਡ ਆਦਮਪੁਰ, ਟੋਡਰਪੁਰ ਆਦਿ ਦੇ ਕੇ ਇਹ ਸ਼ਹਿਰ ਪੱਕੀ ਤਰਾਂ ਹੀ ਲੈ ਲਿਆ।

[ਮੁਕੱਦਮਾ ਚਹਾਰਮੀਆ, ਸੀ 7-8, 16-20]

ਸਰਹੰਦ ਦੇ ਉਜਾੜੇ ਵੇਲੇ ਬਾਬਾ ਆਲਾ ਸਿੰਘ ਨੇ ਬੜੀ ਉਦਾਰਤਾ ਨਾਲ ਇਥੋਂ ਦੇ ਉੱਜੜੇ ਹੋਏ ਲੋਕਾਂ ਨੂੰ ਪਟਿਆਲੇ ਆ ਵਸਣ ਲਈ ਪ੍ਰੇਰਨਾ ਕੀਤੀ ਅਤੇ ਉਨ੍ਹਾਂ ਨੂੰ ਹਰ ਪ੍ਰਕਾਰ ਦੀਆਂ ਸਹੂਲਤਾਂ ਦਿੱਤੀਆਂ। ਪਟਿਆਲੇ ਦੇ ਕਿਲੇ ਦੇ ਚੜ੍ਹਦੇ ਵੱਲ ਉਨ੍ਹਾਂ ਨੂੰ ਖੁਲ੍ਹੀ

ਥਾਂ ਦਿੱਤੀ। ਉਨ੍ਹਾਂ ਦਾ ਸਮਾਨ ਆਦਿ ਲਿਆਉਣ ਲਈ ਗੱਡੇ ਅਤੇ ਊਠ ਭੇਜੇ ਅਤੇ ਸ਼ੁਰੂ ਸ਼ੁਰੂ ਵਿਚ ਉਨ੍ਹਾਂ ਦੇ ਖਾਣ ਪੀਣ ਦਾ ਪ੍ਰਬੰਧ ਕੀਤਾ ਅਤੇ ਗੁਰੂ ਕਾ ਲੰਗਰ ਲਾ ਦਿੱਤਾ, ਜਿਸ ਦੀ ਦੇਖ ਭਾਲ ਉਨ੍ਹਾਂ ਦੀ ਰਾਣੀ ਮਾਈ ਫਤਿਹ ਕੌਰ—ਪ੍ਰਸਿੱਧ ਮਾਈ ਫੱਤੋ—ਆਪ ਕਰਦੀ ਸੀ। ਇਹ ਆਬਾਦੀ ਸਰਹੰਦੀ ਮਹੱਲਾ ਦੇ ਨਾਉਂ ਨਾਲ ਮਸ਼ਹੂਰ ਹੋਈ ਅਤੇ ਹੁਣ ਤਕ ਉਹੀ ਨਾਉਂ ਚਲਿਆ ਆ ਰਿਹਾ ਹੈ ਅਤੇ ਇਸ ਦੇ ਨਾਲ ਦੇ ਬਾਜ਼ਾਰ ਦਾ ਨਾਉਂ ਸਰਹੰਦੀ ਬਾਜਾਰ ਹੈ।

## ਮਲੇਰ ਕੋਟਲਾ ਅਤੇ ਰਾਇਕੋਟ ਛੱਡ ਦਿੱਤੇ ਗਏ

ਇੱਥੇ ਇਕ ਗੱਲ ਖਾਸ ਤੌਰ ਤੇ ਜਿਕਰ ਕਰਨ ਵਾਲੀ ਹੈ। ਉਹ ਇਹ ਕਿ ਭਾਵੇਂ ਸਿੰਘਾਂ ਨੇ ਦੁੱਰਾਨੀਆਂ ਪਾਸੋਂ ਸਰਹੰਦ ਖੋਹ ਲਈ ਸੀ, ਪਰ ਸਿੰਘਾਂ ਦੀ ਇਹ ਮੁਹਿੰਮ ਕੇਵਲ ਰਾਜਸੀ ਮੁਹਿੰਮ ਸੀ ਜੋ ਦੇਸ ਨੂੰ ਗ਼ੈਰ-ਮੁਲਕੀ ਜਾਬਰਾਂ ਪਾਸੋਂ ਸੁਤੰਤਰ ਕਰਨ ਲਈ ਸੀ। ਇਹ ਮੁਸਲਮਾਨੀ ਹਕੂਮਤ ਜਾਂ ਮੁਸਲਮਾਨਾਂ ਦੇ ਵਿਰੁੱਧ ਉਨ੍ਹਾਂ ਦੇ ਮੁਸਲਮਾਨ ਹੋਣ ਕਰਕੇ ਉੱਠੀ ਹੀ ਨਹੀਂ ਸੀ। ਇਸ ਗੱਲ ਦੇ ਹੁੰਦੇ ਹੋਏ ਭੀ ਕਿ ਮਲੇਰ ਕੋਟਲੀਆਂ ਨੇ ਕਈ ਵਾਰੀ, ਅਤੇ ਖਾਸ ਕਰ ਘੱਲੂ-ਘਾਰੇ ਵੇਲੇ ਸਿੰਘਾਂ ਦਾ ਸਖ਼ਤ ਵਿਰੋਧ ਕੀਤਾ ਸੀ। ਸਿੰਘਾਂ ਨੇ ਮਲੇਰ ਕੋਟਲੇ ਦੇ ਇਲਾਕੇ ਨੂੰ ਨਹੀ ਛੇੜਿਆ। ਭਾਵੇਂ ਮਲੇਰਕੋਟਲੀਆਂ ਪਾਸ ਚੋਖੇ ਪਿੰਡ ਸਨ ਪਰ ਸਿੰਘਾਂ ਨੇ ਨਾ ਇਸ ਵੇਲੇ ਕੋਈ ਲਾਲਚ ਕੀਤਾ ਅਤੇ ਨਾ ਹੀ ਪੁਰਾਣਾ ਵੈਰ ਕੱਢਣ ਲਈ ਕੋਈ ਬਹਾਨਾ ਬਣਾਇਆ। ਉਨ੍ਹਾਂ ਨੂੰ ਯਾਦ ਸੀ ਕਿ ਜਿਸ ਵੇਲੇ ਵਜੀਰ ਖ਼ਾਨ ਨੇ ਸਰੰਹਦ ਵਿਚ ਸਾਹਿਬਜਾਦਿਆਂ ਨੂੰ ਕਤਲ ਕਰਨ ਦਾ ਹੁਕਮ ਦਿੱਤਾ ਸੀ ਤਾਂ ਉਥੇ ਬੈਠੇ ਸ਼ੇਰ ਮੁਹੰਮਦ ਖ਼ਾਨ ਮਲੇਰ- ਕੋਟਲੀਏ ਨੇ ਉਸ ਨੂੰ ਵਰਜਨ ਦਾ ਜਤਨ ਕੀਤਾ ਸੀ ਅਤੇ ਜਦ ਉਸ ਦੀ ਪੇਸ਼ ਨਾ ਗਈ ਤਾਂ ਉਹ ਹਾਹ ਦਾ ਨਾਹਰਾ ਮਾਰ ਕੇ ਉਥੋਂ ਉਠ ਕੇ ਚਲਾ ਗਿਆ ਸੀ। ਇਸ ਹਮਦਰਦੀ ਨੂੰ ਸਿੰਘਾਂ ਨੇ ਕਦੀ ਭੀ ਨਹੀਂ ਭੁਲਾਇਆ। ਇਥੇ ਤਕ ਕਿ ਸੰਨ 1947 ਵਿਚ ਹਿੰਦੁਸਤਾਨ ਦੀ ਵੰਡ ਵੇਲੇ ਦੀ ਹੁੱਲੜਬਾਜੀ ਵਿਚ ਭੀ ਖਾਲਸੇ ਨੇ ਮਲੇਰ-ਕੋਟਲੀਆਂ ਨੂੰ ਕੋਈ ਤੱਤੀ ਵਾਉ ਨਹੀਂ ਲੱਗਣ ਦਿੱਤੀ ਅਤੇ ਪਟਿਆਲੇ ਦੀ ਫੌਜ ਉਨ੍ਹਾਂ ਦੀ ਰਾਖੀ ਲਈ ਮਲੇਰ-ਕੋਟਲੇ ਦੇ ਇਲਾਕੇ ਵਿਚ ਜਾ ਪਹੁੰਚੀ ਸੀ।

ਇਸੇ ਤਰ੍ਹਾਂ ਹੀ ਰਾਇਕੋਟ ਦੇ ਰਾਇ ਇਲਿਆਸ ਵੱਲ, ਜੋ ਰਾਇ ਕਲ੍ਹਾ ਦੀ ਬੰਸ ਵਿਚੋਂ ਸੀ ਜਿਸ ਨੇ ਆਪਣਾ ਆਦਮੀ ਨੂਰੂ ਭੇਜ ਕੇ ਸਾਹਿਬਜਾਦਿਆਂ ਸਬੰਧੀ ਖਬਰ ਗੁਰੂ ਸਾਹਿਬ ਨੂੰ ਸਰਹੰਦੋਂ ਮੰਗਵਾ ਕੇ ਦਿੱਤੀ ਸੀ, ਕਿਸੇ ਭੀ ਮਿਸਲਦਾਰ ਸਰਦਾਰ ਨੇ ਕੈਰੀ ਅੱਖ ਨਹੀਂ ਕੀਤੀ ਅਤੇ ਜਗਰਾਉਂ ਦਾ ਇਲਾਕਾ ਮੁਸਲਮਾਨ ਹਾਕਮਾਂ ਪਾਸ ਪਹਿਲੇ ਵਾਂਙੂ ਹੀ ਟਿਕਿਆ ਰਿਹਾ। [ਪ੍ਰਾਚੀਨ ਪੰਥ, 509]

## 'ਗੁਰੂ ਕੀ ਚਾਦਰ'

ਸਰਹੰਦ ਦੀ ਲੁੱਟ ਵਿਚ ਸਿੰਘਾਂ ਨੂੰ ਕਾਫੀ ਧਨ ਹਥ ਲੱਗਾ। ਨੌ ਲੱਖ ਰੁਪਇਆ ਇਸ ਵੇਲੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਹਿੱਸੇ ਆਇਆ। ਪਰ ਸਰਦਾਰ ਜੱਸਾ

ਸਿੰਘ ਇਸ ਵਿਚੋਂ ਇਕ ਪੈਸਾ ਭੀ ਆਪਣੇ ਕੋਲ ਨਹੀਂ ਸਨ ਰਖਣਾ ਚਾਹੁੰਦੇ। ਉਨ੍ਹਾਂ ਨੂੰ ਪਤਾ ਸੀ ਕਿ ਘੱਲੂ-ਘਾਰੇ ਤੋਂ ਮੁੜਦਾ ਹੋਇਆ ਅਹਿਮਦ ਸ਼ਾਹ ਸ੍ਰੀ ਦਰਬਾਰ ਸਾਹਿਬ ਨੂੰ ਬਰੂਦ ਦੇ ਕੁੱਪਿਆਂ ਨਾਲ ਉੜਾ ਗਿਆ ਸੀ, ਬੁੰਗੇ ਢਾ ਦਿੱਤੇ ਸਨ ਅਤੇ ਸਰੋਵਰ ਗੰਦੇ ਮਲਬੇ ਅਤੇ ਮਨੁੱਖਾਂ ਅਤੇ ਡੰਗਰਾਂ ਦੀਆਂ ਹੱਡੀਆਂ ਆਦਿ ਨਾਲ ਪੂਰਿਆ ਗਿਆ ਸੀ। ਇਸ ਦੀ ਸੇਵਾ ਹਾਲੇ ਤਕ ਨਹੀਂ ਸੀ ਹੋ ਸਕੀ। ਇਸ ਲਈ ਸਰਦਾਰ ਜੱਸਾ ਸਿੰਘ ਨੇ ਇਕ ਦਿਨ ਸਰਬਤ ਖਾਲਸੇ ਨੂੰ ਇੱਕਠਾ ਕਰ ਕੇ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਦੀ ਗੱਲ ਤੋਰ ਦਿੱਤੀ, ਅਤੇ ਮਾਇਆ ਇੱਕਠੀ ਕਰਨ ਲਈ ਗੁਰੂ ਦੇ ਨਾਉਂ ਤੇ ਇਕ ਚਾਦਰ ਬਿਛਾ ਦਿੱਤੀ, ਜਿਸ ਪਰ ਸਭ ਤੋਂ ਪਹਿਲਾਂ ਆਪਣੀ ਵੱਲੋਂ ਸਾਰੇ ਦਾ ਸਾਰਾ ਨੌ ਲੱਖ ਰੁਪਇਆ ਢੇਰੀ ਕਰ ਦਿੱਤਾ। ਇਹ ਚਾਦਰ 'ਗੁਰੂ ਕੀ ਚਾਦਰ' ਦੇ ਨਾਉਂ ਨਾਲ ਮਸ਼ਹੂਰ ਹੋਈ ਅਤੇ ਪੰਜ ਲੱਖ ਤੋਂ ਕੁਝ ਉੱਪਰ ਦੂਸਰੇ ਸਰਦਾਰਾਂ ਪਾਸੋਂ ਇੱਕਠਾ ਹੋਇਆ। ਇਹ ਸਾਰੀ ਰਕਮ ਭਾਈ ਦੇਸ ਰਾਜ ਬਿਧੀਚੰਦੀਏ ਦੇ ਹਵਾਲੇ ਕਰ ਦਿੱਤੀ ਗਈ ਤਾਕਿ ਦਰਬਾਰ ਸਾਹਿਬ ਦੀ ਸੇਵਾ ਤੇ ਲਾ ਦਿੱਤੀ ਜਾਏ। ਚੁਨਾਂਚਿ ਭਾਈ ਦੇਸ ਰਾਜ ਨੇ ਇਹ ਸੇਵਾ ਬੜੀ ਸਰਧਾ ਅਤੇ ਪ੍ਰੇਮ ਨਾਲ ਨਿਭਾਈ ਅਤੇ ਬਹੁਤ ਸਾਰੇ ਢੱਠੇ ਹੋਏ ਬੁੰਗੇ ਆਦਿ ਭੀ ਉਸਾਰ ਦਿੱਤੇ।

[*ਤਾਰੀਖਿ ਕਪੂਰਥਲਾ*, 196-97, ਤਾਰੀਖਿ ਅੰਮ੍ਰਿਤਸਰ]

Sri Satguru Jagjit Singh Ji eLibrary

# ਜਵਾਹਰ ਸਿੰਘ ਭਰਤਪੁਰੀਏ ਦੀ ਸਹਾਇਤਾ

## ਭਰਤਪੁਰੀਏ ਜਵਾਹਰ ਸਿੰਘ ਦੇ ਵਕੀਲ ਖਾਲਸੇ ਪਾਸ ਆਏ (ਫਰਵਰੀ ਸੰਨ 1764)

ਸਰਦਾਰ ਜੱਸਾ ਸਿੰਘ ਅਜੇ ਸਰਹੰਦ ਦੇ ਇਲਾਕੇ ਦੀ ਵੰਡ ਅਤੇ ਪਰਬੰਧ ਵਿਚ ਰੁੱਝਾ ਹੋਇਆ ਸੀ ਕਿ ਭਰਤਪੁਰੀਏ ਜਾਟ ਰਾਜਾ ਜਵਾਹਰ ਸਿੰਘ ਦੇ ਵਕੀਲ ਆਏ ਅਤੇ ਬੇਨਤੀ ਕੀਤੀ ਕਿ ਨਜੀਬੁੱਦੌਲਾ ਰੋਹੇਲਾ ਸਾਡੇ ਇਲਾਕੇ ਵਿਚ ਊਧਮ ਮਚਾ ਰਿਹਾ ਹੈ, ਰਾਜਾ ਸੂਰਜ ਮੱਲ—ਜਵਾਹਰ ਸਿੰਘ ਦਾ ਪਿਤਾ—ਨਜੀਬੁੱਦੌਲਾ ਨਾਲ ਲੜਦਾ ਹੋਇਆ 25 ਦਸੰਬਰ 1763 ਨੂੰ ਮਾਰਿਆ ਗਿਆ ਹੈ, ਜਵਾਹਰ ਸਿੰਘ ਦਾ ਰਾਜ ਅਜੇ ਨਵਾਂ ਨਵਾਂ ਹੀ ਹੈ, ਇਸ ਲਈ ਕਿਰਪਾ ਕਰਕੇ ਉਸ ਦੀ ਸਹਾਇਤਾ ਕੀਤੀ ਜਾਏ। ਨਜੀਬੁੱਦੌਲਾ ਹਿੰਦੁਸਤਾਨ ਵਿਚ ਅਹਿਮਦ ਸ਼ਾਹ ਦੁੱਰਾਨੀ ਦਾ ਇਕ ਬੜਾ ਵੱਡਾ ਹਮਾਇਤੀ ਅਤੇ ਹੱਥ-ਠੋਕਾ ਸੀ ਅਤੇ ਸਿੰਘ ਹੁਣੇ ਹੀ ਅਹਿਮਦ ਸ਼ਾਹ ਦੇ ਪੰਜਾਬ ਵਿਚ ਇਕ ਵੱਡੇ ਥੰਮ੍ਹ ਜੈਨ ਖ਼ਾਨ ਨੂੰ ਢਾ ਕੇ ਹਟੇ ਸਨ ਜਿਸ ਨਾਲ ਮਾਲਵੇ ਵਿਚੋਂ ਦੁੱਰਾਨੀ ਰਾਜ ਦਾ ਗਡ਼੍ਹ ਟੁੱਟ ਗਿਆ ਸੀ। ਇਸ ਲਈ ਖਾਲਸਾ ਜੀ ਨੇ ਦੇਸ ਦੇ ਵੈਰੀਆਂ ਦੇ ਹਥ ਠੋਕੇ ਨਜੀਬ ਨੂੰ ਭੀ ਇਕ ਸੱਟ ਮਾਰਨ ਲਈ ਜਵਾਹਰ ਸਿੰਘ ਭਰਤਪੁਰੀਏ ਦੀ ਸਹਾਇਤਾ ਕਰਨੀ ਪਰਵਾਨ ਕਰ ਲਈ। ਇਸ ਦੇ ਖਾਲਸਾ ਜੀ ਨੂੰ ਭੀ ਕਈ ਫਾਇਦੇ ਸਨ। ਇਕ ਤਾਂ ਇਹ ਕਿ ਇਸ ਤਰ੍ਹਾਂ ਦੇਸ ਵਿਚ ਦੁੱਰਾਨੀਆਂ ਦਾ ਜ਼ੋਰ ਘਟ ਜਾਵੇਗਾ ਅਤੇ ਅੱਗੇ ਨੂੰ ਜਦ ਭੀ ਕਦੀ ਅਹਿਮਦ ਸ਼ਾਹ ਆਇਆ ਤਾਂ ਉਸ ਦੇ ਇਥੇ ਪੈਰ ਨਹੀਂ ਜੰਮ ਸਕਣਗੇ, ਦੂਸਰੇ ਸਰਹੰਦ ਦੀ ਜਿੱਤ ਤੋਂ ਬਾਅਦ ਉਨ੍ਹਾਂ ਦਾ ਹੋਰ ਬੋਲ ਬਾਲਾ ਹੋ ਜਾਏਗਾ ਅਤੇ ਪੰਜਾਬ ਤੋਂ ਬਾਹਰ ਭੀ ਰੁਹਬ ਜੰਮ ਜਾਏਗਾ। ਇਸ ਦੇ ਨਾਲ ਹੀ ਮਾਇਆ ਦੇ ਕੁਝ ਰੱਫੇ ਭੀ ਲੱਭ ਪੈਣਗੇ ਜਿਸ ਨਾਲ ਉਹ ਪੰਜਾਬ ਵਿਚ ਆਪਣੇ ਅੱਡੇ ਹੋਰ ਜ਼ਿਆਦਾ ਪੱਕੇ ਕਰ ਸਕਣਗੇ।

ਸਰਦਾਰ ਜੱਸਾ ਸਿੰਘ ਨੇ ਸੋਚਿਆ ਕਿ ਭਰਤਪੁਰੀਏ ਜਟ ਦੀ ਸਭ ਤੋਂ ਵੱਧ ਸਹਾਇਤਾ ਇਸ ਤਰ੍ਹਾਂ ਹੀ ਹੋ ਸਕਦੀ ਹੈ ਕਿ ਨਜੀਬੁੱਦੌਲੇ ਨੂੰ ਭਰਤਪੁਰੋਂ ਫੌਜ ਹਟਾ ਲੈਣ ਲਈ ਮਜਬੂਰ ਕਰ ਦਿੱਤਾ ਜਾਏ ਅਤੇ ਇਸ ਦਾ ਵਧੀਆ ਢੰਗ ਇਹ ਹੈ ਕਿ ਨਜੀਬੁੱਦੌਲਾ ਦੇ ਆਪਣੇ ਇਲਾਕੇ ਉੱਤੇ ਹੱਲਾ ਕਰ ਦਿੱਤਾ ਜਾਏ। ਇਸ ਨਾਲ ਉਸ ਨੂੰ ਘਬਰਾਹਟ ਪੈ ਜਾਏਗੀ ਅਤੇ ਉਹ ਬਾਹਰਲੀ ਜਵਾਹਰ ਸਿੰਘ ਦੇ ਵਿਰੁੱਧ ਮੁਹਿੰਮ ਛਡ ਕੇ ਆਪਣੇ ਘਰ ਦੀ ਰਾਖੀ ਲਈ ਭੱਜਾ ਆਏਗਾ।

ਇਸ ਵਿਉਂਤ ਨੂੰ ਸਿਰੇ ਚੜ੍ਹਾਉਣ ਲਈ ਸਰਦਾਰ ਜੱਸਾ ਸਿੰਘ ਨੇ ਗੰਗ-ਦੁਆਬ ਉੱਤੇ, ਜਿਥੇ ਕਿ ਨਜੀਬੁੱਦੌਲਾ ਦਾ ਇਲਾਕਾ ਸੀ, ਹੱਲਾ ਕਰਨ ਦੀ ਤਿਆਰੀ ਕਰ ਲਈ ਅਤੇ ਪਾਰਲੀਆਂ ਮਿਸਲਾਂ ਦੇ ਸਰਦਾਰ ਚੜ੍ਹਤ ਸਿੰਘ ਸੁਕਰਚੱਕੀਆ, ਝੰਡਾ ਸਿੰਘ, ਗੰਡਾ ਸਿੰਘ ਭੰਗੀਆਂ, ਸਰਦਾਰ ਤਾਰਾ ਸਿੰਘ ਗੈਬਾ ਡੱਲੇਵਾਲੀਆ ਅਤੇ ਨਕਈਆਂ ਆਦਿ ਨੂੰ ਛੁੱਟੀ ਦੇ ਦਿੱਤੀ ਕਿ ਉਹ ਜਾ ਕੇ ਆਪੋ ਆਪਣੇ ਇਲਾਕਿਆਂ ਦੀ ਸਾਰ ਲੈਣ।

**ਗੰਗ-ਦੁਆਬ ਤੇ ਹੱਲਾ**

ਫਰਵਰੀ ਸੰਨ 1764 ਦੇ ਤੀਸਰੇ ਹਫਤੇ ਸਰਦਾਰ ਜੱਸਾ ਸਿੰਘ ਦੀ ਕਮਾਨ ਹੇਠਾਂ ਸਰਦਾਰ ਖੁਸ਼ਹਾਲ ਸਿੰਘ, ਕਰੋੜਾ ਸਿੰਘ, ਬਘੇਲ ਸਿੰਘ, ਤਾਰਾ ਸਿੰਘ ਗੈਬਾ, ਗੁਰਬਖਸ਼ ਸਿੰਘ, ਭੰਗਾ ਸਿੰਘ, ਕਰਮ ਸਿੰਘ, ਰਾਇ ਸਿੰਘ ਆਦਿ ਨੇ ਚਾਲੀ ਹਜਾਰ ਘੋੜ-ਸਵਾਰਾਂ ਨਾਲ ਬੂੜੀਏ ਦੇ ਪੱਤਣੋ ਜਮੁਨਾ ਪਾਰ ਕੀਤੀ ਅਤੇ 20 ਫਰਵਰੀ ਨੂੰ ਸਹਾਰਨਪੁਰ ਜਾ ਮਾਰਿਆ। ਇਥੋਂ ਵਖ ਵਖ ਬਾਵਾਂ ਮਿਥ ਕੇ ਮਿਸਲਦਾਰ ਸਰਦਾਰ ਆਪਣੇ ਆਪਣੇ ਨਿਸ਼ਾਨੇ ਵੱਲ ਨੂੰ ਹੋ ਪਏ। ਇਹ ਖਬਰ ਪੁੱਜਦੇ ਸਾਰ ਨਜੀਬੁੱਦੌਲਾ ਨੂੰ ਹੱਥਾਂ ਪੈਰਾਂ ਦੀ ਪੈ ਗਈ। ਆਪਣੀ ਵੱਲੋਂ ਤਾਂ ਉਹ ਹੋਰ ਥਾਂ ਫਤਿਹ ਕਰਨ ਗਿਆ ਸੀ, ਪਰ ਪਿੱਛੋਂ ਚੋਰਾਂ ਨੂੰ ਮੋਰ ਪੈ ਗਏ ਅਤੇ ਪੁਰਾਣੇ ਇਲਾਕੇ ਭੀ ਗੁਆ ਬੈਠਾ। ਉਹ ਵਾਹੋ ਦਾਹੀ ਭੱਜਾ ਘਰ ਨੂੰ ਆਇਆ। ਪਰ ਇਥੇ ਉਸ ਦੇ ਭਾ ਦੀ ਬਣ ਗਈ। ਜੇ ਉਹ ਇਕ ਥਾਂ ਵੱਲ ਜਾਏ ਤਾਂ ਪਿਛੋਂ ਸਿੰਘ ਦੂਸਰੇ ਸ਼ਹਿਰ ਉੱਤੇ ਜਾ ਪੈਣ। ਜੇ ਉਧਰ ਨੂੰ ਮੁੜੇ ਤਾਂ ਉਹ ਤੀਸਰੇ ਥਾਂ ਤੇ ਹੱਲਾ ਕਰ ਦੇਣ। ਇਸ ਤਰ੍ਹਾਂ ਥੋੜ੍ਹੇ ਦਿਨਾਂ ਵਿਚ ਹੀ ਖਾਲਸਾ ਜੀ ਨੇ ਸ਼ਾਮਲੀ, ਕਾਂਧਲਾ, ਅੰਬਲੀ, ਮੀਰਾਂਪੁਰ, ਦਿਓਬੰਦ, ਮੁਜ਼ੱਫਰਨਗਰ, ਜੁਆਲਾਪੁਰ, ਕਨਖਲ, ਲਢੌਰਾ, ਨਜੀਬਾਬਾਦ ਆਦਿ ਤੇ ਝਪਟਾਂ ਮਾਰ ਮਾਰ ਕੇ ਨਜੀਬੁੱਦੌਲਾ ਨੂੰ ਹੈਰਾਨ ਅਤੇ ਵੈਰਾਨ ਕਰ ਦਿੱਤਾ। ਹੁਣ ਉਸ ਵਾਸਤੇ ਬਚਾਉ ਦਾ ਕੋਈ ਰਾਹ ਨਹੀਂ ਸੀ ਦਿਸਦਾ। ਇਸ ਲਈ ਉਸ ਨੇ ਖਾਲਸਾ ਜੀ ਪਾਸ ਵਕੀਲ ਭੇਜੇ ਅਤੇ ਗਿਆਰਾਂ ਲੱਖ ਰੁਪਇਆ ਨਜ਼ਰਾਨਾ ਭੇਟ ਕੀਤਾ। ਹੁਣ ਤਕ ਖਾਲਸੇ ਦਾ ਮਤਲਬ ਪੂਰਾ ਹੋ ਚੁੱਕਾ ਸੀ। ਜਵਾਹਰ ਸਿੰਘ ਦੀ ਖਲਾਸੀ ਹੋ ਗਈ ਸੀ, ਨਜੀਬੁੱਦੌਲਾ ਦਾ ਲੱਕ ਤੋੜਿਆ ਜਾ ਚੁੱਕਾ ਸੀ, ਸਿੰਘਾਂ ਦਾ ਹਰ ਪਾਸੇ ਬੋਲ ਬਾਲਾ ਸੀ ਅਤੇ ਉਨ੍ਹਾਂ ਨੇ ਗਿਆਰਾਂ ਲੱਖ ਦਾ ਨਜ਼ਰਾਨਾ ਲੈ ਕੇ ਨਜੀਬ ਦੀ ਧੌਣ ਨਿਵਾ ਦਿੱਤੀ। ਇਸ ਵੇਲੇ ਇਸ ਤੋਂ ਵੱਧ ਹੋਰ ਕੋਈ ਪਰਯੋਜਨ ਹੈ ਹੀ ਨਹੀਂ ਸੀ। ਇਸ ਲਈ ਸਰਦਾਰ ਜੱਸਾ ਸਿੰਘ ਨੇ ਸਾਰੇ ਦਲ ਖ਼ਾਲਸਾ ਦੇ ਵਤਨਾਂ ਵੱਲ ਵਾਗਾਂ ਮੋੜ ਲਈਆਂ ਅਤੇ ਫਰਵਰੀ ਦੇ ਅੰਤ ਵਿਚ ਖੈਰੀਂ ਮਿਹਰੀਂ ਪੰਜਾਬ ਵਾਪਸ ਆ ਗਏ।

[ਨੂਰੁਦੀਨ (ਹਸੈਦ), *ਨਜੀਬੁੱਦੌਲਾ*, 77; *ਤਹਿਮਾਸ-ਨਾਮਾ* (ਰਾਓ), 113; ਗੰਡਾ ਸਿੰਘ, *ਅਹਿਮਦ ਸ਼ਾਹ ਦੁੱਰਾਨੀ*, 293]

**ਖਾਲਸਾ ਜੀ ਫੇਰ ਜਵਾਹਰ ਸਿੰਘ ਦੀ ਮਦਦ ਤੇ (ਦਸੰਬਰ 1764-ਫਰਵਰੀ 1765)**

ਸਰਦਾਰ ਜੱਸਾ ਸਿੰਘ ਦੀ ਸਹਾਇਤਾ ਨਾਲ ਜਵਾਹਰ ਸਿੰਘ ਦੀ ਨਜੀਬੁੱਦੌਲਾ ਪਾਸੋਂ

ਸੁਖਾਲੇ ਹੀ ਖਲਾਸੀ ਹੋ ਜਾਣ ਪੁਰ ਉਸ ਦਾ ਹੌਸਲਾ ਵਧ ਗਿਆ ਅਤੇ ਖਾਲਸਾ ਜੀ ਨਾਲ ਭਰੋਸੇ ਜੋਗ ਮਿਤਰਾਨਾ ਸੰਬੰਧ ਕਾਇਮ ਹੋ ਗਏ। ਉਹ ਨਜੀਬ ਪਾਸੋਂ ਆਪਣੇ ਪਿਉ ਦਾ ਬਦਲਾ ਲੈਣਾ ਚਾਹੁੰਦਾ ਸੀ। ਇਸ ਲਈ ਉਸ ਨੇ ਮਲਹਾਰ ਰਾਓ ਹੋਲਕਰ ਨਾਲ ਗੱਠ ਜੁੜ ਕਰ ਲਈ ਅਤੇ ਖਾਲਸਾ ਜੀ ਨੂੰ ਭੀ ਸਹਾਇਤਾ ਲਈ ਲਿਖਿਆ। ਨਜੀਬੁੱਦੌਲਾ ਇਸ ਵੇਲੇ ਦਿੱਲੀ ਵਿਚ ਅਹਿਮਦ ਸ਼ਾਹ ਦੁੱਰਾਨੀ ਵੱਲੋਂ ਮੁਗ਼ਲ ਬਾਦਸ਼ਾਹ ਸ਼ਾਹ ਆਲਮ ਦੂਸਰੇ ਪਾਸ ਵਕੀਲਿ-ਮੁਤਲਿਕ ਅਰਥਾਤ ਕੁੱਲੀ-ਕਾਰ-ਮੁਖਤਾਰ ਸੀ। ਇਸ ਲਈ ਜਵਾਹਰ ਸਿੰਘ ਨੇ ਦਿੱਲੀ ਉੱਤੇ ਧਾਵਾ ਬੋਲ ਦਿੱਤਾ ਅਤੇ 15-16 ਨਵੰਬਰ 1764 ਨੂੰ ਨਜੀਬ ਨਾਲ ਪਹਿਲੀਆਂ ਟੱਕਰਾਂ ਹੋਈਆਂ। ਇਸ ਵੇਲੇ ਮਲਹਾਰ ਰਾਓ ਹੋਲਕਰ ਤਮਾਸ਼ਾ ਵੇਖਦਾ ਰਿਹਾ ਅਤੇ ਜਵਾਹਰ ਸਿੰਘ ਦੀ ਕੋਈ ਖਾਸ ਮਦਦ ਨਾ ਕੀਤੀ। ਇਸ ਲਈ ਉਸ ਨੂੰ ਮਰਾਠਿਆਂ ਉੱਤੇ ਕੋਈ ਬਹੁਤੀ ਆਸ ਨਾ ਰਹੀ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਭੀ ਦਲ ਖਾਲਸਾ ਦੇ ਪੰਦਰਾਂ ਹਜ਼ਾਰ ਨਾਲ ਦਸੰਬਰ ਸੰਨ 1764 ਦੇ ਆਖਰੀ ਜਾਂ ਜਨਵਰੀ 1765 ਦੇ ਪਹਿਲੇ ਦਿਨੀਂ ਦਿੱਲੀ ਜਾ ਪਹੁੰਚੇ।

ਜਦ ਖਾਲਸਾ ਜੀ ਬਰਾੜੀ ਘਾਟ ਤੇ ਪੁੱਜੇ ਤਾਂ ਜਵਾਹਰ ਸਿੰਘ ਜਮੁਨਾ ਪਾਰ ਕਰ ਕੇ ਉਨ੍ਹਾਂ ਨੂੰ ਮਿਲਣ ਆਇਆ। ਖਾਲਸਾ ਜੀ ਦਾ ਦੀਵਾਨ ਸਜ ਰਿਹਾ ਸੀ। ਜਵਾਹਰ ਸਿੰਘ ਦੇ ਨਾਲ ਹੀ ਇਕ ਨਫਰ ਉਸ ਦਾ ਹੁੱਕਾ ਚੁੱਕੀ ਆ ਗਿਆ। ਸਿੰਘਾਂ ਨੇ ਉਸ ਨੂੰ ਬਾਹਰ ਹੀ ਰੋਕ ਦਿੱਤਾ। ਗੱਲ-ਬਾਤ ਪਿਛੋਂ ਅਰਦਾਸੀਏ ਸਿੰਘ ਨੇ ਅਰਦਾਸ ਵਿਚ ਇਹ ਸ਼ਬਦ ਆਖੇ "ਹੇ ਸਤਿਗੁਰੂ, ਸੂਰਜ ਮੱਲ ਦਾ ਪੁੱਤਰ ਜਵਾਹਰ ਸਿੰਘ ਗੁਰੂ ਨਾਨਕ ਦਾ ਸ਼ਰਧਾਲੂ ਖਾਲਸਾ ਜੀ ਦੀ ਸਰਣ ਆਇਆ ਹੈ ਆਪ ਦੀ ਕਿਰਪਾ ਨਾਲ ਆਪਣੇ ਪਿਓ ਦਾ ਬਦਲਾ ਲੈਣਾ ਚਾਹੁੰਦਾ ਹੈ," ਆਦਿ। ਜਵਾਹਰ ਸਿੰਘ ਖਾਲਸਾ ਜੀ ਦੇ ਦੀਵਾਨਾਂ ਦੇ ਢੰਗ ਅਤੇ ਰਹੁ-ਰੀਤਿ ਤੋਂ ਉੱਕਾ ਹੀ ਨਾ-ਵਾਕਿਫ਼ ਸੀ। ਉਹ ਪਹਿਲੀ ਵਾਰੀ ਹੀ ਸਿੱਖਾਂ ਦੇ ਦੀਵਾਨ ਵਿਚ ਆਇਆ ਸੀ। ਉਸ ਨੂੰ ਪਤਾ ਨਹੀਂ ਸੀ ਇਥੇ ਰਾਓ ਰੰਕ, ਬਾਦਸ਼ਾਹ ਅਤੇ ਗ਼ਰੀਬ, ਸਭ ਬਰਾਬਰ ਹੁੰਦੇ ਹਨ। ਉਹ ਆਪਣੇ ਦਰਬਾਰਾਂ ਦਾ ਹੀ ਵਾਕਫ਼ ਸੀ ਜਿਥੇ ਸਭ ਲੋਕ ਰਾਜਿਆਂ ਦੇ ਆਉਣ ਵੇਲੇ ਹੱਥ ਜੋੜ ਕੇ ਸਿਰ ਨੀਵੇਂ ਕਰ ਕੇ ਖੜੇ ਹੋ ਕੇ ਉਨ੍ਹਾਂ ਨੂੰ ਨਮਸਕਾਰ ਕਰਦੇ ਸਨ। ਪਰ ਗੁਰੂ-ਖਾਲਸੇ ਦੇ ਦੀਵਾਨ ਵਿਚ ਆਉਣ ਵਾਲਾ ਹਰ ਕੋਈ ਆਪ ਹੱਥ ਜੋੜ ਕੇ ਨਿੰਮ੍ਰਤਾ ਨਾਲ ਆਉਂਦਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕ ਕੇ ਸੱਜੇ ਖੱਬੇ ਬੈਠੀ ਸੰਗਤ ਨੂੰ ਬੜੀ ਅਧੀਨਗੀ ਨਾਲ ਫ਼ਤਿਹ ਬੁਲਾਉਂਦਾ ਹੈ ਅਤੇ ਜਿਥੇ ਥਾਂ ਮਿਲ ਜਾਏ, ਬੈਠ ਜਾਂਦਾ ਹੈ। ਜਵਾਹਰ ਸਿੰਘ ਵਾਸਤੇ ਇਹ ਸਭ ਕੁਝ ਅਨੋਖਾ ਸੀ। ਉਸ ਨੂੰ ਪਤਾ ਨਹੀਂ ਸੀ ਕਿ ਖਾਲਸੇ ਦੀ ਰਹਿਤ ਵਿਚ ਤਮਾਕੂ ਦੀ ਸਖ਼ਤ ਮਨਾਹੀ ਹੈ ਅਤੇ ਉਨ੍ਹਾਂ ਦੇ ਦੀਵਾਨਾਂ ਵਿਚ ਹੁੱਕਾ ਨਾਲ ਲਿਜਾਣਾ ਇਕ ਬੜੀ ਭਾਰੀ ਅਵੱਗਿਆ ਹੈ। ਇਸ ਲਈ ਖਾਲਸੇ ਵੱਲੋਂ ਉਸ ਦੇ ਹੁਕਈ ਨੂੰ ਰੋਕਣਾ ਉਸ ਨੂੰ ਕੁਝ ਚੰਗਾ ਨਾ ਲੱਗਾ ਅਤੇ ਅਰਦਾਸ ਦੇ ਸ਼ਬਦ ਵੀ ਕੁਝ ਜੱਚੇ ਨਾ। ਭਾਵੇਂ ਇਹ ਸਭ ਕੁਝ ਉਸ ਦੀ ਆਪਣੀ ਨਾਵਾਕਫੀ ਦੇ ਕਾਰਣ

ਸੀ, ਪਰ ਉਸ ਨੂੰ ਇਸ ਵੇਲੇ ਖਾਲਸਾ ਜੀ ਦੀ ਸਹਾਇਤਾ ਦੀ ਲੋੜ ਸੀ, ਇਸ ਲਈ ਉਸ ਨੇ ਕੋਈ ਗੱਲ ਵਧਾਈ ਨਹੀਂ।

ਫੈਸਲਾ ਇਹ ਹੋਇਆ ਕਿ ਖਾਲਸਾ ਜੀ ਉੱਤਰ ਵੱਲੋਂ ਸਬਜ਼ੀ ਮੰਡੀ ਦੇ ਪਾਸਿਓਂ ਸ਼ਹਿਰ ਉੱਤੇ ਹੱਲਾ ਕਰਿਆ ਕਰਨ ਅਤੇ ਨਜੀਬ ਦਾ ਇਲਾਕਾ ਭੀ ਉਜਾੜਨ ਤਾਕਿ ਉਸ ਨੂੰ ਓਧਰ ਦਾ ਭੀ ਫਿਕਰ ਪੈ ਜਾਵੇ। ਸਿੰਘਾਂ ਦੇ ਨਿੱਤ ਦੇ ਹੱਲਿਆਂ ਨੇ ਨਜੀਬ ਨੂੰ ਕਾਫ਼ੀ ਜਿੱਚ ਕੀਤਾ, ਪਰ ਉਨ੍ਹਾਂ ਪਾਸ ਕੋਈ ਤੋਪਾਂ ਨਹੀਂ ਸਨ, ਇਸ ਲਈ ਉਹ ਦਿੱਲੀ ਉੱਤੇ ਕੋਈ ਬਹੁਤਾ ਅਸਰ ਨਾ ਕਰ ਸਕੇ। 4 ਫਰਵਰੀ 1765 ਨੂੰ ਖਾਲਸਾ ਜੀ ਅਤੇ ਨਜੀਬੁੱਦੌਲਾ ਦੇ ਵਿਚਕਾਰ ਸਬਜ਼ੀ ਮੰਡੀ ਅਤੇ ਨਖਾਸ ਪਾਸ ਇਕ ਤਕੜੀ ਲੜਾਈ ਹੋ ਪਈ ਜਿਸ ਵਿਚ ਰੁਹੇਲਿਆਂ ਨੂੰ ਹਾਰ ਕੇ ਪਿੱਛੇ ਹਟਣਾ ਪੈ ਗਿਆ। [ਕਾਨੂਨਗੋ, ਜਾਟਸ, 176]

ਇਤਨੇ ਨੂੰ ਖਬਰਾਂ ਆਉਣੀਆਂ ਸ਼ੁਰੂ ਹੋ ਗਈਆਂ ਕਿ ਨਜੀਬੁੱਦੌਲਾ ਦੇ ਸੱਦੇ ਉੱਤੇ ਅਹਿਮਦ ਸ਼ਾਹ ਦੁੱਰਾਨੀ ਪੰਜਾਬ ਵਿਚ ਆ ਪੁੱਜਾ ਹੈ। ਇਸ ਗੱਲ ਨੇ ਮਰਾਠਿਆਂ ਨੂੰ ਫਿਕਰ ਪਾ ਦਿੱਤਾ। ਮਲਹਾਰ ਰਾਓ ਅੱਗੇ ਹੀ ਨਜੀਬ ਨੂੰ ਬਹੁਤਾ ਨੁਕਸਾਨ ਨਹੀਂ ਸੀ ਪੁੱਜਣ ਦੇਣਾ ਚਾਹੁੰਦਾ। ਉਸ ਦੇ ਨਾਲ ਇਮਾਦੁਲ-ਮੁਲਕ ਗਾਜ਼ੀ-ਉ-ਦੀਨ ਭੀ, ਜੋ ਸੂਰਜ ਮੱਲ ਦੇ ਵੇਲੇ ਤੋਂ ਭਰਤਪੁਰ ਵਿਚ ਪਨਾਹਗੀਰ ਸੀ, ਇਕ ਸੁਰ ਹੋ ਗਿਆ ਅਤੇ ਅੰਦਰੋਂ ਅੰਦਰੀ ਨਜੀਬੁੱਦੌਲਾ ਨਾਲ ਸੁਲਾਹ ਦੀ ਗੱਲ ਗਿਣ-ਮਿਥ ਲਈ। ਜਵਾਹਰ ਸਿੰਘ ਸੁਲਾਹ ਦੇ ਹੱਕ ਵਿਚ ਨਹੀਂ ਸੀ। ਪਰ ਜਦ ਮਲਹਾਰ ਅਤੇ ਇਮਾਦ ਵੈਰੀ ਨਾਲ ਰਲ ਗਏ ਤਾਂ ਅੰਤ ਮਜਬੂਰ ਹੋ ਕੇ ਉਸ ਨੂੰ ਭੀ ਇਹ ਸੁਲਾਹ ਦੀ ਗੱਲ ਪਰਵਾਨ ਕਰਨੀ ਪੈ ਗਈ। ਇਹ ਹੀ ਨਹੀਂ ਬਲਕਿ ਸੂਰਜ ਮੱਲ ਦੇ ਵੇਲੇ ਦੇ ਕੁਝ ਪੁਰਾਣੇ ਸਰਦਾਰ ਭੀ ਜਵਾਹਰ ਸਿੰਘ ਦੇ ਵਿਰੁੱਧ ਸਨ ਅਤੇ ਅੰਦਰ ਖਾਨਿਉਂ ਉਸ ਦੀ ਹਾਰ ਚਾਹੁੰਦੇ ਸਨ। ਖਾਲਸਾ ਜੀ ਨੂੰ ਇਸ ਘਸੋਰ ਮਸੋਰੇ ਦਾ ਪਤਾ ਉਦੋਂ ਲੱਗਾ ਕਿ ਜਦੋਂ ਸਾਰੀ ਗੱਲ ਪੂਰੀ ਤਰ੍ਹਾਂ ਸਿਰੇ ਚੜ੍ਹ ਗਈ ਅਤੇ 16 ਫਰਵਰੀ ਨੂੰ ਜਵਾਹਰ ਸਿੰਘ ਦਿੱਲਿਓਂ ਡੇਰਾ ਡੰਡਾ ਚੁੱਕ ਕੇ ਭਰਤਪੁਰ ਨੂੰ ਤੁਰ ਗਿਆ।

[ਨੂਰੁਦੀਨ (ਰਸ਼ੀਦ), 77-108; ਸਰਕਾਰ, *ਫਾਲ ਔਫ ਦੀ ਮੁਗਲ ਐਂਪਾਇਰ*, ਦੂਸਰੀ, 459-68, ਕਾਨੂਨਗੋ, *ਹਿਸਟਰੀ ਔਫ ਦੀ ਜਾਟਸ*, 174-179]

ਹੁਣ ਖਾਲਸੇ ਲਈ ਏਥੇ ਠਹਿਰਣ ਦਾ ਕੋਈ ਮਤਲਬ ਹੀ ਨਹੀ ਸੀ। ਉਧਰ ਅਹਿਮਦ ਸ਼ਾਹ ਪੰਜਾਬ ਵਿਚ ਆ ਪੁੱਜਾ ਹੋਇਆ ਸੀ ਅਤੇ ਖਾਲਸਾ ਜੀ ਦਾ ਉਥੇ ਪਹੁੰਚਣਾ ਅਤਿ ਜ਼ਰੂਰੀ ਸੀ। ਇਸ ਲਈ ਉਹ ਰਵਾਂ ਰਵੀ ਪੰਜਾਬ ਨੂੰ ਮੁੜ ਗਏ।

ਅਧਿਆਇ ਬਾਈਵਾਂ

# ਪੰਜਾਬ ਵਿਚ ਸਿੰਘਾਂ ਦਾ ਬੋਲ ਬਾਲਾ

## ਲਾਹੌਰ ਵਿਚ ਖਾਲਸੇ ਦੀ ਈਨ ਮੰਨੀ ਗਈ

ਜਿਸ ਵੇਲੇ ਫਰਵਰੀ ਸੰਨ 1764 ਵਿਚ ਸਰਦਾਰ ਜੱਸਾ ਸਿੰਘ ਬੁੱਢਾ ਦਲ ਸਮੇਤ ਭਰਤਪੁਰੀਏ ਦੀ ਸਹਾਇਤਾ ਲਈ ਨਜੀਬ ਖ਼ਾਨ ਰੋਹੇਲੇ ਦੇ ਇਲਾਕੇ ਸਹਾਰਨਪੁਰ ਵੱਲ ਨੂੰ ਗਿਆ ਸੀ ਤਾਂ ਤਰੁਣਾ ਦਲ ਦੇ ਸਰਦਾਰ ਜਾਲੰਧਰ ਬਾਰੀ ਅਤੇ ਰਚਨਾ ਦੁਆਬਿਆਂ ਨੂੰ ਮੁੜ ਗਏ ਸਨ ਤਾਂ ਕਿ ਓਧਰ ਆਪਣੀਆਂ ਮੱਲਾਂ ਦਾ ਧਿਆਨ ਰਖ ਸਕਣ। ਇਨ੍ਹਾਂ ਦੇ ਜਾਲੰਧਰ ਦੁਆਬੇ ਵਿਚ ਪੁੱਜਣ ਦੀ ਦੇਰ ਸੀ ਕਿ ਉਥੇ ਦਾ ਫੌਜਦਾਰ ਸਆਦਤ ਖ਼ਾਨ ਸਰਹੰਦ ਵਿਚ ਜੈਨ ਖ਼ਾਨ ਦੀ ਹਾਰ ਅਤੇ ਮੌਤ ਤੋਂ ਡਰਿਆ ਹੋਇਆ ਚੁਪ ਕਰਕੇ ਖਿਸਕ ਗਿਆ। ਇਸ ਤਰਾਂ ਇਹ ਦੁਆਬਾ ਸੌਖੇ ਹੀ ਪੂਰੀ ਤਰਾਂ ਖਾਲਸੇ ਦੇ ਹੱਥ ਆ ਗਿਆ।

ਹੁਣ ਖਾਲਸਾ ਜੀ ਲਾਹੌਰ ਵੱਲ ਨੂੰ ਵਧੇ। ਇਸ ਵੇਲੇ ਇਥੇ ਕਾਬੁਲੀ ਮੱਲ ਹਾਕਮ ਸੀ। ਖਾਲਸੇ ਦੀ ਪਹਿਲੀ ਟੱਕਰ ਇਥੇ ਉਬੈਦ ਖ਼ਾਨ ਨਾਲ ਹੋ ਪਈ ਜੋ ਇਥੇ ਕਲਾਨੌਰ ਆਇਆ ਹੋਇਆ ਸੀ। ਇਸ ਵਿਚ ਉਬੈਦ ਖ਼ਾਨ ਮਾਰਿਆ ਗਿਆ। ਹੁਣ ਸਿੰਘ ਕਾਬੁਲੀ ਮੱਲ ਦੇ ਦੁਆਲੇ ਹੋ ਗਏ ਅਤੇ ਲਾਹੌਰ ਦੇ ਕਸਾਈਆਂ ਨੂੰ ਸਜਾ ਦੇਣ ਲਈ ਕਿਹਾ, ਜਿਨ੍ਹਾਂ ਨੇ ਪਿੱਛੇ ਜਿਹੇ ਖੁਲ੍ਹਮ ਖੁਲ੍ਹਾ ਸ਼ਹਿਰ ਵਿਚ ਤੀਹ ਗਊਆਂ ਮਾਰੀਆਂ ਸਨ ਅਤੇ ਇੱਥੇ ਦੇ ਹਿੰਦੂਆਂ ਦੇ ਦਿਲ ਦੁਖਾਏ ਸਨ। ਕਾਬੁਲੀ ਮੱਲ ਨੇ ਉੱਤਰ ਦਿੱਤਾ ਕਿ ਮੈਂ ਦੀਨਦਾਰ (ਮੁਸਲਮਾਨ) ਅਹਿਮਦ ਸ਼ਾਹ ਬਾਦਸ਼ਾਹ ਦਾ ਨੌਕਰ ਹਾਂ। ਗਊ-ਬਧ ਬੰਦ ਕਰਨ ਨਾਲ ਉਹ ਗੁੱਸੇ ਹੋਵੇਗਾ। ਪਰ ਲਾਹੌਰ ਦੀਆਂ ਕੰਧਾਂ ਪਾਸ ਖੜੋਤੇ ਖਾਲਸਾ ਜੀ ਨੂੰ ਭੀ ਗੁੱਸੇ ਕਰ ਸਕਣਾ ਔਖਾ ਸੀ। ਇਸ ਲਈ ਸ਼ਹਿਰ ਦੇ ਪਤਵੰਤਿਆਂ ਦੀ ਪਰਵਾਨਗੀ ਲੈ ਕੇ ਦੋ ਤਿੰਨ ਕਸਾਈਆਂ ਦੇ ਹੱਥ ਅਤੇ ਨੱਕ ਵਢਵਾ ਦਿੱਤੇ। ਇਸ ਦੇ ਨਾਲ ਹੀ ਕਾਬੁਲੀ ਮੱਲ ਨੇ ਖਾਲਸਾ ਜੀ ਨੂੰ ਨਜਰਾਨਾ ਦੇਣਾ ਮੰਨ ਲਿਆ ਅਤੇ ਸਰਦਾਰ ਹਰੀ ਸਿੰਘ ਦਾ ਵਕੀਲ ਟੇਕ ਚੰਦ ਆਪਣੇ ਪਾਸ ਰੱਖ ਲਿਆ ਅਤੇ ਦਸ ਰੁਪਏ ਰੋਜ ਉਸ ਨੂੰ ਦੇਣੇ ਕਰ ਲਏ। ਇਸ ਤਰਾਂ ਲਾਹੌਰ ਦੀ ਰਾਜਧਾਨੀ ਵਿਚ ਪਹਿਲੀ ਵਾਰੀ ਖਾਲਸੇ ਦੀ ਈਨ ਮੰਨੇ ਜਾਣ ਦਾ ਮੁੱਢ ਬੱਝ ਗਿਆ।

ਲਾਹੌਰੋਂ ਨਾਲ ਹੀ ਅੱਠ ਕੁ ਮੀਲ ਤੇ ਲਹਿੰਦੇ ਵੱਲ ਨਿਆਜ ਬੇਗ ਵਿਚ ਸਰਦਾਰ

Sri Satguru Jagjit Singh ji eLibrary

ਸੋਭਾ ਸਿੰਘ ਨੇ ਕਬਜ਼ਾ ਕੀਤਾ ਹੋਇਆ ਸੀ ਅਤੇ ਉਥੇ ਉਹ ਜਗਾਤ ਉਗ੍ਰਾਹ ਰਿਹਾ ਸੀ ਜਿਸ ਨਾਲ ਲਾਹੌਰ ਦੇ ਵਪਾਰੀਆਂ ਨੂੰ ਤਕਲੀਫ ਹੋ ਰਹੀ ਸੀ। ਕਾਬੁਲੀ ਮੱਲ ਨੇ ਸਰਦਾਰ ਸੋਭਾ ਸਿੰਘ ਦਾ ਇਕ ਆਦਮੀ ਲਾਹੌਰ ਬਿਠਾ ਦਿੱਤਾ ਤਾਂ ਕਿ ਇਥੇ ਜਗਾਤ ਦਾ ਆਪਣਾ ਹਿੱਸਾ ਲੈ ਲਵੇ। ਇਸ ਨਾਲ ਲਾਹੌਰੀਆਂ ਨੂੰ ਜਰਾ ਸੁਖ ਹੋ ਗਿਆ। ਇਸ ਤਰਾਂ ਝਨਾਂ ਦਰਿਆ ਤੋਂ ਚੜ੍ਹਦੀ ਵੱਲ ਦੁੱਰਾਨੀਆਂ ਦੀ ਹਕੂਮਤ ਕੇਵਲ ਲਾਹੌਰ ਸ਼ਹਿਰ ਅਤੇ ਕਿਲੇ ਤਕ ਹੀ ਰਹਿ ਗਈ। ਸਾਰਾ ਇਲਾਕਾ ਖਾਲਸਾ ਜੀ ਨੇ ਸਾਂਭ ਲਿਆ। ਝਨਾਂ ਤੋਂ ਲਹਿੰਦੇ ਨੂੰ ਜਿਹਲਮ ਤਕ ਅਤੇ ਦੱਖਣ-ਲਹਿੰਦੇ ਨੂੰ ਮੁਲਤਾਨ ਵੱਲੋਂ ਜੋ ਕੁਝ ਉਨ੍ਹਾਂ ਦਾ ਅਸਰ ਸੀ ਉਸ ਦਾ ਅੰਤ ਸਰਦਾਰ ਚੜ੍ਹਤ ਸਿੰਘ ਅਤੇ ਭੰਗੀ ਸਰਦਾਰਾਂ ਨੇ ਸੰਨ 1764 ਦੀਆਂ ਗਰਮੀਆਂ ਵਿਚ ਕਰ ਦਿੱਤਾ।

[ਅਲੀ-ਉ-ਦੀਨ, *ਇਬਰਤ ਨਾਮਾ*, 234-35;
ਕਨ੍ਹਈਆ ਲਾਲ 84, ਸਰਕਾਰ, ਫਾਲ, ਦੂਸਰੀ, 494]

## ਸਰਦਾਰ ਚੜ੍ਹਤ ਸਿੰਘ ਦਾ ਰੋਹਤਾਸ ਪਰ ਕਬਜ਼ਾ

ਸਰਦਾਰ ਚੜ੍ਹਤ ਸਿੰਘ ਨੂੰ ਸਰਹੰਦ ਤੋਂ ਮੁੜਨ ਪਰ ਪਤਾ ਲੱਗਾ ਕਿ ਖਾਲਸਾ ਜੀ ਦੇ ਉਧਰ ਗਏ ਹੋਏ ਹੋਣ ਵੇਲੇ ਰੋਹਤਾਸ ਦੇ ਫੌਜਦਾਰ ਸਰਬੁਲੰਦ ਖ਼ਾਨ ਨੇ ਜਿਹਲਮ ਨਦੀ ਟੱਪ ਕੇ ਗੁਜਰਾਤ ਦੇ ਇਲਾਕੇ ਉੱਤੇ ਕਬਜਾ ਕਰ ਲਿਆ ਹੈ ਅਤੇ ਚੋਧਰੀਆਂ ਅਤੇ ਕਾਨੂਗੋਇਆਂ ਨੂੰ ਕੈਦ ਕਰ ਦਿੱਤਾ ਹੈ। ਚੋਧਰੀ ਰਹਿਮਤ ਖ਼ਾਨ ਅਤੇ ਦੀਵਾਨ ਸ਼ਿਵਨਾਥ ਨੂੰ ਇਹ ਊਜ ਲਾ ਕੇ ਜਾਨੋ ਮਰਵਾ ਦਿੱਤਾ ਸੀ ਕਿ ਇਨ੍ਹਾਂ ਦੇ ਸੱਦੇ ਤੇ ਖਾਲਸਿਆਂ ਨੇ ਗੁਜਰਾਤ ਉੱਤੇ ਕਬਜ਼ਾ ਕੀਤਾ ਸੀ। ਇਸ ਲਈ ਹੁਣ ਖਾਲਸੇ ਵਾਸਤੇ ਜਰੂਰੀ ਸੀ ਕਿ ਗੁਜਰਾਤ ਸਰਬੁਲੰਦ ਖ਼ਾਨ ਪਾਸੋਂ ਖਾਲੀ ਕਰਾਈ ਜਾਏ, ਕੈਦ ਵਿਚ ਪਏ ਹੋਏ ਕਾਨੂਗੋ ਅਤੇ ਚੋਧਰੀ ਛੁਡਾਏ ਜਾਣ ਅਤੇ ਬੇਗੁਨਾਹਾਂ ਦੀ ਮੌਤ ਲਈ ਪੁੱਛ ਪਰਤੀਤ ਕੀਤੀ ਜਾਏ। ਇਹ ਧਾਰ ਕੇ ਸਰਦਾਰ ਚੜ੍ਹਤ ਸਿੰਘ ਅਤੇ ਗੁਜਰ ਸਿੰਘ ਭੰਗੀ ਨੇ ਰੋਹਤਾਸ ਦਾ ਕਿਲਾ ਜਾ ਘੇਰਿਆ। ਚਾਰ ਮਹੀਨੇ ਘੇਰਾ ਪਿਆ ਰਿਹਾ ਅਤੇ ਕਿਲਾ ਸਰ ਨਾ ਹੋਇਆ। ਹੁਣ ਸਰਦਾਰਾਂ ਨੇ ਸਲਾਹ ਕਰਕੇ ਘੇਰਾ ਚੁੱਕ ਕੇ ਪਿੱਛੇ ਹਟ ਤੁਰਨ ਦਾ ਬਹਾਨਾ ਕੀਤਾ। ਜਦ ਸਰਬੁਲੰਦ ਖ਼ਾਨ ਸਿੰਘਾਂ ਦੇ ਪਿੱਛੇ ਪੈਣ ਲਈ ਕਿਲੇ ਤੋਂ ਬਾਹਰ ਨਿਕਲ ਆਇਆ ਤਾਂ ਸਰਦਾਰ ਅਚਾਨਕ ਇਕ ਦਮ ਪਿੱਛੇ ਨੂੰ ਮੁੜ ਪਏ ਅਤੇ ਖ਼ਾਨ ਨੂੰ ਘੇਰੇ ਵਿਚ ਲੈ ਲਿਆ ਅਤੇ ਜਿਉਂਦਾ ਹੀ ਫੜ ਲਿਆ। ਪਰ ਸਰਦਾਰ ਚੜ੍ਹਤ ਸਿੰਘ ਨੇ ਉਸ ਨੂੰ ਬੜੀ ਇੱਜਤ ਨਾਲ ਰਖਿਆ ਅਤੇ ਉਸ ਨੂੰ ਹਰ ਪ੍ਰਕਾਰ ਦੀ ਸਹੂਲਤ ਦਿੱਤੀ। ਇਹ ਦੇਖ ਕੇ ਸਰਬੁਲੰਦ ਖ਼ਾਨ ਇਤਨਾ ਪ੍ਰਸੰਨ ਸੀ ਕਿ ਉਸ ਨੇ ਸਰਦਾਰ ਚੜ੍ਹਤ ਸਿੰਘ ਨੂੰ ਕਿਹਾ ਕਿ ਜੇ ਤੂੰ ਬਾਦਸ਼ਾਹ ਬਣ ਜਾਏਂ ਤਾਂ ਮੈਂ ਤੇਰਾ ਫੌਜਦਾਰ ਬਣ ਕੇ ਸੇਵਾ ਕਰਨ ਨੂੰ ਤਿਆਰ ਹਾਂ। ਸਰਦਾਰ ਚੜ੍ਹਤ ਸਿੰਘ ਨੇ ਉੱਤਰ ਦਿੱਤਾ ਕਿ 'ਬਾਦਸ਼ਾਹੀ ਤਾਂ ਸਤਿਗੁਰੂ ਨੇ ਖਾਲਸੇ ਨੂੰ ਅੱਗੇ ਬਖਸ਼ੀ ਹੋਈ ਹੈ, ਅਸੀਂ ਤਾਂ ਤੈਨੂੰ ਇਸ ਕਰਕੇ ਕੈਦ ਵਿਚ ਰਖਣਾ ਚਾਹੁੰਦੇ ਹਾਂ ਕਿ ਦੁਨੀਆਂ ਨੂੰ ਪਤਾ ਲੱਗ ਜਾਏ ਕਿ ਚੜ੍ਹਤ ਸਿੰਘ ਨੇ ਅਹਿਮਦ ਸ਼ਾਹ



Sri Satguru Jagjit Singh Ji e-Library



Sri Satguru Jagjit Singh Ji eLibrary



ਸਰਦਾਰ ਚੜ੍ਹਤ ਸਿੰਘ ਸ਼ੁੱਕਰਚੱਕੀਆ

ਬਾਦਸ਼ਾਹ ਦੇ ਚਾਚੇ ਨੂੰ ਭੀ ਫੜ ਰਖਿਆ ਹੈ।' ਇਹ ਸੁਣ ਕੇ ਸਰਬੁਲੰਦ ਖ਼ਾਨ ਨੇ ਕਿਹਾ ਕਿ ਮੈਨੂੰ ਛਡ ਦੇਣ ਵਿਚ ਤੇਰੀ ਹੋਰ ਭੀ ਜਿਆਦਾ ਸੋਭਾ ਹੋਵੇਗੀ ਕਿ ਚੜ੍ਹਤ ਸਿੰਘ ਨੇ ਅਹਿਮਦ ਸ਼ਾਹ ਬਾਦਸ਼ਾਹ ਦੇ ਚਾਚੇ ਨੂੰ ਫੜ ਲਿਆ ਸੀ ਅਤੇ ਫੇਰ ਛਡ ਦਿੱਤਾ। ਇਹ ਗੱਲ ਸਰਦਾਰ ਚੜ੍ਹਤ ਸਿੰਘ ਦੇ ਦਿਲ ਲੱਗ ਗਈ ਅਤੇ ਉਸ ਨੇ ਸਰਬੁਲੰਦ ਖ਼ਾਨ ਨੂੰ ਬੜੇ ਸਤਕਾਰ ਨਾਲ ਵਿਦਾ ਕਰ ਦਿੱਤਾ।

ਇਸ ਜਿੱਤ ਨਾਲ ਜਿਹਲਮ ਅਤੇ ਸਿੰਧ ਦੇ ਵਿਚਕਾਰ ਦਾ ਸਾਰਾ ਇਲਾਕਾ ਖਾਲਸੇ ਦੇ ਹੱਥ ਆ ਗਿਆ ਜੋ ਸਰਦਾਰ ਚੜ੍ਹਤ ਸਿੰਘ ਅਤੇ ਭੰਗੀ ਸਰਦਾਰਾਂ ਨੇ ਆਪਸ ਵਿਚ ਵੰਡ ਲਿਆ।

[ਗਣੇਸ਼ ਦਾਸ, *ਚਾਹਾਰ ਬਾਗਿ ਪੰਜਾਬ*, 131; *ਉਮਦਾਤੁ-ਤਵਾਰੀਖ*, ਦੂਸਰੀ 12; *ਪ੍ਰਾਚੀਨ ਪੰਥ ਪ੍ਰਕਾਸ਼*, 496-98]

## ਸਿੰਘ ਮੁਲਤਾਨ ਅਤੇ ਡੇਰਿਆਂ ਤਕ ਜਾ ਪੁੱਜੇ

ਜਿਸ ਵੇਲੇ ਸਰਦਾਰ ਚੜ੍ਹਤ ਸਿੰਘ ਅਤੇ ਗੁੱਜਰ ਸਿੰਘ ਸਰਬੁਲੰਦ ਖ਼ਾਨ ਨਾਲ ਰੋਹਤਾਸ ਵਿਚ ਰੁਝੇ ਹੋਏ ਸਨ, ਸਰਦਾਰ ਹਰੀ ਸਿੰਘ ਭੰਗੀ, ਉਨ੍ਹਾਂ ਦੇ ਪੁੱਤਰ ਝੰਡਾ ਸਿੰਘ ਅਤੇ ਗੰਡਾ ਸਿੰਘ, ਅਤੇ ਹੀਰਾ ਸਿੰਘ ਨਕਈ ਦੱਖਣ-ਲਹਿੰਦੇ ਪੰਜਾਬ ਵੱਲ ਨੂੰ ਹੋ ਪਏ ਅਤੇ ਮੁਲਤਾਨ ਮਾਰ ਕੇ ਸਿੰਧੋਂ ਪਾਰ ਡੇਰਿਆਂ (ਡੇਰਾ ਇਸਮਾਈਲ ਖ਼ਾਨ ਅਤੇ ਡੇਰਾ ਗਾਜ਼ੀ ਖ਼ਾਨ) ਤਕ ਜਾ ਪੁੱਜੇ। ਜੂਨ 1765 ਵਿਚ ਸਮਾਪਤ ਹੋਏ 'ਜੰਗ ਨਾਮੇ' ਦਾ ਕਰਤਾ ਕਾਜ਼ੀ ਨੂਰ ਮੁਹੰਮਦ ਗੁੰਜਾਬੇ ਵਾਲਾ ਲਿਖਦਾ ਹੈ ਕਿ "ਕਾਫ਼ਰ ਸਿੱਖ, ਲਾਹੌਰ ਅਤੇ ਮੁਲਤਾਨ ਦੇ ਇਲਾਕੇ ਵਿਚ ਪੁੱਜ ਗਏ ਹਨ। ਲਾਹੌਰ ਤੋਂ ਲੈ ਕੇ ਡੇਰਿਆਂ ਤਕ ਜਾ ਹੱਲੇ ਕੀਤੇ ਹਨ...ਇਨ੍ਹਾਂ ਨੇ ਦੀਨਦਾਰਾਂ ਤੇ ਜ਼ੋਰ ਪਾ ਲਿਆ ਹੈ ਅਤੇ ਮੁਲਤਾਨ ਦਾ ਇਲਾਕਾ ਗਾਹ ਮਾਰਿਆ ਹੈ।" [38, 40]

Sri Satguru Jagjit Singh Ji eLibrary

ਅਧਿਆਇ ਤੇਈਵਾਂ

# ਦੁੱਰਾਨੀ ਦਾ ਸੱਤਵਾਂ ਹੱਲਾ ਅਤੇ ਖਾਲਸਾ ਜੀ

## ਸਿੰਘਾਂ ਵਿਰੁੱਧ ਜਹਾਦ ਦੀ ਤਿਆਰੀ

ਜਦੋਂ ਅਫ਼ਗਾਨਿਸਤਾਨ ਵਿਚ ਅਹਿਮਦ ਸ਼ਾਹ ਬਾਦਸ਼ਾਹ ਨੂੰ ਪਤਾ ਲੱਗਾ ਕਿ ਖਾਲਸਾ ਜੀ ਨੇ ਪੰਜਾਬ ਵਿਚੋਂ ਦੁੱਰਾਨੀਆਂ ਦੀ ਸਫ਼ ਵਲ੍ਹੇਟ ਛੱਡੀ ਹੈ, ਜੈਨ ਖ਼ਾਨ ਨੂੰ ਮਾਰ ਕੇ ਸਰਹੰਦ ਪਰ ਕਬਜ਼ਾ ਕਰ ਲਿਆ ਹੈ, ਜਾਲੰਧਰੋਂ ਸਆਦਤ ਖ਼ਾਨ ਡਰਦਾ ਮਾਰਾ ਭੱਜ ਗਿਆ ਹੈ, ਲਾਹੌਰ ਵਿਚ ਕਾਬੁਲੀ ਮੱਲ ਨੇ ਖਾਲਸਾ ਜੀ ਦੀ ਈਨ ਮੰਨ ਲਈ ਹੈ, ਜਹਾਨ ਖ਼ਾਨ ਅਤੇ ਸਰਬੁਲੰਦ ਖ਼ਾਨ ਸਿਆਲਕੋਟ ਅਤੇ ਰੋਹਤਾਸ ਵਿਚ ਸਿੰਘਾਂ ਪਾਸੋਂ ਮਾਰ ਖਾ ਕੇ ਦੌੜ ਗਏ ਹਨ ਅਤੇ ਹੁਣ ਸਿੰਘਾਂ ਨੇ ਮੁਲਤਾਨ ਜਾ ਮਾਰਿਆ ਹੈ ਅਤੇ ਸਿੰਧ ਦਰਿਆ ਪਾਰ ਕਰ ਕੇ ਡੇਰਿਆਂ (ਡੇਰਾ ਗਾਜ਼ੀ ਖ਼ਾਨ ਅਤੇ ਡੇਰਾ ਇਸਮਾਈਲ ਖਾਨ) ਨੂੰ ਜਾ ਹੱਥ ਲਾਇਆ ਹੈ—ਜਿਥੇ ਕਿ ਸਿੱਧੀ ਅਫਗਾਨਿਸਤਾਨ ਦੀ ਹੱਦ ਲਗਦੀ ਸੀ—ਤਾਂ ਉਹ ਬੜਾ ਘਬਰਾਇਆ। ਇਸ ਖਿਆਲ ਨਾਲ ਕਿ ਉਸ ਦੇ ਬੜੇ ਬੜੇ ਨਾਮੀ ਅਤੇ ਸੂਰਬੀਰ ਜਰਨੈਲ ਜਹਾਨ ਖ਼ਾਨ, ਸਰਬੁਲੰਦ ਖ਼ਾਨ, ਜੈਨ ਖ਼ਾਨ, ਸਰਫਰਾਜ ਖ਼ਾਨ, ਮੁਰਾਦ ਖ਼ਾਨ, ਸਆਦਤ ਖ਼ਾਨ ਆਦਿ ਸਿੰਘਾਂ ਅੱਗੇ ਟਿਕ ਨਹੀਂ ਸਕੇ, ਸ਼ਾਹ ਨੇ ਕਲਾਤ ਦੇ ਬਲੋਚ ਹਾਕਮ ਮੀਰ ਨਸੀਰ ਖ਼ਾਨ ਨੂੰ ਲਿਖਿਆ ਕਿ ਉਹ ਹੱਜ ਲਈ ਮੱਕੇ ਜਾਣ ਦਾ ਖਿਆਲ ਛੱਡ ਕੇ ਆਪਣੀ ਪੂਰੀ ਫੌਜ ਲੈ ਕੇ ਸਿੰਘਾਂ ਵਿਰੁੱਧ ਜਹਾਦ ਲਈ ਪੰਜਾਬ ਵਿਚ ਉਸ ਦੇ ਨਾਲ ਸ਼ਾਮਲ ਹੋਵੇ।

ਉਧਰ ਮੀਰ ਨਸੀਰ ਖ਼ਾਨ ਨੇ ਭੀ ਮੁਲਤਾਨ ਅਤੇ ਡੇਰਿਆਂ ਵਿਚ ਖਾਲਸਾ ਜੀ ਦੇ ਹੱਲਿਆਂ ਦੀਆਂ ਖਬਰਾਂ ਸੁਣ ਲਈਆਂ ਸਨ। ਉਸ ਨੂੰ ਆਪਣੇ ਇਲਾਕੇ ਦਾ ਫਿਕਰ ਪੈ ਗਿਆ ਸੀ ਜੋ ਡੇਰਾ ਗਾਜ਼ੀ ਖ਼ਾਨ ਤੋਂ ਲਹਿੰਦੇ ਨੂੰ ਬਹੁਤੀ ਦੂਰ ਨਹੀਂ ਸੀ। ਉਂਜ ਮੁਲਤਾਨ ਭੀ ਪੀਰਾਂ ਫਕੀਰਾਂ ਦੀਆਂ ਖਾਨਕਾਹਾਂ, ਜ਼ਿਆਰਤ-ਗਾਹਾਂ ਅਤੇ ਮਕਬਰਿਆਂ ਦੀ ਥਾਂ ਸੀ। ਇਸ ਲਈ ਮੀਰ ਨਸੀਰ ਖ਼ਾਨ ਨੇ ਸਿੰਘਾਂ ਦੇ ਵਿਰੁੱਧ ਜਹਾਦ ਕਰਨ ਦੀ ਤਜਵੀਜ਼ ਮੁਲਾਣਿਆਂ ਪਾਸ ਫਤਵੇ ਲਈ ਪੇਸ਼ ਕੀਤੀ ਜਿਨ੍ਹਾਂ ਨੇ ਇਸ ਦੀ ਪਰੋੜ੍ਹਤਾ ਕੀਤੀ ਅਤੇ ਬਾਦਸ਼ਾਹ ਅਹਿਮਦਸ਼ਾਹ ਪਾਸੋਂ ਆਗਿਆ ਲੈ ਲੈਣ ਦੀ ਸਲਾਹ ਦਿੱਤੀ।

## ਅਹਿਮਦ ਸ਼ਾਹ ਅਤੇ ਮੀਰ ਨਸੀਰ ਖ਼ਾਨ ਦੀ ਪੰਜਾਬ ਪਰ ਚੜ੍ਹਾਈ

ਇਸ ਤਰ੍ਹਾਂ ਅਹਿਮਦ ਸ਼ਾਹ ਬਾਦਸ਼ਾਹ ਅਤੇ ਮੀਰ ਨਸੀਰ ਖ਼ਾਨ ਬਲੋਚ ਅਕਤੂਬਰ

ਸੰਨ 1764 ਵਿਚ ਸਿੰਘਾਂ ਦੇ ਵਿਰੁੱਧ ਜਹਾਦ ਦਾ ਨਿਸ਼ਚਾ ਕਰ ਕੇ ਪੰਜਾਬ ਤੇ ਆ ਚੜ੍ਹੇ ਅਤੇ ਐਮਨਾਬਾਦ ਦੇ ਲਾਗੇ ਅਠਾਰਾਂ ਹਜ਼ਾਰ ਦੁੱਰਾਨੀਆਂ ਅਤੇ ਬਾਰਾਂ ਹਜ਼ਾਰ ਬਲੋਚਾਂ ਦੀਆਂ ਦੋਨੋਂ ਫੌਜਾਂ ਇਕੱਠੀਆਂ ਹੋ ਗਈਆਂ।

ਗੁੰਜਾਬੇ ਦਾ ਕਾਜ਼ੀ ਨੂਰ ਮੁਹੰਮਦ ਭੀ ਮੀਰ ਨਸੀਰ ਖ਼ਾਨ ਦੇ ਲਸ਼ਕਰ ਵਿਚ ਆ ਰਲਿਆ ਅਤੇ ਬੇਨਤੀ ਕੀਤੀ ਕਿ ਇਸ ਧਰਮ-ਜੁਧ ਤੋਂ ਮੁੜਨ ਪਰ ਜਦ ਅਹਿਮਦ ਸ਼ਾਹ ਤੁਹਾਨੂੰ ਡੇਰਿਆਂ ਅਤੇ ਸ਼ਿਕਾਰਪੁਰ ਦਾ ਇਲਾਕਾ ਬਖਸ਼ੇ ਤਾਂ ਮੈਨੂੰ ਇਨ੍ਹਾਂ ਦੋਹਾਂ ਵਿਚੋਂ ਇਕ ਥਾਂ ਕਾਜ਼ੀ ਬਣਾ ਦੇਣਾ ਅਤੇ ਮੈਂ ਤੁਹਾਡੇ ਨਾਲ ਚਲਾਂਗਾ ਅਤੇ ਇਸ ਜੰਗ ਦਾ ਹਾਲ ਲਿਖ ਕੇ ਪੇਸ਼ ਕਰਾਂਗਾ। ਨਸੀਰ ਖ਼ਾਨ ਨੇ ਇਹ ਗੱਲ ਪਰਵਾਨ ਕਰ ਲਈ ਅਤੇ ਇਸ ਤਰ੍ਹਾਂ ਇਸ ਜਹਾਦ ਦਾ 'ਜੰਗਨਾਮਾ' ਲਿਖਿਆ ਗਿਆ ਹੈ ਜਿਸ ਦੇ ਆਧਾਰ ਤੇ ਇਹ ਅਧਿਆਇ ਲਿਖਿਆ ਗਿਆ ਹੈ। ਅਹਿਮਦਸ਼ਾਹ ਦੇ ਇਸ ਹੱਲੇ ਦਾ ਇਸ ਵਿਸਥਾਰ ਨਾਲ ਹਾਲ ਹੋਰ ਕਿਧਰੇ ਨਹੀਂ ਮਿਲਦਾ।

ਇਸ ਵੇਲੇ ਕੇਂਦਰੀ ਪੰਜਾਬ ਲਗਭਗ ਸਿੰਘਾਂ ਤੋਂ ਖ਼ਾਲੀ ਪਿਆ ਸੀ। ਜਿਵੇਂ ਪਿੱਛੇ ਲਿਖਿਆ ਗਿਆ ਹੈ, ਸਰਦਾਰ ਜੱਸਾ ਸਿੰਘ ਆਹਲੂਵਾਲੀਆ ਬੁੱਢਾ ਦਲ ਦੇ ਪੰਦਰਾਂ ਹਜ਼ਾਰ ਸਿੰਘਾਂ ਨਾਲ ਭਰਤਪੁਰੀਏ ਜਾਟ ਦੀ ਸਹਾਇਤਾ ਲਈ ਦਿੱਲੀ ਵੱਲ ਸੀ। ਭੰਗੀ ਸਰਦਾਰ ਸਾਂਦਲ ਬਾਰ ਦੇ ਇਲਾਕੇ ਵੱਲ ਗਏ ਹੋਏ ਸਨ। ਇਕੱਲਾ ਸਰਦਾਰ ਚੜ੍ਹਤ ਸਿੰਘ ਹੀ ਉਸ ਵੇਲੇ ਰਚਨਾ ਅਤੇ ਬਾਰੀ ਦੁਆਬ ਵਿਚ ਸੀ। ਉਹ ਭੀ ਸਿਆਲਕੋਟ ਗਿਆ ਹੋਇਆ ਸੀ। ਸ਼ਾਹ ਦੇ ਆਉਂਦੇ ਹੋਣ ਦੀ ਖਬਰ ਮਿਲਦੇ ਸਾਰ ਉਸ ਨੇ ਲਾਹੌਰ ਵੱਲ ਨੂੰ ਧਾਈ ਕਰ ਦਿੱਤੀ।

ਇਸ ਲਈ ਜਿਸ ਵੇਲੇ ਅਹਿਮਦ ਸ਼ਾਹ ਬੇ-ਰੋਕ-ਟੋਕ ਨਵੰਬਰ ਦੇ ਤੀਸਰੇ ਚੌਥੇ ਹਫਤੇ ਲਾਹੌਰ ਆ ਪੁੱਜਾ ਤਾਂ ਉਸ ਦਾ ਟਾਕਰਾ ਕਰਨ ਵਾਲਾ ਓਥੇ ਕੋਈ ਭੀ ਨਹੀਂ ਸੀ। ਸ਼ਾਹ ਸੋਚਾਂ ਵਿਚ ਪੈ ਗਿਆ ਅਤੇ ਇਕ ਮਜਲਸ ਕਰ ਕੇ ਆਪਣੇ ਸਰਦਾਰਾਂ ਦੀ ਸਲਾਹ ਪੁੱਛੀ ਕਿ ਇਸ ਹਾਲਤ ਵਿਚ ਕੀ ਕਰਨਾ ਚਾਹੀਦਾ ਹੈ।

### ਸਰਦਾਰ ਚੜ੍ਹਤ ਸਿੰਘ ਦਾ ਹੱਲਾ

ਦੂਸਰੇ ਦਿਨ ਸਵੇਰੇ ਹੀ ਆਮ ਰਵਾਜ ਅਨੁਸਾਰ ਵੱਡੇ ਵੱਡੇ ਅਫਗਾਨ ਸਰਦਾਰ ਬਾਦਸ਼ਾਹ ਦੀ ਸੇਵਾ ਵਿਚ ਹਾਜ਼ਰ ਸਨ ਕਿ ਮੁਹੈਲ ਗਾਰਦ ਵੱਲੋਂ ਇਕ ਤੇਜ਼ ਘੋੜ-ਚੜ੍ਹਾ ਭੱਜਾ ਆਇਆ ਅਤੇ ਸੁਨੇਹਾ ਦਿੱਤਾ ਕਿ ਸਿੱਖਾਂ ਦਾ ਇਕ ਲਸ਼ਕਰ ਦੁੱਰਾਨੀ ਫ਼ੌਜ ਪਰ ਆ ਪਿਆ ਹੈ ਅਤੇ ਉਨ੍ਹਾਂ ਨੇ ਅਗਲੀ ਗਾਰਦ ਦੇ ਗਾਜ਼ੀਆਂ ਦਾ ਬੁਰਾ ਹਾਲ ਕਰ ਦਿੱਤਾ ਹੈ ਅਤੇ ਜੇ ਸ਼ਾਹ ਛੇਤੀ ਹੀ ਸਹਾਇਤਾ ਲਈ ਨਾ ਪੁੱਜਾ ਤਾਂ ਸੰਸਾਰ ਵਿਚ ਹਨੇਰ ਆ ਜਾਵੇਗਾ।

ਸਿੰਘਾਂ ਦੇ ਇਸ ਲਸ਼ਕਰ ਦਾ ਆਗੂ ਸਰਦਾਰ ਚੜ੍ਹਤ ਸਿੰਘ ਸੀ ਜੋ ਅਚਾਨਕ ਹੀ ਬਲੋਚ ਗਾਜ਼ੀਆਂ ਦੇ ਹਰੋਲ (ਅਗਾਊਂ ਦਸਤੇ) ਉੱਤੇ ਜਾ ਪਿਆ ਸੀ, ਜਿਸ ਦੀ ਕਮਾਨ ਗਹਿਰਾਮ ਖ਼ਾਨ ਮਗਸੀ ਅਤੇ ਅਹਿਮਦ ਖ਼ਾਨ ਬਲੀਦੀ ਦੇ ਹੱਥ ਸੀ। ਸਰਦਾਰ ਚੜ੍ਹਤ

Sri Satguru Jagjit Singh Ji eLibrary

[illegible]

[illegible]

Jagjit Si

ਂ ਦਾਸੂ ਦੇ ਦੁਆਰੇ
ਗਾ ਤੇ ਅਹਿੰਕਾਰ ਤੇ ਲੋਭ
ਸਿਮਰਨ ਨਾਲ ਮਨੁੱਖ

Jagjit Singh

Jagjit Singh

ਸਿੰਘ ਦਾ ਹੱਲਾ ਇਤਨਾ ਤੇਜ਼ ਅਤੇ ਸਖ਼ਤ ਸੀ ਕਿ ਅਹਿਮਦ ਖ਼ਾਨ ਅਤੇ ਉਸ ਦਾ ਪੁੱਤਰ ਪਹਿਲੀ ਝੱਟੇ ਹੀ ਮਾਰੇ ਗਏ। ਮੀਰ ਅਬਦੁਲ ਨਬੀ ਰਈਸਾਨੀ ਅਤੇ ਮੀਰ ਨਸੀਰ ਖ਼ਾਨ ਆਪਣੇ ਹਰੋਲ ਦੀ ਸਹਾਇਤਾ ਲਈ ਪੁੱਜੇ। ਘਮਸਾਨ ਵਿਚ ਮੀਰ ਨਸੀਰ ਖ਼ਾਨ ਦਾ ਘੋੜਾ ਮਾਰਿਆ ਗਿਆ ਅਤੇ ਉਹ ਭੋਇੰ ਤੇ ਡਿਗ ਪਿਆ। ਐਨ ਇਸ ਵੇਲੇ ਜੇ ਕਿਧਰੇ ਮੀਰ ਨਸੀਰ ਖ਼ਾਨ ਦੇ ਦੋ ਬੰਦੂਕਾਂ ਵਾਲੇ ਨੌਕਰ ਹੱਲਾ ਕਰਨ ਵਾਲੇ ਸਿੰਘਾਂ ਪਰ ਗੋਲੀ ਨਾ ਆ ਦਾਗਦੇ ਤਾਂ ਉਸ ਦਾ ਰੱਬ ਹੀ ਰਾਖਾ ਸੀ। ਰਾਤ ਤਕ ਗਹਿ-ਗੱਚ ਲੜਾਈ ਹੁੰਦੀ ਰਹੀ ਅਤੇ ਹਨੇਰਾ ਪੈ ਜਾਣ ਪਰ ਹੀ ਮੁੱਕੀ। ਸਿੰਘਾਂ ਦਾ ਹੱਲਾ ਕਰਨ ਦਾ ਆਪਣਾ ਹੀ ਢੰਗ ਸੀ ਕਿ ਪਹਿਲਾਂ ਇਕ-ਜੱਥਾ ਜ਼ਰਾ ਕੁ ਹਟਵੇਂ ਟਿਕਾਣੇ ਤੋਂ ਗੋਲੀਆਂ ਦੀ ਵਾੜ ਝਾੜਦਾ ਅਤੇ ਫੇਰ ਬੰਦੂਕਾਂ ਭਰਨ ਲਈ ਪਿੱਛੇ ਹਟ ਜਾਂਦਾ। ਇਤਨੇ ਨੂੰ ਇਕ ਹੋਰ ਜੱਥਾ ਦੂਸਰੇ ਪਾਸਿਓਂ ਛਲਕ ਮਾਰ ਦਿੰਦਾ। ਇਸ ਤਰ੍ਹਾਂ ਤਿੰਨ ਚਾਰ ਜੱਥੇ ਵਾਰੋ ਵਾਰੀ ਸਾਰਿਆਂ ਪਾਸਿਆਂ ਤੋਂ ਗੋਲੀਆਂ ਦਾ ਮੀਂਹ ਵਰ੍ਹਾਈ ਰਖਦੇ ਅਤੇ ਵੈਰੀ ਨੂੰ ਕਿਸੇ ਕਿਸੇ ਪਾਸੇ ਭੀ ਨਾ ਮੂੰਹ ਮੋੜਨ ਦਿੰਦੇ, ਨਾ ਦਮ ਲੈਣ। ਆਪ ਤਾਂ ਜਰਾ ਦਮ ਲੈ ਲੈਂਦੇ ਸਨ ਪਰ ਵੈਰੀ ਦੀ ਜਿੰਦ ਨੱਕ ਵਿਚ ਲਿਆਈ ਰਖਦੇ ਸਨ। ਜਦ ਮੀਰ ਨਸੀਰ ਖ਼ਾਨ ਮੁੜ ਕੇ ਅਹਿਮਦਸ਼ਾਹ ਨੂੰ ਮਿਲਿਆ ਤਾਂ ਬਾਦਸ਼ਾਹ ਨੇ ਉਸ ਦੀ ਦਲੇਰੀ ਪਰ ਉਸ ਨੂੰ ਵਧਾਈ ਦਿੱਤੀ ਅਤੇ ਨਾਲੇ ਉਸ ਨੂੰ ਚੌਕਸ ਕੀਤਾ ਕਿ ਸਿੰਘਾਂ ਦੇ ਵਿਰੁੱਧ ਮੁੜ ਇਸ ਤਰ੍ਹਾਂ ਤੇਜ਼ੀ ਨਾ ਕਰੇ ਅਤੇ ਆਪਣੀ ਜਾਨ ਖ਼ਤਰੇ ਵਿਚ ਨਾ ਪਾਵੇ। [ਜੰਗਨਾਮਾ, 80-97]

## ਤੀਹਾਂ ਸਿੰਘਾਂ ਦੀ ਅੰਮ੍ਰਿਤਸਰ ਵਿਚ ਕੁਰਬਾਨੀ

ਇਸ ਤਰ੍ਹਾਂ ਸਰਦਾਰ ਚੜ੍ਹਤ ਸਿੰਘ ਅਹਿਮਦ ਸ਼ਾਹ ਨਾਲ ਇਕ ਟੱਕਰ ਲੈ ਕੇ ਦੂਸਰੇ ਮੌਕੇ ਦੀ ਤਾੜ ਵਿਚ ਇੱਕਲ-ਵਾਂਝੇ ਹੋ ਗਿਆ। ਸ਼ਾਹ ਨੂੰ ਕਿਸੇ ਨੇ ਖ਼ਬਰ ਦਿੱਤੀ ਕਿ ਸਿੰਘ ਅੰਮ੍ਰਿਤਸਰ ਵੱਲ ਨੂੰ ਚਲੇ ਗਏ ਹਨ। ਇਸ ਲਈ ਸ਼ਾਹ ਉਧਰ ਨੂੰ ਤੁਰ ਪਿਆ। ਤਿੰਨ ਦਿਨ ਅਤੇ ਤਿੰਨ ਰਾਤਾਂ ਰਾਹ ਵਿਚ ਲੱਗ ਗਈਆਂ ਅਤੇ ਚੌਥੀ ਰਾਤੇ (30 ਨਵੰਬਰ, ਸੰਨ 1764 ਨੂੰ) ਅੰਮ੍ਰਿਤਸਰ ਪਹੁੰਚਾ। ਰਾਹ ਵਿਚ ਸਿੰਘ ਆ ਟਕਰਦੇ ਹੋਣੇ ਹਨ। ਪਹਿਲੀ ਦਸੰਬਰ ਨੂੰ ਜਦ ਅਹਿਮਦ ਸ਼ਾਹ ਸ੍ਰੀ ਦਰਬਾਰ ਸਾਹਿਬ ਪੁੱਜਾ ਤਾਂ ਉਸ ਨੂੰ ਕਿਧਰੇ ਕੋਈ ਸਿੰਘ ਨਜ਼ਰੀ ਨਾ ਪਿਆ। ਉਹ ਬਹੁਤੇ ਇਥੇ ਨਹੀਂ ਆਏ ਹੋਣੇ। ਜਦ ਸ਼ਾਹ ਪਰਕਰਮਾਂ ਵਿਚ ਗਿਆ ਤਾਂ ਬੁੰਗਿਆਂ ਵਿਚੋਂ ਤੀਹ ਸਿੰਘ ਨਿਕਲੇ ਅਤੇ ਸ਼ਾਹ ਦੀ ਫ਼ੌਜ ਪਰ ਟੁੱਟ ਪਏ ਜਿਸ ਦੀ ਗਿਣਤੀ ਤੀਹ ਹਜ਼ਾਰ ਸੀ—ਅਠਾਰਾਂ ਹਜ਼ਾਰ ਅਫ਼ਗਾਨ ਅਤੇ ਬਾਰਾਂ ਹਜ਼ਾਰ ਬਲੋਚ। ਨੂਰ ਮੁਹੰਮਦ ਲਿਖਦਾ ਹੈ ਕਿ :

*ਸ਼ਹੋ ਲਸ਼ਕਰਿ ਸ਼ਹਿ ਬ-ਚੱਕ ਚੂੰ ਰਸੀਦ*
*ਅਜ਼ਾਂ ਕਾਫ਼ਿਰਾਂ ਹੀਚ ਕਸ ਰਾ ਨਾ ਦੀਦ।*
*ਮਗਰ ਚੰਦ ਕਸ ਦਰ ਹਿਸਾਰ ਅੰਦਰੂੰ*
*ਬਿਮਾਂਦਹ ਕਿ ਖ਼ੁਦ ਰਾ ਬਰੀਜ਼ੰਦ ਖ਼ੂੰ।*

[illegible]

[illegible] ਰਹਿਤ [illegible]

[illegible] ਰਹਿਤ

[illegible]

[illegible]

[illegible] সময় কে ই [illegible]
[illegible] [illegible] চা, [illegible]

[illegible]
[illegible]
[illegible]
[illegible]
[illegible]
[illegible]

[illegible]
[illegible]
[illegible]

[illegible]
[illegible]
[illegible]
[illegible]
[illegible]
[illegible]
[illegible]

[illegible]
[illegible]
[illegible]

Sri

*ਕਿ ਕਰਦੰਦ ਜਾਂ ਰਾ ਫਿਦਾ ਬਰ ਗੁਰੂ*
*ਕਿ ਲਾਹਨਤ ਬਵੰਦ ਬਰ ਗੁਰੂ ਜਿਸ਼ਤ ਰੂ।*
*ਚੂ ਦੀਦੰਦ ਸ਼ਾਹਿ ਨਿਕੋ ਨਾਮ ਰਾ*
*ਹਮਾਂ ਲਸ਼ਕਰਿ ਦੀਨਿ ਇਸਲਾਮ ਰਾ।*
*ਬਿਰੂੰ ਆਮਦੰਦ ਆਂ ਹਮਾਂ ਅਜ਼ ਹਿਸਾਰ*
*ਕਿ ਸੀ ਤਨ ਬੁਦੰਦ ਆਂ ਸਗਾਂ ਦਰ ਸ਼ੁਮਾਰ।*
*ਨਾ ਕਰਦੰਦ ਸ਼ੱਕ ਜ਼ੱਰਾ ਇ ਤਰਸ ਬਾਕ*
*ਨਾ ਖ਼ੌਫ਼ੇ ਜ਼ਿ ਕਤਲ ਵਾ ਨਾ ਬੀਮ ਅਜ਼ ਹਲਾਕ।*
*ਬ-ਆਂ ਗ਼ਾਜ਼ੀਆਂ ਚੂੰ ਦਰ ਆਵੀਖ਼ਤੰਦ*
*ਦਰ-ਆਵੀਖ਼ਤਨ ਖ਼ੂਨਿ ਖ਼ੁਦ ਰੀਖ਼ਤੰਦ।*
*ਹਮਾ ਕਤਲ ਗਸ਼ਤੰਦ ਸਰਾਹਾ ਲਈ*
*ਬਿਰਫ਼ਤੰਦ ਦਰ ਅਸਫ਼ਲੁ-ਸਾਫ਼ਿਲੀ।*

[*ਜੰਗਨਾਮਾ*, 97-10]

ਅਰਥਾਤ :

ਜਦੋਂ ਬਾਦਸ਼ਾਹ ਅਤੇ ਸ਼ਾਹੀ ਲਸ਼ਕਰ (ਗੁਰੂ) ਚੱਕ (ਅੰਮ੍ਰਿਤਸਰ) ਪੁੱਜਾ, ਤਾਂ ਕੋਈ ਕਾਫ਼ਰ ਉਥੇ ਨਜ਼ਰ ਨਾ ਆਇਆ। ਪਰ ਕੁਝ ਥੋੜੇ ਜਿਹੇ ਬੰਦੇ ਗੜ੍ਹੀ (ਬੁੰਗੇ) ਵਿਚ ਟਿਕੇ ਹੋਏ ਸਨ ਕਿ ਆਪਣਾ ਖ਼ੂਨ ਡੋਹਲ ਦੇਣ ਅਤੇ ਜਿਨ੍ਹਾਂ ਨੇ ਆਪਣੇ ਆਪ ਨੂੰ ਗੁਰੂ ਤੋਂ ਕੁਰਬਾਨ ਕਰ ਦਿੱਤਾ। ਜਦ ਉਨ੍ਹਾਂ ਨੇ ਬਾਦਸ਼ਾਹ ਅਤੇ ਇਸਲਾਮੀ ਲਸ਼ਕਰ ਨੂੰ ਦੇਖਿਆ ਤਾਂ ਉਹ ਸਾਰੇ ਬੁੰਗੇ ਵਿਚੋਂ ਨਿਕਲ ਪਏ। ਉਹ ਸਾਰੇ ਗਿਣਤੀ ਵਿਚ ਤੀਹ ਸਨ। ਉਹ ਜ਼ਰਾ ਭਰ ਭੀ ਡਰੇ ਅਤੇ ਘਬਰਾਏ ਨਹੀਂ। ਉਨ੍ਹਾਂ ਨੂੰ ਨਾ ਕਤਲ ਹੋਣ ਦਾ ਡਰ ਸੀ, ਨਾ ਮੌਤ ਦਾ ਭੈ। ਉਹ ਗਾਜ਼ੀਆਂ ਨਾਲ ਜੁਟ ਪਏ ਅਤੇ ਉਲਝਣ ਵਿਚ ਆਪਣਾ ਲਹੂ ਡੋਹਲ ਗਏ। ਇਸ ਤਰ੍ਹਾਂ ਉਹ ਸਾਰੇ ਹੀ (ਸਿੰਘ) ਕਤਲ ਹੋ ਗਏ ਅਤੇ ਸੱਤਵੇਂ ਨਰਕ ਨੂੰ ਚਲੇ ਗਏ।

ਇਹ ਹੈ ਕਾਜ਼ੀ ਨੂਰ ਮੁਹੰਮਦ ਦਾ ਅੱਖੀਂ ਡਿੱਠਾ ਬਿਆਨ ਕਿ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਕਿਵੇਂ ਕੇਵਲ 30 ਸਿੰਘ ਆਪਣੀ ਥੋੜੀ ਜਿਹੀ ਗਿਣਤੀ ਦੀ ਪਰਵਾਹ ਨਾ ਕਰਦੇ ਹੋਏ ਅਕਾਲ ਤਖ਼ਤ ਦੇ ਬੁੰਗੇ 'ਚੋਂ ਨਿਕਲ ਕੇ ਅਹਿਮਦ ਸ਼ਾਹ ਦੀ 30 ਹਜ਼ਾਰ ਅਫ਼ਗਾਨੀ ਅਤੇ ਬਲੋਚ ਫ਼ੌਜ ਪਰ ਟੁੱਟ ਪਏ ਅਤੇ ਮੌਤ ਤੋਂ ਨਿਡਰ ਹੋ ਕੇ ਗੁਰੂ ਦੇ ਨਾਉਂ ਪਰ ਆਪਣੀਆਂ ਜਾਨਾਂ ਵਾਰ ਗਏ। ਇਹ ਭਾਈ ਗੁਰਬਖ਼ਸ਼ ਸਿੰਘ ਸ਼ਹੀਦ ਦਾ ਜੱਥਾ ਸੀ ਜੋ ਪਹਿਲੀ ਦਸੰਬਰ, ਸੰਨ 1764, ਨੂੰ ਦਰਬਾਰ ਸਾਹਿਬ ਦੀ ਰੱਖਿਆ ਹਿਤ ਸ਼ਹੀਦ ਹੋ ਗਿਆ।

## ਅਹਿਮਦ ਸ਼ਾਹ ਦਿੱਲੀ ਵੱਲ ਨੂੰ

ਅਹਿਮਦ ਸ਼ਾਹ ਨੇ ਹੁਣ ਇਧਰ ਉਧਰ ਸਿੰਘਾਂ ਦੀ ਭਾਲ ਕੀਤੀ, ਪਰ ਉਹ ਕਿਧਰੇ

ਨਾ ਦਿਸੇ। ਇਸ ਲਈ ਉਹ ਲਾਹੌਰ ਨੂੰ ਮੁੜ ਗਿਆ। ਇਥੇ ਉਸ ਨੇ ਆਪਣੇ ਸਰਦਾਰਾਂ ਨੂੰ ਪੁੱਛਿਆ ਕਿ ਸਿੰਘ ਖੜ੍ਹਵੀਂ ਲੜਾਈ ਲਈ ਤਾਂ ਲਭਦੇ ਹੀ ਨਹੀਂ। ਇਸ ਲਈ ਕੀ ਕੀਤਾ ਜਾਏ। ਮੀਰ ਨਸੀਰ ਖ਼ਾਨ ਨੇ ਕਿਹਾ ਕਿ ਇਸ ਵੇਲੇ ਦਿੱਲੀ ਵਿਚ ਨਜੀਬੁੱਦੌਲਾ ਨੂੰ ਘੇਰਾ ਪਿਆ ਹੋਇਆ ਹੈ, ਇਸ ਲਈ ਸਾਨੂੰ ਸਰਹੰਦ ਜਾ ਕੇ ਉਸ ਸਬੰਧੀ ਖਬਰ ਦੀ ਉਡੀਕ ਕਰਨੀ ਚਾਹੀਦੀ ਹੈ, ਜਿਵੇਂ ਉਥੋਂ ਖਬਰ ਆਏਗੀ, ਕਰ ਲਵਾਂਗੇ। ਹਜ਼ੂਰ ਦੇ ਪੁੱਜ ਜਾਣ ਦੀ ਖਬਰ ਸੁਣ ਕੇ ਹੀ ਨਜੀਬ ਦੇ ਵੈਰੀ ਭੱਜ ਜਾਣਗੇ ਅਤੇ ਉਸ ਦੀ ਖਲਾਸੀ ਹੋ ਜਾਏਗੀ। ਇਹ ਗੱਲ ਸਾਰਿਆਂ ਨੂੰ ਚੰਗੀ ਲੱਗੀ।

ਹੁਣ ਸ਼ਾਹ ਬਟਾਲੇ ਪੁੱਜਾ ਅਤੇ ਸਾਰਾ ਇਲਾਕਾ ਲੁੱਟ ਮਾਰਿਆ। ਗੰਨੇ, ਗੁੜ, ਗਊ-ਮਾਸ ਅਤੇ ਤਿਲਾਂ ਨਾਲ, ਕੀ ਸਰਦਾਰ, ਸਪਾਹੀ ਅਤੇ ਨੌਕਰ ਨੌਕਰਾਣੀਆਂ, ਰੱਜ ਰੱਜ ਕੇ ਸਭ ਦੇ ਮੂੰਹ ਫਿਰ ਗਏ। ਦੁੱਰਾਨੀਆਂ ਨੇ ਇਥੇ ਅਜਿਹੀ ਲੁੱਟ ਮਚਾਈ ਅਤੇ ਉਜਾੜਾ ਕੀਤਾ ਕਿ ਲੋਕਾਂ ਵਿਚ ਇਹ ਅਖਾਣ ਚਲ ਪਿਆ ਕਿ :

*ਖਾਧਾ ਪੀਤਾ ਲਾਹੇ ਦਾ*
*ਰਹਿੰਦਾ ਅਹਿਮਦ ਸ਼ਾਹੇ ਦਾ।*

ਇਥੋਂ ਦੁੱਰਾਨੀ ਬਿਆਸਾ ਪਾਰ ਕਰ ਕੇ ਹੋਸ਼ਿਆਰਪੁਰ ਦੇ ਜ਼ਿਲੇ ਵਿਚ ਦਾਖ਼ਲ ਹੋਏ। ਇਥੇ ਇਕ ਦਿਨ ਸਿੰਘਾਂ ਨੇ ਫੇਰ ਆ ਝਪਟ ਮਾਰੀ ਅਤੇ ਜਹਾਨ ਖ਼ਾਨ ਨੂੰ ਅਫ਼ਰਾ ਤਫ਼ਰੀ ਪਾ ਕੇ ਹਰਨ ਹੋ ਗਏ। ਸਤਲੁਜੋਂ ਪਾਰ ਹੋਣ ਪਰ ਸਿੰਘਾਂ ਨੇ ਸ਼ਾਹ ਨੂੰ ਅਜਿਹਾ ਜਿੱਚ ਕੀਤਾ ਕਿ ਉਹ ਸਰਹੰਦ ਨਹਿਰਣ ਦਾ ਖਿਆਲ ਛੱਡ ਕੇ ਸਿੱਧਾ ਕੁੰਜਪੁਰੇ ਨੂੰ ਹੋ ਪਿਆ ਤਾਂਕਿ ਨਜੀਬ ਦੀ ਸਹਾਇਤਾ ਦਾ ਪਰਬੰਧ ਕਰੇ। ਇਹ ਫਰਵਰੀ 1765 ਦੇ ਅੱਧ ਦੀ ਗੱਲ ਹੈ।

[*ਜੰਗਨਾਮਾ*, 101-113]

## ਅਹਿਮਦ ਸ਼ਾਹ ਦਾ ਪਿੱਛੇ ਨੂੰ ਮੋੜਾ

ਇਸ ਵੇਲੇ ਤਕ ਮਲਹਾਰ ਰਾਓ ਹੋਲਕਰ ਅਤੇ ਇਮਾਦੁਲ-ਮਲਕ ਗ਼ਾਜ਼ੀ-ਉ-ਦੀਨ ਰਾਹੀਂ ਨਜੀਬੁੱਦੌਲਾ ਅਤੇ ਜਵਾਹਰ ਸਿੰਘ ਵਿਚ ਸੁਲਹ ਹੋ ਚੁੱਕੀ ਸੀ। ਨਜੀਬ ਨੂੰ ਅਹਿਮਦ ਸ਼ਾਹ ਦੀ ਸਹਾਇਤਾ ਦੀ ਲੋੜ ਨਹੀਂ ਸੀ ਰਹੀ, ਇਸ ਲਈ ਸ਼ਾਹ ਦੇ ਅੱਗੇ ਜਾਨ ਦਾ ਹੁਣ ਕੋਈ ਮਤਲਬ ਨਹੀਂ ਸੀ। ਮੀਰ ਨਸੀਰ ਖ਼ਾਨ ਦਾ ਖਿਆਲ ਸੀ ਕਿ ਸ਼ਾਹ ਨੂੰ ਦਿੱਲੀ ਜਾ ਕੇ ਗਰਮੀ ਅਤੇ ਬਰਸਾਤ ਦਾ ਮੌਸਮ ਉਥੇ ਕਟਣਾ ਚਾਹੀਦਾ ਹੈ ਤਾਂਕਿ ਮੁਗ਼ਲ ਬਾਦਸ਼ਾਹ ਸ਼ਾਹ ਆਲਮ ਦੂਸਰੇ ਦੇ ਮਾਮਲੇ ਭੀ ਨਜਿੱਠੇ ਜਾ ਸਕਣ ਅਤੇ ਨਜੀਬੁੱਦੌਲਾ, ਮੁਗ਼ਲ ਬਾਦਸ਼ਾਹ, ਸ਼ਾਹ ਸ਼ੁਜਾਹ, ਫਰੁਖ਼ਾਬਾਦੀ ਰੁਹੇਲਿਆਂ, ਜਾਟਾਂ ਅਤੇ ਮਰਾਠਿਆਂ ਦੀਆਂ ਫੌਜਾਂ ਨਾਲ ਲੈ ਕੇ ਸਿੰਘਾਂ ਵਿਰੁੱਧ ਚੜ੍ਹਾਈ ਕੀਤੀ ਜਾਏ ਅਤੇ ਉਨ੍ਹਾਂ ਦਾ ਖੁਰਾ ਖੋਜ ਮਿਟਾ ਦਿੱਤਾ ਜਾਏ। ਪਰ ਅਬਦਾਲੀ ਦੇ ਅਫ਼ਗਾਨ ਸਰਦਾਰਾਂ ਨੂੰ ਇਹ ਸਲਾਹ ਚੰਗੀ ਨਾ ਲੱਗੀ। ਉਨ੍ਹਾਂ ਨੂੰ ਸੰਨ 1757 ਅਤੇ 1760 ਦੇ ਤਜਰਬੇ ਬੜੇ ਕੌੜੇ ਸਨ। ਉਨ੍ਹਾਂ ਨੂੰ ਇਹ ਭੀ ਡਰ ਸੀ ਕਿ ਜੇ ਕਿਧਰੇ ਸੰਨ ਸਤਵੰਜੇ ਦੀ ਬੀਮਾਰੀ ਪੈ ਗਈ ਜਾਂ ਸੱਠ ਵਾਲੀ ਬਰਸਾਤ ਲੱਗ ਗਈ ਤਾਂ




Sri Satguru Jagjit Singh Ji


Sri Satguru Jagjit Singh Ji eLibrary

ਬਾਬਾ ਆਲਾ ਸਿੰਘ ਪਟਿਆਲੇ ਵਾਲੇ

[illegible]

[illegible]

[illegible]

[illegible]

[illegible]

[illegible]

[illegible]

[illegible]

[illegible]

[illegible]

[illegible]

ਬੇਅੰਤ ਘੋੜੇ ਅਤੇ ਊਠ ਮਰ ਜਾਣਗੇ ਅਤੇ ਵਾਪਸ ਮੁੜਨ ਵੇਲੇ ਲੁੱਟ ਦਾ ਮਾਲ ਸਭ ਲੁੱਟਿਆ ਜਾਏਗਾ। ਅਹਿਮਦ ਸ਼ਾਹ ਦੇ ਭੀ ਇਹ ਗੱਲ ਦਿਲ ਲੱਗੀ ਅਤੇ ਉਸ ਨੇ ਅਫ਼ਗਾਨਿਸਤਾਨ ਨੂੰ ਮੁੜ ਜਾਣ ਦਾ ਹੁਕਮ ਦੇ ਦਿੱਤਾ।

[*ਜੰਗਨਾਮਾ*, 119-22]

ਇਸ ਵੇਲੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਬੁੱਢਾ ਦਲ ਦੀਆਂ ਮਿਸਲਾਂ ਦੇ ਸਰਦਾਰ ਅਤੇ ਪੰਦਰਾਂ ਕੁ ਹਜ਼ਾਰ ਸਿੰਘ ਭੀ ਦਿੱਲੀਉਂ ਜਵਾਹਰ ਸਿੰਘ ਦੇ ਭਰਤਪੁਰ ਨੂੰ ਮੁੜ ਜਾਣ ਪਰ ਵੇਹਲੇ ਹੋ ਕੇ ਪੰਜਾਬ ਵੱਲ ਨੂੰ ਕੂਚ ਕਰ ਰਹੇ ਸਨ। ਇਸ ਗੱਲ ਨੇ ਭੀ ਅਹਿਮਦ ਸ਼ਾਹ ਦੇ ਵਾਪਸ ਮੁੜ ਪੈਣ ਦੇ ਫੈਸਲੇ ਨੂੰ ਪੱਕਾ ਕਰਨ ਵਿਚ ਮਦਦ ਕੀਤੀ ਹੋਣੀ ਹੈ ਅਤੇ ਉਸ ਨੂੰ ਖਿਆਲ ਹੋਣਾ ਹੈ ਕਿ ਜੇ ਸਿੰਘਾਂ ਨਾਲ ਸਮਝੌਤੇ ਦੀ ਕੋਈ ਸਬੀਲ ਬਣ ਸਕਦੀ ਹੋਵੇ ਤਾਂ ਬਣਾ ਲਈ ਜਾਵੇ।

**ਬਾਬਾ ਆਲਾ ਸਿੰਘ ਨੂੰ ਦੁੱਰਾਨੀ ਵੱਲੋਂ ਧੌਂਸੇ ਅਤੇ ਨਿਸ਼ਾਨ**

ਤਿੰਨਾਂ ਚਹੁੰ ਦਿਨਾਂ ਵਿਚ ਅਹਿਮਦ ਸ਼ਾਹ ਕੁੰਜਪੁਰਿਓਂ ਮੁੜ ਕੇ ਸਰਹੰਦ ਪਹੁੰਚ ਗਿਆ। ਨੂਰ ਮੁਹੰਮਦ ਦੇ ਕਹਿਣ ਅਨੁਸਾਰ ਸ਼ਹਿਰ ਉੱਜੜਿਆ ਪਿਆ ਸੀ ਅਤੇ ਉੱਲੂ ਪਏ ਬੋਲਦੇ ਸਨ। ਜੈਨ ਖ਼ਾਨ ਦੀ ਮੌਤ ਤੋਂ ਬਾਅਦ ਇਹ ਸ਼ਹਿਰ ਉਸ ਵੇਲੇ ਆਲਾ ਸਿੰਘ ਪਟਿਆਲੇ ਵਾਲੇ ਦੇ ਤਹਿਤ ਵਿਚ ਸੀ। ਹੁਣ ਤਕ ਅਹਿਮਦ ਸ਼ਾਹ ਨੂੰ ਯਕੀਨ ਹੋ ਗਿਆ ਸੀ ਕਿ ਸਰਹੰਦ ਵਿਚ ਕਿਸੀ ਸਿੱਖ ਤੋਂ ਬਗ਼ੈਰ ਕੋਈ ਭੀ ਹੋਰ ਹਾਕਮ ਟਿਕ ਨਹੀਂ ਸਕੇਗਾ ਅਤੇ ਆਲਾ ਸਿੰਘ ਹੀ ਉਸ ਦੇ ਖਿਆਲ ਵਿਚ ਇਕ ਅਜਿਹਾ ਸਿੱਖ ਸਰਦਾਰ ਸੀ ਜਿਸ ਨੂੰ ਇਹ ਹਕੂਮਤ ਸੰਭਾਲੀ ਜਾ ਸਕਦੀ ਸੀ। ਉਹ ਖਾਲਸਾ ਜੀ ਵਿਚ ਇਕ ਸਿਰ-ਕੱਢ ਸਰਦਾਰ ਅਤੇ ਫੂਲਕੀਆਂ ਮਿਸਲ ਦਾ ਵੱਡਾ ਆਗੂ ਸੀ। ਇਸ ਕਰਕੇ ਅਹਿਮਦ ਸ਼ਾਹ ਨੇ ਸਰਦਾਰ ਆਲਾ ਸਿੰਘ ਨੂੰ ਸਰਹੰਦ ਸੱਦਿਆ, ਬੜਾ ਸਤਕਾਰ ਕੀਤਾ, ਖ਼ਿਲਅਤ ਅਤੇ ਰਾਜਗੀ ਦਾ ਖ਼ਿਤਾਬ ਦਿੱਤਾ ਅਤੇ ਰਾਜਗੀ ਦੀਆਂ ਨਿਸ਼ਾਨੀਆਂ ਧੌਂਸਾ ਅਤੇ ਝੰਡਾ—ਤਲਬ-ਓ-ਅਲਮ—ਦਿੱਤੀਆਂ ਅਤੇ ਉਸ ਦੇ ਕਹਿਣ ਤੇ ਇਕ ਸਾਲ ਦਾ ਮਾਮਲਾ ਛੱਡ ਦਿੱਤਾ ਤਾਕਿ ਸ਼ਹਿਰ ਨੂੰ ਛੇਤੀ ਬਸਾਇਆ ਜਾ ਸਕੇ। [*ਜੰਗਨਾਮਾ*, 125-28]

**ਖਾਲਸਾ ਜੀ ਦੇ ਹੱਲੇ**

ਸ਼ਾਹ ਦੀ ਇੱਛਾ ਸੀ ਕਿ ਜੇ ਦੂਸਰੇ ਸਿੰਘ ਸਰਦਾਰ ਭੀ ਆ ਮਿਲਣ ਤਾਂ ਉਨ੍ਹਾਂ ਨਾਲ ਭੀ ਗੱਲ ਮੁਕਾ ਲਵੇ। ਪਰ ਉਨ੍ਹਾਂ ਦਾ ਆਗੂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸੀ ਜਿਸ ਨੂੰ ਕਿ ਪੰਥ ਨੇ ਸੁਲਤਾਨੁਲਕੌਮ ਦੀ ਪਦਵੀ ਦਿੱਤੀ ਹੋਈ ਸੀ। 'ਪੰਥ ਦਾ ਪਾਦਸ਼ਾਹ' ਕਿਸੇ ਗ਼ੈਰ-ਮੁਲਕੀ ਦੀ ਈਨ ਕਿਵੇਂ ਮੰਨ ਸਕਦਾ ਸੀ? ਪੰਥ ਨੂੰ ਰਾਜ ਤਾਂ ਗੁਰੂ ਨੇ ਬਖ਼ਸ਼ਿਆ ਹੋਇਆ ਸੀ, ਉਨ੍ਹਾਂ ਦਾ 'ਪਾਦਸ਼ਾਹ' ਸੰਸਾਰੀ ਮਨੁੱਖਾਂ ਨੂੰ ਕਿਸ ਲਈ ਮਿਲੇ? ਉਧਰ ਦਿੱਲੀ ਵੱਲੋਂ ਮੁੜ ਕੇ ਖਾਲਸੇ ਨੇ ਗੁਰਮਤਾ ਕਰ ਲਿਆ ਕਿ ਅਹਿਮਦ ਸ਼ਾਹ ਰੋਜ਼ ਰੋਜ਼ ਆ ਕੇ ਤੰਗ ਕਰਦਾ ਹੈ, ਐਤਕੀ ਇਸ ਨਾਲ ਦੋ ਹੱਥ ਕਰ ਕੇ ਵੇਖ ਲਓ। ਸੋ ਇਕ ਡਟਵੇਂ ਟਾਕਰੇ ਦੀ

ਸੁਲਾਹ ਕਰ ਕੇ ਖਾਲਸੇ ਨੇ ਫਲੌਰ ਅਤੇ ਤਲਵਨ ਦੇ ਪੱਤਣ ਰੋਕ ਅਤੇ ਸ਼ਾਹ ਦੀ ਉਡੀਕ ਕਰਨ ਲੱਗੇ।

ਅਹਿਮਦ ਸ਼ਾਹ ਭੀ ਸਿੰਘਾ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਹ ਚੁਪ ਕਰੀਤਾ ਰੋਪੜ ਦੇ ਪੱਤਣੋਂ ਜਾ ਦਰਿਆ ਪਾਰ ਹੋਇਆ ਅਤੇ ਸਿੰਘਾਂ ਨੂੰ ਪਤਾ ਲੱਗਣ ਤੋਂ ਪਹਿਲਾਂ ਪਹਿਲਾਂ ਹੀ ਸਾਰੀ ਵਹੀਰ ਨੂੰ ਭੀ ਪਾਰ ਲੰਘਾ ਲਿਆ ਅਤੇ ਉਥੇ ਹੀ ਡੇਰਾ ਪਾ ਦਿੱਤਾ। ਹੁਣ ਉਹ ਦੁਆਬੇ ਵਿਚ ਪੁੱਜ ਗਿਆ ਸੀ। ਅਗਲੇ ਦਿਨ ਉਹ ਥੋੜੀ ਦੂਰ ਹੀ ਗਿਆ ਸੀ ਕਿ ਖਾਲਸਾ ਦਲ ਨੇ ਆ ਰਾਹ ਰੋਕਿਆ ਅਤੇ ਸ਼ਾਹ ਨੂੰ ਲੜਾਈ ਲਈ ਵੰਗਾਰਿਆ। ਜਦ ਸ਼ਾਹ ਨੂੰ ਕਿਸੇ ਨੇ ਆ ਕੇ ਦੱਸਿਆ ਤਾਂ ਬਾਦਸ਼ਾਹ ਨੇ ਗੁੱਸੇ ਵਿਚ ਆ ਕੇ ਕਿਹਾ ਕਿ ਹੈਂ! ਮੇਰੇ ਹੁੰਦੇ ਹੀ ਇਨ੍ਹਾਂ ਸਿੰਘਾਂ ਨੇ ਭੁਚਾਲ ਲਿਆ ਦਿੱਤਾ ਹੈ। ਜਦ ਮੇਰਾ ਅਪਣਾ ਲਸ਼ਕਰ ਹੀ ਦੀਨ ਦੀ ਜੰਗ ਵਿਚ ਸੁਸਤ ਹੈ ਤਾਂ ਜੇ ਸਿੱਖ ਹੱਲੇ ਕਰਨ ਤਾਂ ਠੀਕ ਹੈ। ਦੁਨੀਆਂ ਮੈਨੂੰ ਕੀ ਆਖਦੀ ਹੈ ਕਿ ਹਰ ਥਾਂ ਕਾਫਰ ਮੇਰੇ ਲਸ਼ਕਰ ਤੇ ਹੱਲੇ ਕਰ ਰਹੇ ਹਨ।

## ਪਹਿਲੇ ਦਿਨ ਦੀ ਲੜਾਈ

ਹੁਣ ਅਹਿਮਦ ਸ਼ਾਹ ਨੇ ਫੌਜ ਨੂੰ ਤਿਆਰੀ ਦਾ ਹੁਕਮ ਦਿੱਤਾ ਕਿ ਐ ਗਾਜ਼ੀਓ। ਇਹ ਦੀਨ ਦੀ ਲੜਾਈ ਹੈ, ਕਰ ਦਿਓ ਚੜ੍ਹਾਈ ਇਨ੍ਹਾਂ ਲਾਹਨਤੀ ਕਾਫਰਾਂ ਉਤੇ—ਕਿ ਐ ਗਾਜ਼ੀਆਂ ਜੰਗਿ ਦੀਨ ਅਸਤ ਦੀ, ਬਿਤਾਜੀਦ ਬਰ ਕਾਫਰਾਨਿ ਲਈ। ਉਸ ਨੇ ਵੱਡੇ ਵਜ਼ੀਰ ਸ਼ਾਹ-ਵਲੀ ਖ਼ਾਨ, ਬਖ਼ਸ਼ੀ ਜਹਾਨ ਖ਼ਾਨ, ਅੰਜਲਾ ਖ਼ਾਨ, ਸ਼ਾਹ-ਪਸੰਦ ਖ਼ਾਨ ਅਤੇ ਹੋਰ ਨਾਮੀ ਸਰਦਾਰਾਂ ਨੂੰ ਸੱਜੇ ਪਾਸੇ ਦੀ ਫੌਜ ਦੀ ਕਮਾਨ ਦਿੱਤੀ ਅਤੇ ਮੀਰ ਨਸੀਰ ਖ਼ਾਨ ਬਲੋਚ ਨੂੰ ਖੱਬੇ ਪਾਸੇ ਦੀ।

ਉਧਰ ਖਾਲਸੇ ਦੀ ਫੌਜ ਦਾ ਆਗੂ 'ਪੰਥ ਦਾ ਪਾਦਸ਼ਾਹ' ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸੀ ਜੋ ਸਭ ਦੇ ਵਿਚਕਾਰ ਸੀ ਅਤੇ ਉਸ ਦੇ ਨਾਲ ਜੱਸਾ ਸਿੰਘ (ਠੋਕਾ) ਰਾਮਗੜ੍ਹੀਆ ਸੀ। ਸੱਜੇ ਪਾਸੇ ਸਰਦਾਰ ਚੜ੍ਹਤ ਸਿੰਘ ਸੀ ਅਤੇ ਉਸ ਦੇ ਨਾਲ ਝੰਡਾ ਸਿੰਘ, ਲਹਿਣਾ ਸਿੰਘ ਭੰਗੀ ਅਤੇ ਜੈ ਸਿੰਘ ਕਨ੍ਹਈਆ ਸਨ। ਇਨ੍ਹਾਂ ਦੇ ਟਾਕਰੇ ਤੇ ਨਸੀਰ ਖ਼ਾਨ ਸੀ। ਸਰਦਾਰ ਜੱਸਾ ਸਿੰਘ ਦੇ ਖੱਬੇ ਸਰਦਾਰ ਹਰੀ ਸਿੰਘ ਲੰਙਾ, ਰਾਮਦਾਸ, ਗੁਲਾਬ ਸਿੰਘ ਅਤੇ ਗੁੱਜਰ ਸਿੰਘ ਭੰਗੀ ਸਨ ਜਿਨ੍ਹਾਂ ਦੇ ਮੁਕਾਬਲੇ ਤੇ ਸ਼ਾਹ-ਵਲੀ ਖ਼ਾਨ, ਜਹਾਨ ਖ਼ਾਨ, ਆਦਿ ਸਨ।

ਸਰਦਾਰ ਚੜ੍ਹਤ ਸਿੰਘ ਨੂੰ ਮੀਰ ਨਸੀਰ ਖ਼ਾਨ ਦੇ ਸਾਹਮਣੇ ਵੇਖ ਕੇ ਅਹਿਮਦ ਸ਼ਾਹ ਨੇ ਨਸੀਰ ਖ਼ਾਨ ਨੂੰ ਪਹਿਲੋਂ ਹੀ ਇਹ ਕਿਹਾ ਸੀ ਕਿ ਜਿਥੇ ਕਿਧਰੇ ਭੀ ਤੇਰੀ ਥਾਂ ਹੋਵੇ, ਉਥੇ ਹੁਸ਼ਿਆਰ ਹੋ ਕੇ ਖੜਾ ਹੋਵੀਂ, ਮੇਰੀ ਇਹ ਨਸੀਹਤ ਸੁਣ ਲੈ, ਅਤੇ ਤੂੰ ਮੇਰੇ ਖੱਬੇ ਹੀ ਰਹੀਂ ਅਤੇ ਆਪਣੀ ਥਾਂ ਤੋਂ ਅੱਗੇ ਨਾ ਵਧੀਂ। ਖਿਆਲ ਰਖੀਂ ਕਿ ਜੇ ਤੇਰੀ ਨਜ਼ਰ ਵੈਰੀ ਦੀ ਫੌਜ ਤੇ ਪੈ ਭੀ ਜਾਏ ਤਾਂ ਭੀ ਉਨ੍ਹਾਂ ਪਰ ਹੱਲਾ ਨਾ ਕਰੀਂ, ਆਪਣੇ ਥਾਂ ਹੀ ਖੜਾ ਰਹੀਂ ਅਤੇ ਇਕ ਪੈਰ ਭੀ ਅੱਗੇ ਨ ਪੁੱਟੀਂ।

ਜਦ ਲੜਾਈ ਸ਼ੁਰੂ ਹੋ ਪਈ ਤਾਂ ਸਰਦਾਰ ਹਰੀ ਸਿੰਘ ਨੇ ਅਫ਼ਗਾਨਾਂ ਦੇ ਸੱਜੇ ਪਾਸੇ ਹੱਲਾ ਕਰ ਕੇ ਜ਼ੋਰ ਪਾ ਲਿਆ। ਸ਼ਾਹ-ਵਲੀ ਖ਼ਾਨ, ਜਹਾਨ ਖ਼ਾਨ ਆਦਿ ਤੋਂ ਜਦ ਸਿੰਘ ਰੁਕਦੇ ਨਾ ਦਿਸੇ ਤਾਂ ਅਹਿਮਦ ਸ਼ਾਹ ਨੇ ਨਸੀਰ ਖ਼ਾਨ ਬਲੋਚ ਨੂੰ ਬੁਲਾ ਕੇ ਕਿਹਾ ਕਿ ਸਿੰਘਾਂ ਨੇ ਸਾਡੇ ਸੱਜੇ ਪਾਸੇ ਜ਼ੋਰ ਪਾ ਲਿਆ। ਇਸ ਪਾਸੇ ਦੇ ਗਾਜ਼ੀ ਸਿੰਘਾਂ ਦੇ ਮਗਰ ਪੈ ਕੇ ਦੂਰ ਨਿਕਲ ਗਏ ਸਨ। ਇਹ ਪਾਸਾ ਖਾਲੀ ਹੋ ਗਿਆ ਦੇਖ ਕੇ ਸਿੰਘ ਮੁੜ ਕੇ ਆ ਪਏ ਸਨ। ਤੂੰ ਵੇਖਦਾ ਹੈਂ ਕਿ ਉਨ੍ਹਾਂ ਦਾ ਜ਼ੋਰ ਪੈ ਗਿਆ ਹੈ ਅਤੇ ਉਹ ਤਾਤਾਰੀ ਕਾਫਰਾਂ ਵਾਂਗ ਤੀਰਾਂ ਅਤੇ ਗੋਲੀਆਂ ਦਾ ਮੀਂਹ ਵਰ੍ਹਾ ਰਹੇ ਹਨ। ਕਦੇ ਸੱਜੇ ਦਲ ਹੱਲਾ ਕਰ ਦਿੰਦੇ ਹਨ ਅਤੇ ਕਦੇ ਖੱਬੇ ਵੱਲ। ਮੈਂ ਤਾਂ ਇਨ੍ਹਾਂ ਦੀ ਦਲੇਰੀ ਦੇਖ ਕੇ ਹੈਰਾਨ ਰਹਿ ਗਿਆ ਹਾਂ। ਤੂੰ ਇਸ ਪਾਸੇ ਜਾ ਅਤੇ ਠਲ੍ਹ ਪਾ। ਪਰ ਦੇਖੀਂ ਸਿੰਘਾਂ ਨਾਲ ਜੰਗ ਵਿਚ ਸ਼ਤਾਬੀ ਨਾ ਕਰੀਂ ਅਤੇ ਤੈਨੂੰ ਕਸਮ ਹੈ ਕਿ ਆਪਣਾ ਪੈਂਤੜਾ ਛੱਡ ਕੇ ਅੱਗੇ ਨਾ ਵਧੀਂ। ਤੂੰ ਵੈਰੀ ਦੇ ਪਿੱਛੇ ਨਾ ਜਾਈਂ, ਉਹ ਆਪ ਤੇਰੇ ਪਾਸ ਆਏਗਾ। ਇਹ ਵੈਰੀ ਬੜੇ ਡਾਢੇ ਹਨ ਅਤੇ ਜੰਗ ਦੇ ਮੈਦਾਨ ਵਿਚ ਅੱਗ ਵਾਂਗੂ ਭੜਕ ਪੈਂਦੇ ਹਨ। ਇਹ ਹੀ ਨਹੀਂ, ਬਲਕਿ ਇਨ੍ਹਾਂ ਦੇ ਪਿਉ ਦਾਦਿਆਂ ਦੀ ਭੀ ਇਹੋ ਆਦਤ ਸੀ ਕਿ ਇਕ ਦਮ ਮੈਦਾਨ ਵਿਚ ਛਾਲਾਂ ਮਾਰਦੇ ਆਉਂਦੇ ਅਤੇ ਇਕੱਲੇ ਇਕੱਲੇ ਹੀ ਵੈਰੀ ਦੀਆਂ ਫੌਜਾਂ ਉੱਤੇ ਟੁੱਟ ਪੈਂਦੇ।

ਪਰ ਇਸ ਨਸੀਹਤ ਦੇ ਹੁੰਦੇ ਹੋਏ ਭੀ ਨਸੀਰ ਖ਼ਾਨ ਸਿੰਘਾਂ ਦੇ ਘੇਰੇ ਵਿਚ ਫਸ ਗਿਆ, ਸਿੰਘਾਂ ਨੇ ਹੋ ਰਹੀ ਲੜਾਈ ਵਿਚ ਜਰਾ ਕੁ ਪਿੱਛੇ ਹਟਣ ਦਾ ਬਹਾਨਾ ਕੀਤਾ। ਜਦ ਬਲੋਚੀ ਆਪਣੀ ਥਾਂ ਤੋਂ ਹਿੱਲ ਕੇ ਸਿੰਘਾਂ ਦੇ ਮਗਰ ਪਏ ਤਾਂ ਸਿੰਘਾਂ ਦੇ ਇਕ ਜੱਥੇ ਨੇ ਉਨ੍ਹਾਂ ਦੀ ਥਾਂ ਜਾ ਮੱਲੀ। ਇਸ ਤਰ੍ਹਾਂ ਨਸੀਰ ਖ਼ਾਨ ਸਿੰਘਾਂ ਘੇਰੇ ਵਿਚ ਆ ਗਿਆ ਅਤੇ ਸ਼ਾਹ ਨਾਲੋਂ ਕਟਿਆ ਗਿਆ ਪਰ ਛੇਤੀ ਹੀ ਰਾਤ ਪੈ ਗਈ ਅਤੇ ਨਸੀਰ ਖ਼ਾਨ ਬੜੀ ਮੁਸ਼ਕਲ ਨਾਲ ਜਾਨ ਬਚਾ ਸਕਿਆ। [*ਜੰਗਨਾਮਾ*, 128-56]

ਨੂਰ ਮੁਹੰਮਦ ਨੇ ਇਸ ਦਿਨ ਦੇ ਜੰਗ ਦਾ ਬੜੇ ਵਿਸਥਾਰ ਨਾਲ ਹਾਲ ਲਿਖਿਆ ਹੈ ਅਤੇ ਦੁੱਰਾਨੀਆਂ, ਖਾਸ ਕਰ ਬਲੋਚਾਂ, ਦੀ ਬਹਾਦੁਰੀ ਦੇ ਬੜੇ ਗੁਣ ਗਾਏ ਹਨ ਅਤੇ ਲਿਖਦਾ ਹੈ ਕਿ ਇਸ ਦਿਨ ਦੀ ਲੜਾਈ ਵਿਚ ਪੰਜ ਸੋ ਸਿੰਘਾਂ ਦੇ ਸਿਰ ਲੱਗੇ ਜਿਨ੍ਹਾ ਦੀ ਗਿਣਤੀ ਦਫਤਰ ਵਿਚ ਦਰਜ ਕੀਤੀ ਗਈ—ਇਸ ਵਿਚ ਨਸੀਰ ਖ਼ਾਨ ਦੀ ਫੌਜ ਦੇ ਮਾਰੇ ਸਿੰਘਾਂ ਦੀ ਗਿਣਤੀ 124 ਸੀ [*ਜੰਗਨਾਮਾ*, 154-55]। ਦੁੱਰਾਨੀ ਦੀਆਂ ਦੋਨੋਂ ਫੌਜਾਂ ਦੀ ਲੜਾਕੀ ਨਫ਼ਰੀ ਤੀਹ ਹਜ਼ਾਰ ਸੀ, 18 ਹਜ਼ਾਰ ਅਫਗ਼ਾਨ ਅਤੇ 12 ਹਜ਼ਾਰ ਬਲੋਚ। ਜੇ ਮਾਰੇ ਗਏ ਸਿੰਘਾਂ ਦੀ ਇਹ ਗਿਣਤੀ ਠੀਕ ਭੀ ਹੋਵੇ ਤਾਂ ਭੀ ਸੱਠਾਂ ਅਫਗ਼ਾਨਾਂ ਅਤੇ ਬਲੋਚ ਸੂਰਮਿਆਂ ਨੇ ਰਲ ਕੇ ਸਵੇਰ ਤੋਂ ਲੈ ਕੇ ਰਾਤ ਤਕ ਸਾਰਾ ਜੋਰ ਲਾ ਕੇ ਔਸਤ ਇਕ ਸਿੰਘ ਸ਼ਹੀਦ ਕੀਤਾ ਅਤੇ ਇਸ ਨੂੰ ਉਹ ਆਪਣੀ ਬਹਾਦੁਰੀ ਅਤੇ ਜਿੱਤ ਕਹਿੰਦਾ ਹੈ। ਦੂਸਰੇ ਪਾਸੇ ਕਿਤਨੇ ਕੁ ਦੁੱਰਾਨੀ ਅਤੇ ਬਲੋਚ ਮਾਰੇ ਗਏ, ਇਨ੍ਹਾਂ ਦੀ ਗਿਣਤੀ ਨੂਰ ਮੁਹੰਮਦ ਨਹੀਂ ਦੱਸਦਾ, ਇਸ ਲਈ ਦੋਨਾਂ ਪਾਸਿਆਂ ਦਾ ਲੇਖਾ ਟਕਰਾਇਆ ਨਹੀਂ ਜਾ ਸਕਦਾ। ਹਾਂ ਇਨ੍ਹਾਂ

ਦੇ ਮੋਇਆਂ ਦੀ ਗਿਣਤੀ ਬੜੀ ਜ਼ਿਆਦਾ ਅਤੇ ਭਿਆਨਕ ਹੋਣੀ ਹੈ ਜਿਸ ਦੀ ਟੋਹ ਉਸ ਜ਼ਿਕਰ ਤੋਂ ਲਗਦੀ ਹੈ ਜਿਸ ਵਿਚ ਨੂਰ ਮੁਹੰਮਦ ਨੇ ਝਨਾਂ ਦਰਿਆ ਦੇ ਹੜ੍ਹ ਵਿਚ ਰੁੜ੍ਹੇ ਅਫ਼ਗ਼ਾਨਾਂ ਅਤੇ ਬਲੋਚਾਂ ਦਾ ਕੀਤਾ ਹੈ ਅਤੇ ਕਹਿੰਦਾ ਹੈ ਇਸ ਦਿਨ ਪਿਓ ਨੇ ਆਪਣੀ ਜਾਨ ਬਚਾਉਣ ਲਈ ਪੁੱਤਰ ਦੀ ਜਾਨ ਦਾ ਖ਼ਿਆਲ ਨਹੀਂ ਕੀਤਾ, ਮਾਵਾਂ ਨੇ ਆਪਣੇ ਬੱਚੇ ਪਾਣੀ ਵਿਚ ਸੁੱਟ ਦਿੱਤੇ, ਮਰਦਾਂ ਨੇ ਜ਼ਨਾਨੀਆਂ ਨੂੰ ਬਚਾਉਣ ਦਾ ਜਤਨ ਨਹੀਂ ਕੀਤਾ ਅਤੇ ਭਿਆਨਕ ਹੜ੍ਹ ਵਿਚ ਇਤਨੇ ਬੰਦੇ ਰੁੜ੍ਹ ਗਏ ਕਿ ਜਿਤਨੇ ਸਿੱਖਾਂ ਨਾਲ ਲੜਾਈ ਵਿਚ ਨਹੀਂ ਸਨ ਮਰੇ। [*ਜੰਗਨਾਮਾ*, 170-171]

ਨੂਰ ਮੁਹੰਮਦ ਨੇ ਦੁੱਰਾਨੀਆਂ ਅਤੇ ਬਲੋਚਾਂ ਦੇ ਗੁਣ ਤਾਂ ਗਾਉਣੇ ਹੀ ਸਨ ਕਿਉਂਕਿ ਉਹ ਮੀਰ ਨਸੀਰ ਖ਼ਾਨ ਕਲਾਤ ਵਾਲੇ ਨਾਲ ਇਸ ਮੁਹਿੰਮ ਤੇ ਆਇਆ ਹੀ ਉਨ੍ਹਾਂ ਦੀ ਬਹਾਦੁਰੀ ਦਾ ਹਾਲ ਲਿਖਣਾ ਸੀ। ਪਰ ਇੱਥੇ ਆ ਕੇ ਜੋ ਦਲੇਰੀ ਅਤੇ ਬਹਾਦੁਰੀ ਉਸ ਨੇ ਸਿੰਘਾਂ ਦੀ ਵੇਖੀ, ਉਸ ਨੇ ਨੂਰ ਮੁਹੰਮਦ ਦੇ ਦਿਲ ਉੱਤੇ ਅਜਿਹਾ ਡੂੰਘਾ ਅਤੇ ਪੱਕਾ ਅਸਰ ਕੀਤਾ ਕਿ ਉਹ ਅੱਸ਼ ਅੱਸ਼ ਕਰ ਉਠਿਆ, ਅਤੇ 'ਜੰਗਨਾਮਾ' ਲਿਖਣ ਵੇਲੇ ਸਿੰਘਾਂ ਨਾਲ ਇਸ ਪਹਿਲੇ ਦਿਨ ਦੀ ਲੜਾਈ ਤੋਂ ਬਾਅਦ ਅਠਵੰਜਾ ਬੰਦਾਂ ਦਾ ਇਕ ਪੂਰਾ ਅਧਿਆਇ ਨੰਬਰ 41 [ਪੰਨਾ 156-59] ਸਿੰਘਾਂ ਦੀ ਬਹਾਦੁਰੀ, ਦਲੇਰੀ ਅਤੇ ਕੌਮ ਲਈ ਕੁਰਬਾਨੀ ਦੇ ਜਜ਼ਬੇ ਪਰ ਲਿਖਿਆ ਹੈ ਜਿਸ ਦਾ ਸਿਰਲੇਖ ਹੀ 'ਦਰ ਬਿਆਨਿ ਮਰਦਾਨਗੀ-ਇ ਸਗਾਂ ਵਕਤਿ ਜੰਗਿ ਦੀਨ ਵਾ ਮਰਦਾਨਗੀ-ਇ ਊਸ਼ਾਂ ਗੋਇਦ', ਉਸ ਨੇ ਮਨ ਪਰ ਹੋਏ ਹੋਏ ਅਮਿੱਟ ਅਸਰ ਦਾ ਸਪਸ਼ਟ ਸੂਚਕ ਹੈ। ਇਸ ਦੇ ਨਾਲ ਅਗਲੇ 42ਵੇਂ ਅਧਿਆਇ ਵਿਚ ਉਹ ਉਨ੍ਹਾਂ ਇਲਾਕਿਆਂ ਦਾ ਜ਼ਿਕਰ ਕਰਦਾ ਹੈ ਜਿੱਥੇ ਉਸ ਵੇਲੇ ਸਿੰਘਾਂ ਨੇ ਕਬਜ਼ੇ ਕੀਤੇ ਹੋਏ ਸਨ [ਪੰਨਾ 160-161]। ਇਹ ਠੀਕ ਹੈ ਕਿ ਨੂਰ ਮੁਹੰਮਦ ਸਿੰਘਾਂ ਨੂੰ 'ਜੰਗਨਾਮੇ' ਵਿਚ ਥਾਂ ਥਾਂ ਪਰ ਮੰਦੇ ਬਚਨ ਬੋਲਦਾ ਹੈ ਅਤੇ ਉਨ੍ਹਾਂ ਲਈ ਕੁੱਤੇ, ਲਾਹਨਤੀ, ਗੰਦੇ, ਬੁਤ-ਪੂਜ, ਸੂਰ-ਖਾਣੇ ਆਦਿ ਭੈੜੇ ਸ਼ਬਦ ਵਰਤਦਾ ਹੈ, ਪਰ ਜੇ ਅਜਿਹਾ ਕੱਟੜ ਵੈਰੀ ਉਨ੍ਹਾਂ ਹੀ ਲੋਕਾਂ ਦੀ ਸੋਭਾ ਵਿਚ ਕੁਝ ਕਹੇ ਤਾਂ ਉਸ ਦਾ ਮੁੱਲ ਇਤਿਹਾਸ ਦੇ ਵਿਦਿਆਰਥੀ ਦੀ ਨਜ਼ਰ ਵਿਚ ਬਹੁਤ ਜ਼ਿਆਦਾ ਹੁੰਦਾ ਹੈ। ਇਸੇ ਕਰਕੇ ਹੀ 'ਜੰਗਨਾਮਾ' ਗਾਲੀਆਂ ਦਾ ਇਕ ਕੋਸ਼ ਹੁੰਦਾ ਹੋਇਆ ਭੀ ਪੰਜਾਬ ਦੇ ਇਤਿਹਾਸ ਲਈ ਇਕ ਬਹੁ-ਮੁੱਲੀ ਪੁਸਤਕ ਹੈ।

### ਦੂਸਰੇ ਦਿਨ ਦੀ ਲੜਾਈ

ਦੂਸਰੇ ਦਿਨ ਸੂਰਜ ਚੜ੍ਹਦੇ ਹੀ ਸ਼ਾਹ ਨੇ ਆਪਣੀ ਫ਼ੌਜ ਨੂੰ ਅੱਗੇ ਨੂੰ ਕੂਚ ਦਾ ਹੁਕਮ ਦਿੱਤਾ। ਪਰ ਉਹ ਅਜੇ ਦੋ ਤਿੰਨ ਕੋਹ ਹੀ ਗਏ ਸਨ ਕਿ ਅੱਗੋਂ ਸਿੰਘਾਂ ਨੇ ਆ ਹੱਲਾ ਕੀਤਾ ਅਤੇ ਸ਼ਾਹ ਦੀ ਫੌਜ ਨੂੰ ਅੱਗੋਂ ਅਤੇ ਸੱਜਿਓਂ ਖੱਬਿਓਂ ਰੋਕ ਲਿਆ। ਇਸ ਦਿਨ ਇਨ੍ਹਾਂ ਨੇ ਆਪਣੀ ਸੈਨਾ ਦੇ ਪਾਸੇ ਬਦਲ ਦਿੱਤੇ ਹੋਏ ਸਨ। ਸੱਜੇ ਵਾਲੇ ਖੱਬੇ ਅਤੇ ਖੱਬੇ ਵਾਲੇ ਸੱਜੇ ਕਰ ਦਿੱਤੇ ਸਨ। ਇਸੇ ਤਰ੍ਹਾਂ ਮੁਹੈਲ ਸੈਨਾ ਥੱਲੀ ਹੋ ਗਈ ਸੀ ਅਤੇ ਥੱਲੇ ਵਾਲੇ ਮੁਹੈਲ ਹੋ ਗਏ

ਸਨ।

ਹੱਲਾ ਕਰਨ ਵਾਲੇ ਸਿੰਘਾਂ ਦੇ ਦਸਤੇ ਛਾਲਾਂ ਮਾਰਦੇ ਆਏ ਅਤੇ ਲੜਾਈ ਛੇੜ ਦਿੱਤੀ। ਸ਼ਾਹ ਦਾ ਅੱਗੇ ਵਧਣਾ ਬੰਦ ਹੋ ਗਿਆ ਅਤੇ ਉਸ ਨੇ ਉਥੇ ਹੀ ਝੰਡੇ ਗੱਡ ਦਿੱਤੇ ਅਤੇ ਖੜਾ ਹੋ ਗਿਆ। ਹੁਣ ਸ਼ਾਹ ਨੇ ਆਪਣੀ ਫੌਜ ਦੇ ਆਲੇ ਦੁਆਲੇ ਚੱਕਰ ਲਾਉਣਾ ਸ਼ੁਰੂ ਕੀਤਾ ਅਤੇ ਹਰ ਕਿਸੇ ਨੂੰ ਕਿਹਾ ਕਿ ਇਥੇ ਹੀ ਖੜੇ ਹੋ ਕੇ ਲੜੋ ਅਤੇ ਇਸ ਤੋਂ ਅੱਗੇ ਵਧ ਕੇ ਥਾਂ ਟੋਲਣ ਦੀ ਨਾ ਕਰੋ। ਨਸੀਰ ਖ਼ਾਨ ਕੋਲ ਜਾ ਕੇ ਸ਼ਾਹ ਨੇ ਕਿਹਾ ਕਿ ਬਲੋਚਾਂ ਦੀ ਫੌਜ ਮੇਰੀ ਬਾਂਹ ਹੈ, ਇਥੇ ਹੀ ਪਹਾੜ ਵਾਂਗੂ ਡਟੇ ਰਹੋ ਅਤੇ ਮੇਰੇ ਹੁਕਮ ਤੋਂ ਬਿਨਾਂ ਆਪਣੀ ਥਾਂ ਤੋਂ ਪੈਰ ਭਰ ਭੀ ਅੱਗੇ ਨਾ ਹੋਣਾ।

ਚੰਗਾ ਮੌਕਾ ਸਮਝ ਕੇ ਸ਼ਾਹ ਨੇ ਭੀ ਹੱਲਾ ਕਰਨ ਦਾ ਹੁਕਮ ਦਿੱਤਾ ਅਤੇ ਸਾਰੀ ਫੌਜ ਟੁੱਟ ਕੇ ਪੈ ਗਈ। ਜਦ ਦੋ ਤਿੰਨ ਕੋਹ ਅੱਗੇ ਗਏ ਤਾਂ ਕੋਈ ਭੀ ਵੈਰੀ ਮੈਦਾਨ ਵਿਚ ਨਹੀਂ ਸੀ ਦਿਸਦਾ। ਇਸ ਲਈ ਗਾਜ਼ੀ ਪਿਛਾਂਹ ਨੂੰ ਪਰਤ ਪਏ। ਉਨ੍ਹਾਂ ਦੇ ਪਿੱਠ ਮੋੜਨ ਦੀ ਢਿੱਲ ਸੀ ਕਿ ਭਉਂ ਕੇ ਪਿਛੋਂ ਸਿੰਘ ਫੇਰ ਆ ਪਏ ਅਤੇ ਸਾਰੇ ਪਾਸਿਆਂ ਤੋਂ ਹੱਲੇ ਕਰਨੇ ਆਰੰਭ ਦਿੱਤੇ। ਹੁਣ ਅਹਿਮਦ ਸ਼ਾਹ ਆਪਣੀ ਫ਼ੌਜ ਦੇ ਗਿਰਦ ਫੇਰ ਚੱਕਰ ਲਾਉਣ ਲੱਗ ਪਿਆ, ਅਤੇ ਨਸੀਰ ਖ਼ਾਨ ਨੂੰ ਤਾਕੀਦ ਕੀਤੀ ਕਿ ਵੈਰੀ ਨੂੰ ਆਪਣੇ ਸਾਹਮਣੇ ਵੇਖ ਕੇ ਭੀ ਅੱਗੇ ਨਾ ਵਧਣਾ ਅਤੇ ਕਾਫ਼ ਪਹਾੜ ਵਾਂਗੂ ਆਪਣੀ ਥਾਂ ਪਰ ਡਟੇ ਰਹਿਣਾ। ਮੈਂ ਸਾਰੇ ਗਾਜ਼ੀਆਂ ਨੂੰ ਭੀ ਇਹੋ ਗੱਲ ਆਖੀ ਹੈ। ਜਦ ਨਸੀਰ ਖ਼ਾਨ ਨੇ ਇਹ ਗੱਲ ਸੁਣੀ ਤਾਂ ਉਸ ਨੇ ਆਪਣੀ ਥਾਉਂ ਹਿੱਲਣਾ ਚੰਗਾ ਨਾ ਸਮਝਿਆ ਅਤੇ ਮੁੜ ਕੇ ਜਿਥੇ ਖੜੋਤਾ ਸੀ ਉਥੇ ਹੀ ਖੜਾ ਰਿਹਾ।

ਅਹਿਮਦ ਸ਼ਾਹ ਦਾ ਆਪਣੀ ਫੌਜ ਨੂੰ ਅੱਗੇ ਵਧਣ ਦਾ ਹੁਕਮ ਨਹੀਂ ਸੀ। ਇਸ ਕਰਕੇ ਲੜਾਈ ਵਿਚ ਹੱਲੇ ਸਿੰਘ ਹੀ ਕਰਦੇ ਸਨ ਅਤੇ ਦੁੱਰਾਨੀ ਅਤੇ ਬਲੋਚ ਸਿਰਫ਼ ਆਪਣੀ ਰੱਖਿਆ ਹੀ ਕਰਦੇ ਰਹੇ। ਇਸ ਤਰ੍ਹਾਂ ਸਾਰਾ ਦਿਨ ਲੜਾਈ ਹੁੰਦੀ ਰਹੀ ਅਤੇ ਰਾਤ ਨੂੰ ਸਭ ਆਪੋ ਆਪਣੀ ਟਿਕਾਣੀਂ ਮੁੜ ਗਏ [*ਜੰਗਨਾਮਾ*, 161-64]। ਇਸ ਦਿਨ ਦੀ ਲੜਾਈ ਵਿਚ ਮਾਰੇ ਗਏ ਸਿੰਘਾਂ ਦੀ ਨੂਰ ਮੁਹੰਮਦ ਨੇ ਕੋਈ ਗਿਣਤੀ ਨਹੀਂ ਦਿੱਤੀ।

**ਤੀਸਰੇ ਦਿਨ ਦੀ ਲੜਾਈ ਅਤੇ ਉਸ ਤੋਂ ਬਾਅਦ**

ਤੀਸਰੇ ਦਿਨ ਦੀ ਲੜਾਈ ਭੀ ਪਿਛਲੇ ਵਾਂਗ ਹੀ ਸੀ ਕਿ ਸਵੇਰੇ ਜਦ ਅਹਿਮਦ ਸ਼ਾਹ ਪੰਜ ਛੇ ਕੋਹ ਹੀ ਡੇਰੇ ਤੋਂ ਅੱਗੇ ਗਿਆ ਸੀ ਕਿ ਸਿੰਘਾਂ ਨੇ ਜਾ ਹੱਲਾ ਕੀਤਾ ਅਤੇ ਰਾਹ ਰੋਕ ਦਿੱਤਾ। ਸਾਰਾ ਦਿਨ ਝਪਟਾਂ ਮਾਰ ਮਾਰ ਕੇ ਉਸ ਨੂੰ ਹੈਰਾਨ ਕਰ ਦਿੱਤਾ ਅਤੇ ਸਦਾ ਦੀ ਤਰ੍ਹਾਂ ਸ਼ਾਮ ਨੂੰ ਹਨੇਰੇ ਪਏ ਡੇਰੇ ਨੂੰ ਮੁੜ ਗਏ। ਤੀਸਰੇ ਦਿਨ ਤੋਂ ਬਾਅਦ ਨੂਰ ਮੁਹੰਮਦ ਨੇ ਚੌਥੇ, ਪੰਜਵੇਂ ਔਰ ਛੇਵੇਂ ਦਿਨਾਂ ਦੀਆਂ ਲੜਾਈਆਂ ਦਾ ਕੋਈ ਜ਼ਿਕਰ ਨਹੀਂ ਕੀਤਾ, ਅਤੇ ਸੱਤਵੇਂ ਦਿਨ ਬਿਆਸਾ ਦੇ ਦੱਖਣ ਨੂੰ ਸਿੰਘਾਂ ਦੇ ਹੱਲੇ ਦਾ ਜ਼ਿਕਰ ਜਾ ਕਰਦਾ ਹੈ।

ਨੂਰ ਮੁਹੰਮਦ ਦੇ 'ਜੰਗਨਾਮੇ' ਤੋਂ ਇਹ ਗੱਲ ਸਪਸ਼ਟ ਹੈ ਕਿ ਸਤਲੁਜ ਅਤੇ ਬਿਆਸਾ ਦੇ ਵਿਚਕਾਰ ਸਿੰਘਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਜਥੇਦਾਰੀ ਹੇਠ ਜੱਸਾ

[illegible]

ਸਿੰਘ ਰਾਮਗੜ੍ਹੀਏ, ਜੈ ਸਿੰਘ ਕਨ੍ਹਈਏ ਅਤੇ ਹਰੀ ਸਿੰਘ ਭੰਗੀ ਅਤੇ ਹੋਰ ਸਰਦਾਰਾਂ ਦੀ ਅਗਵਾਈ ਵਿਚ ਛਾਪੇ ਮਾਰ ਮਾਰ ਕੇ ਅਹਿਮਦ ਸ਼ਾਹ ਨੂੰ ਅਜਿਹਾ ਜਿੱਚ ਕੀਤਾ ਕਿ ਉਸ ਨੂੰ ਸਾਰੇ ਦੁਆਬੇ ਵਿਚ ਇਕ ਦਿਨ ਭੀ ਟਿਕ ਕੇ ਸਾਹ ਨਾ ਲੈਣਾ ਮਿਲਿਆ। ਉਹ ਅਹਿਮਦ ਸ਼ਾਹ ਜੋ ਸਿੰਘਾਂ ਦੀ ਗ਼ੈਰ-ਹਾਜ਼ਰੀ ਵਿਚ ਸ਼ੁਰੂ ਦਸੰਬਰ ਵਿਚ ਲਾਹੌਰੋਂ ਚਲਦਾ ਹੈ ਅਤੇ ਕਈ ਕਈ ਦਿਨ ਰਿਆੜਕੀ ਅਤੇ ਦੁਆਬੇ ਵਿਚ ਟਿਕ ਟਿਕ ਕੇ ਆਰਾਮ ਨਾਲ ਸ਼ਹਿਰਾਂ ਅਤੇ ਪਿੰਡਾਂ ਨੂੰ ਲੁੱਟਦਾ ਢਾਈਆਂ ਮਹੀਨਿਆਂ ਵਿਚ ਸਰਹੰਦ ਤਕ ਪੁੱਜਦਾ ਹੈ ਅਤੇ ਰਾਹ ਵਿਚ ਗੰਨੇ, ਗੁੜ, ਤਿਲ ਅਤੇ ਗਾਈਆਂ ਦਾ ਮਾਸ ਰੱਜ ਰੱਜ ਕੇ ਖਾਂਦਾ ਹੈ, ਜਦ ਸਿੰਘ ਦਿੱਲੀ ਤੋਂ ਸਰਦਾਰ ਜੱਸਾ ਸਿੰਘ ਨਾਲ ਮੁੜ ਪੈਂਦੇ ਹਨ ਤਾਂ ਕੁੰਜਪੁਰੇ ਤੋਂ ਚੌਥੇ ਦਿਨ ਸਰਹੰਦ ਆ ਪੁੱਜਦਾ ਹੈ ਅਤੇ ਫੇਰ ਸਰਹੰਦੋਂ ਤੀਸਰੇ ਦਿਨ ਰੋਪੜ ਆ ਜਾਂਦਾ ਹੈ। ਸਾਰੇ ਦੁਆਬੇ ਵਿਚ ਸਿੰਘ ਕਿਧਰੇ ਉਸ ਨੂੰ ਇਕ ਦਿਨ ਭੀ ਟਿਕਣ ਨਹੀਂ ਦਿੰਦੇ ਅਤੇ ਸੱਤਾਂ ਦਿਨਾਂ ਵਿਚ ਉਸ ਨੂੰ ਬਿਆਸਾ ਦੇ ਦੱਖਣੀ ਕੰਢੇ ਤਕ ਧੱਕ ਦਿੰਦੇ ਹਨ।

ਉਹ ਗਾਜ਼ੀ ਸੂਰਮੇ, ਜੋ ਆਏ ਹੀ ਸਿੰਘਾਂ ਦੇ ਵਿਰੁੱਧ ਜਹਾਦ ਕਰਨ ਸਨ ਅਤੇ ਕਹਿੰਦੇ ਸਨ ਕਿ ਇਨ੍ਹਾਂ ਦੀ ਜੜ੍ਹ ਪੁੱਟ ਦਿਆਂਗੇ, ਇਨ੍ਹਾਂ ਨੂੰ ਮਾਰ ਮੁਕਾਵਾਂਗੇ, ਇਨ੍ਹਾਂ ਦੀਆਂ ਜ਼ਨਾਨੀਆਂ ਅਤੇ ਬੱਚੇ ਫੜ ਕੇ ਕੈਦੀ ਬਣਾ ਲਵਾਂਗੇ, ਅਤੇ ਮਾਰ ਮਾਰ ਕੇ ਇਨ੍ਹਾਂ ਦੀਆਂ ਹੱਡੀਆਂ ਦਾ ਰੂੰ ਬਣਾ ਦਿਆਂਗੇ [40, 41, 78]; ਜਦ ਸਿੰਘਾਂ ਨਾਲ ਵਾਹ ਪਿਆ, ਤਾਂ ਅਜਿਹੇ ਘਬਰਾਏ ਕਿ ਨੂਰ ਮੁਹੰਮਦ ਭੀ ਕਹਿ ਉਠਿਆ ਕਿ ਜੇ ਇਨ੍ਹਾਂ ਦੀ ਫ਼ੌਜ ਨੂੰ ਭਾਜੜ ਭੀ ਪੈ ਜਾਏ, ਤਾਂ ਭੀ ਉਸ ਨੂੰ ਭਾਜੜ ਨਾ ਸਮਝੋ, ਇਹ ਇਨ੍ਹਾਂ ਦਾ ਲੜਾਈ ਦਾ ਇਕ ਦਾਉ ਹੈ, ਇਨ੍ਹਾਂ ਤੋਂ ਬਚੋ, ਡਰੋ, ਦੋਬਾਰਾ ਡਰੋ [157]। ਉਹ ਅਹਿਮਦ ਸ਼ਾਹ ਜੋ ਇਹ ਕਹਿੰਦਾ ਸੀ ਕਿ ਸਿੰਘ ਤਾਂ ਕਿਧਰੇ ਦਿਸਦੇ ਹੀ ਨਹੀਂ, ਜਦ ਉਸ ਦਾ ਰਾਹ ਰੋਕਣ ਲੱਗ ਪਏ ਅਤੇ ਅੱਗੋਂ, ਸੱਜਿਓਂ ਖੱਬਿਓਂ ਹੱਲੇ ਕਰਨ ਲੱਗ ਪਏ ਤਾਂ ਉਹੀ ਸ਼ਾਹ ਫ਼ੌਜ ਦੇ ਛੋਟੇ ਵੱਡੇ ਅਫਸਰਾਂ ਅਤੇ ਗਾਜ਼ੀਆਂ ਪਾਸ ਜਾ ਜਾ ਕੇ ਆਪ ਹੀ ਇਹ ਕਹਿਣ ਲੱਗ ਪਿਆ ਕਿ ਦੇਖਿਓ ਸਿੰਘਾਂ ਦੇ ਮਗਰ ਹੱਲਾ ਕਰਨ ਨਾ ਜਾਇਓ, ਆਪਣੇ ਪੈਂਤੜੇ ਨਾ ਛਡਿਓ, ਆਪਣੇ ਥਾਉਂ ਤੇ ਹੀ ਖੜੇ ਰਹਿਓ, ਅਤੇ ਮੀਰ ਨਸੀਰ ਖ਼ਾਨ ਨੂੰ ਹਰ ਰੋਜ਼ ਮੁੜ ਮੁੜ ਤਕੀਦਾਂ ਕਰਦਾ ਹੈ ਅਤੇ ਕਸਮਾਂ ਦੇ ਕੇ ਵਾਸਤੇ ਪਾਉਂਦਾ ਹੈ ਕਿ ਦੇਖੀਂ ਆਪਣੇ ਥਾਉਂ ਨਾ ਹਿੱਲੀਂ, ਆਪਣੇ ਪੈਰਾਂ ਉੱਤੇ ਕਾਫ਼ ਪਹਾੜ ਵਾਂਗੂ ਖੜੋਤਾ ਰਹੀਂ, ਜੇ ਸਿੰਘ ਸਾਹਮਣੇ ਭੀ ਦਿਸ ਪੈਣ ਤਾਂ ਭੀ ਇਨ੍ਹਾਂ ਪਰ ਹੱਲਾ ਨਾ ਕਰੀਂ, ਇਨ੍ਹਾਂ ਦੇ ਪਿੱਛੇ ਨਾ ਪਵੀਂ, ਮੈਂ ਇਨ੍ਹਾਂ ਦੀ ਬਹਾਦਰੀ ਅਤੇ ਦਲੇਰੀ ਨੂੰ ਦੇਖ ਕੇ ਹੈਰਾਨ ਹੋ ਰਿਹਾ ਹਾਂ, ਇਤਿਆਦਿ [129, 135-7, 157, 163]। ਅਸਲ ਵਿਚ ਭਾਵੇਂ ਕੋਈ ਸ਼ਾਹ ਹੋਵੇ ਜਾਂ ਕੰਗਾਲ, ਕੋਈ ਵੱਡਾ ਹੋਵੇ ਜਾਂ ਛੋਟਾ, ਕੋਈ ਗਰੀਬ ਹੋਵੇ ਜਾਂ ਅਮੀਰ, ਜੋ ਭੀ ਕਿਸੇ ਦਾ ਬੁਰਾ ਸੋਚਦਾ ਹੈ, ਜੋ ਆਪਣੀ ਹਉਮੈ ਅਤੇ ਹੈਂਕੜ ਵਿਚ ਕਿਸੇ ਦੇ ਲਹੂ ਦਾ ਪਿਆਸਾ ਹੋਇਆ ਫਿਰਦਾ ਹੈ, ਜੋ ਕਿਸੇ ਨੂੰ ਆਪਣਾ ਕੈਦੀ ਅਤੇ ਗੁਲਾਮ ਬਣਾਉਣਾ ਚਾਹੁੰਦਾ ਹੈ, ਜੋ ਨਿਰਦਈ ਅਤੇ ਅਤਿਆਚਾਰੀ ਹੈ, ਉਹ ਬਹੁਤਾ ਚਿਰ ਕਦੀ

Sri Satguru Jagjit Singh Ji eLibrary

ਫਲਿਆ ਫੁਲਿਆ ਅਤੇ ਕਾਮਯਾਬ ਨਹੀਂ ਹੋਇਆ। ਗ਼ਰੂਰ ਦਾ ਸਿਰ ਆਖਿਰ ਨੀਵਾਂ ਹੁੰਦਾ ਹੈ, ਜ਼ੁਲਮ ਹਮੇਸ਼ਾ ਮੂੰਹ ਭਾਰ ਡਿਗਦਾ ਹੈ। ਇਹ ਰੱਬੀ ਕਾਨੂੰਨ ਹੈ। ਇਸ ਵਿਚ ਦੇਰ ਹੁੰਦੀ ਭਾਵੇਂ ਦਿਸੇ, ਪਰ ਹੈ ਇਹ ਅਟੱਲ।

**ਸ਼ਾਹ ਸਿੱਧਾ ਅਫ਼ਗ਼ਾਨਿਸਤਾਨ ਨੂੰ**

ਜਦ ਅਹਿਮਦ ਸ਼ਾਹ ਬਿਆਸਾ ਪਾਰ ਹੋ ਗਿਆ ਤਾਂ ਸਿੰਘਾਂ ਨੇ ਉਸ ਦਾ ਪਿੱਛਾ ਕਰਨਾ ਛੱਡ ਦਿੱਤਾ, ਅਤੇ ਸ਼ਾਹ ਰਵਾਂ ਰਵੀਂ ਕਿਧਰੇ ਠਹਿਰਨ ਤੋਂ ਬਿਨਾਂ ਤੇਜ਼ ਮੰਜ਼ਲਾਂ ਮਾਰਦਾ ਹੋਇਆ ਰਾਵੀਉਂ ਲੰਘ ਕੇ ਅੱਧ ਮਾਰਚ ਸੰਨ 1765 ਦੇ ਲਾਗੇ ਝਨਾਂ ਤੇ ਜਾ ਪੁੱਜਾ। ਰੋਪੜੋਂ ਦਰਿਆ ਪਾਰ ਕਰਨ ਵੇਲੇ ਉਸ ਨੂੰ ਕਿਸੇ ਨੇ ਖਬਰ ਦਿੱਤੀ ਸੀ ਕਿ ਸਿੰਘ ਅੰਮ੍ਰਿਤਸਰ ਚੱਕ-ਗੁਰੂ ਵਿਚ ਸ਼ਾਹ ਨਾਲ ਲੜਨ ਲਈ ਇਕ ਤਕੜੀ ਫੌਜ ਜਮਾ ਕਰ ਰਹੇ ਹਨ। ਨੂਰ ਮੁਹੰਮਦ ਕਹਿੰਦਾ ਹੈ ਕਿ ਦੀਨੀ ਲੜਾਈ (ਗਜ਼ਾ) ਦੇ ਉਡੀਕਵਾਨ ਗਾਜ਼ੀਆਂ ਦੇ ਦਿਲ ਇਹ ਖਬਰ ਸੁਣ ਕੇ ਬੜੇ ਖ਼ੁਸ਼ ਹੋਏ ਅਤੇ ਸ਼ਾਹ ਨੇ ਹੁਕਮ ਦਿੱਤਾ ਕਿ ਆਪਣਾ ਲਸ਼ਕਰ ਚੱਕ-ਗੁਰੂ ਵੱਲ ਨੂੰ ਚੜ੍ਹ ਪਵੇ ਅਤੇ ਕਾਫ਼ਰਾਂ ਉੱਤੇ ਹੱਲਾ ਕਰ ਕੇ ਉਨ੍ਹਾਂ ਬਦਬਖ਼ਤਾਂ ਦੀਂ ਜੜ੍ਹ ਮੁਢੋਂ ਪੁਟ ਸੁੱਟੇ [18-29]। ਪਰ ਸੱਤਾਂ ਦਿਨਾਂ ਦਿਆਂ ਦੁਆਬੇ ਵਿਚ ਸਿੰਘਾਂ ਦੇ ਹੱਲਿਆਂ ਨਾਲ ਬਾਦਸ਼ਾਹ ਅਹਿਮਦ ਸ਼ਾਹ ਨੂੰ ਅਜਿਹਾ ਤਜਰਬਾ ਹੋਇਆ ਕਿ ਉਸ ਨੇ ਅੰਮ੍ਰਿਤਸਰ ਵਿਚ ਜਾ ਕੇ ਲੜਾਈ ਕਰਨ ਦਾ ਖਿਆਲ ਹੀ ਛਡ ਦਿੱਤਾ ਅਤੇ ਲਾਹੌਰ ਠਹਿਰੇ ਬਿਨਾ ਹੀ ਰਾਵੀ ਪਾਰ ਕਰ ਗਿਆ [167-68]।

ਝਨਾਂ ਦਰਿਆ ਦੇ ਛੇ ਨਾਲੇ ਤਾਂ ਸ਼ਾਹ ਦੀ ਫੌਜ ਸੌਖੇ ਹੀ ਲੰਘ ਗਈ ਪਰ ਅਖੀਰਲੇ ਦੋ ਨਾਲੇ ਬੜੇ ਡੂੰਘੇ ਅਤੇ ਤੇਜ਼ ਵਗ ਰਹੇ ਸਨ, ਜਿਨ੍ਹਾਂ ਵਿਚ ਬੇਅੰਤ ਫੌਜੀ, ਹਜ਼ਾਰਾਂ ਲੱਦੇ ਲਦਾਏ ਊਠ, ਘੋੜੇ, ਖੋਤੇ, ਬੈਲ, ਮਹੀਆਂ, ਮਾਲ ਅਸਬਾਬ, ਖ਼ਜ਼ਾਨਾ, ਬੱਚੇ, ਤ੍ਰੀਮਤਾਂ ਰੁੜ੍ਹ ਗਏ। ਉਦੋਂ ਇੰਜ ਜਾਪਦਾ ਸੀ ਜਿਵੇਂ ਕਿਆਮਤ ਦਾ ਦਿਨ ਆ ਪੁੱਜਾ ਹੈ। ਨੂਰ ਮੁਹੰਮਦ ਕਹਿੰਦਾ ਹੈ ਕਿ ਜਦ ਮੈਨੂੰ ਕਦੀ ਉਸ ਦਿਨ ਦਾ ਚੇਤਾ ਆ ਜਾਂਦਾ ਹੈ ਤਾਂ ਕਿਆਮਤ ਦੇ ਹੌਲ ਨਾਲ ਮੇਰਾ ਸਰੀਰ ਕੰਬਣ ਲੱਗ ਪੈਂਦਾ ਹੈ। ਉਸ ਦਿਨ ਦਰਿਆ ਵਿਚ ਇਤਨੇ ਬੰਦੇ, ਘੋੜੇ ਅਤੇ ਊਠ ਡੁਬ ਕੇ ਮਰ ਗਏ ਕਿ ਸਿੱਖਾਂ ਨਾਲ ਲੜਾਈ ਵਿਚ ਭੀ ਇਤਨੇ ਨਹੀਂ ਸਨ ਮਰੇ। ਜਿਹਲਮ ਦਰਿਆ ਪਾਰ ਕਰ ਕੇ ਰੋਹਤਾਸ ਦੇ ਪੜਾਉ ਤੋਂ ਮੀਰ ਨਸੀਰ ਖ਼ਾਨ ਤਾਂ ਬਲੋਚਿਸਤਾਨ ਨੂੰ ਚਲਾ ਗਿਆ ਅਤੇ ਅਹਿਮਦ ਸ਼ਾਹ ਅਫ਼ਗ਼ਾਨਿਸਤਾਨ ਨੂੰ ਮੁੜ ਗਿਆ [168-176]।

**ਸਿੰਘਾਂ ਦੀ ਮਰਦਾਨਗੀ ਦਾ ਬਿਆਨ**

ਪੰਜਾਬ ਦੇ ਇਤਿਹਾਸ ਦੇ ਦ੍ਰਿਸ਼ਟੀਕੋਣ ਤੋਂ 'ਜੰਗਨਾਮੇ' ਵਿਚ ਕਾਜ਼ੀ ਨੂਰ ਮੁਹੰਮਦ ਦੇ ਦੋ ਬਿਆਨ 41-42 ਖ਼ਾਸ ਮਹੱਤਾ-ਪੂਰਨ ਹਨ ਕਿਉਂਕਿ ਇਨ੍ਹਾਂ ਵਿਚ ਜੋ ਕੁਝ ਭੀ ਉਸ ਨੇ ਲਿਖਿਆ ਹੈ ਉਹ ਉਸ ਨੇ ਸਭ ਕੁਝ ਨਵੰਬਰ ਸੰਨ 1764 ਅਤੇ ਮਾਰਚ ਸੰਨ 1765 ਵਿਚਕਾਰ (1178 ਹਿਜਰੀ ਵਿਚ) ਅੱਖੀਂ ਡਿੱਠਾ ਸੀ ਅਤੇ ਸੰਨ 1178 ਹਿਜਰੀ ਵਿਚ ਹੀ

Sri Satguru Jagjit Singh eLibrary

[illegible]

Jagjit Sing

ਲਿਖ ਲਿਆ ਸੀ ਜੋ 19 ਜੂਨ ਸੰਨ 1765 ਨੂੰ ਚੜ੍ਹਿਆ ਸੀ। ਇਸ ਵੇਲੇ ਤਕ ਖਾਲਸਾ ਜੀ ਨੇ ਲਾਹੌਰ ਉੱਤੇ ਭੀ ਪੱਕਾ ਕਬਜਾ ਕਰ ਲਿਆ ਸੀ ਜੋ 17 ਅਪ੍ਰੈਲ ਨੂੰ ਹੋ ਗਿਆ ਸੀ। ਉਪਰੋਕਤ ਦੋਨੋਂ ਬਿਆਨ ਸਿੰਘਾਂ ਦੀ ਮੈਦਾਨਿ ਜੰਗ ਵਿਚ ਬਹਾਦੁਰੀ ਅਤੇ ਉਨ੍ਹਾਂ ਦੇ ਪੰਜਾਬ ਵਿਚ ਕੀਤੇ ਹੋਏ ਕਬਜਿਆਂ ਸੰਬੰਧੀ ਹਨ ਜੋ ਲਾਹੌਰ ਪਰ ਕਬਜਾ ਹੋਣ ਤੋਂ ਪਹਿਲਾਂ ਸਨ।

ਸਿੰਘਾਂ ਦੀ ਮਰਦਾਨਗੀ ਸੰਬੰਧੀ ਕਾਜ਼ੀ ਨੂਰ ਮੁਹੰਮਦ 41ਵੇਂ ਧਿਆਇ ਵਿਚ ਲਿਖਦਾ ਹੈ :

> 'ਸਗਾਂ' (ਕੁੱਤਿਆਂ) ਨੂੰ 'ਸਗ' (ਕੁੱਤੇ) ਨਾ ਕਹੋ ਕਿਉਂਕਿ ਇਹ ਸ਼ੇਰ ਹਨ ਅਤੇ ਮਰਦਾਨਗੀ ਦੇ ਮੈਦਾਨ ਵਿਚ ਸ਼ੇਰਾਂ ਵਾਂਗ ਦਲੇਰ ਹਨ।
>
> ਰਣ ਦਾ ਉਹ ਸੂਰਮਾ ਜੋ ਲੜਾਈ ਵਿਚ ਸ਼ੇਰ ਵਾਂਗੂ ਬੁੱਕੇ ਕਿਵੇਂ 'ਸਗ' ਹੋ ਸਕਦਾ ਹੈ? ਜੇ ਤੈਨੂੰ ਲੜਾਈ ਦਾ ਕਸਬ ਸਿੱਖਣ ਦੀ ਇੱਛਾ ਹੈ ਤਾਂ ਆ ਅਤੇ ਰਣ ਭੂਮੀ ਵਿਚ ਇਨ੍ਹਾਂ ਦੇ ਸਾਹਮਣੇ ਹੋ।
>
> ਉਹ ਤੈਨੂੰ ਜੰਗ ਦੇ ਅਜਿਹੇ ਢੰਗ ਵਿਖਾਉਣਗੇ ਕਿ ਸਾਰੇ ਵਾਹ ਵਾਹ ਪਏ ਆਖਣਗੇ।
>
> ਹੇ ਤਲਵਾਰੀਏ, ਜੇ ਤੂੰ ਲੜਾਈ ਦਾ ਹੁਨਰ ਸਿਖਣਾ ਚਾਹੁੰਦਾ ਹੈਂ ਤਾਂ ਇਨ੍ਹਾਂ ਪਾਸੋਂ ਸਿੱਖ ਕਿ ਕਿਵੇਂ ਮਰਦਾਂ ਵਾਂਗ ਵੈਰੀ ਦੇ ਸਾਹਮਣੇ ਹੋਣਾ ਚਾਹੀਦਾ ਹੈ ਅਤੇ ਲੜਾਈ ਵਿਚੋਂ ਕਿਵੇਂ ਆਪਣੇ ਆਪ ਨੂੰ ਸਾਫ ਬਚਾ ਲਿਜਾਣਾ ਚਾਹੀਦਾ ਹੈ।
>
> 'ਸਿੰਘ' ਇਨ੍ਹਾਂ ਦਾ ਲਕਬ ਹੈ, ਇਹ ਜਾਣ ਲੈਣਾ ਚਾਹੀਦਾ ਹੈ। ਇਹ ਨਿਆਉਂ ਦੀ ਗੱਲ ਨਹੀਂ ਕਿ ਇਸ (ਸ਼ਬਦ 'ਸਿੰਘ') ਨੂੰ 'ਸਗ' (ਅਰਥਾਤ ਕੁੱਤਾ) ਪੜ੍ਹਿਆ ਜਾਏ।
>
> ਐ ਜਵਾਨ, ਜੇ ਤੈਨੂੰ ਨਹੀਂ ਪਤਾ (ਤਾਂ ਸੁਣ), ਹਿੰਦੁਸਤਾਨੀ ਬੋਲੀ ਵਿਚ 'ਸਿੰਘ' ਦੇ ਅਰਥ 'ਸ਼ੇਰ' ਹਨ। ਲੜਾਈ ਵਿਚ ਤਾਂ ਇਹ ਸੱਚ ਮੁਚ ਹੀ ਸ਼ੇਰ ਹਨ ਅਤੇ ਮੌਜ ਮੇਲੇ ਸਮੇਂ ਹਾਤਮ ਤੋਂ ਭੀ ਵੱਧ ਹਨ।
>
> ਜਦ ਇਹ ਹੱਥ ਵਿਚ ਹਿੰਦੁਸਤਾਨੀ ਤਲਵਾਰ ਫੜ ਲੈਂਦੇ ਹਨ ਤਾਂ ਹਿੰਦ ਤੋਂ ਸਿੰਧ ਦੇਸ ਤਕ ਮਾਰ ਕਰਦੇ ਚਲੇ ਜਾਂਦੇ ਹਨ।
>
> ਕੋਈ ਆਦਮੀ ਇਨ੍ਹਾਂ ਦੇ ਸਾਹਮਣੇ ਅੜ ਨਹੀਂ ਸਕਦਾ, ਭਾਵੇਂ ਉਹ ਕਿੱਡਾ ਹੀ ਜੋਰ ਵਾਲਾ ਕਿਉਂ ਨਾ ਹੋਵੇ।
>
> ਜਦ ਇਹ ਹੱਥ ਵਿਚ ਨੇਜਾ ਫੜ ਲੈਂਦੇ ਹਨ ਤਾਂ ਵੈਰੀ ਦੀ ਫੌਜ ਵਿਚ ਭਾਜੜ ਪਾ ਦਿੰਦੇ ਹਨ।
>
> ਜਦ ਉਹ ਨੇਜੇ ਦੀ ਅਣੀ ਆਸਮਾਨ ਵੱਲ ਚੁੱਕਦੇ ਹਨ ਤਾਂ ਜੇ ਕਾਫ਼ ਪਹਾੜ ਨੂੰ ਭੀ ਹੋਵੇ ਚੀਰ ਦਿੰਦੇ ਹਨ।
>
> ਜਦ ਇਹ ਕਮਾਨ ਦਾ ਚਿੱਲਾ ਚੜ੍ਹਾਉਂਦੇ ਹਨ ਅਤੇ ਵੈਰੀ ਦੀ ਜਾਨ ਕੱਢ ਲੈਣ ਵਾਲਾ ਤੀਰ ਉਸ ਵਿਚ ਰਖਦੇ ਹਨ, ਅਤੇ ਉਨ੍ਹਾਂ ਦੀ ਕਮਾਨ ਦਾ ਚਿੱਲਾ ਜਦ (ਖਿੱਚਿਆ ਹੋਇਆ) ਕੰਨ ਤਕ ਪੁੱਜਦਾ ਹੈ ਤਾਂ ਵੈਰੀ ਦੇ ਸਰੀਰ ਨੂੰ ਕਾਂਬਾ ਛਿੜ ਪੈਂਦਾ

Sri Satguru Jagjit Singh Ji eLibrary

[illegible]

[illegible]

[illegible]

[illegible]

[illegible]

[illegible]

[illegible]

Sri

[illegible]

ਹੈ।

ਜਦ ਇਨ੍ਹਾਂ ਦਾ ਜੰਗੀ-ਕੁਹਾੜਾ ਚਿਲਤੇ ਪਰ ਪੈਂਦਾ ਹੈ ਤਾਂ ਵੈਰੀ ਦੇ ਸਰੀਰ ਦਾ ਚਿਲੜਾ ਹੀ ਉਸ ਦਾ ਕੱਫਨ ਬਣ ਜਾਂਦਾ ਹੈ।

ਸਰੀਰ ਕਰਕੇ ਹਰ ਇਕ ਇਹ ਪਹਾੜ ਦਾ ਇਕ ਟੁਕੜਾ ਹੈ ਅਤੇ ਸ਼ਾਨ (ਡੀਲ ਡੌਲ) ਵਿਚ ਪੰਜਾਹ ਆਦਮੀਆਂ ਤੋਂ ਭੀ ਵੱਧ ਹੈ।

ਜੋ ਬਹਿਰਾਮ ਗੋਰ ਜੰਗਲੀ ਗਧਿਆਂ ਨੂੰ ਮਾਰ ਲੈਂਦਾ ਸੀ ਅਤੇ ਸ਼ੇਰਾਂ ਦੀਆਂ ਚੀਕਾਂ ਕਢਾ ਦਿੰਦਾ ਸੀ,

ਜੇ ਉਹ ਬਹਿਰਾਮ ਗੋਰ ਇਨ੍ਹਾਂ ਦੇ ਸਾਹਮਣੇ ਆ ਜਾਏ ਤਾਂ ਬਹਿਰਾਮ ਭੀ ਇਨ੍ਹਾਂ ਦੇ ਸਾਹਮਣੇ ਸਿਰ ਨੀਵਾਂ ਕਰ ਦੇਵੇ।

ਇਹ ਹਥਿਆਰ ਛੱਡ ਕੇ ਲੜਾਈ ਸਮੇਂ ਜਦ ਬੰਦੂਕ ਹੱਥ ਵਿਚ ਫੜ ਲੈਂਦੇ ਹਨ,

ਤਾਂ ਸ਼ੇਰਾਂ ਵਾਂਗੂ ਬੁੱਕਦੇ, ਨਾਹਰੇ ਮਾਰਦੇ, ਛਾਲਾਂ ਮਾਰਦੇ ਮੈਦਾਨ ਵਿਚ ਆਉਂਦੇ ਹਨ;

ਕਈਆਂ ਦੀਆ ਛਾਤੀਆ ਚੀਰ ਦਿੰਦੇ ਹਨ ਅਤੇ ਅਨੇਕਾਂ ਦਾ ਖ਼ੂਨ ਮਿੱਟੀ ਵਿਚ ਮਿਲਾ ਦਿੰਦੇ ਹਨ।

ਤੂੰ ਇਉਂ ਕਹੁ ਇਹ ਬੰਦੂਕ ਪੁਰਾਣੇ ਸਮੇਂ ਵਿਚ ਇਨ੍ਹਾਂ ਸਗਾਂ ਦੀ ਕਾਢ ਹੈ, ਹਕੀਮ ਲੁਕਮਾਨ ਦੀ ਨਹੀਂ।

ਬੰਦੂਕਚੀ ਤਾ ਭਾਵੇਂ ਹੋਰ ਭੀ ਬਥੇਰੇ ਹਨ, ਪਰ ਇਸ ਦੇ (ਵਰਤੋਂ ਦੇ) ਹੁਨਰ ਨੂੰ ਇਨ੍ਹਾਂ ਨਾਲੋਂ ਵੱਧ ਹੋਰ ਕੋਈ ਨਹੀਂ ਜਾਣਦਾ।

ਅੱਗੇ, ਪਿੱਛੇ, ਸੱਜੇ, ਖੱਬੇ ਇਹ ਸੈਂਕੜੇ ਗੋਲੀਆਂ ਲਗਾਤਾਰ ਦਾਗੀ ਜਾਂਦੇ ਹਨ।

ਜੇ ਤੈਨੂੰ ਮੇਰੇ ਕਹੇ ਉੱਤੇ ਯਕੀਨ ਨਹੀਂ ਤਾਂ ਤੇਗ਼ਾਂ ਵਾਹੁਣ ਵਾਲੇ ਸੂਰਮਿਆ ਪਾਸੋਂ ਪੁਛ ਵੇਖ।

ਕਿ ਉਹ ਇਸ ਤੋਂ ਭੀ ਵਧ ਦੱਸਣਗੇ ਅਤੇ ਇਨ੍ਹਾਂ ਦੀ ਲੜਾਈ ਨੂੰ ਆਫਰੀਨ (ਸ਼ਾਬਾਸ਼) ਕਹਿਣਗੇ।

(ਮੇਰੀ) ਇਸ ਗੱਲ ਦੇ ਗਵਾਹ ਉਹ ਤੀਹ ਹਜਾਰ ਸੂਰਮੇ ਹਨ ਕਿ ਜੋ ਇਨ੍ਹਾਂ ਨਾਲ ਰਣ ਭੂਮੀ ਵਿਚ ਲੜੇ ਹਨ।

ਜੇ ਇਨ੍ਹਾ ਦੀਆਂ ਫ਼ੌਜਾਂ ਵਿਚ ਭਾਜੜ ਭੀ ਪੈ ਜਾਏ, ਤਾ ਭੀ, ਐ ਜਵਾਨ, ਇਸ ਨੂੰ ਭਾਜੜ ਨਾ ਸਮਝੀਂ,

ਕਿਉਂ ਕਿ ਇਹ ਭੀ ਇਨ੍ਹਾਂ ਦਾ ਲੜਾਈ ਦਾ ਇਕ ਦਾਉ ਹੈ। ਇਨ੍ਹਾਂ ਦੇ ਇਸ (ਜਾਲ) ਤੋਂ ਬਚੋ, ਦੋਬਾਰਾ ਬਚੋ।

ਇਨ੍ਹਾਂ ਦਾ ਇਹ ਦਾਉ ਇਸ ਲਈ ਹੈ ਕਿ ਵੈਰੀ ਗਾਫ਼ਲ ਹੋ ਕੇ ਗੁੱਸੇ ਵਿਚ ਆ ਕੇ ਇਨ੍ਹਾਂ ਦੇ ਪਿੱਛੇ ਦੌੜਦਾ ਹੈ ਅਤੇ ਆਪਣੇ ਲਸ਼ਕਰ ਦੀ ਸਹਾਇਤਾ ਤੋਂ ਦੂਰ ਨਿਕਲ ਜਾਂਦਾ ਹੈ,

Sri Satguru Jagjit Singh eLibrary

ਤਾਂ ਇਹ ਪਿੱਛੇ ਨੂੰ ਮੂੰਹ ਕਰਕੇ ਮੁੜ ਪੈਂਦੇ ਹਨ ਅਤੇ ਜੇ ਪਾਣੀ ਭੀ ਹੋਵੇ ਤਾਂ ਭੀ ਅੱਗ ਲਾ ਦਿੰਦੇ ਹਨ।

ਕੀ ਤੂੰ ਨਹੀਂ ਸੀ ਵੇਖਿਆ ਕਿ ਲੜਾਈ ਵਿਚ ਇਹ (ਮੀਰ ਨਸੀਰ) ਖ਼ਾਨ ਦੇ ਅੱਗੋਂ ਧੋਖਾ ਦੇਣ ਲਈ ਭੱਜ ਨਿਕਲੇ ਸਨ,

ਅਤੇ ਫੇਰ ਖ਼ਾਨ ਵੱਲ ਨੂੰ ਪਿੱਛੇ ਮੁੜ ਪਏ ਸਨ ਅਤੇ ਉਸ ਨੂੰ ਆਪਣੇ ਘੇਰੇ ਵਿਚ ਲੈ ਲਿਆ ਸੀ।

ਤਦ ਉਹ ਸਤਕਾਰ ਜੋਗ ਸੂਰਮਾ ਆਪਣੇ ਘੋੜੇ ਤੋਂ ਉੱਤਰ ਪਿਆ ਅਤੇ ਤੀਰ ਅਤੇ ਗੋਲੀ ਚਲਾਉਣ ਲੱਗ ਪਿਆ ਅਤੇ ਬਹਾਦਰੀ ਨਾਲ ਉਨ੍ਹਾਂ ਦੇ ਘੇਰੇ 'ਚੋਂ ਬਾਹਰ ਨਿਕਲਿਆ।

ਤੂੰ, ਐ ਸੂਰਮੇ, ਆਪ ਹੀ ਇਨ੍ਹਾਂ ਦੀ ਲੜਾਈ ਬਾਬਤ ਨਿਆਉਂ ਕਰ।

ਇਨ੍ਹਾਂ ਦੀ ਇੱਕ ਫੌਜ ਨੇ ਮੁਲਤਾਨ ਤਕ ਜਾ ਧਾਈ ਕੀਤੀ ਅਤੇ ਸ਼ਹਿਰ ਅੰਦਰ ਜਾ ਕੇ ਲੁੱਟ ਲਿਆ।

ਇਹ ਸਗ ਉਥੋਂ ਬੇਅੰਤ ਮਾਲ ਲੈ ਗਏ ਹਨ, ਦਿਲ ਨਹੀਂ ਮੰਨਦਾ ਜੋ ਕੁਝ ਇਨ੍ਹਾਂ ਸਗਾਂ ਉਥੇ ਕੀਤਾ,

ਰੱਬ ਨੇ ਜਦ ਤੋਂ ਇਹ ਸੰਸਾਰ ਸਾਜਿਆ ਹੈ ਕਿਸੇ ਨੂੰ ਯਾਦ ਨਹੀਂ ਕਿ ਕਿਸੇ ਨੇ ਮੁਲਤਾਨ ਪਰ ਅਜਿਹਾ ਹੱਲਾ ਕੀਤਾ ਹੋਵੇ।

ਪਰ ਜਦ ਰੱਬ ਦੀ ਮਰਜ਼ੀ ਹੀ ਇਸ ਤਰ੍ਹਾਂ ਸੀ, ਤਾਂ ਸਾਨੂੰ ਉਸ ਦੀ ਰਜ਼ਾ ਵਿਚ ਹੀ ਰਾਜ਼ੀ ਰਹਿਣਾ ਹੋਇਆ।

ਉਨ੍ਹਾਂ ਦੀ ਲੜਾਈ ਤੋਂ ਬਿਨਾਂ ਇਕ ਹੋਰ ਗੱਲ ਸੁਣੋ, ਜਿਸ ਵਿਚ ਇਹ ਹੋਰ ਸਭ ਸੂਰਮਿਆਂ ਨਾਲੋਂ ਅਗੇ ਹਨ।

ਇਹ ਨਾਮਰਦ ਨੂੰ (ਜੋ ਲੜਾਈ ਵਿਚ ਹਥਿਆਰ ਰਖ ਦੇਵੇ) ਕਦੇ ਭੀ ਨਹੀਂ ਮਾਰਦੇ ਅਤੇ ਨਾ ਹੀ ਭੱਜ ਨਿਕਲੇ ਨੂੰ ਰੋਕਣ ਜਾਂਦੇ ਹਨ।

ਲੁੱਟ ਵਿਚ ਉਹ ਕਿਸੇ ਜਨਾਨੀ ਦਾ ਧਨ ਅਤੇ ਗਹਿਣੇ ਨਹੀਂ ਲੈਂਦੇ, ਭਾਵੇਂ ਉਹ ਸਵਾਣੀ ਹੈ, ਭਾਵੇਂ ਗੋਲੀ-ਬਾਂਦੀ।

ਇਨ੍ਹਾਂ ਸਗਾਂ ਵਿਚ ਵਿਭਚਾਰ ਭੀ ਨਹੀਂ ਹੈ, ਅਤੇ ਨਾ ਹੀ ਇਨ੍ਹਾਂ ਭੈੜੀਆਂ ਰਗਾਂ ਵਾਲਿਆਂ ਵਿਚ ਚੋਰੀ ਹੈ।

ਜਨਾਨੀ ਨੂੰ ਭਾਵੇਂ ਜਵਾਨ ਹੈ ਭਾਵੇਂ ਬੁੱਢੀ, ਕਹਿੰਦੇ ਹਨ, ਬੁਢੀਏ! ਇਕ ਪਾਸੇ ਹਟ ਜਾ।

ਹਿੰਦੁਸਤਾਨੀ ਬੋਲੀ ਵਿਚ 'ਬੁੱਢੀ' ਦੇ ਅਰਥ ਹਨ ਵਡੇਰੀ ਉਮਰ ਵਾਲੀ ਤ੍ਰੀਮਤ।

ਇਨ੍ਹਾਂ ਵਿਚ ਨਾ ਚੋਰੀ ਹੈ, ਅਤੇ ਨਾ ਹੀ ਇਨ੍ਹਾਂ ਵਿਚ ਕੋਈ ਸੰਨ੍ਹਾਂ ਮਾਰਨ ਵਾਲਾ ਹੈ।

ਵਿਭਚਾਰੀ ਅਤੇ ਸੰਨ੍ਹਾਂ ਮਾਰਨ ਵਾਲੇ ਨਾਲ ਇਹ ਮਿੱਤਰਤਾ ਨਹੀਂ ਰਖਦੇ, ਭਾਵੇਂ ਇਨ੍ਹਾਂ ਦੀਆਂ ਹੋਰ ਗੱਲਾਂ ਠੀਕ ਨਹੀਂ।

ਹੇ ਨਾਮਵਰ (ਸੱਜਨ), ਜੋ ਇਨ੍ਹਾਂ ਦੇ ਧਰਮ ਸੰਬੰਧੀ ਤੈਨੂੰ ਪਤਾ ਨਹੀਂ, ਮੈਂ ਤੈਨੂੰ ਦੱਸਦਾ ਹਾਂ

ਕਿ ਇਹ ਸਿੱਖ ਗੁਰੂ ਦੇ ਚੇਲੇ ਹਨ ਕਿ ਜੋ ਉਹ ਨੇਕ-ਬਖਤ ਬਜ਼ੁਰਗ ਚੱਕ [ਗੁਰੂ-ਚੱਕ, ਅੰਮ੍ਰਿਤਸਰ] ਵਿਚ ਹੋਇਆ ਹੈ।

ਉਸ ਤੋਂ ਪਿਛੋਂ ਉਸ ਦਾ ਖ਼ਲੀਫ਼ਾ (ਗੱਦੀ ਨਸ਼ੀਨ) ਗੋਬਿੰਦ ਸਿੰਘ ਹੋਇਆ ਹੈ ਜਿਸ ਤੋਂ ਇਨ੍ਹਾਂ ਨੂੰ 'ਸਿੰਘ' ਪਦਵੀ ਮਿਲੀ ਹੈ।

ਇਹ 'ਸਗ' ਹਿੰਦੂਆਂ ਵਿਚੋਂ ਨਹੀਂ ਹਨ। ਇਨ੍ਹਾਂ ਭੈੜਿਆਂ ਦਾ ਰਾਹ ਵੱਖਰਾ ਹੀ ਹੈ।

ਚੂੰਕਿ ਤੈਨੂੰ ਸਿੱਖਾਂ ਦੇ ਕੰਮਾਂ ਦਾ ਪਤਾ ਲੱਗ ਗਿਆ ਹੈ, ਹੁਣ, ਐ ਨਾਮਵਰ, ਉਨ੍ਹਾਂ ਦੇ ਇਲਾਕਿਆਂ ਬਾਬਤ ਸੁਣ, ਕਿ ਜਿਵੇਂ ਇਨ੍ਹਾਂ ਨੇ ਪੰਜਾਬ ਨੂੰ ਵੰਡ ਲਿਆ ਹੈ ਅਤੇ ਹਰ ਬੁੱਢੇ ਅਤੇ ਜਵਾਨ ਨੂੰ ਦੇ ਦਿੱਤਾ ਹੈ।

## ਸਿੰਘਾਂ ਦੇ ਇਲਾਕਿਆਂ ਬਾਬਤ

ਝੰਡਾ ਸਿੰਘ (ਭੰਗੀ) ਨੇ ਚਿਨਿਓਟ ਮੱਲ ਲਈ ਹੈ ਅਤੇ ਉਥੇ ਮਾਲਕ ਬਣ ਬੈਠਾ ਹੈ।

ਚੱਠਿਆਂ ਦਾ ਇਲਾਕਾ ਅਤੇ ਝੰਗ ਦਾ ਦੇਸ ਹਰੀ ਸਿੰਘ ਲੰਙੇ (ਭੰਗੀ) ਪਾਸ ਹੈ।

ਕਰਮ ਸਿੰਘ (ਭੰਗੀ) ਪਾਸ ਬੈਹਰਵਾਲ ਹੈ ਅਤੇ ਜੈ ਸਿੰਘ (ਕਨ੍ਹਈਏ) ਕੋਲ ਨਾਰੋਵਾਲ।

ਕਲਾਨੌਰ ਜੱਸਾ ਸਿੰਘ ਕਲਾਲ (ਆਹਲੂਵਾਲੀਏ) ਪਾਸ ਹੈ ਅਤੇ ਦੁਆਬ (ਬਿਸਤ ਜਲੰਧਰ) ਭੀ ਉਸੇ ਕੋਲ ਹੈ।

ਬਿਸਤ-ਜਲੰਧਰ ਜੱਸਾ ਸਿੰਘ ਤਰਖਾਨ (ਰਾਮਗੜ੍ਹੀਏ) ਪਾਸ ਹੈ। ਇਹ ਦੋਵੇਂ ਜੱਸਾ ਸਿੰਘ ਮਿੱਤਰ ਹਨ। ਬਟਾਲਾ ਭੀ ਇਨ੍ਹਾਂ ਪਾਸ ਹੈ ਅਤੇ ਇਨ੍ਹਾਂ ਦੇ ਨਗਾਰੇ ਅਤੇ ਨਿਸ਼ਾਨ ਸਾਂਝੇ ਹਨ।

ਗੁੱਜਰ ਸਿੰਘ ਅਤੇ ਲਹਿਣਾ ਸਿੰਘ ਭੰਗੀ ਵਣੀਏ ਕੇ ਨੂੰ ਖਾ ਰਹੇ ਹਨ ਅਤੇ ਉਥੋਂ ਸਾਰੀ ਆਮਦਨੀ ਲੈਂਦੇ ਹਨ।

ਔਘੜ ਸਿੰਘ ਅਤੇ ਸਾਂਵਲ ਸਿੰਘ ਦਾ ਇਲਾਕਾ ਸੱਯਦਾਂ ਦੀ ਪਿੰਡੀ ਤਕ ਜਾ ਲਗਦਾ ਹੈ। ਚਮਿਆਰੀ ਭੀ ਇਨ੍ਹਾਂ ਪਾਸ ਹੀ ਹੈ ਅਤੇ ਇਹ ਦੋਨੋਂ ਉਧਰ ਮਾਲਕ ਹਨ।

ਸੋਭਾ ਸਿੰਘ ਅਤੇ ਵਸਾਵਾ ਸਿੰਘ ਦੋਨੋਂ ਇਕੱਠੇ ਮਿੱਤਰ ਹਨ ਅਤੇ ਅਦੀਨਾ ਨਗਰ ਇਨ੍ਹਾਂ ਦੇ ਹਿੱਸੇ ਹੈ ਅਤੇ ਦਰਿਆਉਂ ਪਾਰ ਐਮਨਾਬਾਦ ਤਕ ਇਨ੍ਹਾਂ ਦਾ ਇਲਾਕਾ ਹੈ।

ਚੜ੍ਹਤ ਸਿੰਘ ਦਾ ਇਲਾਕਾ ਰੋਹਤਾਸ ਹੈ। ਇਹ ਸ਼ਹਿਰ ਇਸੇ ਦਾ ਵਸਾਇਆ ਹੋਇਆ ਹੈ।

Sri Satguru Jagjit Singh Ji eLibrary

ਨੱਥਾ ਸਿੰਘ ਦੀਪਾਲਪੁਰ ਵਿਚ ਹੈ ਅਤੇ ਇਸ ਦੇ ਨਾਲ ਹੀ ਜੱਸਾ ਸਿੰਘ (ਰਾਮਗੜ੍ਹੀਏ) ਦਾ ਭਾਈ ਅਤੇ ਕਰਮ ਸਿੰਘ ਹਨ।

ਇਨ੍ਹਾਂ ਤੋਂ ਬਿਨਾਂ ਹੋਰ ਅਨੇਕਾਂ ਵੱਡੇ ਵੱਡੇ ਸਿੰਘ ਹਨ ਜਿਨ੍ਹਾਂ ਨੇ ਹੋਰ ਇਲਾਕੇ ਸਾਂਭੇ ਹੋਏ ਹਨ। ਸਰਹੰਦ ਤੋਂ ਮੁਲਤਾਨ ਤਕ, ਬਲਕਿ ਡੇਰਿਆਂ (ਡੇਰਾ ਗ਼ਾਜ਼ੀ ਖ਼ਾਨ ਅਤੇ ਡੇਰਾ ਇਸਮਾਇਲ ਖ਼ਾਨ) ਤਕ ਇਨ੍ਹਾਂ ਨੇ ਮੁਲਕ ਵੰਡ ਲਿਆ ਹੈ ਅਤੇ ਆਪੇ ਹੀ ਉਗਰਾਹ ਉਗਰਾਹ ਕੇ ਖਾ ਰਹੇ ਹਨ ਅਤੇ ਕਿਸੇ ਦੀ ਕੋਈ ਪਰਵਾਹ ਨਹੀਂ ਕਰਦੇ।

ਮਾਲੂਮ ਹੁੰਦਾ ਹੈ ਕਿ ਜਾਂ ਤਾਂ ਨੂਰ ਮੁਹੰਮਦ ਨੂੰ ਪੂਰੀ ਪੂਰੀ ਵਾਕਫੀ ਨਹੀਂ ਮਿਲੀ ਜਾਂ ਲਿਖਣ ਵੇਲੇ ਉਸ ਨੂੰ ਕੁਝ ਟਪਲੇ ਲੱਗ ਗਏ ਹਨ। ਉਦਾਹਰਨ ਦੇ ਤੌਰ ਤੇ ਜੱਸਾ ਸਿੰਘ ਆਹਲੂਵਾਲੀਏ ਅਤੇ ਰਾਮਗੜ੍ਹੀਏ ਦੇ ਇਲਾਕਿਆਂ ਵਿਚ ਅਦਲਾ ਬਦਲੀ ਹੋ ਗਈ ਹੈ। ਕਲਾਨੌਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਦੇ ਇਲਾਕੇ ਵਿਚ ਸੀ ਅਤੇ ਖਿਸਤ-ਜਲੰਧਰ ਜੱਸਾ ਸਿੰਘ ਆਹਲੂਵਾਲੀਏ ਪਾਸ। ਦੋਨੋਂ ਜੱਸਾ ਸਿੰਘਾਂ ਦਾ ਇਲਾਕਾ ਸਾਂਝਾ ਨਹੀਂ ਸੀ, ਬਲਕਿ ਸਰਦੂੰਾਰ ਜੈ ਸਿੰਘ ਕਨ੍ਹਈਏ ਅਤੇ ਜੱਸਾ ਸਿੰਘ ਰਾਮਗੜ੍ਹੀਏ ਦਾ ਸਾਂਝਾ ਸੀ। ਸਰਦਾਰ ਕਰਮ ਸਿੰਘ ਭੰਗੀ ਦਾ ਬਹੁਤ ਇਲਾਕਾ ਜ਼ਿਲਾ ਝੰਗ ਵਿਚ ਸੀ।

[ਦੇਖੋ ਨੂਰ ਮੁਹੰਮਦ ਚੇਲਾ ਦੀ *ਤਾਰੀਖਿ ਝੰਗ ਸਿਆਲ*]

Sri Satguru Jagjit Singh ji eLibrary

### ਅਧਿਆਇ ਚੌਬੀਵਾਂ

# ਸਿੰਘਾਂ ਦਾ ਲਾਹੌਰ ਪਰ ਪੱਕਾ ਕਬਜ਼ਾ

## ਲਾਹੌਰ ਸ਼ਹਿਰ ਪਰ ਕਬਜ਼ਾ

ਖ਼ਾਲਸਾ ਜੀ ਨੇ 10 ਅਪਰੈਲ ਸੰਨ 1765 ਨੂੰ ਸ੍ਰੀ ਅੰਮ੍ਰਿਤਸਰ ਬਸਾਖੀ ਮਨਾਈ। ਇਥੇ ਇਸ ਵੇਲੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਜੈ ਸਿੰਘ ਕਨ੍ਹਈਆ, ਸਰਦਾਰ ਹਰੀ ਸਿੰਘ, ਝੰਡਾ ਸਿੰਘ, ਗੰਡਾ ਸਿੰਘ, ਲਹਿਣਾ ਸਿੰਘ, ਗੁੱਜਰ ਸਿੰਘ ਭੰਗੀ ਅਤੇ ਸੋਭਾ ਸਿੰਘ ਕਨ੍ਹਈਆ ਆਦਿ ਮੌਜੂਦ ਸਨ। ਸਰਬਤ ਖਾਲਸੇ ਰਲ ਕੇ ਗੁਰਮਤਾ ਸੋਧਿਆ ਕਿ ਹੁਣ ਖਾਲਸੇ ਨੂੰ ਲਾਹੌਰ ਪਰ ਪੱਕਾ ਕਬਜ਼ਾ ਕਰ ਲੈਣਾ ਚਾਹੀਦਾ ਹੈ। ਲਾਹੌਰ ਦਾ ਸੂਬੇਦਾਰ ਕਾਬਲੀ ਮੱਲ ਇਨ੍ਹੀਂ ਦਿਨੀਂ ਲਾਹੌਰ ਲਈ ਦੋ ਹਜਾਰ ਡੋਗਰਿਆਂ ਦੀ ਭਰਤੀ ਕਰਨ ਗਿਆ ਹੋਇਆ ਸੀ। ਇਹ ਇਕ ਚੰਗਾ ਮੌਕਾ ਵੇਖ ਕੇ ਸਰਦਾਰ ਜੱਸਾ ਸਿੰਘ, ਅਤੇ ਸਰਦਾਰ ਲਹਿਣਾ ਸਿੰਘ ਅਤੇ ਗੁਜਰ ਸਿੰਘ ਭੰਗੀਆਂ ਅਤੇ ਹੋਰ ਸਰਦਾਰਾਂ ਨੇ ਰਣਗੜ੍ਹ ਵਣੀਏ ਕੇ ਤੋਂ ਦੋ ਹਜਾਰ ਫੌਜ ਨਾਲ ਲਾਹੌਰ ਨੂੰ ਧਾਈ ਕੀਤੀ ਅਤੇ ਬਾਗ਼ਬਾਨਪੁਰੇ ਦੇ ਮਹਿਰ ਸੁਲਤਾਨ, ਗੁਲਾਮ ਰਸੂਲ, ਅਸ਼ਰਫ਼, ਚੰਨੂੰ ਅਤੇ ਬਾਕਰ ਅਰਾਈਆਂ ਦੀ ਸਹਾਇਤਾ ਨਾਲ ਕਿਲੇ ਦੀ ਕੰਧ ਨੂੰ ਪਾੜ ਲਾ ਲਈ ਅਤੇ ਭੰਗੀ ਸਰਦਾਰ ਸੌਖੇ ਹੀ ਅੰਦਰ ਜਾ ਵੜੇ। ਇਹ ਬਸਾਖ ਵਦੀ 11 ਸੰਮਤ 1822 ਬਿ, 16 ਅਪਰੈਲ ਸੰਨ 1765 ਈ. ਦੀ ਰਾਤ ਦੀ ਗੱਲ ਹੈ। ਸਵੇਰੇ ਕਾਬੁਲੀ ਮੱਲ ਦੇ ਭਾਣਜੇ, ਲਾਹੌਰ ਦੇ ਬਖ਼ਸ਼ੀ, ਅਮੀਰ ਸਿੰਘ ਨੇ ਸ਼ਹਿਰ ਦੀ ਕੰਧ ਤੋਂ ਤੋਪ ਦੇ ਕੁਝ ਗੋਲੇ ਚਲਾਏ। ਪਰ ਤਾਰਾ ਸਿੰਘ ਮੁਜੰਗ ਵਾਲੇ ਨੇ ਕੇਵਲ ਪੰਜੀ ਸਿੰਘਾਂ ਨਾਲ ਲਾਹੌਰ ਦੇ ਬਖਸ਼ੀ ਦੇ ਬੇ-ਦਿਲੇ ਫੌਜੀਆਂ ਨੂੰ ਭਜਾ ਦਿੱਤਾ ਅਤੇ ਬਖਸ਼ੀ ਅਮੀਰ ਸਿੰਘ ਅਤੇ ਕਾਬੁਲੀ ਮੱਲ ਦੇ ਜਵਾਈ ਜਗਨ ਨਾਥ ਨੂੰ ਗ੍ਰਿਫ਼ਤਾਰ ਕਰ ਲਿਆ। ਸਵੇਰੇ ਹੀ ਸੋਭਾ ਸਿੰਘ ਕਨ੍ਹਈਆ ਨਿਆਜ਼ ਬੇਗ ਵਾਲਾ ਭੀ ਭੰਗੀ ਸਰਦਾਰਾਂ ਨਾਲ ਆ ਰਲਿਆ। ਇਸ ਤਰ੍ਹਾਂ ਕਿਲਾ ਅਤੇ ਸ਼ਹਿਰ ਲਾਹੌਰ ਖਾਲਸਾ ਜੀ ਦੇ ਕਬਜ਼ੇ ਵਿਚ ਆ ਗਏ ਅਤੇ ਉਮਦਾਤੁ-ਤਵਾਰੀਖ ਦੀ ਲਿਖਤ ਅਨੁਸਾਰ ਸਿੰਘਾਂ ਦੇ ਆਉਣ ਨਾਲ ਲਾਹੌਰ ਦੇ ਵਸਨੀਕਾਂ ਨੂੰ ਕਾਬੁਲੀ ਮੱਲ ਦੇ ਜੁਲਮਾਂ ਅਤੇ ਸਖਤੀਆਂ ਤੋਂ ਛੁਟਕਾਰਾ ਮਿਲ ਗਿਆ ਅਤੇ ਹਰ ਪਾਸੇ ਇਸ ਤਰ੍ਹਾਂ ਖੁਸ਼ੀ ਦੀ ਲਹਿਰ ਦੌੜ ਗਈ ਕਿ ਜਿਵੇਂ ਬੰਦ ਪੰਛੀਆਂ ਨੂੰ ਪਿੰਜਰੇ ਦੀ ਕੈਦ 'ਚੋਂ ਰਿਹਾਈ ਮਿਲ ਗਈ ਹੁੰਦੀ ਹੈ ਅਤੇ ਸਾਰੇ ਦੇਸ ਵਿਚ ਖੁਸ਼ੀ ਅਤੇ ਆਬਾਦੀ ਦੇ ਰੰਗ ਢੰਗ ਆ ਜੁੜੇ।

Sri Satguru Jagjit Singh Ji eLibrary

ਸਵੇਰੇ ਸਰਦਾਰਾਂ ਦੇ ਕੁਝ ਕੁ ਸਪਾਹੀਆਂ ਨੇ ਲੁੱਟ ਮਚਾ ਦਿੱਤੀ। ਇਹ ਦੇਖ ਕੇ ਸ਼ਹਿਰ ਦੇ ਪਤਵੰਤੇ ਸਜਨ ਸੱਯਦ ਮੀਰ ਨੱਥੂ ਸ਼ਾਹ, ਹਾਫ਼ਿਜ਼ ਕਾਦਰ ਬਖਸ਼, ਮੀਆਂ ਮੁਹੰਮਦ ਆਸ਼ਕ, ਚੌਧਰੀ ਰੂਪਾ, ਲਾਲਾ ਬਿਸ਼ਨ ਸਿੰਘ ਅਤੇ ਮਹਾਰਾਜ ਸਿੰਘ ਸਰਦਾਰਾਂ ਨੂੰ ਮਿਲੇ ਅਤੇ ਕਿਹਾ ਕਿ ਇਸ ਸ਼ਹਿਰ ਨੂੰ 'ਕੌਠਾ ਗੁਰੂ' ਆਖਦੇ ਹਨ—ਇਥੇ ਚੌਥੇ ਸਿੱਖ ਗੁਰੂ ਰਾਮਦਾਸ ਦਾ ਜਨਮ ਅਸਥਾਨ ਹੈ—ਇਸ ਲਈ ਇਸ ਦੀ ਪੂਰੀ ਪੂਰੀ ਰੱਖਿਆ ਕਰਨੀ ਬਣਦੀ ਹੈ ਅਤੇ ਕੋਈ ਖਰਾਬੀ ਨਹੀਂ ਹੋਣ ਦੇਣੀ ਚਾਹੀਦੀ। ਸਰਦਾਰਾਂ ਨੇ ਉਸੇ ਵੇਲੇ ਸ਼ਹਿਰ ਦੀ ਫ਼ਸੀਲ ਦੇ ਦਰਵਾਜੇ ਬੰਦ ਕਰਵਾ ਦਿੱਤੇ ਤਾਂ ਕਿ ਬਾਹਰੋਂ ਆ ਕੇ ਕੋਈ ਖਰਾਬੀ ਨਾ ਕਰੇ ਅਤੇ ਡੌਂਡੀ ਪਿਟਵਾ ਦਿੱਤੀ ਕਿ ਜੇ ਕਿਸੇ ਨੇ ਲੋਕਾਂ ਤੇ ਵਧੀਕੀ ਕੀਤੀ ਤਾਂ ਉਸ ਨੂੰ ਸਖ਼ਤ ਸਜਾ ਦਿੱਤੀ ਜਾਏਗੀ। ਇਸ ਦੇ ਪਿਛੋਂ ਦੋਨੋਂ ਸਰਦਾਰ ਘੋੜਿਆਂ ਤੇ ਸਵਾਰ ਹੋਕੇ ਹਥ ਵਿਚ ਸੋਟੇ ਲੈਕੇ ਸ਼ਹਿਰ ਵਿਚ ਫਿਰ ਨਿਕਲੇ ਅਤੇ ਜਿਸ ਕਿਸੇ ਨੂੰ ਸ਼ਹਿਰ ਦੇ ਗਲੀ ਕੂਚਿਆਂ ਵਿਚ ਲੁਟਦੇ ਵੇਖਿਆ, ਸੋਟੇ ਮਾਰ ਮਾਰ ਕੇ ਬਾਹਰ ਕਢ ਦਿੱਤਾ। ਸਰਦਾਰ ਸੋਭਾ ਸਿੰਘ ਨੂੰ ਭੀ ਸੁਨੇਹਾ ਭੇਜਿਆ ਗਿਆ ਕਿ ਚੂੰਕਿ ਤੂੰ ਭੀ ਸ਼ਹਿਰ ਦੇ ਤੀਸਰੇ ਹਿੱਸੇ ਦਾ ਮਾਲਕ ਹੈਂ, ਇਸ ਲਈ ਤੂੰ ਸਵਾਰ ਹੋ ਕੇ ਸ਼ਹਿਰ ਦੀ ਰਾਖੀ ਵਿਚ ਹਥ ਵਟਾ। ਚੁਨਾਂਚਿ ਤਿੰਨੇ ਸਰਦਾਰਾਂ ਨੇ ਸਾਰੀ ਰਈਯਤ ਨੂੰ ਪੂਰੀ ਤਰ੍ਹਾਂ ਸੁਖੀ ਕਰਨ ਲਈ ਵਧ ਤੋਂ ਵਧ ਵਾਹ ਲਾਈ ਅਤੇ ਕਾਬੁਲੀ ਮੱਲ ਦੇ ਸੰਬੰਧੀਆਂ ਨੂੰ ਭੀ, ਜੋ ਕੈਦ ਸਨ, ਦਿਲਜਮੀ ਨਾਲ ਕਾਰੇ ਵਿਹਾਰੇ ਲਾ ਦਿੱਤਾ। [*ਉਮਦਾਤੁ-ਤਵਾਰੀਖ*, ਪਹਿਲਾ ਦਫ਼ਤਰ, 163-64; *ਅਲੀ-ਉ-ਦੀਨ*, *ਇਬਰਤ ਨਾਮਾ*, 237-39; ਜੱਸਾ ਸਿੰਘ ਬਿਨੋਦ (ਉਰਦੂ), 118-19]

## ਖਾਲਸੇ ਦਾ ਸਿੱਕਾ

ਪੰਜਾਬ ਦੀ ਰਾਜਧਾਨੀ ਲਾਹੌਰ ਦੀ ਫ਼ਤਿਹ ਨਾਲ ਹੁਣ ਸਾਰਾ ਪੰਜਾਬ ਖਾਲਸੇ ਦੇ ਤਹਿਤ ਵਿਚ ਆ ਗਿਆ ਅਤੇ ਭਾਈ ਨੰਦ ਲਾਲ ਦੇ 'ਤਨਖਾਹ ਨਾਮੇ' ਵਿਚ ਆਏ ਗੁਰੂ ਗੋਬਿੰਦ ਸਿੰਘ ਜੀ ਦੇ ਵਾਕ 'ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ' ਪੂਰੇ ਹੋ ਗਏ। ਹੁਣ ਖਾਲਸਾ ਜੀ ਨੇ ਗੁਰੂ ਦੀ ਬਖ਼ਸ਼ੀ ਤੇਗ਼ ਨਾਲ ਦੇਸ ਨੂੰ ਜਰਵਾਣਿਆਂ ਦੇ ਪੰਜੇ ਵਿਚੋਂ ਛੁਡਾ ਕੇ ਆਜਾਦ ਕਰ ਲਿਆ ਸੀ ਅਤੇ ਅਮਨ ਅਮਾਨ ਕਾਇਮ ਕਰ ਕੇ ਜਨਤਾ ਨੂੰ ਸੁਖੀ ਵੱਸਣ ਅਤੇ ਰੱਜ ਕੇ ਰੋਟੀ ਖਾ ਸਕਣ ਦਾ ਸਮਾਂ ਲਿਆ ਦਿੱਤਾ ਸੀ ਅਤੇ ਖੇਤੀ ਬਾੜੀ ਅਤੇ ਕਾਰ ਵਿਹਾਰ ਵਿਚ ਵਾਧਾ ਕਰ ਕੇ ਦੇਗਾਂ ਭਰਪੂਰ ਹੋਣ ਦੇ ਸਾਧਨ ਪੈਦਾ ਕਰ ਦਿੱਤੇ ਸਨ। ਇਹ ਦੇਗ ਤੇਗ ਦੀਆਂ ਬਖਸ਼ਸ਼ਾਂ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੀਆਂ ਸਨ ਜਿਨ੍ਹਾਂ ਦੀ ਧਰਮ-ਸਿਖਿਆ ਨੇ ਸਿੱਖਾਂ ਨੂੰ ਇਕ-ਉਂਕਾਰ ਦੇ ਉਪਾਸ਼ਕ ਬਣਾਇਆ, ਊਚ ਨੀਚ ਦਾ ਭਰਮ ਮਿਟਾ ਕੇ ਗੁਰੂ-ਪੰਥ ਵਿਚ ਅਭੇਦ ਕੀਤਾ, ਅਤੇ ਦੇਸ ਔਰ ਕੌਮ ਲਈ ਕੁਰਬਾਨੀ ਦਾ ਅਜਿਹਾ ਅਡੋਲ ਅਤੇ ਅਮਿਟ ਜਜਬਾ ਬਖਸ਼ਿਆ ਜਿਸ ਦੇ ਆਸਰੇ ਪਿਛਲੇ ਅੱਸੀਆਂ ਵਰ੍ਹਿਆਂ ਵਿਚ ਗੁਰੂ ਕੇ ਸਿੱਖਾਂ ਨੇ ਅਨੰਤ ਦੁਖੜੇ ਸਹਾਰੇ ਜੰਗਾਂ ਜੁਧਾਂ ਵਿਚ ਜਾਨਾਂ ਵਾਰੀਆਂ, ਕਤਲਾਮਾਂ ਵਿਚ ਬੰਦ ਬੰਦ ਕਟਵਾਏ, ਖੋਪਰੀਆਂ ਉਤਰਵਾਈਆਂ, ਚਰਖੜੀਆਂ

ਤੇ ਚੜ੍ਹਨਾ ਪਰਵਾਨ ਕੀਤਾ ਅਤੇ ਭਾਣੇ ਵਿਚ ਖਿੜੇ ਮੱਥੇ ਤਰ੍ਹਾਂ ਤਰ੍ਹਾਂ ਦੇ ਤਸੀਹੇ ਸਹੇ ਅਤੇ ਅੰਤ ਉਹ ਦੇਸ ਅਤੇ ਕੌਮ ਨੂੰ ਸੁਤੰਤਰ ਕਰਨ ਵਿਚ ਸਫਲ ਹੋਏ। ਪਰ ਰਾਜ ਪ੍ਰਾਪਤ ਹੋ ਜਾਣ ਪਰ ਹਉਮੈ ਨਹੀਂ ਆਈ, ਮਨ ਨੀਵਾਂ ਅਤੇ ਮਤ ਉੱਚੀ ਰਹੀ ਅਤੇ ਤੇਗ਼ ਨਾਲ ਪ੍ਰਾਪਤ ਹੋਈ ਫ਼ਤਿਹ ਪੰਜਾਬ ਦੇ ਰਾਜ ਨੂੰ ਦੇਗ਼ ਨਾਲ ਜਨਤਾ ਦੀ ਸੇਵਾ ਦਾ ਅਵਸਰ ਜਾਣਿਆ ਅਤੇ ਇਸ ਸਾਰੀ ਪ੍ਰਾਪਤੀ ਦੀ ਪ੍ਰਤੱਖ ਨਿਸ਼ਾਨੀ ਰਾਜ ਦੇ ਸਿੱਕੇ ਪਰ ਉਹ ਹੀ ਸ਼ਬਦ ਉਕਰਨੇ ਪਰਵਾਨ ਰੱਖੇ ਜੋ ਖਾਲਸਾ ਰਾਜ ਦੇ ਪਹਿਲੇ ਆਗੂ ਬੰਦਾ ਸਿੰਘ ਦੀ ਸਰਕਾਰੀ ਮੁਹਰ ਪਰ ਉੱਕਰੇ ਗਏ ਸਨ ਅਤੇ ਜਿਨ੍ਹਾਂ ਨੂੰ ਖਾਲਸੇ ਦੇ ਪਹਿਲੇ 'ਸੁਲਤਾਨੁਲ ਕੌਮ' (ਪੰਥ ਦੇ ਪਾਦਸ਼ਾਹ) ਸਰਦਾਰ ਜੱਸਾ ਸਿੰਘ ਨੇ ਲਾਹੌਰ ਵਿਚ ਪਹਿਲੇ ਕਬਜੇ ਵੇਲੇ ਪੰਥ ਵੱਲੋਂ ਜਾਰੀ ਕੀਤੇ ਸਿੱਕੇ ਲਈ ਪਰਵਾਨ ਕੀਤਾ ਸੀ ਅਤੇ ਖਾਲਸੇ ਵੱਲੋਂ ਗੁਰੂ ਦੇ ਸ਼ੁਕਰਾਨੇ ਦੀ ਪੱਕੀ ਯਾਦ ਸਦਾ ਸਾਹਮਣੇ ਰਖਣ ਲਈ ਹੁਣ ਫੇਰ ਉਹੋ ਸ਼ਬਦ ਹੀ ਸਨਮਾਣੇ ਗਏ ਤਾਕਿ ਖਾਲਸਾ ਸਦਾ ਗੁਰੂ ਦਾ ਕਿਰਤੱਗ ਰਹੇ ਅਤੇ ਸਾਰੀ ਬਖਸ਼ਸ਼ਾਂ ਨੂੰ ਜੋ ਉਸ ਨੂੰ ਉਚ-ਆਚਰਨ ਅਤੇ ਰਾਜਸੀ ਸੱਤਾ ਦੇ ਰੂਪ ਵਿਚ ਪ੍ਰਾਪਤ ਹੋਈਆਂ ਹਨ, ਜਾਂ ਅੱਗੇ ਨੂੰ ਹੋਣ, ਸਤਿਗੁਰੂ ਦੀ ਰਹਿਮਤ ਸਮਝੇ ਕਿ :

دیگ و تیغ و فتح و نصرت بیدرنگ
یافت از نانک گورو گوبند سنگھ

ਇਸ ਦੇ ਪਿਛਲੇ ਪਾਸੇ ਇਹ ਸ਼ਬਦ ਉਕਰੇ ਗਏ :

ضرب دار السلطنت لاہور سمت ۱۸۲۲

ਅਰਥਾਤ ਸਿੱਕਾ ਮਾਰਿਆ ਰਾਜਧਾਨੀ ਲਾਹੌਰ ਸੰਮਤ 1822

ਇਹੋ ਹੀ ਸਿੱਕਾ ਮਿਸਲਦਾਰ ਸਰਦਾਰਾਂ ਨੇ ਹਰ ਥਾਂ ਜਾਰੀ ਕੀਤਾ ਅਤੇ ਇਸੇ ਨੂੰ ਹੀ ਬਾਅਦ ਵਿਚ ਮਹਾਰਾਜ ਰਣਜੀਤ ਸਿੰਘ ਨੇ ਜਾਰੀ ਰਖਿਆ। ਕੇਵਲ ਸਿੱਕਾ ਮਾਰਨ ਦਾ ਅਸਥਾਨ ਅਤੇ ਸੰਮਤ ਹੀ ਲੋੜ ਅਨੁਸਾਰ ਬਦਲ ਹੁੰਦਾ ਰਿਹਾ।

**ਇਲਾਕੇ-ਵੰਡ ਵਿਚ ਹਿੱਸਾ**

ਤਿੰਨਾਂ ਕੁ ਮਹੀਨਿਆਂ ਵਿਚ ਖਾਲਸਾ ਜੀ ਨੇ ਆਪਣੀ ਆਪਣੀ ਥਾਈਂ ਆਪਣੀਆਂ ਮੱਲਾਂ ਪੱਕੀਆਂ ਅਤੇ ਮਜ਼ਬੂਤ ਕਰ ਲਈਆਂ। ਪਰ ਗੁਰੂ ਕੀ ਨਗਰੀ ਅੰਮ੍ਰਿਤਸਰ ਨੂੰ ਸਰਬਤ ਖਾਲਸੇ ਨੇ ਸਾਂਝਾ ਰਖਿਆ ਅਤੇ ਬਹੁਤ ਸਾਰੇ ਸਰਦਾਰਾਂ ਨੇ ਦਿਵਾਲੀ ਬਸਾਖੀ ਨੂੰ ਆਪਣੇ ਉਤਾਰੇ ਅਤੇ ਹੋਰ ਕਾਰ ਵਿਹਾਰ ਲਈ ਇਥੇ ਆਪਣੇ ਆਪਣੇ ਬੁੰਗੇ ਬਣਾ ਲਏ। ਸਰਦਾਰ ਜੱਸਾ ਸਿੰਘ ਨੇ ਭੀ ਇੱਥੇ ਆਪਣਾ ਇਕ ਬੁੰਗਾ ਅਤੇ ਬਾਜ਼ਾਰ ਕਟੜਾ ਆਹਲੂਵਾਲੀਆ

Sri Satguru Jagjit Singh ji elibrary

ਬਣਵਾਇਆ ਜੋ ਹੁਣ ਤਕ ਉਸੇ ਨਾਉਂ ਨਾਲ ਪ੍ਰਸਿਧ ਹਨ। ਸਰਦਾਰ ਜੱਸਾ ਸਿੰਘ ਦੇ ਇਲਾਕੇ ਆਮ ਤੌਰ ਤੇ ਜਾਲੰਧਰ ਦੁਆਬ ਵਿਚ ਹੀ ਸਨ। ਪਰ ਕੁਝ ਕੁ ਪਿੰਡ ਬਾਰੀ ਦੁਆਬ ਵਿਚ ਜ਼ਿਲਾ ਅੰਮ੍ਰਿਤਸਰ ਵਿਚ ਭੀ ਸਨ ਜਿਵੇਂ ਕਿ ਜੰਡਿਆਲਾ, ਸਠਿਆਲਾ, ਬੁਤਾਲਾ, ਬੁੰਡਾਲਾ ਅਤੇ ਮਹਿਤਾਬ ਕੋਟ ਪਰਗਨਾ ਅੰਮ੍ਰਿਤਸਰ ਦੇ ਦੱਖਣੀ ਅੱਧ ਵਿਚ, ਅਤੇ ਜਲਾਲਾਬਦ, ਵੈਰੋਵਾਲ, ਫਤਿਹਾਬਾਦ ਅਤੇ ਕੋਟ ਮੁਹੰਮਦ ਖ਼ਾਨ ਪਰਗਣਾ ਤਰਨ ਤਾਰਨ ਵਿਚ। ਤੀਹ ਚਾਲੀ ਪਿੰਡ ਸਤਲੁਜ ਦਰਿਆ ਦੇ ਦੱਖਣ ਨੂੰ ਈਸੜੂ ਦੇ ਆਲੇ ਦੁਆਲੇ ਸਨ।

**ਲੰਗ ਚਲਾਇਲੇ ਦੀ ਝੜਪ ਵੇਲੇ ਸਰਦਾਰ ਜੱਸਾ ਸਿੰਘ ਨੇ ਸਮਾਈ ਕਰਵਾ ਦਿੱਤੀ**

ਅਹਿਮਦ ਸ਼ਾਹ ਦੁੱਰਾਨੀ ਜਾਂਦੀ ਵਾਰੀ ਬਾਬਾ ਆਲਾ ਸਿੰਘ ਪਟਿਆਲੇ ਵਾਲੇ ਨੂੰ ਰਾਜਗੀ ਦਾ ਖਿਤਾਬ, ਖਿਲਅਤ ਅਤੇ ਧੌਂਸਾ ਅਤੇ ਝੰਡਾ ਦੇ ਤਾਂ ਗਿਆ ਅਤੇ ਬਾਬਾ ਆਲਾ ਸਿੰਘ ਨੇ ਵੇਲਾ ਟਪਾਉਣ ਲਈ ਇਹ ਸਭ ਕੁਝ ਪਰਵਾਨ ਭੀ ਕਰ ਲਿਆ, ਪਰ ਇਸ ਗੱਲ ਨੂੰ ਸਿੰਘਾਂ ਨੇ ਚੰਗਾ ਨਾ ਸਮਝਿਆ। ਇਹ ਇਕ ਤਰ੍ਹਾਂ ਵਿਦੇਸ਼ੀ ਦੁੱਰਾਨੀ ਦੀ ਈਨ ਮੰਨ ਲੈਣ ਵਾਲੀ ਗੱਲ ਸੀ ਜਿਸ ਦੇ ਸਰਬਤ ਖਾਲਸਾ ਸਖ਼ਤ ਵਿਰੁੱਧ ਸੀ ਅਤੇ ਉਨ੍ਹਾਂ ਨੂੰ ਰੋਸ ਸੀ ਕਿ ਬਾਬਾ ਆਲਾ ਸਿੰਘ ਨੇ ਦੁੱਰਾਨੀ ਦੇ ਸਾਹਮਣੇ ਗੁਰੂ ਦੀ ਮੋਹਰ ਕੇਸਾਂ ਵਾਲਾ ਸਿਰ ਨੀਵਾਂ ਕਿਉਂ ਕੀਤਾ। ਜਦ ਬੰਦਾ ਸਿੰਘ ਵੇਲੇ ਲਾਹੌਰ ਦੇ ਸੂਬੇਦਾਰ ਅਸਲਮ ਖ਼ਾਨ ਨੇ ਸਿੰਘਾਂ ਪਾਸ ਬਹੁਤ ਸਾਰਾ ਰੁਪਇਆ ਅਤੇ ਨਵਾਬੀ ਦਾ ਖ਼ਿਤਾਬ ਭੇਜਿਆ ਸੀ ਤਾਂ ਕਿਸੇ ਭੀ ਸਿੰਘ ਨੇ ਪਰਵਾਨ ਨਹੀਂ ਸੀ ਕੀਤਾ। ਫੇਰ ਜਦ ਨਵਾਬ ਜਕਰੀਆ ਖ਼ਾਨ ਨੇ 'ਨਵਾਬੀ' ਦਾ ਖ਼ਿਤਾਬ ਭੇਜਿਆ ਤਾਂ ਭੀ ਕੋਈ ਸਿੰਘ ਲੈਣ ਨੂੰ ਤਿਆਰ ਨਹੀਂ ਸੀ ਹੋਇਆ ਅਤੇ ਸੰਗਤ ਨੇ ਬਦੋ ਬਦੀ ਦੀਵਾਨ ਵਿਚ ਪੱਖਾ ਝੱਲ ਰਹੇ ਇਕ ਸਿੰਘ ਕਪੂਰ ਸਿੰਘ ਨੂੰ ਦੇ ਦਿੱਤਾ ਸੀ। ਖਾਲਸੇ ਨੂੰ ਰਾਜ ਤਾਂ ਗੁਰੂ ਨੇ ਬਖਸ਼ਿਆ ਹੋਇਆ ਸੀ, ਇਸ ਲਈ ਬਾਬਾ ਆਲਾ ਸਿੰਘ ਨੇ ਅਹਿਮਦ ਸ਼ਾਹ ਪਾਸੋਂ ਖਿਤਾਬ ਕਿਉਂ ਲਿਆ? ਇਸ ਲਈ ਹੁਣ ਜਦ ਕਿ ਸ਼ਾਹ ਜਾ ਚੁੱਕਾ ਸੀ ਅਤੇ ਸਿੰਘਾਂ ਨੇ ਆਪੋ ਆਪਣੇ ਇਲਾਕਿਆਂ ਦੀ ਸੁਰਤ ਲੈ ਲਈ ਸੀ, ਖਾਲਸਾ ਦਲ ਬਾਬਾ ਆਲਾ ਸਿੰਘ ਦੇ ਵਿਰੁੱਧ ਪਟਿਆਲੇ ਵੱਲ ਉੱਲਰ ਪਿਆ। ਇਸ ਵੇਲੇ ਦਲ ਦਾ ਮੋਹਰੀ ਸਰਦਾਰ ਹਰੀ ਸਿੰਘ ਭੰਗੀ ਸੀ।

ਇਹ ਸੁਣ ਕੇ ਬਾਬਾ ਆਲਾ ਸਿੰਘ ਨੇ ਦਲ ਖਾਲਸਾ ਜੀ ਪਾਸ ਆਪਣੇ ਵਕੀਲ ਭੇਜੇ ਕਿ ਦੁੱਰਾਨੀ ਨਾਲ ਮੇਲ ਦੀ ਅਵੱਗਿਆ ਲਈ ਤਨਖਾਹ ਲਾ ਕੇ ਇਸ ਨੂੰ ਅਣਡਿੱਠ ਕਰ ਦਿੱਤਾ ਜਾਏ, ਨਾਲੇ ਕੁਝ ਫੌਜ ਭੀ ਭੇਜ ਦਿੱਤੀ ਕਿ ਕਿਸੇ ਵੱਲੋਂ ਇਲਾਕੇ ਤੇ ਕੁਝ ਵਧੀਕੀ ਨਾ ਹੋ ਜਾਏ। ਪਟਿਆਲੇ ਤੋਂ ਉੱਤਰ ਨੂੰ ਲੰਗ ਅਤੇ ਚਲਾਇਲਾ ਪਿੰਡਾਂ ਦੇ ਵਿਚਕਾਰ ਇਸ ਫੌਜ ਨਾਲ ਝੜਪ ਹੋ ਪਈ ਅਤੇ ਸ਼ੁਰੂ ਵਿਚ ਹੀ ਗੋਲੀ ਲੱਗ ਜਾਣ ਪਰ ਸਰਦਾਰ ਹਰੀ ਸਿੰਘ ਭੰਗੀ ਚਲਾਣਾ ਕਰ ਗਏ। ਸਰਾਦਰ ਜੱਸਾ ਸਿੰਘ ਨੂੰ ਜਿਸ ਵੇਲੇ ਪਤਾ ਲੱਗਾ ਤਾਂ ਉਨ੍ਹਾਂ ਨੇ ਝੱਟ ਵਿਚ ਪੈ ਕੇ ਸਮਝਾਇਆ ਕਿ ਜੋ ਹੋਣਾ ਸੀ ਸੋ ਹੋ ਗਿਆ। ਆਪਸ ਵਿਚ ਲੜ ਲੜ ਕੇ ਕਿਉਂ ਮਰਦੇ ਹੋ? ਦਲ ਦੇ ਸਰਦਾਰਾਂ ਨੇ ਸਰਦਾਰ ਜੱਸਾ ਸਿੰਘ ਦੀ ਇਹ ਗੱਲ ਮੰਨ ਲਈ,

ਅਤੇ ਬਾਬਾ ਆਲਾ ਸਿੰਘ ਨੂੰ ਮੁੜ ਅੰਮ੍ਰਿਤ ਛਕਾਇਆ ਅਤੇ ਤਨਖ਼ਾਹ ਲਾ ਕੇ ਦਲ ਛਿੜ ਗਿਆ।

ਸ਼ਾਇਦ ਦਲ ਦੇ ਕੁਝ ਸਰਦਾਰਾਂ ਦੇ ਦਿਲ ਵਿਚ ਇਹ ਹੋਵੇ ਕਿ ਬਾਬਾ ਆਲਾ ਸਿੰਘ ਨੇ ਅਹਿਮਦ ਸ਼ਾਹ ਦੇ ਮੁੜਨ ਪਿਛੋਂ ਕੁਝ ਅਜਿਹੇ ਥਾਵਾਂ ਤੇ ਭੀ ਕਬਜ਼ਾ ਕਰ ਲਿਆ ਹੈ ਜੋ ਪਹਿਲੇ ਦੂਸਰੇ ਸਰਦਾਰਾਂ ਨੇ ਮੱਲੇ ਹੋਏ ਸਨ। ਉਦਾਹਰਣ ਦੇ ਤੌਰ ਤੇ ਬੂੜੀਆ, ਸ਼ਾਹਾਬਾਦ, ਸਢੌਰਾ, ਰੋਪੜ ਆਦਿ ਵਿਚ ਬਾਬਾ ਆਲਾ ਸਿੰਘ ਨੇ ਆਪਣੇ ਠਾਣੇ ਬਠਾਏ ਹੋਏ ਸਨ। ਪਰ ਉਨ੍ਹਾਂ ਦੀ ਕਦੀ ਭੀ ਇਹ ਮਨਸ਼ਾ ਨਹੀਂ ਸੀ ਕਿ ਇਨ੍ਹੀਂ ਥਾਈਂ ਪੱਕੇ ਕਬਜ਼ੇ ਰੱਖਣੇ ਹਨ। ਖਾਸ ਕਰਕੇ ਮਾਈ ਫੱਤੋ ਜੀ ਇਹੋ ਕਹਿ ਰਹੇ ਸਨ ਕਿ ਸਿੰਘਾਂ ਦੇ ਮੱਲੇ ਹੋਏ ਇਲਾਕੇ ਉੱਕੇ ਹੀ ਨਾ ਛੇੜੇ ਜਾਣ। ਸੋ ਜਿਉਂ ਜਿਉਂ ਸਿੰਘ ਆਉਂਦੇ ਗਏ, ਬਾਬਾ ਆਲਾ ਸਿੰਘ ਆਪਣੇ ਠਾਣੇ ਹਟਾਉਂਦੇ ਗਏ ਅਤੇ ਸਿੰਘਾਂ ਦਾ ਇਲਾਕਾ ਉਨ੍ਹਾਂ ਨੂੰ ਸੌਂਪ ਦਿੱਤਾ।

ਇਸ ਤੋਂ ਛੇਤੀ ਹੀ ਬਾਅਦ ਭਾਦੋਂ ਵਦੀ ਛਠ, ਸੰਮਤ 1822 ਬਿ., 7 ਅਗਸਤ ਸੰਨ 1765, ਨੂੰ ਬਾਬਾ ਆਲਾ ਸਿੰਘ ਚਲਾਣਾ ਕਰ ਗਏ।

[*ਤਾਰੀਖ਼ ਪਟਿਆਲਾ*, 57-9: 62; ਕਰਮ ਸਿੰਘ, *ਮਹਾਰਾਜਾ ਆਲਾ ਸਿੰਘ*, 246-49]

Sri Satguru Jagjit Singh eLibrary

ਅਧਿਆਇ ਪੰਜੀਵਾਂ

# ਗੰਗ-ਦੁਆਬ ਅਤੇ ਰਾਜਸਥਾਨ ਦੀਆਂ ਮੁਹਿੰਮਾਂ

## ਨਜੀਬੁੱਦੌਲਾ ਦੇ ਵਿਰੁੱਧ ਮੁਹਿੰਮ

ਖਾਲਸਾ ਜੀ ਨੂੰ ਨਜੀਬੁੱਦੌਲਾ ਦੇ ਵਿਰੁੱਧ ਬੜੀ ਸਖ਼ਤ ਸ਼ਿਕਾਇਤ ਸੀ ਕਿ ਉਹ ਹਿੰਦੁਸਤਾਨ ਵਿਚ ਅਹਿਮਦ ਸ਼ਾਹ ਦਾ ਇਕ ਬੜਾ ਭਾਰਾ ਏਜੰਟ ਹੈ ਅਤੇ ਵੇਲੇ ਕੁਵੇਲੇ ਉਸ ਨੂੰ ਹਿੰਦੁਸਤਾਨ ਉੱਤੇ ਹੱਲੇ ਕਰਨ ਲਈ ਸਦਦਾ ਰਹਿੰਦਾ ਹੈ ਜਿਸ ਕਰਕੇ ਪੰਜਾਬ ਦਾ ਬੇਅੰਤ ਨੁਕਸਾਨ ਹੁੰਦਾ ਹੈ, ਸੈਂਕੜੇ ਬੰਦੇ ਮਰਦੇ ਹਨ ਅਤੇ ਲੱਖਾਂ ਰੁਪਇਆਂ ਦਾ ਮਾਲ ਅਸਬਾਬ ਅਤੇ ਡੰਗਰ ਵੱਛਾ ਲੁਟਿਆ ਜਾਂਦਾ ਹੈ। ਉਸ ਵੇਲੇ ਪੰਜਾਬ ਦੀ ਰਾਖੀ ਦਾ ਸਾਰਾ ਭਾਰ ਸਿੰਘਾਂ ਪਰ ਪੈਂਦਾ ਹੈ, ਉਨ੍ਹਾਂ ਨੂੰ ਅਨੇਕਾਂ ਮੁਸੀਬਤਾਂ ਝੱਲਣੀਆਂ ਪੈਂਦੀਆਂ ਹਨ। ਸ਼ਾਹ ਨਾਲ ਲੜਾਈ ਵਿਚ ਅਨੇਕਾਂ ਸਿੰਘ ਸ਼ਹੀਦ ਹੁੰਦੇ ਹਨ, ਦੁੱਰਾਨੀ ਨਾਲ ਵੈਰ ਪਿਆ ਵਧਦਾ ਜਾਂਦਾ ਹੈ ਅਤੇ ਉਹ ਬਦਲੇ ਦੀ ਅੱਗ ਨਾਲ ਜਲਦਾ ਬਲਦਾ ਹੋਰ ਹੱਲੇ ਕਰਦਾ ਹੈ। ਇਸ ਤਰ੍ਹਾਂ ਇਹ ਚੱਕਰ ਮੁੜ ਮੁੜ ਕੇ ਚਲੀ ਜਾ ਰਿਹਾ ਹੈ ਅਤੇ ਬੰਦ ਹੋਣ ਵਿਚ ਨਹੀਂ ਆਉਂਦਾ। ਨਾਲੇ ਨਜੀਬ ਦੇਸ ਦੀ ਹਾਲਤ ਤੋਂ ਵਾਕਫ਼ ਹੋਣ ਕਰਕੇ ਅਹਿਮਦ ਸ਼ਾਹ ਨੂੰ ਖ਼ਬਰਾਂ ਭੇਜਦਾ ਰਹਿੰਦਾ ਹੈ ਅਤੇ ਇਥੇ ਦੀਆਂ ਰਾਜਸੀ ਕਮਜ਼ੋਰੀਆਂ, ਰਾਜਿਆਂ ਅਤੇ ਸਰਦਾਰਾਂ ਦੇ ਆਪਸ ਦੇ ਵੈਰ ਵਿਰੋਧ ਅਤੇ ਲੜਾਈ ਝਗੜੇ ਅਤੇ ਗਠ-ਜੋੜਾਂ ਦੀਆਂ ਦੁੱਰਾਨੀ ਨੂੰ ਸੂਹਾਂ ਦੇ ਦਿੰਦਾ ਹੈ, ਜਿਸ ਕਰਕੇ ਉਸ ਨੂੰ ਹੱਲੇ ਕਰਨੇ ਸੌਖੇ ਹੋ ਜਾਂਦੇ ਹਨ। ਇਹ ਠੀਕ ਹੈ ਕਿ ਸਿੰਘਾਂ ਨੇ ਦੁੱਰਾਨੀ ਦੀ ਪੰਜਾਬ ਵਿਚ ਹਕੂਮਤ ਖ਼ਤਮ ਕਰ ਦਿੱਤੀ ਸੀ ਅਤੇ ਹੁਣ ਸਿੰਘ ਇਥੇ ਬਿਲਕੁਲ ਸੁਤੰਤਰ ਸਨ। ਪਰ ਜਿਤਨੀ ਦੇਰ ਤਕ ਨਜੀਬ ਅਹਿਮਦ ਸ਼ਾਹ ਨੂੰ ਸ਼ਹਿ ਅਤੇ ਸੱਦਾ ਦੇਣ ਲਈ ਬੈਠਾ ਸੀ, ਉਤਨੀ ਦੇਰ ਤਕ ਪੰਜਾਬ ਦੀ ਇਸ ਨਵੀਂ ਸੁਤੰਤਰਤਾ ਨੂੰ ਖ਼ਤਰਾ ਸਿਰ ਤੇ ਖੜਾ ਸੀ।

ਖਾਲਸਾ ਜੀ ਨੇ ਬਰਸਾਤ ਦੇ ਅੰਤ ਤਕ ਆਪਣੇ ਇਲਾਕਿਆਂ ਦਾ ਪ੍ਰਬੰਧ ਸੂਤ ਕਰ ਲਿਆ ਅਤੇ ਸਤੰਬਰ ਸੰਨ 1765 ਵਿਚ ਦਲ-ਖਾਲਸਾ ਨਜੀਬ ਨਾਲ ਸਿੱਝਣ ਲਈ ਨਿਕਲ ਪਿਆ। ਫ਼ੈਸਲਾ ਇਹ ਹੋਇਆ ਕਿ ਇੱਕੋ ਵੇਲੇ ਨਜੀਬ ਦੇ ਇਲਾਕਿਆਂ ਉੱਤੇ ਚੌਹਾਂ ਪਾਸੀਂ ਚੜ੍ਹਾਈ ਕੀਤੀ ਜਾਏ। ਸੋ ਤਰੁਣਾ ਦਲ ਤਾਂ ਬੂੜੀਏ ਦੇ ਪੱਤਣੋਂ ਜਮੁਨਾ ਪਾਰ ਕਰਕੇ ਸਹਾਰਨਪੁਰ ਵੱਲ ਨੂੰ ਹੋਇਆ ਅਤੇ ਬੁੱਢਾ ਦਲ ਨੇ ਸਰਦਾਰ ਜੱਸਾ ਸਿੰਘ ਦੀ ਅਗਵਾਈ

Sri Satguru Jagjit Singh Ji eLibrary

ਵਿਚ ਸਰਦਾਰ ਤਾਰਾ ਸਿੰਘ ਗ਼ੈਬਾ ਡੱਲੇਵਾਲੀਆ, ਸ਼ਾਮ ਸਿੰਘ ਆਦਿ ਸਰਦਾਰਾਂ ਦੇ ਪੰਜੀ ਹਜਾਰ ਘੋੜ ਚੜ੍ਹਿਆਂ ਨਾਲ ਦਿੱਲੀ ਦੇ ਉੱਤਰ ਨੂੰ ਨਜੀਬ ਦੀਆਂ ਜਾਗੀਰਾਂ ਪਰ ਜਾ ਧਾਵਾ ਮਾਰਿਆ। ਮਾਲੂਮ ਹੁੰਦਾ ਹੈ ਕਿ ਇਸ ਵਾਰੀ ਉਹ ਕੇਵਲ ਟੋਹਣ ਹੀ ਆਏ ਸਨ, ਇਸ ਲਈ ਦੋਨੋਂ ਦਲ ਛੇਤੀ ਹੀ ਦੀਵਾਲੀ ਲਈ ਅੰਮ੍ਰਿਤਸਰ ਨੂੰ ਮੁੜ ਗਏ ਜੋ 14 ਅਕਤੂਬਰ ਨੂੰ ਸੀ।

ਪਰ ਦੀਵਾਲੀ ਤੋਂ ਝੱਟ ਹੀ ਬਾਅਦ ਖ਼ਾਲਸਾ ਜੀ ਫੇਰ ਨਜੀਬੁੱਦੌਲਾ ਦੇ ਇਲਾਕੇ ਵੱਲ ਮੁੜ ਆਏ। ਹੁਣ ਨਜੀਬ ਨੇ ਭੀ ਤਿਆਰੀ ਕੀਤੀ ਹੋਈ ਸੀ ਅਤੇ ਉਹ ਸਿੰਘਾਂ ਦਾ ਟਾਕਰਾ ਕਰਨ ਲਈ ਮੁਜੱਫਰ ਨਗਰ (ਯੂ. ਪੀ) ਦੇ ਜਿਲੇ ਵਿਚ ਸ਼ਾਮਲੀ ਆ ਪੁੱਜਾ। ਇਸ ਪਾਸ ਇਕ ਤਕੜਾ ਤੋਪਖਾਨਾ ਸੀ, ਇਸ ਲਈ ਸਿੰਘ ਕਮਾਦਾਂ ਦੀ ਆੜ ਤੋਂ ਲੜ ਰਹੇ ਸਨ ਅਤੇ ਨਜੀਬੁੱਦੌਲਾ ਦੀ ਫ਼ੌਜ ਦੇ ਇਰਦ ਗਿਰਦ ਚੱਕਰ ਕਟ ਕੇ ਜਿੱਥੇ ਦਾਓ ਲਗਦਾ, ਗੋਲੀਆਂ ਦੀ ਵਾੜ ਝਾੜਦੇ ਅਤੇ ਪਿੱਛੇ ਹਟ ਜਾਂਦੇ ਅਤੇ ਵੈਰੀ ਦੀ ਮਾਰ ਤੋਂ ਦੂਰ ਨਿਕਲ ਜਾਂਦੇ ਸਨ। ਇਸ ਤਰ੍ਹਾਂ ਸ਼ਾਮ ਤਕ ਲੜਾਈ ਹੁੰਦੀ ਰਹੀ।

ਦੂਸਰੇ ਦਿਨ ਬੜੀ ਸਖ਼ਤ ਲੜਾਈ ਹੋਈ ਅਤੇ ਕਈ ਨਾਮੀ ਨਾਮੀ ਰੁਹੇਲੇ ਸਰਦਾਰ ਮਾਰੇ ਗਏ। ਸਿੰਘਾਂ ਨੇ ਇਕ ਪਾਸੇ ਅੰਬਾਂ ਦੇ ਬਾਗ਼ ਵਿਚ ਨਜੀਬ ਦੇ ਪੁੱਤਰ ਜਾਬਿਤਾ ਖ਼ਾਨ ਪਰ ਜਾ ਹੱਲਾ ਕੀਤਾ। ਉਨ੍ਹਾਂ ਦਾ ਮਤਲਬ ਇਹ ਸੀ ਕਿ ਰੁਹੇਲਾ ਫ਼ੌਜ ਦੇ ਵਿਚਕਾਰ ਪਾੜ ਪਾ ਕੇ ਇਕੱਲੀਆਂ ਇਕੱਲੀਆਂ ਪਾਰਟੀਆਂ ਪਰ ਹੱਲੇ ਕੀਤੇ ਜਾਣ। ਨਜੀਬੁੱਦੌਲਾ ਨੂੰ ਪਤਾ ਸੀ ਕਿ ਵੱਖ ਵੱਖ ਦਸਤਿਆਂ ਲਈ ਸਿੰਘਾਂ ਦਾ ਟਾਕਰਾ ਕਰ ਸਕਣਾ ਔਖਾ ਹੈ। ਇਸ ਲਈ ਉਹ ਫੌਜ ਦੇ ਸਰਕਰਦਿਆਂ ਨੂੰ ਕਹਿ ਰਿਹਾ ਸੀ ਕਿ ਸਾਰੀ ਫੌਜ ਇਕੱਠੀ ਵਧੇ ਅਤੇ ਜੋਸ਼ ਵਿਚ ਆ ਕੇ ਵੱਖ ਵੱਖ ਕੋਈ ਅੱਗੇ ਨਾ ਹੋਵੇ। ਸਆਦਤ ਖ਼ਾਨ ਦਾ ਭਾਈ ਸਾਦਿਕ ਖ਼ਾਨ ਸਿੰਘਾਂ ਪਰ ਹੱਲਾ ਕਰਨ ਗਿਆ ਉਥੇ ਫਸ ਗਿਆ ਜਿਸ ਨੂੰ ਸਆਦਤ ਨੇ ਬੜੀ ਮੁਸ਼ਕਲ ਨਾਲ ਛੁਡਾਇਆ।

ਜਦ ਨਜੀਬੁੱਦੌਲਾ ਨੂੰ ਪਤਾ ਲੱਗਾ ਕਿ ਸਆਦਤ ਖ਼ਾਨ ਪਿਛਾ ਖਾਲੀ ਕਰਕੇ ਸਿੱਖਾਂ ਪਰ ਹੱਲਾ ਕਰਨ ਚਲਾ ਗਿਆ ਹੈ ਤਾਂ ਉਸ ਨੇ ਕਿਹਾ : "ਇਸ ਨੇ ਮੇਰਾ ਖੇਲ ਖਿਗਾੜ ਦਿੱਤਾ ਹੈ", ਅਤੇ ਨਾਲ ਹੀ ਆਪਣੇ ਪੁੱਤਰ ਜ਼ਾਬਿਤਾ ਖ਼ਾਨ ਨੂੰ ਸੁਨੇਹਾ ਭੇਜਿਆ ਕਿ ਦੱਸੇ ਅਨੁਸਾਰ ਫ਼ੌਜ ਦੇ ਨਾਲ ਨਾਲ ਰਹਿ ਕੇ ਹੀ ਲੜਾਈ ਕਰੇ। ਅੱਗੇ ਪਿਛੇ ਨਾ ਹਿੱਲੇ। ਨਜੀਬੁੱਦੌਲਾ ਆਪ ਪਿੱਛੇ ਨੂੰ ਗਿਆ ਤਾਂ ਕਿ ਤੋਪੜਿਆ, ਜੰਬੂਰਿਆਂ ਨਾਲ ਸਆਦਤ ਖ਼ਾਨ ਦੀ ਸਹਾਇਤਾ ਕਰੇ। ਸਿੰਘ ਇਸ ਵੇਲੇ ਇਕ ਉਚੇ ਟਿੱਬੇ ਤੋਂ ਗੋਲੀਆਂ ਚਲਾ ਰਹੇ ਸਨ। ਇਸ ਤਰ੍ਹਾਂ ਦੋਨੋ ਪਾਸੀ ਲੜਾਈ ਹੁੰਦੀ ਰਹੀ ਅਤੇ ਰਾਤ ਪੈ ਗਈ। ਅਨ੍ਹੇਰੇ ਦਾ ਫ਼ਾਇਦਾ ਉਠਾ ਕੇ ਸਿੰਘ ਪਿੱਛੇ ਨੂੰ ਹਟ ਆਏ।

**ਜਵਾਹਰ ਸਿੰਘ ਭਰਤ ਪੁਰੀਏ ਦੀ ਸਹਾਇਤਾ (ਜਨਵਰੀ-ਮਾਰਚ 1766)**

ਇਸ ਵੇਲੇ ਮਰਾਠੇ ਭਰਤ ਪੁਰੀਏ ਰਾਜਾ ਜਵਾਹਰ ਸਿੰਘ ਦੇ ਇਲਾਕੇ ਵਿਚ ਲੁੱਟ

Sri Satguru Jagjit Singh Ji eLibrary

ਮਾਰ ਕਰ ਰਹੇ ਸਨ। ਇਸ ਲਈ ਜਵਾਹਰ ਸਿੰਘ ਨੇ ਆਪਣੇ ਵਕੀਲ ਰਾਮ ਕਿਸ਼ਨ ਅਹੀਰ ਰਾਹੀਂ ਸਰਦਾਰ ਜੱਸਾ ਸਿੰਘ ਪਾਸੋਂ ਸਹਾਇਤਾ ਮੰਗੀ ਅਤੇ ਸੱਤ ਲੱਖ ਰੁਪਇਆ ਦੇਣਾ ਕੀਤਾ। ਜਵਾਹਰ ਸਿੰਘ ਅਤੇ ਸਿੰਘਾਂ ਦਾ ਪੁਰਾਣਾ ਮਿੱਤਰਾਨਾ ਚਲਿਆ ਆ ਰਿਹਾ ਸੀ। ਇਨ੍ਹਾਂ ਨੇ ਪਿਛੇ ਜਿਹੇ ਫਰਵਰੀ 1764 ਅਤੇ ਦਸੰਬਰ 1764-ਫਰਵਰੀ 1765 ਵਿਚ ਨਜੀਬੁੱਦੌਲਾ ਦੇ ਵਿਰੁੱਧ ਉਸ ਦੀ ਸਹਾਇਤਾ ਕੀਤੀ ਸੀ। ਇਸੇ ਮਿੱਤਰਤਾ ਨੂੰ ਨਿਭਾਉਣ ਲਈ ਖਾਲਸਾ ਜੀ ਨੇ ਸ਼ਾਮਲੀ ਦੀ ਮੁਹਿੰਮ ਪਿਛੇ ਪਾ ਦਿੱਤੀ ਅਤੇ ਦਸੰਬਰ 1765 ਦੀ ਆਖਰੀ ਦਿਨੀਂ ਜੈਪੁਰ ਦੀ ਹੱਦ ਵੱਲ ਤੁਰ ਪਏ।

ਇਥੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨਾਲ ਸਰਦਾਰ ਸ਼ਾਮ ਸਿੰਘ, ਸਰਦਾਰ ਤਾਰਾ ਸਿੰਘ ਗ਼ੈਬਾ ਡੱਲੇਵਾਲੀਆ ਅਤੇ ਦੋ ਹੋਰ ਵੱਡੇ ਸਰਦਾਰ ਸਨ ਅਤੇ ਪੰਝੀ ਹਜਾਰ ਸਵਾਰ। ਵਿਉਂਤ ਇਹ ਬਣਾਈ ਗਈ ਕਿ ਮਰਾਠਿਆਂ ਦਾ ਧਿਆਨ ਦੂਸਰੇ ਪਾਸੇ ਕਰਨ ਲਈ ਉਨ੍ਹਾਂ ਦੇ ਮਦਦਗਾਰ ਰਾਜਾ ਮਾਧੋ ਸਿੰਘ ਜੈਪੁਰੀਏ ਦੇ ਇਲਾਕੇ ਦੀ ਹੱਦ ਪਾਰ ਦੇ ਸ਼ਹਿਰ ਰਿਵਾੜੀ ਪਰ ਧਾਵਾ ਕਰ ਦਿੱਤਾ ਜਾਏ। ਇਹ ਬਾਦਸ਼ਾਹੀ ਅਹਿਲਕਾਰ ਰਾਜਾ ਨਾਗਰ ਮੱਲ ਖੱਤਰੀ ਦੀ ਜਾਗੀਰ ਸੀ ਅਤੇ ਇੱਥੋਂ ਦਾ ਆਮਿਲ ਰਾਤ ਪੈਣ ਪਰ ਇਸ ਨੂੰ ਲੁਟੀਂਦਾ ਛੱਡ ਕੇ ਭੱਜ ਗਿਆ।

ਇਥੋਂ ਦਲ-ਖਾਲਸਾ ਜੀ ਜੈਪੁਰ ਦੇ ਇਲਾਕੇ ਅੰਦਰ ਦਾਖ਼ਲ ਹੋ ਗਿਆ ਅਤੇ ਰਾਜਾ ਜਵਾਹਰ ਸਿੰਘ ਦੇ ਨਾਲ ਹੋ ਕੇ ਕਈ ਪਿੰਡ ਅਤੇ ਕਸਬੇ ਜਾ ਮਾਰੇ ਅਤੇ ਕੋਟ ਪੁਤਲੀ ਬਰਬਾਦ ਕਰ ਦਿੱਤਾ। ਜੈਪੁਰ ਦਾ ਬਖ਼ਸ਼ੀ ਦੂਲਾ ਰਾਇ ਅਤੇ ਖਾਨਿ-ਸਾਮਾਨ ਜੈ ਚੰਦ ਇਸ ਵੇਲੇ ਕਾਨੌਡ ਗਏ ਹੋਏ ਹਨ ਜਿੱਥੇ ਰਤਨ ਸਿੰਘ ਖਾਂਗਾਰੋਟ ਕਿਲੇ ਵਿਚ ਆਕੀ ਹੋਇਆ ਬੈਠਾ ਸੀ। ਸਿੰਘਾਂ ਨੇ ਸਭ ਅਠ ਕੋਹ ਤੇ ਜਾ ਡੇਰਾ ਕੀਤਾ। ਇਹ ਦੇਖ ਕੇ ਮਾਧੋ ਸਿੰਘ ਘਬਰਾ ਗਿਆ। ਖਾਲਸਾ ਜੀ ਦੇ ਟਾਕਰੇ ਦੀ ਉਸ ਵਿਚ ਹਿੰਮਤ ਨਹੀਂ ਸੀ। ਇਸ ਲਈ ਉਸ ਨੇ ਮਰਾਠੇ ਸਰਦਾਰਾਂ ਨੂੰ ਬੇਨਤੀ ਕੀਤੀ ਅਤੇ ਪੰਜ ਹਜਾਰ ਰੁਪਇਆ ਦਿਹਾੜੀ ਦੇਣਾ ਕੀਤਾ। ਉਸ ਨੂੰ ਪਤਾ ਸੀ ਕਿ ਮਰਾਠਿਆਂ ਦਾ ਜਵਾਹਰ ਸਿੰਘ ਨਾਲ ਇੱਟ ਖੜੱਕਾ ਹੈ। ਉਨ੍ਹਾਂ ਜਨਵਰੀ-ਫਰਵਰੀ 1765 ਵਿਚ ਦਿੱਲੀ ਉਸ ਦੀ ਮਦਦ ਤੇ ਗਿਆ ਹੋਇਆ ਅੰਦਰੋਂ ਅੰਦਰੀਂ ਇਮਾਦੁਲ-ਮੁਲਕ ਗਾਜ਼ੀ-ਉ-ਦੀਨ ਨਾਲ ਗੰਢ ਤੁਪ ਕਰ ਕੇ ਜਵਾਹਰ ਸਿੰਘ ਨੂੰ ਦੱਸੇ ਬਿਨਾ ਹੀ ਨਜੀਬੁਦੌਲਾ ਨਾਲ ਸੁਲਾਹ ਕਰ ਲਈ ਸੀ ਜੋ ਜਵਾਹਰ ਸਿੰਘ ਨੂੰ ਮਜਬੂਰ ਹੋ ਕੇ ਮੰਨਣੀ ਪੈ ਗਈ ਸੀ। ਮਹਾਜੀ ਸਿੰਧੀਆ ਦੀ ਇਕ ਫ਼ੌਜ ਉਸ ਵੇਲੇ ਅਚਿਉਤ ਰਾਓ ਗਣੇਸ਼ ਦੀ ਕਮਾਨ ਹੇਠ ਕਿਸ਼ਨ ਗੜ੍ਹ ਦੇ ਲਾਗੇ ਲੁੱਟ ਮਾਰ ਕਰ ਰਹੀ ਸੀ। ਉਹ ਝਟ ਮਾਧੋ ਸਿੰਘ ਜੈਪੁਰੀਏ ਦੀ ਸਹਾਇਤਾ ਨੂੰ ਪੁੱਜ ਗਈ। ਜਵਾਹਰ ਸਿੰਘ ਨੂੰ ਹੁਣ ਆਪਣੀ ਸਫਲਤਾ ਵਿਚ ਪੂਰਾ ਯਕੀਨ ਨਾ ਰਿਹਾ। ਉਸ ਨੇ ਨਵਲ ਸਿੰਘ ਰਾਹੀਂ ਰਾਜਾ ਮਾਧੋ ਸਿੰਘ ਨਾਲ ਸੁਲਾਹ ਕਰ ਲਈ। [ਪਿਸ਼ਵੇ ਦਫਤਰ, 29-99, 102, 121, 127, 197; ਖੁਸ਼ਵਕਤ ਰਾਇ, 104; ਗੁਪਤਾ, ਪਹਿਲੀ, 243]

Sri Satguru Jagjit Singh ji elibrary

**ਰਾਣਾ ਗੋਹਦ ਦੀ ਸਹਾਇਤਾ** (ਮਾਰਚ 1766)

ਇਥੋਂ ਖਾਲਸਾ ਜੀ ਜਵਾਹਰ ਸਿੰਘ ਦੇ ਨਾਲ ਗੋਹਦ ਦੇ ਰਾਣਾ ਦੀ ਸਹਾਇਤਾ ਲਈ ਜਾ ਪੁੱਜੇ। ਗੋਹਦ ਭਾਵੇਂ ਭਰਤਪੁਰ ਦੇ ਤਾਬੇ ਤਾਂ ਨਹੀਂ ਸੀ ਪਰ ਜਟ ਭਰਾ ਹੋਣ ਕਰਕੇ ਜਵਾਹਰ ਸਿੰਘ ਨੇ ਉਸ ਨੂੰ ਮਰਾਠਿਆਂ ਦੇ ਵਿਰੁੱਧ ਸਹਾਇਤਾ ਦੇਣ ਦਾ ਵਹਿਦਾ ਕੀਤਾ ਹੋਇਆ ਸੀ। ਜਵਾਹਰ ਸਿੰਘ ਦਾ ਭਾਈ ਨਾਹਰ ਸਿੰਘ, ਜੋ ਭਰਤਪੁਰ ਦੀ ਰਾਜਗੀ ਦਾ ਦਾਵੇਦਾਰ ਸੀ, ਮਰਾਠਿਆਂ ਨਾਲ ਰਲਿਆ ਹੋਇਆ ਸੀ। ਉਸ ਦੀ ਸ਼ਹਿ ਤੇ ਮਲਹਾਰ ਰਾਓ ਹੋਲਕਰ ਨੇ ਸੁਲਤਾਨਜੀ ਲੰਬਾਟੇ, ਮਾਕਾਜੀ ਲੰਬਾਟੇ ਅਤੇ ਸ਼ਾਂਤਾਜੀ ਬਾਬਲੇ ਦੀ ਕਮਾਨ ਹੇਠਾਂ ਪੰਦਰਾਂ ਹਜਾਰ ਮਰਾਠਾ ਸਵਾਰ ਗੋਹਦ ਦੇ ਇਲਾਕੇ ਵਿਚ ਭੇਜ ਦਿੱਤੇ ਸਨ ਜਿਨ੍ਹਾਂ ਨੇ ਧੌਲਪੁਰ ਤੋਂ ਲੈ ਕੇ ਡੀਗ ਅਤੇ ਆਗਰੇ ਦੀਆਂ ਕੰਧਾਂ ਤਕ ਜੱਟਾਂ ਦੇ ਪਿੰਡ ਉਜਾੜ ਛੱਡੇ ਸਨ। ਰਾਜਾ ਜਵਾਹਰ ਸਿੰਘ ਆਪਣੀ ਅਤੇ ਸਤ ਹਜਾਰ ਖਾਲਸਾ ਜੀ ਦੀ ਫ਼ੌਜ ਲੈ ਕੇ ਉਨ੍ਹਾਂ ਦੀ ਸਹਾਇਤਾ ਲਈ ਪੁੱਜਾ ਅਤੇ 13 ਮਾਰਚ ਨੂੰ ਧੌਲਪੁਰ ਦੇ ਲਾਗੇ ਮਰਾਠਿਆਂ ਨੂੰ ਜਾ ਵੰਗਾਰਿਆ।

ਸਭ ਤੋਂ ਪਹਿਲੋਂ ਖਾਲਸਾ ਜੀ ਦੇ ਹਰੋਲਾਂ ਨੇ ਆਪਣੇ ਢੰਗ ਦਾ ਹੱਲਾ ਕੀਤਾ ਅਤੇ ਜਵਾਹਰ ਸਿੰਘ ਨੂੰ ਸਮਝਾ ਕੇ ਤਿਆਰ ਰਹਿਣ ਲਈ ਚੌਕਸ ਕਰ ਗਏ। ਜਦ ਮਰਾਠੇ ਲੜਨ ਲਈ ਆਏ ਤਾਂ ਇਹ ਹਰੋਲ ਪਿੱਛੇ ਨੂੰ ਹਟ ਪਏ। ਮਰਾਠਿਆਂ ਨੇ ਸਮਝਿਆ ਕਿ ਸਿੱਖ ਹਾਰ ਕੇ ਭੱਜ ਨਿਕਲੇ ਹਨ। ਪਰ ਉਹ ਆਪਣੇ ਦਾਓ ਪਰ ਸਨ। ਜਿਸ ਵੇਲੇ ਮਰਾਠੇ ਸਿੰਘਾਂ ਦੇ ਮਗਰ ਮਗਰ ਜਵਾਹਰ ਸਿੰਘ ਦੇ ਅਗਲੇ ਦਸਤਿਆਂ ਤਕ ਆ ਪੁੱਜੇ ਤਾਂ ਸਿੰਘ ਪਿਛਲੇ ਪੈਰੀਂ ਮੁੜ ਪਏ ਅਤੇ ਜਵਾਹਰ ਸਿੰਘ ਦੇ ਸੱਜੇ ਖਬੇ ਹੋ ਗਏ ਅਤੇ ਬੰਦੂਕਾਂ ਦੀਆਂ ਵਾੜਾਂ ਝਾੜਨ ਲੱਗ ਪਏ। ਵਿਚਾਲਿਓਂ ਜਾਟ ਭੀ ਗੋਲੀਆਂ ਚਲਾਉਂਦੇ ਅੱਗੇ ਨੂੰ ਵਧ ਗਏ। ਹੁਣ ਮਰਾਠਿਆਂ ਨੂੰ ਸਮਝ ਪਈ ਕਿ ਉਹ ਤਾਂ ਖਾਲਸਿਆਂ ਅਤੇ ਜਾਟਾਂ ਦੇ ਘੇਰੇ ਵਿਚ ਆ ਫਸੇ ਹਨ। ਇਸ ਵੇਲੇ ਸ਼ਾਮ ਪੈ ਰਹੀ ਸੀ। ਮਰਾਠਿਆਂ ਨੇ ਪਿੱਛੇ ਮੁੜਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਦੇ ਪਿੱਠ ਮੋੜਨ ਦੀ ਦੇਰ ਹੀ ਸੀ ਕਿ ਖਾਲਸਾ ਜੀ ਅਤੇ ਜਾਟਾਂ ਨੇ ਇਕ ਭਰਪੂਰ ਹੱਲਾ ਕਰ ਦਿੱਤਾ। ਸੁਲਤਾਨਜੀ ਲੰਬਾਟੇ ਜ਼ਖ਼ਮੀ ਹੋ ਕੇ ਡਿਗ ਪਿਆ ਅਤੇ ਮਰਾਠਾ ਫੌਜ ਘਬਰਾ ਕੇ ਦੌੜ ਪਈ ਅਤੇ ਧੌਲਪੁਰ ਦੇ ਕਿਲੇ ਵਿਚ ਜਾ ਵੜੀ। ਮਗਰ ਹੀ ਸਿੰਘ ਸਰਦਾਰ ਅਤੇ ਜਵਾਹਰ ਸਿੰਘ। ਇਨ੍ਹਾਂ ਨੇ ਸੌਖੇ ਹੀ ਧੌਲਪੁਰ ਦੇ ਕਿਲੇ ਪਰ ਕਬਜ਼ਾ ਕਰ ਲਿਆ ਅਤੇ ਸਾਰੇ ਮਰਾਠਾ ਜਰਨੈਲ ਸਣੇ ਜ਼ਖ਼ਮੀ ਸੁਲਤਾਨਜੀ ਲੰਬਾਟੇ ਦੇ ਫੜ ਕੇ ਕੈਦ ਕਰ ਲਏ। ਇਹ 13-14 ਮਾਰਚ, ਸੰਨ 1766, ਦਾ ਵਾਕਿਆ ਹੈ।

ਰਾਣਾ ਗੋਹਦ ਅਤੇ ਜਵਾਹਰ ਸਿੰਘ ਚਾਹੁੰਦੇ ਸਨ ਕਿ ਚੰਬਲ ਨਦੀ ਟੱਪ ਕੇ ਮਲਹਾਰ ਰਾਓ ਨੂੰ ਭੀ ਇਕ ਮਾਰ ਦਿੱਤੀ ਜਾਏ। ਇਨ੍ਹਾਂ ਸਫਲ ਭੀ ਸੌਖੇ ਹੀ ਹੋ ਜਾਣਾ ਸੀ। ਪਰ ਹੁਣ ਵਸਾਖੀ ਨੇੜੇ ਆ ਰਹੀ ਸੀ। ਖਾਲਸਾ ਜੀ ਦੇਸ ਨੂੰ ਮੁੜਨ ਲਈ ਉਤਾਵਲੇ ਪੈ ਗਏ। ਜਵਾਹਰ ਸਿੰਘ ਆਪਣੇ ਇਲਾਕੇ ਦੀ ਹੱਦ ਤਕ ਉਨ੍ਹਾਂ ਦੇ ਨਾਲ ਆਇਆ ਅਤੇ ਉਥੋਂ

Sri Satguru Jagjit Singh Ji eLibrary

ਵਿਦਿਆ ਕਰ ਕੇ ਮੁੜ ਗਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਸ਼ਾਮ ਸਿੰਘ, ਸਰਦਾਰ ਤਾਰਾ ਸਿੰਘ ਗੈਬਾ ਅਤੇ ਦਲ ਖਾਲਸਾ ਜੀ ਰਵਾਂ ਰਵੀਂ ਸ੍ਰੀ ਅੰਮ੍ਰਿਤਸਰ ਵੱਲ ਨੂੰ ਆ ਗਏ।

[ਸਰਕਾਰ, *ਫਾਲ ਔਫ ਦੀ ਮੁਗਲ ਐਂਪਾਇਰ*, ਦੂਸਰੀ, 471-73; ਪੇਸ਼ਵੇ ਦਫ਼ਤਰ, 29 ਨੰਬਰ, 126-127, ਗੁਪਤਾ, 243-44]

# ਦੁੱਰਾਨੀ ਦਾ ਅੰਤਮ ਹੱਲਾ (1766-67)

10 ਅਪਰੈਲ, ਸੰਨ 1766, ਨੂੰ ਸ੍ਰੀ ਅੰਮ੍ਰਿਤਸਰ ਵਸਾਖੀ ਮਨਾ ਕੇ ਖ਼ਾਲਸਾ ਜੀ ਆਪਣੇ ਆਪਣੇ ਇਲਾਕਿਆਂ ਨੂੰ ਛਿੜ ਗਏ ਅਤੇ ਲੋੜ ਅਨੁਸਾਰ ਰਾਜਸੀ ਪ੍ਰਬੰਧ ਵੱਲ ਧਿਆਨ ਦੇਣ ਲੱਗ ਪਏ। ਨੱਕੇ ਅਤੇ ਮੁਲਤਾਨ ਦੇ ਪਾਸੇ ਹਾਲ ਤਕ ਪੂਰੀ ਤਰ੍ਹਾਂ ਖ਼ਾਲਸੇ ਦੇ ਪੱਕੇ ਕਬਜ਼ੇ ਨਹੀਂ ਸਨ ਹੋਏ।

ਬਰਸਾਤ ਤੋਂ ਬਾਅਦ ਭੰਗੀ ਸਰਦਾਰ ਝੰਡਾ ਸਿੰਘ ਅਤੇ ਗੰਡਾ ਸਿੰਘ ਮੁਲਤਾਨ ਵੱਲ ਨੂੰ ਵਧੇ। ਜਿਵੇਂ ਪਿੱਛੇ ਦੱਸਿਆ ਜਾ ਚੁੱਕਾ ਹੈ, ਸੰਨ 1764 ਵਿਚ ਇਨ੍ਹਾਂ ਦੀਆਂ ਫੌਜਾਂ ਨੇ ਇਧਰਲੇ ਇਲਾਕੇ ਜਾ ਮਾਰੇ ਸਨ ਅਤੇ ਮੁਲਤਾਨ ਤੋਂ ਅੱਗੇ ਸਿੰਧ ਦਰਿਆ ਟੱਪ ਕੇ ਡੇਰਾ ਗਾਜ਼ੀ ਖ਼ਾਨ ਅਤੇ ਡੇਰਾ ਇਸਮਾਈਲ ਖ਼ਾਨ ਨੂੰ ਜਾ ਛੋਹਿਆ ਸੀ। ਪਰ ਇਧਰ ਅਫ਼ਗ਼ਾਨਾਂ ਦਾ ਕਾਫ਼ੀ ਜ਼ੋਰ ਸੀ, ਅਤੇ ਪੱਕੇ ਕਬਜ਼ੇ ਜਮਾ ਸਕਣੇ ਹਾਲ ਤਕ ਔਖੇ ਸਨ। ਇਸ ਲਈ ਸੰਨ 1766 ਵਿਚ ਆਪਸ ਵਿਚ ਸਮਝੌਤੇ ਨਾਲ ਪਾਕ ਪਟਨ ਤਕ ਖ਼ਾਲਸੇ ਦੀ ਹੱਦ ਪਰਵਾਨ ਕਰ ਲਈ ਗਈ।

## ਦੁੱਰਾਨੀ ਦਾ ਅੱਠਵਾਂ ਹੱਲਾ

ਸੰਨ 1765-66 ਵਿਚ ਅਹਿਮਦ ਸ਼ਾਹ ਨੇ ਪੰਜਾਬ ਵੱਲ ਆਉਣ ਦਾ ਖ਼ਿਆਲ ਨਹੀਂ ਕੀਤਾ। ਅਫ਼ਗ਼ਾਨਿਸਤਾਨ ਵਿਚ ਇਸ ਵੇਲੇ ਕਾਫ਼ੀ ਗੁੰਝਲਾਂ ਸਨ ਜਿਨ੍ਹਾਂ ਨੂੰ ਸੁਲਝਾਉਣ ਵਿਚ ਹੀ ਉਹ ਰੁੱਝਾ ਰਿਹਾ। ਨਾਲੇ ਇਸ ਵੇਲੇ ਸਿੰਘਾਂ ਨੇ ਸਾਰੇ ਪੰਜਾਬ ਪਰ ਕਬਜ਼ਾ ਕਰ ਲਿਆ ਹੋਇਆ ਸੀ ਅਤੇ ਸਿੰਧ ਤੋਂ ਜਮੁਨਾ ਤਕ ਕਿਧਰੇ ਭੀ ਨਾ ਕੋਈ ਇਲਾਕਾ ਸ਼ਾਹ ਦੇ ਤਹਿਤ ਵਿਚ ਸੀ ਅਤੇ ਨਾ ਹੀ ਕੋਈ ਹਾਕਮ ਉਸ ਦੇ ਕਹਿਣੇ ਵਿਚ ਸੀ। ਜਮੁਨਾ ਤੋਂ ਪਾਰ ਇਕ ਨਜੀਬੁਦੌਲਾ ਹੀ ਸੀ ਜੋ ਉਸ ਦਾ ਕੁਝ ਪੱਖੀ ਕਿਹਾ ਜਾ ਸਕਦਾ ਸੀ ਪਰ ਉਹ ਭੀ ਉਤਨੀ ਦੇਰ ਤਕ ਜਦ ਤਕ ਕਿ ਅਹਿਮਦ ਸ਼ਾਹ ਦੀ ਹਿੰਦੁਸਤਾਨ ਵਿਚ ਕੁਝ ਤਾਕਤ ਸੀ ਜਾਂ ਉਹ ਨਜੀਬ ਨੂੰ ਵੈਰੀਆਂ ਵਿਰੁੱਧ ਸਹਾਇਤਾ ਕਰ ਸਕਦਾ ਸੀ। ਦੂਸਰੇ ਪਾਸੇ ਸ਼ਾਹ ਭੀ ਇਧਰ ਆਉਣ ਦਾ ਉਤਨਾ ਚਿਰ ਹੀ ਚਾਹਵਾਨ ਸੀ ਜਿਤਨਾ ਚਿਰ ਕਿ ਉਸ ਨੂੰ ਇਥੇ ਪੈਰ ਜਮਾ ਸਕਣ ਜਾਂ ਲੁੱਟ ਦਾ ਚੋਖਾ ਮਾਲ ਮਿਲਣ ਦੀ ਆਸ ਸੀ। ਸਿੰਘਾਂ ਦੀ ਦਿਨੋ ਦਿਨ ਵਧਦੀ ਜਾ ਰਹੀ ਤਾਕਤ ਕਰਕੇ ਪੰਜਾਬ ਵਿਚ ਉਸ ਨੂੰ ਹੁਣ ਪੈਰ ਜਮਾ ਸਕਣ ਦੀ ਬਹੁਤੀ

Sri Satguru Jagjit Singh Ji eLibrary

ਆਸ ਨਹੀਂ ਸੀ ਰਹੀ। ਪਰ ਉਹ ਢੇਰੀ ਢਾ ਕੇ ਬਹਿ ਜਾਣ ਵਾਲਾ ਬੰਦਾ ਭੀ ਨਹੀਂ ਸੀ। ਇਸ ਲਈ ਉਸ ਨੂੰ ਜਦ ਭੀ ਕੋਈ ਮਾੜਾ ਮੋਟਾ ਬਹਾਨਾ ਬਣ ਜਾਂਦਾ, ਉਹ ਇਧਰ ਨੂੰ ਚੜ੍ਹ ਪੈਂਦਾ ਸੀ। ਉਸ ਨੂੰ ਖ਼ਿਆਲ ਸੀ ਕਿ ਉਸ ਦੇ ਹੱਲਿਆਂ ਤੋਂ ਤੰਗ ਪੈ ਕੇ ਹੀ ਸ਼ਾਇਦ ਸਿੰਘ ਕਿਸੇ ਵੇਲੇ ਉਸ ਨਾਲ ਕੋਈ ਸਮਝੌਤਾ ਕਰ ਲੈਣ ਨੂੰ ਤਿਆਰ ਹੋ ਜਾਣ, ਜਾਂ ਕਿਸੇ ਤਰ੍ਹਾਂ ਭੀ ਤਾਕਤ ਆਉਣ ਦਾ ਲਾਲਚ ਸਿੰਘਾਂ ਵਿਚ ਫੁਟ ਪਾ ਦੇਵੇ ਅਤੇ ਉਹ ਉਸ ਦੀ ਸਹਾਇਤਾ ਦੀ ਲੋੜ ਮਹਿਸੂਸ ਕਰ ਕੇ ਉਸ ਨੂੰ ਬੇਨਤੀ ਕਰਨ ਜਿਸ ਨਾਲ ਉਸ ਨੂੰ ਉਸ ਫੁਟ ਦਾ ਫ਼ਾਇਦਾ ਉਠਾਉਣ ਦਾ ਮੌਕਾ ਬਣ ਜਾਏ।

ਪਰ ਮਾਲੂਮ ਹੁੰਦਾ ਹੈ ਸੰਨ 1766 ਵਿਚ ਬੰਗਾਲ ਦੇ ਮੀਰ ਕਾਸਿਮ ਨੇ ਅਹਿਮਦ ਸ਼ਾਹ ਨੂੰ ਹਿੰਦੁਸਤਾਨ ਆਉਣ ਦਾ ਸੱਦਾ ਦਿੱਤਾ ਤਾਂ ਕਿ ਮੁਰਸ਼ਿਦਾਬਾਦ ਵਿਚ ਉਸ ਨੂੰ ਮੁੜ ਤਖ਼ਤ ਤੇ ਬੈਠਣ ਵਿਚ ਸਹਾਇਤਾ ਕਰੇ ਜਿੱਥੋਂ ਕਿ ਅੰਗਰੇਜ਼ਾਂ ਨੇ ਉਸ ਨੂੰ ਉਤਾਰ ਦਿੱਤਾ ਸੀ। ਕਾਰਣ ਕੁਝ ਭੀ ਹੋਵੇ, ਅਹਿਮਦ ਸ਼ਾਹ ਨਵੰਬਰ ਸੰਨ 1766 ਦੇ ਆਖ਼ਰੀ ਦਿਨੀਂ ਸਿੰਧ ਪਾਰ ਕਰ ਆਇਆ ਅਤੇ ਬਿਨਾਂ ਬਹੁਤ ਰੋਕ ਦੇ 4 ਦਸੰਬਰ ਨੂੰ ਗੁਜਰਾਤ ਪਹੁੰਚ ਗਿਆ। ਇਥੋਂ ਉਹ ਸਿੱਧਾ ਲਾਹੌਰ ਨੂੰ ਨਹੀਂ ਆਇਆ ਬਲਕਿ ਸ਼ਾਹ ਦੌਲਾ ਦੇ ਪੁਲੋਂ ਝਨਾਂ ਪਾਰ ਕਰ ਕੇ ਸਿਆਲਕੋਟ ਨੂੰ ਚਲਾ ਗਿਆ। ਉਥੋਂ 10 ਦਸੰਬਰ ਨੂੰ ਚੱਲ ਕੇ ਤਿਨ ਦਿਨ ਜਾਮਕੇ ਠਹਿਰਿਆ ਅਤੇ ਆਲੇ ਦੁਆਲੇ ਦੇ ਜਿਮੀਂਦਾਰਾਂ ਪਾਸੋਂ ਮੁਚੱਲਕੇ ਲਏ ਕਿ ਉਹ ਸਿੰਘਾਂ ਨੂੰ ਕੋਈ ਪਨਾਹ ਨਹੀਂ ਦੇਣਗੇ ਅਤੇ ਫੜ ਕੇ ਸ਼ਾਹ ਪਾਸ ਪਹੁੰਚਾ ਦੇਣਗੇ। ਸ਼ਾਹ ਨੇ ਅਗਾਊਂ ਫ਼ੌਜ ਤਾਂ ਜਹਾਨ ਖ਼ਾਨ, ਬਰਖ਼ੁਰਦਾਰ ਖ਼ਾਨ ਅਤੇ ਦਰਵੇਸ਼-ਅਲੀ ਖ਼ਾਨ ਹਜ਼ਾਰਾ ਨਾਲ ਲਾਹੌਰ ਵੱਲ ਭੇਜ ਦਿੱਤੀ, ਜਿਥੇ ਉਨ੍ਹਾਂ ਨੇ ਆ ਕੇ ਕਬਜ਼ਾ ਕਰ ਲਿਆ ਅਤੇ ਆਪ ਪਿਛੋਂ 22 ਦਸੰਬਰ ਨੂੰ ਲਾਹੌਰੋਂ ਉੱਤਰ-ਚੜ੍ਹਦੇ ਨੂੰ ਪਿੰਡ ਮਹਿਮੂਦ ਬੂਟੀ ਪਾਸ ਆ ਪੁੱਜਾ।

ਲਾਹੌਰ ਦੇ ਨਜ਼ਦੀਕ ਸਿੱਖ ਸਰਦਾਰਾਂ ਨੇ ਕਿਧਰੇ ਕੋਈ ਹੱਲਾ ਸ਼ਾਹ ਪਰ ਨਹੀਂ ਕੀਤਾ। ਇਸ ਵੇਲੇ ਸਰਦਾਰਾਂ ਸੋਭਾ ਸਿੰਘ, ਲਹਿਣਾ ਸਿੰਘ, ਗੁੱਜਰ ਸਿੰਘ, ਹੀਰਾ ਸਿੰਘ, ਅਜਾਇਬ ਸਿੰਘ ਆਦਿ ਇਥੇ ਸਨ, ਪਰ ਉਹ ਇਧਰ ਉਧਰ ਖਿੰਡ ਗਏ। ਸ਼ਾਇਦ ਉਹ ਅਹਿਮਦ ਸ਼ਾਹ ਦੀ ਨੀਅਤ ਅਤੇ ਇਰਾਦਾ ਦੇਖਣਾ ਚਾਹੁੰਦੇ ਸਨ ਜਾਂ ਕਿਸੇ ਚੰਗੇ ਮੌਕੇ ਦੀ ਤਾੜ ਵਿਚ ਸਨ, ਜਦ ਉਹ ਸ਼ਾਹ ਨੂੰ ਕੋਈ ਤਕੜੀ ਸੱਟ ਮਾਰ ਸਕਣ।

### ਸਰਦਾਰ ਲਹਿਣਾ ਸਿੰਘ ਦਾ ਅਹਿਮਦ ਸ਼ਾਹ ਨੂੰ ਜਵਾਬ

ਅਹਿਮਦ ਸ਼ਾਹ ਦੇ ਮਹਿਮੂਦ ਬੂਟੀ ਉਤਾਰੇ ਦੀ ਖ਼ਬਰ ਸੁਣ ਕੇ ਸ਼ਹਿਰ ਲਾਹੌਰ ਦੇ ਕੁਝ ਪਤਵੰਤੇ ਉਸ ਨੂੰ ਮਿਲਣ ਗਏ ਅਤੇ ਮੁਫ਼ਤੀ ਅਲੀ-ਉ-ਦੀਨ ਦੀ ਲਿਖਤ ਅਨੁਸਾਰ ਉਨ੍ਹਾਂ ਨੇ ਗੱਲ-ਬਾਤ ਵੇਲੇ ਅਰਜ਼ ਕੀਤੀ ਕਿ ਸਰਦਾਰ ਲਹਿਣਾ ਸਿੰਘ ਬੜਾ ਨੇਕ ਬੰਦਾ ਹੈ ਅਤੇ ਸਾਰਿਆਂ ਦਾ ਭਲਾ ਚਾਹੁਣ ਵਾਲਾ ਹੈ। ਤਾਕਤ ਅਤੇ ਹਕੂਮਤ ਦੇ ਹੁੰਦੇ ਹੋਏ ਭੀ ਹਿੰਦੂਆਂ ਮੁਸਲਮਾਨਾਂ ਨਾਲ ਕੋਈ ਵਿਤਕਰਾ ਨਹੀਂ ਕਰਦਾ। ਜਦੋਂ ਈਦ ਦਾ ਪਵਿਤਰ ਦਿਨ ਆਉਂਦਾ ਹੈ, ਕਾਜ਼ੀਆਂ ਮੁਫ਼ਤੀਆਂ ਅਤੇ ਮਸੀਤਾਂ ਦੇ ਇਮਾਮਾਂ ਨੂੰ ਦਸਤਾਰਾਂ ਦਿੰਦਾ ਹੈ

Sri Satguru Jagjit Singh Ji eLibrary

ਅਤੇ ਵਿਦਵਾਨ ਲੋਕਾਂ ਦੀ ਬੜੀ ਇੱਜਤ ਕਰਦਾ ਹੈ ਅਤੇ ਉਨ੍ਹਾਂ ਪਰ ਮਿਹਰਬਾਨੀ ਕਰਦਾ ਹੈ। ਅਹਿਮਦ ਸ਼ਾਹ ਨੇ ਕਿਹਾ ਕਿ ਜੇ ਉਹ ਅਜਿਹਾ ਭਲਾ ਲੋਕ ਹੈ ਤਾਂ ਉਹ ਦੌੜ ਕਿਉਂ ਗਿਆ ਹੈ। ਮੈਂ ਬੜੇ ਧਿਆਨ ਨਾਲ ਉਸ ਦੀ ਖ਼ਾਤਰਦਾਰੀ ਕਰਦਾ।

ਇਸ ਪਰ ਅਹਿਮਦ ਸ਼ਾਹ ਨੇ ਸਰਦਾਰ ਲਹਿਣਾ ਸਿੰਘ ਨੂੰ ਤੋਹਫ਼ੇ ਵਜੋਂ ਫਲ ਭੇਜੇ ਅਤੇ ਇਕ ਚਿੱਠੀ ਲਿਖੀ ਕਿ ਤੂੰ ਪੂਰੀ ਤਸੱਲੀ ਰਖ ਕੇ ਮੈਨੂੰ ਮਿਲ, ਮੈਂ ਲਾਹੌਰ ਦੀ ਸੂਬੇਦਾਰੀ ਤੈਨੂੰ ਦੇ ਦਿਆਂਗਾ। ਸਰਦਾਰ ਲਹਿਣਾ ਸਿੰਘ ਨੇ ਮੌੜ ਪਿੰਡ ਦੇ ਰਹਿਮਤੁੱਲਾ ਬੇਗ ਦੀ ਮਾਰਫਤ ਅਹਿਮਦ ਸ਼ਾਹ ਨੂੰ ਜਵਾਬ ਭੇਜਿਆ ਕਿ ਹਜ਼ੂਰ ਦੀ ਇਹ ਮਿਹਰਬਾਨੀ ਤਾਂ ਭਾਵੇਂ ਇਹ ਮੰਗ ਕਰਦੀ ਹੈ ਕਿ ਮੈਂ ਸਿਰ ਮੱਥੇ ਹਾਜ਼ਰ ਹੋਵਾਂ। ਪਰ ਮੈਂ ਬੇਬਸ ਹਾਂ ਕਿਉਂਕਿ ਜੇ ਮੈਂ ਹਜ਼ੂਰ ਦੇ ਹਾਜ਼ਰ ਹੋਵਾਂਗਾ ਤਾਂ ਇਹ ਖ਼ਾਲਸਾ ਜੀ ਨੂੰ ਚੰਗਾ ਨਹੀਂ ਲੱਗਣਾ—ਮੇਰਾ ਹਾਜ਼ਰ ਹੋਣਾ ਖ਼ਾਲਸਾ ਜੀ ਨੂੰ ਮੰਨਜ਼ੂਰ ਨਹੀਂ ਹੈ। ਸ਼ਾਹ ਵੱਲੋਂ ਆਏ ਫਲ ਭੀ ਲਹਿਣਾ ਸਿੰਘ ਨੇ ਇਹ ਕਹਿ ਕੇ ਮੋੜ ਦਿੱਤੇ ਕਿ ਇਹ ਫਲ ਤਾਂ ਆਪ ਜੈਸੇ ਬਾਦਸ਼ਾਹਾਂ ਨੂੰ ਹੀ ਸੋਭਦੇ ਹਨ, ਮੇਰੇ ਵਰਗੇ ਗਰੀਬ ਜੱਟ ਲਈ ਦਾਣੇ ਹੀ ਸੋ ਨਿਆਮਤਾਂ ਹਨ ।

[*ਇਬਰਤ ਨਾਮਾ*, 240; ਲਤੀਫ਼, *ਪੰਜਾਬ*, 288]

ਮੌਲਵੀ ਅਬਦੁੱਲਾ ਦੇ ਭਾਈ ਦਾਦਨ ਖ਼ਾਨ ਨੂੰ ਲਾਹੌਰ ਦਾ ਹਾਕਮ ਬਣਾ ਕੇ ਅਹਿਮਦ ਸ਼ਾਹ 29 ਦਸੰਬਰ ਨੂੰ ਲਾਹੌਰ (ਮਹਿਮੂਦ ਬੂਟੀ) ਤੋਂ ਚਲ ਕੇ ਅਗਲੇ ਦਿਨ ਅੰਮ੍ਰਿਤਸਰ ਪੁੱਜਾ ਅਤੇ ਪਹਿਲੀ ਜਨਵਰੀ 1767 ਨੂੰ ਵੈਰੋਵਾਲ ਦੇ ਪੱਤਨ ਵੱਲ ਨੂੰ ਤੁਰ ਗਿਆ। ਅਜੇ ਉਥੇ ਉਤਰਿਆ ਭੀ ਨਹੀਂ ਸੀ ਕਿ ਪਿਛੋਂ ਖਬਰ ਪੁੱਜ ਗਈ ਕਿ ਸਰਦਾਰ ਚੜ੍ਹਤ ਸਿੰਘ, ਹੀਰਾ ਸਿੰਘ ਅਤੇ ਲਹਿਣਾ ਸਿੰਘ ਨੇ ਲਾਹੌਰ ਵਿਚ ਸ਼ਾਹ ਦਾ ਡੇਰਾ ਲੁੱਟ ਲਿਆ ਹੈ। ਸ਼ਾਹ ਨੇ ਉਨ੍ਹੀਂ ਪੈਰੀਂ ਲਾਹੌਰ ਨੂੰ ਧਾਈ ਕਰ ਦਿੱਤੀ। ਪਰ ਖ਼ਾਲਸਾ ਜੀ ਇਤਨੀ ਦੇਰ ਨੂੰ ਹਰਨ ਹੋ ਚੁੱਕੇ ਸਨ। ਹੁਣ ਸ਼ਾਹ ਬੇ-ਬੱਸ ਸੀ।

**ਖ਼ਾਲਸਾ ਜੀ ਦੀ ਸ਼ਾਹ ਨਾਲ ਗੱਲ ਬਾਤ ਕਰਨੋਂ ਨਾਂਹ**

ਇਸ ਵੇਲੇ ਸ਼ਾਹ ਵੱਲੀ ਖ਼ਾਨ, ਜਹਾਨ ਖ਼ਾਨ, ਨਸੀਰ ਖ਼ਾਨ ਬਲੋਚ, ਸ਼ਾਹ-ਪਸੰਦ ਖ਼ਾਨ ਆਦਿ ਮੁਖੀ ਮੁਖੀ ਖ਼ਾਨਾਂ ਨੇ ਸ਼ਾਹ ਨੂੰ ਸਲਾਹ ਦਿੱਤੀ ਕਿ ਸਿੰਘਾਂ ਨਾਲ ਸੁਲਾਹ ਦੀ ਗੱਲ-ਬਾਤ ਕਰ ਲੈਣੀ ਚਾਹੀਦੀ ਹੈ। ਇਸ ਅਨੁਸਾਰ ਸ਼ਾਹ ਨੇ ਨੂਰ ਦੀ ਸਰਾਇ ਤੋਂ 15 ਜਨਵਰੀ ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਝੰਡਾ ਸਿੰਘ ਭੰਗੀ, ਸਰਦਾਰ ਖੁਸ਼ਹਾਲ ਸਿੰਘ ਆਦਿ ਸਰਦਾਰਾਂ ਨੂੰ ਚਿੱਠੀਆਂ ਭੇਜੀਆਂ ਕਿ ਜੇ ਤੁਹਾਡੀ ਇੱਛਾ ਸ਼ਾਹੀ ਖਿਦਮਤ ਦੀ ਹੋਵੇ ਤਾਂ ਆ ਕੇ ਮੈਨੂੰ ਮਿਲ ਲਓ, ਪਰ ਜੇ ਤੁਹਾਡੀ ਨੀਅਤ ਵਿਰੋਧ ਦੀ ਹੈ ਤਾਂ ਤੁਸੀਂ ਮੈਦਾਨ ਵਿਚ ਆ ਜਾਓ। ਚੰਬੇ ਦੇ ਰਾਜੇ ਨੇ ਸਿੰਘਾਂ ਪਾਸ ਵਕੀਲ ਭੇਜਿਆ ਅਤੇ ਅਦੀਨਾ ਦੇ ਟੱਬਰ ਵਿਚੋਂ ਸਆਦਤ ਯਾਰ ਖ਼ਾਨ ਨੇ ਭੀ ਕਿਹਾ ਕਿ ਸਿੰਘਾਂ ਨੂੰ ਸ਼ਾਹ ਨਾਲ ਸੁਲਾਹ ਕਰ ਲੈਣੀ ਚਾਹੀਦੀ ਹੈ। ਸਆਦਤ ਯਾਰ ਖ਼ਾਨ ਨੇ ਕਹਾ ਭੇਜਿਆ ਕਿ ਬਾਦਸ਼ਾਹ ਦੀ ਨੀਅਤ ਖ਼ਾਲਸਾ ਜੀ ਦਾ ਮੁਲਕ ਖੋਹਣ ਦੀ ਨਹੀਂ ਹੈ, ਇਸ ਲਈ ਮੈਂ ਤੁਹਾਡੇ ਨਾਲ ਚਲ

ਕੇ ਫ਼ੈਸਲਾ ਕਰਾ ਦਿਆਂਗਾ ਕਿ ਉਹ ਕਿਹੜੇ ਕਿਹੜੇ ਥਾਂ ਬਾਦਸ਼ਾਹ ਨੂੰ ਛਡ ਦੇਣ ਅਤੇ ਕਿਤਨੀ ਰਕਮ ਦੇਣ, ਅਤੇ ਸ਼ਾਹ ਉਨ੍ਹਾਂ ਨੂੰ ਲਾਹੌਰ ਦਾ ਕਬਜ਼ਾ ਦੇ ਦੇਵੇਗਾ। ਪਰ ਖਾਲਸਾ ਜੀ ਵਿਚੋਂ ਕਿਸੇ ਨੇ ਭੀ ਬਾਦਸ਼ਾਹ ਨਾਲ ਇਸ ਤਰ੍ਹਾਂ ਗੱਲ-ਬਾਤ ਕਰਨਾ ਪਰਵਾਨ ਨਾ ਕੀਤਾ। ਉਨ੍ਹਾਂ ਨੂੰ ਪਤਾ ਸੀ ਕਿ ਅਹਿਮਦ ਸ਼ਾਹ ਨੇ ਤੰਗ ਪੈ ਕੇ ਛੇਤੀ ਹੀ ਅਫ਼ਗਾਨਿਸਤਾਨ ਨੂੰ ਤੁਰ ਜਾਣਾ ਹੈ ਅਤੇ ਖਾਲਸਾ ਜੀ ਨੇ ਮੁੜ ਆਪੋ ਆਪਣੇ ਇਲਾਕਿਆਂ ਪਰ ਕਬਜ਼ੇ ਕਰ ਲੈਣੇ ਹਨ। ਇਸ ਲਈ ਅਹਿਮਦ ਸ਼ਾਹ ਨਾਲ ਹੀਣੇ ਹੋ ਕੇ ਗੱਲ-ਬਾਤ ਕਿਉਂ ਕਰੀਏ। ਸਾਨੂੰ ਸਭ ਬਖ਼ਸ਼ਿਸ਼ਾਂ ਅਕਾਲ ਪੁਰਖ ਵੱਲੋਂ ਅੱਗੇ ਹੀ ਪ੍ਰਾਪਤ ਹਨ।

[ਕੈਲੰਡਰ, ਦੂਸਰਾ, 50, 108 ਏ; ਜੱਸਾ ਸਿੰਘ ਬਿਨੋਦ, ਉਰਦੂ, 126-27, 131]

## ਜਹਾਨ ਖ਼ਾਨ ਨੂੰ ਸਖ਼ਤ ਹਾਰ

ਸ਼ਾਹ ਨੇ ਜਹਾਨ ਖ਼ਾਨ ਨੂੰ ਸਿੰਘਾਂ ਦੀ ਦੇਖ ਭਾਲ ਲਈ ਸ੍ਰੀ ਅੰਮ੍ਰਿਤਸਰ ਭੇਜਿਆ ਹੋਇਆ ਸੀ। 17 ਜਨਵਰੀ ਨੂੰ ਉਹ ਦੁੱਰਾਨੀਆਂ ਦੀ ਪੰਦਰਾਂ ਹਜ਼ਾਰ ਅਗਾਊ ਫ਼ੌਜ ਨਾਲ ਪਿੰਡਾਂ ਨੂੰ ਲੁਟਦਾ ਅੱਗੇ ਨੂੰ ਤੁਰਿਆ। ਇਸ ਵੇਲੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਹੀਰਾ ਸਿੰਘ, ਲਹਿਣਾ ਸਿੰਘ ਅਤੇ ਗੁੱਜਰ ਸਿੰਘ ਭੰਗੀ ਇਥੇ ਪੁੱਜੇ ਹੋਏ ਸਨ। ਉਨ੍ਹਾਂ ਨੇ ਝੁੰਜਲਾਏ ਹੋਏ ਸ਼ੇਰਾਂ ਵਾਂਗ ਯਕ ਦਮ ਆ ਹੱਲਾ ਕੀਤਾ ਅਤੇ ਪੰਜ ਛੇ ਹਜ਼ਾਰ ਦੁੱਰਾਨੀਆਂ ਨੂੰ ਮਾਰ ਦਿੱਤਾ ਅਤੇ ਜ਼ਖ਼ਮੀ ਕਰ ਦਿੱਤਾ। ਜਹਾਨ ਖ਼ਾਨ ਨੂੰ ਹੱਥਾਂ ਪੈਰਾਂ ਦੀ ਪੈ ਗਈ ਅਤੇ ਹਾਰ ਖਾ ਕੇ ਪਿੱਛੇ ਨੂੰ ਹਟਣ ਤੋਂ ਬਿਨਾਂ ਕੋਈ ਚਾਰਾ ਨਾ ਰਿਹਾ। ਜਦ ਅਹਿਮਦ ਸ਼ਾਹ ਨੂੰ ਆਪਣੇ ਬਖ਼ਸ਼ੀ ਦੀ ਭਾਂਜ ਦਾ ਪਤਾ ਲੱਗਾ ਤਾਂ ਉਹ ਆਪ ਉਸ ਦੀ ਸਹਾਇਤਾ ਕਰਨ ਲਈ ਪੁੱਜਾ। ਪਰ ਹੁਣ ਵੇਲਾ ਬੀਤ ਚੁੱਕਾ ਸੀ ਅਤੇ ਸਿੰਘ ਮਾਰ ਮਾਰ ਕੇ ਲਾਹੌਰ ਨੂੰ ਨਿਕਲ ਗਏ ਸਨ। ਇਹ ਦੇਖ ਕੇ ਅਹਿਮਦ ਸ਼ਾਹ ਛਿੱਥਾ ਪੈ ਗਿਆ ਅਤੇ ਅੰਮ੍ਰਿਤਸਰ ਦੇ ਬੁੰਗੇ ਆਦਿ ਢਾਹ ਦੇਣ ਦਾ ਹੁਕਮ ਦਿੱਤਾ ਅਤੇ ਜੋ ਸਿੰਘ ਉਥੇ ਮਿਲੇ ਉਨ੍ਹਾਂ ਨੂੰ ਕਤਲ ਕਰਵਾ ਦਿੱਤਾ। [ਕੈਲੰਡਰ, ਦੂਸਰਾ, 65]

## ਦੁਆਬਾ ਬਿਸਤ-ਜਾਲੰਧਰ ਵਿਚ ਅਹਿਮਦ ਸ਼ਾਹ ਦੀ ਪਤਲੀ ਹਾਲਤ

ਇਥੋਂ ਸ਼ਾਹ ਦੁਆਬੇ ਵੱਲ ਨੂੰ ਚਲਾ ਗਿਆ ਜਿਥੇ ਇਸ ਨੂੰ ਹਿੰਦੁਸਤਾਨੀ ਰਾਜਿਆਂ ਅਤੇ ਵੱਡੇ ਵੱਡੇ ਜ਼ਿਮੀਂਦਾਰਾਂ ਦੇ ਵਕੀਲ ਮਿਲੇ ਜਿਨ੍ਹਾਂ ਵਿਚ ਪਟਿਆਲੇ ਦੇ ਰਾਜਾ ਅਮਰ ਸਿੰਘ ਅਤੇ ਕੰਵਰ ਹਿੰਮਤ ਸਿੰਘ ਦੇ ਵਕੀਲ ਭੀ ਸਨ। ਨੂਰ ਮਹਿਲ ਦੇ ਪੜਾਉ ਤੇ ਖ਼ੁਦ ਰਾਜਾ ਅਤੇ ਕੰਵਰ ਭੀ ਸ਼ਾਹ ਨੂੰ ਆ ਮਿਲੇ। [ਕੈਲੰਡਰ, ਦੂਸਰਾ, 79]

ਪਰ ਖਾਲਸਾ ਜੀ ਨੇ ਸ਼ਾਹ ਦਾ ਪਿੱਛਾ ਨਾ ਛੱਡਿਆ ਅਤੇ ਜਿਥੇ ਭੀ ਦਾਉ ਲੱਗਾ, ਵੇਲੇ ਕੁਵੇਲੇ ਉਸ ਪਰ ਛਾਪੇ ਮਾਰਦੇ ਰਹੇ। ਇਕ ਟਿਕਾਣੇ ਤੇ ਵੀਹ ਹਜ਼ਾਰ ਸਿੰਘਾਂ ਨੇ ਮੀਰ ਨਸੀਰ ਖ਼ਾਨ ਬਲੋਚ ਉੱਤੇ ਆ ਝਪਟਾ ਮਾਰਿਆ ਅਤੇ ਇਕ ਗਹਿ-ਗੱਚ ਲੜਾਈ ਵਿਚ ਸ਼ਾਹ ਦਾ ਸਾਰਾ ਸਾਮਾਨ ਖੋਹ ਕੇ ਲੈ ਗਏ। ਇਸ ਤੋਂ ਬਿਨਾਂ ਉਨ੍ਹਾਂ ਨੇ ਕਾਬਲੀ ਫਲਾਂ ਦਾ ਲੱਦਿਆ ਹੋਇਆ ਤਿੰਨ ਸੌ ਊਠਾਂ ਦਾ ਕਾਫ਼ਲਾ ਕਾਬੂ ਕਰ ਲਿਆ ਅਤੇ ਚੰਬੇ ਦੇ ਰਾਜੇ ਵੱਲੋਂ

ਸ਼ਾਹ ਦੀ ਫੌਜ ਲਈ ਆ ਰਿਹਾ ਆਟਾ ਦਾਣਾ ਜਾ ਖੋਹਿਆ।

ਇਸ ਵੇਲੇ ਸਿੰਘਾਂ ਦੇ ਹੱਥੋਂ ਸ਼ਾਹ ਦੀ ਹਾਲਤ ਬਹੁਤ ਪਤਲੀ ਪਈ ਹੋਈ ਸੀ। ਨਾ ਉਸ ਨੂੰ ਦਿਨ ਆਰਾਮ ਲੈਣਾ ਮਿਲਦਾ ਸੀ, ਨਾ ਰਾਤ ਨੂੰ ਚੈਨ। ਇਕ ਸਮਕਾਲੀ ਲਿਖਤ ਅਨੁਸਾਰ "ਸ਼ਾਹ ਦਾ ਪ੍ਰਭਾਵ ਕੇਵਲ ਉਨ੍ਹਾਂ ਥਾਵਾਂ ਤਕ ਹੀ ਹੈ ਜਿਥੋਂ ਦੀ ਉਸ ਦੀ ਫੌਜ ਲੰਘ ਰਹੀ ਹੈ। ਪਿੰਡਾਂ ਦੇ ਜਿਮੀਂਦਾਰ ਲੋਕ ਆਮ ਤੋਰ ਤੇ ਇਤਨੇ ਚੰਗੇ ਸਿੱਖਾਂ ਦੇ ਹੱਕ ਵਿਚ ਮਾਲੂਮ ਹੁੰਦੇ ਹਨ ਕਿ ਸਿੱਖ ਸਾਧਾਰਨ ਤੋਰ ਤੇ ਹੀ ਰਾਤ ਨੂੰ ਉਨ੍ਹਾਂ ਦੇ ਪਿੰਡਾਂ ਵਿਚ ਜਾ ਟਿਕਦੇ ਹਨ ਅਤੇ ਸਭ ਅੰਨ ਪਾਣੀ ਉਥੇ ਉਨ੍ਹਾਂ ਨੂੰ ਮਿਲ ਜਾਂਦਾ ਹੈ। ਦਿਨੇ ਉਹ ਉਥੋਂ ਉਠ ਕੇ ਫੇਰ ਸ਼ਾਹ ਦੀ ਫੌਜ ਨੂੰ ਆ ਤੰਗ ਕਰਦੇ ਹਨ। ਜਿਤਨੀ ਦੇਰ ਤਕ ਸ਼ਾਹ ਬਿਆਸਾ ਅਤੇ ਸਤਲੁਜ ਦਰਿਆਵਾਂ ਦੇ ਵਿਚਕਾਰ ਦੁਆਬੇ ਵਿਚ ਹੈ ਸਿੱਖ ਬਾਦਸ਼ਾਹ ਦੇ ਲਾਗੇ ਲਾਗੇ ਚੜ੍ਹੇ ਰਹਿਣਗੇ, ਪਰ ਜੇ ਉਹ ਪਾਰ ਸਰਹੰਦ ਵੱਲ ਨੂੰ ਲੰਘ ਗਿਆ ਤਾਂ ਸਿੱਖ ਉਦੋਂ ਹੀ ਸ਼ਾਹ ਦੇ ਪਿੱਛੇ ਰਹੇ ਇਲਾਕਿਆਂ ਪਰ ਕਬਜੇ ਕਰ ਲੈਣਗੇ" [ਕੈਲੰਡਰ ਦੂਸਰਾ, 161 ਏ]। ਇਹ ਗੱਲ ਅੱਖਰੋ ਅੱਖਰ ਸੱਚ ਸਾਬਤ ਹੋ ਗਈ। ਮਾਰਚ ਸੰਨ 1767 ਦੇ ਸ਼ੁਰੂ ਵਿਚ ਜਦ ਸ਼ਾਹ ਸਤਲੁਜੋਂ ਪਾਰ ਹੋ ਕੇ ਦਿੱਲੀ ਵੱਲ ਨੂੰ ਤੁਰਿਆ ਤਾਂ ਸਿੰਘਾਂ ਨੇ ਲਾਹੌਰ ਉੱਤੇ ਕਬਜ਼ਾ ਕੀਤਾ ਅਤੇ ਰਾਵੀ ਤੋਂ ਲੈ ਕੇ ਸਤਲੁਜ ਤਕ ਦਾ ਸਾਰਾ ਇਲਾਕਾ ਮੱਲ ਲਿਆ।

ਸ਼ਾਹ ਦੇ ਕੰਪੂ ਵਿਚ ਬੰਗਾਲ ਦੇ ਮੀਰ ਕਾਸਿਮ ਦੇ ਵਕੀਲ ਦੇ ਹੋਣ ਨਾਲ ਇਸ ਵੇਲੇ ਅੰਗਰੇਜ਼ਾਂ ਨੂੰ ਬੜਾ ਫਿਕਰ ਪਿਆ ਹੋਇਆ ਸੀ ਕਿ ਜੇ ਬਾਦਸ਼ਾਹ ਸ਼ਾਹ ਆਲਮ ਦੂਸਰਾ ਅਤੇ ਸ਼ੁਜਾ-ਉ-ਦੋਲਾ ਅਹਿਮਦ ਸ਼ਾਹ ਨਾਲ ਰਲ ਗਏ ਤਾਂ ਬੜੀ ਮੁਸ਼ਕਲ ਹੋ ਜਾਏਗੀ। ਇਸ ਲਈ ਈਸਟ ਇੰਡੀਆ ਕੰਪਣੀ ਵਾਲਿਆਂ ਨੇ ਸ਼ਾਹ ਆਲਮ, ਸ਼ੁਜਾ-ਉ-ਦੋਲਾ, ਰੁਹੇਲਿਆਂ, ਮਰਾਠਿਆਂ ਅਤੇ ਜਾਟਾਂ ਨੂੰ ਲਿਖਿਆ ਕਿ ਉਹ ਅਹਿਮਦ ਸ਼ਾਹ ਨੂੰ ਬਿਲਕੁਲ ਨਾ ਮਿਲਣ ਅਤੇ ਜੇ ਦੁੱਰਾਨੀ ਇਧਰ ਆਇਆ ਤਾਂ ਕੰਪਣੀ ਇਨ੍ਹਾਂ ਦੀ ਪੂਰੀ ਤਰ੍ਹਾਂ ਸਹਾਇਤਾ ਕਰੇਗੀ, ਪਰ ਇਹ ਲੋਕ ਦੁਚਿੱਤੀ ਵਿਚ ਸਨ ਕਿ ਇਤਨੇ ਨੂੰ ਖ਼ਬਰਾਂ ਪੁੱਜਣ ਲੱਗ ਪਈਆਂ ਕਿ ਸਿੰਘਾਂ ਨੇ ਅਹਿਮਦ ਸ਼ਾਹ ਅਤੇ ਉਸ ਦੀ ਦੁੱਰਾਨੀ ਅਤੇ ਬਲੋਚੀ ਫੌਜਾਂ ਦੀ ਤਾਕਤ ਦਾ ਜਾਦੂ ਤੋੜ ਦਿੱਤਾ ਹੈ ਅਤੇ ਛਾਪੇ ਮਾਰ ਮਾਰ ਕੇ ਉਸ ਦਾ ਪਿੱਛਾ ਅਤੇ ਪਾਸੇ ਭੰਨ ਦਿੱਤੇ ਹਨ। ਇਸ ਨਾਲ ਇਨ੍ਹਾਂ ਸਾਰਿਆਂ ਦੇ ਮਨ ਬਦਲ ਗਏ ਅਤੇ ਇਨ੍ਹਾਂ ਨੇ ਸ਼ਾਹ ਨਾਲ ਰਲਣ ਦਾ ਖਿਆਲ ਛੱਡ ਦਿੱਤਾ।

ਅਹਿਮਦ ਸ਼ਾਹ ਸ਼ਾਹਬਾਦ ਦੇ ਦੱਖਣ ਨੂੰ ਇਸਮਾਈਲਾਬਾਦ ਉਤਰਿਆ ਹੋਇਆ ਸੀ ਕਿ ਹਿੰਦੁਸਤਾਨੀ ਰਾਜਿਆਂ ਅਤੇ ਹੋਰਨਾਂ ਦੇ ਵਕੀਲਾਂ ਨੇ ਸ਼ਾਹ ਪਾਸ ਅਰਜ਼ ਕੀਤੀ ਕਿ ਜੇ ਹਜ਼ੂਰ ਏਥੋਂ ਅੱਗੇ ਨਾ ਜਾਣ ਤਾਂ ਚੰਗਾ ਹੈ। ਇਹ ਸੁਣ ਕੇ ਸ਼ਾਹ ਨੂੰ ਗੁੱਸਾ ਚੜ੍ਹ ਗਿਆ ਅਤੇ ਕਹਿਣ ਲੱਗਾ ਕਿ ਮੈਂ ਬੜੀ ਛੇਤੀ ਦਿੱਲੀ ਪਹੁੰਚਾਂਗਾ। ਇਹ ਸੁਣ ਕੇ ਨਜੀਬੁੱਦੌਲਾ ਨੇ ਬੇਨਤੀ ਕੀਤੀ ਕਿ "ਜੇ ਹਜ਼ੂਰ ਨੇ ਜ਼ਰੂਰ ਹੀ ਦਿੱਲੀ ਜਾਣਾ ਹੈ ਤਾਂ ਚੰਗੀ ਗੱਲ, ਪਰ ਹਜ਼ੂਰ ਦੀ ਫੌਜ ਦੇ ਅੱਗੇ ਵਧਣ ਨਾਲ ਲੋਕਾਂ ਵਿਚ ਆਮ ਭਾਜੜ ਪੈ ਜਾਏਗੀ, ਸਾਰੇ ਸ਼ਹਿਰ ਅਤੇ ਪਿੰਡ

ਖਾਲੀ ਹੋ ਜਾਣਗੇ ਅਤੇ ਖਾਣ ਪੀਣ ਨੂੰ ਕੁਝ ਨਹੀਂ ਮਿਲੇਗਾ। ਮੈਂ ਸਾਰਿਆਂ ਵੱਲੋਂ ਆਪ ਹਜ਼ੂਰ ਦੀ ਸੇਵਾ ਵਿਚ ਹਾਜ਼ਰ ਹਾਂ। ਪਰ ਜੇ ਫਿਰ ਭੀ ਹਜ਼ੂਰ ਨੇ ਸੱਚ ਮੁਚ ਦਿੱਲੀ ਜਾਣਾ ਹੀ ਹੈ, ਤਾਂ ਮੇਰੀ ਅਰਜ਼ ਹੈ ਕਿ ਪਹਿਲਾਂ ਮੈਨੂੰ ਹਜ਼ੂਰ ਕਤਲ ਕਰ ਦੇਣ ਅਤੇ ਪਿੱਛੋਂ ਜੋ ਮਰਜ਼ੀ ਹੋਵੇ ਸੋ ਕਰਨ। ਸ਼ਾਹ ਬੜਾ ਸਾਫ਼ ਦਿਮਾਗ਼ ਆਦਮੀ ਸੀ। ਝੱਟ ਸਾਰੀ ਗੱਲ ਤਾੜ ਗਿਆ, ਅਤੇ ਇਸ ਵਿਰੋਧ ਦੇ ਹੁੰਦੇ ਹੋਏ ਉਸ ਨੇ ਦਿੱਲੀ ਵੱਲ ਨੂੰ ਜਾਣਾ ਜੋਗ ਨਾ ਸਮਝਿਆ। ਅਤੇ ਏਥੋਂ ਹੀ ਵਾਪਸ ਅਫ਼ਗਾਨਿਸਤਾਨ ਨੂੰ ਮੁੜ ਜਾਣ ਦਾ ਮਨ ਬਣਾ ਲਿਆ। 17 ਮਾਰਚ, ਸੰਨ 1767, ਨੂੰ ਸ਼ਾਹ ਇਸਮਾਈਲਾਬਾਦ ਤੋਂ ਪਿੱਛੇ ਨੂੰ ਮੁੜ ਪਿਆ ਅਤੇ 18 ਨੂੰ ਅੰਬਾਲੇ ਪਹੁੰਚਿਆ ਅਤੇ ਉਥੋਂ ਸਰਹੰਦ ਨੂੰ ਕੂਚ ਕਰ ਦਿੱਤਾ।

[ਕੈਲੰਡਰ, ਦੂਸਰਾ, 213, 294; ਤੀਸਰਾ, ਭੂਮਿਕਾ, 15; ਦਿੱਲੀ ਕਰਾਨੀਕਲ]

## ਰਾਜਾ ਅਮਰ ਸਿੰਘ ਨੂੰ ਰਾਜਗੀ

ਨਜੀਬੁੱਦੌਲਾ ਅਹਿਮਦ ਸ਼ਾਹ ਦੇ ਨਾਲ ਹੀ ਸਰਹੰਦ ਆਇਆ ਅਤੇ ਦੋ ਲੱਖ ਰੁਪਇਆ ਸ਼ਾਹ ਦੀ ਨਜ਼ਰ ਕੀਤਾ। ਸ਼ਾਹ ਨੇ ਪਰਸੰਨ ਹੋ ਕੇ ਸਰਹੰਦ ਦੀ ਫ਼ੌਜਦਾਰੀ ਨਜੀਬ ਦੇ ਪੁੱਤਰ ਜ਼ਾਬਿਤਾ ਖ਼ਾਨ ਨੂੰ ਦੇ ਦਿੱਤੀ। ਸਰਹੰਦ ਦੀ ਮਾਲਕੀ ਰਾਜਾ ਅਮਰ ਸਿੰਘ ਦੀ ਸੀ। ਸ਼ਾਹ ਨੇ ਉਸ ਪਾਸੋਂ ਬਾਬਾ ਆਲਾ ਸਿੰਘ ਦੇ ਵੇਲੇ ਦੀ ਬਕਾਇਆ ਰਕਮ ਵਜੋਂ ਨੌ ਲੱਖ ਰੁਪਇਆ ਮੰਗਿਆ। ਇਥੇ ਹੀ ਨਜੀਬ ਨੇ ਗੱਲ ਗੱਲ ਵਿਚ ਰਾਜਾ ਅਮਰ ਸਿੰਘ ਨੂੰ ਕਿਹਾ : "ਪਟਿਆਲੇ ਦਾ ਕਿਲਾ ਕੀ ਹੈ? ਮੈਂ ਤੈਨੂੰ ਨਜੀਬਾਬਾਦ ਵਿਚ ਆਪਣਾ ਕਿਲਾ ਪੱਥਰ ਗੜ੍ਹ ਵਿਖਾਵਾਂਗਾ। ਅਮਰ ਸਿੰਘ ਨੂੰ ਖੁੜਕੀ ਕਿ ਸ਼ਾਇਦ ਨਜੀਬ ਦੀ ਨੀਅਤ ਉਸ ਨੂੰ ਕੈਦ ਕਰ ਕੇ ਨਜੀਬਾਬਾਦ ਲੈ ਜਾਣ ਦੀ ਹੈ। ਇਸ ਗੱਲ ਦਾ ਪਤਾ ਜਦ ਅਮਰ ਸਿੰਘ ਦੀ ਦਾਦੀ ਰਾਣੀ ਫੱਤੋ (ਫਤਿਹ ਕੌਰ) ਨੂੰ ਲੱਗਾ ਤਾਂ ਉਹ ਚੁਪ ਕਰੀਤੇ ਹੀ ਸ਼ਾਹ ਦੇ ਵੱਡੇ ਵਜ਼ੀਰ ਸ਼ਾਹ-ਵਲੀ ਖ਼ਾਨ ਨੂੰ ਮਿਲੀ ਅਤੇ ਕੁਝ ਤੋਹਫ਼ੇ ਨਜ਼ਰ ਵਜੋਂ ਪੇਸ਼ ਕਰ ਕੇ ਉਸ ਪਾਸੋਂ ਅਮਰ ਸਿੰਘ ਲਈ ਸਹਾਇਤਾ ਮੰਗੀ। ਇਸ ਦਾ ਨਤੀਜਾ ਇਹ ਹੋਇਆ ਕਿ ਦੂਸਰੇ ਦਿਨ ਸਵੇਰੇ ਹੀ ਅਹਿਮਦ ਸ਼ਾਹ ਨੇ ਅਮਰ ਸਿੰਘ ਨੂੰ ਨਾ ਕੇਵਲ ਸਰਹੰਦ ਦੀ ਹਕੂਮਤ ਅਤੇ ਰਾਜਾਇ-ਰਾਜਗਾਨ ਦੀ ਪਦਵੀ ਹੀ ਦੇ ਦਿੱਤੀ ਬਲਕਿ ਅਹਿਮਦ ਸ਼ਾਹ ਦੇ ਨਾਉਂ ਪਰ ਆਪਣਾ ਸਿੱਕਾ ਚਲਾਉਣ ਦੀ ਭੀ ਆਗਿਆ ਦੇ ਦਿੱਤੀ।

[ਕੈਲੰਡਰ, ਦੂਸਰਾ, 310; *ਤਾਰੀਖ਼ ਹੁਸੈਨ ਸ਼ਾਹੀ*, 67-8; ਖ਼ੁਸ਼ਵਕਤ ਰਾਇ, 115-ਅ]

ਰਾਜਾ ਅਮਰ ਸਿੰਘ ਨੇ ਸ਼ਾਹ-ਵਲੀ ਖ਼ਾਨ ਦੇ ਧੰਨਵਾਦ ਵਜੋਂ ਉਸ ਦੀ ਖ਼ੇਲ ਦਾ ਨਾਉਂ 'ਬਾਮੇਜ਼ਈ' ਆਪਣੀ ਮੋਹਰ ਪਰ ਆਪਣੇ ਨਾਉਂ ਦੇ ਨਾਲ ਲਾ ਲਿਆ ਅਤੇ ਜੋ ਸਿੱਕੇ ਜਾਰੀ ਕੀਤੇ ਉਨ੍ਹਾਂ ਪਰ ਉਹ ਹੀ ਅੱਖਰ ਉਕਰੇ ਗਏ ਜੋ ਅਹਿਮਦ ਸ਼ਾਹ ਦੇ ਸਿੱਕਿਆਂ ਪਰ ਸਨ :

حُکم شُد از قادرِ بیچوں بہ احمد پادشاہ
بسکّہ زن بر سیم و زر از اوجِ ماہی تا بماہ

Sri Satguru Jagjit Singh Ji eLibrary

ਹੁਕਮ ਸ਼ੁਦ ਅਜ ਕਾਦਿਰਿ ਬੇਚੂੰ ਬ-ਅਹਿਮਦ ਪਾਦਸ਼ਾਹ
ਸਿੱਕਾ ਜ਼ਨ ਬਰ ਸੀਮੋ ਜ਼ਰ ਅਜ ਔਜਿ ਮਾਹੀ ਤਾ ਬ-ਮਾਹ

ਅਰਥਾਤ—

ਹੁਕਮ ਹੋਇਆ ਅਲੱਖ ਕਰਤਾ-ਪੁਰਖ ਵੱਲੋਂ ਪਾਦਸ਼ਾਹ ਅਹਿਮਦ ਨੂੰ
(ਕਿ) ਮੱਛੀ (ਦੀ ਪਿੱਠ) ਉਪਰੋਂ ਚੰਦਰਮਾ ਤੀਕ (ਅਰਥਾਤ ਪਾਤਾਲ ਤੋਂ ਆਕਾਸ਼ ਤਕ)
ਚਾਂਦੀ ਅਤੇ ਸੋਨੇ ਦਾ ਸਿੱਕਾ ਚਲਾਓ।

ਚਾਂਦੀ ਅਤੇ ਸੋਨੇ ਦੇ ਇਹ ਸਿੱਕੇ ਮਹਾਰਾਜਾ ਅਮਰ ਸਿੰਘ ਦੇ ਵੇਲੇ ਤੋਂ ਲੈ ਕੇ ਹੁਣ ਤਕ ਪਟਿਆਲੇ ਦੇ ਮਹਾਰਾਜਿਆਂ ਦੇ ਗੱਦੀ ਪਰ ਬੈਠਣ ਵੇਲੇ ਇਕ ਰਸਮ ਦੇ ਤੌਰ ਤੇ ਜਾਰੀ ਹੁੰਦੇ ਰਹੇ ਹਨ ਅਤੇ ਆਖਰੀ ਸਿੱਕਾ ਸੰਨ 1938 ਵਿਚ ਮਹਾਰਾਜਾ ਯਾਦਵਿੰਦਰ ਸਿੰਘ ਦੇ ਗੱਦੀ ਬੈਠਣ ਵੇਲੇ ਜਾਰੀ ਹੋਇਆ ਸੀ।

**ਅਹਿਮਦ ਸ਼ਾਹ ਦੀ ਅਫ਼ਗਾਨਿਸਤਾਨ ਨੂੰ ਵਾਪਸੀ (ਮਈ-ਜੂਨ 1767)**

ਸ਼ਾਹ ਸਰਹੰਦੋਂ ਚੱਲ ਕੇ 23 ਮਾਰਚ, 1767, ਨੂੰ ਸਤਲੁਜ ਦੇ ਕੰਢੇ ਮਾਛੀਵਾੜੇ ਪੁੱਜਾ। ਇੱਥੇ ਟਿਕਿਆ ਹੋਇਆ ਸ਼ਾਹ ਦੁਆਬੇ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਸੋਚਾਂ ਵਿਚ ਪੈ ਗਿਆ ਕਿ ਅੱਗੇ ਚੱਲ ਕੇ ਖਾਲਸੇ ਨਾਲ ਕਿਵੇਂ ਨਿਬੜੇਗੀ। ਪਿਛਲੇ ਹੱਲੇ ਵੇਲੇ ਦਾ ਸ਼ਾਹ ਦਾ ਤਜਰਬਾ ਬੜਾ ਕੌੜਾ ਸੀ। ਸੱਤਾਂ ਅੱਠਾਂ ਦਿਨਾਂ ਵਿਚ ਸਿੰਘਾਂ ਨੇ ਦੁਆਬੇ ਵਿਚ ਰੋਜ਼ ਹੱਲੇ ਕਰ ਕੇ ਉਸ ਦੀ ਉਹ ਹਾਲਤ ਕਰ ਦਿੱਤੀ ਸੀ ਕਿ ਉਸ ਨੂੰ ਅੰਮ੍ਰਿਤਸਰ ਅਤੇ ਲਾਹੌਰ ਵੜਨ ਦਾ ਹੌਸਲਾ ਨਹੀਂ ਸੀ ਪਿਆ। ਇਸ ਵਾਰੀ ਸ਼ਾਹ ਨੇ ਸਿੰਘਾਂ ਨਾਲ ਸੁਲਾਹ ਕਰਨ ਦੇ ਜਤਨ ਭੀ ਕਰ ਵੇਖੇ ਸਨ। ਨਾ ਹੀ ਸਰਦਾਰ ਲਹਿਣਾ ਸਿੰਘ ਭੰਗੀ ਮੰਨਿਆ ਸੀ, ਅਤੇ ਨਾ ਹੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਹੋਰ ਕੋਈ ਸਿੰਘ—ਇੱਥੇ ਤਕ ਕਿ ਸਿੰਘ ਸਰਦਾਰਾਂ ਵਿਚੋਂ ਕੋਈ ਉਸ ਨਾਲ ਸਿੱਧੇ ਮੂੰਹ ਗੱਲ ਕਰਨ ਲਈ ਭੀ ਤਿਆਰ ਨਹੀਂ ਸੀ ਹੋਇਆ। ਸਿੰਘ ਆਪਣੀ ਆਜ਼ਾਦੀ ਲਈ ਕਿਸੇ ਅੱਗੇ ਹੱਥ ਅੱਡਣ ਜਾਂ ਸਿਰ ਨੀਵਾਂ ਕਰਨ ਨੂੰ ਆਪਣੀ ਕੌਮ ਦੀ ਨਿਰਾਦਰੀ ਸਮਝਦੇ ਸਨ। ਰਾਜ ਉਨ੍ਹਾਂ ਨੂੰ ਗੁਰੂ ਨੇ ਬਖ਼ਸ਼ਿਆ ਹੋਇਆ ਸੀ, ਜੋ ਗੱਲ ਅਟੱਲ ਸੀ। ਇਹ ਉਨ੍ਹਾਂ ਦਾ ਪੱਕਾ ਨਿਸ਼ਚਾ ਸੀ। ਉਹ ਕਿਸੇ ਮੁਗਲ ਜਾਂ ਦੁੱਰਾਨੀ ਪਾਸੋਂ ਲਿਖਵਾ ਕੇ ਕੀ ਲੈਣ। ਕੀ ਇਹ ਫ਼ਾਨੀ ਲੋਕ ਜੁਗੋ ਜੁਗ ਅਟੱਲ ਗੁਰੂ ਨਾਲੋਂ ਵੱਡੇ ਹਨ? ਉਹ ਅਕਾਲ ਪੁਰਖ ਦੇ ਸੇਵਕ ਸਿੰਘ ਇਨ੍ਹਾਂ ਚਾਰ ਦਿਹਾੜੇ ਦੇ ਬਾਦਸ਼ਾਹਾਂ ਅਤੇ ਹਾਕਮਾਂ ਨੂੰ ਤੁਛ ਸਮਝਦੇ ਸਨ। ਇਸ ਲਈ ਉਹ ਕਿਸੇ ਦੀ ਈਨ ਮੰਨਣ ਨੂੰ ਮਨਾਏ ਨਹੀਂ ਸਨ ਜਾ ਸਕਦੇ।

ਸ਼ਾਹ ਮਾਛੀਵਾੜੇ ਆਪਣੇ ਭਵਿਖ ਦੀ ਉਧੇੜ-ਬੁਣ ਵਿਚ ਡੁਬਾ ਹੋਇਆ ਸੀ ਕਿ ਅੰਮ੍ਰਿਤਸਰ ਵੱਲੋਂ ਅਪਰੈਲ ਦੇ ਪਹਿਲੇ ਹਫ਼ਤੇ ਖਬਰ ਪੁੱਜੀ ਕਿ ਇਸ ਸਾਲ ਦੀ 10 ਅਪਰੈਲ ਸੰਨ 1767 ਨੂੰ ਵਸਾਖੀ ਦੇ ਮੇਲੇ ਲਈ ਸਵਾ ਲੱਖ ਦੇ ਕਰੀਬ ਖਾਲਸੇ ਇਕੱਠੇ ਹੋ ਰਹੇ ਸਨ ਅਤੇ ਲੜਾਈ ਲਈ ਪੂਰੀ ਤਰ੍ਹਾਂ ਸਾਮਾਨ ਸਮੱਗ੍ਰੀ ਨਾਲ ਤਿਆਰ ਹਨ। ਅਹਿਮਦ ਸ਼ਾਹ

Sri Satguru Jagjit Singh ji eLibrary

ਇਕ ਸੂਝਵਾਨ ਬੰਦਾ ਸੀ। ਉਹ ਬੇ-ਸੋਚੇ ਸਮਝੇ ਗੁੱਸੇ ਵਿਚ ਆ ਕੇ ਕੋਈ ਅਜਿਹੀ ਗੱਲ ਨਹੀਂ ਸੀ ਕਰਦਾ ਜਿਸ ਨਾਲ ਉਸ ਨੂੰ ਸਪਸ਼ਟ ਨੁਕਸਾਨ ਹੁੰਦਾ ਦਿਸਦਾ ਹੋਵੇ। ਉਸ ਲਈ ਅਫ਼ਗਾਨਾਂ ਦੀਆਂ ਜਾਨਾਂ ਇਤਨੀਆਂ ਸਸਤੀਆਂ ਨਹੀਂ ਸਨ ਕਿ ਅਜਾਈਂ ਜ਼ਾਇਆ ਕੀਤੀਆਂ ਜਾਣ। ਉਸ ਨੂੰ ਪਤਾ ਸੀ ਕਿ ਇਸ ਵੇਲੇ ਖਾਲਸਿਆਂ ਦਾ ਰਵੱਈਆ ਬੜਾ ਸਖ਼ਤ ਹੈ ਅਤੇ ਵਸਾਖੀ ਦੇ ਮੌਕੇ ਤੇ ਉਨ੍ਹਾਂ ਪਾਸ ਬੰਦੇ ਭੀ ਜ਼ਿਆਦਾ ਹੋਣਗੇ ਅਤੇ ਉਨ੍ਹਾਂ ਦੇ ਹੱਲੇ ਭੀ ਬੜੇ ਸਖ਼ਤ ਅਤੇ ਮਾਰੂ ਹੋਣਗੇ। ਇਸ ਕਰਕੇ ਉਸ ਨੇ ਦੋ ਕੁ ਮਹੀਨੇ ਸਤਲੁਜ ਦੇ ਦੱਖਣੀ ਕੰਢੇ ਹੀ ਰੁਕੇ ਰਹਿਣ ਦਾ ਫੈਸਲਾ ਕਰ ਲਿਆ।

11 ਮਈ ਨੂੰ ਨਜੀਬੁੱਦੌਲਾ ਸ਼ਾਹ ਪਾਸੋਂ ਛੁੱਟੀ ਲੈ ਕੇ ਘਰ ਨੂੰ ਮੁੜ ਪਿਆ। ਇਸ ਵੇਲੇ ਖਾਲਸਾ ਜੀ ਦੀ ਇਕ ਫੌਜ ਨੇ ਨਜੀਬ ਦੇ ਇਲਾਕੇ ਉੱਤੇ ਜਾ ਧਾਵਾ ਬੋਲਿਆ। ਉਨ੍ਹਾਂ ਦਾ ਮਤਲਬ ਕੇਵਲ ਇਤਨਾ ਹੀ ਸੀ ਕਿ ਨਜੀਬੁੱਦੌਲਾ ਦੇ ਸਾਰੇ ਬੰਦੇ ਆਪਣੇ ਇਲਾਕੇ ਦੀ ਰਾਖੀ ਲਈ ਚਲੇ ਜਾਣ ਅਤੇ ਸ਼ਾਹ ਦੀ ਪੰਜਾਬ ਵਿਚ ਦੀ ਅਫ਼ਗਾਨਿਸਤਾਨ ਨੂੰ ਵਾਪਸੀ ਵੇਲੇ ਕੋਈ ਜਾਣਕਾਰ ਹਿੰਦੁਸਤਾਨੀ ਆਗੂਆ ਨਾ ਰਹਿ ਜਾਵੇ। ਸਿੰਘਾਂ ਨੇ ਅੰਬੇਹਟਾ ਅਤੇ ਨਾਨੋਤਾ ਜਾ ਮਾਰਿਆ ਅਤੇ ਉਥੋਂ ਸ਼ਾਮਲੀ ਅਤੇ ਮੇਰਠ ਵੱਲ ਨੂੰ ਹੋ ਪਏ। ਨਜੀਬੁੱਦੌਲਾ ਨੇ ਜਦ ਸਿੰਘਾਂ ਦਾ ਪੂਰੀ ਤਰ੍ਹਾਂ ਟਾਕਰਾ ਨਾ ਹੁੰਦਾ ਦੇਖਿਆ ਤਾਂ ਸ਼ਾਹ ਪਾਸ ਸਹਾਇਤਾ ਲਈ ਬੇਨਤੀ ਕੀਤੀ। ਸ਼ਾਹ ਨੇ ਨਜੀਬ ਦੇ ਪੁੱਤਰ ਜ਼ਾਬਿਤਾ ਖ਼ਾਨ ਦੇ ਨਾਲ ਜਹਾਨ ਖ਼ਾਨ ਨੂੰ ਅੱਠ ਹਜ਼ਾਰ ਫੌਜ ਦੇ ਕੇ ਭੇਜਿਆ ਅਤੇ ਉਹ ਤਿੰਨਾਂ ਦਿਨਾਂ ਵਿਚ 180 ਮੀਲ ਦਾ ਪੰਧ ਮਾਰ ਕੇ ਸ਼ਾਮਲੀ ਪੁੱਜੇ। ਪਰ ਸਿੰਘਾਂ ਨੂੰ ਭੀ ਸੂਹ ਮਿਲ ਗਈ ਸੀ, ਇਸ ਲਈ ਉਹ 19 ਮਈ ਨੂੰ ਉਨ੍ਹਾਂ ਦੇ ਪੁੱਜਣ ਤੋਂ ਚਾਰ ਘੜੀਆਂ ਪਹਿਲਾਂ ਹੀ ਜਮੁਨਾ ਪਾਰ ਕਰ ਕੇ ਪੰਜਾਬ ਵੱਲ ਹਟ ਗਏ। ਹੁਣ ਉਨ੍ਹਾਂ ਦਾ ਮਤਲਬ ਪੂਰਾ ਹੋ ਗਿਆ ਸੀ ਅਤੇ ਨਜੀਬ ਦੇ ਬੰਦੇ ਸ਼ਾਹ ਦੇ ਕੈਂਪ ਚੋਂ ਵਾਪਸ ਆ ਗਏ ਸਨ।

ਜਦ ਸੱਤਾਂ ਕੁ ਦਿਨਾਂ 'ਚ ਜਹਾਨ ਖ਼ਾਨ ਵਾਪਸ ਮੁੜ ਗਿਆ ਤਾਂ ਸ਼ਾਹ ਨੇ ਅਫ਼ਗ਼ਾਨਿਸਤਾਨ ਨੂੰ ਚਾਲੇ ਪਾਏ ਅਤੇ ਖਾਲਸਾ ਜੀ ਨਾਲ ਮੱਥਾ ਲਾਉਣ ਤੋਂ ਡਰਦਾ ਹੋਸ਼ਿਆਰਪੁਰ, ਜਾਲੰਧਰ, ਅੰਮ੍ਰਿਤਸਰ ਜਾਂ ਗੋਇੰਦਵਾਲ, ਤਰਨਤਾਰਨ, ਨੂਰ ਦੀ ਸਰਾਇ ਅਤੇ ਲਾਹੌਰ ਦੇ ਰਸਤੇ ਛੱਡ ਕੇ ਕਸੂਰ, ਪਾਕਪਟਨ ਅਤੇ ਮੁਲਤਾਨ ਦੇ ਰਸਤੇ ਕੰਧਾਰ ਨੂੰ ਚਲਾ ਗਿਆ।

[ਨਜੀਬੁੱਦੌਲਾ (ਰਸ਼ੀਦ), 121-23; *ਤਹਿਮਾਸ ਨਾਮਾ* (ਰਾਓ), 116.
ਸਰਕਾਰ, ਫ਼ਾਲ, ਦੂਸਰੀ, 498-99]

## ਖਾਲਸਾ ਜੀ ਨੇ ਮੁੜ ਪੰਜਾਬ ਪਰ ਕਬਜ਼ਾ ਕਰ ਲਿਆ

ਸਰਦਾਰ ਜੱਸਾ ਸਿੰਘ ਦੀ ਅਗਵਾਈ ਵਿਚ ਖਾਲਸਾ ਜੀ ਨੇ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਸਨ ਕਿ ਅਹਿਮਦ ਸ਼ਾਹ ਮੁੜ ਪੰਜਾਬ ਵਿਚ ਆਪਣੀ ਹਕੂਮਤ ਦਾ ਕੋਈ ਹੱਕ ਜਮਾਉਣ ਦਾ ਖਿਆਲ ਛਡ ਕੇ ਪੰਜਾਬ ਦੀ ਰਾਜਧਾਨੀ ਲਾਹੌਰ, ਅਤੇ ਗੁਜਰਾਂਵਾਲਾ, ਗੁਜਰਾਤ, ਰੋਹਤਾਸ ਆਦਿ ਸਭ ਅਸਥਾਨ ਸਿੰਘਾਂ ਦੇ ਕਬਜੇ ਵਿਚ ਛਡ ਕੇ ਨਿਰਾਸ ਮੁੜ

Sri Satguru Jagjit Singh Ji eLibrary

ਗਿਆ। ਜਾਲੰਧਰ ਦੁਆਬ ਅਤੇ ਮਾਝੇ ਵਿਚ ਤਾਂ ਸਿੰਘ ਅੱਗੇ ਹੀ ਬੈਠੇ ਰਹੇ ਸਨ। ਰਿਆੜਕੀ ਵਿਚ ਭੀ ਮਾਮੂਲੀ ਹਿਲਜੁਲ ਹੀ ਹੋਈ ਸੀ। ਕੇਵਲ ਲਾਹੌਰ ਵਿਚ ਹੀ ਸ਼ਾਹ ਨੇ ਆਪਣਾ ਹਾਕਮ ਬਿਠਾਇਆ ਸੀ ਜੋ ਸਿੰਘਾਂ ਦੇ ਆਉਣ ਪਰ ਹੁਣ ਉਠ ਗਿਆ।

ਜਦ ਸਿੰਘ ਸਰਦਾਰ ਗੁੱਜਰ ਸਿੰਘ, ਲਹਿਣਾ ਸਿੰਘ ਅਤੇ ਸੋਭਾ ਸਿੰਘ ਸ਼ਾਲਾਮਾਰ ਬਾਗ਼ ਪਾਸ ਲਾਹੌਰ ਜਾ ਪੁਜੇ ਤਾਂ ਸ਼ਾਹ ਵੱਲੋਂ ਨਿਯਤ ਨਾਮ-ਮਾਤਰ ਹਾਕਮ ਦਾਦਨ ਖ਼ਾਨ ਨੇ ਲਾਹੌਰ ਦੇ ਪਤਵੰਤੇ ਸ਼ਹਿਰੀਆਂ ਪਾਸੋਂ ਸਲਾਹ ਪੁੱਛੀ ਕਿ ਹੁਣ ਕੀ ਕਰਨਾ ਚਾਹੀਦਾ ਹੈ। ਉਨ੍ਹਾਂ ਸਾਰਿਆਂ ਇਕ ਜ਼ਬਾਨ ਹੋ ਕੇ ਕਿਹਾ ਕਿ ਰੱਈਅਤ ਸਿੰਘਾਂ ਦੀ ਹਕੂਮਤ ਤੋਂ ਬੜੀ ਖ਼ੁਸ਼ ਅਤੇ ਰਾਜ਼ੀ ਹੈ, ਤੂੰ ਕੋਈ ਰੋਕ ਪਾ ਕੇ ਮੁਸੀਬਤ ਦੇ ਮੂੰਹ ਵਿਚ ਕਿਉਂ ਆਉਂਦਾ ਹੈਂ ? ਅਸੀਂ ਤੇਰੀ ਉਨ੍ਹਾਂ ਨਾਲ ਮੁਲਾਕਾਤ ਕਰਾ ਕੇ ਤੇਰੇ ਗੁਜ਼ਾਰੇ ਦਾ ਪ੍ਰਬੰਧ ਕਰ ਦਿੰਦੇ ਹਾਂ। ਚੁਨਾਂਚਿ ਜਦ ਦਾਦਨ ਖ਼ਾਨ ਨੇ ਸ਼ਹਿਰੀ ਪਤਵੰਤਿਆਂ ਨਾਲ ਜਾ ਕੇ ਸਿੰਘ ਸਰਦਾਰਾਂ ਨਾਲ ਮੁਲਾਕਾਤ ਕੀਤੀ ਤਾਂ ਸਰਦਾਰਾਂ ਨੇ ਉਸ ਦੀ ਬੜੀ ਇੱਜ਼ਤ ਕੀਤੀ, ਅਤੇ ਸਾਰੇ ਇਕੱਠੇ ਇਕ ਸਲਾਹ ਹੋ ਕੇ ਸ਼ਹਿਰ ਵਿਚ ਦਾਖ਼ਲ ਹੋਏ। ਇਸ ਤਰ੍ਹਾਂ ਪੰਜਾਬ ਦੀ ਰਾਜਧਾਨੀ ਲਾਹੌਰ ਵਿਚ ਮੁੜ ਸਰਦਾਰ ਗੁੱਜਰ ਸਿੰਘ, ਲਹਿਣਾ ਸਿੰਘ ਅਤੇ ਸੋਭਾ ਸਿੰਘ ਦਾ ਕਬਜ਼ਾ ਹੋ ਗਿਆ ਅਤੇ ਉਨ੍ਹਾਂ ਨੇ ਦਾਦਨ ਖ਼ਾਨ ਦੇ ਗੁਜ਼ਾਰੇ ਲਈ ਵੀਹ ਰੁਪਏ ਰੋਜ਼ ਪਿਨਸ਼ਨ ਲਾ ਦਿੱਤੀ।

ਸਰਹੰਦ ਦੇ ਇਲਾਕੇ ਦਾ ਕਬਜ਼ਾ ਪਹਿਲੇ ਵਾਂਗੂੰ ਹੀ ਮਹਾਰਾਜਾ ਅਮਰ ਸਿੰਘ ਪਟਿਆਲੇ ਵਾਲੇ ਅਤੇ ਹੋਰ ਫੂਲਕੇ ਅਤੇ ਦੂਸਰੇ ਸਰਦਾਰਾਂ ਪਾਸ ਹੀ ਰਿਹਾ।

[ਅਲੀ-ਉ-ਦੀਨ, ਇਬਰਤਨਾਮਾ, 240-41; ਖ਼ੁਸ਼ਵਕਤ ਰਾਇ, 62-62]।

ਭਾਵੇਂ ਇਸ ਅੱਠਵੇਂ ਹੱਲੇ ਤੋਂ ਬਾਅਦ ਭੀ ਅਹਿਮਦ ਸ਼ਾਹ ਦੁੱਰਾਨੀ ਨੇ ਦੋ ਹੋਰ ਜਤਨ ਪੰਜਾਬ ਵਿਚ ਆਪਣੀ ਕਿਸਮਤ ਅਜ਼ਮਾਉਣ ਲਈ ਕੀਤੇ, ਪਰ ਅਸਲ ਵਿਚ ਇਸੇ ਨੂੰ ਹੀ ਉਸਦਾ ਅੰਤਮ ਹੱਲਾ ਸਮਝਣਾ ਚਾਹੀਦਾ ਹੈ। ਸੰਨ 1769 ਦੇ ਆਰੰਭ ਵਿਚ ਉਹ ਮੁਸ਼ਕਲ ਨਾਲ ਗੁਜਰਾਤ ਦੇ ਲਾਗੇ ਤਕ ਹੀ ਪੁੱਜ ਸਕਿਆ, ਅਤੇ ਸੰਨ 1771 ਵਿਚ ਇਹ ਕਾਗਜ਼ੀ ਲਿਖਾ-ਪੜ੍ਹੀ ਦੀ ਹੱਦੋਂ ਅੱਗੇ ਨਾ ਲੰਘਿਆ।

## "ਪਟਿਆਲੇ ਨੂੰ ਨਹੀਂ ਛੇੜਨਾ"—ਜੱਸਾ ਸਿੰਘ

ਪਿੱਛੇ ਅਸੀਂ ਦੱਸ ਆਏ ਹਾਂ ਕਿ ਅਠਵੇਂ ਹੱਲੇ ਵੇਲੇ ਅਹਿਮਦ ਸ਼ਾਹ ਨੇ ਜਤਨ ਕੀਤੇ ਸਨ ਕਿ ਖ਼ਾਲਸੇ ਉਸ ਨਾਲ ਸੁਲਾਹ ਕਰ ਲੈਣ। ਪਰ ਨਾ ਤਾਂ ਸਰਦਾਰ ਲਹਿਣਾ ਸਿੰਘ ਅਤੇ ਨਾ ਹੀ ਸਰਦਾਰ ਜੱਸਾ ਸਿੰਘ ਅਤੇ ਹੋਰ ਕੋਈ ਸਰਦਾਰ ਉਸ ਨਾਲ ਕਿਸੇ ਤਰ੍ਹਾਂ ਦੀ ਕੋਈ ਗੱਲ-ਬਾਤ ਕਰਨ ਨੂੰ ਤਿਆਰ ਹੋਇਆ ਸੀ। ਕੇਵਲ ਪਟਿਆਲੇ ਦੇ ਮਹਾਰਾਜਾ ਅਮਰ ਸਿੰਘ ਹੀ ਉਸ ਨੂੰ ਸਰਹੰਦ ਮਿਲੇ ਅਤੇ ਮਹਾਰਾਜਗੀ ਦਾ ਖ਼ਿਤਾਬ ਪ੍ਰਾਪਤ ਕੀਤਾ। ਇਹ ਗੱਲ ਸਿੰਘ ਸਰਦਾਰਾਂ ਨੂੰ ਚੰਗੀ ਨਾ ਲੱਗੀ। ਇਸ ਤੋਂ ਪਹਿਲਾਂ ਜਦ ਬਾਬਾ ਆਲਾ ਸਿੰਘ ਸ਼ਾਹ ਨੂੰ ਮਿਲੇ ਸਨ ਅਤੇ ਰਾਜਗੀ ਦੀਆਂ ਨਿਸ਼ਾਨੀਆਂ ਧੌਂਸਾ ਅਤੇ ਨਿਸ਼ਾਨ—ਤਬਲੋ ਅਲਮ—ਅਹਿਮਦ ਸ਼ਾਹ ਪਾਸੋਂ ਪਰਵਾਨ ਕਰ ਲਏ ਸਨ ਤਾਂ ਦਲ ਖ਼ਾਲਸੇ ਨੇ ਨਾਰਾਜ਼ ਹੋ

Sri Satguru Jagjit Singh Ji eLibrary

ਕੇ ਪਟਿਆਲੇ ਤੇ ਚੜ੍ਹਾਈ ਕਰ ਦਿੱਤੀ ਸੀ ਜਿਸ ਨੂੰ ਸਰਦਾਰ ਜੱਸਾ ਸਿੰਘ ਨੇ ਰਫ਼ਾ ਦਫ਼ਾ ਕਰ ਦਿੱਤਾ ਸੀ।

ਹੁਣ ਫੇਰ ਹਾਲਾਤ ਬਿਗੜਦੇ ਦਿਸ ਰਹੇ ਸਨ। ਦਲ ਨੇ ਪਰਤੱਖ ਤੌਰ ਤੇ ਤਾਂ ਪਟਿਆਲੇ ਦੇ ਵਿਰੁੱਧ ਕੋਈ ਕਾਰਵਾਈ ਨਾ ਕੀਤੀ ਪਰ ਕਈ ਸਰਦਾਰਾਂ ਦੇ ਦਿਲ ਵਿਚ ਮਹਾਰਾਜਾ ਅਮਰ ਸਿੰਘ ਦਾ ਸ਼ਾਹ ਨੂੰ ਜਾ ਕੇ ਮਿਲਨਾ ਰੜਕ ਜ਼ਰੂਰ ਰਿਹਾ ਸੀ। ਸੰਨ 1767 ਦੀ ਗਰਮੀ ਦੀ ਮੌਸਮ ਵਿਚ ਜਦ ਸਰਦਾਰ ਜੱਸਾ ਸਿੰਘ, ਸਰਦਾਰ ਬਘੇਲ ਸਿੰਘ ਕਰੋੜ-ਸਿੰਘੀਆ ਅਤੇ ਕੁਝ ਹੋਰ ਸਰਦਾਰ ਮਾਲਵੇ ਵਿਚ ਫਿਰਦੇ ਹੋਏ ਪਟਿਆਲੇ ਆਏ, ਤਾਂ ਮਹਾਰਾਜਾ ਅਮਰ ਸਿੰਘ ਇੱਥੇ ਨਹੀਂ ਸਨ। ਸਰਦਾਰ ਬਘੇਲ ਸਿੰਘ ਨੂੰ ਖਿਆਲ ਆਇਆ ਕਿ ਪਟਿਆਲੇ ਉੱਤੇ ਕਬਜ਼ਾ ਕਰ ਲੈਣ ਦਾ ਇਹ ਇਕ ਚੰਗਾ ਮੌਕਾ ਹੈ। ਇਸ ਪਰ ਸਰਦਾਰ ਜੱਸਾ ਸਿੰਘ ਨੇ ਕਿਹਾ ਕਿ "ਨਹੀਂ, ਪਟਿਆਲੇ ਨੂੰ ਨਹੀਂ ਛੇੜਨਾ"। ਸਰਦਾਰ ਦਾ ਖਿਆਲ ਸੀ ਕਿ ਜੋ ਕੁਝ ਹੋਣਾ ਸੀ, ਸੋ ਹੋ ਗਿਆ। ਖਾਲਸੇ ਦੇ ਹੁਣ ਤਕ ਦੇ ਸਾਰੇ ਜਤਨ ਅਹਿਮਦ ਸ਼ਾਹ ਅਤੇ ਉਸ ਦੇ ਨਿਯਤ ਕੀਤੇ ਪਰਦੇਸੀ ਹਾਕਮਾਂ ਪਾਸੋਂ ਦੇਸ਼ ਨੂੰ ਆਜ਼ਾਦ ਕਰਨ ਲਈ ਸਨ, ਜੋ ਸਫਲ ਹੋ ਚੁੱਕੇ ਸਨ। ਹੁਣ ਤਾਕਤ ਹੱਥ ਆ ਜਾਣ ਪਰ ਇਸ ਦੀ ਇਸ ਤਰ੍ਹਾਂ ਵਰਤੋਂ ਆਪਣੇ ਹੀ ਪਰਣਾਲੇ ਭੰਨਣ ਵਾਲੀ ਗੱਲ ਸੀ। ਪਟਿਆਲੇ ਦਾ ਘਰ ਗੁਰੂ ਦਾ ਵਰੋਸਾਇਆ ਹੋਇਆ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਪਟਿਆਲੇ ਦੇ ਵਡਿਕਿਆਂ ਭਾਈ ਤਲੋਕਾ ਅਤੇ ਭਾਈ ਰਾਮਾ ਦੇ ਨਾਉਂ ਆਪਣੇ 2 ਭਾਦੋਂ ਸੰਮਤ 1653 ਬਿ., 2 ਅਗਸਤ, ਸੰਨ 1696 ਈ., ਦੇ ਇਕ ਹੁਕਮਨਾਮੇ ਵਿਚ ਲਿਖਿਆ ਸੀ "ਤੇਰਾ ਘਰੁ ਮੇਰਾ ਹੈ...ਤੇਰਾ ਘਰੁ ਮੇਰਾ ਅਸੈ...ਤੇਰੇ ਉੱਤੇ ਅਸਾਡੀ ਖਰੀ ਮਿਹਰਵਾਨਗੀ ਅਸੈ"। ਇਸ ਕਰਕੇ ਇਸ ਤੇ ਚੜ੍ਹਾਈ ਜਾਂ ਕਬਜ਼ਾ ਕਰਨਾ ਸਰਦਾਰ ਜੱਸਾ ਸਿੰਘ ਦੇ ਖਿਆਲ ਵਿਚ ਜੋਗ ਨਹੀਂ ਸੀ।

ਮਹਾਰਾਜਾ ਅਮਰ ਸਿੰਘ ਨੂੰ ਜਿਸ ਵੇਲੇ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਸਰਦਾਰ ਜੱਸਾ ਸਿੰਘ ਦਾ ਬਹੁਤ ਧੰਨਵਾਦ ਕੀਤਾ ਅਤੇ ਸ਼ੁਕਰਾਨੇ ਵਜੋਂ ਈਸੜੂ ਦਾ ਪਰਗਨਾ ਉਨ੍ਹਾਂ ਦੀ ਭੇਟ ਕੀਤਾ। [*ਤਾਰੀਖਿ ਪਟਿਆਲਾ*, 74-5; ਹੁਕਮਨਾਮੇ ਨੰ. 43, ਪੰਨਾ 146-47]

ਅਧਿਆਇ ਸਤਾਈਵਾਂ

# ਜੱਟ, ਰੁਹੇਲੇ ਅਤੇ ਖਾਲਸਾ ਜੀ

---

## ਭਰਤਪੁਰੀਆਂ ਅਤੇ ਜੈਪੁਰੀਆਂ ਦਾ ਬਖੇੜਾ ਖ਼ਤਮ

ਰਾਜਾ ਜਵਾਹਰ ਸਿੰਘ ਪੁਸ਼ਕਰ ਤੀਰਥ ਤੋਂ ਮੁੜਿਆ ਆ ਰਿਹਾ ਸੀ ਕਿ ਸਵਾਈ ਮਾਧੋ ਸਿੰਘ ਜੈਪੁਰੀਏ ਨੇ ਆਪਣਾ ਵੈਰ ਕੱਢਣ ਲਈ ਨਾਰਨੌਲ ਤੋਂ 23 ਕੁ ਮੀਲ ਦੱਖਣ-ਲਹਿੰਦੇ ਨੂੰ ਮਾਉਂਡੇ ਤੇ 14 ਦਸੰਬਰ, ਸੰਨ 1767, ਨੂੰ ਹੱਲਾ ਕਰ ਕੇ ਉਸ ਦਾ ਕਾਫ਼ੀ ਨੁਕਸਾਨ ਕਰ ਦਿੱਤਾ ਸੀ ਅਤੇ ਉਹ ਮੁਸ਼ਕਲ ਨਾਲ ਬਚ ਕੇ ਜਾ ਸਕਿਆ ਸੀ। ਇਸ ਤੋਂ ਛੇਤੀ ਹੀ ਪਿੱਛੋਂ ਫਰਵਰੀ ਸੰਨ 1768 ਵਿਚ ਮਾਧੋ ਸਿੰਘ ਨੇ ਫੇਰ ਜੱਟਾਂ ਦੇ ਇਲਾਕੇ ਤੇ ਜਾ ਧਾਵਾ ਕੀਤਾ ਅਤੇ 29 ਫਰਵਰੀ ਨੂੰ ਕਾਮਾ ਦੀ ਲੜਾਈ ਵਿਚ ਜੱਟਾਂ ਨੂੰ ਭਜਾ ਦਿੱਤਾ, ਪਰ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨਾਲ ਜਦ ਦਲ-ਖਾਲਸਾ ਦੇ ਵੀਹ ਹਜ਼ਾਰ ਸਿੰਘ ਰਾਜਾ ਜਵਾਹਰ ਸਿੰਘ ਦੀ ਸਹਾਇਤਾ ਲਈ ਆ ਪੁਜੇ ਤਾਂ ਮਾਧੋ ਸਿੰਘ ਦੀ ਰਾਜਪੂਤ ਫੌਜ ਆਪਣੀ ਆਖਰੀ ਜਿੱਤ ਦੀ ਆਸ ਨਾ ਰਹਿਣ ਕਰਕੇ ਪਿੱਛੇ ਹਟ ਗਈ ਅਤੇ ਆਪਣੇ ਇਲਾਕੇ ਨੂੰ ਮੁੜ ਗਈ, ਅਤੇ ਇਸ ਤਰ੍ਹਾਂ ਜਵਾਹਰ ਸਿੰਘ ਦੀ ਖਲਾਸੀ ਹੋਈ। ਇਸ ਵੇਲੇ ਰਾਜਾ ਜਵਾਹਰ ਸਿੰਘ ਨੇ ਖਾਲਸਾ ਜੀ ਨੂੰ ਖਰਚ ਪੱਠੇ ਲਈ ਸਤ ਲੱਖ ਰੁਪਇਆ ਮਹੀਨਾ ਨਜ਼ਰਾਨਾ ਭੇਟ ਕੀਤਾ। [ਸਰਕਾਰ, ਫ਼ਾਲ, 477-80, 513-14, ਕਾਨੂਗੋ, ਜਾਟਸ, 213-15]। ਇਸ ਤੋਂ ਛੇਤੀ ਹੀ ਬਾਅਦ ਹਫ਼ਤੇ ਦੇ ਅੰਦਰ ਅੰਦਰ ਹੀ 6 ਮਾਰਚ ਸੰਨ 1768 ਨੂੰ ਰਾਜਾ ਮਾਧੋ ਸਿੰਘ ਦਾ ਦੇਹਾਂਤ ਹੋ ਗਿਆ ਅਤੇ ਚਾਰ ਪੰਜ ਮਹੀਨੇ ਪਿੱਛੋਂ ਜਵਾਹਰ ਸਿੰਘ ਭੀ ਕਤਲ ਹੋ ਗਿਆ। ਹੁਣ ਅੱਗੇ ਨੂੰ ਸਰਦਾਰ ਜੱਸਾ ਸਿੰਘ ਦੀ ਜ਼ਿੰਦਗੀ ਵਿਚ ਖਾਲਸਾ ਜੀ ਨੂੰ ਭਰਤਪੁਰ ਅਤੇ ਰਾਜਸਥਾਨ ਦੇ ਇਲਾਕਿਆਂ ਵਿਚ ਜਾਣ ਦੀ ਲੋੜ ਨਾ ਪਈ ਅਤੇ ਉਨ੍ਹਾਂ ਦਾ ਵਾਹ ਕੇਵਲ ਰੁਹੇਲਿਆਂ, ਦਿੱਲੀ ਦੇ ਅਹਿਲਕਾਰਾਂ ਅਤੇ ਮਰਾਠਿਆਂ ਨਾਲ ਹੀ ਪਿਆ।

## ਨਜੀਬੁੱਦੌਲਾ ਰੁਹੇਲਾ ਹਾਰ ਮੰਨ ਲਿਆ

ਸੰਨ 1767 ਦੀ ਦੀਵਾਲੀ (22 ਅਕਤੂਬਰ) ਤੋਂ ਬਾਅਦ ਖਾਲਸਾ ਜੀ ਸਿਆਲ ਦੇ ਮੌਸਮ ਵਿਚ ਪਾਣੀਪਤ ਦੇ ਇਲਾਕੇ ਵਿਚ ਜਾ ਉਤਰੇ। ਨਜੀਬੁੱਦੌਲਾ ਉਨ੍ਹਾਂ ਦੇ ਟਾਕਰੇ ਲਈ ਫੌਜ ਲੈ ਕੇ ਗਿਆ ਪਰ ਉਸ ਨੇ ਮਹਿਸੂਸ ਕੀਤਾ ਕਿ ਖਾਲਸਿਆਂ ਨੂੰ ਰੋਕ ਸਕਣਾ ਉਸ ਦੇ ਬਸ ਦੀ ਗੱਲ ਨਹੀਂ ਰਹੀ। ਨਜੀਬ ਦੇਖ ਰਿਹਾ ਸੀ ਕਿ ਜਿਨ੍ਹਾਂ ਨੇ ਸਰਹੰਦ ਪਰ ਕਬਜ਼ਾ ਕਰ

Sri Satguru Jagjit Singh eLibrary

ਲਿਆ ਹੈ ਅਤੇ ਲਾਹੌਰ ਭੀ ਲੈ ਲਿਆ ਹੈ ਅਤੇ ਸਾਰੇ ਪੰਜਾਬ ਤੇ ਰਾਜ ਜਮਾ ਕੇ ਆਪਣਾ ਸਿੱਕਾ ਜਾਰੀ ਕਰ ਦਿੱਤਾ ਹੈ, ਉਨ੍ਹਾਂ ਅੱਗੇ ਅੜਨਾ ਹੁਣ ਮੁਸ਼ਕਲ ਹੈ। ਕੋਈ ਵੱਡੀ ਗੱਲ ਨਹੀਂ ਕਿ ਜੇ ਹੱਲਾ ਕਰ ਕੇ ਦਿੱਲੀ ਨੂੰ ਆ ਪਏ ਤਾਂ ਇਥੇ ਭੀ ਕਬਜਾ ਕਰ ਲੈਣ। ਉਸ ਹਾਲਤ ਵਿਚ ਮੁਗ਼ਲਾਂ ਦੀ ਰਾਜਧਾਨੀ ਭੀ ਹੱਥੋਂ ਚਲੀ ਜਾਏਗੀ ਅਤੇ ਸ਼ਾਹਜ਼ਾਦਿਆਂ ਅਤੇ ਰਾਜ-ਮਾਤਾ ਮਲਿਕਾ ਜ਼ੀਨਤ ਮਹੱਲ ਦੀ ਰਾਖੀ ਕਰ ਸਕਣੀ ਸੰਭਵ ਨਹੀਂ ਰਹੇਗੀ। ਆਪਣੀ ਇਸ ਬੇ-ਬਸੀ ਦੀ ਹਾਲਤ ਵਿਚ ਨਜੀਬੁੱਦੌਲਾ ਨੇ ਬਾਦਸ਼ਾਹ ਸ਼ਾਹ ਆਲਮ ਦੂਸਰੇ ਨੂੰ ਅਲਾਹਾਬਾਦ ਲਿਖਿਆ :

> "ਇਸ ਘੜੀ ਤਕ ਮੈਂ ਨੌਜਵਾਨ ਸ਼ਾਹਜ਼ਾਦਿਆਂ ਅਤੇ ਰਾਜ-ਮਾਤਾ ਦੀ ਪੂਰੀ ਤਨਦੇਹੀ ਅਤੇ ਵਫ਼ਾਦਾਰੀ ਨਾਲ ਸੇਵਾ ਕੀਤੀ ਹੈ, ਪਰ ਹੁਣ ਉਨ੍ਹਾਂ ਦੀ ਰਾਖੀ ਲਈ ਜਿਤਨੇ ਸਾਹਸ ਦੀ ਲੋੜ ਹੈ ਉਹ ਮੇਰੇ ਪਾਸੋਂ ਹੋਰ ਨਹੀਂ ਹੋ ਸਕਦਾ। ਇਸ ਲਈ ਹਜ਼ੂਰ ਨੂੰ ਆਪਣੀ ਰਾਜਧਾਨੀ ਵਿਚ ਪੁੱਜ ਕੇ ਆਪਣੀ ਇੱਜ਼ਤ ਦੀ ਆਪ ਰਾਖੀ ਕਰਨੀ ਚਾਹੀਦੀ ਹੈ। ਹਜ਼ੂਰ ਦੇ ਇਸ ਦਾਸ ਦੀ ਸਪਸ਼ਟ ਬੇਨਤੀ ਹੈ ਕਿ ਹੁਣ ਬਦਲੇ ਹੋਏ ਹਾਲਤ ਵਿਚ ਉਹ ਆਪਣੀ ਸੇਵਾ ਨਿਭਾਉਣ ਦੇ ਜੋਗ ਨਹੀਂ।"

ਇਸੇ ਤਰ੍ਹਾਂ ਨਜੀਬੁੱਦੌਲਾ ਨੇ ਰਾਜਮਾਤਾ ਜ਼ੀਨਤ ਮਹੱਲ ਨੂੰ ਲਿਖਿਆ ਕਿ ਮੈਂ ਦਿੱਲੀ ਦੀ ਰਾਖੀ ਕਰ ਸਕਣ ਦੇ ਅਸਮਰਥ ਹਾਂ ਅਤੇ ਜੇ ਤੁਹਾਡੀ ਇੱਛਾ ਹੋਵੇ ਤਾਂ ਮੈਂ ਕਿਲੇ ਵਿਚ ਰਹਿ ਰਹੇ ਸਾਰੇ ਸ਼ਾਹੀ ਖ਼ਾਨਦਾਨ ਨੂੰ ਬਾਦਸ਼ਾਹ ਪਾਸ ਅਲਾਹਾਬਾਦ ਪਹੁੰਚਾ ਦਿਆਂਗਾ। ਸਿੱਖਾਂ ਦਾ ਜੋਰ ਜਿਆਦਾ ਪੈ ਗਿਆ ਹੈ ਅਤੇ ਮੈਂ ਹੁਣ ਆਪਣੀ ਰਾਖੀ ਕਰ ਸਕਣ ਜੋਗਾ ਭੀ ਨਹੀਂ ਹਾਂ। ਮੈਂ ਰਾਜਸੀ ਜੀਵਨ ਤੋਂ ਅੱਡ ਹੋ ਕੇ ਮੱਕੇ ਦੇ ਹੱਜ ਲਈ ਚਲਾ ਜਾਣਾ ਚਾਹੁੰਦਾ ਹਾਂ ਜਾਂ ਕਿਸੇ ਗੁਪਤ ਥਾਂ ਜਾ ਕੇ ਚੁਪ ਕਰੀਤੇ ਦਿਨ ਕਟੀ ਕਰ ਲੈਣਾ ਚਾਹੁੰਦਾ ਹਾਂ [ਸਰਕਾਰ, ਫ਼ਾਲ, 403-04]* । ਇਸ ਤਰ੍ਹਾਂ ਨਜੀਬੁੱਦੌਲਾ ਨੇ ਖੁਲ੍ਹਮ ਖੁਲ੍ਹਾ ਖਾਲਸਿਆਂ ਪਾਸੋਂ ਹਾਰ ਮੰਨ ਲਈ।

---

*...The Sikhs were year by year increasing in number and spirit. The final retreat of Ahmad Shah, practically beaten, in May 1767, had given them boundless courage. ...And now the dying Najib confessed himself beaten. It was only against an entire nation in arms, fired with all the energy of a newly risen...people...that he had at last to admit defeat. He had served his sovereign loyally and defended his capital and family as long as he could. But he now begged leave to resign a burden beyond his physical powers. He wrote to the Emperor Shah Alam :

> "Until this hour I have manifested the firmest devotion and loyalty to the young princes and ex-Empress [in Delhi Fort]. But I am no longer able to continue the support to them which is necessary for their protection. Let your Majesty advance to your capital and yourself defend your honour. Your vassal frankly represents that he is not equal to the charge in his present situation."

[Contd. on next page]

## ਨਜੀਬੁੱਦੌਲਾ ਨੇ ਜ਼ਾਬਿਤਾ ਖ਼ਾਨ ਨੂੰ ਪਗੜੀ ਦੇ ਦਿੱਤੀ (ਮਾਰਚ 1768)

ਨਜੀਬੁੱਦੌਲਾ ਵੱਲੋਂ ਬਾਦਸ਼ਾਹ ਸ਼ਾਹ ਆਲਮ ਅਤੇ ਰਾਜ-ਮਾਤਾ ਜ਼ੀਨਤ ਮਹਲ ਨੂੰ ਆਪਣੇ ਅਸਤੀਫੇ ਲਿਖ ਭੇਜਣੇ ਕੋਈ ਰਾਜਸੀ ਧਮਕੀ ਜਾਂ ਕੋਈ ਹੋਰ ਚਾਲਾਕੀ ਨਹੀਂ ਸੀ, ਬਲਕਿ ਉਹ ਸੱਚ ਮੁੱਚ ਹੀ ਇਹ ਸਮਝਦਾ ਸੀ ਕਿ ਸਿੰਘਾਂ ਦੀ ਵਧਦੀ ਜਾ ਰਹੀ ਤਾਕਤ ਦੇ ਸਾਹਮਣੇ ਖੜੋ ਸਕਦਾ ਉਸ ਲਈ ਸੰਭਵ ਨਹੀਂ ਰਿਹਾ। ਇਸ ਲਈ ਉਸ ਨੇ ਆਪਣੇ ਘਰ ਵਾਲਿਆਂ ਨਾਲ ਸਲਾਹ ਕਰ ਕੇ ਅਤੇ ਬੜੇ ਧਿਆਨ ਨਾਲ ਅੱਗਾ ਵਿਚਾਰ ਕੇ ਆਪਣੇ ਪੁੱਤਰ ਜ਼ਾਬਿਤਾ ਖ਼ਾਨ ਨੂੰ ਆਪਣੀ ਥਾਂ ਨਿਯਤ ਕਰ ਦਿੱਤਾ ਅਤੇ ਆਪਣੀ ਪਗੜੀ ਉਸ ਦੇ ਸਿਰ ਤੇ ਬੰਨ੍ਹ ਦਿੱਤੀ ਅਤੇ ਜੀਉਂਦੇ ਜੀ ਹੀ ਆਪਣੇ ਸਾਰੇ ਸਰਦਾਰੀ, ਰਾਜਸੀ, ਇਲਾਕਾਈ ਅਤੇ ਫੌਜੀ ਅਧਿਕਾਰ ਉਸ ਨੂੰ ਦੇ ਦਿੱਤੇ। ਬਾਹਰ ਦੀਆਂ ਤਾਕਤਾਂ ਨਾਲ ਸੰਬੰਧਾਂ ਵਿਚ ਭੀ ਉਸ ਨੂੰ ਪੂਰੀ ਪੂਰੀ ਖੁਲ੍ਹ ਦੇ ਦਿੱਤੀ ਅਤੇ ਜਾਬਿਤਾ ਖ਼ਾਨ ਨੂੰ ਕਹਿ ਦਿੱਤਾ ਕਿ ਸਿੱਖਾਂ ਨਾਲ, ਬਿਨਾਂ ਕਿਸੇ ਹੋਰ ਨੂੰ ਪੁੱਛਣ ਪਛਾਣ ਦੇ, ਸੁਲਾਹ ਜਾਂ ਲੜਾਈ ਨਾਲ ਜਿਵੇਂ ਉਸ ਦੀ ਮਰਜੀ ਹੋਵੇ ਫੈਸਲਾ ਕਰ ਲਵੇ। ਇਸ ਦੇ ਨਾਲ ਹੀ ਨਜੀਬ ਨੇ ਦਿੱਲੀ ਤੋਂ ਆਪਣਾ ਨਾਇਬ ਸੁਲਤਾਨ ਖ਼ਾਨ ਵਾਪਸ ਬੁਲਾ ਲਿਆ ਅਤੇ ਆਪਣਾ ਮਾਲ ਅਸਬਾਬ ਭੀ ਉਥੋਂ ਲੈ ਆਂਦਾ। ਜਾਬਤਾ ਖ਼ਾਨ ਭੀ ਆਪਣੇ ਪਿਤਾ ਨਾਲ ਸਹਿਮਤ ਸੀ ਕਿ ਖਾਲਸਿਆਂ ਨਾਲ ਲੜਾਈ ਵਿਚ ਵਾਰੇ ਨਹੀਂ ਆਇਆ ਜਾ ਸਕਣਾ। ਇਸ ਲਈ ਉਸ ਨੇ ਲੁਹਾਰੀ ਅਤੇ ਜਲਾਲਾਬਾਦ ਵਿਚ ਸਿੰਘ ਸਰਦਾਰਾਂ ਨਾਲ ਸੁਲਾਹ ਕਰ ਲਈ।

[*ਨਜੀਬੁੱਦੌਲਾ* (ਰਸ਼ੀਦ), 125-26; ਸਰਕਾਰ, ਫ਼ਾਲ, ਦੂਸਰਾ, 404-05]

## ਬਾਦਸ਼ਾਹ ਸ਼ਾਹ ਆਲਮ ਨੂੰ ਫ਼ਿਕਰ

ਨਜੀਬੁੱਦੌਲਾ ਦੇ ਅਸਤੀਫੇ ਨਾਲ ਅਲਾਹਾਬਾਦ ਬੈਠੇ ਬਾਦਸ਼ਾਹ ਸ਼ਾਹ ਆਲਮ ਨੂੰ ਬੜਾ ਫ਼ਿਕਰ ਪੈ ਗਿਆ ਕਿ ਨਜੀਬੁੱਦੌਲਾ ਦੇ ਦਿੱਲੀ ਤੋਂ ਚਲੇ ਜਾਣ ਤੋਂ ਬਾਅਦ ਰਾਜ-ਮਾਤਾ ਅਤੇ ਯੁਵਰਾਜ ਆਦਿ ਦੀ ਦਿੱਲੀ ਵਿਚ ਕੌਣ ਰਾਖੀ ਕਰੇਗਾ, ਅਤੇ ਜੇ ਸਾਰਾ ਸ਼ਾਹੀ ਟੱਬਰ ਕਬੀਲਾ ਦਿੱਲੀ ਤੋਂ ਬੁਲਾ ਲਿਆ ਗਿਆ ਤਾਂ ਸਿੱਖ, ਜੋ ਸਰਹੰਦ ਵਿਚ ਪੱਕੀ ਤਰ੍ਹਾਂ ਰਾਜਸੀ ਹਾਕਮ ਪਰਵਾਨ ਹੋ ਗਏ ਹਨ ਅਤੇ ਹਰਿਆਣੇ ਅਤੇ ਉੱਪਰਲੀ ਦੁਆਬ ਵਿਚ ਜਿਨ੍ਹਾਂ ਦਾ ਸਭ ਤੋਂ ਵੱਧ ਬੋਲ ਬਾਲਾ ਹੋ ਰਿਹਾ ਹੈ, ਬੇ-ਰੋਕ ਟੋਕ ਰਾਜਧਾਨੀ ਪਰ ਕਬਜ਼ਾ ਕਰ ਲੈਣਗੇ ਅਤੇ ਉਨ੍ਹਾਂ ਦੇ ਡਾਢੇ ਹੱਥਾਂ ਵਿਚੋਂ ਇਸ ਨੂੰ ਛੁਡਾ ਸਕਣਾ ਬਾਦਸ਼ਾਹ ਲਈ ਅਸੰਭਵ ਹੋਵੇਗਾ। ਜਿਸ ਦੇ ਹੱਥ ਵਿਚ ਰਾਜਧਾਨੀ ਹੈ, ਕੁਦਰਤੀ ਤੌਰ ਤੇ ਬਾਦਸ਼ਾਹ ਬਣਾਉਣਾ ਜਾਂ ਹਟਾਉਣਾ

---

*[Contd. from last page]*

"To the Dowager-Empress Zinat Mahal, he wrote in the same terms, resigning his task of defending Delhi and offering to escort the whole royal family in the fort to the Emperor at Allahabad if she desired it. He added that the Sikhs had prevailed and he was unable to provide for his own security. He talked of seeking his political *nirvan* by making a pilgrimage to Mecca, or retiring to some obscure retreat" [Sarkar, *Fall of the Mughal Empire*, ii, 403-04].

Sri Satguru Jagjit Singh Ji eLibrary

ਉਸੇ ਦੇ ਹੱਥ ਹੁੰਦਾ ਹੈ। ਫੇਰ ਦਿੱਲੀ ਦੇ ਮਾਲਕ ਬਣ ਜਾਣ ਪਰ ਸਿੱਖਾਂ ਨੂੰ ਕੌਣ ਰੋਕ ਸਕਦਾ ਹੈ ਜੋ ਉਹ ਦਿੱਲੀ ਦੇ ਮੰਗਤਿਆਂ ਵਰਗੇ ਅਵਾਰਾਗਰਦ ਸ਼ਾਹਜ਼ਾਦਿਆਂ ਦੀ ਹੇੜ੍ਹ ਵਿਚੋਂ ਕਿਸੇ ਕਾਠ ਦੀ ਪੁਤਲੀ ਨੂੰ ਬਾਦਸ਼ਾਹ ਬਣਾ ਦੇਣ ਅਤੇ ਉਸ ਦੇ ਕਾਨੂੰਨੀ ਅਧਿਕਾਰ ਦੇ ਪਰਦੇ ਹੇਠ ਦਿੱਲੀ ਦੇ ਸਾਮਰਾਜ ਨੂੰ ਆਪ ਜਿੱਤ ਲੈਣ।*

## ਸਰਦਾਰ ਜੱਸਾ ਸਿੰਘ ਦੀ ਬਾਦਸ਼ਾਹ ਸ਼ਾਹ ਆਲਮ ਨੂੰ ਚਿੱਠੀ ਅਤੇ ਉਸ ਦਾ ਜਵਾਬ

ਪਰ ਮਾਲੂਮ ਹੁੰਦਾ ਹੈ ਖਾਲਸਾ ਜੀ ਦਾ ਅਜਿਹਾ ਕੋਈ ਮਨਸ਼ਾ ਨਹੀਂ ਸੀ। ਬਲਕਿ ਜਨਵਰੀ ਸੰਨ 1768 ਵਿਚ ਸਰਦਾਰ ਜੱਸਾ ਸਿੰਘ ਨੇ ਇਕ ਚਿੱਠੀ ਬਾਦਸ਼ਾਹ ਸ਼ਾਹ-ਆਲਮ ਨੂੰ ਅਲਾਹਾਬਾਦ ਲਿਖੀ ਸੀ ਕਿ ਜੇ ਬਾਦਸ਼ਾਹ ਦਿੱਲੀ ਨੂੰ ਆ ਜਾਏ ਤਾਂ ਸਾਰੀ ਹਕੂਮਤ ਫੇਰ ਇਕੱਠੀ ਹੋ ਕੇ ਉਸ ਨੂੰ ਮਿਲ ਜਾਏਗੀ। ਇਸ ਦੇ ਉੱਤਰ ਵਿਚ ਬਾਦਸ਼ਾਹ ਨੇ ਸਰਦਾਰ ਨੂੰ ਲਿਖਿਆ ਕਿ ਮੈਂ ਹਰ ਵੇਲੇ ਸੋਚ ਰਿਹਾ ਹਾਂ ਕਿ ਮੈਂ ਦਿੱਲੀ ਪਹੁੰਚ ਜਾਵਾਂ ਪਰ ਇਹ ਤਾਂ ਹੀ ਹੋ ਸਕਦਾ ਹੈ ਜੇ ਸਰਦਾਰ ਆਪ ਹੋਰ ਸਾਰੇ ਸਿੱਖ ਸਰਦਾਰਾਂ ਨੂੰ ਇਕੱਠੇ ਕਰ ਕੇ ਮੇਰੇ ਨਾਲ ਚਲੇ। ਫੇਰ ਰਾਜ ਵਿਚ ਅਮਨ ਹੋ ਜਾਏਗਾ ਅਤੇ ਵੈਰੀ ਘਬਰਾ ਜਾਣਗੇ। ਮੈਨੂੰ ਹੈਰਾਨੀ ਹੈ ਕਿ ਇਕੱਠੇ ਹੋਣ ਦੀ ਥਾਂ ਲਗਭਗ ਹਰ ਰੋਜ ਕਿਸੇ ਨਾ ਕਿਸੇ ਸਰਦਾਰ ਵੱਲੋਂ ਚਿੱਠੀ ਆ ਜਾਂਦੀ ਹੈ ਅਤੇ ਹਰ ਪਾਸਿਓਂ ਚਿੱਠੀਆਂ ਵਧਦੀਆਂ ਜਾਂਦੀਆਂ ਹਨ। ਇਸ ਲਈ ਚਾਹੀਦਾ ਇਹ ਹੈ ਕਿ ਸਾਰੇ ਸਰਦਾਰ ਇਕੱਠੇ ਹੋ ਕੇ ਇਕ ਤਕੜੀ ਜੱਥੇਬੰਦੀ ਬਣਾਉਣ ਅਤੇ ਸਾਰਿਆਂ ਵਿਚੋਂ ਇਕ ਵੱਡਾ ਸਰਦਾਰ ਚੁਣ ਕੇ ਉਸ ਦੇ ਹੱਥ ਤੁਸੀਂ ਸਰਦਾਰਾਂ ਦੀਆਂ ਮੋਹਰਾਂ ਲਾ ਕੇ ਅਰਜੀ ਭੇਜੋ ਕਿ ਮੈਂ ਤੁਹਾਡੇ ਪਰ ਭਰੋਸਾ ਕਰਾਂ ਅਤੇ ਤੁਹਾਡੀ ਅਰਜ਼ੀ ਪਰ ਆਪਣੀ ਰਜ਼ਾਮੰਦੀ ਦਿਆਂ। ਇਸ ਖਿਆਲ ਨਾਲ ਕਿ ਇਨ੍ਹਾਂ ਗੱਲਾਂ ਦਾ ਹੋਰ ਕਿਸੇ ਨੂੰ ਪਤਾ ਨਾ ਹੋ ਸਕੇ, ਤੁਸੀਂ ਕੋਈ ਭਰੋਸੇ ਜੋਗਾ ਆਦਮੀ ਮੇਰੇ ਪਾਸ ਭੇਜੋ। ਫਿਰ ਮੈਂ ਫੌਜ ਲੈ ਕੇ ਆਵਾਂਗਾ। ਤੁਹਾਨੂੰ ਨਾਲ ਲੈ ਲਵਾਂਗਾ ਅਤੇ ਰਾਜ-ਕਾਜ ਆਪਣੇ ਹਥ ਲੈ ਲਵਾਂਗਾ।

ਇਸ ਤੋਂ ਮਾਲੂਮ ਹੁੰਦਾ ਹੈ ਕਿ ਇਹ ਚਿੱਠੀ ਸਰਦਾਰ ਜੱਸਾ ਸਿੰਘ ਨੇ ਆਪਣੇ ਵੱਲੋਂ ਹੀ

---

* As early as October 1765, Najib had asked the Emperor to come personally to Delhi and now in February, 1768, he definitely tendered his resignation. This development threw Shah Alam into the greatest perplexity: who would guard his mother and Heir in that city after the withdrawl of Najib ? And if he recalled all his family from Delhi, the Sikhs, who were now offically masters of Sirhind and practically supreme over Hariana and the upper Doab, would take unopposed possession of the Capital, and it would be impossible for Shah Alam to recover it from their strong hands. The holder of the capital was naturally in the position of a king-maker. What was there to prevent the Sikh lords of Delhi from crowning a puppet from among the swarm of beggarly vagrant Shahzadas, and under cover of his legal authority conquering the empire for themselves.

[Sarkar, *Fall of the Mughal Empire*, ii. 549-50]

ਲਿਖੀ ਸੀ ਅਤੇ ਇਸ ਸੰਬੰਧੀ ਖਾਲਸਾ ਜੀ ਦਾ ਕੋਈ ਗੁਰਮਤਾ ਨਹੀਂ ਸੀ ਹੋਇਆ। ਇਸੇ ਕਰਕੇ ਬਾਦਸ਼ਾਹ ਸ਼ਾਹ ਆਲਮ ਪਾਸ ਵੱਖੋ ਵੱਖਰੇ ਸਰਦਾਰਾਂ ਵੱਲੋਂ ਚਿੱਠੀਆਂ ਪੁੱਜ ਰਹੀਆਂ ਸਨ। ਪਰ ਚੂੰਕਿ ਇਨ੍ਹਾਂ ਸਾਰੀਆਂ ਚਿੱਠੀਆਂ ਦਾ ਭਾਵ ਇੱਕੋ ਹੀ ਸੀ, ਇਸ ਲਈ ਬਾਦਸ਼ਾਹ ਨੇ ਇਕ ਸਾਂਝਾ ਜਵਾਬ ਪੰਥ ਦੇ ਜੱਥੇਦਾਰ ਸੁਲਤਾਨੁਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਦਿੱਤਾ ਕਿ ਉਹ ਸਾਰਿਆਂ ਦੀਆਂ ਮੋਹਰਾਂ ਲਾ ਕੇ ਇਕ ਸਾਂਝੀ ਚਿੱਠੀ ਲਿਖਣ ਜਿਸ ਵਿਚ ਬਾਦਸ਼ਾਹ ਨੂੰ ਦਿੱਲੀ ਪਹੁੰਚਾਉਣ ਦਾ ਵਹਿਦਾ ਹੋਵੇ। ਇਸ ਲਿਖਾ-ਪੜ੍ਹੀ ਦਾ ਕੀ ਬਣਿਆ, ਸਰਕਾਰ ਹਿੰਦ ਦੇ ਰਿਕਾਰਡ ਵਿਚ ਕੁਝ ਪਤਾ ਨਹੀਂ ਲਗਦਾ। ਪਰ ਇਉਂ ਜਾਪਦਾ ਹੈ ਕਿ ਸਰਦਾਰ ਜੱਸਾ ਸਿੰਘ ਅਤੇ ਦੂਸਰੇ ਸਰਦਾਰਾਂ ਨੇ ਉਸ ਵੇਲੇ ਇਹ ਚਿੱਠੀਆਂ ਲਿਖੀਆਂ ਸਨ ਜਿਸ ਵੇਲੇ ਕਿ ਪਹਿਲੀ ਨਵੰਬਰ 1767 ਨੂੰ ਇਕ ਮਰਾਠਾ ਵਕੀਲ ਨੇ ਇਹ ਸੁਝਾਓ ਪੇਸ਼ ਕੀਤਾ ਸੀ ਕਿ ਅੰਗਰੇਜ (ਈਸਟ ਇੰਡੀਆ ਕੰਪਣੀ), ਮਰਾਠੇ, ਰਾਜਪੂਤ ਅਤੇ ਰੁਹੇਲੇ ਇਕੱਠੇ ਰਲ ਕੇ ਬਾਦਸ਼ਾਹ ਨੂੰ ਅਲਾਹਬਾਦ ਤੋਂ ਦਿੱਲੀ ਪਹੁੰਚਾ ਦੇਣ। ਇਹ ਲਿਖਾ-ਪੜ੍ਹੀ ਚੋਖਾ ਚਿਰ ਹੁੰਦੀ ਰਹੀ ਪਰ ਇਸ ਦਾ ਸਿੱਟਾ ਕੋਈ ਨਾ ਨਿਕਲਿਆ।

[ਕੈਲੰਡਰ, ਦੂਸਰਾ, 849; ਸਰਕਾਰ, ਫ਼ਾਲ, ਦੂਸਰਾ, 550]

ਇਸ ਲਿਖਾ-ਪੜ੍ਹੀ ਵੇਲੇ ਨਜੀਬੁੱਦੌਲਾ ਨੂੰ ਮਰਾਠਾ ਸਰਦਾਰ ਤੁਕੋਜੀ ਹੋਲਕਰ ਨਾਲ ਸੁਲਾਹ ਕਰ ਲੈਣ ਦਾ ਮੌਕਾ ਮਿਲ ਗਿਆ ਅਤੇ ਆਪਣੇ ਪੁੱਤਰ ਜਾਬਿਤਾ ਖ਼ਾਨ ਦੀ ਬਾਂਹ ਤੁਕੋਜੀ ਨੂੰ ਫੜਾ ਕੇ ਨਿਸਚਿੰਤ ਹੋ ਗਿਆ ਅਤੇ 31 ਅਕੂਤਬਰ, ਸੰਨ 1770, ਨੂੰ ਚਲਾਣਾ ਕਰ ਗਿਆ।

ਨਜੀਬੁੱਦੌਲਾ ਦੀ ਮੌਤ ਨੇ ਬਾਦਸ਼ਾਹ ਸ਼ਾਹ ਆਲਮ ਨੂੰ ਇਕ ਪਾਸੇ ਫੈਸਲਾ ਕਰਨ ਲਈ ਮਜਬੂਰ ਕਰ ਦਿੱਤਾ ਕਿ ਜੇ ਉਸ ਨੇ ਕਦੀ ਦਿੱਲੀ ਜਾਣਾ ਹੈ ਤਾਂ ਹੁਣੇ ਹੀ ਜਾਣਾ ਚਾਹੀਦਾ ਹੈ ਨਹੀਂ ਤਾਂ ਸ਼ਾਇਦ ਕਦੀ ਭੀ ਨਾ ਜਾ ਸਕੇ। ਉਹ ਸੰਨ 1761 ਤੋਂ ਅੰਗਰੇਜਾਂ ਦੀ ਰਾਖੀ ਵਿਚ ਬੈਠਾ ਦਿੱਲੀ ਜਾਣ ਲਈ ਘੜੀਆਂ ਗਿਣ ਰਿਹਾ ਸੀ। ਅੰਗਰੇਜ਼ ਉਸ ਨੂੰ ਦਿੱਲੀ ਪਹੁੰਚਾ ਨਹੀਂ ਸੀ ਸਕੇ। ਸ਼ਾਹ ਸੁਜਾ ਦੀ ਨੀਅਤ ਕੁਝ ਸਾਫ਼ ਨਹੀਂ ਸੀ। ਰਾਜਪੂਤ ਅਤੇ ਜਾਟ ਇਕੱਲੇ ਇਕੱਲੇ ਕੁਝ ਕਰਨ ਜੋਗੇ ਨਹੀਂ ਸਨ। ਖਾਲਸਾ ਜੀ ਲਈ ਇਹ ਸਮਾਂ (ਸੰਨ 1761-69) ਨਿੱਤ ਦੀਆਂ ਮੁਹਿੰਮਾਂ ਦਾ ਸੀ ਅਤੇ ਉਹ ਬਹੁਤਾ ਪੰਜਾਬ ਵਿਚ ਹੀ ਰੁੱਝੇ ਹੋਏ ਸਨ। ਇਸ ਲਈ ਬਾਦਸ਼ਾਹ ਨੇ ਨਵੰਬਰ ਸੰਨ 1770 ਵਿਚ ਮਰਾਠਿਆਂ ਨਾਲ ਗੰਢ ਤੁਪ ਸ਼ੁਰੂ ਕਰ ਲਈ ਜੋ ਮਾਰਚ 1771 ਵਿਚ ਸਿਰੇ ਚੜ੍ਹ ਗਈ ਅਤੇ ਉਹ 13 ਅਪਰੈਲ ਸੰਨ 1771 ਨੂੰ ਅਲਾਹਾਬਾਦ ਤੋਂ ਚਲ ਕੇ 6 ਜਨਵਰੀ ਸੰਨ 1772 ਨੂੰ ਦਿੱਲੀ ਪੁੱਜ ਗਿਆ।

## ਜ਼ਾਬਿਤਾ ਖ਼ਾਨ ਅਤੇ ਸਿੱਖ

ਆਪਣੇ ਪਿਤਾ ਨਜੀਬੁੱਦੌਲਾ ਦੀ ਮੌਤ ਤੋਂ ਬਾਅਦ ਜਾਬਿਤਾ ਖ਼ਾਨ ਨੇ ਖਾਲਸੇ ਨਾਲ ਸੁਲਾਹ ਕਰ ਲਈ ਸੀ ਅਤੇ ਬਾਦਸ਼ਾਹ ਸ਼ਾਹ ਆਲਮ ਨੇ ਉਸ ਨੂੰ ਨਜੀਬ ਵਾਲੀ ਪਦਵੀ ਮੀਰ ਬਖ਼ਸ਼ੀ ਅਤੇ ਅਮੀਰੁਲ-ਉਮਰਾ ਦਾ ਖਿਤਾਬ ਦਿੱਤਾ ਪਰ ਮਰਾਠਾ ਸਰਦਾਰ ਮਹਾਜੀ

ਸਿੰਧੀਆ ਨੇ ਛੇਤੀ ਹੀ ਪਿਛੋਂ ਜ਼ਾਬਿਤਾ ਖ਼ਾਨ ਨੂੰ ਦਿੱਲੀਉਂ ਹੀ ਨਹੀਂ ਬਲਕਿ ਆਪਣੇ ਇਲਾਕੇ ਵਿਚੋਂ ਭੀ ਕਢ ਦਿੱਤਾ ਜਿਸ ਦੇ ਨਤੀਜੇ ਵਜੋਂ ਜ਼ਾਬਿਤਾ ਖ਼ਾਨ ਨੂੰ ਅਵਧ ਦੇ ਨਵਾਬ ਸ਼ੁਜਾ-ਊ-ਦੌਲਾ ਪਾਸ ਪਨਾਹ ਲੈਣੀ ਪੈ ਗਈ। ਪਰ ਸ਼ੁਜਾ ਨੇ ਇਨ੍ਹਾਂ ਦੀ ਸੁਲਾਹ ਕਰਵਾ ਦਿੱਤੀ।

ਸੰਨ 1773 ਦੀ ਮਈ ਵਿਚ ਬਾਦਸ਼ਾਹ ਦੇ ਸਲਾਹੀਏ ਅਬਦੁਲ-ਅਹਦ ਖ਼ਾਨ ਕਸ਼ਮੀਰੀ ਨੇ ਜਾਬਿਤਾ ਖ਼ਾਨ ਨਾਲ ਗੰਢ ਤ੍ਰੁਪ ਕਰ ਕੇ ਉਸ ਨੂੰ ਮਿਰਜ਼ਾ ਨੱਜਫ਼ ਖ਼ਾਨ ਦੇ ਵਿਰੁੱਧ ਵਰਤਣ ਦਾ ਜਤਨ ਕੀਤਾ ਪਰ ਚੂੰਕਿ ਜਾਬਿਤਾ ਖ਼ਾਨ ਨੇ ਉਸ ਦਾ ਹਥ-ਠੋਕਾ ਬਣਨ ਤੋਂ ਨਾਂਹ ਕਰ ਦਿੱਤੀ ਇਸ ਲਈ ਉਹ ਜ਼ਾਬਿਤਾ ਖ਼ਾਨ ਦਾ ਵੈਰੀ ਬਣ ਗਿਆ, ਅਤੇ ਮੌਕਾ ਬਣਨ ਤੇ ਆਪਣੇ ਭਰਾ ਅਬੁਲ ਕਾਸਿਮ ਖ਼ਾਨ ਨੂੰ ਉਸ ਦੀ ਥਾਂ ਸਹਾਰਨਪੁਰ ਦਾ ਫੌਜਦਾਰ ਬਣਾ ਦਿੱਤਾ ਅਤੇ ਜ਼ਾਬਿਤਾ ਖ਼ਾਨ ਦੇ ਵਿਰੁੱਧ ਚੜ੍ਹਾਈ ਕਰਨ ਲਈ ਹੁਕਮ ਦੇ ਦਿੱਤਾ। ਪਰ ਖ਼ਾਲਸਾ ਜੀ ਨੇ ਜਾਬਿਤਾ ਖ਼ਾਨ ਦਾ ਸਾਥ ਨਾ ਛਡਿਆ ਅਤੇ 4 ਮਾਰਚ 1776 ਦੀ ਲੜਾਈ ਵਿਚ ਅਬੁਲ ਕਾਸਿਮ ਖ਼ਾਨ ਦਾ ਡਟ ਕੇ ਟਾਕਰਾ ਕੀਤਾ। ਭਾਈ ਦੇਸੂ ਸਿੰਘ ਕੈਥਲ ਵਾਲੇ ਦੀ ਫੌਜ ਨਾਲ ਲੜਦਾ ਹੋਇਆ ਅਬੁਲ ਕਾਸਿਮ ਮਾਰਿਆ ਗਿਆ। ਹੁਣ ਅਬਦੁਲ-ਅਹਦ ਖ਼ਾਨ ਜਾਬਿਤਾ ਖ਼ਾਨ ਅਤੇ ਮਾਲਵੇ ਦੇ ਸਰਦਾਰਾਂ ਦਾ ਜਾਨੀ ਵੈਰੀ ਹੋ ਗਿਆ। ਸੰਨ 1777 ਵਿਚ ਨੱਜਫ਼ ਖ਼ਾਨ ਦੀ ਕਮਾਨ ਹੇਠ ਅਬਦੁਲ ਅਹਦ ਖ਼ਾਨ ਨੇ ਇਕ ਫੌਜ ਜਾਬਿਤਾ ਖ਼ਾਨ ਦੇ ਵਿਰੁੱਧ ਗੌਸ-ਗੜ੍ਹ ਵੱਲ ਚੜ੍ਹਾ ਦਿੱਤੀ ਅਤੇ ਖ਼ੁਦ ਬਾਦਸ਼ਾਹ ਭੀ ਨਾਲ ਹੋ ਪਿਆ। ਜੂਨ ਦੀ 8, 11, 13 ਅਤੇ 23 ਦੀਆਂ ਲੜਾਈਆਂ ਦਾ ਬਹੁਤਾ ਭਾਰ ਸਿੱਖਾਂ ਦੇ ਮੋਢਿਆਂ ਤੇ ਪਿਆ ਅਤੇ ਉਨ੍ਹਾਂ ਦੀ ਬਹਾਦੁਰ ਸਹਾਇਤਾ ਨੇ ਜਾਬਿਤਾ ਖ਼ਾਨ ਦੇ ਵਿਰੁੱਧ ਸਾਰੇ ਹੱਲੇ ਵਿਅਰਥ ਕਰ ਦਿੱਤੇ। ਬਰਸਾਤ ਸ਼ੁਰੂ ਹੋ ਜਾਣ ਨਾਲ ਲੜਾਈ ਢਿੱਲੀ ਪੈ ਗਈ, ਇਸ ਦਾ ਫਾਇਦਾ ਉਠਾ ਕੇ ਇਕ ਰਾਤ ਨੂੰ ਵਰ੍ਹਦੇ ਮੀਂਹ ਵਿਚ ਹੀ ਸਿੱਖਾਂ ਨੇ ਕ੍ਰਿਸ਼ਨੀ ਨਦੀ ਪਾਰ ਕਰਕੇ ਮੁਗ਼ਲ ਫ਼ੌਜ ਉੱਤੇ ਥਾਨਾ ਭਵਨ ਦੇ ਲਾਗੇ ਜਾ ਹੱਲਾ ਕੀਤਾ ਅਤੇ ਮੁਗ਼ਲਾਂ ਦੀਆਂ ਲਾਈਨਾਂ ਚੀਰਦੇ ਹੋਏ ਬਾਦਸ਼ਾਹੀ ਤੰਬੂਆਂ ਜਾ ਪਹੁੰਚੇ। ਪਰ ਅੱਗੋਂ ਤੋਪਾਂ ਚਲਣੀਆਂ ਸ਼ੁਰੂ ਹੋ ਗਈਆਂ। ਇਸ ਲਈ ਉਹ ਮੁੜ ਆਏ।

ਲੜਾਈ ਵਿਚ ਜਿੱਤ ਨਾ ਹੁੰਦੀ ਦੇਖ ਕੇ ਮੁਗ਼ਲਾਂ ਨੇ ਜਾਬਿਤਾ ਖ਼ਾਨ ਨਾਲ ਸੁਲਾਹ ਦੀ ਗੱਲ-ਬਾਤ ਚਲਾਈ, ਪਰ ਰੁਹੇਲੇ ਨਾ ਮੰਨੇ। ਬਰਸਾਤ ਦੇ ਕਾਰਣ ਲੜਾਈ ਵਿਚ ਢਿੱਲ ਦੇ ਦਿਨੀਂ ਨੱਜਫ਼ ਖ਼ਾਨ ਨੇ ਜਾਬਿਤਾ ਖ਼ਾਨ ਦੇ ਹਮਾਇਤੀਆਂ ਨੂੰ ਤੋੜਨ ਦੇ ਜਤਨ ਕੀਤੇ ਅਤੇ ਜਲਾਲਾਬਾਦ ਦੇ ਉਰਕਜ਼ਈ ਪਠਾਣਾਂ ਦਿਲਾਵਰ ਅਲੀ ਅਤੇ ਕਲੰਦਰ ਅਲੀ ਨੂੰ ਅੰਦਰੋ ਅੰਦਰ ਆਪਣੇ ਨਾਲ ਰਲਾ ਲੈਣ ਵਿਚ ਸਫਲ ਹੋ ਗਿਆ। ਪਰ ਖ਼ਾਲਸਾ ਜੀ ਨੇ ਰੁਪਏ ਦੇ ਲਾਲਚ ਵਿਚ ਜਾਬਿਤਾ ਖ਼ਾਨ ਦਾ ਸਾਥ ਛੱਡਣੋਂ ਨਾਂਹ ਕਰ ਦਿੱਤੀ। 14 ਸਤੰਬਰ ਨੂੰ ਜਦ ਮੁਗ਼ਲ ਫੌਜ ਨੇ ਜਲਾਲਾਬਾਦ ਉੱਤੇ ਹੱਲਾ ਕੀਤਾ ਤਾਂ ਬੇ-ਈਮਾਨ ਉਰਕਜ਼ਈ ਪਠਾਣ ਮੁਗ਼ਲਾਂ ਨਾਲ ਜਾ ਰਲੇ ਅਤੇ ਜਾਬਿਤਾ ਖ਼ਾਨ ਨੂੰ ਹਾਰ ਹੋ ਗਈ। ਵੈਰੀ ਨੇ ਗੌਸ ਗੜ੍ਹ ਉੱਤੇ

ਕਬਜ਼ਾ ਕਰ ਲਿਆ ਅਤੇ ਜ਼ਾਬਿਤਾ ਖ਼ਾਨ ਅਤੇ ਦੂਸਰੇ ਰੁਹੇਲੇ ਸਰਦਾਰਾਂ ਦੇ ਟੱਬਰ ਕਬੀਲੇ ਫੜ ਲਏ ਅਤੇ ਆਗਰੇ ਦੇ ਕਿਲੇ ਵਿਚ ਕੈਦ ਕਰ ਦਿੱਤੇ।

ਇਸ ਹਾਲਤ ਵਿਚ ਜ਼ਾਬਿਤ ਖ਼ਾਨ ਬੇ-ਘਰ ਅਤੇ ਬੇਟਿਕਾਣਾ ਹੋ ਗਿਆ ਅਤੇ ਖ਼ਾਲਸਾ ਜੀ ਤੋਂ ਬਗ਼ੈਰ ਉਸ ਦਾ ਕੋਈ ਆਸਰਾ ਨਾ ਰਿਹਾ। ਇਸ ਲਈ ਉਹ ਉਨ੍ਹਾਂ ਦੇ ਨਾਲ ਹੀ ਚਲਾ ਆਇਆ। ਇਸ ਵੇਲੇ ਉਹ ਬਿਲਕੁਲ ਖ਼ਾਲੀ ਹੱਥ ਸੀ ਅਤੇ ਆਪਣੇ ਤਨ ਦੇ ਕਪੜਿਆਂ ਤੋਂ ਬਿਨਾਂ ਉਸ ਪਾਸ ਕੁਛ ਭੀ ਨਹੀਂ ਸੀ—ਨਾ ਕੋਈ ਪੈਸਾ, ਨਾ ਮਾਲ, ਨਾ ਕੋਈ ਸਾਥੀ ਨਾ ਸਵਾਰ, ਅਤੇ ਨਾ ਕੋਈ ਗਿੱਠ ਜ਼ਮੀਨ। ਖ਼ਾਲਸਾ ਜੀ ਨੇ ਇਸ ਸ਼ਰਨ ਆਏ ਪਨਾਹਗੀਰ ਨਵਾਬ ਦੀ ਹਰ ਪਰਕਾਰ ਸੇਵਾ ਅਤੇ ਰਾਖੀ ਆਪਣੇ ਜ਼ੁੰਮੇ ਲੈ ਲਈ ਅਤੇ ਕਈ ਮਹੀਨੇ ਉਹ ਜੀਂਦ ਦੇ ਰਾਜਾ ਗਜਪਤ ਸਿੰਘ ਦੇ ਇਲਾਕੇ ਵਿਚ ਟਿਕਿਆ ਰਿਹਾ। ਸਿੰਘਾਂ ਦੀ ਪ੍ਰਾਹੁਣਚਾਰੀ, ਸੇਵਾ ਭਾਵ ਅਤੇ ਮਿੱਤਰਤਾ ਦਾ ਉਸ ਦੇ ਮਨ ਤੇ ਅਜਿਹਾ ਡੂੰਘਾ ਅਸਰ ਹੋਇਆ ਕਿ ਉਹ ਸਿੱਖ ਸਜ ਗਿਆ ਅਤੇ ਆਪਣਾ ਨਾਉਂ ਧਰਮ ਸਿੰਘ ਰਖ ਲਿਆ। ਸੰਨ 1778 ਦੀ ਅਪਰੈਲ ਵਿਚ ਉਸ ਨੇ ਆਪਣਾ ਇਲਾਕਾ ਲੈਣ ਦਾ ਜਤਨ ਕੀਤਾ ਪਰ ਸਫਲ ਨਾ ਹੋਇਆ। ਇਸ ਤੋਂ ਛੇਤੀ ਹੀ ਬਾਅਦ ਰਾਜਾ ਗਜਪਤ ਸਿੰਘ ਨੇ ਦਿੱਲੀ ਦੀ ਹਕੂਮਤ ਨਾਲ ਉਸ ਦੀ ਸੁਲਾਹ ਕਰਵਾ ਦਿੱਤੀ ਅਤੇ ਉਸਦੇ ਕੁਝ ਇਲਾਕੇ ਉਸ ਨੂੰ ਮਿਲ ਗਏ, ਉਸ ਦੇ ਸੰਬੰਧੀ ਛਡ ਦਿੱਤੇ ਗਏ ਅਤੇ ਗੌਸ ਗੜ੍ਹ ਵਿਚੋਂ ਲੁੱਟਿਆ ਗਿਆ ਸਾਰਾ ਮਾਲ ਭੀ ਉਸ ਨੂੰ ਮਿਲ ਗਿਆ।

[ਸਰਕਾਰ, ਫ਼ਾਲ, ਤੀਸਰੀ ਜਿਲਦ, 49-60, 124-5, 159-61]।

Sri Satguru Jagjit Singh Ji eLibrary

# ਪਟਿਆਲੇ ਦੀ ਸਹਾਇਤਾ

## ਕੰਵਰ ਹਿੰਮਤ ਸਿੰਘ ਦਾ ਵਿਦਰੋਹ ਅਤੇ ਸੁਲਾਹ

ਬਾਬਾ ਆਲਾ ਸਿੰਘ ਜੀ ਦੇ ਵੱਡੇ ਪੁੱਤਰ ਭੂਮੀਆਂ ਸਿੰਘ ਦੀ ਕੇਵਲ ਇਕੋ ਲੜਕੀ ਹੀ ਸੀ। ਦੂਸਰੇ ਸਰਦੂਲ ਸਿੰਘ ਦੇ, ਜੋ ਬਾਬਾ ਜੀ ਦੇ ਹੁੰਦੇ ਹੀ ਗੁਜਰ ਗਿਆ ਸੀ, ਦੋ ਵਿਆਹਾਂ ਵਿਚੋਂ ਇਕ ਇਕ ਲੜਕਾ ਸੀ, ਅਮਰ ਸਿੰਘ ਅਤੇ ਹਿੰਮਤ ਸਿੰਘ। ਬਾਬਾ ਆਲਾ ਸਿੰਘ ਤੋਂ ਬਾਅਦ ਅਮਰ ਸਿੰਘ ਮਹਾਰਾਜਾ ਬਣਿਆ। ਹਿੰਮਤ ਸਿੰਘ ਇਹ ਆਪਣਾ ਹੱਕ ਸਮਝਦਾ ਸੀ, ਇਸ ਲਈ ਉਸ ਨੇ ਪੁੱਠੇ ਸਿੱਧੇ ਕਈ ਇਕ ਜਤਨ ਗੱਦੀ ਪ੍ਰਾਪਤ ਕਰਨ ਦੇ ਕੀਤੇ ਪਰ ਸਫ਼ਲਤਾ ਨਾ ਹੋਈ। ਮਹਾਰਾਜਾ ਅਮਰ ਸਿੰਘ ਨੇ ਉਸ ਨੂੰ ਚੰਗੀ ਅੱਛੀ ਜਾਗੀਰ ਦੇ ਕੇ ਪ੍ਰਸੰਨ ਕਰਨ ਦਾ ਜਤਨ ਭੀ ਕੀਤਾ, ਪਰ ਹਿੰਮਤ ਸਿੰਘ ਨੂੰ ਪੂਰੇ ਰਾਜ ਤੋਂ ਬਿਨਾਂ ਕੋਈ ਚੀਜ਼ ਸੰਤੁਸ਼ਟ ਨਹੀਂ ਕਰ ਸਕਦੀ ਸੀ।

ਪੋਥੀ 'ਬਾਰਾਂ ਮਿਸਲਾਂ' ਵਿਚ ਲਿਖਿਆ ਹੋਇਆ ਹੈ ਕਿ ਸੰਮਤ 1826 ਬਿਕ੍ਰਮੀ, ਸੰਨ 1769 ਈ. ਨੂੰ ਜਦ ਮਹਾਰਾਜਾ ਅਮਰ ਸਿੰਘ ਕਿਸੇ ਮੁਹਿਮ ਤੇ ਗਿਆ ਹੋਇਆ ਸੀ ਤਾਂ ਸੁਖਦਾਸ ਸਿੰਘ ਦੇ ਉਕਸਾਏ ਹੋਏ ਹਿੰਮਤ ਸਿੰਘ ਨੇ ਪਟਿਆਲੇ ਤੇ ਕਬਜਾ ਕਰ ਲਿਆ। ਇਸ ਵੇਲੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਮਹਾਰਾਜਾ ਅਮਰ ਸਿੰਘ ਦੀ ਮਦਦ ਲਈ ਪੁੱਜੇ ਅਤੇ ਹੋਰ ਕਈ ਸਰਦਾਰ ਭੀ ਆਏ। ਅੰਤ ਦੋਹਾਂ ਭਰਾਵਾਂ ਵਿਚ ਸੁਲਾਹ ਹੋ ਗਈ। ਪਰ ਛੇਤੀ ਹੀ ਬਾਅਦ ਸੰਮਤ 1831 ਵਿਚ ਕੰਵਰ ਹਿੰਮਤ ਸਿੰਘ ਦਾ ਦੇਹਾਂਤ ਹੋ ਗਿਆ।

[ਮੁਹੰਮਦ ਹਸਨ, *ਤਾਰੀਖਿ ਪਟਿਆਲਾ*, 86-90; ਗਿਆਨ ਸਿੰਘ, *ਰਾਜ ਖ਼ਾਲਸਾ*, 690-91; *ਬਾਰਾਂ ਮਿਸਲਾਂ*, 150; *ਕੈਫ਼ੀਅਤ ਸਰਦਾਰਾਨਿ-ਆਹਲੂਵਾਲੀਆ*, 15]

## ਅਬਦੁਲ-ਅਹਦ ਅਤੇ ਫ਼ਰਖੰਦਾ ਬਖ਼ਤ ਦੀ ਮੁਹਿੰਮ ਲਈ ਸੋਚ ਵਿਚਾਰ

ਅਬਦੁਲ ਅਹਦ ਖ਼ਾਨ ਇਕ ਬੜਾ ਮਿਠ-ਬੋਲਾ, ਮੌਕੇ ਅਨੁਸਾਰ ਗੱਲ ਕਰਨ ਵਾਲਾ ਮੋਮੋ-ਠਗਣਾ ਜਿਹਾ ਬੰਦਾ ਸੀ ਜਿਸ ਨੇ ਚਾਪਲੂਸੀ ਦੀਆਂ ਗੱਲਾਂ ਕਰ ਕੇ ਬਾਦਸ਼ਾਹ ਸ਼ਾਹ ਆਲਮ ਦਾ ਮਨ ਮੋਹ ਲਿਆ ਹੋਇਆ ਸੀ ਅਤੇ ਉਸ ਦਾ ਖ਼ਾਸ ਅਹਿਲਕਾਰ ਅਤੇ ਨਿਜੀ ਸਾਥੀ ਬਣ ਗਿਆ ਸੀ। ਵਜ਼ੀਰ ਸੁਜਾ-ਉ-ਦੌਲਾ ਤਾਂ ਅਵਧ ਵਿਚ ਰਹਿੰਦਾ ਸੀ, ਇਸ

Sri Satguru Jagjit Singh eLibrary

ਲਈ ਉਸ ਦੀ ਥਾਂ ਕੰਮ ਸਾਰਾ ਇਸ ਦੇ ਹੱਥ ਵਿਚ ਸੀ। ਪਰ ਇਹ ਕੋਈ ਸੂਰਮਾ ਸਿਪਾਹੀ ਨਹੀਂ ਸੀ, ਕੇਵਲ ਗੱਲਾਂ ਦਾ ਖੱਟਿਆ ਹੀ ਖਾਂਦਾ ਸੀ। ਇਸ ਦੀ ਹਾਜ਼ਰ-ਮੀਰ-ਬਖ਼ਸ਼ੀ ਮਿਰਜ਼ਾ ਨੱਜਫ਼ ਨਾਲ ਨਹੀਂ ਸੀ ਬਣਦੀ ਜੋ ਜ਼ਾਬਿਤਾ ਖ਼ਾਨ ਗੈਰ-ਹਾਜ਼ਰ ਖ਼ਿਤਾਬਦਾਰ ਬਖ਼ਸ਼ੀ-ਉਲ-ਮੁਮਾਲਿਕ ਦੀ ਥਾਂ ਕੰਮ ਕਾਰ ਕਰਨ ਲਈ ਜੂਨ 1773 ਵਿਚ ਨਿਯਤ ਹੋਇਆ ਸੀ। ਇਸੇ ਲਈ ਇਸ ਨੇ ਜਤਨ ਕੀਤਾ ਸੀ ਕਿ ਜ਼ਾਬਿਤਾ ਖ਼ਾਨ ਇਸ ਦਾ ਹਥ-ਠੋਕਾ ਬਣ ਕੇ ਨੱਜਫ਼ ਖ਼ਾਨ ਦੇ ਵਿਰੁੱਧ ਕੰਮ ਕਰੇ ਪਰ ਜਦ ਜ਼ਾਬਿਤ ਖ਼ਾਨ ਨਾ ਮੰਨਿਆ ਤਾਂ ਇਸ ਨੇ ਉਸ ਦੇ ਵਿਰੁੱਧ ਆਪਣੇ ਭਰਾ ਅਬਦੁਲ ਕਾਸਿਮ ਖ਼ਾਨ ਨੂੰ ਭੇਜ ਦਿੱਤਾ ਸੀ ਜੋ 4 ਮਾਰਚ ਸੰਨ 1776 ਨੂੰ ਲੜਾਈ ਵਿਚ ਮਾਰਿਆ ਗਿਆ ਸੀ। ਇਸ ਲੜਾਈ ਵਿਚ ਮਾਲਵੇ ਦੇ ਸਿੰਘ ਸਰਦਾਰਾਂ ਨੇ ਜ਼ਾਬਿਤਾ ਖ਼ਾਨ ਦੀ ਸਹਾਇਤਾ ਕੀਤੀ ਅਤੇ ਅਬੁਲ ਕਾਸਿਮ ਮਾਰਿਆ ਭੀ ਭਾਈ ਦੇਸੂ ਸਿੰਘ ਕੈਥਲ ਵਾਲਿਆਂ ਦੀ ਫੌਜ ਨਾਲ ਲੜਦਾ ਸੀ। ਇਸ ਲਈ ਅਬਦੁਲ-ਅਹਦ ਖ਼ਾਨ, ਜ਼ਾਬਿਤਾ ਖ਼ਾਨ ਅਤੇ ਮਾਲਵੇ ਦੇ ਸਿੱਖ ਸਰਦਾਰਾਂ ਦੇ ਲਹੂ ਦਾ ਤਿਹਾਇਆ ਸੀ। ਜ਼ਾਬਿਤਾ ਖ਼ਾਨ ਦੇ ਵਿਰੁੱਧ ਫੌਜ ਚੜ੍ਹਾ ਕੇ ਉਸ ਨੂੰ ਇਕ ਵਾਰੀ ਤਾਂ ਇਸ ਨੇ ਤਬਾਹ ਅਤੇ ਬਰਬਾਦ ਕਰ ਕੇ ਰਖ ਦਿੱਤਾ ਸੀ ਅਤੇ ਉਸ ਦਾ ਇਲਾਕਾ ਖੋਹ ਕੇ ਉਸ ਨੂੰ ਮਜਬੂਰ ਕਰ ਦਿੱਤਾ ਕਿ ਉਹ ਆਪਣੇ ਦੇਸ ਵਿਚ ਕਿਧਰੇ ਟਿਕ ਭੀ ਨਾ ਸਕੇ। ਇਸ ਹਾਲਤ ਵਿਚ ਉਸ ਨੂੰ ਸਿੱਖਾਂ ਪਾਸ ਜਾ ਕੇ ਪਨਾਹ ਲੈਣੀ ਪਈ ਸੀ। ਸਿੱਖਾਂ ਦੇ ਵਿਰੁੱਧ ਅਬਦੁਲ ਅਹਦ ਖ਼ਾਨ ਨੂੰ ਇਹ ਭੀ ਗੁੱਸਾ ਸੀ ਕਿ ਉਨ੍ਹਾਂ ਨੇ ਉਸ ਦੇ ਵੈਰੀ ਜ਼ਾਬਿਤਾ ਖ਼ਾਨ ਨੂੰ ਪਨਾਹ ਕਿਉਂ ਦਿੱਤੀ।

ਇਸ ਤੋਂ ਪਹਿਲਾਂ ਸੰਨ 1775 ਵਿਚ ਅਬਦੁਲ-ਅਹਦ ਖ਼ਾਨ ਨੇ ਰਹੀਮ ਦਾਦ ਰੁਹੇਲੇ ਨੂੰ ਹਾਂਸੀ ਹਿਸਾਰ ਦੇ ਇਲਾਕੇ, ਜੋ ਕਿਸੇ ਵੇਲੇ ਬਾਦਸ਼ਾਹ ਦੇ 'ਖਾਲਸਾ' ਇਲਾਕੇ ਸਨ ਅਤੇ ਹੁਣ ਫੂਲਕਿਆਂ ਮਿਸਲ ਵਾਲਿਆਂ ਨੇ ਫ਼ਤਿਹ ਕਰ ਲਏ ਹੋਏ ਸਨ, ਮਾਲਵੇ ਦੇ ਸਰਦਾਰਾਂ ਪਾਸੋਂ ਛੁਡਾਉਣ ਲਈ ਭੇਜਿਆ। ਪਰ ਉਹ ਰੋਹਤਕ ਤੋਂ 18 ਮੀਲ ਉੱਤਰ ਨੂੰ ਜੀਂਦ ਦੇ ਰਾਜਾ ਗਜਪਤ ਸਿੰਘ ਦੀ ਮੱਲ ਗੋਹਾਨਾ ਨੂੰ ਘੇਰਾ ਪਾਈ ਬੈਠਾ ਸੀ ਕਿ ਪਟਿਆਲੇ ਦੇ ਮਹਾਰਾਜਾ ਅਮਰ ਸਿੰਘ ਦੇ ਦੀਵਾਨ ਨਾਨੂੰ ਮੱਲ ਦੀ ਕਮਾਨ ਹੇਠ ਭੇਜੀ ਹੋਈ ਫੌਜ ਦੇ ਹਥੋਂ 30 ਦਸੰਬਰ, ਸੰਨ 1775, ਨੂੰ ਮਾਰਿਆ ਗਿਆ। [ਸਰਕਾਰ, ਫ਼ਾਲ, ਤੀਸਰੀ, 117-18; *ਤਾਰੀਖ਼ਿ ਪਟਿਆਲਾ*, 96; ਬ੍ਰਿਜ ਨਰਾਇਣ, *ਫੂਲਾ ਨਾਮਾ*, 64-66]। ਇਸ ਦਾ ਅਬਦੁਲ-ਅਹਦ ਖ਼ਾਨ ਨੂੰ ਸਿੱਖਾਂ ਦੇ ਵਿਰੁੱਧ ਪਹਿਲਾਂ ਦਾ ਭੀ ਗੁੱਸਾ ਚਲਿਆ ਆ ਰਿਹਾ ਸੀ ਜੋ ਅਬਦੁਲ-ਕਾਸਿਮ ਦੀ ਮੌਤ ਅਤੇ ਜ਼ਾਬਿਤਾ ਖ਼ਾਨ ਨੂੰ ਪਨਾਹ ਦੇਣ ਨੇ ਭੜਕਾ ਦਿੱਤਾ ਸੀ। ਉਹ ਮੌਕੇ ਦੀ ਭਾਲ ਵਿਚ ਸੀ ਕਿ ਸਿੱਖ ਸਰਦਾਰਾਂ ਦੀ ਦਿੱਲੀ ਵੱਲ ਨੂੰ ਵਧ ਰਹੀ ਤਾਕਤ ਨੂੰ ਕਮਜ਼ੋਰ ਕਰ ਕੇ ਖ਼ਤਮ ਕਰ ਸਕੇ।

## ਸਿੰਘ ਸਰਦਾਰਾਂ ਵਿਚ ਫੋਟਕ ਪਾਉਣ ਦੀ ਨੀਤਿ

ਸੰਨ 1778 ਤਕ ਜ਼ਾਬਿਤਾ ਖ਼ਾਨ ਅਧਮੋਇਆ ਕੀਤਾ ਜਾ ਚੁੱਕਾ ਸੀ ਅਤੇ ਰੁਹੇਲੇ ਖ਼ਤਮ

Sri Satguru Jagjit Singh Ji eLibrary

ਹੋ ਚੁੱਕੇ ਸਨ, ਭਰਤਪੁਰੀਏ ਜੱਟ ਅਤੇ ਮਾਚਰੀ ਦੇ ਰਾਓ ਪਰਤਾਪ ਸਿੰਘ ਵਿਚ ਕੋਈ ਸਾਹ ਸਤ ਨਹੀਂ ਸੀ ਰਿਹਾ, ਅਤੇ ਮਰਾਠੇ ਅੰਗਰੇਜ਼ਾਂ ਨਾਲ ਬਹੁਤ ਬੁਰੀ ਤਰ੍ਹਾਂ ਜ਼ਿੰਦਗੀ ਅਤੇ ਮੌਤ ਦੀ ਉਲਝਨ ਵਿਚ ਫਸੇ ਹੋਏ ਸਨ, ਇਸ ਲਈ ਦਿੱਲੀ ਦੀ ਹਕੂਮਤ ਨੂੰ ਖਾਲਸਿਆਂ ਤੋਂ ਬਿਨਾਂ ਹੋਰ ਕਿਸੇ ਪਾਸਿਉਂ ਕੋਈ ਜਿਆਦਾ ਖ਼ਤਰਾ ਨਹੀਂ ਸੀ। ਕੇਵਲ ਖਾਲਸੇ ਹੀ ਸਨ, ਜੋ ਚੜ੍ਹਦੀਆਂ ਕਲਾਂ ਵਿਚ ਜਾ ਰਹੇ ਸਨ। ਸਤਲੁਜੋਂ ਉੱਤਰ ਦਾ ਪੰਜਾਬ ਉਨ੍ਹਾਂ ਨੇ ਪੂਰੀ ਤਰ੍ਹਾਂ ਸਾਂਭ ਲਿਆ ਹੋਇਆ ਸੀ ਅਤੇ ਦਿੱਲੀ ਦੀ ਹਕੂਮਤ ਨੇ ਭੀ ਇਸ ਦਾ ਖ਼ਿਆਲ ਕਈ ਦੇਰ ਤੋਂ ਛੱਡ ਛੱਡਿਆ ਹੋਇਆ ਸੀ। ਇਸ ਨੂੰ ਮੁੜ ਲੈ ਸਕਣਾ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਸੀ। ਪਰ ਸਰਹੰਦ ਦਾ ਖ਼ਿਆਲ ਕਦੀ ਕਦੀ ਸੁਫ਼ਨੇ ਵਾਂਗ ਉਨ੍ਹਾਂ ਨੂੰ ਆ ਜਾਂਦਾ ਸੀ ਅਤੇ ਸਿੰਘ ਸਰਦਾਰ ਚੂੰਕਿ ਇਥੋਂ ਉਠ ਕੇ ਦਿੱਲੀ ਤਕ ਹੀ ਨਹੀਂ ਬਲਕਿ ਚੋਖਾ ਅੱਗੇ ਭੀ ਜਾ ਪੁੱਜਦੇ ਸਨ, ਇਸ ਲਈ ਇਹ ਦਿੱਲੀ ਦੀ ਹਕੂਮਤ ਦੀਆਂ ਅੱਖਾਂ ਵਿਚ ਕਾਫ਼ੀ ਰੜਕਦੇ ਰਹਿੰਦੇ ਸਨ ਅਤੇ ਉਥੋਂ ਦੇ ਬਖਸ਼ੀ ਅਤੇ ਵਜ਼ੀਰ ਉਨ੍ਹਾਂ ਪਾਸੋਂ ਡਰਦੇ ਅਜਿਹੀਆਂ ਵਿਉਂਤਾਂ ਸੋਚਦੇ ਰਹਿੰਦੇ ਸਨ ਜਿਨ੍ਹਾਂ ਨਾਲ ਇਨ੍ਹਾਂ ਵਿਚ ਪਾਟੋ ਧਾੜ ਪਾ ਕੇ ਇਨ੍ਹਾਂ ਨੂੰ ਕਮਜ਼ੋਰ ਅਤੇ ਮਤੀਹ ਕੀਤਾ ਜਾ ਸਕੇ।

ਅਬਦੁਲ-ਅਹਦ ਖ਼ਾਨ ਇਕ ਬੜਾ ਡੂੰਘਾ ਸਾਜ਼ਸ਼ੀ ਬੰਦਾ ਸੀ। ਉਸ ਨੇ ਸੋਚਿਆ ਕਿ ਜੇ ਕੁਝ ਕੁ ਸਿੰਘ ਸਰਦਾਰਾਂ ਨੂੰ ਬਾਦਸ਼ਾਹ ਸ਼ਾਹ ਆਲਮ ਵੱਲੋਂ ਮਿਹਰਬਾਨੀਆਂ ਅਤੇ ਹੋਰ ਲਾਲਚ ਨਾਲ ਆਪਣੀ ਵੱਲ ਖਿਚ ਕੇ ਗੰਢਿਆ ਜਾ ਸਕੇ ਤਾਂ ਇਕ ਤਾਂ ਇਨ੍ਹਾਂ ਵਿਚ ਆਪਸ ਵਿਚ ਈਰਖਾ ਅਤੇ ਫੋਟਕ ਪੈ ਜਾਏਗੀ, ਦੂਸਰੇ, ਬਾਦਸ਼ਾਹ ਦੇ ਪੱਖੀ ਸਰਦਾਰਾਂ ਵੱਲੋਂ ਸਹਾਇਤਾ ਨਾਲ ਦੂਸਰਿਆਂ ਸਰਦਾਰਾਂ ਨੂੰ ਕਮਜ਼ੋਰ ਅਤੇ ਕਾਬੂ ਕਰ ਕੇ ਈਨ ਮਨਾਈ ਜਾ ਸਕੇਗੀ। ਆਪਸ ਦੀ ਪਾਟੋ ਧਾੜ ਨਾਲ ਹੀ ਭਰਤਪੁਰੀਏ ਜੱਟ ਮਰੇ ਸਨ, ਇਸੇ ਫੋਟਕ ਨਾਲ ਹੀ ਹੁਣ ਮਰਾਠੇ ਮਰ ਰਹੇ ਸਨ। ਰਾਜਪੂਤ ਤਾਂ ਇਕੱਠੇ ਇਕ-ਮੁੱਠ ਸ਼ਾਇਦ ਹੀ ਕਦੀ ਹੋਏ ਹੋਣ। ਸਿੰਘਾਂ ਵਿਚ ਭੀ ਇਸ ਬਿਮਾਰੀ ਦੇ ਕੀੜੇ ਪੈਦਾ ਹੁੰਦੇ ਦਿਸਣ ਲੱਗ ਪਏ ਸਨ। ਇਹ ਬਿਮਾਰੀ ਹਿੰਦੁਸਤਾਨ ਦੇ ਜਲ-ਵਾਯੂ ਵਿਚ ਹੈ, ਦੇਸ ਦੀ ਮਿੱਟੀ ਵਿਚ ਹੈ, ਅਤੇ ਇਥੋਂ ਦੇ ਲੋਕਾਂ ਦੇ ਖਮੀਰ ਵਿਚ ਹੈ। ਚਲਾਕ ਪਰਾਏ ਅਤੇ ਆਪਣੇ ਸਦਾ ਇਸ ਦਾ ਫ਼ਾਇਦਾ ਉਠਾਉਂਦੇ ਰਹੇ ਹਨ। ਅਬਦੁਲ-ਅਹਦ ਖ਼ਾਨ ਇਸ ਸ਼ਤਰੰਜ ਦੀ ਖੇਡ ਦਾ ਬੜਾ ਹੁਸ਼ਿਆਰ ਖਿਡਾਰੀ ਸੀ ਇਸ ਲਈ ਉਸ ਨੇ ਇਹ ਦਾਓ ਭੀ ਲਾ ਦੇਖਣ ਦੀ ਸੋਚ ਲਈ।

## ਸਿੱਖ ਸਰਦਾਰਾਂ ਦੀ ਖ਼ੁਸ਼ਾਮਦ

ਸਤੰਬਰ ਸੰਨ 1778 ਵਿਚ ਖਾਲਸਾ ਦਲ ਦੇ ਕੁਝ ਸਰਦਾਰ ਦਿੱਲੀ ਦੇ ਉਤਰ-ਲਹਿੰਦੇ ਨੂੰ ਸ਼ਾਲਾਮਾਰ ਬਾਗ਼ ਦੇ ਲਾਗੇ ਉੱਤਰੇ ਹੋਏ ਸਨ ਅਤੇ ਕੁਝ ਖ਼ਤਰਾ ਨਜ਼ਰ ਆ ਰਿਹਾ ਸੀ। ਇਸ ਲਈ ਅਬਦੁਲ-ਅਹਿਦ ਖ਼ਾਨ ਨੇ ਸਿੰਘਾਂ ਅਤੇ ਉਨ੍ਹਾਂ ਦੇ ਸੱਜਣਾਂ ਮਿੱਤਰਾਂ ਦੀ ਖ਼ੁਸ਼ਾਮਦ ਕਰਨੀ ਸ਼ੁਰੂ ਕਰ ਦਿੱਤੀ। 23 ਸਤੰਬਰ ਨੂੰ ਉਸ ਨੇ ਆਪਣੇ ਇਕ ਨਾਇਬ ਬਹਿਰਾਮ-ਕੁਲੀ ਖ਼ਾਨ ਨੂੰ ਸਰਦਾਰ ਸਾਹਿਬ ਵਿਚ ਕੁੱਢਾ, ਕਰਮ ਸਿੰਘ ਸ਼ਹੀਦ ਆਦਿ ਨੂੰ ਮਿਲਣ ਅਤੇ

ਜੀਉ-ਆਇਆ-ਨੂੰ ਆਖਣ ਲਈ ਭੇਜਿਆ ਅਤੇ ਬਾਦਸ਼ਾਹ ਦੀ ਸਲਾਹ ਨਾਲ ਨਜੀਬੁੱਦੌਲਾ ਦੇ ਸਭ ਤੋਂ ਛੋਟੇ ਪੁੱਤਰ ਮੱਲੂ ਖ਼ਾਨ ਨੂੰ 28 ਸਤੰਬਰ ਨੂੰ 'ਨਜੀਬੁੱਦੌਲਾ ਦੂਸਰਾ' ਦਾ ਖਿਤਾਬ ਦੁਆਇਆ। ਅਗਲੇ ਦਿਨ 29 ਸਤੰਬਰ ਨੂੰ ਅਬਦੁਲ-ਅਹਦ ਖ਼ਾਨ ਖ਼ੁਦ ਸਿੰਘਾਂ ਨੂੰ ਯਾਕੂਬ ਅਲੀ ਖ਼ਾਨ ਦੇ ਬਾਗ ਵਿਚ ਮਿਲਿਆ ਅਤੇ ਬਾਦਸ਼ਾਹ ਵੱਲੋਂ ਖਿਲਅਤਾਂ ਪੇਸ਼ ਕੀਤੀਆਂ।

**ਬੰਗਲਾ ਸਾਹਿਬ ਦੀ ਮਸੀਤ**

ਪਹਿਲੀ ਅਕਤੂਬਰ, ਅਸੂ ਸੁਦੀ 10, ਨੂੰ ਦੁਸਹਿਰਾ ਸੀ। ਸਿੰਘ ਭੀ ਸਮਝ ਗਏ ਸਨ ਕਿ ਦਿੱਲੀ ਦੀ ਸਰਕਾਰ ਯਰਕੀ ਹੋਈ ਹੈ। ਇਸ ਲਈ ਰਕਾਬ ਗੰਜ ਦੇ ਲਾਗੇ ਖੁੱਲ੍ਹੇ ਮੈਦਾਨ ਵਿਚ ਦੁਸਹਿਰਾ ਮਨਾਉਂਦੇ ਹੋਏ ਸਿੰਘਾਂ ਨੇ 'ਗੁਰੂ ਕਾ ਬੰਗਲਾ' ਸਾਹਿਬ ਤੇ ਬਣੀ ਹੋਈ ਮਸੀਤ ਜਾ ਢਾਈ। ਸਿੰਘਾਂ ਦੀ ਇਸ ਡਾਢੀ ਦਲੇਰੀ ਨੂੰ ਅਬਦੁਲ-ਅਹਦ ਖ਼ਾਨ ਚੁਪ ਕਰ ਕੇ ਪੀ ਗਿਆ। ਮਤਲਬ ਦਾ ਅੰਨ੍ਹਾ ਬਰਦਾ, ਪਿਆ ਡਰਦਾ ਹਰ ਹਰ ਕਰਦਾ।

ਪਰ ਛੇਤੀ ਹੀ ਬਾਅਦ ਬਾਦਸ਼ਾਹ ਨੂੰ ਜੈਪੁਰ ਜਾਣਾ ਪੈ ਗਿਆ। ਇਸ ਲਈ ਅਬਦੁਲ-ਅਹਦ ਅਪਰੈਲ 1779 ਦੇ ਅੰਤ ਤਕ ਵਿੰਗੀਆਂ ਟੇਢੀਆਂ ਵਿਉਂਤਾਂ ਸੋਚਣ ਤੋਂ ਬਿਨਾਂ ਕੁਝ ਨਾ ਕਰ ਸਕਿਆ। ਬਾਦਸ਼ਾਹ ਦੇ ਦਿੱਲੀ ਮੁੜਨ ਪਰ ਅਬਦੁਲ-ਅਹਦ ਖ਼ਾਨ ਨੇ ਕਰਨਾਲ ਦੇ ਇਲਾਕੇ ਦੇ ਸਿੱਖ ਸਰਦਾਰਾਂ ਨੂੰ ਗੱਲ-ਬਾਤ ਕਰਨ ਲਈ ਬੁਲਾਇਆ। ਪਰ ਬਾਦਸ਼ਾਹ ਨੇ ਉਨ੍ਹਾਂ ਨੂੰ ਆਪਣੇ ਦਰਬਾਰ ਵਿਚ ਬੁਲਾਉਣੋਂ ਨਾਂਹ ਕਰ ਦਿੱਤੀ। ਇਨ੍ਹਾਂ ਦਿਨਾਂ ਵਿਚ ਮਹਾਰਾਜਾ ਅਮਰ ਸਿੰਘ ਪਟਿਆਲੇ ਵਾਲੇ ਨੇ ਅਬਦੁਲ-ਅਹਦ ਖ਼ਾਨ ਨੂੰ ਕੁਝ ਸੁਗਾਤਾਂ ਭੇਜੀਆਂ। ਸ਼ਾਇਦ ਇਸ ਖ਼ਿਆਲ ਨਾਲ ਕਿ ਦਿੱਲੀ ਵਿਚ ਬੈਠਾ ਸਰਦਾਰ ਬਘੇਲ ਸਿੰਘ ਕਰੋੜਸਿੰਘੀਆ ਕੋਈ ਅਜਿਹੀ ਗੱਲ ਨਾ ਕਰ ਬੈਠੇ ਜਿਸ ਨਾਲ ਪਟਿਆਲੇ ਨੂੰ ਨੁਕਸਾਨ ਪੁੱਜ ਜਾਏ। ਪਰ ਇਸ ਵੇਲੇ ਮਹਾਰਾਜੇ ਨੂੰ ਕੋਈ ਭੁਲੇਖਾ ਲੱਗਾ ਜਾਪਦਾ ਹੈ। ਆਪਸ ਵਿਚ ਕੁਝ ਮਤ- ਭੇਦ ਹੁੰਦੇ ਹੋਏ ਭੀ ਉਸ ਵੇਲੇ ਦੇ ਸਿੰਘ ਓਪਰੇ ਵੈਰੀ ਨਾਲ ਰਲ ਕੇ ਭਰਾ-ਮਾਰੂ ਗੱਲਾਂ ਨਹੀਂ ਸਨ ਕਰਦੇ। ਜਦ ਅਬਦੁਲ-ਅਹਦ ਖ਼ਾਨ ਨੇ ਕੁਝ ਕੁ ਚੁਣਵੇਂ ਸਰਦਾਰਾਂ ਨਾਲ ਮਾਲਵੇ ਦੀ ਮੁਹਿੰਮ ਦੀ ਗੱਲ ਕੀਤੀ ਤਾਂ ਉਹ ਧੁਮਲੇ ਜੱਟਾਂ ਵਾਂਗੂ ਬੜੇ ਭੋਲੇ ਭਾਲੇ ਬਣ ਗਏ ਅਤੇ ਜਾਹਰਾ ਤੌਰ ਤੇ ਉਸ ਨੂੰ ਕੁਝ ਅਜਿਹੇ ਸਬਜ਼ ਬਾਗ ਵਿਖਾਏ ਕਿ ਉਹ ਮਹਾਰਾਜਾ ਅਮਰ ਸਿੰਘ ਨਾਲ ਰਲ ਕੇ ਸਤਲੁਜੋਂ ਉਰਾਰ ਤਕ ਸ਼ਾਹ ਆਲਮ ਬਾਦਸ਼ਾਹ ਦਾ ਰਾਜ ਮੁੜ ਕਾਇਮ ਕਰ ਦੇਣ ਵਿਚ ਪੂਰੀ ਪੂਰੀ ਸਹਾਇਤਾ ਕਰਨਗੇ। ਬਲਕਿ ਉਨ੍ਹਾਂ ਨੇ ਤਾਂ ਆਪਣੇ ਭੁਚਲਾਵੇਂ, ਵਾਹਦਿਆਂ ਅਤੇ ਚੋਪੜੀਆਂ ਗੱਲਾਂ ਨਾਲ ਅਬਦੁਲ-ਅਹਦ ਖ਼ਾਨ ਨੂੰ ਲਾਹੌਰ ਅਤੇ ਮੁਲਤਾਨ ਦੀ ਫਤਿਹ ਦੇ ਸੁਫਨੇ ਭੀ ਵਿਖਾ ਦਿੱਤੇ। ਅਸਲ ਵਿਚ ਇਹ ਇਕ ਦੂਸਰੇ ਨੂੰ ਚਾਲਾਕੀ ਨਾਲ ਆਪਣੇ ਜਾਲ ਵਿਚ ਫਾਹ ਕੇ ਮਾਰਨ ਲਈ ਸ਼ਤਰੰਜ ਦੀ ਖੇਡ ਸੀ, ਜਿਸ ਵਿਚ ਜੋ ਵਧੇ ਸੋ ਪਾਵੇ। ਇਕ ਪਾਸੇ ਅਬਦੁਲ-ਅਹਦ ਖ਼ਾਨ ਕਸ਼ਮੀਰੀ ਸੀ ਅਤੇ ਦੂਸਰੇ ਪਾਸੇ ਬਘੇਲ ਸਿੰਘ ਝਬਾਲੀਆ ਜੱਟ। ਚਾਲਾਕੀ ਵਿਚ ਦੋਨੋਂ ਬਰਾਬਰ ਦੀ ਟੱਕਰ ਦੇ ਸਨ। ਪਰ ਬਘੇਲ ਸਿੰਘ ਜਿੱਥੇ ਮੈਦਾਨਿ ਜੰਗ ਦਾ ਇਕ ਉੱਘਾ ਸੂਰਮਾ ਸੀ, ਉੱਥੇ

Sri Satguru Jagjit Singh ji eLibrary

ਅਬਦੁਲ-ਅਹਦ ਪਰਲੇ ਦਰਜੇ ਦਾ ਕਾਇਰ ਸੀ ਅਤੇ ਅੰਤ ਉਸ ਦੀ ਸੁਆਰਥੀ ਵੈਰ-ਭਾਵ ਦੀ ਨੀਤਿ ਅਤੇ ਕਾਇਰਤਾ ਉਸ ਨੂੰ ਲੈ ਡੁਬੇ।

## ਮੁਹਿੰਮ ਦੀ ਤਿਆਰੀ

ਅਬਦੁਲ-ਅਹਦ ਖ਼ਾਨ ਬਘੇਲ ਸਿੰਘ ਦੇ ਦਾਉ ਵਿਚ ਆ ਗਿਆ ਅਤੇ ਸਰ ਜਦੂ ਨਾਥ ਸਰਕਾਰ ਦੇ ਕਹਿਣ ਅਨੁਸਾਰ—ਦੀ ਓਲਡ ਫ਼ੂਲ ਸਵੈਲੋਡ ਦੀ ਬੇਟ—ਉਸ ਨੇ ਮੱਛੀਆਂ ਫੜਨ ਲਈ ਸੁੱਟੀ ਹੋਈ ਕੁੰਡੀ ਨਾਲ ਲਾਈ ਹੋਈ ਮਾਸ ਦੀ ਬੋਟੀ ਨੂੰ ਜਾ ਮੂੰਹ ਪਾਇਆ, ਅਤੇ ਉਹ ਕੰਡੀ ਅਬਦੁਲ-ਅਹਦ ਦੇ ਸੰਘ ਵਿਚ ਫਸ ਗਈ। ਬਘੇਲ ਸਿੰਘ ਵੱਲੋਂ ਦਿੱਤੇ ਸਿੰਘਾਂ ਦੇ ਫੁਸਲਾਵੇਂ ਵਾਹਦਿਆਂ ਦੇ ਭਰਮਾਏ ਹੋਏ ਨੇ ਬਾਦਸ਼ਾਹ ਨੂੰ ਸਿੱਖ ਇਲਾਕਿਆਂ ਵਿਚ ਮੁਹਿੰਮ ਦੇ ਨਾਲ ਚਲਣ ਲਈ ਬੜੀ ਜੋਰਦਾਰ ਬੇਨਤੀ ਕੀਤੀ ਪਰ ਬਾਦਸ਼ਾਹ ਨੇ ਨਾਂਹ ਕਰ ਦਿੱਤੀ। ਸ਼ਾਇਦ ਉਸ ਨੂੰ ਸਿੰਘਾਂ ਦੇ ਪਿਛਲੇ ਇਤਿਹਾਸ ਦੀ ਲੋ ਵਿਚ ਆਉਣ ਵਾਲੇ ਦੁਖਦਾਈ ਹਾਲਤ ਦਾ ਕਿਧਰਿਉਂ ਕੁਝ ਝਲਕਾਰਾ ਪੈ ਗਿਆ ਹੋਵੇ। ਅਬਦੁਲ-ਅਹਦ ਨੇ ਬਾਦਸ਼ਾਹ ਨੂੰ ਡਰਾਇਆ ਕਿ ਜੇ ਸਿੱਖਾਂ ਦੇ ਵਿਰੁੱਧ ਮੁਹਿੰਮ ਨਾ ਚੜ੍ਹੀ ਤਾਂ ਸਾਥੀ ਸਿੱਖ ਅਤੇ ਸ਼ਾਹੀ ਫੌਜ ਆਪਣੀ ਚੁਕਾਈ ਹੋਈ ਰਕਮ ਅਤੇ ਤਨਖਾਹ ਤੇ ਬਕਾਏ ਆਦਿ ਲਈ ਉਸ ਨੂੰ ਘੇਰਾ ਪਾ ਕੇ ਤੰਗ ਕਰਨਗੇ। ਪਰ ਬਾਦਸ਼ਾਹ ਨਾ ਮੰਨਿਆ। ਯੁਵਰਾਜ ਜਹਾਂਦਾਰ ਸ਼ਾਹ ਨੇ ਇਹ ਕਹਿ ਕੇ ਪਿੱਛਾ ਛੁਡਾਇਆ ਕਿ ਮੈਂ ਬਿਮਾਰ ਹਾਂ। ਪਰ ਅਬਦੁਲ-ਅਹਦ ਜੋਰ ਦੇ ਰਿਹਾ ਸੀ ਕਿ ਸ਼ਾਹੀ ਖ਼ਾਨਦਾਨ ਦੇ ਕਿਸੇ ਬੰਦੇ ਦੇ ਨਾਲ ਹੋਣ ਤੋਂ ਬਿਨਾ ਮੁਹਿੰਮ ਦਾ ਰੋਹਬ ਨਹੀਂ ਪੈਣਾ। ਇਸ ਲਈ ਬੇ-ਬਸ ਹੋ ਕੇ ਸ਼ਾਹ ਆਲਮ ਬਾਦਸ਼ਾਹ ਨੇ ਆਪਣੇ ਪੁੱਤਰ ਮਿਰਜਾ ਜਹਾਨ ਸ਼ਾਹ ਫ਼ਰਖ਼ੰਦਾ-ਬਖ਼ਤ ਨੂੰ ਅਬਦੁਲ-ਅਹਦ ਖ਼ਾਨ ਦੇ ਨਾਲ ਸਿੱਖਾਂ ਦੇ ਵਿਰੁੱਧ ਇਸ ਮੁਹਿੰਮ ਪਰ ਜਾਣ ਦਾ ਹੁਕਮ ਦੇ ਦਿੱਤਾ।

ਅਬਦੁਲ-ਅਹਦ ਖ਼ਾਨ ਨੇ ਇਕ ਤਕੜੀ ਫੌਜ ਇਕੱਠੀ ਕਰ ਲਈ ਅਤੇ ਤੋਪਖਾਨ ਦਾ ਬੇੜਾ ਲੈ ਕੇ ਸ਼ਾਹਜਾਦਾ ਫ਼ਰਖੰਦਾ-ਬਖ਼ਤ ਦੇ ਨਾਲ 3 ਜੂਨ, ਸੰਨ 1779, ਨੂੰ ਦਿੱਲੀ ਤੋਂ ਕੂਚ ਕੀਤਾ। ਸਰਦਾਰ ਬਘੇਲ ਸਿੰਘ ਅਤੇ ਕੁਝ ਹੋਰ ਛੋਟੇ ਛੋਟੇ ਸਰਦਾਰ ਭਾਗ ਸਿੰਘ ਡਲੇ ਵਾਲੀਆ ਆਦਿ ਭੀ ਨਾਲ ਸਨ। ਰਾਹ ਵਿਚ ਅਬਦੁਲ-ਅਹਦ ਨੇ ਮਿਰਜਾ ਨੱਜਫ ਖ਼ਾਨ ਦੇ ਕਾਨੂਗੋ ਅਤੇ ਉਗ੍ਰਾਹੀਏ ਹਟਾ ਕੇ ਉਨ੍ਹਾਂ ਦੀ ਥਾਂ ਆਪਣੇ ਆਦਮੀ ਨਿਯਤ ਕਰ ਦਿੱਤੇ। ਜਦ ਸ਼ਾਹੀ ਲਸ਼ਕਰ ਕਰਨਾਲ ਪਹੁੰਚਾ ਤਾਂ ਜੀਂਦ ਦਾ ਰਾਜਾ ਗਜਪਤ ਸਿੰਘ ਸ਼ਾਹਜਾਦਾ ਅਤੇ ਅਬਦੁਲ-ਅਹਦ ਖ਼ਾਨ ਨੂੰ ਆ ਮਿਲਿਆ ਅਤੇ ਕੁਝ ਹੋਰ ਸਰਦਾਰ ਭੀ ਆਏ। ਸਰਦਾਰ ਬਘੇਰ ਸਿੰਘ ਇਨ੍ਹਾਂ ਦੇ ਕੰਨਾਂ ਵਿਚ ਕੁਝ ਫੂਕਾਂ ਮਾਰਦਾ ਗਿਆ। ਜਿਸ ਦਾ ਨਤੀਜਾ ਇਹ ਹੋਇਆ ਕਿ ਸਿੱਖ ਸਰਦਾਰਾਂ ਬਹੁਤੀ ਹੁੱਤ ਕੀਤੇ ਬਿਨਾਂ ਹੀ ਥੋੜ੍ਹਾ ਬਹੁਤ ਨਜ਼ਰਾਨਾ ਦਿੰਦੇ ਗਏ, ਜਿਸ ਕਰਕੇ ਨਾ ਤਾਂ ਅਬਦੁਲ-ਅਹਦ ਨੂੰ ਹੀ ਕੋਈ ਸ਼ੱਕ ਪਿਆ ਅਤੇ ਨਾ ਹੀ ਸ਼ਾਹਜਾਦੇ ਨੂੰ। ਖ਼ੁਦ ਗਜਪਤ ਸਿੰਘ ਨੇ ਭੀ ਦੋ ਲੱਖ ਦੇਣਾ ਕਰ ਲਿਆ।

ਅੱਗੇ ਤਾਂ ਇਕੱਲਾ ਬਘੇਲ ਸਿੰਘ ਅਬਦੁਲ-ਅਹਦ ਦਾ ਸਲਾਹੀਆ ਸੀ। ਹੁਣ

Sri Satguru Jagjit Singh Ji eLibrary

ਗਜਪਤ ਸਿੰਘ ਭੀ ਉਸ ਦਾ ਮਿੱਤਰ ਅਤੇ ਭਰੋਸੇਯੋਗ ਸਲਾਹੀਆ ਅਤੇ ਉਚ-ਅਧਿਕਾਰੀ ਬਣ ਗਿਆ। ਸਾਰਾ ਕੰਮ ਕਾਰ ਇਸ ਦੀ ਸਲਾਹ ਨਾਲ ਹੋਣ ਲੱਗ ਪਿਆ। ਇਸੇ ਦੀ ਸਲਾਹ ਨਾਲ ਜੋ ਭੀ ਸਿੱਖ ਆਉਂਦਾ ਭਰਤੀ ਕਰ ਲਿਆ ਜਾਂਦਾ ਅਤੇ ਹਰ ਨਵੇਂ ਸਰਦਾਰ ਨੂੰ ਹਾਥੀ, ਕਲਗੀ ਅਤੇ ਹੋਰ ਵਸਤਾਂ ਦਿੱਤੀਆਂ ਜਾਂਦੀਆਂ। ਸ਼ਾਹੀ ਫੌਜ ਦੇ ਆਉਣ ਨਾਲ ਜਿਥੋਂ ਕਿਧਰਿਓਂ ਭੀ ਲੋਕ ਦੌੜ ਜਾਂਦੇ, ਉਥੇ ਸਿੱਖਾਂ ਦੇ ਠਾਣੇ ਬਿਠਾ ਦਿੱਤੇ ਜਾਂਦੇ। ਇਸ ਤਰ੍ਹਾਂ ਇਨ੍ਹਾਂ ਦੋਹਾਂ ਸਰਦਾਰਾਂ ਬਘੇਲ ਸਿੰਘ ਅਤੇ ਰਾਜਾ ਗਜਪਤ ਸਿੰਘ ਨੇ ਇਕ ਅਜੀਬ ਹਾਲਤ ਪੈਦਾ ਕਰ ਦਿੱਤੀ ਕਿ ਵਧ ਤਾਂ ਰਹੀ ਸੀ ਸ਼ਾਹੀ ਫੌਜ ਅੱਗੇ ਨੂੰ, ਪਰ ਠਾਣੇ ਥਾਉਂ ਥਾਈਂ ਸਿੰਘ ਸਰਦਾਰਾਂ ਦੇ ਕਾਇਮ ਹੋ ਰਹੇ ਸਨ, ਜਿਵੇਂ 1914-18 ਦੀ ਲੜਾਈ ਵੇਲੇ ਅਕਬਰ ਅਲਾਹਾਬਾਦੀ ਨੇ ਇਕ ਮੌਕੇ ਤੇ ਕਿਹਾ ਸੀ ਕਿ 'ਫ਼ਤਿਹ ਇੰਗਲਿਸ਼ ਕੀ ਹੋਤੀ ਹੈ, ਕਦਮ ਜਰਮਨ ਕਾ ਬੜ੍ਹਤਾ ਹੈ'। ਇਸ ਤਰ੍ਹਾਂ ਬਘੇਲ ਸਿੰਘ ਅਤੇ ਗਜਪਤ ਸਿੰਘ ਦੀ ਨੀਤੀ ਅਤੇ ਹੁਸ਼ਿਆਰੀ ਸਫਲ ਹੋ ਰਹੀਆਂ ਸਨ ਅਤੇ ਅਬਦੁਲ-ਅਹਦ ਖ਼ਾਨ ਦੇ ਆਲੇ ਦੁਆਲੇ ਇਕ ਜਾਲ ਵਿਛਦਾ ਜਾ ਰਿਹਾ ਸੀ।

ਅਬਦੁਲ-ਅਹਦ ਖ਼ਾਨ ਦਿੱਲੀਉਂ ਮੁਹਿੰਮ ਲੈ ਕੇ ਚੜ੍ਹਿਆ ਸੀ ਸੋਨੀਪਤ ਦੇ ਜ਼ਿਲੇ ਵਿਚ ਦੇ ਸ਼ਾਹੀ 'ਖਾਲਸਾ' ਇਲਾਕੇ ਪਰ ਕਬਜ਼ਾ ਕਰਨ ਲਈ, ਅਤੇ ਉਨ੍ਹਾਂ ਸਿੱਖ ਸਰਦਾਰਾਂ ਅਤੇ ਮਿਸਲਦਾਰਾਂ ਪਾਸੋਂ ਨਜ਼ਰਾਨੇ ਅਤੇ ਮਾਮਲੇ ਉਗ੍ਰਾਹੁਣ ਲਈ ਜਿਨ੍ਹਾਂ ਨੇ ਪਾਣੀਪਤ ਅਤੇ ਅੰਬਾਲੇ ਦੇ ਜ਼ਿਲਿਆਂ ਵਿਚ ਮੱਲਾਂ ਮਾਰੀਆਂ ਹੋਈਆਂ ਸਨ ਅਤੇ ਇਸ ਮਤਲਬ ਲਈ ਭਰਤੀ ਅਜਿਹੇ ਸਿੱਖ ਸਿਪਾਹੀ ਅਤੇ ਸਰਦਾਰ ਭੀ ਕਰ ਲਏ ਸਨ ਜਿਨ੍ਹਾਂ ਦੇ ਭਰਾਵਾਂ ਅਤੇ ਭਾਈ ਬੰਦਾਂ ਨੂੰ ਉਹ ਨਚੋੜਨਾ ਚਾਹੁੰਦਾ ਸੀ। ਅਤੇ, ਉਸ ਦੇ ਮੁਖ ਸਲਾਹੀਏ ਉਹ ਸਿੱਖ ਸਰਦਾਰ ਸਨ ਜੋ ਖ਼ੁਦ ਉਸ ਦੀ ਮਾਰ ਹੇਠਾਂ ਆਉਣੇ ਸਨ। ਅਜਿਹਾ ਬੰਦਾ ਭੀ ਜੇ ਆਪਣੀ ਨੀਤੀ ਦੀ ਸਫਲਤਾ ਦੇ ਸੁਫਨੇ ਲੈ ਰਿਹਾ ਹੋਵੇ ਤਾਂ ਉਸ ਦਾ ਰੱਬ ਹੀ ਰਾਖਾ।

## ਭਾਈ ਦੇਸੂ ਸਿੰਘ ਕੈਦ ਵਿਚ

ਕਰਨਾਲ ਵਿਚ ਅਬਦੁਲ-ਅਹਦ ਨੇ ਬਰਸਾਤ ਕੱਢੀ। ਇਥੇ ਹੀ ਉਸ ਨੂੰ ਭਾਈ ਦੇਸੂ ਸਿੰਘ ਕੈਥਲ ਵਾਲਾ ਆ ਮਿਲਿਆ। ਅਬਦੁਲ-ਅਹਦ ਨੇ ਉਸ ਪਾਸੋਂ ਤਿੰਨ ਲੱਖ ਰੁਪਇਆ ਮੰਗਿਆ ਅਤੇ ਭਾਈ ਦੇਸੂ ਸਿੰਘ ਨੇ ਦੋ ਲੱਖ ਦੇਣਾ ਮੰਨ ਲਿਆ। ਇਸ ਪਰ ਅਹਦ ਨੇ ਆਪਣੀ ਮੰਗ ਪੰਜ ਲੱਖ ਕਰ ਦਿੱਤੀ। ਇਕ ਦਿਨ ਰਾਤ ਨੂੰ ਗਜਪਤ ਸਿੰਘ ਨੇ ਵਜ਼ੀਰ ਨੂੰ ਕਿਹਾ ਕਿ ਦੇਸੂ ਸਿੰਘ ਪਾਸੋਂ ਰਕਮ ਉਗ੍ਰਾਹ ਹੋਣੀ ਔਖੀ ਹੈ। ਇਸ ਲਈ ਤੂੰ ਮੇਰੇ ਸਮੇਤ ਸਾਰੇ ਸਰਦਾਰਾਂ ਨੂੰ ਗ੍ਰਿਫ਼ਤਾਰ ਕਰ ਲੈ। ਪਿੱਛੋਂ ਸਾਨੂੰ ਛੱਡ ਦੇਈਂ ਅਤੇ ਦੇਸੂ ਸਿੰਘ ਨੂੰ ਫੜੀ ਰੱਖੀਂ। ਅਹਦ ਇਸ ਝਾਂਸੇ ਵਿਚ ਆ ਗਿਆ। 12 ਸਤੰਬਰ ਨੂੰ ਜਦ ਸਰਦਾਰ ਸ਼ਾਹਜ਼ਾਦੇ ਅਤੇ ਉਸ ਨੂੰ ਮਿਲਣ ਆਏ ਤਾਂ ਉਸ ਨੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਫੇਰ ਤਾਜ ਮੁਹੰਮਦ ਖ਼ਾਨ ਨੇ ਜਦ ਆ ਕੇ ਕਿਹਾ ਕਿ ਦੇਸੂ ਸਿੰਘ ਤੋਂ ਬਿਨਾਂ ਸਾਰੇ ਸਰਦਾਰ ਰਕਮਾਂ ਦੇਣੀਆਂ ਮੰਨ ਗਏ ਹਨ, ਤਾਂ ਉਨ੍ਹਾਂ ਨੂੰ ਛੱਡ ਦਿੱਤਾ ਅਤੇ ਦੇਸੂ ਸਿੰਘ ਨੂੰ

ਕੈਦ ਰਖਿਆ। ਅਸਲ ਵਿਚ ਅਬਦੁਲ-ਅਹਦ ਦੇ ਮਨ ਵਿਚ ਖੋਟ ਸੀ। ਉਹ ਉਸ ਪਾਸੋਂ ਮਾਰਚ ਸੰਨ 1776 ਵਿਚ ਉਸ ਦੀ ਫੌਜ ਨਾਲ ਲੜਦੇ ਮਾਰੇ ਗਏ ਆਪਣੇ ਭਾਈ ਅਬੁਲ-ਕਾਸਿਮ ਦਾ ਬਦਲਾ ਲੈਣਾ ਚਾਹੁੰਦਾ ਸੀ। ਕਦੀ ਉਹ ਭਾਈ ਦੇਸੂ ਸਿੰਘ ਨੂੰ ਇਹ ਧਮਕੀਆਂ ਦਿੰਦਾ ਸੀ ਅਤੇ ਉਸ ਦਾ ਇਲਾਕਾ ਜਬਤ ਕਰ ਲੈਣ ਦੀਆਂ ਗੱਲਾ ਕਰਦਾ ਸੀ, ਕਦੀ ਉਸ ਲੜਾਈ ਵਿਚ ਖੋਹੀਆਂ ਗਈਆਂ ਤੋਪਾਂ ਅਤੇ ਹੋਰ ਸਾਰਾ ਸਾਮਾਨ ਮੰਗਦਾ ਸੀ ਅਤੇ ਕਦੀ ਪਿਛਲੇ ਚਾਰ ਸਾਲਾਂ ਵਿਚ ਸਾਰੇ ਇਲਾਕੇ ਦੀ ਸਾਰੀ ਉਗ੍ਰਾਹੀ ਰਕਮ ਦੀ ਮੰਗ ਕਰਦਾ ਸੀ। ਆਖਰ ਕੁਝ ਚਿਰ ਪਿਛੋਂ ਇਕ ਲੱਖ ਰੁਪਇਆ ਨਕਦ ਲੈ ਕੇ ਭਾਈ ਦੇਸੂ ਸਿੰਘ ਨੂੰ ਤਾਂ ਛੱਡ ਦਿੱਤਾ, ਪਰ ਬਾਕੀ ਰਕਮ ਲਈ ਉਸ ਦੇ ਪੁੱਤਰ ਭਾਈ ਲਾਲ ਸਿੰਘ ਨੂੰ ਜ਼ਮਾਨਤ ਵਜੋਂ ਆਪਣੇ ਪਾਸ ਨਜ਼ਰ-ਬੰਦ ਕਰ ਰਖਿਆ।

ਅਬਦੁਲ-ਅਹਦ ਦੀ ਇਸ ਮੂਰਖਤਾ ਭਰੀ ਕਰਤੂਤ ਨੇ ਇਲਾਕੇ ਦੇ ਸਾਰੇ ਨਿੱਕੇ ਵੱਡੇ ਸਿੱਖ ਸਰਦਾਰਾਂ ਦਾ ਭਰੋਸਾ ਗਵਾ ਲਿਆ ਅਤੇ ਹਰ ਥਾਂ ਇਹ ਗੱਲ ਧੁੰਮ ਗਈ ਕਿ ਅਬਦੁਲ-ਅਹਦ ਬੇਈਮਾਨ ਅਤੇ ਧੋਖੇਬਾਜ ਬੰਦਾ ਹੈ। ਇਸ ਦੀ ਗੱਲ ਉੱਤੇ ਕਿਸੇ ਨੂੰ ਇਤਬਾਰ ਨਹੀਂ ਹੋ ਸਕਦਾ। ਇਸ ਦੇ ਨਾਲ ਹੀ ਉਨ੍ਹਾਂ ਨੂੰ ਭਾਈ ਦੇਸੂ ਸਿੰਘ ਕਰਕੇ ਗੁੱਸਾ ਭੀ ਚੜ੍ਹ ਗਿਆ, ਕਿਉਂਕਿ ਗੁਰੂ ਅਰਜਨ ਦੇ ਸਮੇਂ ਇਕ ਸ਼ਰਧਾਵਾਨ ਅਤੇ ਮਹਾਨ ਆਤਮਾ ਸਿੱਖ ਦੀ ਸੰਤਾਨ ਵਿਚੋਂ ਹੋਣ ਕਰਕੇ ਖਾਲਸੇ ਵਿਚ ਉਸ ਦੀ ਬੜੀ ਮਾਨਤਾ ਸੀ, ਅਤੇ ਉਸ ਦਾ ਨਿਰਾਦਰ ਇਕ ਤਰ੍ਹਾਂ ਖਾਲਸੇ ਦਾ ਨਿਰਾਦਰ ਸੀ। ਸ਼ਾਇਦ ਖਾਲਸੇ ਨੂੰ ਗੁੱਸਾ ਚੜ੍ਹਾਉਣਾ ਹੀ ਰਾਜਾ ਗਜਪਤ ਸਿੰਘ ਦੀ ਨੀਅਤ ਸੀ ਤਾਂ ਕਿ ਵੇਲਾ ਆਉਣ ਪਰ ਉਹ ਉਸ ਨੂੰ ਇਕ ਕਰੜੀ ਸੱਟ ਮਾਰਨ ਲਈ ਤਿਆਰ ਹੁੰਦੇ ਜਾਣ।

### ਅਬਦੁਲ-ਅਹਦ ਖ਼ਾਨ ਦਾ ਪਟਿਆਲੇ ਨਾਲ ਵਿਗਾੜ ਅਤੇ ਚੜ੍ਹਾਈ

ਇਨ੍ਹਾਂ ਦਿਨਾਂ ਵਿਚ ਹੀ ਮਹਾਰਾਜਾ ਅਮਰ ਸਿੰਘ ਨੇ ਪੰਜ ਲੱਖ ਰੁਪਏ ਦੀਆਂ ਹੁੰਡੀਆਂ ਦੇ ਕੇ ਆਪਣੇ ਦੀਵਾਨ ਨਾਨੂ ਮੱਲ ਨੂੰ ਅਤੇ ਮੀਰ ਮੁਨਸ਼ੀ ਲਾਲਾ ਰਾਮ ਦਿਆਲ ਨੂੰ ਭੇਜਿਆ ਕਿ ਉਹ ਵਜ਼ੀਰ ਅਬਦੁਲ-ਅਹਦ ਖ਼ਾਨ ਨੂੰ ਇਸ ਸ਼ਰਤ ਤੇ ਦੇ ਦੇਵੇ ਕਿ ਉਹ ਪਿਛੇ ਨੂੰ ਮੁੜ ਜਾਏ ਅਤੇ ਪਟਿਆਲੇ ਦੇ ਇਲਾਕੇ ਵਿਚ ਕੋਈ ਵਧੀਕੀ ਨਾ ਕਰੇ। ਇਹ ਗੱਲ 13 ਸਤੰਬਰ, ਸੰਨ 1779, ਦੀ ਹੈ।

ਅਬਦੁਲ-ਅਹਦ ਲਈ ਇਹ ਇਕ ਬੜਾ ਚੰਗਾ ਮੌਕਾ ਸੀ। ਇਸ ਵਿਚ ਉਸ ਦੀ ਜਿੱਤ ਸੀ। ਉਸ ਨੂੰ ਰਾਜਾ ਗਜਪਤ ਸਿੰਘ ਜੀਂਦ ਵਾਲੇ, ਭਾਈ ਦੇਸੂ ਸਿੰਘ ਕੈਥਲ ਵਾਲੇ ਅਤੇ ਸਰਦਾਰ ਭੰਗਾ ਸਿੰਘ ਥਾਨੇਸਰ ਵਾਲਿਆਂ ਪਾਸੋਂ ਕੁਝ ਨਾ ਕੁਝ ਨਜ਼ਰਾਨੇ ਮਿਲ ਹੀ ਗਏ ਸਨ। ਹੁਣ ਮਹਾਰਾਜਾ ਅਮਰ ਸਿੰਘ ਨੇ ਭੀ ਪੰਜ ਲੱਖ ਦੀਆਂ ਹੁੰਡੀਆਂ ਭੇਜ ਦਿੱਤੀਆਂ ਸਨ। ਅੰਦਰੋਂ ਭਾਵੇਂ ਕੁਝ ਹੀ ਹੋਵੇ, ਬਾਹਰੋਂ ਦੁਨੀਆਂ ਦੀ ਨਜ਼ਰ ਵਿਚ ਉਸ ਨੇ ਸਿੱਖ ਸਰਦਾਰਾਂ ਪਾਸੋਂ ਕੁਝ ਨਾ ਕੁਝ ਤਾਂ ਵਸੂਲ ਕਰ ਹੀ ਲਿਆ ਸੀ। ਪਰ ਉਸ ਦੀ ਹੈਂਕੜ ਅਤੇ ਕੁਟਲ ਨੀਤੀ ਨੇ ਉਸ ਦਾ ਬਣਿਆ ਬਣਾਇਆ ਕੰਮ ਵਿਗਾੜ ਕੇ ਰਖ ਦਿੱਤਾ। ਉਸ ਨੇ

ਦੀਵਾਨ ਨਾਨੂ ਮੱਲ ਨੂੰ ਕਿਹਾ ਕਿ ਮਹਾਰਾਜਾ ਅਮਰ ਸਿੰਘ ਇਹ ਰਕਮ ਲੈ ਕੇ ਆਪ ਹਾਜਰ ਹੋਵੇ। ਪਰ ਦੀਵਾਨ ਨੂੰ ਪਤਾ ਲੱਗ ਗਿਆਂ ਸੀ ਕਿ ਭਾਈ ਦੇਸੂ ਸਿੰਘ ਨਾਲ ਕਿਵੇਂ ਧੋਖਾ ਕੀਤਾ ਗਿਆ ਸੀ। ਇਸ ਲਈ ਦੀਵਾਨ ਅਤੇ ਮਹਾਰਾਜਾ ਇਹ ਗੱਲ ਮੰਨਣ ਨੂੰ ਕਿਸੀ ਹਾਲਤ ਵਿਚ ਭੀ ਤਿਆਰ ਨਹੀਂ ਸਨ। ਪਟਿਆਲੇ ਦਾ ਇਲਾਕਾ ਅਤੇ ਇਸ ਦੀ ਪ੍ਰਭਤਾ ਮਾਲਵੇ ਦੇ ਸਭ ਸਰਦਾਰਾਂ ਤੋਂ ਜਿਆਦਾ ਸੀ ਅਤੇ ਉਹ ਸਰਹੰਦ ਦਾ ਭੀ ਮਾਲਕ ਸੀ। ਇਸ ਲਈ ਉਹ ਅਬਦੁਲ-ਅਹਦ ਪਰ ਇਤਬਾਰ ਨਹੀਂ ਸੀ ਕਰ ਸਕਦਾ। ਦੀਵਾਨ ਨਾਨੂ ਮੱਲ ਨੇ ਮਹਾਰਾਜਾ ਦੀ ਨਿਜੀ ਹਾਜਰੀ ਦੇ ਬਦਲੇ ਸਵਾ ਲੱਖ ਰੁਪਇਆ ਹੋਰ ਭੀ ਦੇਣਾ ਮੰਨ ਲਿਆ। ਪਰ ਅਬਦੂਲ-ਅਹਦ ਇਸ ਜਿਦ ਤੇ ਅੜ ਗਿਆ ਕਿ ਮਹਾਰਾਜਾ ਆਪ ਹਾਜ਼ਰ ਹੋ ਕੇ ਨਜਰਾਨਾ ਅਤੇ ਰੁਪਇਆ ਭੇਟ ਕਰੇ ਅਤੇ ਉਹ ਗੁਸੇ ਵਿਚ ਆ ਕੇ ਕਹਿਣ ਲੱਗਾ ਕਿ ਮੈ ਤਾਂ ਮੁਹਿੰਮ ਉੱਤੇ ਖਰਚ ਹੋਇਆ ਸਾਰਾ ਰੁਪਇਆ ਧੇਲੇ ਧੇਲੇ ਤਕ ਮਹਾਰਾਜਾ ਅਮਰ ਸਿੰਘ ਪਾਸੋਂ ਜਿਵੇਂ ਭੀ ਹੋਵੇਗਾ ਵਸੂਲ ਕਰ ਕੇ ਛੱਡਾਂਗਾ ਅਤੇ ਦੀਵਾਨ ਦੇ ਹੱਥੀਂ ਭੇਜੀ ਹੋਈ ਰਕਮ ਨਹੀਂ ਲਵਾਂਗਾ, ਭਾਵੇਂ ਉਹ ਸੱਤ ਲੱਖ ਭੀ ਕਿਉਂ ਨਾ ਹੋਵੇ। ਆਪਣੀ ਹਉਮੈ ਅਤੇ ਹੈਂਕੜ ਵਿਚ ਉਸ ਨੇ ਦੀਵਾਨ ਵੱਲੋਂ ਪੇਸ਼ ਕੀਤੀਆਂ ਹੁੰਡੀਆਂ ਪਾੜ ਕੇ ਸੁੱਟ ਦਿੱਤੀਆਂ ਅਤੇ ਕਿਹਾ ਕਿ ਇਕ ਵਾਰੀ ਤਾਂ ਅਮਰ ਸਿੰਘ ਨੂੰ ਜਰੂਰ ਨਿਵਾ ਕੇ ਛੱਡਾਂਗਾ। ਰਾਜਾ ਗਜਪਤ ਸਿੰਘ ਨੇ ਅਬਦੁਲ-ਅਹਦ ਨੂੰ ਕਿਹਾ ਕਿ ਪਟਿਆਲੇ ਦੀ ਰਕਮ ਲਈ ਮੈਂ ਜਾਮਨ ਹਾਂ ਅਤੇ ਸਲਾਹ ਦਿੱਤੀ ਕਿ ਉਹ ਹੁਣ ਉਸੇ ਪੜਾਓ ਤੋਂ ਦਿੱਲੀ ਨੂੰ ਮੁੜ ਜਾਏ। ਪਰ ਅਹਦ ਨੇ ਪਟਿਆਲੇ ਵੱਲ ਨੂੰ ਕੂਚ ਕਰ ਦਿੱਤਾ ਅਤੇ ਆਪਣੀ ਅਗਾਊਂ ਫੌਜ ਨੂੰ ਹੁਕਮ ਦੇ ਦਿੱਤਾ ਕਿ ਪਟਿਆਲੇ ਦੇ ਇਲਾਕੇ ਨੂੰ ਲੁੱਟ ਪੁਟ ਕੇ ਉਜਾੜ ਦਿਓ ਅਤੇ ਕਿਲੇ ਉੱਤੇ ਹੱਲਾ ਕਰ ਦਿਓ।

**ਸਰਦਾਰ ਜੱਸਾ ਸਿੰਘ ਆਦਿ ਸਰਦਾਰ ਆ ਪੁੱਜੇ**

ਪਹੋਏ ਦੇ ਲਾਗਿਓਂ ਸ਼ਾਹੀ ਫੌਜ ਨੇ 23 ਸਤੰਬਰ ਨੂੰ ਸਰਸਵਤੀ ਨਦੀ ਪਾਰ ਕੀਤੀ ਅਤੇ ਪਟਿਆਲਿਓਂ ਦੱਖਣ-ਚੜ੍ਹਦੇ ਨੂੰ 15 ਮੀਲ ਦੀ ਵਿਥ ਤੇ ਘੜਾਮ ਜਾ ਡੇਰੇ ਲਾਏ ਅਤੇ ਇਥੋਂ ਪਟਿਆਲੇ ਦੇ ਪਿੰਡ ਉਜਾੜਨ ਲਈ ਫੌਜੀ ਦਸਤੇ ਨਿਕਲ ਪਏ ਜਿਨ੍ਹਾਂ ਨੂੰ ਪਟਿਆਲੇ ਦੀ ਫ਼ੌਜ ਨੇ ਜਾ ਰੋਕਿਆ। ਇਤਨੇ ਨੂੰ ਸਤਲੁਜ ਪਾਰੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਤਾਰਾ ਸਿੰਘ ਗ਼ੈਬਾ ਅਤੇ ਕੁਝ ਹੋਰ ਸਰਦਾਰਾਂ ਨਾਲ ਪੰਦਰਾਂ ਹਜਾਰ ਸਿੰਘਾਂ ਦੀ ਪਹਿਲੀ ਫੌਜ ਆ ਪੁੱਜੀ। ਮਾਲੂਮ ਹੁੰਦਾ ਹੈ ਕਿ ਮਹਾਰਾਜਾ ਅਮਰ ਸਿੰਘ ਨੂੰ ਸ਼ਾਹੀ ਲਸ਼ਕਰ ਦੀਆਂ ਸਾਰੀਆਂ ਖਬਰਾਂ, ਭਾਵੇਂ ਸਰਦਾਰ ਬਘੇਲ ਸਿੰਘ ਅਤੇ ਰਾਜਾ ਗਜਪਤ ਸਿੰਘ ਰਾਹੀਂ ਜਾਂ ਸਰਦਾਰ ਭੰਗਾ ਸਿੰਘ ਜਾਂ ਉਸ ਦੇ ਆਪਣੇ ਸੂਹਿਆਂ ਰਾਹੀਂ, ਮਿਲਦੀਆਂ ਰਹੀਆਂ ਸਨ। ਇਸ ਤੋਂ ਬਿਨਾਂ ਮਹਾਰਾਜਾ ਅਮਰ ਸਿੰਘ ਨੇ ਸਰਦਾਰ ਜੱਸਾ ਸਿੰਘ, ਸਰਦਾਰ ਤਾਰਾ ਸਿੰਘ, ਸੰਗਤ ਸਿੰਘ, ਮਹਾ ਸਿੰਘ ਸੁਕਰਚੱਕੀਏ, ਭੰਗੀ, ਰਾਮਗੜ੍ਹੀਏ ਅਤੇ ਦੂਸਰੇ ਸਿੰਘ ਸਰਦਾਰਾਂ ਨਾਲ ਪੂਰਾ ਤਾਲ-ਮੇਲ ਬਣਾਇਆ ਹੋਇਆ ਸੀ ਤਾਂਕਿ ਵੇਲਾ ਆ ਪੈਣ ਪਰ ਉਨ੍ਹਾਂ ਨੂੰ ਸਹਾਇਤਾ ਲਈ ਬੇਨਤੀ ਕੀਤੀ ਜਾ ਸਕੇ। ਇਹ ਸਰਦਾਰ ਭੀ ਆਪੋ ਆਪਣੀ ਥਾਈਂ

Sri Satguru Jagjit Singh Ji eLibrary

ਤਿਆਰ ਬੈਠੇ ਸਨ। ਇਸ ਲਈ ਅਬਦੁਲ-ਅਹਦ ਖ਼ਾਨ ਦੀ ਪਟਿਆਲੇ ਵੱਲ ਚੜ੍ਹਾਈ ਦੀ ਖ਼ਬਰ ਪੁੱਜਣ ਦੀ ਦੇਰ ਸੀ ਕਿ ਖਾਲਸੇ ਨੇ ਪਟਿਆਲੇ ਵੱਲ ਨੂੰ ਵਹੀਰਾਂ ਪਾ ਦਿੱਤੀਆਂ ਅਤੇ ਸਭ ਤੋਂ ਪਹਿਲਾਂ ਸਰਦਾਰ ਜੱਸਾ ਸਿੰਘ, ਤਾਰਾ ਸਿੰਘ ਅਤੇ ਸੰਗਤ ਸਿੰਘ ਪੰਦਰਾਂ ਹਜ਼ਾਰ ਸਿੰਘ ਲੈ ਕੇ ਜਾ ਪੁੱਜੇ।

ਇਸੇ ਵੇਲੇ ਕੁਝ ਸਿੰਘ ਜੋ ਰਾਜਾ ਗਜਪਤ ਸਿੰਘ ਰਾਹੀਂ ਰਾਹ ਵਿਚੋਂ ਭਰਤੀ ਹੋ ਕੇ ਨਾਲ ਆਏ ਸਨ ਆਕੀ ਹੋ ਬੈਠੇ ਕਿ ਸਾਡਾ ਪਿਛਲਾ ਹਿਸਾਬ ਪੂਰਾ ਪੂਰਾ ਚੁਕਾ ਦਿਓ ਨਹੀਂ ਤਾਂ ਅਸੀਂ ਇਕ ਪੈਰ ਭੀ ਇਥੋਂ ਅੱਗੇ ਨਹੀਂ ਪੁੱਟਾਂਗੇ।

ਇਹ ਸਭ ਕੁਝ ਦੇਖ ਕੇ ਅਬਦੁਲ-ਅਹਦ ਖ਼ਾਨ ਦੇ ਹੱਥਾਂ ਦੇ ਤੋਤੇ ਉੱਡ ਗਏ ਅਤੇ ਉਹ ਘਬਰਾ ਗਿਆ। ਹੁਣ ਕੁਝ ਕੁ ਸਿੰਘ ਸਰਦਾਰਾਂ ਨੇ ਮਹਾਰਾਜਾ ਅਮਰ ਸਿੰਘ ਨਾਲ ਗੱਲ ਬਾਤ ਕਰਨੀ ਸ਼ੁਰੂ ਕੀਤੀ। ਸ਼ਾਇਦ ਭੰਗੀ ਅਤੇ ਦੂਸਰੇ ਮਿਸਲਦਾਰ ਸਰਦਾਰਾਂ ਦੀਆਂ ਫ਼ੌਜਾਂ ਪਹੁੰਚਣ ਵਿਚ ਕੁਝ ਦੇਰ ਹੋਣੀ ਹੈ। 5 ਅਕਤੂਬਰ ਨੂੰ ਇਨ੍ਹਾਂ ਦਾ ਡੈਪੂਟੇਸ਼ਨ ਮਹਾਰਾਜਾ ਅਮਰ ਸਿੰਘ ਨੂੰ ਮਿਲਿਆ। ਮਹਾਰਾਜਾ ਅਮਰ ਸਿੰਘ ਸ਼ਾਹਜ਼ਾਦਾ ਫ਼ਰਖ਼ੰਦਾ ਬਖ਼ਤ ਅਤੇ ਵਜ਼ੀਰ ਅਬਦੁਲ-ਅਹਦ ਖ਼ਾਨ ਨੂੰ ਮਿਲਣ ਲਈ ਤਿਆਰ ਹੋ ਪਿਆ ਅਤੇ ਮੁਲਾਕਾਤ ਲਈ ਅਗਲਾ ਦਿਨ 6 ਅਕਤੂਬਰ ਨਿਯਤ ਹੋ ਗਿਆ। ਪਰ ਮੁਲਾਕਾਤ ਲਈ ਜਾ ਰਿਹਾ ਮਹਾਰਾਜਾ ਰਸਤੇ ਵਿਚੋਂ ਹੀ ਮੁੜ ਪਿਆ। ਇਸ ਵੇਲੇ ਖ਼ਬਰ ਆ ਗਈ ਹੋਣੀ ਹੈ ਕਿ ਦਲ-ਖਾਲਸਾ ਭੀ ਪੁੱਜਣ ਵਾਲਾ ਹੀ ਹੈ ਜਾਂ ਵਜ਼ੀਰ ਦੀ ਕੁਝ ਮੰਦੀ ਨੀਅਤ ਦਾ ਪਤਾ ਲੱਗ ਗਿਆ ਹੋਣਾ ਹੈ।

7 ਅਕਤੂਬਰ ਨੂੰ ਇਕ ਮਾਮੂਲੀ ਜਿਹੀ ਲੜਾਈ ਹੋਈ ਅਤੇ ਮਹਾਰਾਜਾ ਅਮਰ ਸਿੰਘ ਕਿਲੇ ਵਿਚ ਹੋ ਕੇ ਡਟ ਗਏ। ਅਬਦੁਲ-ਅਹਦ ਖ਼ਾਨ ਹੁਣ ਹੋਰ ਪਟਿਆਲੇ ਦੇ ਲਾਗੇ ਆ ਢੁੱਕਾ ਅਤੇ ਪੰਜ ਮੀਲ ਤੇ ਆ ਡੇਰਾ ਲਾਇਆ। ਇਸ ਵੇਲੇ ਜ਼ਾਬਿਤਾ ਖ਼ਾਨ ਰੁਹੇਲੇ ਨੇ ਸਿੰਘਾਂ ਦੀ ਹਮਦਰਦੀ ਦਾ ਹੱਕ ਪਾਲਣ ਦਾ ਯਤਨ ਕੀਤਾ ਅਤੇ ਖਿਆਲ ਹੈ ਕਿ ਹਵਾ ਦਾ ਰੁਖ ਬਿਲਕੁਲ ਅਬਦੁਲ-ਅਹਦ ਦੇ ਵਿਰੁਧ ਬਦਲ ਗਿਆ ਦੇਖ ਕੇ ਉਸ ਨੇ ਸ਼ਾਹੀ ਸੈਨਾ ਵਿਚ ਆਪਣੇ ਰੁਹੇਲੇ ਭਾਈਬੰਦਾਂ ਰਾਹੀਂ ਬਦ-ਦਿਲੀ ਫੈਲਾ ਦਿੱਤੀ।

ਇਧਰ ਇਸ ਤਰ੍ਹਾਂ ਹਾਲਤ ਪਤਲੀ ਪੈ ਰਹੀ ਸੀ ਅਤੇ ਅਬਦੁਲ-ਅਹਦ ਖ਼ਾਨ ਯਰਕਿਆ ਪਿਆ ਸੀ ਕਿ ਸਰਦਾਰ ਬਘੇਲ ਸਿੰਘ ਨੇ ਸ਼ਾਹਜ਼ਾਦਾ ਫ਼ਰਖ਼ੰਦਾ ਬਖ਼ਤ ਅਤੇ ਵਜ਼ੀਰ ਨੂੰ ਜਾ ਕਿਹਾ ਕਿ ਮਹਾਰਾਜਾ ਪਟਿਆਲਾ ਦੀ ਸਹਾਇਤਾ ਲਈ ਸਤਲੁਜ ਪਾਰੋਂ ਇਕ ਤਕੜੀ ਫ਼ੌਜ ਹੋਰ ਚਲੀ ਆ ਰਹੀ ਹੈ ਅਤੇ ਪਟਿਆਲੇ ਪੁੱਜਣ ਹੀ ਵਾਲੀ ਹੈ। ਇਸ ਤਰ੍ਹਾਂ ਪਾਰ ਅਤੇ ਉਰਾਰ ਦੇ ਸਿੰਘਾਂ ਦਾ ਦੋ ਲੱਖ ਦਾ ਇੱਕਠ ਹੋ ਜਾਵੇਗਾ ਜਿਨ੍ਹਾਂ ਦਾ ਆਗੂ ਸਰਹੰਦ ਅਤੇ ਲਾਹੌਰ ਦਾ ਜੇਤੂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਹੋਵੇਗਾ। ਇਹ ਸੁਣ ਕੇ ਅਬਦੁਲ-ਅਹਦ ਦੇ ਹੋਸ਼ ਉਡ ਗਏ ਅਤੇ ਉਹ ਚੁਪ ਚਾਪ ਮੂੰਹ ਵੱਲੇਟ ਕੇ ਦਿੱਲੀ ਨੂੰ ਮੁੜ ਜਾਣ ਲਈ ਤਿਆਰ ਹੋ ਪਿਆ। ਹੁਣ ਉਸ ਨੂੰ ਆਲੇ ਦੁਆਲੇ ਸਾਰੀਂ ਪਾਸੀਂ ਅਨ੍ਹੇਰਾ ਹੀ ਅਨ੍ਹੇਰਾ ਜਾਪ ਰਿਹਾ ਸੀ ਅਤੇ ਜਾਨ ਬਚਾ ਕੇ ਦਿੱਲੀ ਪੁੱਜ ਸਕਣ ਦੀ ਕੋਈ ਆਸ

Sri Satguru Jagjit Singh Ji eLibrary

ਨਹੀਂ ਸੀ ਦਿਸਦੀ। ਉਸ ਨੂੰ ਇਨ੍ਹਾਂ ਹੀ ਸਿੰਘਾਂ ਹੱਥੋਂ ਜ਼ੈਨ ਖ਼ਾਨ ਦੀ ਮੌਤ ਦਾ ਨਜ਼ਾਰਾ ਅੱਖਾਂ ਸਾਮ੍ਹਣੇ ਆ ਰਿਹਾ ਸੀ, ਲਾਹੌਰ ਵਿਚੋਂ ਜਹਾਨ ਖ਼ਾਨ ਅਤੇ ਤੈਮੂਰ ਸ਼ਾਹ ਦੁੱਰਾਨੀ ਦੀ ਅਫ਼ਗਾਨਿਸਤਾਨ ਨੂੰ ਅੰਨ੍ਹੇ ਵਾਹ ਭੱਜੀ ਜਾਂਦੀ, ਡਿਗਦੀ, ਢਹਿੰਦੀ, ਠੇਡੇ ਖਾਂਦੀ ਫੌਜ ਦਿਸ ਰਹੀ ਸੀ ਅਤੇ ਇਹੋ ਕੁਝ ਉਸ ਨੂੰ ਪਰਤੱਖ ਆਪਣੇ ਨਾਲ ਬੀਤਦਾ ਜਾਪਦਾ ਸੀ, ਜਿਸ ਕਰਕੇ ਉਸ ਨੂੰ ਕਾਂਬਾ ਛਿੜ ਰਿਹਾ ਸੀ ਅਤੇ ਝੁਣਝੁਣੀਆਂ ਆ ਰਹੀਆਂ ਸਨ। ਕੋਈ ਸੂਰਮਾ ਹੁੰਦਾ ਤਾਂ ਸ਼ਾਇਦ ਰਣ ਤੱਤੇ ਵਿਚ ਜੂਝ ਮਰਨ ਲਈ ਤਲਵਾਰ ਲੈ ਕੇ ਮੈਦਾਨ ਵਿਚ ਨਿਕਲ ਆਉਂਦਾ। ਪਰ ਅਬਦੁਲ-ਅਹਦ ਤਾਂ ਬਣਿਆ ਅਤੇ ਪਲਿਆ ਹੀ ਭੈੜੀਆਂ ਸਾਜ਼ਸ਼ਾਂ ਅਤੇ ਨੀਂਵੀਆਂ ਗੋਂਦਾਂ ਵਿਚ ਸੀ। ਸੂਰਮਾ ਅੱਖੜ ਤਾਂ ਹੋ ਸਕਦਾ ਹੈ ਪਰ ਕਮੀਨਾ ਸਾਜ਼ਸ਼ੀ ਨਹੀਂ, ਅਤੇ ਸਾਜ਼ਸ਼ੀ ਬੰਦਾ ਕਦੇ ਦਲੇਰ ਨਹੀਂ ਹੋ ਸਕਦਾ। ਸਾਜ਼ਸ਼ਾਂ ਲੁਕ ਲੁਕ ਕੇ ਮਕਾਰ ਅਤੇ ਚੋਰ ਲੋਕ ਕਰਦੇ ਹਨ। ਸਿੱਧੇ ਅਤੇ ਸੂਰਮੇ ਮਨੁਖ ਆਹਮੋ ਸਾਹਮਣੇ ਗੱਲ ਮੁਕਾ ਲੈਂਦੇ ਹਨ ਜਾਂ ਤਲਵਾਰਾਂ ਰਾਹੀਂ ਨਬੇੜਾ ਕਰ ਲੈਂਦੇ ਹਨ। ਅਬਦੁਲ-ਅਹਦ ਇਕ ਬੁਜ਼ਦਿਲ ਅਤੇ ਡਰਾਕਲ ਬੰਦਾ ਸੀ। ਉਸ ਤਲਵਾਰ ਕੀ ਫੜਨੀ ਸੀ। ਉਸ ਨੇ ਸਰਦਾਰ ਬਘੇਲ ਸਿੰਘ ਨੂੰ ਕਿਹਾ ਕਿ ਜਿਵੇਂ ਹੋ ਸਕਦਾ ਹੈ ਸਾਨੂੰ ਸੁਖ ਸਾਂਤੀ ਨਾਲ ਦਿੱਲੀ ਪੁੱਜ ਜਾਣ ਦਾ ਪਰਬੰਧ ਕਰ ਦਿਓ।

**ਅਬਦੁਲ-ਅਹਦ ਮੁੜ ਦਿੱਲੀ ਨੂੰ**

ਹੁਣ ਸਰਦਾਰ ਬਘੇਲ ਸਿੰਘ ਦਾ ਮੌਕਾ ਸੀ। ਉਸ ਨੇ ਸ਼ਾਹਜ਼ਾਦੇ ਅਤੇ ਵਜ਼ੀਰ ਨੂੰ ਕਿਹਾ ਕਿ ਹੁਣ ਤਾਂ ਸਰਬਤ ਖਾਲਸਾ ਦੇ ਦੋਨੋਂ ਦਲ ਧਾਈ ਕਰ ਕੇ ਆ ਪੁੱਜੇ ਹਨ। ਇਨ੍ਹਾਂ ਨੇ ਬਿਨਾਂ ਜੁਧ ਤੋਂ ਮੁੜਨਾ ਨਹੀਂ। ਅਤੇ ਆਲੇ ਦੁਆਲੇ ਦਾ ਇਲਾਕਾ ਭੀ ਸਾਰਾ ਸਿੰਘਾਂ ਦਾ ਹੈ, ਜਿਨ੍ਹਾਂ ਪਾਸੋਂ ਤੁਸਾਂ ਨਜ਼ਰਾਨੇ ਅਤੇ ਮਾਲੀਏ ਉਗ੍ਰਾਹੇ ਹਨ। ਉਹ ਭੀ ਭਾਵੇਂ ਵੱਡੇ ਸਰਦਾਰ ਹਨ ਭਾਵੇਂ ਛੋਟੇ, ਬਦਲਾ ਲੈਣ ਲਈ ਦੰਦ ਪੀਹ ਰਹੇ ਹਨ ਅਤੇ ਮੌਕੇ ਦੀ ਤਾੜ ਵਿਚ ਹਨ। ਉਨ੍ਹਾਂ ਦੇ ਨਾਲ ਹੀ ਸ਼ਾਹੀ ਫੌਜ ਉੱਤੇ ਸਿੱਖ ਮੁਲਖੱਈਆ ਭੀ ਟੁੱਟ ਪਵੇਗਾ। ਇਸ ਦਾ ਮੈਨੂੰ ਤਾਂ ਇਕੋ ਹੀ ਉਪਾਓ ਦਿਸਦਾ ਹੈ ਕਿ ਜਿਨ੍ਹਾਂ ਜਿਨ੍ਹਾਂ ਸਰਦਾਰਾਂ ਪਾਸੋਂ ਜੋ ਜੋ ਰਕਮ ਲਈ ਹੈ, ਉਹ ਸਾਰੀ ਉਨ੍ਹਾਂ ਨੂੰ ਮੋੜ ਦਿੱਤੀ ਜਾਏ ਅਤੇ ਕੁਝ ਹੋਰ ਦੱਛਣਾ ਉਨ੍ਹਾਂ ਨੂੰ ਦੇ ਦਿੱਤੀ ਜਾਏ ਤਾਂ ਸ਼ਾਇਦ ਉਹ ਥੋੜ੍ਹਾ ਬਹੁਤ ਸ਼ਾਂਤ ਰਹਿਣਾ ਮੰਨ ਜਾਣ, ਅਤੇ ਦਲ ਖਾਲਸਾ ਦੇ ਸਰਦਾਰਾਂ ਨੂੰ 'ਕੜਾਹ ਪ੍ਰਸਾਦਿ' ਵਜੋਂ ਸੱਤ ਕੁ ਲੱਖ ਰੁਪਇਆ ਭੇਟ ਕਰ ਦਿੱਤਾ ਜਾਏ ਤਾਂ ਹੀ ਉਨ੍ਹਾਂ ਨਾਲ ਕੁਝ ਸਮੋਈ ਹੋ ਸਕੇਗੀ। ਅਬਦੁਲ-ਅਹਦ ਹੁਣ ਕੁਥਾਏਂ ਫਸਿਆ ਹੋਇਆ ਸੀ। ਉਹ ਹੈਰਾਨ ਪਰੇਸ਼ਾਨ ਸੀ ਕਿ ਕੀ ਕਰੇ। ਹੋਰ ਕੋਈ ਰਸਤਾ ਭੀ ਨਹੀਂ ਸੀ ਦਿਸਦਾ। ਇਸ ਲਈ ਬਿਨਾਂ ਕੋਈ ਹੀਲ ਹੁੱਜਤ ਕਰਨ ਦੇ ਉਸ ਨੇ ਇਹ ਸਭ ਕੁਝ ਮੰਨ ਲਿਆ। ਸਿੰਘ ਸਰਦਾਰਾਂ ਤੋਂ ਲਏ ਸਾਰੇ ਨਜ਼ਰਾਨੇ ਅਤੇ ਰਕਮਾਂ ਮੋੜ ਦਿੱਤੀਆਂ, ਖਾਲਸਾ ਦਲ ਦੇ ਸਰਦਾਰਾਂ ਨੂੰ ਸਤ ਲੱਖ ਰੁਪਇਆ ਭੇਟ ਕੀਤਾ, ਉਨ੍ਹਾਂ ਦੇ ਇਲਾਕੇ ਪਹਿਲੇ ਵਾਂਗ ਹੀ ਉਨ੍ਹਾਂ ਪਾਸ ਟਿਕੇ ਰਹੇ ਅਤੇ 14 ਅਕਤੂਬਰ, ਸੰਨ 1779, ਨੂੰ ਵਜ਼ੀਰ ਅਬਦੁਲ-ਅਹਦ ਖ਼ਾਨ ਅਤੇ ਸ਼ਾਹ ਆਲਮ ਬਾਦਸ਼ਾਹ ਦਾ ਪੁੱਤਰ ਸ਼ਾਹਜ਼ਾਦਾ ਫ਼ਰਖ਼ੰਦਾ ਬਖ਼ਤ ਪਟਿਆਲੇ ਤੋਂ ਡੇਰਾ ਡੰਡਾ ਚੁੱਕ ਕੇ ਨਿੰਮੋ

ਝੂਣੇ ਦਿੱਲੀ ਨੂੰ ਮੁੜ ਪਏ। ਇਹ ਖਾਲਸੇ ਦੇ ਵਿਰੁਧ ਚੜ੍ਹ ਕੇ ਆਈ ਦਿੱਲੀ ਦੀ ਮੁਗ਼ਲ ਹਕੂਮਤ ਨੂੰ ਇਕ ਲੱਕ-ਤੋੜਵੀਂ ਹਾਰ ਸੀ ਜਿਸ ਦੀ ਖ਼ਬਰ ਜਦ ਤੀਸਰੇ ਦਿਨ ਬਾਦਸ਼ਾਹ ਨੂੰ ਪੁੱਜੀ ਤਾਂ ਰਾਜਧਾਨੀ ਵਿਚ ਸੋਗ ਅਤੇ ਨਿਰਾਸਾ ਦੀ ਹਾਲਤ ਹੋ ਗਈ। ਇਹ ਸੁਣ ਕੇ ਕਿ ਪਟਿਆਲੇ ਵਿਚ ਖਾਲਸੇ ਲੱਖਾਂ ਦੀ ਗਿਣਤੀ ਵਿਚ ਆ ਪੁੱਜੇ ਹਨ, ਕਿਸੇ ਨੂੰ ਭੀ ਆਸ ਨਹੀਂ ਸੀ ਕਿ ਸ਼ਾਹਜ਼ਾਦਾ ਜਾਂ ਅਬਦੁਲ-ਅਹਦ ਖ਼ਾਨ ਜੀਉਂਦੇ ਜੀ ਬਚ ਕੇ ਦਿੱਲੀ ਮੁੜ ਸਕਣਗੇ । ਪਰ ਉਹ ਭੁਲੇਖੇ ਵਿਚ ਸਨ। ਉਨ੍ਹਾਂ ਨੂੰ ਖਾਲਸਾ ਸੂਰਬੀਰਾਂ ਦੇ ਇਕ ਸਭ ਤੋਂ ਵੱਡੇ ਗੁਣ ਦਾ ਪਤਾ ਨਹੀਂ ਸੀ ਕਿ ਖਾਲਸਾ ਜੁਧ ਦੇ ਮੈਦਾਨ ਵਿਚ ਵੈਰੀ ਦਾ ਉਤਨੀ ਦੇਰ ਤਕ ਹੀ ਵੈਰੀ ਹੁੰਦਾ ਹੈ ਜਿਤਨੀ ਦੇਰ ਤਕ ਉਹ ਤਲਵਾਰ ਫੜ ਕੇ ਖਾਲਸੇ ਦੇ ਸਾਹਮਣੇ ਡਟਿਆ ਹੋਇਆ ਵਾਰ ਕਰ ਰਿਹਾ ਹੈ। ਪਰ ਜੇ ਉਸ ਦੇ ਹੱਥੋਂ ਹਥਿਆਰ ਡਿਗ ਪਵੇ ਜਾਂ ਉਹ ਹਾਰ ਮੰਨ ਕੇ ਹਥਿਆਰ ਰਖ ਦੇਵੇ ਤਾਂ ਸਿੰਘ ਉਸ ਉੱਤੇ ਵਾਰ ਨਹੀਂ ਕਰਦੇ, ਬਲਕਿ ਵਾਰ ਲਈ ਉੱਲਰੀ ਹੋਈ ਤਲਵਾਰ ਨੂੰ ਉਥੇ ਹੀ ਰੋਕ ਲੈਂਦੇ ਹਨ। ਸਿੰਘਾਂ ਦੇ ਇਸ ਸੱਚੇ ਅਤੇ ਨਿਰਵੈਰ ਸੂਰਬੀਰਾਂ ਵਾਲੇ ਗੁਣ ਦਾ ਕਾਜ਼ੀ ਨੂਰ ਮੁਹੰਮਦ ਗੁੰਜਾਬੇ ਵਾਲੇ ਦੇ ਦਿਲ ਉੱਤੇ ਅੱਖੀਂ ਡਿੱਠੇ ਵਾਕਿਆਤ ਦੇ ਆਧਾਰ ਤੇ ਅਜਿਹਾ ਗੂੜ੍ਹਾ ਅਸਰ ਪਿਆ ਹੋਇਆ ਸੀ ਕਿ ਖਾਲਸੇ ਦੀ ਰਣ-ਖੇਤਰ ਵਿਚ ਬਹਾਦੁਰੀ ਦੇ ਜ਼ਿਕਰ ਤੋਂ ਬਾਅਦ ਉਨ੍ਹਾਂ ਦੇ ਜਿਸ ਗੁਣ ਦਾ ਉਹ ਸਭ ਤੋਂ ਪਹਿਲਾਂ ਜ਼ਿਕਰ ਕਰਦਾ ਹੈ ਉਹ ਇਹ ਹੀ ਗੁਣ ਹੈ ਕਿ ਸਿੰਘ ਮੈਦਾਨ ਵਿਚੋਂ ਭਜ ਜਾਣ ਵਾਲਿਆਂ ਪਰ ਹੱਲਾ ਨਹੀਂ ਕਰਦੇ ਅਤੇ ਨਾ ਉਨ੍ਹਾਂ ਦੇ ਭੱਜਣ ਵੇਲੇ ਉਨ੍ਹਾਂ ਦੇ ਰਾਹ ਵਿਚ ਕੋਈ ਰੋਕ ਪਾਉਂਦੇ ਹਨ। ਕਾਜ਼ੀ ਨੂਰ ਮੁਹੰਮਦ ਅਹਿਮਦ ਸ਼ਾਹ ਦੁੱਰਾਨੀ ਅਤੇ ਨਸੀਰ ਖ਼ਾਨ ਬਲੋਚ ਦੇ ਸਿੰਘਾਂ ਵਿਰੁੱਧ ਸੰਨ 1764-65 ਵਿਚ ਸੱਤਵੇਂ ਹੱਲੇ ਦੇ ਵੇਲੇ ਦੇ ਜਹਾਦ ਦੇ 'ਜੰਗਨਾਮੇ' ਵਿਚ ਕਹਿੰਦਾ ਹੈ :

که نکشند نامرد را هیچ گاه
گریزنده را هم نه گیرند راه

ਕਿ ਨ-ਕੁਸ਼ੰਦ ਨਾਮਰਦ ਰਾ ਹੀਚ ਗਾਹ,
ਗੁਰੇਜ਼ੰਦਾ ਰਾ ਹਮ ਨਾ ਗੀਰੰਦ ਰਾਹ।

**ਅਰਥਾਤ**

ਉਹ (ਸਿੰਘ) ਮਰਦਾਨਗੀ ਛਡ ਬੈਠਣ ਵਾਲੇ ਬੁਜ਼ਦਿਲ ਕਾਇਰ ਨੂੰ
ਕਿਧਰੇ ਭੀ (ਕਦੀ ਭੀ) ਨਹੀਂ ਮਾਰਦੇ, ਅਤੇ
ਮੈਦਾਨ ਛੱਡ ਕੇ ਭੱਜੀ ਜਾਣ ਵਾਲੇ ਦਾ ਰਾਹ ਨਹੀਂ ਵਲਦੇ, ਅਰਥਾਤ
ਉਸ ਦੇ ਮਗਰ ਨਹੀਂ ਪੈਂਦੇ।

ਅਬਦੁਲ ਅਹਦ ਖ਼ਾਨ ਅਤੇ ਸ਼ਾਹਜ਼ਾਦਾ ਫ਼ਰਖ਼ੰਦਾ ਬਖ਼ਤ ਨੇ ਚੂੰਕਿ ਸਰਦਾਰ ਬਘੇਲ

Sri Satguru Jagjit Singh ji eLibrary

ਸਿੰਘ ਦੇ ਕਹਿਣ ਅਨੁਸਾਰ ਹਾਰ ਮੰਨ ਲਈ ਸੀ ਅਤੇ ਮੁਹਿੰਮ ਛੱਡ ਕੇ ਦਿੱਲੀ ਨੂੰ ਵਾਪਸ ਮੁੜ ਪਏ ਸਨ ਇਸ ਲਈ ਕਿਸੇ ਸਰਦਾਰ ਨੇ ਉਨ੍ਹਾਂ ਪਰ ਉੱਕਾ ਹੀ ਕੋਈ ਹੱਲਾ ਨਹੀਂ ਸੀ ਕਰਨਾ ਅਤੇ ਨਾ ਹੀ ਉਨ੍ਹਾਂ ਨੇ ਕਿਸੇ ਨੂੰ ਕਰਨ ਦੇਣਾ ਸੀ। ਖਾਲਸੇ ਨੇ ਇਸ ਗੱਲ ਨੂੰ ਪੂਰੀ ਤਰ੍ਹਾਂ ਤੋੜ ਨਿਭਾਇਆ ਅਤੇ ਜੇ ਕਿਸੇ ਓਪਰੇ ਨੇ ਕੋਈ ਜਤਨ ਕੀਤਾ ਭੀ ਤਾਂ ਸਿੰਘ ਸਰਦਾਰਾਂ ਨੇ ਉਸ ਨੂੰ ਵਰਜ ਦਿੱਤਾ। ਇਸ ਤਰਾਂ ਸ਼ਾਹਜ਼ਾਦਾ ਅਤੇ ਵਜ਼ੀਰ ਖੈਰੀਂ ਮਿਹਰੀਂ 5 ਨਵੰਬਰ, ਸੰਨ 1779, ਨੂੰ ਦਿੱਲੀ ਪੁੱਜ ਗਏ ਅਤੇ ਬਾਦਸ਼ਾਹ ਸ਼ਾਹ ਆਲਮ, ਸਾਰੇ ਸ਼ਾਹੀ ਖ਼ਾਨਦਾਨ ਅਤੇ ਦਰਬਾਰ ਨੇ ਲੱਖ ਲੱਖ ਸ਼ੁਕਰ ਕੀਤਾ।

[ਮੁਹੰਮਦ ਹੁਸੈਨ, *ਤਾਰੀਖਿ ਪਟਿਆਲਾ*, 113-17; *ਤਹਿਮਾਸ ਨਾਮਾ* (ਰਾਓ), 149-59, ਜੱਸਾ ਸਿੰਘ ਬਿਨੋਦ, 219-20, ਉਰਦੂ, 151-53, ਸਰਕਾਰ, ਫ਼ਾਲ, ਤੀਸਰਾ, 172-84; ਗਿਆਨ ਸਿੰਘ, *ਪੰਥ ਪ੍ਰਕਾਸ਼*, 955-56; ਕੈਫ਼ੀਅਤਿ ਸਰਦਾਰਾਨਿ ਆਹਲੂਵਾਲੀਆ (ਬਾਰਾਂ ਮਿਸਲਾਂ), 15-16]

Sri Satguru Jagjit Singh Ji eLibrary


# ਸਰਦਾਰ ਜੱਸਾ ਸਿੰਘ ਦੇ ਆਖਰੀ ਸਾਲ

## ਕਪੂਰਥਲੇ ਉੱਤੇ ਕਬਜ਼ਾ


ਜਿਵੇਂ ਪਿੱਛੇ ਜਿਕਰ ਕੀਤਾ ਜਾ ਚੁੱਕਾ ਹੈ, ਸਰਦਾਰ ਜੱਸਾ ਸਿੰਘ ਇਕ ਬੜਾ ਸੰਤੋਖੀ ਸਿੱਖ ਸੀ। ਉਸ ਦਾ ਆਪਣਾ ਮਨਸ਼ਾ ਕਦੀ ਆਪਣੇ ਲਈ ਬਹੁਤੀਆਂ ਮੱਲਾਂ ਮਾਰਨ ਦਾ ਨਹੀਂ ਸੀ। ਉਸ ਨੂੰ ਪੰਥ ਨੇ ਇਤਨਾ ਨਿਵਾਜਿਆ ਸੀ ਕਿ ਉਸ ਨੂੰ ਸਾਰੀ ਕੌਮ ਵਿਚ ਸਭ ਤੋਂ ਉੱਚੀ ਪਦਵੀ 'ਸੁਲਤਾਨੁਲ-ਕੌਮ'—ਪੰਥ ਦਾ ਬਾਦਸ਼ਾਹ—ਬਖਸ਼ੀ ਸੀ ਅਤੇ ਉਹ ਇਸੇ ਵਿਚ ਹੀ ਪਰਸੰਨ ਅਤੇ ਸੰਤੁਸ਼ਟ ਸੀ। ਇਥੇ ਤਕ ਕਿ ਸਰਹੰਦ ਅਤੇ ਲਾਹੌਰ ਦੀਆਂ ਜਿੱਤਾਂ ਤੋਂ ਬਾਅਦ ਭੀ ਉਸ ਨੇ ਨਾਉਂ ਮਾਤਰ ਹੀ ਕੁਝ ਇਲਾਕੇ ਆਪਣੇ ਪਾਸ ਰੱਖੇ ਸਨ। ਸਰਹੰਦ ਦੀ ਜਿੱਤ ਤੋਂ ਬਾਅਦ ਹੋਈ ਵੰਡ ਵਿਚ ਬਹੁਤਾ ਇਲਾਕਾ ਤਾਂ ਪਟਿਆਲੇ ਦੇ ਹਿੱਸੇ ਅਤੇ ਛੋਟੇ ਛੋਟੇ ਇਲਾਕੇ ਫੂਲਕਿਆਂ ਟੱਬਰ ਅਤੇ ਹੋਰ ਅਨੇਕਾਂ ਛੋਟੇ ਛੋਟੇ ਸਰਦਾਰਾਂ ਦੇ ਪੱਲੇ ਪਏ। ਲਾਹੌਰ ਦੀ ਫਤਿਹ ਵਿਚ ਜਿਆਦਾ ਜੋਰ ਭੀ ਭੰਗੀਆਂ, ਕਨ੍ਹਈਆਂ ਅਤੇ ਸ਼ੁਕਰਚੱਕੀਆਂ ਦਾ ਹੀ ਲੱਗਾ ਸੀ ਅਤੇ ਮੱਲਾਂ ਭੀ ਉਨ੍ਹਾਂ ਨੇ ਹੀ ਬਹੁਤ ਮਾਰੀਆਂ ਸਨ। ਕਿਸੇ ਵੇਲੇ ਭੀ ਨਾ ਤਾਂ ਸਰਦਾਰ ਜੱਸਾ ਸਿੰਘ ਨੇ ਕੋਈ ਲਾਲਚ ਕੀਤਾ ਅਤੇ ਨਾ ਹੀ ਆਪਣੀ ਉੱਚੀ ਪਦਵੀ ਦਾ ਕੋਈ ਨਾਜਾਇਜ਼ ਫਾਇਦਾ ਉਠਾਇਆ—ਨਾ ਹੀ ਆਪਣੇ ਘਰਦਿਆਂ ਜਾਂ ਸੰਬੰਧੀਆਂ ਨੂੰ 'ਮੁੜ ਮੁੜ ਸੀਰਨੀ ਵੰਡੀ'। ਕਪੂਰਥਲਾ ਉਨ੍ਹਾਂ ਦੀ ਮੂੰਹੀ ਦੇ ਮੋਢੀ ਦਾ ਆਦਿ ਅਸਥਾਨ ਸੀ, ਪਰ ਇਥੇ ਭੀ ਕਬਜ਼ਾ ਉਨ੍ਹਾਂ ਬੜੀ ਦੇਰ ਨਾਲ ਕੀਤਾ।

'ਜੱਸਾ ਸਿੰਘ ਬਿਨੋਦ' ਵਿਚ ਲਿਖਿਆ ਹੋਇਆ ਹੈ ਕਿ ਸੰਮਤ 1830 ਬਿ. (1773-74 ਈ.) ਵਿਚ ਰਾਇ ਇਬ੍ਰਾਹੀਮ ਦੇ ਇਲਾਕੇ ਪਰ ਕਬਜ਼ਾ ਕਰ ਲਿਆ ਗਿਆ ਸੀ, ਪਰ ਚੂੰਕਿ ਰਾਇ ਨੇ ਈਨ ਮੰਨ ਲਈ ਸੀ ਅਤੇ ਮਾਮਲਾ ਵੇਲੇ ਸਿਰ ਪਹੁੰਚਾ ਦੇਣ ਦਾ ਵਾਹਿਦਾ ਕੀਤਾ ਸੀ ਇਸ ਲਈ ਸ਼ਹਿਰ ਕਪੂਰਥਲਾ ਅਤੇ ਸਤਾਈ ਪਿੰਡ ਉਸ ਪਾਸ ਰਹਿਣ ਦਿੱਤੇ ਗਏ। ਪਰ ਰਾਇ ਇਬ੍ਰਾਹੀਮ ਨਾ ਤਾਂ ਜਾਗੀਰਦਾਰੀ ਦਸਤੂਰ ਅਨੁਸਾਰ ਸਰਦਾਰ ਜੱਸਾ ਸਿੰਘ ਦੇ ਜਵਾਈ ਸਰਦਾਰ ਮੋਹਰ ਸਿੰਘ ਦੇ ਦੇਹਾਂਤ ਤੋਂ ਬਾਦ, ਜੋ ਕਪੂਰਥਲੇ ਮਾਮਲਾ ਉਗ੍ਰਾਹੁਣ ਗਿਆ ਹੋਇਆ ਕਿਲੇ ਦੇ ਅੰਦਰੋਂ ਗੋਲੀ ਚਲਣ ਨਾਲ ਮਾਰਿਆ ਗਿਆ ਸੀ, ਮਾਤਮ ਦੀ ਰਸਮ ਪਰ ਹੀ ਆਇਆ ਅਤੇ ਨਾ ਹੀ ਵੇਲੇ ਸਿਰ ਮਾਲੀਆ ਪਹੁੰਚਾਇਆ, ਅਤੇ ਸਰਦਾਰ









Satguru Jagjit Singh eLibrary



Sri Satguru Jagjit Singh Ji eLibrary

ਸਰਦਾਰ ਜੱਸਾ ਸਿੰਘ ਦੀ ਰਿਹਾਇਸ਼ੀ ਹਵੇਲੀ

ਕਪੂਰਥਲਾ

ਸਾਹਿਬ ਵੱਲੋਂ ਭੇਜੇ ਗਏ ਮੁਨਸ਼ੀ ਨੂੰ ਮਕਰ ਫਰੇਬ ਦੀਆਂ ਗੱਲਾਂ ਨਾਲ ਟਾਲੀ ਗਿਆ। ਉਸ ਦੇ ਵਿਰੁੱਧ ਪਿੰਡਾਂ ਦੇ ਲੋਕਾਂ ਨੂੰ ਤੰਗ ਕਰਨ ਦੀਆਂ ਭੀ ਸ਼ਕਾਇਤਾਂ ਸਨ ਅਤੇ ਇਸੇ ਕਰਕੇ ਕਿਸੇ ਨੇ ਉਸ ਦਾ ਪੁੱਤਰ ਕਤਲ ਕਰ ਦਿੱਤਾ ਸੀ। ਸੰਮਤ 1837 (ਸੰਨ 1780) ਵਿਚ ਜਦ ਕੰਵਰ ਭਾਗ ਸਿੰਘ ਨੇ, ਜਿਸ ਨੂੰ ਸਰਦਾਰ ਜੱਸਾ ਸਿੰਘ ਨੇ ਆਪਣੀ ਥਾਂ ਕਾਰ ਵਿਹਾਰ ਸੰਭਾਲ ਦਿੱਤਾ ਹੋਇਆ ਸੀ, ਇਨ੍ਹਾਂ ਸਾਰੀਆਂ ਸ਼ਿਕਾਇਤਾਂ ਦੀ ਅਰਜ ਕੀਤੀ ਤਾਂ ਸਰਦਾਰ ਜੱਸਾ ਸਿੰਘ ਨੇ ਕਿਹਾ ਕਿ ਰਾਇ ਇਬ੍ਰਾਹੀਮ ਦਾ ਪੁੱਤਰ ਕਿਸੇ ਨੇ ਕਤਲ ਕਰਵਾ ਦਿੱਤਾ ਸੀ, ਇਸ ਲਈ ਤਰਸ ਖਾ ਕੇ ਕਪੂਰਥਲਾ ਉਸ ਪਾਸ ਛਡ ਦਿੱਤਾ ਗਿਆ ਸੀ, ਪਰ ਰਾਇ ਇਬ੍ਰਾਹੀਮ ਆਪਣੇ ਬਚਨਾਂ ਤੋਂ ਫਿਰ ਗਿਆ ਹੈ ਇਸ ਲਈ ਹੁਣ ਕਪੂਰਥਲੇ ਉੱਤੇ ਭੀ ਕਬਜਾ ਕਰ ਲੈਣਾ ਚਾਹੀਦਾ ਹੈ। ਚੁਨਾਂਚਿ ਕੰਵਰ ਭਾਗ ਸਿੰਘ ਨੇ ਫੌਜ ਨਾਲ ਚੜ੍ਹਾਈ ਕਰ ਦਿੱਤੀ। ਸਰਦਾਰ ਜੱਸਾ ਸਿੰਘ ਆਪ ਭੀ ਸਾਥ ਗਏ। ਜਦ ਆਪ ਮਨਸੂਰਵਾਲ ਦੇ ਲਾਗੇ ਪਹੁੰਚੇ ਤਾਂ ਰਾਇ ਇਬ੍ਰਾਹੀਮ ਦੇ ਦੋ ਵਕੀਲ ਦੀਵਾਨ ਲਾਹੌਰੀ ਮੱਲ ਅਤੇ ਬੂੜਾ ਮੱਲ ਆਪ ਦੀ ਸੇਵਾ ਵਿਚ ਆ ਹਾਜਰ ਹੋਏ। ਪਰ ਇਤਨੇ ਨੂੰ ਫੌਜ ਸ਼ਹਿਰ ਕਪੂਰਥਲਾ ਦੇ ਲਾਗੇ ਪੁੱਜ ਚੁੱਕੀ ਸੀ ਅਤੇ ਰਾਇ ਦੀ ਫੌਜ ਮਾਮੂਲੀ ਜਿਹਾ ਟਾਕਰਾ ਕਰਨ ਪਿਛੋਂ ਹਾਰ ਖਾ ਕੇ ਕਿਲੇ ਵਿਚ ਜਾ ਵੜੀ ਸੀ। ਹੁਣ ਲਾਚਾਰ ਹੋ ਕੇ ਰਾਇ ਇਬ੍ਰਾਹੀਮ ਆਪ ਹਾਜਰ ਹੋਇਆ ਜਿਸ ਪਰ ਸਰਦਾਰ ਜੱਸਾ ਸਿੰਘ ਨੇ ਉਸ ਨੂੰ ਯਕੀਨ ਦਿਲਾਇਆ ਕਿ ਉਸ ਪਰ ਕੋਈ ਸਖ਼ਤੀ ਨਹੀਂ ਕੀਤੀ ਜਾਏਗੀ, ਸ਼ਹਿਰ ਦੇ ਅੰਦਰ ਦੇ ਮਕਾਨ ਉਸ ਪਾਸ ਰਹਿਣ ਦਿੱਤੇ ਜਾਣਗੇ ਜਿਥੇ ਉਸ ਨੂੰ ਰਹਿਣ ਦੀ ਪੂਰੀ ਖੁਲ੍ਹ ਹੋਵੇਗੀ ਅਤੇ ਉਹ ਕਿਲਾ ਖਾਲੀ ਕਰ ਕੇ ਆਪਣਾ ਮਾਲ ਅਸਬਾਬ ਉਨ੍ਹਾਂ ਮਕਾਨਾਂ ਵਿਚ ਲੈ ਜਾਏ। ਉਸ ਨੂੰ ਕੋਈ ਰੋਕ ਟੋਕ ਨਹੀਂ ਕੀਤੀ ਜਾਏਗੀ। ਇਸ ਤਰ੍ਹਾਂ ਕਪੂਰਥਲਾ ਸ਼ਹਿਰ ਪਰ ਸਰਦਾਰ ਜੱਸਾ ਸਿੰਘ ਦਾ ਕਬਜ਼ਾ ਹੋ ਗਿਆ ਅਤੇ ਰਾਇ ਇਬ੍ਰਾਹੀਮ ਦੇ ਗੁਜ਼ਾਰੇ ਲਈ ਵਜੀਫ਼ਾ ਲਾ ਦਿੱਤਾ ਗਿਆ। ਸੱਯਦ ਮੁਹੰਮਦ ਲਤੀਫ਼ ਨੇ 'ਹਿਸਟਰੀ ਔਫ਼ ਦੀ ਪੰਜਾਬ' ਵਿਚ ਇਸ ਵਾਕੇ ਦੀ ਤਾਰੀਖ ਸੰਨ 1777 ਦਿੱਤੀ ਹੈ। ਇਹ ਹੀ ਤਾਰੀਖ ਸੰਮਤ 1834 ਬਿ., ਸੰਨ 1777 ਈ., ਤਵਾਰੀਖ ਗੁਰੂ ਖਾਲਸਾ—ਰਾਜ ਖਾਲਸਾ ਵਿਚ ਹੈ ਜੋ ਜਿਆਦਾ ਠੀਕ ਜਾਪਦੀ ਹੈ।

[ਜੱਸਾ ਸਿੰਘ ਬਿਨੋਦ, 205, 224. ਉਰਦੂ, 141-42, 155-56;
*ਤਾਰੀਖ਼ਿ ਕਪੂਰਥਲਾ*, 254-56. ਲ਼ਤੀਫ਼, ਪੰਜਾਬ 316]

## ਰਾਮਗੜ੍ਹੀਆਂ ਨਾਲ ਵਿਗਾੜ

ਲਗ ਭਗ ਸਾਰੇ ਹੀ ਇਤਿਹਾਸਕਾਰਾਂ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਦੇ ਛੋਟੇ ਭਰਾਵਾਂ ਮਾਲੀ ਸਿੰਘ ਅਤੇ ਤਾਰਾ ਸਿੰਘ ਵੱਲੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਫੜੇ ਜਾਣ ਅਤੇ ਸਰਦਾਰ ਜੱਸਾ ਸਿੰਘ ਵੱਲੋਂ ਹੋਰ ਸਰਦਾਰਾਂ ਦੇ ਸਮਝਾਉਣ ਪਰ ਉਨ੍ਹਾਂ ਨੂੰ ਬੜੇ ਸਤਕਾਰ ਨਾਲ ਛੱਡੇ ਜਾਣ ਦਾ ਜਿਕਰ ਕੀਤਾ ਹੈ ਅਤੇ ਇਸ ਗੱਲ ਨੂੰ ਕਾਰਣ ਦੱਸਿਆ ਹੈ ਬਾਅਦ ਵਿਚ ਆਹਲੂਵਾਲੀਆਂ ਅਤੇ ਕਨ੍ਹਈਆਂ ਦੇ ਰਾਮਗੜ੍ਹੀਆਂ ਦੇ ਵਿਰੋਧ

Sri Satguru Jagjit Singh ji eLibrary

ਦਾ, ਜਿਸ ਕਰਕੇ ਰਾਮਗੜ੍ਹੀਆ ਸਰਦਾਰਾਂ ਦਾ ਇਲਾਕਾ ਖੁੱਸ ਜਾਣ ਪਰ ਇਨ੍ਹਾਂ ਨੂੰ ਕੁਝ ਚਿਰ ਲਈ ਮੱਧ ਪੰਜਾਬ ਛੱਡ ਜਾਣ ਪਾਰ ਮਜਬੂਰ ਹੋਣਾ ਪਿਆ ਸੀ। ਪਰ ਇਹ ਵਾਕਿਆ ਕਦ ਅਤੇ ਕਿੱਥੇ ਹੋਇਆ ਇਸ ਪਰ ਚਾਨਣਾ ਕੇਵਲ ਸੱਯਦ ਖ਼ਲੀਫ਼ਾ ਮੁਹੰਮਦ ਹਸਨ ਨੇ ਆਪਣੀ ਸੰਨ 1878 ਵਿਚ ਛਪੀ 'ਤਾਰੀਖਿ ਪਟਿਆਲਾ' ਵਿਚ ਪਾਇਆ ਹੈ, ਜਿਥੇ ਉਹ ਲਿਖਦਾ ਹੈ ਕਿ ਇਕ ਵਾਰੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਬਟਾਲੇ ਤੋਂ ਦੋ ਕੁ ਕੋਹ ਦੱਖਣ ਨੂੰ ਅਚੱਲ ਨੂੰ, ਜਿਥੇ ਫੱਗਣ ਸੁਦੀ 14 ਨੂੰ ਮੇਲਾ ਲਗਦਾ ਹੈ, ਜਾ ਰਹੇ ਸੀ। ਜਦ ਗੁਰਦਾਸਪੁਰੇ ਦੇ ਲਾਗੇ ਪਹੁੰਚੇ—ਪਠਾਨਕੋਟ ਜਾਂ ਪਹਾੜ ਵੱਲੋਂ ਆ ਰਹੇ ਹੋਣੇ ਨੇ—ਤਾਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਦੇ ਭਾਈਆਂ ਖੁਸ਼ਹਾਲ ਸਿੰਘ, ਮਾਲੀ ਸਿੰਘ ਅਤੇ ਤਾਰਾ ਸਿੰਘ ਨੇ ਅਚਾਨਕ ਹੀ ਉਨ੍ਹਾਂ ਤੇ ਹੱਲਾ ਕਰ ਦਿੱਤਾ ਅਤੇ ਉਨ੍ਹਾਂ ਨੂੰ ਫੜ ਲਿਆ। ਮਾਲੂਮ ਹੁੰਦਾ ਹੈ ਕਿ ਉਨ੍ਹਾਂ ਨਾਲ ਕੋਈ ਬਹੁਤੇ ਆਦਮੀ ਨਹੀਂ ਹੋਣੇ, ਕਿਉਂਕਿ ਮੁਹੰਮਦ ਹਸਨ ਉਨ੍ਹਾਂ ਵੱਲੋਂ ਕਿਸੇ ਰੋਕ ਜਾਂ ਟਾਕਰੇ ਦਾ ਕੋਈ ਜ਼ਿਕਰ ਨਹੀਂ ਕਰਦਾ। ਇਸ ਗੱਲ ਦਾ ਪਤਾ ਜਦ ਵੱਡੇ ਭਾਈ ਸਰਦਾਰ ਜੱਸਾ ਸਿੰਘ ਨੂੰ ਲੱਗਾ ਤਾਂ ਉਸ ਨੇ ਸਰਦਾਰ ਨੂੰ ਸਿਰੋਪਾਓ, ਘੋੜਾ ਅਤੇ ਪਾਲਕੀ ਭੇਟ ਕਰ ਕੇ ਉਨ੍ਹਾਂ ਨੂੰ ਵਿਦਿਆ ਕੀਤਾ।

'ਤਾਰੀਖਿ ਰਿਆਸਤ ਕਪੂਰਥਲਾ' ਵਿਚ ਲਿਖਿਆ ਹੋਇਆ ਹੈ ਕਿ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਪਿੰਡ ਨੰਗਲ ਦੇ ਲਾਗੇ—ਕਿਹੜੇ ਨੰਗਲ ਪਾਸ, ਇਹ ਨਹੀਂ ਦਸਿਆ ਹੋਇਆ, ਸ਼ਾਇਦ ਗੁਰਦਾਸ ਨੰਗਲ ਹੋਵੇ—ਸੈਰ ਅਤੇ ਸ਼ਿਕਾਰ ਵਿਚ ਰੁਝੇ ਹੋਏ ਸਨ ਕਿ ਮਾਲੀ ਸਿੰਘ ਰਾਮਗੜ੍ਹੀਆ ਇਕ ਵੱਡੀ ਫ਼ੌਜ ਨਾਲ ਅਚਾਨਕ ਆ ਪੁੱਜਾ, ਲੜਾਈ ਵਿਚ ਦੋ ਗੋਲੀਆਂ ਸਰਦਾਰ ਜੱਸਾ ਸਿੰਘ ਨੂੰ ਲੱਗ ਗਈਆਂ ਅਤੇ ਉਹ ਜ਼ਖਮੀ ਹੋ ਗਏ। ਪਰ ਸੱਯਦ ਮੁਹੰਮਦ ਹਸਨ ਦੀ ਲਿਖਤ ਜ਼ਿਆਦਾ ਠੀਕ ਮਾਲੂਮ ਹੁੰਦੀ ਹੈ।

ਭਾਵੇਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੇ ਸਿਆਣਪ ਨਾਲ ਵੇਲਾ ਤਾਂ ਟਪਾ ਲਿਆ ਪਰ ਇਹ ਗੱਲ ਇੰਨੇ ਨਾਲ ਠੱਪੀ ਨਾ ਗਈ। ਇਥੇ ਹੀ ਚੂੰਕਿ ਸਰਦਾਰ ਜੈ ਸਿੰਘ ਕਨ੍ਹਈਏ ਦਾ ਭੀ ਇਲਾਕਾ ਸੀ ਜਿਥੇ ਕਿ ਪੰਥ ਦੇ ਸ੍ਰੋਮਣੀ ਜੱਥੇਦਾਰ ਸੁਲਤਾਨੁਲ-ਕੌਮ ਸਰਦਾਰ ਜੱਸਾ ਸਿੰਘ ਦੀ ਰਾਮਗੜ੍ਹੀਆਂ ਨੇ ਅਚਾਨਕ ਅਤੇ ਆਕਾਰਨ ਫੜ ਕੇ ਹੇਠੀ ਕੀਤੀ ਸੀ, ਉਸ ਨੇ ਇਸ ਵਿਚ ਆਪਣੀ ਭੀ ਹੇਠੀ ਸਮਝੀ ਅਤੇ ਸਮੁੱਚੇ ਪੰਥ ਦੀ ਭੀ। ਇਸ ਤੋਂ ਬਿਨਾਂ ਕਨ੍ਹਈਏ ਅਤੇ ਰਾਮਗੜ੍ਹੀਏ ਸਰਦਾਰਾਂ ਵਿਚ ਆਪਸ ਵਿਚ ਪੁਰਾਣੀ ਨਾਚਾਕੀ ਚਲੀ ਆ ਰਹੀ ਸੀ, ਜਦ ਕਿ ਕਸੂਰ ਦੀ ਲੁੱਟ ਵਿਚ ਲੱਭੇ ਮਾਲ ਦੀ ਪੁਰਾਣੇ ਚਲੇ ਆ ਰਹੇ ਦਸਤੂਰ ਦੇ ਮੁਤਾਬਕ ਕਨ੍ਹਈਆਂ ਨਾਲ ਸਾਂਝ ਕਰਨ ਦੀ ਥਾਂ ਮਾਲੀ ਸਿੰਘ ਰਾਮਗੜ੍ਹੀਏ ਨੇ ਸਾਰੇ ਦਾ ਸਾਰਾ ਮਾਲ ਆਪੇ ਹੀ ਰਖ ਲਿਆ ਸੀ। ਸਰਦਾਰ ਜੱਸਾ ਸਿੰਘ ਨੇ ਪਹਿਲਾਂ ਤਾਂ ਭਰਾ ਨੂੰ ਸਮਝਾਉਣ ਦਾ ਜਤਨ ਕੀਤਾ ਸੀ ਪਰ ਮਾਲੀ ਸਿੰਘ ਦੇ ਜਿਦ ਕਰਨ ਪਰ ਪਿੱਛੋਂ ਉਹ ਚੁਪ ਕਰ ਰਿਹਾ ਸੀ ਅਤੇ ਕਨ੍ਹਈਆਂ ਨੂੰ ਉਨ੍ਹਾਂ ਦਾ ਹਿੱਸਾ ਨਹੀਂ ਸੀ ਦਿੱਤਾ। ਇਹ ਗੱਲ ਮਿਸਲਦਾਰ ਸਰਦਾਰਾਂ ਦੇ ਮੰਨੇ ਪ੍ਰਮੰਨੇ ਰਿਵਾਜ ਦੇ ਵਿਰੁੱਧ ਸੀ।

Sri Satguru Jagjit Singh Ji eLibrary

ਕਨ੍ਹਈਆਂ ਅਤੇ ਰਾਮਗੜ੍ਹੀਆਂ ਦੀਆਂ ਮੱਲਾਂ ਇੱਕੋ ਇਲਾਕੇ ਵਿਚ ਹੀ ਸਨ ਅਤੇ ਇਨ੍ਹਾਂ ਦੀਆਂ ਹੱਦਾਂ ਅਨੇਕਾਂ ਥਾਈਂ ਸਾਂਝੀਆਂ ਸਨ ਜਿਸ ਕਰਕੇ ਕਦੀ ਕਦੀ ਭੁਲੇਖੇ, ਮਤਭੇਦ ਅਤੇ ਮਾਮੂਲੀ ਝਗੜੇ ਹੋ ਜਾਣੇ ਭੀ ਕੁਦਰਤੀ ਸਨ। ਪੰਜਾਬ ਦੇ ਜਿਮੀਂਦਾਰ ਸੁਭਾਵਕ ਤੌਰ ਤੇ ਹੀ ਕਈ ਵਾਰੀ ਚੱਪੇ ਚੱਪੇ ਭੌਂ ਤੋਂ ਲੜ ਮਰਦੇ ਹਨ ਅਤੇ ਇਸ ਕਰਕੇ ਸਰਦਾਰਾਂ ਵਿਚ ਆਪਣੇ ਆਪਣੇ ਆਦਮੀਆਂ ਦੇ ਪੱਖ ਤੇ ਖੜੋ ਜਾਣ ਨਾਲ ਖੁੜਭਾ ਖੁੜਭਾ ਹੋ ਜਾਣੀ ਕੋਈ ਅਣਹੋਣੀ ਗੱਲ ਨਹੀਂ ਸੀ, ਅਤੇ ਨਿੱਕੀਆਂ ਨਿੱਕੀਆਂ ਗੱਲਾਂ ਕਈ ਵਾਰੀ ਵੱਡੇ ਵੱਡੇ ਲੜਾਈ ਝਗੜਿਆਂ ਦਾ ਕਾਰਨ ਬਣ ਜਾਂਦੀਆਂ ਹਨ, ਜਿਸ ਦੀ ਉਦਾਹਰਨ ਕਨ੍ਹਈਆ, ਆਹਲੂਵਾਲੀਆ ਅਤੇ ਰਾਮਗੜ੍ਹੀਆਂ ਦਾ ਆਪਸ ਵਿਚ ਦਾ ਬਖੇੜਾ ਸੀ। ਇਹ ਵਧਦਾ ਵਧਦਾ ਫੌਜਾਂ ਵਿਚ ਟੱਕਰਾਂ ਦਾ ਕਾਰਣ ਬਣ ਗਿਆ ਸੀ ਜਿਸ ਵਿਚ ਰਾਮਗੜ੍ਹੀਆ ਸਰਦਾਰ ਰਿਆੜਕੀ ਅਤੇ ਦੁਆਬੇ ਵਿਚ ਆਪਣਾ ਇਲਾਕਾ ਛੱਡ ਜਾਣ ਪਾਰ ਮਜਬੂਰ ਹੋ ਗਏ ਅਤੇ ਕੁਝ ਚਿਰ ਲਈ ਇਹ ਮਹਾਰਾਜਾ ਪਟਿਆਲੇ ਪਾਸ ਜਾ ਟਿਕੇ ।

[ਸੱਯਦ ਮੁਹੰਮਦ ਹਸਨ, *ਤਾਰੀਖਿ ਪਟਿਆਲਾ*, 69-70; ਅਲੀ-ਉ-ਦੀਨ, *ਇਬਰਤਨਾਮਾ*, 304-08;
ਰਾਮ ਜਸ, *ਤਾਰੀਖਿ ਰਿਆਸਤ ਕਪੂਰਥਲਾ*, 262-63;
ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ*, ਤੀਸਰਾ, 618; ਰਾਜ ਖਾਲਸਾ, 78;
ਰਤਨ ਸਿੰਘ, *ਪ੍ਰਾਚੀਨ ਪੰਥ ਪ੍ਰਕਾਸ਼*, 481-88; ਪੰਜਾਬ 316]

## ਕਰਤਾਰਪੁਰੀਏ (ਧੀਰ ਮੱਲੀਏ) ਸੋਢੀਆਂ ਨੂੰ ਪੰਥ ਨਾਲ ਮਿਲਾਉਣਾ

ਕਰਤਾਰਪੁਰੀਏ ਸੋਢੀ ਸਾਹਿਬਜ਼ਾਦੇ ਬਾਬਾ ਧੀਰ ਮੱਲ ਦੀ ਸੰਤਾਨ ਹਨ ਜਿਨ੍ਹਾਂ ਨਾਲ ਵਰਤੋਂ ਵਿਹਾਰ ਮੀਣੇ ਅਤੇ ਮਸੰਦ-ਮਸੰਦੀਆਂ ਦੀ ਤਰ੍ਹਾਂ ਖਾਲਸੇ ਲਈ ਵਰਜਿਤ ਸੀ ਜਿਸ ਕਰਕੇ ਧੀਰ ਮੱਲੀਏ ਸੋਢੀ ਸਾਹਿਬਾਨ ਨਾਲ ਖਾਲਸਾ ਜੀ ਦਾ ਖਾਣ ਪੀਣ ਨਹੀਂ ਸੀ। ਕਰਤਾਰਪੁਰ ਦੇ ਗੱਦੀ-ਨਸ਼ੀਨ ਸੋਢੀ ਵਡਭਾਗ ਸਿੰਘ ਤਾਂ ਪਹਿਲੇ ਹੀ ਖੰਡੇ ਦਾ ਅੰਮ੍ਰਿਤ ਛਕ ਕੇ ਖਾਲਸਾ ਨਾਲ ਅਭੇਦ ਹੋ ਚੁੱਕੇ ਹੋਏ ਸਨ ਪਰ ਉਨ੍ਹਾਂ ਤੋਂ ਬਾਅਦ ਸੋਢੀ ਗੁਲਾਬ ਸਿੰਘ ਨੇ ਹਾਲ ਤਕ ਅੰਮ੍ਰਿਤ ਨਹੀਂ ਸੀ ਛਕਿਆ। ਖਾਲਸੇ ਦੀ ਚੜ੍ਹਦੀ ਕਲਾ ਵੇਖ ਕੇ ਇਨ੍ਹਾਂ ਨੇ ਮਹਿਸੂਸ ਕੀਤਾ ਕਿ ਉਹ ਖਾਲਸੇ ਤੋਂ ਵੱਖ ਨਹੀਂ ਰਹਿ ਸਕਦੇ। ਇਸ ਲਈ ਉਨ੍ਹਾਂ ਨੇ ਟਿੱਕਾ ਸਰਦਾਰ ਭਾਗ ਸਿੰਘ ਪਾਸ ਬੇਨਤੀ ਕੀਤੀ ਕਿ ਉਹ ਕਰਤਾਰਪੁਰ ਦਰਸ਼ਨ ਦੇਣ ਅਤੇ ਉਨ੍ਹਾਂ ਪਾਸ ਪ੍ਰਸ਼ਾਦ ਛਕਣ ਤਾਂ ਕਿ ਉਹ ਭੀ ਪੰਥ ਖਾਲਸਾ ਵਿਚ ਅਭੇਦ ਹੋ ਜਾਣ। ਟਿੱਕਾ ਭਾਗ ਸਿੰਘ ਨੇ ਜਦ ਸਰਦਾਰ ਜੱਸਾ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਹੋਰ ਸਰਦਾਰਾਂ ਨਾਲ ਸਲਾਹ ਕੀਤੀ। ਸਿੰਘਪੁਰੀਏ ਸਰਦਾਰ ਅਤੇ ਭਾਈ ਦਰਬਾਰਾ ਸਿੰਘ ਅਕਾਲੀ ਨੇ ਕਿਹਾ ਕਿ ਇਹ ਤਾਂ ਕੇਵਲ ਉਸੇ ਹਾਲਤ ਵਿਚ ਹੀ ਹੋ ਸਕਦਾ ਹੈ ਜੇ ਇਹ ਅੰਮ੍ਰਿਤ ਛਕ ਕੇ ਪੂਰੀ ਤਰ੍ਹਾਂ ਸਿੰਘ ਸਜ ਜਾਣ। ਇਹ ਗੱਲ ਸੋਢੀ ਗੁਲਾਬ ਸਿੰਘ ਨੇ ਪਰਵਾਨ ਕਰ ਲਈ। ਇਸ ਪਰ ਸਰਦਾਰ ਜੱਸਾ ਸਿੰਘ, ਟਿੱਕਾ ਭਾਗ ਸਿੰਘ ਅਤੇ ਹੋਰ ਦੂਸਰੇ ਕਰਤਾਰਪੁਰ ਗਏ ਅਤੇ ਇਕ ਵੱਡੇ ਦੀਵਾਨ ਵਿਚ ਸੋਢੀ ਸਾਹਿਬ ਨੂੰ ਅੰਮ੍ਰਿਤ

Sri Satguru Jagjit Singh Ji eLibrary

ਛਕਾਇਆ ਅਤੇ ਸੰਗਤ ਵਿਚ ਆਪ ਨੇ ਆਖਿਆ ਕਿ ਹੁਣ ਚੂੰਕਿ ਇਹ ਖੰਡੇ ਦਾ ਅੰਮ੍ਰਿਤ ਛਕ ਕੇ ਪੂਰੀ ਤਰ੍ਹਾਂ ਸਿੰਘ ਸਜ ਗਏ ਹਨ ਇਸ ਲਈ ਇਹ ਖਾਲਸੇ ਵਿਚ ਅਭੇਦ ਹੋ ਗਏ ਹਨ। ਹੁਣ ਖਾਲਸਾ ਇਨ੍ਹਾਂ ਦਾ ਪ੍ਰਸਾਦ ਪਰਵਾਨ ਕਰ ਲਏ। ਚੁਨਾਂਚਿ ਸਰਦਾਰ ਜੱਸਾ ਸਿੰਘ ਅਤੇ ਸਾਰੇ ਸਰਦਾਰਾਂ ਨੇ ਲੰਗਰ ਵਿਚ ਜਾ ਕੇ ਸਰਬਤ ਸੰਗਤ ਨਾਲ ਬੈਠ ਕੇ ਪ੍ਰਸਾਦ ਛਕਿਆ ਅਤੇ ਸੋਢੀ ਗੁਲਾਬ ਸਿੰਘ ਅਤੇ ਉਨ੍ਹਾਂ ਦੇ ਪਰਵਾਰ ਨੂੰ ਪੰਥ ਨਾਲ ਮਿਲਾ ਲਿਆ।

## ਮਹਾਰਾਜਾ ਸਾਹਿਬ ਸਿੰਘ ਪਟਿਆਲੀਏ ਨੂੰ ਅੰਮ੍ਰਿਤ ਛਕਾਇਆ

ਸਰਦਾਰ ਜੱਸਾ ਸਿੰਘ ਜਿਥੇ ਸਾਰੇ ਪੰਥ ਦੇ ਰਾਜਸੀ ਮਾਮਲਿਆਂ ਵਿਚ ਇਕ ਵੱਡੀ ਉਚੀ ਪਦਵੀ ਰਖਦੇ ਸਨ, ਉਥੇ ਇਹ ਪੰਥ ਦੇ ਧਾਰਮਕ ਆਗੂ ਭੀ ਸਮਝੇ ਜਾਂਦੇ ਸਨ, ਇਸੇ ਕਰਕੇ ਪੰਥ ਦੇ ਉਘੇ ਉਘੇ ਸਰਦਾਰਾਂ ਨੇ ਇਨ੍ਹਾਂ ਦੀ ਜਥੇਦਾਰੀ ਵਿਚ ਖੰਡੇ ਦਾ ਅੰਮ੍ਰਿਤ ਛਕਿਆ ਸੀ। ਫੂਲਕੇ ਘਰਾਣੇ ਦੇ ਬਾਬਾ ਆਲਾ ਸਿੰਘ ਅਤੇ ਮਹਾਰਾਜਾ ਅਮਰ ਸਿੰਘ ਨੇ ਇਨ੍ਹਾਂ ਪਾਸੋਂ ਹੀ ਅੰਮ੍ਰਿਤ ਛਕਿਆ ਸੀ ਅਤੇ ਮਹਾਰਾਜਾ ਅਮਰ ਸਿੰਘ ਦੀ ਇੱਛਾ ਸੀ ਕਿ ਉਨ੍ਹਾਂ ਦੇ ਪੁੱਤਰ ਟਿੱਕਾ ਸਾਹਿਬ ਸਿੰਘ ਭੀ ਇਨ੍ਹਾਂ ਪਾਸੋਂ ਹੀ ਅੰਮ੍ਰਿਤ ਛਕਣ ਅਤੇ ਉਸ ਦਾ ਵਿਆਹ ਭੀ ਸਰਦਾਰ ਗੰਡਾ ਸਿੰਘ ਭੰਗੀ ਦੀ ਸਪੁਤ੍ਰੀ ਬੀਬੀ ਰਤਨ ਕੌਰ ਨਾਲ ਪੰਜਵੜ ਆਪ ਹੀ ਪੜ੍ਹਾਉਣ। ਇਹ ਗੱਲ ਬਾਤ ਹੋ ਹੀ ਰਹੀ ਸੀ ਕਿ ਫੱਗਣ ਵਦੀ 8 ਸੰਮਤ 1838 ਬਿ., 5 ਫਰਵਰੀ, ਸੰਨ 1782, ਨੂੰ ਮਹਾਰਾਜਾ ਅਮਰ ਸਿੰਘ ਦਾ ਦੇਹਾਂਤ ਹੋ ਗਿਆ। ਸਰਦਾਰ ਜੱਸਾ ਸਿੰਘ ਨੇ ਕਿਹਾ ਕਿ ਮਹਾਰਾਜਾ ਸਾਹਿਬ ਸਿੰਘ ਨੂੰ ਅੰਮ੍ਰਿਤ ਵਿਆਹ ਤੋਂ ਪਹਿਲਾਂ ਛਕਾ ਦਿੱਤਾ ਜਾਏਗਾ।

ਵਿਆਹ ਦਾ ਪਰਬੰਧ ਦੀਵਾਨ ਨਾਨੂ ਮੱਲ ਦੇ ਸਪੁਰਦ ਸੀ ਅਤੇ ਜੰਜ ਵਿਚ ਰਾਜਾ ਭਾਗ ਸਿੰਘ ਜੀਂਦ, ਸਰਦਾਰ ਹਮੀਰ ਸਿੰਘ ਨਾਭਾ, ਭਾਈ ਦੇਸੂ ਸਿੰਘ ਕੈਥਲ, ਰਾਇ ਅਹਿਮਦ ਜਗਰਾਉਂ, ਨਵਾਬ ਅਤਾ ਉਲਾ ਖ਼ਾਨ ਮਲੇਰ ਕੋਟਲੀਆ, ਆਦਿ ਸ਼ਾਮਲ ਸਨ। ਜਦ ਜੰਜ ਕਪੂਰਥਲੇ ਪੁੱਜੀ ਤਾਂ ਸਰਦਾਰ ਜੱਸਾ ਸਿੰਘ ਨੇ ਕਿਹਾ ਕਿ ਮਹਾਰਾਜਾ ਸਾਹਿਬ ਨੂੰ ਅੰਮ੍ਰਿਤ ਗੁਰਦੁਆਰਾ ਸਾਹਿਬ ਤਰਨ ਤਾਰਨ ਵਿਚ ਛਕਾਉਣਾ ਚਾਹੀਦਾ ਹੈ। ਕਪੂਰਥਲੇ ਤੋਂ ਜੰਜ ਤਰਨ ਤਾਰਨ ਪੁੱਜੀ ਜਿਥੇ ਆਪ ਨੇ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਕੇ ਮਹਾਰਾਜਾ ਸਾਹਿਬ ਨੂੰ ਅੰਮ੍ਰਿਤ ਛਕਾਇਆ ਅਤੇ ਉਸ ਤੋਂ ਬਾਅਦ ਇਨ੍ਹਾਂ ਦਾ ਵਿਆਹ ਪੰਜਵੜ ਜਾ ਹੋਇਆ। ਇਹ ਗੱਲ ਚੜ੍ਹਦੇ ਸੰਮਤ 1839, ਸੰਨ 1782 ਦੀ ਹੈ।

## ਸ੍ਰੀ ਦਰਬਾਰ ਸਾਹਿਬ ਦੀ ਸੇਵਾ

ਪੰਜਾਬ ਦੀ ਆਜਾਦੀ ਲਈ ਸਿੰਘਾਂ ਦੀ ਮੁਗ਼ਲ ਅਤੇ ਦੁੱਰਾਨੀ ਹਕੂਮਤਾਂ ਨਾਲ ਸਿਰ ਧੜ ਦੀ ਬਾਜ਼ੀ ਵਿਚ ਜੋ ਖਾਲਸੇ ਦਾ ਜਾਨੀ ਨੁਕਸਾਨ ਹੋਇਆ, ਉਹ ਤਾਂ ਖੈਰ ਹੋਣਾ ਹੀ ਸੀ ਪਰ ਅੰਮ੍ਰਿਤਸਰ ਵਿਚ ਦੁੱਰਾਨੀਆਂ ਹੱਥੋਂ ਜੋ ਬੇਅਦਬੀ ਸ੍ਰੀ ਦਰਬਾਰ ਸਾਹਿਬ ਨੂੰ ਢਾਉਣ, ਸਰੋਵਰ ਨੂੰ ਗੰਦਗੀ ਆਦਿ ਨਾਲ ਪੂਰਨ ਅਤੇ ਬੁੰਗੇ ਬਰਬਾਦ ਕਰਨ ਨਾਲ ਹੋਈ, ਉਹ ਸਭ ਤੋਂ ਜ਼ਿਆਦਾ ਦੁਖਦਾਈ ਸੀ। ਸਰਹੰਦ ਦੀ ਫ਼ਤਿਹ ਤੋਂ ਬਾਅਦ 'ਗੁਰੂ ਕੀ ਚਾਦਰ'

Sri Satguru Jagjit Singh Ji eLibrary

ਵੇਲੇ ਸਰਦਾਰ ਜੱਸਾ ਸਿੰਘ ਨੇ ਆਪਣੇ ਹਿੱਸੇ ਦਾ ਸਾਰੇ ਦਾ ਸਾਰਾ ਰੁਪਇਆ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਲਈ ਅਰਪਣ ਕਰ ਦਿੱਤਾ ਸੀ ਅਤੇ ਜੋ ਹੋਰ ਸਰਦਾਰਾਂ ਵੱਲੋਂ ਰਕਮਾਂ ਭੇਟਾ ਹੋਈਆਂ ਸਨ ਉਹ ਮਿਲਾ ਕੇ ਭਾਈ ਦੇਸ ਰਾਜ ਬਿਧੀਚੰਦੀਏ ਨੂੰ ਇਸ ਸੇਵਾ ਪਰ ਲਾਇਆ।

ਵੱਡੇ ਘਲੂਘਾਰੇ ਤੋਂ ਬਾਅਦ ਅਹਿਮਦ ਸ਼ਾਹ ਦੁੱਰਾਨੀ ਸ੍ਰੀ ਦਰਬਾਰ ਸਾਹਿਬ ਅਤੇ ਉਸ ਦੀ ਜ਼ਿਮੀਦਾਰੀ ਜਾਗੀਰ ਆਦਿ ਤਿੰਨ ਲੱਖ ਰੁਪਏ ਵਿਚ ਨੁਸ਼ਹਿਰਾ ਪਨੂੰਆਂ ਦੇ ਚੌਧਰੀ ਸਾਹਿਬ ਰਾਇ ਪਾਸ ਗਿਰਵੀ ਰਖ ਗਿਆ ਸੀ ਅਤੇ ਸ਼ਰਤ ਇਹ ਸੀ ਕਿ ਜਿਤਨੀ ਦੇਰ ਤਕ ਇਹ ਰਕਮ ਨਾ ਤਾਰੀ ਜਾਏ, ਦਰਬਾਰ ਸਾਹਿਬ ਦੀ ਚੜ੍ਹਤ ਭੀ ਉਹ ਹੀ ਲਈ ਜਾਏਗਾ। ਇਸ ਸਬੰਧੀ ਜਦ ਸਿੰਘਾਂ ਨੇ ਸਰਦਾਰ ਜੱਸਾ ਸਿੰਘ ਪਾਸ ਸ਼ਿਕਾਇਤ ਕੀਤੀ ਤਾਂ ਆਪ ਨੇ ਉੱਤਰ ਦਿੱਤਾ ਕਿ ਚੌਧਰੀ ਸਾਹਿਬ ਰਾਇ ਨੇ ਕੋਈ ਮੰਦਾ ਕੰਮ ਨਹੀਂ ਕੀਤਾ, ਬਲਕਿ ਉਸ ਨੇ ਤਿੰਨ ਲੱਖ ਰੁਪਇਆ ਆਪਣੇ ਪਾਸੋਂ ਦੇ ਕੇ ਦਰਬਾਰ ਸਾਹਿਬ ਦੇ ਮਕਾਨਾਂ ਨੂੰ ਹੋਰ ਜ਼ਿਆਦਾ ਨੁਕਸਾਨ ਪੁੱਜਣ ਤੋਂ ਅਤੇ ਇਥੇ ਦੇ ਪੁਜਾਰੀਆਂ ਨੂੰ ਜੋਰੀ ਧਰਮ ਤੋਂ ਡੇਗੇ ਜਾਣ ਤੋਂ ਬਚਾਇਆ ਹੈ। ਇਸ ਲਈ ਇਹ ਉਸ ਨੇ ਇਕ ਚੰਗਾ ਕੰਮ ਕੀਤਾ ਹੈ। ਚੁਨਾਂਚਿ ਸਰਦਾਰ ਜੱਸਾ ਸਿੰਘ ਨੇ ਉਸ ਨੂੰ ਬੁਲਾ ਕੇ ਬੜਾ ਸਤਿਕਾਰ ਦਿੱਤਾ, ਤਿੰਨ ਲੱਖ ਰੁਪਇਆ ਉਸ ਦੀ ਝੋਲੀ ਪਾਇਆ ਅਤੇ ਸ੍ਰੀ ਦਰਬਾਰ ਸਾਹਿਬ ਨੂੰ ਗਿਰਵੀ ਤੋਂ ਛੁਡਾਇਆ ਅਤੇ ਪੁਜਾਰੀਆਂ ਅਤੇ ਅਕਾਲੀ ਸਿੰਘਾਂ ਦੇ ਜੁਰਮਾਨੇ ਦੀ ਰਕਮ ਭੀ ਭਰ ਦਿੱਤੀ। ਇਸ ਤਰ੍ਹਾਂ ਪੰਥ ਦੇ ਸਿਰੋਂ ਇਕ ਬੜੀ ਭਾਰੀ ਇਖਲਾਕੀ ਜੁਮੇਵਾਰੀ ਲਾਹੀ।

ਕੁਝ ਇਉਂ ਮਾਲੂਮ ਹੁੰਦਾ ਹੈ ਕਿ ਸਰਦਾਰ ਜੱਸਾ ਸਿੰਘ ਜੀ ਇਹ ਸਮਝਦੇ ਸਨ ਕਿ ਪੰਜਾਬ ਦੀ ਦੇਸੀ ਅਤਿਆਚਾਰੀਆਂ ਅਤੇ ਬਿਦੇਸੀ ਜਰਵਾਣਿਆਂ ਤੋਂ ਆਜ਼ਾਦੀ ਨਾਲ ਉਨ੍ਹਾਂ ਦੇ ਜੀਵਨ ਦਾ ਮਿਸ਼ਨ ਪੂਰਾ ਹੋ ਗਿਆ ਹੈ, ਹੁਣ ਉਨ੍ਹਾਂ ਨੂੰ ਬਾਕੀ ਦੇ ਮਾਮਲਿਆਂ ਵਿਚ ਬਹੁਤਾ ਦਖ਼ਲ ਨਹੀਂ ਦੇਣਾ ਚਾਹੀਦਾ, ਅਤੇ ਮੱਲਾਂ ਮਾਰਾਂ ਦੀ ਸੰਭਾਲ ਅਤੇ ਪਰਬੰਧ ਦਾ ਕੰਮ ਨਵੇਂ ਨੌਜਵਾਨ ਸਰਦਾਰਾਂ ਪਰ ਛੱਡ ਦੇਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਨੂੰ ਆਜ਼ਾਦ ਹੋ ਕੇ ਕੰਮ ਚਲਾ ਸਕਣ ਦਾ ਤਜਰਬਾ ਹੋ ਜਾਵੇ। ਉਂਜ ਸੁਭਾਵਕ ਤੌਰ ਤੇ ਭੀ ਉਹ ਬਹੁਤ ਹਦ ਤਕ ਨਿਰਲੇਪ ਅਤੇ ਸੰਤੋਖੀ ਸਨ। ਇਸ ਲਈ ਆਪਣੀ ਜ਼ਿੰਦਗੀ ਦੇ ਅੰਤਮ ਚਾਰ ਪੰਜ ਸਾਲ ਉਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ ਦੀ ਸੇਵਾ, ਬੁੰਗਿਆਂ ਦੀ ਉਸਾਰੀ, ਸ਼ਹਿਰ ਦੀ ਆਬਾਦੀ ਅਤੇ ਹੋਰ ਅਜਿਹੇ ਕੰਮਾਂ ਵਿਚ ਲਾਏ ਅਤੇ ਅਣਸਰਦੇ ਨੂੰ ਹੀ ਬਾਹਰ ਕਿਸੇ ਮੁਹਿੰਮ ਉੱਤੇ ਜਾਂ ਕਿਸੇ ਦੀ ਸਹਾਇਤਾ ਲਈ ਗਏ।

## ਸਰਦਾਰ ਜੱਸਾ ਸਿੰਘ ਦਾ ਦੇਹਾਂਤ

ਸਰਦਾਰ ਜੱਸਾ ਸਿੰਘ ਦੀਵਾਲੀ ਵਸਾਖੀ ਦੇ ਮੌਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ ਅਤੇ ਸਰੋਵਰ ਵਿਚ ਅਸ਼ਨਾਨ ਲਈ ਜ਼ਰੂਰ ਹੀ ਹਾਜ਼ਰ ਹੋਇਆ ਕਰਦੇ ਸਨ, ਕਿਉਂਕਿ ਇਨ੍ਹੀਂ ਦਿਨੀਂ ਸਰਬਤ ਖ਼ਾਲਸਾ ਇਥੇ ਇਕੱਤ੍ਰ ਹੋ ਕੇ ਗੁਰੂ ਕੀ ਹਾਜ਼ਰੀ ਭਰਦਾ ਸੀ

Sri Satguru Jagjit Singh eLibrary

ਅਤੇ ਆਪਣੇ ਪਿਛਲੇ ਛੇ ਮਹੀਨਿਆਂ ਵਿਚ ਕੀਤੇ ਕੰਮ ਦਾ ਜਾਇਜ਼ਾ ਲੈ ਕੇ ਅਗਲੀ ਛਿਮਾਹੀ ਲਈ ਗੁਰਮਤਾ ਕਰ ਲਿਆ ਕਰਦਾ ਸੀ। ਇਸੇ ਕਰਕੇ ਕਈ ਵਾਰੀ ਖਾਲਸਾ ਮੁਹਿੰਮਾਂ ਤੇ ਬਾਹਰ ਗਿਆ ਹੋਇਆ ਉਨ੍ਹਾਂ ਨੂੰ ਛੇਤੀ ਨਬੇੜ ਕੇ ਅੰਮ੍ਰਿਤਸਰ ਨੂੰ ਆ ਜਾਇਆ ਕਰਦਾ ਸੀ।

ਸੰਮਤ 1840 ਬਿਕ੍ਰਮੀ ਦੇ ਕਤਕ ਦੇ ਮਹੀਨੇ ਸਰਦਾਰ ਜੱਸਾ ਸਿੰਘ ਦੀਵਾਲੀ ਲਈ ਫਤਿਹਾਬਾਦ ਤੋਂ ਅੰਮ੍ਰਿਤਸਰ ਨੂੰ ਆ ਰਹੇ ਸਨ ਕਿ ਰਾਹ ਵਿਚ ਬੁੰਡਾਲੇ ਪਿੰਡ ਡੇਰਾ ਕੀਤਾ। ਇਥੇ ਆਪ ਨੇ ਕੁਝ ਤਰਬੂਜ ਖਾਧਾ ਅਤੇ ਸਵਾਰ ਹੋ ਪਏ। ਰਸਤੇ ਵਿਚ ਆਪ ਦੇ ਪੇਟ ਵਿਚ ਦਰਦ ਹੋਣ ਲੱਗ ਪਿਆ ਅਤੇ ਨਿਢਾਲ ਹੋ ਗਏ ਅਤੇ ਇਸੇ ਨਾਲ ਸ੍ਰੀ ਅੰਮ੍ਰਿਤਸਰ ਪਹੁੰਚਦੇ ਪਹੁੰਚਦੇ ਚੜ੍ਹਾਈ ਕਰ ਗਏ। ਉਸ ਦਿਨ 7 ਕੱਤਕ, 20 ਅਕਤੂਬਰ, ਸੰਨ 1783, ਸੀ ਅਤੇ ਦੀਵਾਲੀ (25 ਅਕਤੂਬਰ) ਵਿਚ ਪੰਜ ਦਿਨ ਰਹਿੰਦੇ ਸਨ। ਆਪ ਦਾ ਸਸਕਾਰ ਸ੍ਰੀ ਅੰਮ੍ਰਿਤਸਰ ਵਿਚ ਕੀਤਾ ਗਿਆ ਅਤੇ ਆਪ ਦੀ ਇੱਛਾ ਅਨੁਸਾਰ ਬਾਬਾ ਅਟੱਲ ਦੇ ਚਰਨਾਂ ਵਿਚ ਨਵਾਬ ਕਪੂਰ ਸਿੰਘ ਦੇ ਅਸਥਾਨ ਦੇ ਪਾਸ ਹੀ ਆਪ ਨੂੰ ਅਸਥਾਨ ਦਿੱਤਾ ਗਿਆ ਜਿਥੇ ਕਿ ਬਾਬਾ ਅਟੱਲ ਦੀ ਪਰਕਰਮਾ ਦੀ ਲਹਿੰਦੀ ਬਾਹੀ ਵਿਚ ਹੁਣ ਤਕ ਆਪ ਦੀ ਸਮਾਧ ਮੌਜੂਦ ਹੈ।

ਇਸ ਤਰ੍ਹਾਂ ਪੰਜਾਬ ਦਾ ਉਹ ਮਹਾਨ ਸੂਰਬੀਰ ਨੇਤਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਜਿਸਨੇ ਵਾਹਿਗੁਰੂ ਦੀ ਰਜ਼ਾ ਵਿਚ ਅਪਣਾ ਤਨ ਮਨ ਧਨ ਸਭ ਕੁਝ ਖਿੜੇ ਮਥੇ ਦੇਸ ਦੀ ਆਜ਼ਾਦੀ ਪਰ ਘੋਲ ਘੁਮਾਇਆ, ਅਪਣਾ ਉਦਮ-ਭਰਪੂਰ ਸੰਸਾਰਕ ਜੀਵਨ ਬਤੀਤ ਕਰਕੇ ਸੁਤੰਤਰ ਪੰਜਾਬ ਨੂੰ ਵਧਦਾ ਫੁਲਦਾ ਚੜ੍ਹਦੀਆਂ ਕਲਾਂ ਵੱਲ ਜਾ ਰਿਹਾ ਦੇਖਦਾ ਉੱਜਲ-ਦੀਦਾਰ ਅਕਾਲ ਪੁਰਖ ਵਾਹਿਗੁਰੂ ਨੂੰ ਪਿਆਰਾ ਹੋ ਗਿਆ।

Sri Satguru Jagjit Singh Ji eLibrary

ਅਧਿਆਇ ਤੀਹਵਾਂ

# ਸਰਦਾਰ ਜੱਸਾ ਸਿੰਘ ਦੇ ਗੁਣ, ਸੁਭਾਓ ਅਤੇ ਪੰਜਾਬ ਨੂੰ ਦੇਣ

## ਨਿਜੀ ਗੁਣ, ਸੁਭਾਉ

ਸਰਦਾਰ ਜੱਸਾ ਸਿੰਘ ਸਰੀਰ ਦੇ ਬੜੇ ਸੋਹਣੇ ਸਡੋਲ ਭਾਰੇ, ਅਤੇ ਲੰਬੇ ਸਨ, ਰੰਗ ਨਿਖਰਿਆ ਹੋਇਆ ਕਣਕ ਵੰਨਾ, ਚੌੜਾ ਮੱਥਾ, ਭਵਾਂ ਭਰਵੀਆਂ, ਝੁਕਵੀਆਂ, ਅੱਖੀਆਂ ਤੀਖਣ ਅਤੇ ਵੱਡੀਆਂ ਵੱਡੀਆਂ, ਦਾੜ੍ਹਾ ਭਰਵਾਂ ਅਤੇ ਦਰਮਿਆਨਾ, ਛਾਤੀ ਚੌੜੀ, ਬਾਹਾਂ ਇਤਨੀਆਂ ਲੰਮੀਆਂ ਸਨ ਕਿ ਖੜੇ ਹੋਣ ਵੇਲੇ ਗੋਡਿਆਂ ਨੂੰ ਜਾ ਲਗਦੀਆਂ ਸਨ ਅਤੇ ਆਵਾਜ ਅਜਿਹੀ ਉੱਚੀ ਸੀ ਕਿ ਹੌਲੀ ਕਹੀ ਹੋਈ ਗੱਲ ਭੀ ਪਰੇ ਖੜੋਤੇ ਬੰਦਿਆਂ ਨੂੰ ਸੁਣ ਪੈਂਦੀ ਸੀ।

ਇਕ ਸੇਰ ਪੱਕਾ ਮੱਖਣ ਅਤੇ ਪਾਓ ਪੱਕੀ ਮਿਸਰੀ ਛਾਹ ਵੇਲੇ ਛਕ ਕੇ ਦੁਪਹਿਰ ਵੇਲੇ ਪ੍ਰਸਾਦ ਛਕਦੇ ਸਨ ਅਤੇ ਸਰੀਰਕ ਤਾਕਤ ਅਤੇ ਸੁਆਸਥ ਦਾ ਇਹ ਹਾਲ ਸੀ ਕਿ ਅੱਧਾ ਬਕਰਾ ਇੱਕਲੇ ਹੀ ਖਾ ਕੇ ਹਜ਼ਮ ਕਰ ਜਾਂਦੇ ਸਨ। ਸਰੀਰ ਦੇ ਸਡੋਲ ਅਤੇ ਭਾਰੇ ਅਤੇ ਘੋੜ-ਸਵਾਰੀ ਵਿਚ ਅਜਿਹੇ ਚੁਸਤ, ਸਖਤ ਅਤੇ ਡਾਢੇ ਸਨ ਕਿ ਮੁਸ਼ਕਲ ਨਾਲ ਹੀ ਕੋਈ ਘੋੜਾ ਉਨ੍ਹਾਂ ਦੀ ਸਵਾਰੀ ਵਿਚ ਲਗਾਤਾਰ ਛੇ ਮਹੀਨੇ ਕਢਦਾ ਸੀ। ਆਪ ਤਲਵਾਰ ਅਤੇ ਤੀਰ ਦੇ ਧਨੀ ਸਨ। ਬੜੇ ਹੀ ਘਟ ਸਰਦਾਰ ਇਸ ਵਿਚ ਉਨ੍ਹਾਂ ਦੇ ਟਾਕਰੇ ਦੇ ਸਨ। ਬਹੁਤ ਸਾਰੇ ਤੀਰਾਂ ਉੱਤੇ ਉਨ੍ਹਾਂ ਦਾ ਨਾਉਂ ਜਾਂ ਨਿਸ਼ਾਨ ਹੁੰਦਾ ਸੀ। ਤੋੜੇਦਾਰ ਬੰਦੂਕ ਦੇ ਆਪ ਅਚੁਕ ਨਿਸ਼ਾਨਚੀ ਸਨ। ਜੁਧ ਦੇ ਮੈਦਾਨ ਵਿਚ ਆਪ ਫੌਜ ਦੇ ਮੋਹਰੇਦਾਰ ਹੁੰਦੇ ਸਨ ਅਤੇ ਜਿੱਥੇ ਭੀ ਲੋੜ ਦਿਸਦੀ ਸੀ ਘੋੜੇ ਨੂੰ ਅੱਡੀ ਲਾ ਕੇ ਉਥੇ ਜਾ ਪੁੱਜਦੇ ਸਨ। ਆਪ ਲੋਹੇ ਦੇ ਜੱਰਹ ਬਕਤਰ—ਖੋਦ, ਸੰਜੇ ਅਤੇ ਚਿਲਤਾ ਆਦਿ—ਪਹਿਨਣ ਦੇ ਹਕ ਵਿਚ ਨਹੀਂ ਸਨ। ਉਨ੍ਹਾਂ ਦਾ ਖਿਆਲ ਸੀ ਕਿ ਇਸ ਤਰ੍ਹਾਂ ਦੀ ਲੋਹੇ ਦੀ ਭਾਰੀ ਵਰਦੀ ਨਾਲ ਸਵਾਰ ਪੂਰੀ ਤੇਜ਼ੀ ਅਤੇ ਚੁਸਤੀ ਨਾਲ ਨਾ ਤਾਂ ਵੈਰੀ ਤੇ ਹੱਲਾ ਹੀ ਕਰ ਸਕਦਾ ਹੈ ਅਤੇ ਨਾ ਹੀ ਬਚ ਕੇ ਨਿਕਲ ਸਕਦਾ ਹੈ। ਆਪਣੇ ਬਚਾਓ ਲਈ ਉਹ ਬਹੁਤਾ ਭਰੋਸਾ 'ਅਕਾਲ ਪੁਰਖ ਦੀ ਰੱਛਿਆ' ਪਰ ਹੀ ਰਖਦੇ ਸਨ।

ਉਨ੍ਹਾਂ ਦਾ ਬਾਣਾ ਆਮ ਤੌਰ ਤੇ ਸੁਰਮਈ ਰੰਗ ਦਾ ਹੁੰਦਾ ਸੀ। ਉਨ੍ਹਾਂ ਦੀ ਦਸਤਾਰ ਦਾ ਬੰਧੇਜ ਮੁਗਲਈ ਸੀ; ਕੁਰਤੇ ਉਪਰ ਘੁੰਡੀਆਂ ਵਾਲਾ ਅੰਗਰਖਾ, ਉੱਪਰ ਕਮਰਬੰਦ

Sri Satguru Jagjit Singh Ji eLibrary

ਅਤੇ ਗਾਤ੍ਰਾ ਅਤੇ ਤੇੜ ਲੰਬਾ ਕਛਹਿਰਾ ਅਤੇ ਤੰਗ ਚੂੜੀਦਾਰ ਪਜਾਮਾ। ਗਾਤ੍ਰੇ ਨਾਲ ਅਤੇ ਕਮਰਬੰਦ ਵਿਚ ਸ਼ਮਸ਼ੇਰ ਅਤੇ ਹੋਰ ਲੋੜੀਂਦੇ ਹਥਿਆਰ ਸਜਾਉਂਦੇ ਸਨ।

ਆਪ ਦਾ ਬਚਪਨ ਚੂੰਕਿ ਮਾਤਾ ਸੁੰਦਰੀ ਜੀ ਪਾਸ ਦਿੱਲੀ ਵਿਚ ਗੁਜ਼ਰਿਆ ਸੀ, ਇਸ ਲਈ ਉਨ੍ਹਾਂ ਨੂੰ ਉਥੇ ਉਰਦੂ ਫ਼ਾਰਸੀ ਪੜ੍ਹਨ ਦਾ ਮੌਕਾ ਬਣ ਗਿਆ ਸੀ, ਅਤੇ ਮਿਸਲਦਾਰ ਸਰਦਾਰਾਂ ਵਿਚੋਂ ਇਹ ਇਕੱਲੇ ਹੀ ਅਜੇਹੇ ਸਨ ਜਿਨ੍ਹਾਂ ਨੂੰ ਉਸ ਜਮਾਨੇ ਦੇ ਰਵਾਜ ਅਨੁਸਾਰ ਪੜ੍ਹਿਆ ਲਿਖਿਆ ਕਿਹਾ ਜਾ ਸਕੇ। ਸ਼ੁਰੂ ਸ਼ੁਰੂ ਵਿਚ ਤਾਂ ਇਹ ਬੋਲਦੇ ਹੀ ਉਰਦੂ ਸਨ, ਇਸੇ ਕਰਕੇ ਖਾਲਸੇ ਇਨ੍ਹਾਂ ਨੂੰ 'ਹਮ ਕੋ' 'ਤੁਮ ਕੋ' ਕਹਿ ਕੇ ਛੇੜਿਆ ਕਰਦੇ ਸਨ। ਪਿੱਛੋਂ ਹੌਲੀ ਹੌਲੀ ਇਹ ਪੰਜਾਬੀ ਬੋਲਣ ਲੱਗ ਪਏ ਸਨ, ਪਰ ਉਰਦੂ ਫ਼ਾਰਸੀ ਦਾ ਅਸਰ ਅਖੀਰ ਤਕ ਕਾਇਮ ਰਿਹਾ।

ਜਿਥੇ ਆਪ ਖਾਲਸਾ ਜੀ ਦੇ ਉੱਚ-ਪਦਵੀ ਦੇ ਰਾਜਸੀ ਆਗੂ ਸਨ ਉਥੇ ਆਪ ਦਾ ਜ਼ਿਆਦਾ ਪ੍ਰਭਾਓ ਇਕ ਧਾਰਮਕ ਜਥੇਦਾਰ ਦੀ ਹੈਸੀਅਤ ਵਿਚ ਸੀ ਅਤੇ ਨਵਾਬ ਕਪੂਰ ਸਿੰਘ ਤੋਂ ਬਾਅਦ ਆਪ ਦੀ ਬੜੀ ਵੱਡੀ ਮਾਨਤਾ ਸੀ ਅਤੇ ਬੜੇ ਬੜੇ ਸਰਦਾਰ ਆਪ ਪਾਸੋਂ ਅੰਮ੍ਰਿਤ ਛਕਣਾ ਆਪਣੀ ਵਡਿਆਈ ਸਮਝਦੇ ਸਨ। ਆਹਲੂਵਾਲੀਆ ਮਿਸਲ ਦੀ ਫੌਜੀ ਨਫ਼ਰੀ ਭਾਵੇਂ ਚਾਰ ਹਜ਼ਾਰ ਤੋਂ ਵਧ ਨਹੀਂ ਸੀ ਪਰ ਖਾਲਸੇ ਦੀਆ ਵੱਡੀਆਂ ਵੱਡੀਆਂ ਮੁਹਿੰਮਾਂ ਦੀ ਮੋਹਰੇਦਾਰੀ ਬਹੁਤ ਕਰਕੇ ਸਰਦਾਰ ਜੱਸਾ ਸਿੰਘ ਦੀ ਹੀ ਹੁੰਦੀ ਸੀ।

ਆਪ ਆਪਣੇ ਧਰਮ ਕਰਮ ਅਤੇ ਨਿਤਨੇਮ ਵਿਚ ਬੜੇ ਪੱਕੇ ਸਨ ਅਤੇ ਆਪ ਖਾਲਸਿਆਂ ਨੂੰ ਧਰਮ ਵਿਚ ਪੱਕਾ ਰੱਖਣ ਲਈ ਪੂਰਾ ਪੂਰਾ ਧਿਆਨ ਦਿੰਦੇ ਸਨ। ਦਲ ਵਿਚ ਸ਼ਾਮਲ ਕਰਨ ਤੋਂ ਪਹਿਲਾਂ ਸਭ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਗੁਰੂ ਦੀ ਚਰਨੀ ਲਾਉਂਦੇ ਸਨ, ਅਤੇ ਸਵੇਰੇ ਸਵੇਰੇ ਫਿਰ ਕੇ ਬੜੇ ਗਹੁ ਨਾਲ ਵੇਖਦੇ ਸਨ ਕਿ ਸਿੰਘ ਗੁਰਬਾਣੀ ਦਾ ਪਾਠ ਕਰਦੇ ਹਨ ਕਿ ਨਹੀਂ। ਇਸ ਵੇਲੇ ਜੇ ਕਿਧਰੇ ਮੁਸਲਮਾਨ ਨੌਕਰਾਂ ਨੂੰ ਸੁੱਤੇ ਦੇਖਦੇ ਤਾਂ ਉਨ੍ਹਾਂ ਦੇ ਆਪ ਹੱਥ ਫੜ ਕੇ ਜਗਾ ਦਿੰਦੇ ਅਤੇ ਕਹਿੰਦੇ ਕਿ ਉੱਠੋ ਨਮਾਜ਼ ਪੜ੍ਹੋ ਅਤੇ ਰੱਬ ਨੂੰ ਯਾਦ ਕਰੋ। ਸਿੰਘ ਸਰਦਾਰਾਂ ਨੂੰ ਭੀ ਹੁਕਮ ਸੀ ਕਿ ਆਪਣੀ ਆਪਣੀ ਡੇਰੀਂ ਆਸਾ ਦੀ ਵਾਰ ਦਾ ਕੀਰਤਨ ਜ਼ਰੂਰ ਨੇਮ ਨਾਲ ਕਰਵਾਇਆ ਕਰਨ।

ਆਪ ਦੇ ਇਲਾਕਿਆਂ ਦੇ ਪਰਬੰਧ ਵਿਚ ਜਿਵੇਂ ਸਿੱਖ ਕਾਰਦਾਰ ਸਨ, ਉਸੇ ਤਰਾਂ ਹਿੰਦੂ ਅਤੇ ਮੁਸਲਮਾਨ ਭੀ ਸਨ ਅਤੇ ਦੀਵਾਨ ਰਾਮਜਸ ਦੀ ਲਿਖਤ ਅਨੁਸਾਰ ਮੁਸਲਮਾਨਾਂ ਨੂੰ ਆਪਣੇ ਧਰਮ ਦੀਆਂ ਰਸਮਾਂ ਰੀਤਾਂ ਕਰਨ ਦੀ ਪੂਰੀ ਪੂਰੀ ਖੁਲ੍ਹ ਸੀ। ਇਹ ਹੀ ਕਾਰਣ ਸੀ ਕਿ ਮੁਸਲਮਾਨ ਉਨ੍ਹਾਂ ਦੇ ਨਾਉਂ ਪਰ ਜਾਨ ਦੇਣਾ ਸਹਾਦਤ ਸਮਝਦੇ ਸਨ। ਹਰ ਫਿਰਕੇ ਦੇ ਮੁਸਲਮਾਨ ਹਰ ਮਹਿਕਮੇ ਵਿਚ ਉਸੇ ਤਰਾਂ ਹੀ ਨੌਕਰ ਸਨ ਜਿਵੇਂ ਕਿ ਹਿੰਦੂ। ਉਹ ਕਿਸੇ ਨੂੰ ਕਿਸੇ ਦੇ ਧਰਮ ਵਿਚ ਦਖ਼ਲ ਨਹੀਂ ਸਨ ਦੇਣ ਦਿੰਦੇ, ਅਤੇ ਨਾ ਹੀ ਧਰਮ ਦੀ ਆੜ ਵਿਚ ਕਿਸੇ ਦਾ ਦਿਲ ਦੁਖਾਉਣ ਦੀ ਕਿਸੇ ਨੂੰ ਆਗਿਆ ਸੀ। ਜਿਥੇ ਕਿਧਰੇ ਹਿੰਦੂਆਂ ਦੀ ਵਸੋਂ ਜ਼ਿਆਦਾ ਸੀ ਉਥੇ ਗਾਈਆਂ ਖੁਲ੍ਹੇ ਮਾਰਨ ਦੀ ਆਗਿਆ ਨਹੀਂ ਸੀ, ਪਰ ਜਿੱਥੇ ਬਹੁਤੀ ਜਾਂ

ਸਾਰੀ ਵਸੋਂ ਮੁਸਲਮਾਨਾਂ ਦੀ ਸੀ ਉਥੋਂ ਕੋਈ ਬੰਦਸ਼ ਨਹੀਂ ਸੀ।

ਗੁਰੂ-ਘਰ ਦੀ ਮਰਯਾਦਾ ਅਨੁਸਾਰ ਆਪ ਵੱਲੋਂ ਸਦਾ-ਬਰਤ ਲੰਗਰ ਜਾਰੀ ਸੀ ਜਿੱਥੇ ਹਰ ਅਭਿਲਾਖੀ ਨੂੰ ਬਿਨਾਂ ਕਿਸੇ ਭਿੰਨ ਭੇਦ ਦੇ ਪ੍ਰਸਾਦ ਮਿਲਦਾ ਸੀ।

ਜੋ ਕੋਈ ਭੀ ਸਿਦਕ ਨਾਲ ਅੰਮ੍ਰਿਤ ਛਕਣ ਲਈ ਆਉਂਦਾ ਸੀ, ਆਪ ਖੁਦ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਕੇ ਬਿਨਾਂ ਕਿਸੇ ਵਿਤਕਰੇ ਦੇ ਅੰਮ੍ਰਿਤ ਛਕਾਉਂਦੇ ਸਨ, ਕੜ੍ਹਾਹ ਪ੍ਰਸਾਦਿ ਲੰਗਰ ਵਿਚੋਂ ਆਉਂਦਾ ਸੀ ਅਤੇ ਦਸਤਾਰ, ਜੋੜਾ, ਚਾਦਰ, ਕੁੜਤਾ ਅਤੇ ਤਲਵਾਰ ਸਰਕਾਰ ਵੱਲੋਂ ਮਿਲਦੇ ਸਨ। ਜੇ ਉਹ ਦਲ ਵਿਚ ਰਹਿਣਾ ਚਾਹੇ ਤਾਂ ਜਿਸ ਸਰਦਾਰ ਦੇ ਜੱਥੇ ਵਿਚ ਰਹਿਣਾ ਚਾਹੇ, ਉਥੇ ਚਲਾ ਜਾਏ, ਅਤੇ ਜੇ ਆਪਣੇ ਘਰ ਜਾਣਾ ਚਾਹੇ ਤਾਂ ਘਰ ਨੂੰ ਚਲਾ ਜਾਏ। ਸਰਦਾਰ ਜੱਸਾ ਸਿੰਘ ਹਰ ਕਿਸੇ ਨੂੰ 'ਭਾਈ' ਕਹਿ ਕੇ ਬੁਲਾਉਂਦੇ ਸਨ।

ਤੀਸਰੇ ਪਹਿਰ ਦਰਬਾਰ ਹੁੰਦਾ ਸੀ, ਜਿਥੇ ਜ਼ਰੂਰੀ ਸਲਾਹ ਮਸ਼ਵਰੇ ਕੀਤੇ ਜਾਂਦੇ ਸਨ ਅਤੇ ਆਪਣੇ ਆਉਣ ਵਾਲੇ ਸਾਂਝੇ ਪ੍ਰੋਗ੍ਰਾਮ ਸਬੰਧੀ ਵਿਉਂਤਾਂ ਬਣਾਈਆਂ ਜਾਂਦੀਆਂ ਸਨ ਅਤੇ ਗੁਰਮਤੇ ਸੋਧੇ ਜਾਂਦੇ ਸਨ। ਸ਼ਾਮ ਨੂੰ ਰਹਿਰਾਸ ਅਤੇ ਕੀਰਤਨ ਹੁੰਦਾ ਸੀ ਅਤੇ ਅਰਦਾਸ ਤੋਂ ਬਾਅਦ ਸਭ ਆਪੋ ਆਪਣੇ ਡੇਰਿਆਂ ਨੂੰ ਛਿੜ ਜਾਂਦੇ ਸਨ।

[ਰਾਮਜਸ, *ਤਾਰੀਖਿ ਕਪੂਰਥਲਾ*, 294, 112-115; ਮੈਗ੍ਰੈਗਰ, *ਹਿਸਟਰੀ ਔਫ ਦੀ ਸਿੱਖਸ*, ਪਹਿਲੀ, 147; ਗ੍ਰਿਫਿਨ, *ਰਾਜਾਜ਼ ਔਫ ਦੀ ਪੰਜਾਬ*, 516, ਲਤੀਫ਼, *ਪੰਜਾਬ*, 316-17]

## ਪੰਜਾਬ ਨੂੰ ਦੇਣ

ਸਰਦਾਰ ਜੱਸਾ ਸਿੰਘ ਦੀ ਪੰਜਾਬ ਨੂੰ ਸਭ ਤੋਂ ਬੜੀ ਦੇਣ ਉਸ ਦੀ ਦੇਸੀ ਅਤਿਆਚਾਰੀਆਂ ਅਤੇ ਬਿਦੇਸ਼ੀ ਜਾਬਰਾਂ ਤੋਂ ਆਜ਼ਾਦੀ ਸੀ ਜਿਸ ਦੀ ਜੋਤ ਖ਼ਾਲਸਾ ਪੰਥ ਦੇ ਬਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਗਾਈ ਸੀ ਅਤੇ ਜਿਸ ਨੂੰ ਕੁਝ ਕੁ ਅਮਲੀ ਸ਼ਕਲ ਬੰਦਾ ਸਿੰਘ ਬਹਾਦੁਰ ਨੇ ਦਿੱਤੀ ਸੀ, ਪਰ ਉਸ ਨੂੰ ਪੂਰੀ ਤਰ੍ਹਾਂ ਸਾਖਿਆਤ ਸਫਲਤਾ ਸਰਦਾਰ ਜੱਸਾ ਸਿੰਘ ਦੇ ਸਮੇਂ ਪ੍ਰਾਪਤ ਹੋਈ ਜਦ ਕਿ ਉਹ ਦਲ-ਖਾਲਸਾ ਜੀਓ ਅਤੇ ਸਿੱਖ ਮਿਸਲਾਂ ਦੇ ਮੋਹਰੇਦਾਰ ਦੀ ਹੈਸੀਅਤ ਵਿਚ ਸੇਵਾ ਕਰ ਰਹੇ ਸਨ। ਇਸ ਲਈ ਇਨ੍ਹਾਂ ਦੀ ਬਣਤਰ ਅਤੇ ਪ੍ਰਬੰਧ ਦਾ ਜ਼ਿਕਰ ਕਰਨਾ ਇੱਥੇ ਜ਼ਰੂਰੀ ਜਾਪਦਾ ਹੈ।

## 'ਵਹਿਗੁਰੂ ਜੀ ਕਾ ਖਾਲਸਾ'

ਗੁਰੂ ਕੇ ਸਿੱਖਾਂ ਨੂੰ ਸ਼ਸਤਰ ਧਾਰੀ ਹੋਣ ਦੀ ਸਿਖਿਆ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਹੀ ਸ਼ੁਰੂ ਹੋ ਗਈ ਸੀ ਤਾਂ ਕਿ ਸਿੱਖ ਕਿਧਰੇ ਸਾਹਸ-ਹੀਨ ਬੁਜ਼ਦਿਲ ਕਾਇਰਾਂ ਦੀ ਮੰਡਲੀ ਨਾ ਬਣ ਜਾਣ ਜੋ ਨਾ ਆਪਣੇ ਧਰਮ ਕਰਮ ਦੀ ਰਖਿਆ ਕਰਨ ਜੋਗੇ ਹੋਣ, ਨਾ ਮਾਂ ਭੈਣ ਧੀ ਦੀ ਇੱਜ਼ਤ ਬਚਾ ਸਕਣ ਅਤੇ ਨਾ ਭਾਈਚਾਰੇ ਅਤੇ ਦੇਸ ਦੀ ਰਾਖੀ ਕਰ ਸਕਣ ਬਲਕਿ ਨਿਰਬਲ ਅਤੇ ਨਿਤਾਣੇ ਮਾਂਗਤ ਮੁਥਾਜਾਂ ਦੀ ਤਰ੍ਹਾਂ ਸਦਾ ਪਰਾਏ ਹੱਕਾਂ ਅਤੇ ਪਰਾਏ ਦਰਾਂ ਵੱਲ ਹੀ ਤਕਦੇ ਰਹਿਣ। ਗੁਰੂ ਕੇ ਸਿੱਖ ਦੀ ਤਾਂ ਬਾਬਾ ਫਰੀਦ ਦੇ ਸ਼ਬਦਾਂ ਵਿਚ

ਅਰਦਾਸ ਹੀ ਇਹ ਹੈ ਕਿ

*ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ।*
*ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ ॥ 42 ॥*


ਗੁਰੂ ਕਾ ਸਿੱਖ ਕਰਮਯੋਗੀ ਹੈ, ਜਿਸ ਨੇ ਗੁਰੂ ਦੇ ਆਸ਼ੇ ਅਨੁਸਾਰ ਅਮਲੀ ਜੀਵਨ ਦੇ ਸੰਗ੍ਰਾਮ ਵਿਚ ਕਾਮ, ਕਰੋਧ, ਲੋਭ, ਮੋਹ, ਹੰਕਾਰ ਦਾ ਡਟ ਕੇ ਟਾਕਰਾ ਕਰਨਾ ਹੈ, ਭਾਵੇਂ ਉਹ ਆਪਣੀ ਵੱਲੋਂ ਹਨ, ਭਾਵੇਂ ਪਰਾਈ ਵੱਲੋਂ। ਉਸ ਨੇ ਨਿਰਲੇਪ, ਨਿਰਵੈਰ ਅਤੇ ਨਿਰਛਲ ਹੋਕੇ ਜੀਵਨ-ਸੰਗ੍ਰਾਮ ਵਿਚ ਸੇਵਾ ਭਾਵ ਨਾਲ ਅਗੇ ਵਧਣਾ ਹੈ ਅਤੇ 'ਹਉ ਗੁਸਾਈ' ਦਾ ਪਹਿਲਵਾਨੜਾ' ਬਣ ਕੇ ਉਸ ਛਿੰਞ ਦੇ ਖੇਤਰ ਵਿਚ ਨਿੱਤਰਨਾ ਹੈ ਜਿਥੇ ਅਨੇਕਾਂ ਮੱਲ ਆਣ ਲੱਥੇ ਹੋਏ ਹਨ ਅਤੇ ਘੋਲ ਲਈ ਤਿਆਰ ਪਿੜ ਵਿਚ ਫੇਰੀਆਂ ਲੈ ਰਹੇ ਹਨ, ਵੰਗਾਰ ਰਹੇ ਹਨ। ਸਿੱਖ ਨੇ ਇਸ ਵੰਗਾਰ ਨੂੰ ਆਪਣੇ ਨਿਰਮਲ ਕਰਮ ਨਾਲ ਪਰਵਾਨ ਕਰਨਾ ਹੈ—ਉਸ ਨੇ 'ਹਾਥ ਪਾਓ ਕਰਿ ਕਾਮ ਸਭੁ, ਚੀਤ ਨਿਰੰਜਨ ਨਾਲਿ' ਰਖਣਾ ਹੈ, ਓਟ ਉਸ ਨੂੰ ਅਕਾਲ ਦੀ ਹੈ ਅਤੇ ਸਹਾਰਾ ਗੁਰੂ ਦਾ। ਇਸੇ ਆਸ਼ੇ ਨੂੰ ਮੁਖ ਰਖ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਿਆ ਸੀ ਜੋ ਆਪਣੇ ਆਪ ਨੂੰ ਨਿਰੋਲ ਵਾਹਿਗੁਰੂ ਜੀ ਕਾ 'ਖਾਲਸਾ' ਸਮਝਦਾ ਸੀ—ਜਿਸ ਦਾ ਮੁਖ ਕਰਮ ਵਾਹਿਗੁਰੂ ਦੀ ਖਲਕਤ ਦੀ ਸੇਵਾ—ਉਸ ਦੇ ਦੁਖ ਨਿਵਾਰਨਾ—ਸੀ, ਮਾਨਸਕ ਦੁਖ ਅਤੇ ਸਰੀਰਕ ਦੁਖ। ਇਹ ਦੁਖ ਕੁਝ ਆਪਣੇ ਸਹੇੜੇ ਹੋਏ ਹੁੰਦੇ ਹਨ, ਕੁਝ ਦੋਖੀਆਂ ਵੱਲੋਂ—ਕਾਮੀ, ਕਰੋਧੀ, ਲੋਭੀ, ਅਤੇ ਹੰਕਾਰੇ ਹੋਏ ਦੋਖੀਆਂ ਵੱਲੋਂ ਮਿਲਦੇ ਹਨ। ਆਪਣੇ ਮਾਨਸਕ ਦੁੱਖਾਂ ਦੀ ਨਵਿਰਤੀ ਗੁਰੂ ਦੀ ਸਿੱਖਿਆ ਅਤੇ ਇਕ ਅਕਾਲ ਪਰ ਅਡੋਲ ਭਰੋਸੇ ਨਾਲ ਹੁੰਦੀ ਹੈ, ਪਰ ਪਰਾਏ ਕਾਮੀ ਅਤੇ ਲੋਭੀ ਦੋਖੀਆਂ ਵੱਲੋਂ ਹੋ ਰਹੇ ਸਰੀਰਕ ਦੁਖਾਂ ਦੀ ਨਵਿਰਤੀ ਲਈ ਸਰੀਰਕ ਸੱਤਾ ਦੀ ਲੋੜ ਹੈ, ਸਾਹਸ ਅਤੇ ਨਿਰਭੈਤਾ ਦੀ ਲੋੜ ਹੈ। ਕਾਮ, ਕ੍ਰੋਧ, ਲੋਭ ਅਤੇ ਹੰਕਾਰ ਨਾਲ ਅੰਨ੍ਹੇ ਬੋਲੇ ਅਤੇ ਬਾਊਲੇ ਦੋਖੀ ਨੂੰ ਕੋਈ ਗਿਆਨ ਨਹੀ ਪੋਹਦਾ, ਕੋਈ ਤਰਸ ਨਹੀਂ ਆਉਂਦਾ, ਕੋਈ ਰੱਬ ਦਾ ਭੈ ਨਹੀ ਹੁੰਦਾ। ਉਸ ਨੂੰ ਕਿਸੇ ਦੇ ਸੁਖ ਦੁਖ ਦਾ ਖਿਆਲ ਨਹੀਂ ਆਉਂਦਾ, ਉਹ ਕੋਈ ਨਿਆਉਂ ਨਹੀਂ ਜਾਣਦਾ। ਉਹ ਕੇਵਲ ਆਪਣੀ ਇੱਛਾ ਦੀ ਪੂਰਤੀ ਹੀ ਚਾਹੁੰਦਾ ਅਤੇ ਜਾਣਦਾ ਹੈ—ਉਸੇ ਨੂੰ ਹੀ ਉਹ ਖਲਕਤ ਦਾ ਧਰਮ ਸਮਝਦਾ ਹੈ, ਉਸ ਲਈ ਵਰਤੇ ਗਏ ਹਰ ਸਾਧਨ ਨੂੰ ਜਾਇਜ ਕਹਿੰਦਾ ਹੈ ਅਤੇ ਉਸ ਲਈ ਕਹੇ ਗਏ ਹਰ ਬਚਨ ਨੂੰ ਕਾਨੂੰਨ ਦਸਦਾ ਹੈ। ਅਜਿਹੇ ਆਪ ਹੁਦਰੇ ਜਰਵਾਣੇ ਆਪਣੇ ਜਬਰ ਨਾਲ ਖਲਕਤ ਲਈ ਇਸ ਸੰਸਾਰ ਨੂੰ ਨਰਕ ਬਣਾ ਕੇ ਰਖ ਦਿੰਦੇ ਹਨ, ਲੋਕਾਂ ਦੀ ਜ਼ਿੰਦਗੀ ਦੋਭਰ ਹੋ ਜਾਂਦੀ ਹੈ। ਅਜਿਹੀ ਹਾਲਤ ਵਿਚ ਜੇ ਕਿਸੇ ਦਾ ਮਨ ਨਹੀਂ ਪਸੀਜਦਾ, ਕਿਸੇ ਨੂੰ ਤਰਸ ਨਹੀ ਆਉਂਦਾ, ਕੋਈ ਕਿਸੇ ਦੇ ਦੁਖ ਨੂੰ ਵੰਡਾਉਣ ਜਾਂ ਦੂਰ ਕਰਨ ਲਈ ਦਿਲ ਨਹੀਂ ਕੱਢਦਾ, ਹੀਆ ਨਹੀਂ ਕਰਦਾ, ਤਾਂ ਉਹ ਬੁਜ਼ਦਿਲ ਹੈ, ਕਾਇਰ ਹੈ, ਉਹ ਇਨਸਾਨ ਨਹੀਂ, ਉਹ ਹੈਵਾਨ ਤੋਂ ਬਦਤਰ ਹੈ। ਉਸ ਦੀ ਕਾਇਰਤਾ ਜ਼ਾਲਮ ਨੂੰ ਹੋਰ ਜ਼ੁਲਮ ਕਰਨ ਦੀ ਸ਼ਹਿ


ਦਿੰਦੀ ਹੈ। ਇਸ ਤਰਾਂ ਕਾਇਰ ਬੰਦਾ ਜ਼ੁਲਮ ਦਾ ਹਿਮਾਇਤੀ ਅਤੇ ਭਈਵਾਲ ਹੈ, ਮਨੁਖੀ ਸਮਾਜ ਲਈ ਸ਼ਰਮ ਅਤੇ ਅਫਸੋਸ ਦਾ ਕਾਰਣ ਹੈ—ਉਹ ਇਕ ਲਾਹਨਤ ਹੈ।


**ਗੁਰੂ ਵੱਲੋਂ ਕਿਰਪਾਨ ਦੀ ਬਖਸ਼ਿਸ਼**

ਇਸ ਲਾਹਨਤੀ ਕਾਇਰਤਾ ਨੂੰ ਦੂਰ ਕਰਨ ਲਈ ਗੁਰੂ ਗੋਬਿੰਦ ਸਿੰਘ ਨੇ ਖਾਲਸੇ ਨੂੰ ਕਿਰਪਾਨ ਬਖਸ਼ੀ ਸੀ ਅਤੇ ਇਸ ਨੂੰ ਧਰਮ ਦਾ ਅੰਗ ਬਣਾਇਆ ਸੀ। ਸਦੀਆਂ ਤੋਂ ਇਸ ਦੇਸ਼ ਦੇ ਲੋਕ ਤਲਵਾਰ ਦੀ ਚਮਕ ਅਤੇ ਖੜਕਾਟ ਨੂੰ ਦੇਖਦੇ ਸੁਣਦੇ ਸਾਰ ਹੀ ਝਟ ਸਹਿਮ ਅਤੇ ਡਰ ਜਾਂਦੇ ਸਨ। ਇਹ ਕੇਵਲ ਜਬਰ ਦੀ ਨਿਸ਼ਾਨੀ ਅਤੇ ਜਾਬਰਾ ਦਾ ਹਥਿਆਰ ਸਮਝਿਆ ਜਾਂਦਾ ਸੀ। ਪਰ ਗੁਰੂ ਗੋਬਿੰਦ ਸਿੰਘ ਨੇ ਇਸ ਨੂੰ ਸਾਹਸ ਅਤੇ ਰੱਖਿਆ ਦਾ ਹਥਿਆਰ ਬਣਾ ਦਿੱਤਾ। ਇਸਦੀ ਚਮਕ ਅਤੇ ਖੜਕੇ ਨੂੰ ਨਵਾਂ ਰੰਗ ਦਿੱਤਾ, ਨਵੇਂ ਅਰਥ ਬਖਸ਼ੇ। ਹੁਣ ਇਸ ਦੀ ਚਮਕ ਨਾਲ ਖਾਲਸੇ ਵਿਚ ਚਮਕ ਆਉਣ ਲੱਗ ਪਈ। ਇਸ ਦੇ ਦਰਸ਼ਨਾਂ ਨਾਲ ਜਰਵਾਣਿਆਂ ਤੋਂ ਭੈ ਦਾ ਖਿਆਲ ਉਡਨ ਲੱਗ ਪਿਆ, ਅਤੇ ਹੌਸਲਾ ਹੋ ਗਿਆ ਕਿ ਇਸ ਦੇ ਸਾਡੇ ਪਾਸ ਹੁੰਦੇ ਹੋਏ ਕਿਸੇ ਜਰਵਾਣੇ ਨੂੰ ਸੁਭਾਵਕ ਹੀ ਵਧੀਕੀ ਕਰਨ ਦਾ ਹੌਸਲਾ ਨਹੀਂ ਪਏਗਾ। ਇਸ ਦੇ ਹੱਥ ਵਿਚ ਫੜਨ ਅਤੇ ਸਿੱਧੀ ਖੜੀ ਕਰਨ ਨਾਲ ਨਿਰਬਲ ਅਤੇ ਕਾਇਰ ਦੀ ਬਾਂਹ ਵਿਚ ਬਲ ਅਤੇ ਦਿਲ ਵਿਚ ਦਲੇਰੀ ਆਉਣੀ ਸ਼ੁਰੂ ਹੋ ਗਈ, ਅਤੇ ਜਿਉਂ ਜਿਉਂ ਉਨ੍ਹਾਂ ਨੇ ਇਸ ਦਾ ਅਭਿਆਸ ਕੀਤਾ, ਉਹ ਦਲੇਰ ਅਤੇ ਸੂਰਬੀਰ ਬਣ ਗਏ, ਉਹ ਚਿੜੀਆਂ ਤੋਂ ਬਾਜ਼ ਅਤੇ ਗਊਆਂ ਤੋਂ ਸ਼ੇਰ ਹੋ ਗਏ। ਅੱਗੇ ਤਲਵਾਰ ਦੀ ਝਲਕਾਰ ਅਤੇ ਚਮਕਾਟ ਨਾਲ ਇਨ੍ਹਾਂ ਕਾਇਰ ਕਬੂਤਰਾਂ ਦੀਆਂ ਅੱਖੀਆਂ ਚੁੰਧਿਆਈਆਂ ਅਤੇ ਮੀਟੀਆਂ ਜਾਂਦੀਆਂ ਸਨ, ਹੁਣ ਇਨ੍ਹਾਂ ਨਾਲ ਇਨ੍ਹਾਂ ਨਵੇਂ ਬਾਜ਼ਾਂ ਦੀਆਂ ਅੱਖੀਆਂ ਖੁਲ੍ਹਣ ਅਤੇ ਚਮਕਣ ਲੱਗ ਪਈਆਂ ਅਤੇ ਇਨ੍ਹਾਂ ਧਰਮੀਆਂ ਨੇ ਧੌਣਾਂ ਉੱਚੀਆਂ ਅਤੇ ਕੰਨ ਖੜੇ ਕਰ ਕੇ ਇਧਰ ਉਧਰ ਦੇਖਣਾ ਸ਼ੁਰੂ ਕੀਤਾ ਕਿ ਇਹ ਚੀਕ ਕਿਧਰ ਪਈ ਹੈ, ਇਹ ਪੁਕਾਰ ਕਿਧਰੋਂ ਹੋਈ ਹੈ, ਇਹ ਕੌਣ ਦੁਖੀ ਕੁਰਲਾ ਰਿਹਾ ਹੈ ਇਹ ਗੁਰੂ ਕੇ ਸਿੰਘ ਉਧਰ ਨੂੰ ਹੋ ਪਏ। ਇਨ੍ਹਾਂ ਦੀਆਂ ਸੂਤੀਆਂ ਹੋਈਆਂ ਭਗਉਤੀਆਂ ਦੀ ਚਮਕ ਨੇ ਮਜ਼ਲੂਮਾਂ ਨੂੰ ਇਕ ਜੀਵਨ-ਆਸ ਬਖਸ਼ੀ, ਉਨ੍ਹਾਂ ਦੇ ਬੁਝਦੇ ਜਾ ਰਹੇ ਦੀਵੇ ਨੂੰ ਮੁੜ ਨਵੀਂ ਚਮਕ ਦਿੱਤੀ। ਸਿੰਘਾਂ ਦੀਆਂ ਦੀਨ ਰੱਖਕ-ਭਗਉਤੀਆਂ ਦੀ ਚਮਕ ਅਤੇ ਖੜਕ ਨੇ ਜਰਵਾਣਿਆਂ ਦੇ ਜ਼ੁਲਮ ਨੂੰ ਮੱਠਾ ਅਤੇ ਖ਼ਤਮ ਕੀਤਾ ਅਤੇ ਗੁਰੂ ਹਰਿ ਗੋਬਿੰਦ ਦੇ ਸ਼ਬਦਾਂ ਵਿਚ ਧਰਮੀ ਸੂਰਮਿਆਂ ਦੇ ਹੱਥ ਵਿਚ ਸ਼ਸਤਰ 'ਗਰੀਬ ਦੀ ਰੱਖਿਆ, ਜਰਵਾਣੇ ਦੀ ਭੱਖਿਆ' ਬਣ ਗਏ। ਇਹ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਅਸਚਰਜਮਈ ਕ੍ਰਿਸ਼ਮਾ ਸੀ ਜਿਸ ਨੇ ਜਬਰ, ਜ਼ੁਲਮ, ਡਰ ਅਤੇ ਸਹਮ ਦੀ ਇਕ ਭਿਆਨਕ ਨਿਸ਼ਾਨੀ ਤਲਵਾਰ ਨੂੰ ਧਰਮ, ਰਹਮ, ਸਾਹਸ ਅਤੇ ਮਜ਼ਲੂਮ ਦੀ ਰੱਖਿਆ ਦੀ ਸੇਵਾ ਮਈ ਨਿਸ਼ਾਨੀ ਦਾ ਰੂਪ ਦੇ ਦਿੱਤਾ। ਇਸ ਤਰਾਂ ਇਹ ਪੂਜਾ ਅਤੇ ਨਮਸਕਾਰ ਜੋਗ ਬਣ ਗਈ। ਹੁਣ ਗੁਰੂ ਸਾਹਿਬ ਨੇ ਜੀਵਨ-ਖੇਤਰ ਵਿਚ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਬਖ਼ਸ਼ ਕੇ ਵਾਹਿਗੁਰੂ ਜੀ ਦੇ ਖਾਲਸੇ ਨੂੰ ਮੌਤ

Sri Satguru Jagjit Singh Ji eLibrary







Sri Satguru Jagjit Singh Ji eLibrary

ਸਰਦਾਰ ਜੱਸਾ ਸਿੰਘ ਦੀ ਸ਼ਮਸ਼ੇਰ

ਦੇ ਭੈਂ ਤੋਂ ਆਜ਼ਾਦ ਕਰਦੇ ਹੋਏ ਦੇਸ਼ ਅਤੇ ਕੌਮ ਦੀ ਸੇਵਾ ਲਈ ਸਦਾ ਤਿਆਰ ਬਰ ਤਿਆਰ ਕਰ ਦਿੱਤਾ, ਅਤੇ ਛਿਨ ਭੰਗੀਰ ਸੰਸਾਰਕ ਜੀਵਨ ਨੂੰ ਵਾਹਿਗੁਰੂ ਦੇ ਬੰਦਿਆਂ ਦੇ ਸੁਖ ਲਈ ਨਿਛਾਵਰ ਕਰਨ ਦਾ ਉਪਦੇਸ਼ ਦਿੱਤਾ ਅਤੇ 'ਵਾਹਿਗੁਰੂ ਜੀ ਦੀ ਫਤਿਹ' ਹੋਣ ਦਾ ਭਰੋਸਾ ਅਤੇ ਸਾਹਸ ਦਿੱਤਾ, ਕਿਉਂ ਜੋ ਅੰਤਮ 'ਸਤਿ' 'ਸ੍ਰੀ ਅਕਾਲ' ਹੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਤਲਵਾਰ ਹੱਥ ਉਸ ਵੇਲੇ ਲਈ ਸੀ ਜਦ ਉਨ੍ਹਾਂ ਨੇ ਹੋਰ ਕੋਈ ਚਾਰਾ ਈ ਨਾ ਰਹਿ ਗਿਆ ਦੇਖਿਆ। ਅਸਲ ਵਿਚ ਮਨੁਖ ਉਹ ਹੀ ਬੋਲੀ ਜ਼ਿਆਦਾ ਚੰਗੀ ਤਰ੍ਹਾਂ ਸਮਝਦਾ ਹੈ, ਜੋ ਉਸ ਨੇ ਜੀਵਨ ਦੇ ਆਰੰਭ ਤੋਂ ਸੁਣੀ ਅਤੇ ਵਰਤੀ ਹੋਵੇ। ਜਰਵਾਣਾ ਜ਼ੋਰ ਅਤੇ ਧੱਕਾ ਹੀ ਜਾਣਦਾ ਹੈ ਅਤੇ ਇਸ ਲਈ ਉਹ ਤਲਵਾਰ ਵਰਤਦਾ ਹੈ, ਅਤੇ ਇਸ ਦੀ ਹੀ ਬੋਲੀ ਸਮਝਦਾ ਹੈ। ਹੋਰ ਕੋਈ ਬੋਲੀ ਨਾ ਉਸ ਨੂੰ ਆਉਂਦੀ ਹੈ, ਨਾ ਉਸ ਨੂੰ ਸਮਝ ਪੈਂਦੀ ਹੈ। ਇਸ ਲਈ ਉਸ ਨੂੰ ਸਮਝਾਉਣ ਲਈ ਕੋਈ ਹੋਰ ਬੋਲੀ ਬੋਲਣਾ ਵਿਅਰਥ ਹੁੰਦਾ ਹੈ। ਕੇਵਲ ਉਸੇ ਦੀ ਬੋਲੀ—ਤੇਜ਼ ਤਲਵਾਰ ਦੀ ਬੋਲੀ—ਠੰਡੇ ਲੋਹੇ ਦੀ ਬੋਲੀ—ਖੜਕਦੇ ਦੋਧਾਰੇ ਖੰਡੇ ਦੀ ਬੋਲੀ—ਨਾਲ ਹੀ ਉਸ ਨੂੰ ਸਮਝਾਉਣਾ ਪੈਂਦਾ ਹੈ, ਇਸੇ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਸਪਸ਼ਟ ਫਰਮਾਇਆ ਹੈ ਕਿ ਜਦੋਂ ਹੋਰ ਕੋਈ ਸਾਧਨ ਨਾ ਰਹਿ ਜਾਏ ਤਾਂ ਤਲਵਾਰ ਹਥ ਫੜਨੀ ਜਾਇਜ਼ ਹੈ।

ਪਰ ਗੁਰੂ ਦੀ ਖਾਲਸੇ ਨੂੰ ਬਖਸ਼ੀ ਹੋਈ ਤਲਵਾਰ 'ਗਰੀਬ ਦੀ ਰੱਖਿਆ' ਸੇਵਾ ਲਈ ਹੈ ਜਿਸ ਦੀ ਸਹਾਇਤਾ ਨਾਲ ਗੁਰੂ ਸਾਹਿਬ ਦੇ ਦੇਹਾਂਤ ਤੋਂ ਬਾਅਦ ਖਾਲਸਾ ਜੀ ਦੇ ਪਹਿਲੇ ਜਰਨੈਲ ਬੰਦਾ ਸਿੰਘ ਨੇ ਸਰਹੰਦ (ਮਾਲਵੇ) ਅਤੇ ਚੜ੍ਹਦੇ ਪੰਜਾਬ ਦੇ ਚੋਖੇ ਹਿੱਸੇ ਵਿਚੋਂ ਟਾਕਰੇ ਤੇ ਖਾਲਸੇ ਨੂੰ ਉਸ ਵੇਲੇ ਪੂਰੀ ਅਤੇ ਪੱਕੀ ਸਫਲਤਾ ਨਹੀ ਸੀ ਹੋਈ, ਜਿਸ ਲਈ ਉਨ੍ਹਾਂ ਨੂੰ ਪੰਜਾਹ ਵਰ੍ਹੇ ਹੋਰ ਘੋਲ ਕਰਨਾ ਪਿਆ, ਬੇਸ਼ੁਮਾਰ ਕੁਰਬਾਨੀਆਂ ਦੇਣੀਆਂ ਪਈਆਂ, ਤਰ੍ਹਾਂ ਤਰ੍ਹਾਂ ਦੇ ਤਸੀਹੇ ਝੱਲਣੇ ਪਏ, ਸਤ ਕਤਲਾਮਾਂ ਅਤੇ ਦੋ ਘਲੂਘਾਰਿਆਂ ਵਿਚ ਦੀ ਲੰਘਣਾ ਪਿਆ ਤਾਂ ਕਿਧਰੇ ਸਰਦਾਰ ਜੱਸਾ ਸਿੰਘ ਦੀ ਮੋਹਰੇਦਾਰੀ ਵਿਚ ਦਲ-ਖਾਲਸਾ ਜੀ ਅਤੇ ਮਿਸਲਾਂ ਦੇ ਸਰਦਾਰਾਂ ਦੀਆਂ ਘਾਲਾਂ ਦੇ ਸਿੱਟੇ ਵਜੋਂ ਪੰਜਾਬ ਨੂੰ ਮੁਗਲਾਂ ਦੇ ਜ਼ੁਲਮ ਅਤੇ ਦੁੱਰਾਨੀਆਂ ਦੇ ਕਹਿਰ ਤੋਂ ਆਜ਼ਾਦੀ ਮਿਲੀ।

### ਦਲ-ਖਾਲਸਾ ਜੀਉ

ਪੰਜਾਬ ਦੀ ਸੁਤੰਤਰਤਾ ਦੀ ਇਸ ਸੰਗ੍ਰਾਮੀ ਫੌਜ ਨੂੰ ਦਲ ਖਾਲਸਾ ਜੀਉ ਦੇ ਨਾਉਂ ਨਾਲ ਯਾਦ ਕੀਤਾ ਜਾਂਦਾ ਸੀ ਅਤੇ ਇਸ ਨਾਉਂ ਨਾਲ ਹੀ ਇਸ ਦਾ ਜ਼ਿਕਰ ਉਸ ਵੇਲੇ ਦੇ ਰਿਕਾਰਡ ਵਿਚ ਆਉਂਦਾ ਹੈ।

ਦਲ ਦੇ ਸਿੰਘ ਤਨਖਾਹਦਾਰ ਨੌਕਰ ਨਹੀਂ ਸਨ ਹੁੰਦੇ। ਉਹ ਗੁਰੂ ਅਤੇ ਧਰਮ ਦੇ ਨਾਉਂ ਪਰ ਪੰਥ ਅਤੇ ਦੇਸ਼ ਦੀ ਪ੍ਰੇਮ ਸੇਵਾ ਲਈ ਆਪਣੇ ਆਪ ਆਪਣੀ ਦਿਲੀ ਹੁੱਬ ਅਤੇ ਉਮੰਗ ਨਾਲ ਦਲ ਵਿਚ ਸ਼ਾਮਲ ਹੁੰਦੇ ਸਨ। ਉਥੇ ਕਿਸੇ ਊਚ ਨੀਚ ਜਾਂ ਜਾਤ ਪਾਤ ਦਾ ਕੋਈ ਭਿੰਨ ਭੇਦ ਨਹੀਂ ਸੀ। ਉਨ੍ਹਾਂ ਨੇ ਚੂੰਕਿ ਗੁਰੂ-ਪੰਥ ਦੀ ਡਿਸਿਪਲਨ ਵਿਚ ਰਹਿ ਕੇ

Sri Satguru Jagjit Singh ji eLibrary

ਸੇਵਾ ਕਰਨੀ ਹੁੰਦੀ ਸੀ ਇਸ ਲਈ ਉਨ੍ਹਾਂ ਵਾਸਤੇ ਅੰਮ੍ਰਿਤ ਛਕਣਾ ਜ਼ਰੂਰੀ ਹੁੰਦਾ ਸੀ ਤਾਂ ਕਿ ਪਿਛਲੇ 'ਧਰਮ-ਨਾਸ', 'ਕੁਲ-ਨਾਸ' ਅਤੇ ਕਿਰਤ-ਨਾਸ' ਹੋ ਕੇ ਪੁਰਾਣੇ ਧਾਰਮਕ ਵਹਿਮ, ਕੁਲਾਚਾਰੀ ਜਾਤ ਪਾਤ ਅਤੇ ਊਚੀ ਨੀਵੀਂ ਕਾਰ ਦੇ ਸਾਰੇ ਭਰਮ ਮਿਟ ਜਾਣ ਅਤੇ ਉਹ ਸਾਂਝੇ ਬਾਟੇ ਵਿਚੋਂ ਅੰਮ੍ਰਿਤ ਛਕ ਕੇ ਇਕਮਿਕ ਅਤੇ ਅਭੇਦ ਹੋ ਜਾਣ ਤਾਂ ਕਿ 'ਵਾਹਿਗੁਰੂ ਜੀ ਕਾ ਖਾਲਸਾ' ਹੋ ਕੇ 'ਵਾਹਿਗੁਰੂ ਜੀ ਕੀ ਫਤਿਹ' ਲਈ ਇਕ ਮੁੱਠ ਅਤੇ ਇਕ-ਜਾਨ ਹੋ ਕੇ ਸੇਵਾ ਦੇ ਮੈਦਾਨ ਵਿਚ ਨਿੱਤਰ ਸਕਣ।

ਖਾਲਸਾ ਦਲ ਦੇ ਸਿੰਘਾਂ ਨੂੰ ਖੁਲ੍ਹ ਹੁੰਦੀ ਸੀ ਕਿ ਉਹ ਜਿਸ ਕਿਸੇ ਸਰਦਾਰ ਦੇ ਜੱਥੇ ਵਿਚ ਭੀ ਸ਼ਾਮਲ ਹੋਣਾ ਚਾਹੁਣ, ਹੋ ਜਾਣ, ਅਤੇ ਜਦੋਂ ਚਾਹੁਣ ਕਿਸੇ ਹੋਰ ਸਰਦਾਰ ਦੇ ਜੱਥੇ ਵਿਚ ਚਲੇ ਜਾਣ। ਇਸ ਖੁਲ੍ਹ ਦਾ ਫਾਇਦਾ ਇਹ ਸੀ ਕਿ ਸਰਦਾਰ ਆਪਣੇ ਸਾਥੀ ਸਿੰਘਾਂ ਨੂੰ ਸਦਾ ਸੁਖੀ ਅਤੇ ਪ੍ਰਸੰਨ ਰਖਣ ਦਾ ਹਰ ਸੰਭਵ ਜਤਨ ਕਰਦੇ ਸਨ ਅਤੇ ਕੋਈ ਵਿਕਤਰਾ ਨਹੀਂ ਸਨ ਕਰਦੇ ਅਤੇ ਕੋਈ ਨਾਚਾਕੀ ਵਧਣ ਦੀ ਭੀ ਗੁੰਜਾਇਸ਼ ਨਹੀਂ ਸੀ ਰਹਿੰਦੀ।

ਮਾਲੂਮ ਹੁੰਦਾ ਹੈ ਕਿ ਸਰਦਾਰ ਆਪਣੇ ਸਾਥੀਆਂ ਦਾ ਕੋਈ ਲੰਬਾ ਚੌੜਾ ਰਿਕਾਰਡ ਜਾਂ ਰਜਿਸਟਰ ਨਹੀਂ ਸਨ ਰਖਦੇ, ਅਤੇ ਲਿਖੇ ਪੜ੍ਹੇ ਸਿੰਘਾਂ ਦੀ ਘਾਟ ਦੇ ਕਾਰਨ ਇਹ ਕੁਝ ਕਰ ਸਕਣਾ ਸੰਭਵ ਭੀ ਨਹੀਂ ਸੀ। ਜਿਸ ਕੌਮ ਦੇ ਸਿਰ ਤੇ ਪੰਜਾਹ ਸੱਠ ਵਰ੍ਹੇ ਵਿਰੋਧੀ ਸਰਕਾਰ ਦੀ ਤਿੱਖੀ ਤਲਵਾਰ ਲਟਕਦੀ ਰਹੀ ਹੋਵੇ, ਜਿਨ੍ਹਾਂ ਨੂੰ ਨਿਤ ਚੌਥੇ ਦਿਨ ਕਤਲਾਮਾਂ ਅਤੇ ਘਲੂਘਾਰਿਆਂ ਵਿਚ ਦੀ ਲੰਘਣਾ ਪਿਆ ਹੋਵੇ, ਅਤੇ ਜਿਨ੍ਹਾਂ ਨੂੰ ਲਗਭਗ ਚਾਲੀ ਵਰ੍ਹੇ ਜੰਗਲਾਂ, ਪਹਾੜਾਂ ਅਤੇ ਰੇਤ-ਥਲਿਆਂ ਵਿਚ ਗੁਜ਼ਾਰਨੇ ਪਏ ਹੋਣ ਉਨ੍ਹਾਂ ਵਾਸਤੇ ਪੜ੍ਹਨਾ ਲਿਖਣਾ ਸਿੱਖਣਾ ਇਕ ਅਸੰਭਵ ਗੱਲ ਸੀ। ਉਨ੍ਹਾਂ ਵਾਸਤੇ ਜੀਊਂਦੇ ਰਹਿਣ ਲਈ ਉਸ ਵੇਲੇ ਕੇਵਲ ਦੋ ਪ੍ਰਕਾਰ ਦੀ ਸਿੱਖਿਆ ਦੀ ਲੋੜ ਸੀ—ਇਕ ਤਲਵਾਰ ਦੀ, ਦੂਸਰੀ ਘੋੜ-ਸਵਾਰੀ ਦੀ। ਇਨ੍ਹਾਂ ਦੋਹਾਂ ਵਿਚ ਹੀ ਸਿੰਘ ਪਰਪੱਕ ਅਤੇ ਆਪਣੇ ਸਮੇਂ ਵਿਚ ਅਦੁੱਤੀ ਸਨ ਅਤੇ ਇਨ੍ਹਾਂ ਹੁਨਰਾਂ ਦੇ ਬੜੇ ਬੜੇ ਸਿੱਧ ਭੀ ਉਨ੍ਹਾਂ ਨਾਲ ਮੱਥਾ ਡਾਹੁਣੋਂ ਝਿਜਕਦੇ ਸਨ।

ਕਾਜ਼ੀ ਨੂਰ ਮੁਹੰਮਦ ਨੇ ਸੰਨ 1764-65 ਵਿਚ ਸਿੰਘਾਂ ਦੀ ਤਲਵਾਰ ਦੁੱਰਾਨੀਆਂ ਅਤੇ ਬਲੋਚਾਂ ਪਰ ਵਰ੍ਹਦੀ ਅੱਖੀਂ ਵੇਖੀ ਸੀ। ਉਹ ਕਹਿੰਦਾ ਹੈ :

*ਚੂ ਦਰ ਦਸਤ ਗੀਰੰਦ ਸ਼ਮਸ਼ੀਰਿ ਹਿੰਦ*
*ਬਿਤਾਜ਼ੰਦ ਅਜ਼ ਹਿੰਦ ਤਾ ਮੁਲਕਿ ਸਿੰਧ*
*ਬ-ਰੂਇਸ਼ ਨਾ ਇਸਤਦ ਬ-ਪਰਖ਼ਾਸ਼ ਕਸ*
*ਕਿ ਹਰ ਚੰਦ ਜ਼ੋਰ ਆਜ਼ਮਾਈਸਤ ਬਸ*

ਅਰਥਾਤ

ਜਦ ਇਹ ਹਿੰਦੁਸਤਾਨੀ ਤਲਵਾਰ ਹਥ ਵਿਚ ਫੜ ਲੈਂਦੇ ਹਨ, ਤਾਂ ਹਿੰਦ ਤੋਂ ਸਿੰਧ ਤਕ ਮਾਰਦੇ ਚਲੇ ਜਾਂਦੇ ਹਨ। ਕੋਈ ਆਦਮੀ ਭੀ ਲੜਾਈ ਵਿਚ ਇਨ੍ਹਾਂ ਦੇ ਸਾਹਮਣੇ ਨਹੀਂ ਅੜਦਾ, ਭਾਵੇਂ ਉਹ ਕਿੱਡਾ ਹੀ ਜ਼ੋਰਵਾਲਾ ਕਿਉਂ ਨਾ ਹੋਵੇ। [*ਜੰਗਨਾਮਾ*, ੧੫੬]

Sri Satguru Jagjit Singh Ji eLibrary

ਨੇਜ਼ੇ ਅਤੇ ਤੀਰ ਕਮਾਨ ਵਿਚ ਤਾਂ ਇਨ੍ਹਾਂ ਦਾ ਕਮਾਲ ਹੈ ਸੀ ਹੀ, ਪਰ ਬੰਦੂਕ ਵਿਚ ਕੋਈ ਭੀ ਸਿੰਘਾਂ ਦੇ ਟਾਕਰੇ ਦਾ ਨਹੀਂ ਸੀ, ਕਾਜ਼ੀ ਨੂਰ ਮੁਹੰਮਦ ਦੇ ਕਥਨ ਅਨੁਸਾਰ :

> ਜਦ ਲੜਾਈ ਮੈਦਾਨ ਵਿਚ ਇਹ ਬੰਦੂਕ ਹਥ ਵਿਚ ਫੜ ਲੈਂਦੇ ਹਨ ਤਾਂ ਸ਼ੇਰਾਂ ਵਾਂਗੂ ਗਜਦੇ, ਛਾਲਾਂ ਮਾਰਦੇ ਮੈਦਾਨ ਵਿਚ ਆਉਂਦੇ ਹਨ, ਕਈਆਂ ਦੀਆਂ ਛਾਤੀਆਂ ਚੀਰ ਦਿੰਦੇ ਹਨ ਅਤੇ ਅਨੇਕਾਂ ਦਾ ਖ਼ੂਨ ਮਿਟੀ ਵਿਚ ਮਿਲਾ ਦਿੰਦੇ ਹਨ.....ਬੰਦੂਕਚੀ ਤਾਂ ਭਾਵੇਂ ਹੋਰ ਭੀ ਬਥੇਰੇ ਹਨ ਪਰ ਇਸ ਦੀ ਵਰਤੋਂ ਦੇ ਹੁਨਰ ਨੂੰ ਇਨ੍ਹਾਂ ਨਾਲੋਂ ਵਧ ਕੋਈ ਨਹੀਂ ਜਾਣਦਾ।

ਸੱਯਦ ਗ਼ੁਲਾਮ ਅਲੀ ਖ਼ਾਨ '*ਇਮਾਦੁ-ਸਆਦਤ*' (ਪੰਨਾ 71) ਵਿਚ ਲਿਖਦਾ ਹੈ ਕਿ ਇਨ੍ਹਾਂ ਦੀ ਬੰਦੂਕ ਨੌ ਸੌ ਕਦਮ ਤੇ ਆਦਮੀ ਦੀ ਜਾ ਖਬਰ ਲੈਂਦੀ ਹੈ—ਬੰਦੂਕਿ ਸ਼ਾਂ ਬਰ ਨਹੁ ਸਦ ਕਦਮ ਖ਼ਬਰਿ ਆਦਮ ਮੀਗੀਰਦ—। ਓਥੇ ਹੀ ਉਹ ਲਿਖਦਾ ਹੈ ਕਿ ਦੁੱਰਾਨੀਆਂ ਤੋਂ ਬਾਅਦ ਕੋਈ ਭੀ ਫੌਜ ਸਿੱਖਾਂ ਨੂੰ ਨਹੀਂ ਪੁੱਜ ਸਕਦੀ। ਇਸ ਕੌਮ ਵਿਚ ਬੜੀ ਡੀਲ ਡੌਲ ਵਾਲੇ ਭਾਰੀ ਭਰਕਮ ਸ਼ੇਰਾਂ ਵਰਗੇ ਅਜਿਹੇ ਜੁਆਨ ਹਨ ਕਿ ਜੇ ਕਿਧਰੇ ਵਲਾਇਤੀ ਘੋੜੇ ਨੂੰ ਲੱਤ ਮਾਰ ਦੇਣ ਤਾਂ ਪੱਕੀ ਗੱਲ ਹੈ ਕਿ ਉਹ ਉਸੇ ਦਮ ਉਥੇ ਹੀ ਮਰ ਜਾਏ। ਇਨ੍ਹਾਂ ਸਿੱਖਾਂ ਵਿਚੋਂ ਹਰ ਇਕ ਦੋ ਦੋ ਸੌ ਕੋਹ ਘੋੜੇ ਉੱਤੇ ਸਫਰ ਕਰ ਜਾਂਦਾ ਹੈ। ਜੇ ਇਹ ਗੱਲ ਨਾ ਹੁੰਦੀ ਤਾਂ ਕਿਵੇਂ ਲੜਾਈ ਵਿਚ ਇਹ ਵਲਾਇਤੀ [ਦੁੱਰਾਨੀ] ਫੌਜ ਨਾਲ ਵਾਰੇ ਆ ਸਕਦੇ। ਆਖਰ ਦੁੱਰਾਨੀਆਂ ਦੀ ਫੌਜ ਨੇ ਭੀ ਸਿੱਖਾਂ ਦੀ ਤਲਵਾਰ ਦੇ ਵਾਰ ਨੂੰ ਮੰਨ ਲਿਆ। ਸਿੱਖ ਘੋੜ—ਚੜ੍ਹਿਆਂ ਲਈ ਚਾਲੀ ਪੰਜਾਹ ਕੋਹ ਦੀ ਮੰਜਲ ਰੋਜ ਕਰਨਾ ਇਕ ਮਾਮੂਲੀ ਗੱਲ ਸੀ ਅਤੇ ਥਕਾਵਟ ਦੀ ਉਨ੍ਹਾਂ ਨੂੰ ਕੋਈ ਪਰਵਾਹ ਹੀ ਨਹੀਂ ਸੀ ਹੁੰਦੀ।

ਦਲ ਖਾਲਸਾ ਵਿਚ ਘੋੜ-ਚੜ੍ਹੇ ਹੀ ਹੁੰਦੇ ਸਨ। ਪਿਆਦੇ ਕੇਵਲ ਪਹਿਰੇ ਲਈ ਜਾਂ ਉਗਰਾਹੀ ਲਈ ਹੀ ਹੁੰਦੇ ਸਨ। ਸਿੰਘਾਂ ਦੇ ਘੋੜਿਆਂ ਲਈ ਪਿਆਰ ਦਾ ਜ਼ਿਕਰ ਕਰਦਾ ਹੋਇਆ ਕਰਨਲ ਪੋਲੀਅਰ ਲਿਖਦਾ ਹੈ ਕਿ ਸਿੰਘ ਕਿਸੇ ਭਰਾ ਜਾਂ ਸੰਬੰਧੀ ਦੇ ਮਰਨ ਦਾ ਤਾਂ ਅਫ਼ਸੋਸ ਨਹੀਂ ਕਰਦੇ ਪਰ ਜੇ ਇਨ੍ਹਾਂ ਦਾ ਘੋੜਾ ਮਰ ਜਾਏ ਤਾਂ ਉਸ ਦਾ ਸੋਗ ਮਨਾਉਂਦੇ ਹਨ। ਸਿੰਘਾਂ ਦੇ ਘੋੜੇ ਅਵਾਜ਼, ਸੀਟੀ ਅਤੇ ਥਾਪੀ ਪਰ ਲੱਗੇ ਹੋਏ ਹੁੰਦੇ ਸਨ ਅਤੇ ਇਸ਼ਾਰਾ ਮਿਲਣ ਪਰ ਇਕ ਦਮ ਦੌੜ ਪੈਂਦੇ, ਦੌੜੇ ਜਾਂਦੇ ਖੜੇ ਹੋ ਜਾਂਦੇ ਜਾਂ ਜ਼ਮੀਨ ਪਰ ਡਿਗ ਪੈਂਦੇ ਸਨ ਤੇ ਮਸ਼ੀਨ ਦੀ ਤਰ੍ਹਾਂ ਕੰਮ ਕਰਦੇ ਸਨ।

ਸਿੰਘ ਸਰਦਾਰ ਅਤੇ ਖਾਸ ਕਰਕੇ ਸਰਦਾਰ ਜੱਸਾ ਸਿੰਘ ਨਜ਼ਰਾਨੇ ਵਿਚ ਘੋੜੇ ਲੈ ਕੇ ਜ਼ਿਆਦਾ ਖ਼ੁਸ਼ ਹੁੰਦੇ ਸਨ, ਜਿਵੇਂ ਕਿ 'ਜੱਸਾ ਸਿੰਘ ਬਿਨੋਦ' ਵਿਚ ਥਾਂ ਪਰ ਥਾਂ ਘੋੜਿਆਂ ਦੇ ਨਜ਼ਰਾਨੇ ਮਿਲਣ ਦਾ ਜ਼ਿਕਰ ਹੈ। ਇਸ ਨਾਲ ਪਿਆਦੇ ਸਿੰਘਾਂ ਨੂੰ ਸੌਖੇ ਹੀ ਘੋੜ-ਚੜ੍ਹੇ ਬਣਾਇਆ ਅਤੇ ਦਲ ਵਿਚ ਸ਼ਾਮਲ ਕੀਤਾ ਜਾ ਸਕਦਾ ਸੀ।

ਦਲ ਖਾਲਸਾ ਵਿਚ ਯੂਰਪੀ ਢੰਗ ਦੀ ਨਾ ਤਾਂ ਕਵਾਇਦ ਦੀ ਸਿਖਲਾਈ ਹੀ ਹੁੰਦੀ ਸੀ ਅਤੇ ਨਾ ਪਲਟਨ-ਬੰਦੀ। ਸਰਦਾਰ ਆਪਣੇ ਆਪਣੇ ਜੱਥਿਆਂ ਦੇ ਮੁਖੈਲ ਹੁੰਦੇ ਸਨ ਅਤੇ

Sri Satguru Jagjit Singh Ji eLibrary

ਲੋੜ ਅਨੁਸਾਰ ਮੌਕੇ ਤੇ ਘੋੜ-ਚੜ੍ਹਿਆਂ ਦੀ ਵੰਡ ਅਤੇ ਤਰਤੀਬ ਕਰ ਲੈਂਦੇ ਸਨ। ਛੋਟੇ ਜੱਥਿਆਂ ਵਾਲੇ ਕਿਸੇ ਵੱਡੇ ਸਰਦਾਰ ਦੀ ਮਿਸਲ ਵਿਚ ਹੋ ਕੇ ਲੜਦੇ ਸਨ। ਚੂੰਕਿ ਸਾਰੇ ਸਿੰਘ ਅਤੇ ਸਰਦਾਰ ਆਪਣੀ ਮਰਜੀ ਨਾਲ ਕਿਸੇ ਵੱਡੇ ਸਰਦਾਰ ਜਾਂ ਮਿਸਲਦਾਰ ਨਾਲ ਰਲਦੇ ਸਨ, ਇਸ ਲਈ ਉਨ੍ਹਾਂ ਨੂੰ ਕਿਸੇ ਪਰਕਾਰ ਦੀ ਕੋਈ ਨਾ-ਫ਼ਰਮਾਨੀ ਜਾਂ ਨੇਮ-ਭੰਗ ਕਰਨ ਦੀ ਨੌਬਤ ਨਹੀਂ ਸੀ ਆਉਂਦੀ। ਉਨ੍ਹਾਂ ਨੂੰ ਜੇ ਕਿਸੇ ਸਰਦਾਰ ਦੀ ਕੋਈ ਗੱਲ ਨਹੀਂ ਸੀ ਭਾਉਂਦੀ ਤਾਂ ਉਹ ਅਗਲੀ ਵਾਰੀ ਕਿਸੇ ਹੋਰ ਦੀ ਮਿਸਲ ਵਿਚ ਸ਼ਾਮਲ ਹੋ ਸਕਦੇ ਹਨ।

ਪਰ ਜੇ ਕਦੀ ਕੋਈ ਅਵੱਗਿਆ ਦੀ ਗੱਲ ਹੋ ਜਾਏ ਤਾਂ ਪੰਜ ਪਿਆਰੇ ਦੋਹਾਂ ਪਾਸਿਆਂ ਦੀ ਗੱਲ ਸੁਣ ਕੇ ਫੈਸਲਾ ਕਰਾ ਦਿੰਦੇ ਸਨ ਅਤੇ ਦੋਸ਼ੀ ਨੂੰ 'ਤਨਖਾਹ' ਲਾ ਦਿੰਦੇ ਹਨ। ਉਹ ਭੀ ਇਸ ਤਨਖਾਹ ਨੂੰ ਬੜੀ ਖੁਸ਼ੀ ਨਾਲ ਪਰਵਾਨ ਕਰ ਲੈਂਦਾ ਸੀ ਕਿਉਂਕਿ ਪੰਜ ਪਿਆਰੇ ਆਮ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੀ ਚੁਣੇ ਜਾਂਦੇ ਸਨ ਅਤੇ ਹਜ਼ੂਰੀ ਵਿਚ ਹੀ ਫੈਸਲਾ ਸੁਣਾਉਂਦੇ ਅਤੇ ਤਨਖਾਹ ਲਾਉਂਦੇ ਸਨ, ਅਤੇ ਸਿੰਘ ਭੀ ਸਾਰੀ ਸੇਵਾ ਗੁਰੂ ਕੇ ਨਾਉਂ ਤੇ ਹੀ ਕਰ ਰਹੇ ਹੁੰਦੇ ਸਨ, ਇਸ ਲਈ ਕੋਈ ਝਗੜਾ ਘਟ ਹੀ ਖੜਾ ਹੁੰਦਾ ਸੀ ਅਤੇ ਤਨਖਾਹ ਲਾਉਨ ਦੀ ਬੜੀ ਹੀ ਘਟ ਨੌਬਤ ਆਉਂਦੀ ਸੀ।

ਸਰਦਾਰਾਂ ਅਤੇ ਸਿੰਘਾਂ ਦਾ ਲਿਬਾਸ ਬੜਾ ਹੀ ਸਾਦਾ ਹੁੰਦਾ ਸੀ। ਸਿਰ ਪਰ ਸੁਰਮਈ ਦਸਤਾਰਾ, ਤੇੜ ਕਛਹਿਰਾ, ਪੈਰੀਂ ਜੁੱਤੀ ਅਤੇ ਪਿੰਡੇ ਦੇ ਦੁਆਲੇ। ਚਾਦਰੇ ਦੀ ਗਿਲਤੀ ਜਾਂ ਚੁਖਾਨੀਏ ਖੇਸ ਦੀ ਬੁੱਕਲ ਹੁੰਦੀ ਸੀ ਜਿਸ ਦਾ ਪਰਤੱਖ ਨਮੂਨਾ ਪਟਿਆਲੇ ਦੇ ਬਾਬਾ ਆਲਾ ਸਿੰਘ ਦੀ ਤਸਵੀਰ ਵਿਚ ਦਿਸਦਾ ਹੈ। ਲੋੜ ਅਨੁਸਾਰ ਸਿੰਘ ਸਾਫੇ ਦਾ ਕਮਰ ਬੰਦ ਬਣਾ ਲੈਂਦੇ ਸਨ। ਕੋਈ ਕੋਈ ਸਰਦਾਰ ਸੋਨੇ ਦੇ ਕੜੇ ਅਤੇ ਕੰਠੇ ਭੀ ਪਾ ਲੈਂਦੇ ਸਨ, ਜਾਂ ਦਸਤਾਰ ਦੇ ਆਲੇ ਦੁਆਲੇ ਸੋਨੇ ਦੀ ਜੰਜੀਰੀ ਜਾਂ ਲੋਹੇ ਦੀ ਸਿਮਰਨੀ ਲਪੇਟ ਲੈਂਦੇ ਸਨ। ਇਸ ਤੋਂ ਬਿਨਾਂ ਸਰਦਾਰਾਂ ਅਤੇ ਹੋਰ ਸਿੰਘਾਂ ਵਿਚ ਕੋਈ ਫਰਕ ਨਹੀ ਸੀ ਹੁੰਦਾ।

ਮੁਹਿੰਮਾਂ ਵੇਲੇ ਭੀ ਉਨ੍ਹਾਂ ਪਾਸ ਕੋਈ ਬਹੁਤਾ ਸਾਮਾਨ ਨਹੀ ਸੀ ਹੁੰਦਾ। ਇਕ ਕੰਬਲ ਹੁੰਦਾ ਸੀ ਜੋ ਰਾਤੀ ਲੋੜ ਪੈਣ ਪਰ ਉਪਰ ਲੈ ਲੈਂਦੇ ਸਨ ਅਤੇ ਕੂਚ ਵੇਲੇ ਘੋੜੇ ਦੀ ਕਾਠੀ ਪਰ ਪਿਆ ਰਹਿੰਦਾ ਸੀ। ਕੇਵਲ ਸਰਦਾਰ ਲਈ ਪਛਾਣ ਵਜੋਂ ਇਕ ਛੋਲਦਾਰੀ ਨਾਲ ਚੁੱਕਦੇ ਸਨ।

ਸਭ ਸਿੰਘਾਂ ਦੇ ਲੰਗਰ ਸਾਂਝੇ ਹੁੰਦੇ ਸਨ। ਕੀ ਸਰਦਾਰ ਅਤੇ ਕੀ ਘੋੜ-ਚੜ੍ਹੇ, ਸਭ ਇਕੋ ਥਾਂ ਪੰਗਤ ਵਿਚ ਬੈਠ ਕੇ ਪ੍ਰਸਾਦ ਛਕਦੇ ਸਨ, ਜਿਥੇ ਰੋਟੀ, ਦਾਲ ਅਤੇ ਸਬਜੀ ਭਾਜੀ ਬਰਤਾਈ ਜਾਂਦੀ ਸੀ। ਲਗਾਤਾਰ ਕੂਚ ਵੇਲੇ ਭੁਜੇ ਹੋਏ ਛੋਲੇ ਅਤੇ ਗੁੜ ਹੀ ਸਿੰਘਾਂ ਦਾ ਖਾਣਾ ਹੁੰਦਾ ਸੀ। ਮਾਸ ਕੇਵਲ ਖੁਲ੍ਹੀ ਵੇਹਲ ਵੇਲੇ ਹੀ ਛਕਿਆ ਜਾਂਦਾ ਸੀ ਜੋ ਪਿੰਡਾਂ ਜਾ ਛਾਉਣੀਆਂ ਵਿਚ ਹੀ ਮਿਲਦਾ ਸੀ।

ਲੜਾਈ ਵੇਲੇ ਤੀਰ, ਕਮਾਨ, ਭੱਥਾ, ਨੇਜਾ, ਤਲਵਾਰ, ਢਾਲ ਅਤੇ ਬੰਦੂਕ ਹੁੰਦੀ

Sri Satguru Jagjit Singh Ji eLibrary

ਸੀ। ਚੱਕਰ ਆਮ ਤੌਰ ਤੇ ਸਿਰਾਂ ਪਰ ਸਜਾਏ ਹੁੰਦੇ ਸਨ ਜੋ ਲੋੜ ਵੇਲੇ ਖੱਬੀ ਬਾਂਹ ਤੇ ਭੀ ਲਟਕਾ ਲਏ ਜਾਂਦੇ ਸਨ। ਕਈਆਂ ਪਾਸ ਸੰਮਾਂ ਵਾਲੇ ਕੁਤਕੇ ਜਾਂ ਰਾਮ-ਖ਼ੰਜਰ ਜਾਂ ਗੁਰਜ ਹੁੰਦੇ ਸਨ। ਜ਼ੰਜੈਲਾ (ਜਜ਼ਾਇਲ, ਲੰਬੀ ਬੰਦੂਕ), ਰਹਕਲੇ, ਤੋਪੜੇ, ਜੰਬੂਰੇ (ਊਠਾਂ ਵਾਲੇ) ਭੀ ਵਰਤੇ ਜਾਂਦੇ ਸਨ, ਪਰ ਦਲ ਪਾਸ ਵੱਡੀਆਂ ਤੋਪਾਂ ਨਹੀਂ ਸਨ ਅਤੇ ਨਾ ਹੀ ਛੋਟੀ ਛੋਟੀ ਤੇਜ਼ ਮੁਹਿੰਮਾਂ ਪਰ ਪਹੁੰਚਾਈਆਂ ਜਾ ਸਕਦੀਆਂ ਸਨ, ਇਸ ਕਰਕੇ ਬਾਦਸ਼ਾਹੀ ਤੋਪਖਾਨੇ ਦੇ ਟਾਕਰੇ ਤੇ ਖਾਲਸੇ ਨੂੰ ਕਈ ਵਾਰੀ ਔਖਾ ਹੋਣਾ ਪੈਂਦਾ ਸੀ।

ਦਲ-ਖਾਲਸਾ ਦੇ ਪੰਜਾਬ ਵਿਚ ਹੱਲੇ ਕੇਵਲ ਦੇਸ ਨੂੰ ਮੁਗ਼ਲ ਜਾਬਰਾਂ ਦੇ ਜ਼ੁਲਮੀ ਰਾਜ ਅਤੇ ਅਫ਼ਗਾਨਾਂ ਦੇ ਇਥੇ ਆਪਣੀ ਹਕੂਮਤ ਕਾਇਮ ਕਰਨ ਦੇ ਜਤਨਾਂ ਦੇ ਵਿਰੁਧ ਸਨ ਤਾਂ ਕਿ ਦੇਸ ਆਜ਼ਾਦ ਹੋ ਕੇ ਸੁਖੀ ਵਸ ਸਕੇ। ਜਮਨਾ ਪਾਰ ਗੰਗ-ਦੁਆਬ ਦੇ ਹੱਲੇ ਅਹਿਮਦ ਸ਼ਾਹ ਦੁੱਰਾਨੀ ਦੇ ਹਿੰਦੁਸਤਾਨ ਵਿਚ ਬੈਠੇ ਏਜੰਟ ਨਜੀਬੁ-ਦੌਲਾ ਦੀ ਤਾਕਤ ਨੂੰ ਕਮਜ਼ੋਰ ਕਰਨ ਲਈ ਸਨ ਤਾਂ ਕਿ ਉਸ ਦੀ ਮੁਖਬਰੀ, ਸ਼ਹਿ ਅਤੇ ਸਹਾਇਤਾ ਨਾਲ ਪੰਜਾਬ ਵਿਚ ਬਿਦੇਸੀ ਹਕੂਮਤ ਮਜ਼ਬੂਤ ਹੋ ਕੇ ਪੈਰ ਨਾ ਜਮਾ ਬੈਠੇ। ਰਾਜਸਥਾਨ ਵਿਚ ਖਾਲਸਾ ਜੀ ਸ਼ਰਨ ਆਏ ਜਾਟਾਂ ਦੀ ਸਹਾਇਤਾ ਲਈ ਜਾਂਦੇ ਸਨ। ਅਕਾਰਣ ਹੀ ਕੇਵਲ ਲੁੱਟ ਮਾਰ ਦੀ ਖਾਤਰ ਖਾਲਸਾ ਜੀ ਧਾਵੇ ਨਹੀ ਸਨ ਬੋਲਦੇ ਇਸ ਸੰਬੰਧੀ ਕਈ ਲੇਖਕ ਧੋਖਾ ਖਾ ਗਏ ਹਨ।

ਹੱਲਾ ਕਰਨ ਤੋਂ ਪਹਿਲਾਂ ਖਾਲਸਾ ਜੀ 'ਰਾਖੀ' ਪਰਵਾਨ ਕਰ ਲੈਣ ਲਈ ਕਹਿੰਦੇ ਸਨ ਅਤੇ ਜਦ ਕੋਈ ਅਸਥਾਨ ਕਿਸੇ ਭੀ ਸਿੰਘ ਸਰਦਾਰ ਦੀ 'ਰਾਖੀ' ਵਿਚ ਆ ਜਾਂਦਾ ਸੀ, ਜਿਸ ਲਈ ਕਿ ਕੇਵਲ ਉਸ ਨੂੰ ਨਾਮ-ਮਾਤ੍ਰ ਦੋ ਤੋਂ ਪੰਜ ਫੀ ਸਦੀ ਤਕ ਮਾਮਲਾ ਦੇਣਾ ਪੈਂਦਾ ਸੀ, ਤਾਂ ਕੋਈ ਭੀ ਹੋਰ ਸਰਦਾਰ ਓਥੇ ਨਾ ਕਿਸੀ ਪ੍ਰਕਾਰ ਦਾ ਕੋਈ ਦਖ਼ਲ ਦਿੰਦਾ ਸੀ, ਨਾ ਕੋਈ ਮੰਗ ਕਰਦਾ ਸੀ। ਕਰਨਲ ਪੋਲੀਅਰ ਲਿਖਦਾ ਹੈ ਕਿ ਗੰਗ ਦੁਆਬੇ ਦੇ ਬਹੁਤ ਸਾਰੇ ਜ਼ਿਮੀਦਾਰ ਖਾਲਸਾ ਜੀ ਦੀ 'ਰਾਖੀ' ਵਿਚ ਆ ਕੇ ਹੱਲੇ ਤੋਂ ਸੌਖੇ ਹੀ ਬਚ ਜਾਂਦੇ ਸਨ। ਗ਼ੁਲਾਮ ਮੁਹੱਈ-ਉ-ਦੀਨ (ਬੂਟੇ ਸ਼ਾਹ) ਆਪਣੀ 'ਤਾਰੀਖਿ ਪੰਜਾਬ' ਵਿਚ ਦਸਦਾ ਹੈ ਕਿ ਭਾਵੇਂ ਦਸ ਸਵਾਰਾਂ ਦਾ ਛੋਟੇ ਤੋਂ ਛੋਟਾ ਸਰਦਾਰ ਭੀ ਕਿਸੇ ਥਾਂ ਨੂੰ ਆਪਣੀ 'ਰਾਖੀ' ਵਿਚ ਲੈ ਲੈਂਦਾ ਸੀ ਤਾਂ ਕੋਈ ਵੱਡੇ ਤੋਂ ਵੱਡੇ ਪੰਜ ਸੌ ਜਾਂ ਵੱਧ ਸਵਾਰਾਂ ਵਾਲਾ ਸਰਦਾਰ ਭੀ ਉਥੇ ਕੋਈ ਦਖ਼ਲ ਨਹੀਂ ਸੀ ਦਿੰਦਾ।

ਜਿਥੇ ਜਿਥੇ ਖਾਲਸਾ ਜੀ ਕਬਜੇ ਕਰ ਲੈਂਦੇ ਸਨ ਉਥੇ ਜਿਮੀਦਾਰਾਂ ਨਾਲ ਉਨ੍ਹਾਂ ਦਾ ਸਲੂਕ ਬੜਾ ਚੰਗਾ ਹੁੰਦਾ ਅਤੇ ਰਈਅਤ ਬੜੀ ਖੁਸ਼ ਅਤੇ ਖੁਸ਼ਹਾਲ ਹੁੰਦੀ ਸੀ। ਮਾਮਲਾ ਹਾਲਾਤ ਦੇ ਮੁਤਾਬਕ ਇਕ ਤਿਹਾਈ ਤੋਂ ਦਸੌਂਧ ਤਕ ਲੈਂਦੇ ਸਨ ਜਿਸ ਵਿਚੋਂ ਬਹੁਤ ਕੁਝ ਸਿੱਖ ਅਤੇ ਹਿੰਦੂ ਧਰਮ ਅਸਥਾਨਾਂ ਅਤੇ ਮੁਸਲਿਮ ਦਰਗਾਹਾਂ, ਮਸੀਤਾਂ, ਮਕਬਰਿਆਂ ਆਦਿ ਨੂੰ ਜਾਗੀਰਾਂ ਜਾਂ ਖੈਰਾਤ ਵਜੋਂ ਦੇ ਦਿੰਦੇ ਸਨ। ਇਸ ਤੋਂ ਬਿਨਾ ਸਿੰਘ ਸਰਦਾਰ ਆਪਣੇ ਵੱਲੋਂ ਪਿੰਡ, ਅਤੇ ਜ਼ਮੀਨਾਂ ਸਾਧਾਂ ਦੇ ਡੇਰਿਆਂ, ਹਿੰਦੂ ਧਰਮਸਾਲਾਂ, ਮੁਸਲਿਮ

Sri Satguru Jagjit Singh Ji eLibrary

ਮਦਰਸਿਆਂ ਅਤੇ ਖਾਨਕਾਹਾ ਦੇ ਨਾਂਉਂ ਪੱਕੀ ਤਰਾਂ ਲਾ ਦਿੰਦੇ ਸਨ।

[ਬੂਟੇ ਸ਼ਾਹ, *ਤਾਰੀਖਿ ਪੰਜਾਬ*]

ਉਨ੍ਹਾਂ ਦੇ ਇਲਾਕਿਆਂ ਵਿਚ ਹਲਵਾਹਾਂ ਅਤੇ ਕੰਮੀਆਂ ਨੂੰ ਪੂਰੀ ਪੂਰੀ ਖੁਲ੍ਹ ਅਤੇ ਆਜ਼ਾਦੀ ਸੀ ਅਤੇ ਮੁਸੀਬਤ ਵੇਲੇ ਜੇ ਕੋਈ ਵਪਾਰੀ ਸ਼ਾਹੂਕਾਰ ਅਤੇ ਹਟਵਾਣੀਏ ਉਨ੍ਹਾਂ ਦੀ ਰਾਖੀ ਵਿਚ ਆ ਜਾਂਦੇ ਸਨ ਜਾਂ ਪੱਕੀ ਤਰਾਂ ਉਨ੍ਹਾਂ ਦੇ ਇਲਾਕੇ ਵਿਚ ਆ ਵਸਦੇ ਸਨ ਤਾਂ ਉਨ੍ਹਾਂ ਦੀ ਹਰ ਪਰਕਾਰ ਰੱਖਿਆ ਕੀਤੀ ਜਾਂਦੀ ਸੀ ਅਤੇ ਬਾਹਰ ਦੇ ਲੜਾਈ ਝਗੜਿਆ ਦਾ ਉਨ੍ਹਾਂ ਪਰ ਕੋਈ ਅਸਰ ਨਹੀਂ ਪੈਣ ਦਿੱਤਾ ਜਾਂਦਾ

[ਪੋਲੀਅਰ, ਸਰਕਾਰ, ਫ਼ਾਲ, ਤੀਸਰਾ, 157]

ਹਰ ਸਰਦਾਰ ਨੂੰ ਆਪਣੇ ਇਲਾਕੇ ਵਿਚ ਪੂਰੇ ਪੂਰੇ ਅਖਤਿਆਰ ਸਨ ਅਤੇ ਉਹ ਆਪਣੀ ਆਬਾਦੀ ਨੂੰ ਵਧਾਉਣ ਅਤੇ ਉਸ ਦੀ ਆਰਥਕ ਉੱਨਤੀ ਲਈ ਹਿੰਦੁਸਤਾਨ ਦੇ ਹੋਰ ਇਲਾਕਿਆਂ ਤੋਂ ਆਉਣ ਵਾਲਿਆਂ ਨੂੰ ਖੁਲ੍ਹੇ ਦਿਲ ਨਾਲ 'ਜੀ ਆਇਆਂ ਨੂੰ' ਆਖਦਾ ਅਤੇ ਸਹੂਲਤਾਂ ਦਿੰਦਾ ਸੀ। ਇਸ ਲਈ ਸਿੱਖ ਇਲਾਕਿਆਂ ਵਿਚ ਰਾਜ ਭਾਵੇਂ ਇਕ ਸਰਦਾਰ ਦੀ ਮਰਜ਼ੀ ਅਨੁਸਾਰ ਸੀ ਪਰ ਆਲੇ ਦੁਆਲੇ ਦੇ ਹੋਰ ਬਹੁਤ ਸਾਰੇ ਰਾਜਾਂ ਨਾਲੋਂ ਸਖ਼ਤੀ ਹੋਣ ਦੀ ਬਹੁਤ ਘਟ ਗੁੰਜਾਇਸ਼ ਸੀ।

[ਫ੍ਰੈਂਕਲਿਨ, ਜਾਰਜ ਟੌਮਸ, 76]

ਮੁਹਿੰਮਾਂ ਪਰ ਚੜ੍ਹਾਈ ਅਤੇ ਲੜਾਈ ਵੇਲੇ ਸਾਰੇ ਮਿਸਲਦਾਰ ਸਰਦਾਰ ਇਕ ਮੋਹਰੇਦਾਰ ਮਿਥ ਲੈਂਦੇ ਸਨ ਜੋ ਬਹਾਦਰੀ, ਨਿਰਮਾਣਤਾ ਅਤੇ ਪੰਥ ਸੇਵਾ ਵਿਚ ਉਘਾ ਹੁੰਦਾ ਸੀ, ਅਤੇ ਨਵਾਬ ਕਪੂਰ ਸਿੰਘ ਤੋਂ ਬਾਅਦ ਇਹ ਮਾਨ ਅਤੇ ਪਦਵੀ ਆਮ ਤੌਰ ਤੇ ਸਰਦਾਰ ਜੱਸਾ ਸਿੰਘ ਨੂੰ ਬਖ਼ਸ਼ੀ ਜਾਂਦੀ ਸੀ।

ਸਿੰਘਾਂ ਦੇ ਜੰਗ ਦੇ ਤਰੀਕੇ ਸੰਬੰਧੀ ਬਹੁਤ ਕੁਝ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਉਹ ਛਾਪੇ-ਮਾਰ ਢੰਗ ਨਾਲ ਲੜਦੇ ਸਨ। ਚਾਲੀ ਪੰਜਾਹ ਘੋੜ-ਚੜ੍ਹਿਆਂ ਦਾ ਜੱਥਾ ਸ਼ੂਟ ਵੱਟ ਕੇ ਬੜੀ ਤੇਜ਼ੀ ਨਾਲ ਬੰਦੂਕ ਦੀ ਮਾਰ ਦੀ ਹੱਦ ਤਕ ਵਧਦਾ ਚਲਾ ਜਾਂਦਾ ਸੀ ਅਤੇ ਘੋੜੇ ਰੋਕ ਕੇ ਬੰਦੂਕਾਂ ਦੀ ਵਾੜ ਜਾ ਝਾੜਦਾ ਸੀ। ਫੇਰ ਸੌ ਕੁ ਕਦਮ ਪਿੱਛੇ ਹਟ ਕੇ ਆਪਣੀਆਂ ਬੰਦੂਕਾਂ ਮੁੜ ਭਰ ਲੈਂਦਾ ਸੀ ਅਤੇ ਉਸੇ ਤਰ੍ਹਾਂ ਵਾੜਾਂ ਝਾੜਦਾ ਸੀ। ਉਨ੍ਹਾਂ ਦੇ ਘੋੜੇ ਹੱਥ ਦੀ ਥਾਪੀ ਪਰ ਇਸ ਤਰਾਂ ਸਿੱਖੇ ਹੋਏ ਹੁੰਦੇ ਸਨ ਕਿ ਸਰਪਟ ਜਾਂਦੇ ਹੋਏ ਭੀ ਇਕ ਦਮ ਉਨ੍ਹੀਂ ਪੈਰੀਂ ਹੀ ਖੜੇ ਹੋ ਜਾਂਦੇ ਸਨ। ਇਕ ਜੱਥਾ ਜਿਸ ਵੇਲੇ ਆਪਣੀਆਂ ਬੰਦੂਕਾਂ ਭਰਨ ਲਈ ਪਿੱਛੇ ਹਟਦਾ ਸੀ ਤਾਂ ਦੂਸਰਾ ਜੱਥਾ ਜਾ ਗੋਲੀਆਂ ਚਲਾਉਂਦਾ ਸੀ। ਇਸ ਤਰਾਂ ਉਹ ਵੈਰੀ ਨੂੰ ਸਾਹ ਨਹੀਂ ਸੀ ਲੈਣ ਦਿੰਦੇ, ਹੈਰਾਨ ਅਤੇ ਜਿੱਚ ਕਰਕੇ ਭੱਜ ਜਾਣ ਪਰ ਮਜਬੂਰ ਕਰ ਦਿੰਦੇ ਸਨ। ਕਈ ਵਾਰੀ ਗਹਿ-ਗੱਚ ਲੜਾਈ ਵਿਚੋਂ ਭਜ ਜਾਣ ਦਾ ਬਹਾਨਾ ਕਰ ਕੇ ਪਿੱਛੇ ਹਟਣ ਲੱਗ ਪੈਂਦੇ ਸਨ ਅਤੇ ਵੈਰੀ ਜਦ ਉਨ੍ਹਾਂ ਦੇ ਮਗਰ ਪਿਆ ਹੋਇਆ ਆਪਣੀ ਫੌਜ ਤੋਂ ਵੱਖਰਾ ਨਿਕਲ ਆਉਂਦਾ ਸੀ ਤਾਂ ਇਹ ਇਕ ਦਮ ਪਿੱਛੇ ਨੂੰ ਮੁੜ ਪੈਂਦੇ ਸਨ ਅਤੇ ਉਨ੍ਹਾਂ

Sri Satguru Jagjit Singh Ji eLibrary

ਨੂੰ ਘੇਰੇ ਵਿਚ ਲੈ ਕੇ ਸਾਰੇ ਪਾਸਿਆਂ ਤੇ ਹੱਲਾ ਕਰ ਦਿੰਦੇ ਸਨ ਅਤੇ ਇਸ ਤਰਾਂ ਵੈਰੀ ਦਾ ਬੜਾ ਸਖ਼ਤ ਨੁਕਸਾਨ ਕਰਦੇ ਸਨ। ਇਸੇ ਕਰਕੇ ਹੀ ਕਾਜ਼ੀ ਨੂਰ ਮੁਹੰਮਦ ਨੇ ਕਿਹਾ ਸੀ :

*ਹਜ਼ੀਮਤ ਗਰ ਉਫ਼ਤਦ ਦਰ ਆਫ਼ਵਾਜਿ ਸ਼ਾਂ।*
*ਤੋ ਆਂ ਰਾ ਹਜ਼ੀਮਤ ਮਦਾਂ ਐ ਜਵਾਂ ॥*
*ਕਿ ਆਂ ਖ਼ੁਦਅ੍-ਇ ਹਸਤ ਅਜ ਜੰਗਿ ਸ਼ਾਂ ॥*
*ਹਜ਼ਰ ਕੁਨ ਹਜ਼ਰ ਕੁਨ ਦੋਬਾਰਾ ਅਜ਼ਾਂ ॥*

ਅਰਥਾਤ

ਜੇ ਇਨ੍ਹਾਂ ਦੀਆਂ ਫ਼ੌਜਾਂ ਵਿਚ ਭਾਜੜ ਭੀ ਪੈ ਜਾਏ ਤਾਂ, ਐ ਜਵਾਨ, ਇਸ ਨੂੰ ਭਾਜੜ ਨਾ ਸਮਝ ਲਈਂ,
ਕਿਉਂਕਿ ਇਹ ਭੀ ਇਨ੍ਹਾਂ ਦਾ ਲੜਾਈ ਦਾ ਇਕ ਦਾਊ ਹੈ। ਇਨ੍ਹਾਂ ਦੇ ਇਸ [ਜਾਲ] ਤੋਂ ਬਚੋ, ਦੋ ਬਾਰਾ ਬਚੋ।

ਆਮ ਤੌਰ ਦੇ ਦਲ ਖਾਲਸਾ ਵਾਲੇ ਸ਼ਹਿਰਾਂ ਅਤੇ ਕਿਲਿਆਂ ਨੂੰ ਘੇਰਾ ਪਾ ਕੇ ਨਹੀਂ ਸੀ ਬੈਠਦੇ— ਮੁਹਾਸਰਾ ਨਹੀਂ ਸਨ ਕਰਦੇ—ਬਲਕਿ ਛੋਟੀ ਤੋਂ ਛੋਟੀ ਪੌੜੀਆਂ ਲਾ ਕੇ ਕੰਧਾਂ ਜਾਂ ਫਸੀਲਾਂ ਪਰ ਚੜ੍ਹ ਜਾਂਦੇ ਸਨ ਅਤੇ ਛਾਲਾਂ ਮਾਰ ਕੇ ਅੰਦਰ ਜਾ ਵੜਦੇ ਸਨ, ਅਤੇ ਜਾਂ ਤਾਂ ਦਰਵਾਜੇ ਜਾ ਖੋਲ੍ਹਦੇ ਸਨ ਜਾਂ ਟਾਕਰਾ ਕਰਨ ਆਇਆਂ ਨਾਲ ਤਲਵਾਰਾਂ ਨਾਲ ਫੈਸਲਾ ਕਰਕੇ 'ਸਤਿ ਸ੍ਰੀ ਅਕਾਲ'ਦੇ ਜੈਕਾਰੇ ਗਜਾ ਦਿੰਦੇ ਸਨ ਅਤੇ ਬਾਕੀ ਫੌਜ ਭੀ ਫਤਿਹ ਦੇ ਦਮਾਮੇ ਬਜਾਉਂਦੀ ਅੰਦਰ ਜਾ ਵੜਦੀ ਸੀ।

ਇਹ ਠੀਕ ਹੈ ਕਿ ਅਜਿਹੇ ਹਾਲਤ ਵਿਚ ਕੁਝ ਨਾ ਕੁਝ ਲੁੱਟ ਜ਼ਰੂਰ ਮਚ ਜਾਂਦੀ ਸੀ ਪਰ ਖਾਲਸਾ ਜੀ ਸਰਕਾਰੀ ਖਜਾਨਿਆਂ, ਮਾਲ ਗੁਦਾਮਾਂ, ਕਿਲਿਆਂ ਗੜ੍ਹੀਆਂ ਜਾਂ ਖਾਸ ਵੈਰੀਆਂ ਦੀਆਂ ਹਵੇਲੀਆਂ ਅਤੇ ਭੋਰਿਆਂ ਤੋਂ ਬਿਨਾਂ ਹੋਰ ਕਿਧਰੇ ਲੁੱਟ ਨਹੀਂ ਸੀ ਪਾਉਂਦੇ। ਗਰੀਬ ਗੁਰਬੇ ਨੂੰ ਉੱਕਾ ਹੀ ਨਹੀਂ ਸਨ ਛੇੜਦੇ ਅਤੇ ਬੂਟੇ ਸ਼ਾਹ ਦੇ ਕਹਿਣ ਅਨੁਸਾਰ ਕਿਸੇ ਦੇ ਸਿਰ ਦੀ ਦਸਤਾਰ ਨੂੰ ਹਥ ਨਹੀਂ ਸਨ ਪਾਉਂਦੇ ਅਤੇ ਨਾ ਹੀ ਜਨਾਨੀਆਂ ਦੇ ਗਹਿਣਿਆਂ ਅਤੇ ਹੋਰ ਮਾਲ ਨੂੰ ਛੇੜਦੇ ਸਨ। ਇਸੇ ਗੱਲ ਦੀ ਪੁਸ਼ਟੀ ਕਾਜ਼ੀ ਨੂਰ ਮੁਹੰਮਦ ਨੇ 'ਜੰਗ-ਨਾਮੇ' ਵਿਚ ਕੀਤੀ ਹੈ :

*ਕਿ ਨਾ-ਕੁਸ਼ੰਦ ਨਾ-ਮਰਦ ਰਾ ਹੀਚ ਗਾਹ।*
*ਗੁਰੇਜੰਦਾ ਰਾ ਹਮ ਨਾ ਗੀਰੰਦ ਰਾਹ ॥*
*ਜ਼ਰੋ ਜੇਵਰਿ ਜ਼ਨ ਬ-ਤਾਰਾਜ ਨੀਜ਼ ।*
*ਨਾ ਗੀਰੰਦ ਗਰ ਮੁਹਰਾ ਹਸਤੋ ਕਨੀਜ਼ ॥*
*ਕਿ ਜ਼ਨ ਗਰ ਜਵਾਂ ਹਸਤ ਵਰ ਹਸਤ ਪੀਰ,*
*ਬਿਗੋਇੰਦ ਬੁਢੀਆ ਬਿਰੋ ਗੋਸ਼ਾ ਗੀਰ*

ਅਰਥਾਤ

ਇਹ ਨਾਮਰਦ ਨੂੰ (ਜੋ ਲੜਾਈ ਵਿਚ ਹਾਰ ਮੰਨ ਕੇ ਹਥਿਆਰ ਰਖ ਦੇਵੇ) ਕਦੇ ਭੀ ਨਹੀ ਮਾਰਦੇ ਅਤੇ ਨਾ ਹੀ ਭੱਜ ਨਿਕਲੇ ਨੂੰ ਰੋਕਣ ਜਾਂਦੇ ਸਨ।

ਲੁੱਟ ਵਿਚ ਇਹ ਕਿਸੇ ਜਨਾਨੀ ਦਾ ਧਨ ਅਤੇ ਗਹਿਣੇ ਨਹੀ ਲੈਂਦੇ, ਭਾਵੇਂ ਉਹ ਸਵਾਣੀ ਹੈ, ਭਾਵੇਂ ਗੋਲੀ।

ਜਨਾਨੀ ਨੂੰ ਭਾਵੇਂ ਉਹ ਜਵਾਨ ਹੈ ਭਾਵੇਂ ਬੁਢੀ, ਕਹਿੰਦੇ ਹਨ, ਬੁਢੀਏ, ਇਕ ਪਾਸੇ ਹਟ ਜਾ।

ਗੁਰੂ ਦੇ ਸਿੰਘਾਂ ਲਈ ਰਹਿਤ ਵਿਚ ਹੁਕਮ ਹੈ ਕਿ ਉਹ ਪਰਾਈਆਂ ਇਸਤਰੀਆਂ ਨੂੰ 'ਮਾਵਾਂ' ਭੈਣਾਂ ਧੀਆਂ ਵਖਾਣੈ' ਅਤੇ ਮੁਸਲਿਮ ਇਸਤਰੀ ਦਾ ਸੰਗ ਉਸ ਲਈ ਇਕ ਬੱਜਰ ਕੁਰਹਿਤ ਹੈ ਜੋ ਬਖ਼ਸ਼ੀ ਨਹੀਂ ਜਾ ਸਕਦੀ। ਇਹ ਸਖ਼ਤੀ ਸਿੱਖ ਰਹਿਤ ਵਿਚ ਇਸ ਲਈ ਰਖੀ ਗਈ ਹੈ ਕਿ ਸਿੱਖ ਕਿਸੇ ਵੇਲੇ ਵੈਰ ਵਿਰੋਧ ਦੇ ਗੁੱਸੇ ਨਾਲ ਭੜਕਿਆ ਹੋਇਆ ਬਦਲੇ ਦੇ ਖਿਆਲ ਨਾਲ ਭੀ ਅਜਿਹਾ ਨੀਚ ਕਰਮ ਨਾ ਕਰ ਬੈਠੇ।

ਜੋ ਆਦਮੀ ਜੰਗ ਵਿਚ ਖਾਸ ਬਹਾਦੁਰੀ ਵਿਖਾਉਂਦਾ ਸੀ ਉਸ ਦੀ ਉਸ ਵੇਲੇ ਤਰੱਕੀ ਕਰ ਦਿੱਤੀ ਜਾਂਦੀ ਸੀ। ਜ਼ਖਮੀ ਦੇ ਇਲਾਜ ਦਾ ਤੁਰਤ ਪ੍ਰਬੰਧ ਕੀਤਾ ਜਾਂਦਾ ਸੀ, ਅਤੇ ਉਸ ਦੀ ਅਜਿਹੀ ਸੇਵਾ ਹੁੰਦੀ ਸੀ ਕਿ ਉਸ ਦੇ ਜ਼ਖਮ ਦੀ ਚੀਸ ਅਤੇ ਪੀੜ ਉਸ ਨੂੰ ਭੁੱਲ ਜਾਂਦੀ ਸੀ। ਜੁਧ ਵਿਚ ਸ਼ਹੀਦ ਹੋ ਜਾਣ ਵਾਲੇ ਸਿੰਘ ਦਾ ਮਾਲ ਮਤਾਹ ਉਸ ਦੇ ਪੁੱਤਰ ਜਾਂ ਰਿਸ਼ਤੇਦਾਰ ਨੂੰ ਦੇ ਦਿੱਤਾ ਜਾਂਦਾ ਸੀ ਅਤੇ ਉਸ ਦੇ ਪੁੱਤਰ ਨੂੰ ਉਸ ਦੀ ਥਾਂ ਨਿਯਤ ਕਰ ਦਿੱਤਾ ਜਾਂਦਾ ਸੀ। ਜੇ ਉਸ ਦੀ ਕੋਈ ਸੰਤਾਨ ਨਹੀਂ ਸੀ ਹੁੰਦੀ, ਤਾਂ ਗੁਰਮਤਾ ਕਰ ਕੇ ਉਸ ਦਾ ਮਾਲ ਉਸ ਦੇ ਕਿਸੀ ਸੰਬੰਧੀ ਜਾਂ ਪ੍ਰਤੀਨਿਧ ਨੂੰ ਦੇ ਦਿੰਦੇ ਸਨ। ਇਸ ਲਈ ਕਿਸੇ ਨੂੰ ਜ਼ਖਮੀ ਜਾਂ ਸ਼ਹੀਦ ਹੋਣ ਦਾ ਭੈ ਨਹੀਂ ਸੀ ਹੁੰਦਾ। ਸਿੰਘ ਸੁਭਾਵਕ ਭੀ ਮੌਤ ਅਤੇ ਮੁਸੀਬਤ ਤੋਂ ਨਰਭੈ ਅਤੇ ਨਿਰਲੇਪ ਹੁੰਦੇ ਸਨ। ਉਹ ਹਰ ਸੁਖ ਦੁਖ ਨੂੰ ਵਾਹਿਗੁਰੂ ਦੇ ਭਾਣੇ ਵਿਚ ਖਿੜੇ ਮੱਥੇ ਸਹਿ ਜਾਂਦੇ ਹਨ।

ਸਿੱਖ ਆਪਣੇ ਵੈਰੀਆਂ ਦਾ ਕਦੇ ਭੀ ਅੰਨ੍ਹੇ ਵਾਹ ਲਹੂ ਨਹੀਂ ਸਨ ਵੀਟਦੇ ਅਤੇ ਨਾ ਹੀ ਕਿਸੇ ਨੂੰ ਗੁਲਾਮ ਜਾਂ ਕੈਦੀ ਬਣਾ ਕੇ ਲਿਆਉਂਦੇ ਸਨ। ਇਸ ਕਰਕੇ ਉਨ੍ਹਾਂ ਨੇ ਕਿਸੇ ਨਾਲ ਕੋਈ ਪੱਕੇ ਵੈਰ ਨਹੀਂ ਸਨ ਸਹੇੜੇ ਹੁੰਦੇ। ਵੈਰੀ ਨਾਲ ਭੀ ਵੈਰ ਉਤਨੀ ਦੇਰ ਤਕ ਹੀ ਸੀ ਜਦ ਤਕ ਕਿ ਉਹ ਵੈਰ ਭਾਵ ਨਾਲ ਮੈਦਾਨਿ ਜੰਗ ਵਿਚ ਤਲਵਾਰ ਲਈ ਖੜਾ ਹੈ। ਜਦ ਉਸਨੇ ਤਲਵਾਰ ਛਡ ਦਿੱਤੀ, ਸਿੰਘਾਂ ਨੇ ਭੀ ਵੈਰ ਭੁਲਾ ਦਿੱਤਾ ਅਤੇ ਲੋੜ ਪੈਣ ਤੇ ਉਸ ਦੀ ਸਹਾਇਤਾ ਭੀ ਜਾ ਕੀਤੀ। ਇਸ ਦੀ ਪੁਸ਼ਟੀ ਮੀਰ ਮੰਨੂ ਅਤੇ ਰੁਹੇਲਿਆਂ ਨਾਲ ਸਿੰਘਾਂ ਦੇ ਸੰਬੰਧ ਤੋਂ ਹੋ ਜਾਂਦੀ ਹੈ।

ਦਲ ਖਾਲਸਾ ਦੇ ਮਿਸਲਦਾਰ ਸਰਦਾਰ ਭਾਵੇਂ ਸਰਦਾਰ ਜੱਸਾ ਸਿੰਘ ਦੇ ਦੇਹਾਂਤ ਵੇਲੇ ਅਜੇ ਪੂਰੀ ਤਰ੍ਹਾਂ ਨਿਸਚਿੰਤ ਨਹੀ ਸਨ ਹੋਏ ਅਤੇ ਨਾ ਹੀ ਰਾਜ-ਪ੍ਰਬੰਧ ਵੱਲ ਪੂਰੀ ਤਰਾਂ ਧਿਆਨ ਦੇ ਸਕੇ ਸਨ ਪਰ ਤਾਂ ਭੀ ਨਿਤ ਦਿਆਂ ਬਾਹਰਲਿਆਂ ਹੱਲਿਆਂ ਅਤੇ ਅੰਦਰਲੇ ਜ਼ੁਲਮ ਤੋਂ ਲੋਕਾਂ ਦੀ ਖਲਾਸੀ ਹੋ ਗਈ ਸੀ ਅਤੇ ਉਹ ਅਮਨ ਚੈਨ ਦੀ ਜਿੰਦਗੀ ਗੁਜ਼ਾਰਨ ਜੋਗੇ ਹੋ ਗਏ ਸਨ। ਭਾਵੇਂ ਰਾਜ ਥਾਉਂ ਥਾਈ ਮਿਸਲਦਾਰਾਂ ਦਾ ਸੀ, ਪਰ ਸਾਰੇ ਸਰਦਾਰ ਚੂੰਕਿ ਆਪਣੇ ਆਪ ਨੂੰ ਗੁਰੂ-ਪੰਥ ਦੇ ਦਾਸ ਸਮਝਦੇ ਸਨ ਅਤੇ ਅਕਾਲ ਤਖ਼ਤ ਦੇ ਗੁਰਮਤੇ

ਤੇ ਹੁਕਮਨਾਮੇ ਸਭ ਪਰ ਇਕੋ ਜਿਹੇ ਲਾਗੂ ਹੁੰਦੇ ਸਨ ਇਸ ਲਈ ਸਭ ਸਰਦਾਰ ਇਸ ਨੂੰ ਰਾਜ ਖਾਲਸੇ ਦਾ ਕਹਿੰਦੇ ਸਨ ਤੇ ਆਪਣੇ ਆਪ ਨੂੰ ਗੁਰੂ ਪੰਥ ਦਾ ਦਾਸ ਮੰਨਦੇ ਸਨ। ਇਥੋਂ ਤਕ ਕਿ ਜਦ ਸੋਲ੍ਹਾਂ ਸਤਾਰਾਂ ਵਰ੍ਹੇ ਪਿਛੋਂ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਭੀ ਹੋ ਗਿਆ ਤਾਂ ਭੀ ਉਹ ਆਪਣੇ ਆਪ ਨੂੰ 'ਗੁਰੂ ਦਾ ਦਾਸ' 'ਗੁਰੂ ਕਾ ਰਪਟੀਆ' [ਚੋਕੀਦਾਰ] ਹੀ ਕਹਿੰਦਾ ਸੀ ਅਤੇ ਸਿੱਕੇ ਗੁਰੂ ਦੀ ਬਖਸ਼ਿਸ਼ ਦੇ ਚਲਦੇ ਸਨ।

ਪੰਜਾਬ ਦੀ ਆਜਾਦੀ ਪ੍ਰਾਪਤ ਕਰਨ ਵਿਚ ਸਿੱਖ ਸਰਦਾਰਾਂ ਦੀ ਸਫਲਤਾ ਦਾ ਵੱਡਾ ਕਾਰਣ ਉਨ੍ਹਾਂ ਦੇ ਆਦਰਸ਼ ਦੀ ਸੁੱਛਤਾ, ਗੁਰੂ ਪਰ ਭਰੋਸਾ, ਜਨਤਾ ਦੇ ਦੁਖ ਹਰਨ ਦੀ ਇੱਛਾ ਅਤੇ ਹਰ ਪ੍ਰਕਾਰ ਦੇ ਦੁਖੜੇ ਵਾਹਿਗੁਰੂ ਦੇ ਭਾਣੇ ਵਿਚ ਖਿੜੇ ਮੱਥੇ ਸਹਿ ਜਾਣ ਦੀ ਸ਼ਕਤੀ ਸੀ। ਇਸੇ ਸਪਿਰਿਟ ਨਾਲ ਖਾਲਸਾ ਜੀ ਨੇ ਮੁਗਲਾਂ ਵਰਗੇ ਡਾਢੇ ਰਾਜ ਦਾ ਟਾਕਰਾ ਕੀਤਾ ਅਤੇ ਇਸੇ ਨਾਲ ਹੀ ਉਨ੍ਹਾਂ ਨੇ ਦੁੱਰਾਨੀਆਂ ਨੂੰ ਹਾਰ ਦੇ ਕੇ ਸਰਹੰਦ ਅਤੇ ਲਾਹੌਰ ਦੀਆਂ ਜਿੱਤਾਂ ਪ੍ਰਾਪਤ ਕੀਤੀਆਂ।

ਇਹ ਹੀ ਨਹੀਂ, ਬਲਕਿ ਖਾਲਸੇ ਨੇ ਗੜ੍ਹਵਾਲ ਦੇ ਇਲਾਕੇ ਵਿਚ ਭੀ ਆਪਣੀ ਈਨ ਜਾ ਮਨਾਈ ਸੀ ਅਤੇ ਓਥੋਂ ਦੇ ਰਾਜਾ ਪਾਸੋਂ ਚਾਰ ਹਜਾਰ ਰੁਪਇਆ ਸਲਾਨਾ ਨਜਰਾਨਾ ਲੈਂਦੇ ਸਨ ਤੇ ਇਨ੍ਹਾਂ ਦਾ ਇਧਰ ਇਤਨਾ ਦਬਦਬਾ ਸੀ ਕਿ ਸਾਰੇ ਇਨ੍ਹਾਂ ਨਾਲ ਬੜੇ ਸਤਕਾਰ ਨਾਲ ਪੇਸ਼ ਆਉਂਦੇ ਸਨ। ਜਾਰਜ ਫੌਰਸਟਰ ਆਪਣੇ ਸਫ਼ਰਨਾਮੇ ਦੀ 23 ਫਰਵਰੀ, ਸੰਨ 1783 ਨੂੰ ਬਿਲਾਸਪੁਰੋਂ ਲਿਖੀ ਚਿੱਠੀ ਨੰ: 9 ਵਿਚ ਲਿਖਦਾ ਹੈ ਕਿ

> ਸਿਖ ਦਖੱਣੀ ਪਹਾੜੀਆ ਵਿਚ ਦੀ, ਜਿਥੇ ਕੋਈ ਛੋਟੀਆਂ ਛੋਟੀਆਂ ਵਾਦੀਆਂ ਹਨ, ਇਨ੍ਹਾਂ ਇਲਾਕਿਆਂ ਵਿਚ ਬੇ ਰੋਕ ਟੋਕ ਆਉਂਦੇ ਜਾਂਦੇ ਹਨ ਅਤੇ ਜ਼ਾਬਿਤਾ ਖ਼ਾਨ ਵੱਲੋਂ ਕਿਸੇ ਰੋਕ ਦੇ ਡਰ ਤੋਂ ਬਿਨਾਂ ਇਹ ਆਪਣੀ ਖੁਸ਼ੀ ਨਾਲ ਸਿਰੀਨਗਰ ਦੇ ਹੇਠਲੇ ਜਿਲਿਆਂ ਤਕ ਅੰਦਰ ਆ ਸਕਦੇ ਹਨ...ਮੌਜੂਦਾ ਰਾਜੇ ਵੱਲੋਂ ਕੋਈ ਹਿਲ ਜੁਲ ਨਾ ਹੋਣ ਕਰਕੇ ਸਿੱਖ ਇਸ ਦੇਸ ਪਾਸੋਂ ਬਾਕਾਇਦਾ ਨਜਰਾਨਾ ਉਗ੍ਰਾਹੁੰਦੇ ਹਨ (ਜੋ ਚਾਰ ਹਜਾਰ ਰੁਪਇਆ ਸਾਲਾਨਾ ਦੱਸਿਆ ਜਾਂਦਾ ਹੈ)।
>
> ਇਸ ਜਗਾ (ਖਿਨਸਾ ਪੁਰ) ਮੈਂ ਦੋ ਸਿੱਖ ਸਵਾਰ ਵੇਖੇ ਜੋ ਆਪਣੇ ਦੇਸੋਂ ਸਿਰੀਨਗਰ ਦਾ ਨਜਰਾਨਾ ਵਸੂਲ ਕਰਨ ਲਈ ਭੇਜੇ ਹੋਏ ਸਨ ਅਤੇ ਜੋ ਖਾਸ ਖਾਸ ਚੁੰਗੀ ਖ਼ਾਨਿਆਂ ਦੀ ਆਮਦਨੀ 'ਚੋ ਉਗ੍ਰਾਹੀਆਂ ਜਾਂਦਾ ਹੈ। ਜਿਸ ਛਬ ਨਾਲ ਇਨ੍ਹਾਂ ਦਾ ਆਦਰ ਕੀਤਾ ਗਿਆ, ਜਾਂ ਜਿਸ ਧਜ ਨਾਲ ਇਹ ਆਪ ਵਰਤੇ, ਉਸ ਤੋਂ ਕਈ ਵਾਰੀ ਮੇਰੇ ਮਨ ਵਿਚ ਭੀ ਇਹ ਇੱਛਾ ਉਪਜੀ ਕਿ (ਚੰਗਾ ਹੋਵੇ ਕਿ) ਮੈਨੂੰ ਭੀ ਕੁਝ ਹਫਤਿਆ ਲਈ ਇਕ ਸਿੱਖ ਦੇ ਸਰੀਰ ਵਿਚ ਪਰਵੇਸ਼ ਕਰਨ ਦੀ ਸ਼ਕਤੀ ਮਿਲ ਜਾਏ—ਅਜਿਹਾ ਚੰਗਾ ਇਨ੍ਹਾਂ ਦਾ ਆਦਰ ਸਤਕਾਰ ਹੋਇਆ ਸੀ।*

---

* The Sicques have an unrestrained access into these parts through the southern hills which are broken by small valleys and. fearing no opposition

*[Contd. on next page]*

## ਦੇਸ਼ ਅਤੇ ਧਰਮ ਦੇ ਰਾਖੇ

ਅਫ਼ਗਾਨਾਂ ਦੇ ਟਾਕਰੇ ਤੇ ਸਿੰਘਾਂ ਦੀ ਤਾਕਤ ਇਤਨੀ ਜ਼ਬਰਦਸਤ ਹੋ ਗਈ ਸੀ ਕਿ ਅਹਿਮਦ ਸ਼ਾਹ ਦੁੱਰਾਨੀ ਭੀ ਹਾਰ ਮੰਨ ਗਿਆ ਸੀ ਅਤੇ ਉਸ ਦੀ ਸੰਨ 1772 ਈ. ਵਿਚ ਮੌਤ ਤੋਂ ਬਾਅਦ ਉਸ ਦੇ ਪੁੱਤਰ ਤੈਮੂਰ ਨੂੰ ਹਾਰ ਖਾ ਕੇ ਸਾਰੀ ਪੰਜਾਬ ਸਿੰਘਾਂ ਲਈ ਛਡਣੀ ਪੈ ਗਈ ਸੀ। ਜਾਰਜ ਫੌਰਸਟਰ ਦਾ ਖਿਆਲ ਸੀ ਕਿ ਜੇ ਕਿਧਰੇ ਸਿੱਖ ਸਰਦਾਰ ਇਕ ਸੁਭਾਵਕ ਵੈਰੀ ਨੂੰ ਸੋਧਨ ਦੀ ਥਾਂ ਘਰ ਵਿਚ ਵਧਦੇ ਅਸਰਾਂ ਦਾ ਬਹੁਤਾ ਫਿਕਰ ਨਾ ਕਰਨ, ਤਾਂ ਸੌਖੇ ਹੀ ਇਸ ਨਤੀਜੇ ਪਰ ਪੁੱਜਿਆ ਜਾ ਸਕਦਾ ਹੈ ਕਿ ਉਹ ਛੇਤੀ ਹੀ ਹਿੰਦੁਸਤਾਨ ਵਿਚੋਂ (—ਜਿਥੇ ਕਿਧਰੇ ਭੀ ਕੋਈ ਨਿਸ਼ਾਨ ਬਾਕੀ ਹੈ—) ਅਫ਼ਗਾਨ ਰਾਜ ਨੂੰ ਖ਼ਤਮ ਕਰ ਦੇਣਗੇ।*

ਹੋਰ ਤਾਂ ਹੋਰ, ਈਸਟ ਇੰਡੀਆ ਕੰਪਨੀ ਵਾਲਿਆਂ ਨੂੰ ਭੀ ਕਲਕੱਤੇ ਇਹ ਯਕੀਨ ਹੋ ਗਿਆ ਸੀ ਕਿ ਜਿਤਨੀ ਦੇਰ ਤਕ ਦਲ-ਖਾਲਸਾ ਜੀ ਪੰਜਾਬ ਦੀ ਰਾਖੀ ਲਈ ਮੌਜੂਦ ਹੈ, ਕੋਈ ਭੀ ਤਾਕਤ ਹਿੰਦੁਸਤਾਨ ਉੱਤੇ ਬਿਨਾਂ ਰੋਕ ਟੋਕ ਚੜ੍ਹਾਈ ਨਹੀਂ ਕਰ ਸਕਦੀ, ਚੁਨਾਂਚਿ ਜਨਰਲ ਸਰ ਰੌਬਰਟ ਬਾਰਕਰ ਨੇ ਸਰਦਾਰ ਝੰਡਾ ਸਿੰਘ ਭੰਗੀ ਦੀ ਇਕ ਚਿੱਠੀ ਦੇ ਜਵਾਬ ਵਿਚ ਲਿਖਿਆ ਸੀ ਕਿ "ਇਹ ਗੱਲ ਸਪਸ਼ਟ ਹੈ ਕਿ ਜਦ ਦਲ-ਖਾਲਸਾ ਜੀ ਚੌਕਸ ਹੈ, ਕੋਈ ਭੀ ਬੇ-ਰੋਕ ਟੋਕ ਹਿੰਦੁਸਤਾਨ ਪਰ ਚੜ੍ਹਾਈ ਨਹੀਂ ਕਰ ਸਕਦਾ।**

---

*[Contd. from last page]*

from Zabita Khan. they can at pleasure penetrate into the lower districts of Siringnaghur...The inactivity of the present rajah has enabled the Sicques to exact from this country a regular tribute (said to be four thousand rupees annually).

At this place (Kheynsapoor), I saw two Sicque horsemen who had been sent from their country to receive the Siringnaghur tribute, which is collected from the revenue of certain custom houses. From the manner in which these men were treated or rather treated themselves, I frequently wished for the power of migrating into the body of a Sicque for a few weeks—so well did these cavaliers fare. *[A Journey from Bengal to England, i. 199]*

* Timur...made in the first part of his reign some desultory expeditions into India: but on the issue of an unsuccessful campaign with the Sicques, he was compelled to relinquish the whole of the Punjab territory.

*[A Journey from Bengal to England ii, 83]*

The chief strength of the Afghan prince, I presume to say, is derived from the weakness and discord of his neighbours. Were the Sicque chiefs not more apprehensive of domestic increasing influence, than desirous of subduing a constitutional enemy, they would, it may be fairly inferred, speedily extinguish the Afghan government in India.

*[A Journey from Bengal to England, ii, 88-89]*

*General (Sir Robert) Barker to (Sardar) Jhanda Singh (Bhangi)*
*August 19, 1771.*

** It is clear that as long as the *Khalsah* army is on the watch, no one can march upon Hindostan unopposed

[*Calender of Persian Correspondence*, Vol. III, No. 868, p. 236].

Sri Satguru Jagjit Singh Ji eLibrary

ਜਾਰਜ ਫੋਰਸਟਰ ਨੂੰ ਇਕ ਤੌਖਲਾ ਭੀ ਸੀ ਅਤੇ ਅੰਤ ਵਿਚ ਉਹ ਸਹੀ ਸਾਬਤ ਹੋਇਆ ਕਿ ਚੂੰਕਿ ਸਿੱਖਾਂ ਦਾ ਆਪਸ ਵਿਚ ਪੂਰਾ ਪੂਰਾ ਇਤਫ਼ਾਕ ਅਤੇ ਤਾਲ-ਮੇਲ ਨਹੀਂ ਰਿਹਾ—ਜਨਮ ਜਨਮਾਂਤਰਾਂ ਤੋਂ ਹੀ ਇਸ ਦੇਸ਼ ਵਿਚ ਇਹ ਬੜੀ ਘਾਤਕ ਬਿਮਾਰੀ ਚਲੀ ਆ ਰਹੀ ਹੈ ਕਿ ਜਦ ਹਥ ਵਿਚ ਤਾਕਤ ਆਉਂਦੀ ਹੈ ਤਾਂ ਆਪਸ ਵਿਚ ਸਮੋਈ ਨਹੀਂ ਰਹਿੰਦੀ—ਇਸੇ ਲਈ ਇਹ ਦੂਰ ਥਾਈਂ ਆਪਣੀਆਂ ਜਿੱਤਾਂ ਪੱਕੀ ਪੈਰੀਂ ਨਹੀਂ ਜਮਾ ਸਕਦੇ। ਪਰ ਉਸ ਨੂੰ ਇਹ ਪੱਕਾ ਖਿਆਲ ਸੀ ਕਿ ਜਿਸ ਦਲੇਰੀ ਅਤੇ ਲਗਾਤਾਰ ਦ੍ਰਿੜ੍ਹਤਾ ਨਾਲ ਸਿੱਖਾਂ ਨੇ ਅਨੰਤ ਮੁਸੀਬਤਾਂ ਦਾ ਟਾਕਰਾ ਕਰਦੇ ਹੋਏ ਵੈਰੀਆਂ ਤੋਂ ਆਪਣੇ ਦੇਸ਼ ਦੀ ਰਾਖੀ ਕੀਤੀ ਅਤੇ ਆਜ਼ਾਦੀ ਲਈ ਹੈ, ਉਹ ਛੇਤੀ ਹੀ ਹਿੰਦੁਸਤਾਨ ਦੇ ਦੇਸੀ ਰਾਜਿਆਂ ਵਿਚੋਂ ਸਿਰ-ਕੱਢ ਹੋ ਜਾਣਗੇ। ਫੋਰਸਟਰ ਆਪਣੀ ਚਿੱਠੀ ਨੂੰ ਨੰ. 11 ਦੇ ਅੰਤ ਵਿਚ ਲਿਖਦਾ ਹੈ ਕਿ :

> "ਆਪਣੇ ਦੇਸ ਦੀ ਰਾਖੀ ਅਤੇ ਆਜ਼ਾਦੀ ਲਈ ਸਿੱਖਾਂ ਨੇ ਅਤਿ ਦਰਜੇ ਦੀ ਹਠੀਲੀ ਦਲੇਰੀ ਵਿਖਾਈ ਹੈ ਅਤੇ ਮੁਸੀਬਤਾਂ ਦੇ ਭਾਰ ਹੇਠਾਂ ਦਬੇ ਹੋਇਆਂ ਭੀ ਬੜੀ ਦ੍ਰਿੜ੍ਹ ਧੁਨ ਪਰਗਟ ਕੀਤੀ ਹੈ, ਜੋ ਇਨ੍ਹਾਂ ਦੇ ਅੰਦਰੋਂ ਉਸ ਵੇਲੇ ਦੀ ਉਪਜੀ ਕੁਦਰਤੀ ਹਿੰਮਤ ਦੀ ਇਕ ਬੜੀ ਵੱਡੀ ਗਵਾਹੀ ਹੈ ਜਦ ਕਿ ਸਾਂਝੇ ਖਤਰੇ ਨੇ ਇਨ੍ਹਾਂ ਨੂੰ ਜਤਨ ਕਰਨ ਲਈ ਉਤਸਾਹਤ ਕੀਤਾ ਸੀ ਅਤੇ ਇਨ੍ਹਾਂ ਦੇ ਸਾਹਸ ਨੂੰ ਇਕ ਖਾਸ ਪਾਸੇ ਹਲੂਣਾ ਦਿੱਤਾ ਸੀ। ਜੇ ਕਦੀ ਅੱਗੇ ਨੂੰ ਕਿਸੀ ਗੱਲ ਨੇ ਰਾਜ ਅਤੇ ਧਰਮ ਦੀ ਹੋਂਦ ਕ਼ਾਇਮ ਰੱਖਣ ਲਈ ਸਿੱਖਾਂ ਦੇ ਸਾਂਝੇ ਜਤਨਾਂ ਨੂੰ ਵੰਗਾਰਿਆ, ਤਾਂ ਹੋ ਸਕਦਾ ਹੈ ਅਸੀਂ ਕਿਸੇ ਅਜਿਹੇ ਉਮੰਗੀ ਸਰਦਾਰ ਨੂੰ ਸਾਹਮਣੇ ਆਉਂਦਿਆਂ ਵੇਖੀਏ ਜੋ ਆਪਣੀ ਸੂਖਮ ਬੁਧ ਅਤੇ ਸਫਲਤਾ ਤੋਂ ਉਤਸਾਹਤ ਹੋ ਕੇ ਆਪਣੇ ਸਾਥੀਆਂ ਦੀ ਤਾਕਤ ਨੂੰ ਸਮੋ ਕੇ ਸਾਂਝੇ ਰਾਜਾਂ ਦੀ ਥੇਹ ਤੋਂ ਬਾਦਸ਼ਾਹੀ ਦਾ ਝੰਡਾ ਝੁਲਾ ਦੇਵੇ। ਇਤਿਹਾਸ ਦੇ ਪੰਨੇ ਅਜਿਹੇ ਹਾਲਾਤ ਵਿਚ ਅਜਿਹੇ ਪੈਦਾ ਹੋਏ ਨਤੀਜਿਆਂ ਨਾਲ ਭਰੇ ਪਏ ਹਨ। ਮੈਨੂੰ ਇਹ ਗੱਲ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਸਿੱਖ ਛੇਤੀ ਹੀ ਹਿੰਦੁਸਤਾਨ ਦੇ ਰਾਜਿਆਂ ਵਿਚ ਪਹਿਲੇ ਦਰਜੇ ਤਕ ਵਧ ਜਾਣਗੇ।"*

ਜਾਰਜ ਫੋਰਸਟਰ ਦੀ ਇਹ ਭਵਿਖ ਬਾਣੀ ਪੰਦਰਾਂ ਸੋਲਾਂ ਵਰ੍ਹਿਆਂ ਵਿਚ ਹੀ ਮਹਾਰਾਜਾ ਰਣਜੀਤ ਸਿੰਘ ਅਤੇ ਉਨ੍ਹਾਂ ਦੇ ਰਾਜ ਦੀ ਸੂਰਤ ਵਿਚ ਪੂਰੀ ਹੋ ਗਈ।

---

* In the defence and recovery of their country, the Sicques displayed a courage of the most obstinate kind and manifested a perseverence, under the pressure of calamities, which bear an ample testimony of their native resource, when the common danger had roused them to action, and gave but one impulse to their spirit. Should any future cause call forth the combined efforts of the Sicques to maintain the existence of empire and religion, we may see some ambitious chief led on by his genius and success, and absorbing the power of his associates, display from the ruins of their commonwealth, the standard of monarchy. The page of history is filled with the like effects, springing from like causes. Under such a form of government, I have little hesitation in saying, the Sicques would soon be advanced to first rank among the native princes of Hindostan. *[A Journey from Bengal to England, i. 294-95]*

Sri Satguru Jagjit Singh Ji eLibrary

# ਤਿਥਾਵਲੀ

1696 ਅਗਸਤ 2 (2 ਭਾਦੋਂ ਸੰਮਤ 1653 ਬਿਕਰਮੀ)। ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪਟਿਆਲੇ ਦੇ ਵਡੇਰਿਆਂ ਦੇ ਨਾਉਂ ਹੁਕਮਨਾਮਾ।

1705 ਦਸੰਬਰ 7 (8 ਪੋਹ ਸੰਮਤ 1762)। ਚਮਕੌਰ ਦੀ ਲੜਾਈ ਵਿਚ ਸਾਹਿਬਜ਼ਾਦਿਆਂ ਦੀ ਸ਼ਹੀਦੀ।

— ਦਸੰਬਰ 12 (13 ਪੋਹ ਸੰਮਤ 1762)। ਛੋਟੇ ਸਾਹਿਬਜ਼ਾਦਿਆਂ ਦੀ ਸਰਹੰਦ ਵਿਚ ਸ਼ਹੀਦੀ।

1710 ਬੰਦਾ ਸਿੰਘ ਬਹਾਦੁਰ ਨੇ ਸਰਹੰਦ ਫਤਿਹ ਕੀਤੀ।

1710 ਦਸੰਬਰ 10। ਬਹਾਦੁਰ ਸ਼ਾਹ ਵੱਲੋਂ ਸਿੱਖਾਂ ਦੀ ਕਤਲਿ ਆਮ ਦਾ ਹੁਕਮ।

1716 (ਮਾਰਚ-ਜੂਨ)। ਬੰਦਾ ਸਿੰਘ ਅਤੇ ਸਾਥੀਆਂ ਦੀ ਸ਼ਹੀਦੀ।

1718 ਮਈ 3 (ਬਸਾਖ ਸੁਦੀ 15, ਸੰਮਤ 1775)। ਜੱਸਾ ਸਿੰਘ ਆਹਲੂਵਾਲੀਏ ਦਾ ਜਨਮ।

1722 (ਸੰਮਤ 1779)। ਜੱਸਾ ਸਿੰਘ ਦੇ ਪਿਤਾ ਬਦਰ ਸਿੰਘ ਦਾ ਦੇਹਾਂਤ।

1723 (ਸੰਮਤ 1780 ਬਿਕਰਮੀ)। ਜੱਸਾ ਸਿੰਘ ਅਤੇ ਉਸ ਦੀ ਮਾਤਾ ਦਿੱਲੀ ਗਏ।

1726 ਅਬਦੁਸਮੱਦ ਖ਼ਾਨ ਮੁਲਤਾਨ ਅਤੇ ਜਕਰੀਆ ਖ਼ਾਨ ਲਾਹੌਰ ਦੇ ਸੂਬੇਦਾਰ ਬਣਾਏ ਗਏ।

— ਜੁਲਾਈ-ਅਗਸਤ (ਸਾਵਣ ਭਾਦੋਂ ਸੰਮਤ 1783)। ਪੰਜ ਲੱਖ ਰੁਪਇਆ ਖਾਲਸੇ ਦੇ ਹੱਥ ਲੱਗਾ।

— ਸਤੰਬਰ (ਸੰਮਤ 1783, ਅੱਸੂ)। ਮੁਰਤਜ਼ਾ ਖ਼ਾਨ ਦੇ ਕਾਫ਼ਲੇ ਦੀ ਲੁੱਟ।

1727 (ਸੰਮਤ 1784)। ਸ਼ਾਹੀ ਘਰਾਣੇ ਦੇ ਮਾਲ ਤੇ ਛਾਪਾ।

1729 (1786 ਬਿਕਰਮੀ)। ਜੱਸਾ ਸਿੰਘ ਅਤੇ ਉਸ ਦੀ ਮਾਤਾ ਦੀ ਦਿੱਲੀ ਤੋਂ ਵਾਪਸੀ।

1730 (ਸੰਮਤ 1787)। ਤਰੁਣਾ ਦਲ ਦਾ ਪੰਜ ਜਥਿਆਂ ਵਿਚ ਵੰਡਿਆ ਜਾਣਾ।

1732 (ਸੰਮਤ 1789)। ਆਲਾ ਸਿੰਘ ਫੂਲਕੇ ਦਾ ਬਰਨਾਲੇ ਘਿਰ ਜਾਣਾ, ਖਾਲਸੇ ਨੇ ਸਹਾਇਤਾ ਕਰਨੀ।

1733 ਮਾਰਚ 29 (ਸੰਮਤ 1790)। ਸੁਬੇਗ ਸਿੰਘ ਦਾ ਅੰਮ੍ਰਿਤਸਰ ਖਾਲਸੇ ਦੇ ਦੀਵਾਨ ਵਿਚ ਆਉਣਾ।

— (ਸੰਮਤ 1790)। ਕਪੂਰ ਸਿੰਘ ਨੂੰ ਨਵਾਬੀ ਖ਼ਿਲਤ ਮਿਲਣਾ।

1734 ਜੂਨ 24 (ਹਾੜ ਸੁਦੀ ਪੰਜ, ਸੰਮਤ 1791 ਬਿਕਰਮੀ)। ਭਾਈ ਮਨੀ ਸਿੰਘ ਦੀ ਸ਼ਹੀਦੀ।

1734 (ਸੰਮਤ 1791)। ਦੀਵਾਨ ਦਰਬਾਰਾ ਸਿੰਘ ਦਾ ਦੇਹਾਂਤ।

Sri Satguru Jagjit Singh Ji eLibrary

1735 ਖਾਲਸੇ ਦੀ ਜਾਗੀਰ ਦਾ ਜ਼ਬਤ ਹੋਣਾ।

1736 (ਸੰਮਤ 1793)। ਦੀਵਾਨ ਲਖਪਤ ਰਾਏ ਅਤੇ ਮੁਖਲਸ ਖ਼ਾਨ ਦੀ ਸਿੰਘਾਂ ਵਿਰੁੱਧ ਚੜ੍ਹਾਈ।

1739 ਮੀਰ ਮੰਨੂ ਨੇ ਦੁੱਰਾਨੀ ਦੀ ਈਨ ਮੰਨ ਲਈ।

— ਜਨਵਰੀ। ਨਾਦਿਰ ਸਾਹ ਦਾ ਹੱਲਾ।

— ਮਈ। ਖ਼ਾਲਸੇ ਨੇ ਨਾਦਿਰ ਸ਼ਾਹ ਦੀ ਲੁੱਟ ਦਾ ਮਾਲ ਖੋਹ ਲੈਣਾ।

1740 ਅਗਸਤ। ਮੱਸੇ ਰੰਘੜ ਨੂੰ ਸੋਧਨਾ।

1745 ਜੁਲਾਈ 1, (ਸੰਮਤ 1802, ਸਾਵਣ 1)। ਭਾਈ ਤਾਰੂ ਸਿੰਘ ਦੀ ਸ਼ਹੀਦੀ, ਜ਼ਕਰੀਆ ਖ਼ਾਨ ਦੀ ਮੌਤ।

1746 ਜਨਵਰੀ-ਫਰਵਰੀ (ਮਾਘ-ਫੱਗਣ ਸੰਮਤ 1802)। ਦੀਵਾਨ ਜਸਪਤ ਰਾਇ ਦਾ ਸਿੱਖ ਜੱਥੇ ਨੂੰ ਐਮਨਾਬਾਦ ਵੱਲ ਧਕਣਾ।

— ਮਾਰਚ ਪਹਿਲਾ ਹਫਤਾ। ਲਾਹੌਰ ਦੇ ਸਿੱਖਾਂ ਦਾ ਫੜਿਆ ਜਾਣਾ।

— ਮਾਰਚ 10 (12 ਚੇਤ ਸੰਮਤ 1802)। ਸਿੰਘਾਂ ਦਾ ਕਤਲ।

— ਮਈ ਪਹਿਲੀ (2 ਜੇਠ ਸੰਮਤ 1803)। ਛੋਟੇ ਘਲੂਘਾਰੇ ਦਾ ਵਾਪਰਨਾ।

— ਨਵੰਬਰ। ਸ਼ਾਹ ਨਵਾਜ਼ ਖ਼ਾਨ ਦਾ ਲਾਹੌਰ ਆਉਣਾ।

1747 ਮਾਰਚ 13, (12 ਰੱਬੀ-ਉਲ-ਅਵੱਲ 1160 ਹਿਜਰੀ) ਯਾਹੀਆ ਖ਼ਾਨ ਦਾ ਕੈਦ ਕੀਤਾ ਜਾਣਾ।

— ਮਾਰਚ ਦੇ ਤੀਜੇ ਹਫਤੇ ਦਾ ਅੰਤ ਜਾਂ ਚੌਥੇ ਦਾ ਆਰੰਭ। ਸਿੰਘਾਂ ਦਾ ਅੰਮ੍ਰਿਤਸਰ ਤੇ ਕਬਜ਼ਾ।

— ਜੂਨ 8-9। ਨਾਦਰ ਸ਼ਾਹ ਕਤਲ ਕਰ ਦਿੱਤਾ ਗਿਆ।

1748 ਸਿੱਖਾਂ ਨੂੰ ਫੜਨ ਦਾ ਹੁਕਮ।

— ਜਨਵਰੀ 10। ਅਹਿਮਦ ਸ਼ਾਹ ਦੁੱਰਾਨੀ ਦਾ ਲਾਹੌਰ ਆਉਣਾ।

— ਜਨਵਰੀ 11-12। ਸ਼ਾਹ ਨਵਾਜ਼ ਦਾ ਦਿੱਲੀ ਨੂੰ ਦੌੜ ਜਾਣਾ।

— ਜਨਵਰੀ 21-22। ਖਾਲਸੇ ਦਾ ਨੂਰ ਦੀ ਸਰਾਇ ਤੇ ਹੱਲਾ।

— ਫਰਵਰੀ 19। ਅਹਿਮਦ ਸ਼ਾਹ ਦਾ ਲਾਹੌਰੋਂ ਦਿੱਲੀ ਨੂੰ ਕੂਚ।

— ਮਾਰਚ 1। ਅਹਿਮਦ ਸ਼ਾਹ ਦਾ ਸਤਲੁਜ ਪਾਰ ਕਰਨਾ।

— ਮਾਰਚ 4-5। ਆਨੰਦਪੁਰ ਹੋਲੇ ਮਹੱਲੇ ਦਾ ਮੇਲਾ।

— ਮਾਰਚ 11। ਵਜ਼ੀਰ ਕਮੱਰੁਦੀਨ ਦਾ ਮਾਰਿਆ ਜਾਣਾ।

— ਮਾਰਚ (ਦੂਸਰਾ ਹਫਤਾ)। ਰਾਜਾ ਗੁਰਦਿੱਤ ਮੱਲ ਨੂੰ ਭਾਜ।

— ਮਾਰਚ 17। ਅਹਿਮਦ ਸ਼ਾਹ ਦੀ ਸਰਹੰਦ ਤੋਂ ਵਾਪਸੀ।

1748 ਮਾਰਚ (ਤੀਸਰਾ ਹਫ਼ਤਾ)। ਅਦੀਨਾ ਬੇਗ ਦਾ ਖ਼ਾਨਪੁਰ ਅਤੇ ਸਿੰਘਾਂ ਦਾ ਅੰਮ੍ਰਿਤਸਰ ਚਲੇ ਜਾਣਾ, ਅਹਿਮਦ ਸ਼ਾਹ ਅਬਦਾਲੀ ਦੀ ਵਾਪਸੀ।

— ਅਪਰੈਲ (ਵਸਾਖੀ)। ਰਾਮ ਰਾਉਣੀ ਦਾ ਰਚਨਾ।

— ਅਪਰੈਲ 11। ਸ਼ਾਹਜ਼ਾਦਾ ਅਹਿਮਦ ਅਤੇ ਮੀਰ ਮੰਨੂੰ ਦਾ ਸਰਹੰਦ ਟਿਕੇ ਰਹਿਣਾ, ਮੀਰ ਮੰਨੂੰ ਦਾ ਪੰਜਾਬ ਦਾ ਹਾਕਮ ਨਿਯਤ ਹੋਣਾ।

Sri Satguru Jagjit Singh Ji eLibrary

— ਅਕਤੂਬਰ। ਰਾਮ ਰਾਉਣੀ ਦਾ ਘੇਰਾ।

— ਨਵੰਬਰ (ਮਘਰ 1805)। ਰਾਮ ਰਾਉਣੀ ਦਾ ਘੇਰਾ ਚੁੱਕਿਆ ਜਾਣਾ।

1749 ਅੰਮ੍ਰਿਤਸਰ ਵਿਚ ਦੀਪਮਾਲਾ ਦਾ ਮੇਲਾ।

— ਸੰਤਬਰ-ਅਕਤੂਬਰ, ਮੁਲਤਾਨ ਦੀ ਮੁਹਿੰਮ।

1752 ਜਨਵਰੀ-ਮਾਰਚ। ਅਹਿਮਦ ਸ਼ਾਹ ਦੁੱਰਾਨੀ ਦਾ ਤੀਸਰਾ ਹੱਲਾ।

— ਮਾਰਚ 6। ਦੀਵਾਨ ਕੌੜਾ ਮੱਲ ਦਾ ਮਹਿਮੂਦ ਬੂਟੀ ਦੀ ਲੜਾਈ ਵਿਚ ਮਾਰਿਆ ਜਾਣਾ।

— ਮਾਰਚ 1752 ਤੋਂ ਨਵੰਬਰ 1753। ਸਿੰਘਾਂ ਤੇ ਫਿਰ ਸਖ਼ਤੀ ਦੇ ਹੁਕਮ।

— ਜੁਲਾਈ-ਅਗਸਤ। ਨਦੌਣ ਦੀ ਲੜਾਈ।

1753 ਫ਼ਰਵਰੀ 18-19। ਅਨੰਦਪੁਰ ਵਿਚ ਹੋਲੇ ਮਹੱਲੇ ਪਰ ਅਦੀਨਾ ਬੇਗ ਦਾ ਹੱਲਾ।

— ਅਕਤੂਬਰ 7 (ਅਸੂ ਸੁਦੀ ਸੰਮਤ 1810)। ਨਵਾਬ ਕਪੂਰ ਸਿੰਘ ਦਾ ਦੇਹਾਂਤ।

— ਅਕਤੂਬਰ 26। ਦਿਵਾਲੀ ਅੰਮ੍ਰਿਤਸਰ ਵਿਚ।

— ਨਵੰਬਰ 2 (ਸ਼ੁਕਰਵਾਰ 5 ਮੁਹੱਰਮ 1167 ਹਿਜਰੀ)। ਮੀਰ ਮੰਨੂ ਦੀ ਸਿੰਘਾਂ ਪਰ ਚੜ੍ਹਾਈ।

— ਨਵੰਬਰ 4। ਮੀਰ ਮੰਨੂ ਦੀ ਮੌਤ।

1754 ਅਪਰੈਲ 10 (ਸੰਮਤ 1811)। ਜੱਸਾ ਸਿੰਘ ਆਹਲੂਵਾਲੀਏ ਦਾ ਆਗੂ ਚੁਣਿਆ ਜਾਣਾ।

— ਮਈ। ਮੁਹੰਮਦ ਅਮੀਨ ਖ਼ਾਨ ਦੀ ਮੌਤ।

1755 ਅਪਰੈਲ। ਭਿਖਾਰੀ ਖ਼ਾਨ ਦਾ ਮਰਵਾਇਆ ਜਾਣਾ।

1756 ਫ਼ਰਵਰੀ। ਗ਼ਾਜ਼ੀ-ਉ-ਦੀਨ ਦਾ ਸਰਹੰਦ ਆਉਣਾ।

— ਅਕਤੂਬਰ। ਅਹਿਮਦ ਸ਼ਾਹ ਦੁੱਰਾਨੀ ਨੇ ਏਲਚੀ ਦਿੱਲੀ ਭੇਜਣਾ।

— ਨਵੰਬਰ 25। ਲਾਹੌਰ ਤੇ ਦੁੱਰਾਨੀਆਂ ਦਾ ਕਬਜ਼ਾ।

— ਦਸੰਬਰ 20। ਅਹਿਮਦ ਸ਼ਾਹ ਦਾ ਖ਼ੁਦ ਲਾਹੌਰ ਪੁੱਜਣਾ।

1757 ਫ਼ਰਵਰੀ 14। ਤੈਮੂਰ ਦਾ ਨਿਕਾਹ ਆਲਮਗੀਰ ਦੀ ਲੜਕੀ ਗੌਹਰਅਫ਼ਰੋਜ਼ ਨਾਲ ਹੋਣਾ।

— ਮਾਰਚ 1। ਜਹਾਨ ਖ਼ਾਨ ਮਥੁਰਾ ਪੁੱਜਾ।

1757 ਮਾਰਚ 4। ਹੋਲੀ ਦੇ ਦਿਨ ਹਿੰਦੂਆਂ ਦਾ ਕਤਲਾਮ।

— ਮਾਰਚ 6। ਜਹਾਨ ਖ਼ਾਨ ਵੱਲੋਂ ਬਿੰਦ੍ਰਾਬਨ ਵਿਚ ਕਤਲਾਮ।

— ਮਾਰਚ 15। ਅਹਿਮਦ ਸ਼ਾਹ ਦਾ ਮਥੁਰਾ ਪਹੁੰਚਣਾ ਅਤੇ ਗੋਕਲ ਦੀ ਕਤਲਾਮ।

— ਮਈ। ਦੁੱਰਾਨੀਆਂ ਵੱਲੋਂ ਦਰਬਾਰ ਸਾਹਿਬ ਦੀ ਬੇ-ਅਦਬੀ।

— ਦਸੰਬਰ। ਮਾਹਲਪੁਰ ਦੀ ਲੜਾਈ ਵਿਚ ਖ਼ਾਲਸੇ ਦੀ ਜਿੱਤ।

1757 ਦਸੰਬਰ-ਜਨਵਰੀ 1758। ਖ਼੍ਵਾਜਾ ਉਬੈਦੁੱਲਾ ਖ਼ਾਨ ਦੀ ਹਾਰ।

1758 ਜਨਵਰੀ। ਅਬਦੁੱ-ਸਮਦ ਖ਼ਾਨ ਵੱਲੋਂ ਸਰਹੰਦ ਦੀ ਕਿਲੇਬੰਦੀ।

— ਜਨਵਰੀ 25 (ਚੇਤ ਵਦੀ 1)। ਖ਼ਾਲਸੇ ਦਾ ਹੋਲੇ ਮਹੱਲੇ ਦੇ ਲਈ ਅਨੰਦਪੁਰ ਪੁੱਜਣਾ।

— ਮਾਰਚ 9। ਰਘੁਨਾਥ ਰਾਉ ਦਾ ਸਰਹੰਦ ਪੁੱਜਣਾ।

— ਮਾਰਚ 21 (ਫੱਗਣ ਸੁਦੀ 12 ਸੰਮਤ 1814)। ਸਿੰਘਾਂ ਅਤੇ ਮਰਾਠਿਆਂ ਨੇ ਸਰਹੰਦ ਨੂੰ

Sri Satguru Jagjit Singh Ji eLibrary

ਮਾਰਨਾ।

— ਅਪਰੈਲ। ਮਿਰਜਾ ਜਾਨ ਦਾ ਅਹਿਮਦ ਖ਼ਾਨ ਅਤੇ ਸਾਲਿਹ ਖ਼ਾਨ ਨੂੰ ਕੈਦ ਕਰਨਾ।

— ਅਪਰੈਲ-ਸੰਤਬਰ। ਅਦੀਨਾ ਬੇਗ ਦੀ ਹਕੂਮਤ।

— ਅਪਰੈਲ 19। ਤੈਮੂਰ ਸ਼ਾਹ ਅਤੇ ਜਹਾਨ ਖ਼ਾਨ ਦਾ ਲਾਹੌਰ ਖਾਲੀ ਕਰਨਾ।

— ਅਪਰੈਲ 20। ਅਦੀਨਾ ਬੇਗ, ਰਘੂਨਾਥ ਰਾਉ ਅਤੇ ਖਾਲਸੇ ਦਾ ਲਾਹੌਰ ਪਹੁੰਚਣਾ।

— ਮਈ 10। ਰਘੂਨਾਥ ਰਾਉ ਦਾ ਦਿੱਲੀ ਵੱਲ ਮੁੜਨਾ।

— ਜੂਨ 5। ਰਘੂਨਾਥ ਰਾਉ ਦਾ ਸੋਮਾਵਤੀ ਮੱਸਿਆ ਦੇ ਦਿਨ ਕੁਰਕਸ਼ੇਤਰ ਅਸ਼ਨਾਨ ਕਰਨਾ।

— ਅਗਸਤ ਦਾ ਅੰਤ ਜਾ ਸ਼ੁਰੂ ਸਤੰਬਰ। ਗੁਲਸ਼ੇਰ ਖ਼ਾਨ ਦਾ ਮਾਰਿਆ ਜਾਣਾ।

— ਸਤੰਬਰ। ਬਾਬਾ ਆਲਾ ਸਿੰਘ ਦਾ ਮੁਹੰਮਦ ਅਮੀਨ ਖ਼ਾਨ ਅਤੇ ਅਬਦੁੱਸਮੱਦ ਖ਼ਾਨ ਨੂੰ ਹਾਰ ਦੇਣਾ।

— ਸਤੰਬਰ 15। ਅਦੀਨਾ ਬੇਗ ਖ਼ਾਨ ਦਾ ਦੇਹਾਂਤ।

— ਸਤੰਬਰ ਅੰਤਲੇ ਦਿਨ। ਨੂਰਦੀਨ ਬਾਮੇਜ਼ਈ ਦਾ ਸਿੰਧ ਸਾਗਰ ਵਿਚ ਦਾਖ਼ਲ ਹੋਣਾ।

— ਨਵੰਬਰ। ਮਿਰਜਾ ਜਾਨ ਵੱਲੋਂ ਖਾਲਸੇ ਦੀ ਸਹਾਇਤਾ ਨਾਲ ਨੂਰੁੱਦੀਨ ਬਾਮੇਜ਼ਈ ਨੂੰ ਭਾਂਜ।

1759 ਮਾਰਚ। ਖਾਲਸਾ ਸਰਦਾਰਾਂ ਅਤੇ ਵਹੀਰ ਦਾ ਰਾਇਪੁਰ ਗੁਜਰਵਾਲ ਇਕੱਠੇ ਹੋਣਾ।

— ਮਾਰਚ 13-14। ਸਿਦੀਕ ਬੇਗ ਦਾ ਆਨੰਦਪੁਰ ਮੇਲੇ ਤੇ ਧਾਵਾ।

— ਅਕਤੂਬਰ। ਅਹਿਮਦ ਸ਼ਾਹ ਦੁੱਰਾਨੀ ਦਾ ਪੰਜਾਬ ਤੇ ਹਮਲਾ।

— ਅਕਤੂਬਰ 20। ਮਿਸਲਦਾਰ ਸਰਦਾਰਾਂ ਦਾ ਅਕਾਲ ਬੁੰਗੇ ਇਕੱਠੇ ਹੋਣਾ ਅਤੇ ਦੁੱਰਾਨੀ ਦਾ ਸਾਹਮਣਾ ਕਰਨ ਲਈ ਲਾਹੌਰ ਵੱਲ ਕੂਚ।

— ਅਕਤੂਬਰ 25। ਅਹਿਮਦ ਸ਼ਾਹ ਦੁੱਰਾਨੀ ਦਾ ਪੰਜਾਬ ਵੱਲ ਨੂੰ ਅਟਕ ਪਾਰ ਕਰਨਾ।

— ਨਵੰਬਰ 20। ਅਹਿਮਦ ਸ਼ਾਹ ਦਾ ਗੋਇੰਦਵਾਲੋਂ ਬਿਆਸਾ ਪਾਰ ਕਰਨਾ।

— ਨਵੰਬਰ 29। ਇਮਾਦੁਲ-ਮੁਲਕ ਗਾਜ਼ੀ-ਉ-ਦੀਨ ਦਾ ਬਾਦਸ਼ਾਹ ਆਲਮਗੀਰ ਨੂੰ ਮਰਵਾ ਦੇਣਾ।

1760 ਈਸਵੀ। ਸਤੰਬਰ-ਅਕਤੂਬਰ। ਸਰ ਬੁਲੰਦ ਖ਼ਾਨ ਦਾ ਪੀਰ ਮੁਹੰਮਦ ਖ਼ਾਨ ਨੂੰ ਲਾਹੌਰ ਦਾ ਨਾਇਬ ਹਾਕਿਮ ਮੁਕੱਰਰ ਕਰਨਾ।

— ਅਕਤੂਬਰ। ਖਾਲਸੇ ਦਾ ਰੁਸਤਮ ਖ਼ਾਨ ਸੱਦੋਜ਼ਈ ਨੂੰ ਕੈਦ ਕਰਨਾ ਅਤੇ ਵੀਹ ਲੱਖ ਨਜ਼ਰਾਨਾ ਲੈਣਾ।

— ਨਵੰਬਰ। ਮੀਰ ਮੁਹੰਮਦ ਖ਼ਾਨ ਪਾਸੋਂ 30 ਹਜ਼ਾਰ ਨਜ਼ਰਾਨਾ।

— ਨਵੰਬਰ 7। ਖਾਲਸੇ ਦਾ ਅੰਮ੍ਰਿਤਸਰ ਦਿਵਾਲੀ ਦੇ ਦਿਨ ਇਕੱਠ ਅਤੇ ਲਾਹੌਰ ਤੇ ਹੱਲੇ ਦਾ ਗੁਰਮਤਾ।

1761 ਖ਼ੁਆਜਾ ਉਬੈਦੁੱਲਾ ਦੀ ਮੌਤ।

— ਜਨਵਰੀ 14। ਪਾਣੀਪਤ ਦੀ ਤੀਸਰੀ ਲੜਾਈ।

— ਜਨਵਰੀ 29। ਅਹਿਮਦ ਸ਼ਾਹ ਦਾ ਸ਼ਾਹ ਆਲਮ ਨੂੰ ਦਿੱਲੀ ਦਾ ਬਾਦਸ਼ਾਹ ਪਰਵਾਨ ਕਰਨਾ।

Sri Satguru Jagjit Singh Ji eLibrary

— ਮਾਰਚ 13। ਅਹਿਮਦ ਸ਼ਾਹ ਦਾ ਆਪਣੀ ਅਗਾਊਂ ਫੌਜ ਅਤੇ ਪੇਸ਼ ਖੈਮਾ ਤੋਰਨਾ।

— ਮਾਰਚ 20। ਦੁਰਾਨੀ ਦਾ ਦਿੱਲੀ ਤੋਂ ਅਫਗਾਨਿਸਤਾਨ ਨੂੰ ਮੋੜਾ।

— ਮਾਰਚ 27। ਅਹਿਮਦ ਸ਼ਾਹ ਦਾ ਅੰਬਾਲੇ ਪਹੁੰਚਣਾ।

— ਮਾਰਚ 29। (22 ਸ਼ਾਬਾਨ, 1174 ਹਿਜਰੀ)। ਅਹਿਮਦ ਸ਼ਾਹ ਦਾ ਵਾਪਸ ਸਰਹੰਦ ਪੁੱਜਣਾ। ਜੈਨ ਖ਼ਾਨ ਨੂੰ ਸਰਹੰਦ ਦਾ ਫੌਜਦਾਰ ਨਿਯਤ ਕਰਨਾ ਅਤੇ ਬਾਬਾ ਆਲਾ ਸਿੰਘ ਨੂੰ ਉਸ ਦੇ ਕਬਜ਼ੇ ਹੇਠ ਇਲਾਕੇ ਦਾ ਹਾਕਮ ਪਰਵਾਨ ਕਰਨਾ।

— ਅਪਰੈਲ 10। ਜੱਸਾ ਸਿੰਘ ਆਹਲੂਵਾਲੀਏ ਦਾ ਅੰਮ੍ਰਿਤਸਰ ਵਸਾਖੀ ਵਾਲੇ ਦਿਨ ਹਿੰਦੂ ਜਨਾਨੀਆਂ ਨੂੰ ਛੁਡਾਉਣ ਦਾ ਫੈਸਲਾ।

— ਅਪਰੈਲ 26। ਅਹਿਮਦ ਸ਼ਾਹ ਦਾ ਲਾਹੌਰ ਪੁੱਜਣਾ, ਖੁਆਜਾ ਉਬੈਦ ਖ਼ਾਨ ਨੂੰ ਲਾਹੌਰ ਦਾ ਅਤੇ ਘੁਮੰਡ ਚੰਦ ਕਟੋਚ ਨੂੰ ਖਿਸਤ ਜਾਲੰਧਰ ਦਾ ਫੌਜਦਾਰ ਨਿਯਤ ਕਰਨਾ।

— ਮਈ-ਜੂਨ। ਖਾਲਸੇ ਦਾ ਮਿਰਜੇ ਜਾਨ ਨੂੰ ਮਾਰਨਾ।

— ਅਗਸਤ। ਨੂਰੁੱਦੀਨ ਬਾਮੇਜ਼ਈ ਦੀ ਚੜ੍ਹਤ ਸਿੰਘ ਵਿਰੁੱਧ ਨਿਸਫਲ ਮੁਹਿੰਮ।

— ਸਤੰਬਰ। ਖੁਆਜਾ ਉਬੈਦ ਖ਼ਾਨ ਦੀ ਹਾਰ ਅਤੇ ਸਿੰਘਾਂ ਦਾ ਲਾਹੌਰ ਪਰ ਕਬਜ਼ਾ।

— ਅਕਤੂਬਰ 27। ਖਾਲਸੇ ਦਾ ਦਿਵਾਲੀ ਤੇ ਅੰਮ੍ਰਿਤਸਰ ਇਕੱਠੇ ਹੋਣਾ ਅਤੇ ਅਬਦਾਲੀ ਦੇ ਮੁਖਬਰਾਂ ਨੂੰ ਖ਼ਤਮ ਕਰਨ ਦਾ ਫੈਸਲਾ।

1762, ਜਨਵਰੀ। ਜੰਡਿਆਲੇ ਦਾ ਘੇਰਾ।

— ਫਰਵਰੀ 3। ਅਹਿਮਦ ਸ਼ਾਹ ਦਾ ਲਾਹੌਰ ਤੋਂ ਕੂਚ।

— ਫਰਵਰੀ 4। ਅਹਿਮਦ ਸ਼ਾਹ ਦੁੱਰਾਨੀ ਦਾ ਜੈਨ ਖ਼ਾਨ ਨੂੰ ਸਿੱਖਾਂ ਤੇ ਪੰਜ ਫਰਵਰੀ ਨੂੰ ਅਗਿਊਂ ਹੱਲਾ ਕਰਨ ਦਾ ਹੁਕਮ ਦੇਣਾ।

— ਫਰਵਰੀ 5, (11 ਰੱਜਬ, 1175 ਹਿਜਰੀ), ਜੈਨ ਖ਼ਾਨ ਦਾ ਫੌਜ ਲੈ ਕੇ ਚੜ੍ਹਨਾ ਅਤੇ ਕਾਸਿਮ ਖ਼ਾਨ ਬੜਾਇਚ ਨੂੰ ਸਿੰਘਾਂ ਪਰ ਹੱਲਾ ਕਰਨ ਦਾ ਹੁਕਮ; ਵੱਡਾ ਘੱਲੂਘਾਰਾ।

— ਫਰਵਰੀ 15। ਅਹਿਮਦ ਸ਼ਾਹ ਦਾ ਲਾਹੌਰ ਵੱਲ ਮੁੜ ਪੈਣਾ।

— ਮਾਰਚ 3। ਅਹਿਮਦ ਸ਼ਾਹ ਦਾ ਲਾਹੌਰ ਪੁੱਜਣਾ।

— ਅਪਰੈਲ। ਅਹਿਮਦ ਸ਼ਾਹ ਵੱਲੋਂ ਦਰਬਾਰ ਸਾਹਿਬ ਦੀ ਬੇ-ਅਦਬੀ।

— ਮਈ 17। ਜੱਸਾ ਸਿੰਘ ਦੀ ਜੈਨ ਖ਼ਾਨ ਨੂੰ ਹਾਰ, ਲਛਮੀ ਨਰਾਇਣ ਦੀ ਮੌਤ।

— ਅਗਸਤ 25 ਤੋਂ ਸਤੰਬਰ 24। ਖਾਲਸੇ ਦਾ ਮਹੀਨਾ ਭਰ ਪਾਣੀਪਤ ਟਿਕਿਆ ਰਹਿਣਾ।

— ਸਤੰਬਰ 24। ਦਲ ਖਾਲਸੇ ਦਾ ਉੱਤਰ ਵੱਲ ਮੋੜਾ।

— ਅਕਤੂਬਰ 16। ਅਹਿਮਦ ਸ਼ਾਹ ਅਬਦਾਲੀ ਦਾ ਅੰਮ੍ਰਿਤਸਰ ਪਹੁੰਚਣਾ।

— ਅਕਤੂਬਰ 17। ਖਾਲਸੇ ਦੀ ਦੁੱਰਾਨੀਆਂ ਨਾਲ ਲੜਾਈ ਅਤੇ ਅਬਦਾਲੀ ਦਾ ਰਾਤ ਦੇ ਹਨੇਰੇ ਵਿਚ ਲਾਹੌਰ ਨੂੰ ਕੂਚ।

— ਦਸੰਬਰ 12। ਅਹਿਮਦ ਸ਼ਾਹ ਅਬਦਾਲੀ ਦਾ ਲਾਹੌਰ ਤੋਂ ਦੇਸ ਨੂੰ ਮੁੜ ਪੈਣਾ।

1763, ਅਪਰੈਲ 10। ਬਸਾਖੀ ਦੇ ਇਕੱਠ ਤੇ ਕਸੂਰ ਦੇ ਇਕ ਬ੍ਰਾਹਮਣ ਦੀ ਖਾਲਸੇ ਅੱਗੇ ਅੰਮ੍ਰਿਤਸਰ ਪੁਕਾਰ।

— ਅਪਰੈਲ 12-13। ਖਾਲਸੇ ਦਾ ਕਸੂਰ ਤੇ ਹੱਲਾ।

— ਅਪਰੈਲ। ਜੱਸਾ ਸਿੰਘ ਦਾ ਕਾਨਗੜ੍ਹ ਅਤੇ ਗੜ੍ਹ-ਸ਼ੰਕਰ ਤੇ ਕਬਜਾ।

— ਨਵੰਬਰ 5। ਖਾਲਸੇ ਦਾ ਸਰਹੰਦ ਨੂੰ ਸੋਧਣ ਦਾ ਗੁਰਮਤਾ।

— ਦਸੰਬਰ 25। ਸੂਰਜਮਲ ਭਰਤਪੁਰੀਏ ਦੀ ਮੌਤ।

1764, ਜਨਵਰੀ। ਮਿਸਲਦਾਰ ਸਰਦਾਰਾਂ ਦਾ ਚਮਕੌਰ ਸਾਹਿਬ ਇਕੱਠ।

— ਜਨਵਰੀ 13। ਖਾਲਸੇ ਦਾ ਸਰਹੰਦ ਵੱਲ ਕੂਚ।

— ਜਨਵਰੀ 14। (4 ਮੱਘਰ ਸੰਮਤ 1820)। ਜੈਨ ਖ਼ਾਨ ਦਾ ਸਰਹੰਦ ਪਹੁੰਚਣ ਦਾ ਯਤਨ, ਜੈਨ ਖ਼ਾਨ ਦਾ ਮਾਰਿਆ ਜਾਣਾ ਅਤੇ ਦੁੱਰਾਨੀ ਹਕੂਮਤ ਦਾ ਖਾਤਮਾ। ਖਾਲਸੇ ਦਾ ਸਰਹੰਦ ਤੇ ਕਬਜਾ।

— ਫਰਵਰੀ। ਤਰੁਨਾ ਦਲ ਦਾ ਜਾਲੰਧਰ ਦੁਆਬ ਤੇ ਕਬਜਾ।

— ਫਰਵਰੀ। ਭਰਤਪੁਰੀਏ ਜਵਾਹਰ ਸਿੰਘ ਦੇ ਵਕੀਲਾਂ ਦਾ ਜੱਸਾ ਸਿੰਘ ਪਾਸ ਮਦਦ ਲਈ ਆਉਣਾ।

— ਫਰਵਰੀ, (ਤੀਸਰਾ ਹਫਤਾ)। ਜੱਸਾ ਸਿੰਘ ਦੀ ਕਮਾਨ ਹੇਠਾਂ ਗੰਗ ਦੁਆਬ ਤੇ ਹੱਲਾ।

— ਫਰਵਰੀ 20। ਸਹਾਰਨਪੁਰ ਤੇ ਕਬਜਾ।

— ਅਗਸਤ 2। (22 ਸਾਵਨ ਸੰਮਤ 1821)। ਬੁੱਢਾ ਸਿੰਘ ਦਾ ਸਰਹੰਦ ਦਾ ਪ੍ਰਬੰਧ। ਸਰਹੰਦ ਬਾਬਾ ਆਲਾ ਸਿੰਘ ਨੂੰ ਦੇ ਦੇਣਾ।

— ਅਕਤੂਬਰ। ਅਹਿਮਦ ਸ਼ਾਹ ਅਤੇ ਮੀਰ ਨਸੀਰ ਖ਼ਾਨ ਦਾ ਸਿੱਖਾਂ ਵਿਰੁੱਧ ਜਹਾਦ।

— ਨਵੰਬਰ 15-16। ਜਵਾਹਰ ਸਿੰਘ ਦੀ ਨਜੀਬੁੱਦੌਲਾ ਨਾਲ ਟੱਕਰ।

— ਨਵੰਬਰ 30। ਅਹਿਮਦ ਸ਼ਾਹ ਦਾ ਅੰਮ੍ਰਿਤਸਰ ਪਹੁੰਚਣਾ।

— ਦਸੰਬਰ 1। ਗੁਰਬਖਸ਼ ਸਿੰਘ ਦੇ ਜੱਥੇ ਦੀ ਸ਼ਹੀਦੀ।

— ਦਸੰਬਰ ਦਾ ਆਖਰ ਜਾਂ ਜਨਵਰੀ 1765। ਜੱਸਾ ਸਿੰਘ ਆਹਲੂਵਾਲੀਏ ਦਾ ਦਿੱਲੀ ਪਹੁੰਚਣਾ।

— ਦਸੰਬਰ 1764-ਫਰਵਰੀ 1765। ਖਾਲਸਾ ਜਵਾਹਰ ਸਿੰਘ ਦੀ ਮਦਦ ਤੇ।

1765 ਜਨਵਰੀ-ਫਰਵਰੀ। ਮਰਾਠਿਆਂ ਦਾ ਨਜੀਬੁੱਦੌਲਾ ਨਾਲ ਸੁਲਾਹ ਕਰਨਾ।

— ਫਰਵਰੀ 4। ਸਬਜ਼ੀ ਮੰਡੀ ਵਿਚ ਖਾਲਸਾ ਅਤੇ ਰੁਹੇਲਿਆਂ ਦੀ ਲੜਾਈ ਅਤੇ ਰੁਹੇਲਿਆਂ ਦਾ ਪਿੱਛੇ ਹਟਣਾ।

— ਮਾਰਚ। ਅਹਿਮਦ ਸ਼ਾਹ ਅਬਦਾਲੀ ਦਾ ਝਨਾਂ ਕੋਲ ਪੁੱਜਣਾ।

— ਅਪਰੈਲ 10। ਖਾਲਸੇ ਦਾ ਅੰਮ੍ਰਿਤਸਰ ਬਸਾਖੀ ਵਾਲੇ ਦਿਨ ਲਾਹੌਰ ਤੇ ਕਬਜਾ ਕਰਨ ਦਾ ਗੁਰਮਤਾ ਸੋਧਨਾ।

— ਅਪਰੈਲ 16। (ਬਸਾਖ ਵਦੀ 11 ਸੰਮਤ 1822) ਖਾਲਸੇ ਦਾ ਰਾਤ ਨੂੰ ਲਾਹੌਰ ਸ਼ਹਿਰ ਵਿਚ ਦਾਖ਼ਲ ਹੋ ਜਾਣਾ।

— ਅਪਰੈਲ 17। ਲਾਹੌਰ ਤੇ ਸਿੰਘਾਂ ਦਾ ਕਬਜਾ।

— ਅਗਸਤ 7 (ਭਾਦੋਂ ਵਦੀ ਛਠ, ਸੰਮਤ 1822)। ਬਾਬਾ ਆਲਾ ਸਿੰਘ ਦਾ ਚਲਾਣਾ ਕਰ ਜਾਣਾ।

— ਸਤੰਬਰ। ਖਾਲਸਾ ਦਲ ਵੱਲੋਂ ਨਜੀਬੁੱਦੌਲਾ ਦੀ ਸਹਾਇਤਾ ਦਾ ਫੈਸਲਾ।

Sri Satguru Jagjit Singh Ji eLibrary

— ਦਸੰਬਰ। ਸ਼ਾਮਲੀ ਦੀ ਮੁਹਿੰਮ ਦਾ ਪਿਛੇ ਪਾਉਣਾ ਅਤੇ ਖਾਲਸੇ ਦਾ ਜੈਪੁਰ ਦੀ ਹਦ ਵੱਲ ਤੁਰਨਾ।

1766 ਜਨਵਰੀ-ਮਾਰਚ। ਖਾਲਸੇ ਵੱਲੋਂ ਜਵਾਹਰ ਸਿੰਘ ਭਰਤਪੁਰੀਏ ਦੀ ਸਹਾਇਤਾ।

— ਮਾਰਚ। ਰਾਣਾ ਗੋਹਦ ਦੀ ਸਹਾਇਤਾ।

— ਮਾਰਚ, 13-14। ਸਿੰਘਾਂ ਦਾ ਧੋਲਪੁਰ ਦੇ ਕਿਲੇ ਤੇ ਕਬਜ਼ਾ ਅਤੇ ਸੁਲਤਾਨ ਜੀ ਲੰਬਾਟੇ ਸਮੇਤ ਸਾਰੇ ਮਰਾਠੇ ਜਰਨੈਲਾਂ ਦਾ ਪਕੜਿਆ ਜਾਣਾ।

— ਅਪਰੈਲ, 10। ਅੰਮ੍ਰਿਤਸਰ ਵਸਾਖੀ ਮਨਾਉਣਾ।

— ਨਵੰਬਰ। ਅਹਿਮਦ ਸ਼ਾਹ ਦਾ ਸਿੰਧ ਦਰਿਆ ਪਾਰ ਕਰਨਾ।

— ਦਸੰਬਰ, 4। ਅਹਿਮਦ ਸ਼ਾਹ ਦਾ ਗੁਜਰਾਤ ਪਹੁੰਚਣਾ।

— ਦਸੰਬਰ 10। ਅਬਦਾਲੀ ਦਾ ਗੁਜਰਾਤ ਤੋਂ ਚਲਣਾ।

— ਦਸੰਬਰ 29। ਅਹਿਮਦ ਸ਼ਾਹ ਦਾ ਲਾਹੌਰ ਤੋਂ ਚਲਣਾ।

1767, ਜਨਵਰੀ 1। ਦੁੱਰਾਨੀ ਦਾ ਵੈਰੋਵਾਲ ਦੇ ਪਤਨ ਵੱਲ ਤਰ ਜਾਣਾ।

— ਜਨਵਰੀ, 15। ਅਹਿਮਦ ਸ਼ਾਹ ਦਾ ਮਿਸਲਦਾਰ ਸਰਦਾਰਾਂ ਨੂੰ ਸੁਲਾਹ ਲਈ ਸੱਦਾ।

— ਜਨਵਰੀ, 17। ਜਹਾਨ ਖ਼ਾਨ ਦਾ ਅਗਾਊ ਫੌਜ ਨਾਲ ਆਉਣਾ, ਪਿੰਡਾਂ ਨੂੰ ਲੁਟਣਾ।

— ਮਾਰਚ। ਸਿੰਘਾਂ ਦਾ ਮੁੜ ਲਾਹੌਰ ਤੇ ਕਬਜ਼ਾ।

— ਮਾਰਚ, 17। ਅਹਿਮਦ ਸ਼ਾਹ ਦੀ ਇਸਮਾਈਲਾਬਾਦ ਤੋਂ ਵਾਪਸੀ।

— ਮਾਰਚ, 18। ਅਹਿਮਦ ਸ਼ਾਹ ਦਾ ਮੁੜ ਸਰਹੰਦ ਪਹੁੰਚਣਾ।

— ਮਾਰਚ, 23। ਅਹਿਮਦ ਸ਼ਾਹ ਦਾ ਮਾਛੀਵਾੜੇ ਪਹੁੰਚਣਾ।

— ਅਪਰੈਲ, 10। ਅੰਮ੍ਰਿਤਸਰ ਬਸਾਖੀ ਦੇ ਮੇਲੇ ਤੇ ਖਾਲਸੇ ਦੇ ਇਕੱਠ ਦੀ ਖਬਰ।

— ਮਈ-ਜੂਨ। ਅਹਿਮਦ ਸ਼ਾਹ ਦੀ ਵਾਪਸੀ।

— ਮਈ, 11। ਨਜੀਬੁੱਦੌਲਾ ਦੀ ਅਹਿਮਦ ਸ਼ਾਹ ਤੋਂ ਛੁੱਟੀ ਲੈ ਕੇ ਘਰ ਵਾਪਸ ਮੁੜਨਾ।

— ਮਈ, 19। ਸਿੰਘਾਂ ਦਾ ਚੜ੍ਹਦਿਓਂ ਜਮੁਨਾ ਪਾਰ ਕਰ ਕੇ ਪੰਜਾਬ ਵੱਲ ਹਟ ਪੈਣਾ।

— ਅਕਤੂਬਰ, 22। ਖਾਲਸਾ ਜੀ ਦਾ ਪਾਣੀਪਤ ਦੇ ਮੈਦਾਨ ਵਿਚ ਉਤਰਨਾ।

— ਨਵੰਬਰ। ਸ਼ਾਹ ਆਲਮ ਨੂੰ ਦਿੱਲੀ ਬੁਲਾਉਣ ਦੀ ਸਲਾਹ।

— ਦਸੰਬਰ, 14। ਮਾਧੋ ਸਿੰਘ ਜੈਪੁਰੀਏ ਦਾ ਮਾਊਂਡ ਤੇ ਹਮਲਾ।

1768 ਜਨਵਰੀ। ਜੱਸਾ ਸਿੰਘ ਦਾ ਸ਼ਾਹ ਆਲਮ ਨੂੰ ਵਾਪਸ ਆਉਣ ਲਈ ਚਿੱਠੀ ਲਿਖਣਾ।

— ਫਰਵਰੀ। ਮਾਧੋ ਸਿੰਘ ਦਾ ਜੱਟਾਂ ਦੇ ਇਲਾਕੇ ਤੇ ਫਿਰ ਧਾਵਾ।

— ਮਾਰਚ। ਨਜੀਬੁੱਦੌਲਾ ਦੀ ਜ਼ਾਬਿਤਾ ਖ਼ਾਨ ਨੂੰ ਪਗੜੀ ਦੇਣਾ।

1769 ਈਸਵੀ (ਸੰਮਤ 1826)। ਕੰਵਰ ਹਿੰਮਤ ਸਿੰਘ ਦਾ ਪਟਿਆਲੇ ਉੱਤੇ ਕਬਜ਼ਾ, ਅਹਿਮਦ ਸ਼ਾਹ ਦਾ ਮੁਸ਼ਕਲ ਨਾਲ ਗੁਜਰਾਤ ਤਕ ਆ ਸਕਣਾ।

1770 ਅਕਤੂਬਰ 31। ਨਜੀਬੁੱਦੌਲਾ ਦਾ ਚਲਾਣਾ।

— ਨਵੰਬਰ। ਸ਼ਾਹ ਆਲਮ ਦੀ ਮਰਾਠਿਆਂ ਨਾਲ ਗੰਢ ਤੁਪ।

1771 ਮਾਰਚ। ਸ਼ਾਹ ਆਲਮ ਦੀ ਮਰਾਠਿਆਂ ਨਾਲ ਗਲ-ਬਾਤ ਸਿਰੇ ਚੜ੍ਹਨਾ।

— ਅਪਰੈਲ, 13। ਸ਼ਾਹ ਆਲਮ ਦਾ ਅਲਾਹਾਬਾਦ ਤੋਂ ਚਲਣਾ।

1772 ਜਨਵਰੀ, 6। ਸ਼ਾਹ ਆਲਮ ਦਾ ਦਿੱਲੀ ਪਹੁੰਚਣਾ।

— ਅਕਤੂਬਰ, 23। ਅਹਿਮਦ ਸ਼ਾਹ ਅਬਦਾਲੀ ਦੀ ਮੌਤ।

1773 ਮਈ। ਅਬਦੁਲ-ਅਹਦ ਖ਼ਾਨ ਦਾ ਜ਼ਾਬਿਤਾ ਖ਼ਾਨ ਨਾਲ ਗੰਢ ਤੁਪ ਕਰ ਕੇ ਮਿਰਜ਼ਾ ਨੱਜਫ਼ ਖ਼ਾਨ ਦੇ ਵਿਰੁੱਧ ਵਰਤਣ ਦਾ ਜਤਨ।

— ਜੂਨ। ਮਿਰਜ਼ਾ ਨਜਫ਼ ਦਾ ਬਖ਼ਸ਼ੀ-ਉਲ-ਮੁਮਾਲਿਕ ਨਿਯੁਕਤ ਹੋਣਾ।

1774 ਈਸਵੀ (ਸੰਮਤ 1831)। ਕੰਵਰ ਹਿੰਮਤ ਸਿੰਘ ਦਾ ਦੇਹਾਂਤ।

1775 ਈਸਵੀ। ਅਬਦੁਲ ਅਹਿਦ ਖ਼ਾਨ ਦਾ ਰਹੀਮਦਾਦ ਰੁਹੇਲੇ ਨੂੰ ਹਾਂਸੀ ਹਿਸਾਰ ਦਾ ਇਲਾਕਾ ਮਾਲਵੇ ਦੇ ਸਰਦਾਰਾਂ ਤੋਂ ਛੁਡਾਉਣ ਲਈ ਭੇਜਣਾ।

— ਦਸੰਬਰ, 30। ਰਹੀਮ ਦਾਦ ਰੁਹੇਲੇ ਦੀ ਮੌਤ।

1776 ਮਾਰਚ, 4। ਖ਼ਾਲਸੇ ਦਾ ਜ਼ਾਬਿਤਾ ਖ਼ਾਨ ਨਾਲ ਮਿਲ ਕੇ ਕਾਸਿਮ ਖ਼ਾਨ ਨਾਲ ਟੱਕਰ, ਮਿਰਜ਼ਾ ਨਜੱਫ਼ ਦੇ ਭਰਾ ਅਬਦੁਲ ਕਾਸਿਮ ਦੀ ਮੌਤ।

1777 ਈਸਵੀ। ਅਬਦੁਲ-ਅਹਦ ਖ਼ਾਨ ਦਾ ਜ਼ਾਬਿਤਾ ਖ਼ਾਨ ਦੇ ਵਿਰੁੱਧ ਫ਼ੌਜ ਭੇਜਣਾ।

— ਜੂਨ, 8, 11, 13 ਅਤੇ 23। ਜ਼ਾਬਿਤਾ ਖ਼ਾਨ ਵਿਰੁੱਧ ਹੋਈਆਂ ਲੜਾਈਆਂ ਦਾ ਭਾਰ ਖ਼ਾਲਸੇ ਸਿਰ।

— ਸਤੰਬਰ, 14। ਮੁਗ਼ਲ ਫ਼ੌਜ ਦੇ ਟਾਕਰੇ ਤੇ ਜ਼ਾਬਿਤਾ ਖ਼ਾਨ ਦੀ ਜਲਾਲਾਬਾਦ ਪਾਸ ਹਾਰ।

1778 ਈਸਵੀ, ਅਪਰੈਲ। ਜ਼ਾਬਿਤਾ ਖ਼ਾਨ ਦਾ ਆਪਣਾ ਇਲਾਕਾ ਲੈਣ ਦਾ ਨਿਸਫਲ ਜਤਨ।

— ਸਤੰਬਰ। ਖ਼ਾਲਸੇ ਦਾ ਦਿੱਲੀ ਦੇ ਉੱਤਰ ਵੱਲ ਉਤਾਰਾ।

— ਸਤੰਬਰ, 23। ਅਬਦੁਲ ਅਹਿਦ ਖ਼ਾਨ ਨੇ ਆਪਣੇ ਨਾਇਬ ਬਹਿਰਾਮ-ਕੁਲੀ ਖ਼ਾਨ ਨੂੰ ਸਿੱਖ ਸਰਦਾਰਾਂ ਨੂੰ ਮਿਲਣ ਲਈ ਘੱਲਣਾ।

— ਸਤੰਬਰ, 28। ਨਜੀਬੁੱਦੌਲਾ ਦੇ ਛੋਟੇ ਪੁੱਤਰ ਮੱਲੂ ਖ਼ਾਨ ਨੂੰ ਨਜੀਬੁੱਦੌਲਾ ਦੂਸਰੇ ਦਾ ਖ਼ਿਤਾਬ ਮਿਲਣਾ।

— ਸਤੰਬਰ, 29। ਅਬਦੁਲ-ਅਹਦ ਖ਼ਾਨ ਦਾ ਸਿੰਘਾਂ ਨੂੰ ਖ਼ੁਦ ਯਾਕੂਬ ਅਲੀ ਖ਼ਾਨ ਦੇ ਬਾਗ਼ ਵਿਚ ਮਿਲਣਾ।

— ਅਕਤੂਬਰ, 1। (ਅਸੂ ਸੁਦੀ 10)। ਗੁਰੂ ਕੇ ਬੰਗਲਾ ਸਾਹਿਬ ਉੱਤੇ ਬਣੀ ਹੋਈ ਮਸੀਤ ਦਾ ਢਾਹੁਣਾ।

1779 ਅਪਰੈਲ। ਅਬਦੁਲ-ਅਹਦ ਦੀ ਬੇ-ਬਸੀ।

— ਜੂਨ, 3। ਅਬਦੁਲ-ਅਹਦ ਖ਼ਾਨ ਦੀ ਸ਼ਹਜ਼ਾਦਾ ਫ਼ਰਖ਼ੰਦ ਬਖ਼ਤ ਨੂੰ ਨਾਲ ਲੈ ਕੇ ਮਾਲਵੇ ਦੇ ਸਿੱਖ ਸਰਦਾਰਾਂ ਵਿਰੁੱਧ ਚੜ੍ਹਾਈ।

— ਸਤੰਬਰ, 12। ਦੇਸੂ ਸਿੰਘ ਅਤੇ ਹੋਰ ਸਰਦਾਰਾਂ ਦਾ ਕੈਦ ਕੀਤਾ ਜਾਣਾ।

— ਸਤੰਬਰ, 13। ਮਹਾਰਾਜਾ ਅਮਰ ਸਿੰਘ ਵੱਲੋਂ ਅਬਦੁਲ-ਅਹਦ ਖ਼ਾਨ ਨੂੰ ਪੰਜ ਲੱਖ ਰੁਪਏ ਦੀ ਪੇਸ਼ਕਸ਼।

— ਸਤੰਬਰ, 23। ਸ਼ਾਹੀ ਫ਼ੌਜਾਂ ਦਾ ਸਰਸਵਤੀ ਪਾਰ ਕਰਨਾ।

— ਅਕਤੂਬਰ, 5। ਮਿਸਲਦਾਰ ਸਰਦਾਰਾਂ ਦਾ ਡੈਪੂਟੇਸ਼ਨ ਮਹਾਰਾਜਾ ਅਮਰ ਸਿੰਘ ਨੂੰ ਮਿਲਣਾ।

— ਅਕਤੂਬਰ, 6। ਮਹਾਰਾਜੇ ਅਮਰ ਸਿੰਘ ਦਾ ਸ਼ਹਜ਼ਾਦੇ ਫਰਖੰਦਾ ਬਖਤ ਅਤੇ ਵਜ਼ੀਰ ਅਬਦੁਲ-ਅਹਦ ਖ਼ਾਨ ਨੂੰ ਮਿਲਣ ਲਈ ਤਿਆਰ ਹੋ ਪੈਣਾ।

— ਅਕਤੂਬਰ, 7। ਇਕ ਮਾਮੂਲੀ ਜਿਹੀ ਲੜਾਈ।

— ਅਕਤੂਬਰ. 14। ਸ਼ਾਹਜ਼ਾਦਾ ਫਰਖੰਦਾ ਬਖਤ ਅਤੇ ਵਜ਼ੀਰ ਅਬਦੁਲ-ਅਹਦ ਖ਼ਾਨ ਦਾ ਪਟਿਆਲੇ ਤੋਂ ਦਿੱਲੀ ਨੂੰ ਵਾਪਸ ਮੁੜਨਾ।

— ਨਵੰਬਰ, 5। ਸ਼ਾਹਜ਼ਾਦੇ ਅਤੇ ਵਜ਼ੀਰ ਦਾ ਦਿੱਲੀ ਵਾਪਸ ਪਹੁੰਚਣਾ।

1780 (ਸੰਮਤ 1837)। ਰਾਇ ਇਬਰਾਹੀਮ ਦੇ ਇਲਾਕੇ ਤੇ ਦੁਬਾਰਾ ਕਬਜ਼ੇ ਦਾ ਵਿਚਾਰ।

1782 ਫਰਵਰੀ, 5। (ਫਗਣ ਵਦੀ 8 ਸੰਮਤ 1838)। ਮਹਾਰਾਜਾ ਅਮਰ ਸਿੰਘ ਦਾ ਦੇਹਾਂਤ। (ਚੜ੍ਹਦਾ ਸੰਮਤ 1839)। ਮਹਾਰਾਜਾ ਸਾਹਿਬ ਸਿੰਘ ਪਟਿਆਲੇ ਵਾਲੇ ਨੂੰ ਤਰਨਤਾਰਨ ਅੰਮ੍ਰਿਤ ਛਕਾਉਣਾ।

1783 ਅਕਤੂਬਰ ਆਰੰਭ (ਕਤਕ ਸੰਮਤ 1840)। ਸਰਦਾਰ ਜੱਸਾ ਸਿੰਘ ਦਾ ਖੁੰਡਾਲੇ ਡੇਰਾ।

— ਅਕਤੂਬਰ, 20। (7 ਕੱਤਕ ਸੰਮਤ 1840)। ਸਰਦਾਰ ਜੱਸਾ ਸਿੰਘ ਦਾ ਦੇਹਾਂਤ।

1867 ਮਹਾਰਾਜੇ ਪਟਿਆਲੇ ਦਾ ਸਰਹੰਦ ਦਾ ਮਲਬਾ ਚੁਕਾਉਣਾ।

1923 ਅਪਰੈਲ, 12-13। ਦੀ ਰਾਤ ਨੂੰ, ਬਾਬਾ ਅਟਲ, ਦੀ ਪਰਕਰਮਾ ਵਿਚੋਂ ਕਪੂਰ ਸਿੰਘ ਦੀ ਯਾਦਗਾਰ ਦਾ ਢਾਇਆ ਜਾਣਾ।

1938 ਈਸਵੀ। ਅਹਿਮਦ ਸ਼ਾਹ ਦੁਰਾਨੀ ਦੀ ਮੋਹਰ ਵਾਲਾ ਸਿੱਕਾ ਮਹਾਰਾਜਾ ਯਾਦਵਿੰਦਰ ਸਿੰਘ ਦੇ ਪਟਿਆਲੇ ਗੱਦੀ ਪਰ ਬੈਠਣ ਪਰ ਜਾਰੀ ਕੀਤਾ।

1947 ਪੰਜਾਬ ਦੀ ਭਾਰਤ ਅਤੇ ਪਾਕਿਸਤਾਨ ਵਿਚਕਾਰ ਵੰਡ।

Sri Satguru Jagjit Singh Ji eLibrary

# ਆਧਾਰ-ਗ੍ਰੰਥਾਵਲੀ


## ਫ਼ਾਰਸੀ

ਅਲੀ-ਉ-ਦੀਨ ਮੁਫ਼ਤੀ। *ਇਬਰਤ ਨਾਮਾ*, ਪੰਜਾਬੀ ਅਦਬੀ ਅਕੈਡਮੀ, ਲਾਹੌਰ, 1961, ਦੋ ਜਿਲਦਾਂ।

ਸੋਹਨ ਲਾਲ ਸੂਰੀ। *ਉਮਦਾਤੁ-ਤਵਾਰੀਖ*, ਆਰੀਆ ਪ੍ਰੈਸ, ਲਾਹੌਰ, 1985-89, ਦਫ਼ਤਰ ਪਹਿਲਾ, ਦੂਸਰਾ।

*ਕੈਫ਼ੀਅਤਿ ਸਰਦਾਰਾਨਿ ਆਹਲੂਵਾਲੀਆ*, ਲਿਖਤੀ [ਗੰਡਾ ਸਿੰਘ]।

ਖ਼ੁਸ਼ਵਕਤ ਰਾਇ। *ਤਵਾਰੀਖਿ ਸਿੱਖਾਂ*, ਲਿਖਤੀ [ਗੰਡਾ ਸਿੰਘ]।

ਗਣੇਸ਼ ਦਾਸ ਬਡੇਹਰਾ। *ਚਹਾਰ ਬਾਗਿ ਪੰਜਾਬ*, ਖਾਲਸਾ ਕਾਲਜ ਅੰਮ੍ਰਿਤਸਰ, 1965, ਲਿਖਤੀ, 1854 [ਗੰਡਾ ਸਿੰਘ]।

ਗ਼ੁਲਾਮ ਅਲੀ ਖਾਨ। *ਇਮਾਦੁ-ਸਆਦਤ*, ਨਵਲ ਕਿਸ਼ੋਰ ਪ੍ਰੈਸ, ਕਾਨਪੁਰ, 1864।

*ਤਾਰੀਖਿ ਆਲਮਗੀਰ ਸਾਨੀ*, ਲਿਖਤੀ।

*ਤਜ਼ਕਿਰਾ-ਇ-ਇਮਾਦਲ-ਮਲਕ*, ਲਿਖਤੀ।

ਨੂਰ ਮੁਹੰਮਦ, ਕਾਜ਼ੀ। *ਜੰਗ ਨਾਮਾ*, ਸੰਪਾਦਕ ਗੰਡਾ ਸਿੰਘ, ਖਾਲਸਾ ਕਾਲਜ, ਅੰਮ੍ਰਿਤਸਰ, 1939।

ਬੂਟੇ ਸ਼ਾਹ (ਗ਼ੁਲਾਮ ਮੁਹੱਈ-ਉ-ਦੀਨ)। *ਤਾਰੀਖਿ ਪੰਜਾਬ*, ਲਿਖਤੀ, 1848 [ਗੰਡਾ ਸਿੰਘ]।

ਮੁਹੰਮਦ ਅਲੀ ਅਨਸਾਰੀ। *ਤਾਰੀਖਿ ਮੁਜ਼ੱਫ਼ਰੀ*, ਲਿਖਤੀ [ਪੰਜਾਬ ਯੂਨੀਵਰਸਿਟੀ ਪਟਿਆਲਾ, ਹਿਸਟਰੀ ਡੀਪਾਰਟਮੈਂਟ]

## ਉਰਦੂ

ਨੁਈਆ ਲਾਲ। *ਤਾਰੀਖਿ ਪੰਜਾਬ*, ਵਿਕਟੋਰੀਆ ਪ੍ਰੈਸ, ਲਾਹੌਰ, 1881

ਫ਼ਿਨ, ਲੈਪਲ (ਤਰਜਮਾ ਸਯੱਦ ਖਲੀਫ਼ਾ ਮੁਹੰਮਦ ਹਸਨ) *ਰਾਜਗਾਨਿ ਪੰਜਾਬ*, ਸਿਆਲਕੋਟ, 1883।

ਬ੍ਰਿਜ ਨਾਰਾਇਣ। *ਫੂਲਨਾਮਾ*, ਮਫ਼ੀਦਿ ਆਮ ਪ੍ਰੈਸ, ਲਾਹੌਰ, 1914।

ਮੁਹੰਮਦ ਹਸਨ ਖ਼ਾਨ, ਸੱਯਦ ਖਲੀਫ਼ਾ। *ਤਾਰੀਖਿ ਪਟਿਆਲਾ*, ਸਫ਼ੀਰਿ ਹਿੰਦ ਪ੍ਰੈਸ, ਅੰਮ੍ਰਿਤਸਰ, 1878।

ਗ੍ਰਿਕਿਰਾਮ ਸਖ ਰਾਓ। *ਜੱਸਾ ਸਿੰਘ ਬਿਨੋਦ* (ਉਰਦੂ), ਲਿਖਤੀ, ਆਰਕਾਈਵਜ਼, ਪਟਿਆਲਾ।

ਰਾਮਜਸ, ਦੀਵਾਨ। *ਤਾਰੀਖਿ ਰਿਆਸਤਿ ਕਪੂਰਥਲਾ*, ਗੁਰੂ ਗੋਬਿੰਦ ਸਿੰਘ ਪ੍ਰੈਸ, ਲਾਹੌਰ 1897।

## ਪੰਜਾਬੀ

ਗਿਆਨ ਸਿੰਘ, ਗਿਆਨੀ। *ਤਵਾਰੀਖ ਗੁਰੂ ਖਾਲਸਾ*, ਸਿਆਲਕੋਟ, 1894।

—*ਪੰਥ ਪ੍ਰਕਾਸ਼*, ਅੰਮ੍ਰਿਤਸਰ, 19-3, ਛੇਵੀਂ ਵਾਰ।

ਗੰਡਾ ਸਿੰਘ। *ਮਹਾਰਾਜਾ ਕੌੜਾ ਮੱਲ ਬਹਾਦੁਰ*, ਅੰਮ੍ਰਿਤਸਰ, 1942।

—(ਸੰਪਾਦਕ) *ਹੁਕਮਨਾਮੇ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967।

ਪ੍ਰੇਮ ਸਿੰਘ, ਬਾਬਾ। *ਨਵਾਬ ਕਪੂਰ ਸਿੰਘ*, ਲੁਧਿਆਣਾ, 1912।


Sri Satguru Jagjit Singh JiveLibrary

ਰਤਨ ਸਿੰਘ ਭੰਗੂ। ਪ੍ਰਾਚੀਨ ਪੰਥ ਪ੍ਰਕਾਸ਼, ਖਾਲਸਾ ਸਮਾਚਾਰ, ਅੰਮ੍ਰਿਤਸਰ, 1914।
ਰਾਮ ਸੁਖ ਰਾਓ। *ਜੱਸਾ ਸਿੰਘ ਬਿਨੋਦ*, ਲਿਖਤੀ, ਆਰਕਾਈਵਜ਼, ਪਟਿਆਲਾ।

## ਮਰਾਠੀ

ਰਾਜਵਾੜੇ, ਵਿ. ਕਾ. *ਮਰਾਠਿਆਂਚਿਆ ਇਤਿਹਾਸਾਂਚਿ ਸਾਧਨੇ।*

## ਅੰਗਰੇਜ਼ੀ

Abdur Rashid, Sh. *Najib-ud-Daula : His Life and Times.* Aligarh, 1952
*Calendar of Persian Correspondence.* Government of India, Calcutta, Vol, I, II, III
Cunningham, J. D. *History of the Sikhs.* London, 1849
Forster, Gorge. *A Journey from Bengal to England.* London, 1798, 2 Vols.
Franklin, William. *Military Memoirs of Mr George Thomas.* Calcutta, 1803
—*The History of the Reign of Shah Alum.* London, 1798
Ganda Singh. *A Short History of the Sikhs.* Bombay, 1950
—Nur Muhammad Qazi. *Jang Nama,* edited. Amritsar, 1939
—*Ahmad Shah Durani,* Bombay, 1959
—*Early European Accounts of the Sikhs.* Calcutta, 1962.
Griffin, L. *The Rajas of the Panjab.* Lahore, 1870.
Gupta, H. R. *History of the Sikhs* (1739-68). Calcutta, 1939
Latif Muhammad. *History of the Panjab.* Calcutta, 1891
Malcolm, John. *Sketch of the Sikhs.* London, 1812
M 'Gregor, W. L. *The History of the Sikhs.* London, 1846, 2 Vols.
Official, A. *Kapurthala State : Its Past and Present.* Kapurthala, 1928
Qanungo, K. R. *History of the Jats.* Calcutta, 1925
Rao, p. Setu Madhava (trans). *Tahmas Nama.* Bombay, 1967
Sarkar, Sir Jadunath. *Fall of the Mughal Empire.*Calcutta. Vols. II, III
Sardesai, G. S. *Selections from Peshwa Daftar.* vols. 21, 29

Sri Satguru Jagjit Singh Ji eLibrary